# ਸਿੱਖ ਰਾਜ ਕਿਵੇਂ ਗਿਆ ?



ਗਿਆਨੀ ਸੋਹਣ ਸਿੰਘ ਸੀਤਲ

# ਸਿੱਖ ਰਾਜ ਕਿਵੇਂ ਗਿਆ ?

ਲੇਖਕ

**ਸੋਹਣ ਸਿੰਘ 'ਸੀਤਲ'**

*(ਕਰਤਾ 'ਸਿੱਖ ਰਾਜ ਕਿਵੇਂ ਬਣਿਆ'*
*'ਸਿੱਖ ਇਤਿਹਾਸ ਦੇ ਸੋਮੇ' ਆਦਿ)*

*Mob.: 98117 91111 ◊98114 91111
ਧਾਰਮਿਕ ਪੁਸਤਕਾਂ ਤੇ ਬਾਬਾ ਜੀ ਦੇ ਰੁਮਾਲ ਸਾਹਿਬ ਦਾ ਨਿਵੇਕਲਾ ਸ਼ੋਅਰੂਮ

**ਭਾਈ ਚਤਰ ਸਿੰਘ ਐਂਡ ਕੋ.**

ਪੁਸਤਕਾਂ ਵਾਲੇ (ਅੰਮ੍ਰਿਤਸਰ ਵਾਲੇ)
* ਡੀ-118, ਫਤਿਹ ਨਗਰ, ਜੇਲ ਰੋਡ਼, ਨਵੀ ਦਿੱਲੀ-18
(ਨਜ਼ਦੀਕ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਸਾਹਿਬ ਜੀ)
◊1687 ਕੂਚਾ ਜੱਟ ਮਲ, ਦਰੀਬਾ ਕਲਾਂ, ਦਿੱਲੀ-6

*ਸਭ ਹੱਕ ਕਰਤਾ ਦੇ ਰਾਖਵੇਂ ਹਨ।*

ਪਹਿਲੀ ਵਾਰ : ਜੂਨ 1944
ਤੇਤੀਵੀਂ ਵਾਰ : ਜਨਵਰੀ, 1991
ਚੌਤੀਵੀਂ ਵਾਰ : (ਲਾਹੌਰ ਬੁੱਕ ਸ਼ਾਪ ਵੱਲੋਂ ਪਹਿਲੀ ਵਾਰ : 1997)
ਪੈਂਤੀਵੀਂ ਵਾਰ : (ਲਾਹੌਰ ਬੁੱਕ ਸ਼ਾਪ ਵੱਲੋਂ ਦੂਜੀ ਵਾਰ : 2003)
ਛੱਤੀਵੀਂ ਵਾਰ : (ਲਾਹੌਰ ਬੁੱਕ ਸ਼ਾਪ ਵੱਲੋਂ ਤੀਜੀ ਵਾਰ : 2010)
ਸੈਂਤੀਵੀਂ ਵਾਰ : (ਲਾਹੌਰ ਬੁੱਕ ਸ਼ਾਪ ਵੱਲੋਂ ਚੌਥੀ ਵਾਰ : 2012)

*ਮੁੱਲ* : 120/- ਰੁਪਏ

*ਪ੍ਰਕਾਸ਼ਕ* : *ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ*
*2-ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,*
*ਲੁਧਿਆਣਾ ।* *ਫ਼ੋਨ—2740738*
E-Mail:-lahorebookshop40@Rediffmail.com

*ਲੇਜ਼ਰ ਸੈਟਿੰਗ* : *ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।*
*ਫ਼ੋਨ—5095058*

*ਛਾਪਕ* : *ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।*

# ਤਤਕਰਾ

## ਪਹਿਲਾ ਕਾਂਡ ੧੫—੭੪


ਰਣਜੀਤ ਸਿੰਘ ਬੀਮਾਰ 16
ਆਖ਼ਰੀ ਦਰਬਾਰ 16
ਖੜਕ ਸਿੰਘ ਨੂੰ ਰਾਜ ਤਿਲਕ 18
ਕੋਹਿਨੂਰ ਹੀਰਾ 20
ਸ਼ੇਰੇ ਪੰਜਾਬ ਸੁਰਗਵਾਸ 21
ਧਿਆਨ ਸਿੰਘ ਦੇ ਸਤੀ ਹੋਣ ਦਾ ਬਹਾਨਾ 23
ਮਹਾਰਾਜਾ ਖੜਕ ਸਿੰਘ 25
ਡੋਗਰਿਆਂ ਦੀਆਂ ਚਾਲਾਂ 25
ਸ਼ੇਰ ਸਿੰਘ ਦੀ ਬਗ਼ਾਵਤ 27
ਡੋਗਰਿਆਂ ਦਾ ਵਿਰੋਧ 27
ਖੜਕ ਸਿੰਘ ਕੈਦ ਤੇ ਚੇਤ ਸਿੰਘ ਕਤਲ 29
ਖੜਕ ਸਿੰਘ ਸੁਰਗਵਾਸ 32
ਮ. ਨੌਨਿਹਾਲ ਸਿੰਘ 36
ਡੋਗਰਿਆਂ ਦੀ ਸਾਜ਼ਸ਼ 37
ਨੌਨਿਹਾਲ ਸਿੰਘ ਜ਼ਖ਼ਮੀ 40
ਨੌਨਿਹਾਲ ਸਿੰਘ ਕਤਲ 47
ਮਹਾਰਾਣੀ ਚੰਦ ਕੌਰ 50
ਸ਼ੇਰ ਸਿੰਘ ਲਾਹੌਰ ਆਇਆ 50
ਸ਼ੇਰ ਸਿੰਘ ਤੇ ਧਿਆਨ ਸਿੰਘ ਲਾਹੌਰੋਂ ਚਲੇ ਗਏ 51
ਜਵਾਲਾ ਸਿੰਘ ਫ਼ੌਜਾਂ ਵਿਚ 52
ਸ਼ੇਰ ਸਿੰਘ ਫਿਰ ਲਾਹੌਰ ਵਿਚ 53
ਸ਼ੇਰ ਸਿੰਘ ਤੇ ਚੰਦ ਕੌਰ ਦੀ ਲੜਾਈ 54
ਸੁਲ੍ਹਾਂ ਦੀਆਂ ਸ਼ਰਤਾਂ 54
ਸ਼ੇਰ ਸਿੰਘ ਗੱਦੀ 'ਤੇ ਬੈਠਾ 56
ਸੰਧਾਵਾਲੀਆ 'ਤੇ ਔਕੜਾਂ 56
ਮੀਹਾਂ ਸਿੰਘ ਕਤਲ 56
ਅੰਗਰੇਜ਼ਾਂ ਨੇ ਸ਼ੇਰ ਸਿੰਘ ਦੀ ਮਦਦ ਕਰਨੀ ਚਾਹੀ 56
ਜਵਾਲਾ ਸਿੰਘ ਕੈਦ ਤੇ ਸੁਰਗਵਾਸ 58
ਸ਼ੇਰ ਸਿੰਘ ਤੇ ਚੰਦ ਕੌਰ ਦਾ ਵਿਆਹ ਨਾ ਹੋ ਸਕਿਆ 58
ਨੌਨਿਹਾਲ ਸਿੰਘ ਦੀ ਰਾਣੀ ਨੂੰ ਜ਼ਹਿਰ ਦੇਣਾ 59
ਚੰਦ ਕੌਰ ਕਤਲ 62
ਗੋਲੀਆਂ ਨੂੰ ਸਜ਼ਾ 64
ਸੰਧਾਵਾਲੀਆਂ ਦੀਆਂ ਜਾਗੀਰਾਂ ਬਹਾਲ 64
ਧਿਆਨ ਸਿੰਘ ਤੇ ਸ਼ੇਰ ਸਿੰਘ ਦਾ ਵਿਰੋਧ 64
ਧਿਆਨ ਸਿੰਘ ਨੇ ਲਹਿਣਾ ਸਿੰਘ ਨੂੰ ਭੜਕਾਉਣਾ 65
ਸੰਧਾਵਾਲੀਏ ਮਹਾਰਾਜੇ ਕੋਲ 66
ਸ਼ੇਰ ਸਿੰਘ ਨੇ ਧਿਆਨ ਸਿੰਘ ਦੇ ਕਤਲ ਦਾ ਹੁਕਮ ਲਿਖ ਦਿੱਤਾ 67
ਧਿਆਨ ਸਿੰਘ ਨੇ ਸ਼ੇਰ ਸਿੰਘ ਦੇ ਕਤਲ ਦਾ ਹੁਕਮ ਲਿਖ ਦਿੱਤਾ 68
ਮ. ਸ਼ੇਰ ਸਿੰਘ ਕਤਲ 68
ਪਰਤਾਪ ਸਿੰਘ ਕਤਲ 70
ਧਿਆਨ ਸਿੰਘ ਕਤਲ 73

## ਦੂਜਾ ਕਾਂਡ ੭੨—੯੮

ਦਲੀਪ ਸਿੰਘ ਮਹਾਰਾਜਾ 75
ਹੀਰਾ ਸਿੰਘ ਦੇ ਕਿਲ੍ਹੇ 'ਤੇ ਹਮਲਾ 77
ਲਹਿਣਾ ਸਿੰਘ ਅਜੀਤ ਸਿੰਘ ਕਤਲ 78
ਹੀਰਾ ਸਿੰਘ ਵਜ਼ੀਰ ਬਣਿਆ 78
ਗੁਰਮੁਖ ਸਿੰਘ ਤੇ ਬੇਲੀ ਰਾਮ ਕਤਲ 78
ਜਵਾਹਰ ਸਿੰਘ ਕੈਦ 79
ਹੀਰਾ ਸਿੰਘ ਤੇ ਸੁਚੇਤ ਸਿੰਘ ਵਿਚ ਫੁੱਟ 79
ਕਸ਼ਮੀਰਾ ਸਿੰਘ ਪਸ਼ੌਰਾ ਸਿੰਘ ਦੀ ਬਗ਼ਾਵਤ 80
ਜਵਾਹਰ ਸਿੰਘ ਦੀ ਰਿਹਾਈ 80
ਸੁਚੇਤ ਸਿੰਘ ਕਤਲ 81
ਭਾਈ ਬੀਰ ਸਿੰਘ 82
ਗੁਲਾਬ ਸਿੰਘ ਕਲਕੱਤੀਆ ਕਤਲ 85
ਭਾਈ ਬੀਰ ਸਿੰਘ, ਅਤਰ ਸਿੰਘ ਤੇ ਕਸ਼ਮੀਰਾ ਸਿੰਘ ਕਤਲ 86
ਜਿੰਦਾਂ ਨੂੰ ਜ਼ਹਿਰ ਦੇਣ ਦੀ ਸਾਜ਼ਸ਼ 87
ਹੀਰਾ ਸਿੰਘ ਕਤਲ 89
ਜਵਾਹਰ ਸਿੰਘ ਵਜ਼ੀਰ 90
ਸਿੱਖ ਫ਼ੌਜ ਦਾ ਜੰਮੂੰ ਨੂੰ ਘੇਰਾ ਤੇ ਫ਼ਤਹਿ ਸਿੰਘ ਮਾਨ ਕਤਲ 91
ਗੁਲਾਬ ਸਿੰਘ ਗ੍ਰਿਫ਼ਤਾਰ 91
ਕੰਵਰ ਪਸ਼ੌਰਾ ਸਿੰਘ ਲਾਹੌਰ ਵਿਚ 91
ਸਾਵਣ ਮੱਲ ਕਤਲ ਤੇ ਮੂਲਰਾਜ ਗਵਰਨਰ 92
ਪਸ਼ੌਰਾ ਸਿੰਘ ਦੀ ਬਗ਼ਾਵਤ 92
ਗੁਲਾਬ ਸਿੰਘ ਦੀ ਅੰਗਰੇਜ਼ਾਂ ਨੂੰ ਚਿੱਠੀ 92
ਪਸ਼ੌਰਾ ਸਿੰਘ ਕਤਲ 93
ਜਵਾਹਰ ਸਿੰਘ ਕਤਲ 96
ਲਾਲ ਸਿੰਘ ਵਜ਼ੀਰ ਤੇ ਤੇਜ ਸਿੰਘ ਸੈਨਾਪਤੀ 97

## ਤਿਜਾ ਕਾਂਡ ੯੯—੧੭੪

ਖ਼ਾਲਸਾ ਫ਼ੌਜ 99
ਅੰਗਰੇਜ਼ਾਂ ਦੀ ਨੀਤੀ 102
ਸਤਲੁੱਜ ਯੁੱਧ ਦੇ ਕਾਰਨ 104
ਅੰਗਰੇਜ਼ਾਂ ਵਿਰੁੱਧ ਜੰਗ ਦਾ ਐਲਾਨ 112
ਸਤਲੁਜ ਕੰਢੇ ਕੱਚਾ ਕਿਲ੍ਹਾ 114
ਅੰਗਰੇਜ਼ਾਂ ਵੱਲੋਂ ਐਲਾਨ 115
ਸੁਲ੍ਹਾ ਕਿਸ ਨੇ ਤੋੜੀ ? 117
ਸਿੱਖ ਫ਼ੌਜ ਫ਼ੀਰੋਜ਼ਪੁਰ ਦੇ ਨੇੜੇ 120
ਲਾਲ ਸਿੰਘ ਦੀ ਅੰਗਰੇਜ਼ਾਂ ਨੂੰ ਚਿੱਠੀ 120
ਜੰਗ ਮੁਦਕੀ ੧੮ ਦਸੰਬਰ 124
ਮੁਦਕੀ ਤੋਂ ਫੇਰੂ ਸ਼ਹਿਰ ਤਕ 128
ਜੰਗ ਫੇਰੂ ਸ਼ਹਿਰ ੨੧ ਦਸੰਬਰ 130

| | |
|---|---|
| ੨੧ ਦਸੰਬਰ ਦੀ ਹਾਰਡਿੰਗ ਦੀ ਚਿੱਠੀ | 133 |
| ੨੨ ਦਸੰਬਰ ਦੀ ਲੜਾਈ | 135 |
| ਫੇਰੂ ਸ਼ਹਿਰ ਦੀ ਲੜਾਈ ਬਾਰੇ ਰਾਵਾਂ | 137 |
| ਬੱਦੋਵਾਲ ਦੀ ਲੜਾਈ | 140 |
| ਸਿੱਖਾਂ ਦੇ ਯੂਰਪੀਨ ਅਫ਼ਸਰਾਂ ਦੀ ਗ਼ੱਦਾਰੀ | 141 |
| ਅਲੀਵਾਲ ਦੀ ਲੜਾਈ | 141 |
| ਗੁਲਾਬ ਸਿੰਘ ਵਜ਼ੀਰ ਬਣਿਆਂ | 142 |
| ਗੁਲਾਬ ਸਿੰਘ ਦਾ ਸੁਭੱਾ | 143 |
| ਗੁਲਾਬ ਸਿੰਘ ਫ਼ੌਜਾਂ ਵਿਚ | 144 |
| ਗੁਲਾਬ ਸਿੰਘ ਤੇ ਹਾਰਡਿੰਗ ਵਿਚ ਗੁਪਤ ਸਮਝੌਤਾ | 144 |
| ਸਭਰਾਵਾਂ ਵਿਚ ਸਿੱਖਾਂ ਦਾ ਮੋਰਚਾ | 145 |
| ਸ਼ਾਮ ਸਿੰਘ ਅਟਾਰੀ ਨੂੰ ਜਿੰਦਾਂ ਦੀ ਚਿੱਠੀ | 145 |
| ਅੰਗਰੇਜ਼ਾਂ ਦੀ ਤਿਆਰੀ | 147 |
| ਲਾਲ ਸਿੰਘ ਤੇ ਤੇਜ ਸਿੰਘ ਦੀ ਗ਼ੱਦਾਰੀ | 148 |
| ਸਭਰਾਵਾਂ ਦੀ ਲੜਾਈ | 149 |
| ਸ਼ਾਮ ਸਿੰਘ ਮੈਦਾਨ ਵਿਚ ਸ਼ਹੀਦ | 153 |
| ਸਿੱਖ ਹਾਰੇ ਕਿਉਂ ? | 154 |
| ਜਿੰਦ ਕੌਰ ਸਿਰ ਝੂਠੇ ਇਲਜ਼ਾਮ | 156 |
| ਅੰਗਰੇਜ਼ ਕਸੂਰ ਪੁੱਜੇ | 159 |
| ਹਾਰਡਿੰਗ ਦਾ ਐਲਾਨ | 159 |
| ਅੰਗਰੇਜ਼ ਲਾਹੌਰ ਪੁੱਜੇ | 162 |
| ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਸੁਲ੍ਹਾ | 163 |
| ਹਾਰਡਿੰਗ ਨੇ ਪੰਜਾਬ ਜ਼ਬਤ ਕਿਉਂ ਨਾ ਕੀਤਾ | 170 |
| ਪੰਜਾਬ ਦਾ ਨਵਾਂ ਪਰਬੰਧ | 172 |
| ਲਾਲ ਸਿੰਘ ਨੂੰ ਦੇਸ ਨਿਕਾਲਾ | 173 |


## ਚੌਥਾ ਕਾਂਡ ੧੭੫—੨੬੩


| | |
|---|---|
| ਹਾਰਡਿੰਗ ਦੀ ਖ਼ਾਹਸ਼ | 175 |
| ਭਰੋਵਾਲ ਦੀ ਸੁਲ੍ਹਾ ਕਿਨ ਹਾਲਾਤ ਥੱਲੇ ਹੋਈ | 176 |
| ਸਿੱਖਾਂ ਵੱਲੋਂ ਦਰਖ਼ਾਸਤ | 178 |
| ਹਾਰਡਿੰਗ ਦੀ ਘਬਰਾਹਟ | 179 |
| ਅਹਿਦਨਾਮਾ ਭਰੋਵਾਲ | 181 |
| ਭਰੋਵਾਲ ਦੀ ਸੁਲ੍ਹਾ ਪਿਛੋਂ | 185 |
| ਹੈਨਰੀ ਲਾਰੰਸ | 185 |
| ਹਾਰਡਿੰਗ ਦੀ ਲਾਰੰਸ ਨੂੰ ਚਿੱਠੀ | 186 |
| ਪਰਮੇ ਨੂੰ ਫਾਂਸੀ ਦੀ ਸਜ਼ਾ | 187 |
| ਤੇਜ ਸਿੰਘ ਰਾਜਾ ਬਣਿਆਂ | 187 |
| ਹਾਰਡਿੰਗ ਜਿੰਦ ਕੌਰ ਦੇ ਵਿਰੁੱਧ | 187 |
| ਜਿੰਦ ਕੌਰ ਸ਼ੇਖ਼ੂਪੁਰੇ ਕੈਦ | 189 |
| ਹਾਰਡਿੰਗ ਦੀ ੨੩ ਅਕਤੂਬਰ ਦੀ ਚਿੱਠੀ | 190 |
| ਲਾਰੰਸ ਤੇ ਹਾਰਡਿੰਗ ਵਾਪਸ | 191 |
| ਡਲਹੌਜ਼ੀ ਤੇ 'ਕਰੀ' ਨਵੇਂ ਅਫ਼ਸਰ | 191 |
| ਮੁਲਤਾਨ ਤੇ ਮੂਲਰਾਜ | 192 |
| ਮੂਲਰਾਜ ਦਾ ਅਸਤੀਫ਼ਾ | 192 |

ਕਾਹਨ ਸਿੰਘ ਗਵਰਨਰ ਬਣਿਆਂ

ਐਗਨੀਊ ਤੇ ਐਂਡਰਸਨ ਕਤਲ 194

ਮੂਲਤਾਨ ਬਗ਼ਾਵਤ ਕਿਉਂ ਹੋਈ ? 195

ਕਾਹਨ ਸਿੰਘ ਕੈਦ 196

ਕਰੀ ਬਗ਼ਾਵਤ ਦਬਾਉਣ ਦੇ ਵਿਰੁੱਧ 196

ਰੈਜ਼ੀਡੈਂਟ ਦੇ ਅਖ਼ਤਿਆਰ 198

ਡਲਹੌਜ਼ੀ ਦੀ ਨੀਤੀ 199

ਗਫ ਦਾ ਇਰਾਦਾ 199

ਐਡਵਾਰਡਸ ਮੁਲਤਾਨ ਉਤੇ 200

ਕਨੇਰੀ ਦੀ ਲੜਾਈ 200

ਸੂਰਜਕੁੰਡ ਦੀ ਲੜਾਈ 200

ਜਿੰਦ ਕੌਰ ਸਿਰ ਬਿਪਤਾ 201

ਜਿੰਦ ਕੌਰ ਨੂੰ ਦੇਸ-ਨਿਕਾਲਾ 202

ਸ. ਚਤਰ ਸਿੰਘ 202

ਦਲੀਪ ਸਿੰਘ ਦੇ ਵਿਆਹ ਬਾਰੇ ਪੁੱਛਿਆ 203

ਰੈਜ਼ੀਡੈਂਟ ਦਾ ਉੱਤਰ 204

ਐਬਟ ਦਾ ਸੁਭਾੱ 205

ਐਬਟ ਦੇ ਭੜਕਾਏ ਮੁਸਲਮਾਨਾਂ ਨੇ ਚਤਰ ਸਿੰਘ ਨੂੰ ਘੇਰ ਲਿਆ 206

ਕਨੌਰਾ ਕਤਲ 207

ਐਬਟ ਦੀਆਂ ਚਿੱਠੀਆਂ 208

ਚਤਰ ਸਿੰਘ ਦੀ ਜਾਗੀਰ ਜ਼ਬਤ ਤੇ ਨਜ਼ਾਮਤ ਤੋਂ ਬੇਦਖ਼ਲੀ 211

ਚਤਰ ਸਿੰਘ ਬਾਗ਼ੀ ਕਿਉਂ ਹੋਇਆ? 211

ਚਤਰ ਸਿੰਘ ਦੀ ਬਗ਼ਾਵਤ 213

ਰਾਜਾ ਸ਼ੇਰ ਸਿੰਘ ਦੀ ਚਿੱਠੀ ਗੁਲਾਬ ਸਿੰਘ ਨੂੰ 213

ਰਾਜਾ ਸ਼ੇਰ ਸਿੰਘ ਦਾ ਐਲਾਨ ਬਾਗ਼ੀ ਹੋਣ ਬਾਰੇ 214

ਰਾਜਾ ਸ਼ੇਰ ਸਿੰਘ ਬਾਗ਼ੀ ਕਿਉਂ ਹੋਇਆ ? 215

ਬਗ਼ਾਵਤ ਦੇ ਕਾਰਨ ਤੇ ਰਾਵਾਂ 216

ਮੁਲਤਾਨ ਦੀ ਲੜਾਈ 220

ਮੂਲਰਾਜ ਦਾ ਅੰਤ 223

ਰਾਜਾ ਸ਼ੇਰ ਸਿੰਘ ਦੀਆਂ ਲੜਾਈਆਂ 223

ਗਫ ਪੰਜਾਬ ਵਿਚ 223

੧੯ ਨਵੰਬਰ ਦਾ ਐਲਾਨ 224

੫ ਫਰਵਰੀ ਦਾ ਐਲਾਨ 225

ਰਾਮ ਨਗਰ ਦੀ ਲੜਾਈ 226

ਸੈਦਲਾਪੁਰ ਦੀ ਲੜਾਈ 227

ਡਲਹੌਜ਼ੀ ਦਾ ਐਲਾਨ 228

ਚੇਲੀਆਂ ਵਾਲੀ ਦੀ ਲੜਾਈ 229

ਇਸ ਯੁੱਧ ਬਾਰੇ ਕੁਝ ਰਾਵਾਂ 232

ਅੰਗਰੇਜ਼ਾਂ ਦੀ ਹਾਲਤ 233

ਅਗਲੇ ਦਿਨ ਸ਼ੇਰ ਸਿੰਘ ਨੇ ਹਮਲਾ ਕਿਉਂ ਨਾ ਕੀਤਾ ? 234

ਗੁਜਰਾਤ ਦੀ ਲੜਾਈ 237

ਰਾਜਾ ਸ਼ੇਰ ਸਿੰਘ ਨੇ ਹਥਿਆਰ ਸੁੱਟੇ 239

ਇਲੀਅਟ ਲਾਹੌਰ ਵਿਚ 241

ਲਾਰੰਸ ਫੇਰ ਰੈਜ਼ੀਡੈਂਟ 241

ਇਲੀਅਟ ਦੀ ਰੀਪੋਰਟ 241

ਡਲਹੌਜ਼ੀ ਦਾ ਐਲਾਨ 245

ਆਖ਼ਰੀ ਸੁਲ੍ਹਾ 249

ਵਿਚਾਰ 251

ਅੰਤਕਾ ੧ 262

ਅੰਤਕਾ ੨ 263

## ਜਿਨ੍ਹਾਂ ਕਿਤਾਬਾਂ ਤੋਂ ਵਧੇਰੇ ਸਹਾਇਤਾ ਲਈ ਗਈ ਹੈ, ਉਹਨਾਂ ਵਿਚੋਂ ਕੁਝ-ਕੁ ਦੇ ਨਾਮ


੧. ਕਨਿੰਘਮ A Hisotry of Sikhs. by Joseph Davey Cunningham, Printed in 1849, 1918.

੨. ਸਮਿਥ A History of the Reigning Family of Lahore, by Major G. Carmichael Smyth. 1847.

੩. ਮੈਕਗ੍ਰੇਗਰ The History of the Sikhs, Vol, II by W.L.M. Gregor, M.D. 1846.

੪. ਈਵਾਨਸ ਬੈੱਲ The Annexation of the Punjab and the Maharaja Duleep Singh by Major Evans Bell, 1882.

੫. ਗਾਰਡਨ The Sikhs, by General Sir John J. H. Gordon, K.C.B. 1904.

੬. ਸਿੱਖ ਯੁੱਧ The Sikhs and the Sikh Wars, by Gen. Sir Charles Gough. V.C., G.C.B., and Arthur D. Innes. M.A. 1847.

੭. ਲੇਡੀ ਲਾਗਨ Sir John Login and Dullep Singh, by Lady Login. 1890.

੮. ਡਲਹੌਜ਼ੀ ਦੇ ਖ਼ਤ Private Letters of the Marquess of Dalhousie, edited by J.G.A., Baird. 1910.

੯. ਲਾਰੰਸ ਦਾ ਜੀਵਨ Life of Sir Henry Lawrence, Vol. II, by Sir Herbert B. Edwardes, K.C.B., K.C.S.I. and Herman Merivale. C.B. 1873.

੧੦. ਦਲੀਪ ਸਿੰਘ ਤੇ ਗੌਰਮਿੰਟ The Maharaja Duleep Singh & the Government, Published for Private Circulation, 1884.

ਇਹ ਕਿਤਾਬ ਦਲੀਪ ਸਿੰਘ ਨੇ ਆਪ ਲਿਖਵਾਈ ਸੀ ਲੈ. ਵਿੱਚ, ਆਪਣੇ ਮਿੱਤਰਾਂ ਦੇ ਖ਼ਾਸ ਬੈਦਿਆਂ ਨੂੰ ਦੇਣ ਵਾਸਤੇ।


੧੧. Despatches and General Orders. announcing t victories, achieved by the Army of the Sutlej. 1846.

੧੨. ਪੰਜਾਬ ਪੇਪਰਜ਼ Punjab Papers (1847-9) and (1849).

੧੩. Lady Login's Recollections, Court life and Camp lif 1820-1904, by E. Dalhousie Login Printed London (1912).

੧੪. ਪੰਜਾਬ ਦੇ ਰਾਜੇ, ਗ੍ਰਿਫਨ (Rajas of the Punjab).

੧੫. ਮੈਲਕਮ (Sketch of the Sikhs. by J. Malcolm London (1916)

੧੬. Maharaja Ranjit Singh, presented by Gurdwara Prabandhak Committee Lahore, (1939)

੧੭. ਰਊਸਾਏ ਪੰਜਾਬ, ਦੋਵੇਂ ਹਿੱਸੇ। (ਗ੍ਰਿਫਨ)

੧੮. ਪੰਜਾਬ ਹਰਣ ਔਰ ਦਲੀਪ ਸਿੰਹ (ਹਿੰਦੀ) ਲੇਖਕ ਨੰਦ ਕੁਮਾਰ ਦੇਵ ਸ਼ਰਮਾ, ਪਹਿਲੀ ਐਡੀਸ਼ਨ ੧੯੭੯ ਬਿ.

੧੯. ਸਿੱਖੋਂ ਕਾ ਉਥਾਨ ਔਰ ਪਤਨ, (ਹਿੰਦੀ) ਲੇਖਕ ਨੰਦ ਕੁਮਾਰ ਦੇਵ ਸ਼ਰਮਾ, ਤਿੱਜੀ ਐਡੀਸ਼ਨ ੧੯੮੭ ਬਿ.

੨੦. ਪੰਜਾਬ ਔਰ ਸਿੱਖ, (ਉਰਦੂ) ਲੇਖਕ ਸੇਵਾ ਸਿੰਘ, ੧੯੩੪ ਈ.

੨੧. ਤਾਰੀਖ਼ ਗੁਰੂ ਖ਼ਾਲਸਾ (ਉਰਦੂ) ਲੇਖਕ ਗਿ: ਗਿਆਨ ਸਿੰਘ ੧੯੨੫ ਈ.

੨੨. ਪੰਜਾਬ ਤੇ ਅੰਗਰੇਜ਼, ਲੇਖਕ ਠਾਕਰ ਸਿੰਘ 'ਸੂਦ', ਪਹਿਲੀ ਐਡੀਸ਼ਨ

੨੩. ਸਿੱਖ ਇਤਿਹਾਸ ਬਾਰੇ ਲੇਖਕ ਡਾ. ਗੰਡਾ ਸਿੰਘ।

੨੪. ਫੁਲਵਾੜੀ ਦਾ ਇਤਿਹਾਸ ਨੰਬਰ, ਜਨਵਰੀ ੧੯੩੦ ਈ. ਤੇ ਹੋਰ ਕਈ ਰਸਾਲਿਆਂ ਤੇ ਅਖ਼ਬਾਰਾਂ ਵਿਚੋਂ ਇਤਿਹਾਸਕ ਲੇਖ।

# ਮੁੱਢਲੀ ਬੇਨਤੀ

'ਸਿੱਖ ਰਾਜ ਕਿਵੇਂ ਗਿਆ' ? ਜਦ ਮੈਂ ਇਸ ਗੱਲ ਦਾ ਉੱਤਰ ਲੱਭਣ ਵਾਸਤੇ ਇਤਿਹਾਸ ਫੋਲਦਾ ਹਾਂ, ਤਾਂ ਹੈਰਾਨ ਰਹਿ ਜਾਂਦਾ ਹੈਂ। ਸੋਚਦਾ ਹਾਂ, ਕਿ ਕੀ ਸੀ, ਤੇ ਕੀ ਹੋ ਗਿਆ ? ਅਸੀਂ ਗ਼ੁਲਾਮ ਹੋ ਗਏ ਹਾਂ, ਇਹ ਕੋਈ ਅਨਹੋਣੀ ਗੱਲ ਨਹੀਂ। ਕੌਮਾਂ ਉਭਰਦੀਆਂ ਵੀ ਆਈਆਂ ਹਨ ਤੇ ਡਿਗਦੀਆਂ ਵੀ। ਜੋ ਕਦੇ ਰਾਜ ਭਾਗ ਵਾਲੇ ਹੁੰਦੇ ਹਨ, ਕਦੇ ਗ਼ੁਲਾਮ ਵੀ ਹੋ ਜਾਂਦੇ ਹਨ। ਅਸੀਂ ਕੋਈ ਨਵੇਕਲੇ ਗ਼ੁਲਾਮ ਨਹੀਂ ਹੋਏ। ਮਗਰ ਜਿਸ ਢੰਗ ਨਾਲ ਗ਼ੁਲਾਮ ਹੋਏ ਹਾਂ, ਇਹ ਠੀਕ ਹੀ ਹੈਰਾਨੀ ਦਾ ਕਾਰਨ ਹੈ। ਅੰਗਰੇਜ਼ ਨੇਤਾ ਅਜੇ ਤੱਕ ਮੰਨਦੇ ਹਨ, ਕਿ ਅਸਾਂ ਇਹਨਾਂ ਨੂੰ ਤਲਵਾਰ ਨਾਲ ਨਹੀਂ ਜਿੱਤਿਆ, ਤੇ ਨਾ ਸਾਨੂੰ ਹੀ ਯਕੀਨ ਆਇਆ ਹੈ, ਕਿ ਅਸੀਂ ਮੈਦਾਨ ਵਿਚ ਜਿੱਤੇ ਗਏ ਹਾਂ। ਤਾਂ ਫੇਰ ਹੋਇਆ ਕੀ ? ਧੋਖਾ, ਸਰਾਸਰ ਧੋਖਾ। ਤੇ ਉਹ ਵੀ ਘਰ ਦੇ ਭੇਤੀਆਂ ਹੱਥੋਂ।

ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ਼ ਸੇ
ਇਸ ਘਰ ਕੋ ਆਗ ਲਗ ਗਈ ਘਰ ਕੇ ਚਰਾਗ਼ ਸੇ

੧੪੫੦੦ ਮੁਰੱਬਾ ਮੀਲ ਦੀ ਏਨੀ ਤਕੜੀ ਬਾਦਸ਼ਾਹੀ, ਜਿਸ ਕੋਲ ਬੇਅੰਤ ਸਾਮਾਨ-ਜੰਗ ਤੇ ਬੇਸ਼ੁਮਾਰ ਮਰ ਮਿਟਣ ਵਾਲੇ ਦੇਸ਼-ਭਗਤ ਯੋਧੇ ਹੋਣ, ਉਸਦਾ ਦਿਨਾਂ ਵਿਚ ਗ਼ੁਲਾਮ ਹੋ ਜਾਣਾ, ਹੈ ਇਕ ਜਾਦੂ ਹੀ।

ਏਸ ਤਬਾਹੀ ਦਾ ਮੁੱਢ ਬੰਨ੍ਹਣ ਵਾਲੇ ਤੇ ਅੰਤ ਨੇਪਰੇ ਚਾੜ੍ਹਨ ਵਾਲੇ ਜੰਮੂੰ ਦੇ ਡੋਗਰੇ ਸਨ। ਉਹ (ਧਿਆਨ ਸਿੰਘ ਤੇ ਗੁਲਾਬ ਸਿੰਘ) ਇਕ ਦਿਨ ਪਲਟਣਾਂ ਵਿਚ ਤਿੰਨ-ਤਿੰਨ ਰੁਪਏ ਮਹਾਵਾਰ 'ਤੇ ਭਰਤੀ ਹੋਏ ਸਨ। ਸਾਡੇ ਮੰਦੇ ਭਾਗਾਂ ਨੂੰ ਉਹ ਸ਼ੇਰੇ ਪੰਜਾਬ ਦੀ ਨਜ਼ਰ ਚੜ੍ਹ ਗਏ ਤੇ ਆਖ਼ਰ ਪੰਜਾਬ ਦੇ ਕਰਤਾ ਧਰਤਾ ਬਣ ਗਏ। ਧਿਆਨ ਸਿੰਘ ਨੇ ਪੰਜਾਬ ਦਾ

ਵੱਡਾ ਵਜ਼ੀਰ ਬਣ ਕੇ ਇਸ 'ਨੀਚਹ ਊਚ ਕਰਨ' ਦਾ ਜੋ ਬਦਲਾ ਦਿੱਤਾ, ਉਹ ਕਿਸੇ ਨੂੰ ਭੁੱਲ ਨਹੀਂ ਚੱਲਿਆ। ਉਹਦੇ ਭਰਾ ਤੇ ਬਾਕੀ ਮਿੱਤਰਾਂ ਨੇ ਪਹਿਲੇ ਸਿੱਖ ਯੁੱਧ ਵਿੱਚ ਜੋ ਨਿਮਕ-ਹਲਾਲੀ ਤੋਂ ਕੰਮ ਲਿਆ, ਉਸ ਦੀ ਬਾਬਤ ਕਨਿੰਘਮ ਵਰਗੇ ਸੱਚੇ ਤੇ ਨਿਰਪੱਖ ਇਤਿਹਾਸਕਾਰ ਦੁਨੀਆਂ ਨੂੰ ਕੂਕ ਕੂਕ ਕੇ ਦੱਸ ਰਹੇ ਹਨ। ਡੋਗਰੇ ਦੁਸ਼ਮਣ ਦੇ ਸੋਨੇ 'ਤੇ ਵਿਕ ਚੁੱਕੇ ਸਨ। ਉਹ ਸਿੱਖ ਰਾਜ ਦੇ ਖੰਡਰਾਂ ਉੱਤੇ ਆਪਣੇ ਮਹਿਲ ਉਸਾਰਨ ਦੇ ਆਹਰਾਂ ਵਿਚ ਸਨ। ਪੰਜਾਬ ਦੀ ਆਜ਼ਾਦੀ ਬਰਬਾਦ ਕਰਨ ਦੇ ਬਦਲੇ ਵਿਚ ਅੱਜ ਉਹ ਕਸ਼ਮੀਰ ਦੇ ਰਾਜੇ ਬਣੇ ਬੈਠੇ ਹਨ। ਇਹ ਡੋਗਰਿਆਂ ਦੇ ਦੇਸ-ਧਰੋਹ ਦੀ ਯਾਦ ਹੈ।

ਬਹਾਰ ਆਉਂਦੀ ਹੈ। ਘਰ ਘਰ ਖ਼ੁਸ਼ੀਆਂ ਹੁੰਦੀਆਂ ਹਨ। ਬਨਸਪਤੀ 'ਤੇ ਜੋਬਨ ਆਉਂਦਾ ਹੈ। ਲੋਕ ਬਾਗਾਂ ਤੇ ਪਹਾੜਾਂ ਦੀ ਸੈਰ ਕਰਨ ਚਾਵਾਂ ਨਾਲ ਤੁਰ ਪੈਂਦੇ ਹਨ, ਪਰ ਸਾਨੂੰ—ਉਜੜੇ ਚਮਨ ਦੇ ਰਹਿਣ ਵਾਲਿਆਂ ਨੂੰ—ਏਸ ਬਹਾਰ ਨਾਲ ਕੀ ?

ਹਮ ਗ੍ਰਿਫਤਾਰੋਂ ਕੋ ਅਬ ਕਿਆ ਕਾਮ ਹੈ ਗੁਲਸ਼ਨ ਸੇ ਲੇਕਨ
ਜੀ ਨਿਕਲ ਜਾਤਾ ਹੈ, ਜਬ ਸੁਨਤੇ ਹੈਂ ਆਤੀ ਹੈ ਬਹਾਰ

ਕਸ਼ਮੀਰ ਦੇ ਬਾਗ਼ਾਂ ਵਿਚ ਫੁੱਲ ਖਿੜਦੇ ਹਨ। ਉਹਨਾਂ ਵਿਚ ਲਾਲ ਰੰਗ ਓਥੋਂ ਦੀ ਮਿੱਟੀ ਦਾ ਅਸਰ ਨਹੀਂ, ਸਤਲੁਜ ਦੇ ਕੰਢੇ ਉੱਤੇ ਕਿਨ੍ਹਾਂ ਦੇ ਡੁੱਲ੍ਹੇ ਹੋਏ ਲਹੂ ਦਾ ਹੈ। ਏਥੋਂ ਦੀਆਂ ਸੈਰ-ਗਾਹੀਂ ਕਿੰਨ੍ਹਾਂ ਦੇ ਖ਼ੂਨ ਦਾ ਪਰਤੋ ਹਨ।

ਯਿਹ ਐਸ਼ ਗਾਹ ਨਹੀਂ ਹੈ, ਯਾ ਰੰਗ ਔਰ ਕੁਛ ਹੈ
ਹਰ ਗੁਲ ਹੈ ਇਸ ਚਮਨ ਮੇਂ ਸਾਗਰ ਭਰਾ ਲਹੂ ਕਾ

ਮੈਂ ਨਿਰਾ ਪੂਰਾ ਡੋਗਰਿਆਂ ਨੂੰ ਹੀ ਗੁਨਾਹੀ ਨਹੀਂ ਸਮਝਦਾ, ਇਸ ਵਿਚ ਸਿੱਖ ਸਰਦਾਰ ਤੇ ਸਿੱਖ ਫੌਜਾਂ ਵੀ ਹਿੱਸੇਦਾਰ ਸਨ। ਸਿੱਖ ਫ਼ੌਜਾਂ ਏਨੀਆਂ ਆਪ ਮੁਹਾਰੀਆਂ ਸਨ, ਕਿ ਉਹਨਾਂ ਨੂੰ ਸੰਭਾਲਣਾ ਔਖਾ ਹੋ ਗਿਆ ਸੀ। ਫ਼ੌਜਾਂ ਦੇ ਪੰਚ ਜਿਸ ਵੱਲੇ ਜ਼ਰਾ ਕੁ ਇਸ਼ਾਰਾ ਕਰਦੇ, ਸਿਪਾਹੀ ਝੱਟ ਕਤਲ ਕਰ ਦੇਂਦੇ। ਕੋਈ ਕੀਮਤੀ ਜਾਨਾਂ ਏਸੇ ਤਰ੍ਹਾਂ ਭੰਗ ਦੇ ਭਾੜੇ ਨਾਸ ਹੋ ਗਈਆਂ। ਫ਼ੌਜਾਂ ਦਾ ਇਹ ਹਾਲ ਸੀ, ਕਿ ਜੇ ਇਕ ਸਰਦਾਰ ਨੇ

ਇਨਾਮ ਦਾ ਲਾਲਚ ਦਿੱਤਾ, ਤਾਂ ਉਸ ਵੱਲ ਹੋ ਗਏ ਜੇ ਦੂੱਜੇ ਨੇ ਤਨਖ਼ਾਹ ਵਧਾਉਣ ਦਾ ਇਕਰਾਰ ਕੀਤਾ, ਤਾਂ ਓਸ ਨਾਲ ਮਿਲ ਗਏ।

ਬਾਕੀ ਰਹੇ ਸਿੱਖ ਸਰਦਾਰ। ਉਹਨਾਂ ਵਿਚੋਂ ਬਹੁਤਿਆਂ ਦੇ ਦਿਲਾਂ ਵਿਚ ਖ਼ੁਦਗਰਜ਼ੀ ਸਮੱਾ ਗਈ ਸੀ। ਉਹ ਓਨਾ ਜ਼ੋਰ ਆਪਣੀ ਤਾਕਤ ਵਧਾਉਣ ਉੱਤੇ ਨਹੀਂ ਲਾਉਂਦੇ ਸਨ, ਜਿੰਨਾ ਦੂੱਜੇ ਦੀ ਤਾਕਤ ਘਟਾਉਣ ਉੱਤੇ। ਹਰ ਇਕ ਸਰਦਾਰ ਦੂੱਜੇ ਦੇ ਕੰਮ ਵਿਚ ਰੁਕਾਵਟ ਪਾਉਂਦਾ ਤੇ ਵਿਰੋਧਤਾ ਕਰਦਾ। ਮੁੱਕਦੀ ਗੱਲ; ਸਿੱਖ ਦਰਬਾਰ ਦੀਆਂ ਸਾਰੀਆਂ ਨਰਦਾਂ ਅੱਡੋਪਾਟੀ ਆਪਸ ਵਿਚ ਖਹਿ ਰਹੀਆਂ ਸਨ। ਅੰਤ ਇਹ ਫੁੱਟ ਤੇ ਪਾਟੋਧਾੜ ਸਾਨੂੰ ਲੈ ਲੱਥੀ। ਕਿਹੜਾ ਘਰ ਏ, ਜੋ ਫੁੱਟ ਨੇ ਬਰਬਾਦ ਨਾ ਕੀਤਾ ਹੋਵੇ। ਇਹ ਮਹਾਰਾਜਿਆਂ ਨੂੰ ਕੁਲੀ ਬਣੱਾ ਦਿਆ ਕਰਦੀ ਹੈ, ਤੇ ਲਾਲਾਂ ਨੂੰ ਕੌਡੀਆਂ ਵਾਂਗ ਰੋਲ ਦਿਆ ਕਰਦੀ ਹੈ। ਹਿੰਦੀ ਦੇ ਮਹਾਂ ਕਵੀ 'ਗੰਗ' ਨੇ ਕਿਆ ਸੋਹਣਾ ਕਿਹਾ ਹੈ :

ਫੂਟ ਗਏ ਹੀਰਾ ਕੀ ਬਿਕਾਨੀ ਕਨੀ ਹਾਟ ਹਾਟ
ਕਾਹੂ ਘਾਟ ਮੋਲ, ਕਾਹੂ ਬਾੜ ਮੋਲ ਕੋ ਲਯੋ
ਟੂਟ ਗਈ ਲੰਕਾ, ਫੂਟ ਮਿਲਓ ਜੋ ਵਿਭੀਖਣ ਹੈ
ਰਾਵਨ ਸਮੇਤ ਬੰਸ ਆਸਮਾਨ ਕੋ ਗਯੋ
ਕਹੈ ਕਵੀ 'ਗੰਗ' ਦਰਜੋਧਨ ਸੇ ਛਤਰਧਾਰੀ
ਤਨਕ ਮੇ ਫੂਟੇ ਤੇ ਗੁਮਾਨ ਵਾਕੋ ਨੈ ਗਯੋ
ਫੂਟੇ ਤੇ ਨਰਦ ਉਠ ਜਾਤ ਬਾਜੀ ਚੌਸਰ ਕੀ
ਆਪਸ ਕੇ ਫੂਟੇ ਕਹੁ ਕੌਨ ਕੋ ਭਲੋ ਭਯੋ।

ਮੈਂ ਕਿਹੜੀ ਕਿਹੜੀ ਗੱਲ ਦਾ ਰੋਣਾ ਰੋਵਾਂ ਤੇ ਕਿਹੜੇ ਕਿਹੜੇ ਫੱਟ 'ਤੇ ਪੱਟੀਆਂ ਬੰਨ੍ਹਾਂ......

ਇਕ ਚਾਕ ਹੋ ਤੋ ਸੀ ਲੂੰ ਹਮਦਮ ਗਿਰੇਬਾਂ ਅਪਨਾ
ਜ਼ਾਲਮ ਨੇ ਫਾੜ ਡਾਲਾ ਹੈ ਤਾਰ ਤਾਰ ਕਰ ਕੇ

ਖ਼ੈਰ, ਏਸ ਲੰਮੇ ਵਹਿਣ ਵਿਚ ਵਹਿਣ ਦਾ ਕੀ ਫ਼ਾਇਦਾ ? ਜੋ ਕੁਝ ਹੋਇਆ, ਆਪ ਅਗਲਿਆਂ ਪੱਤਰਿਆਂ ਵਿਚ ਪੜ੍ਹ ਲਵੋਗੇ।

ਮੈਂ ਹੁਣ ਇਕ ਦੋ ਆਪਣੀਆਂ ਗੱਲਾਂ ਕਰਦਾ ਹਾਂ। ਜਦ ਮੈਂ ਇਤਿਹਾਸ ਦਾ ਇਹ ਹਿੱਸਾ* ਢਾਡੀਆਂ ਦੇ ਤਰੀਕੇ ਨਾਲ ਲਿਖਿਆ ਤੇ ਸਟੇਜ ਉੱਤੇ ਕਿਹਾ, ਤਾਂ ਸੰਗਤਾਂ ਨੇ ਇਸ ਨਾਲ ਬਹੁਤ ਦਿਲਚਸਪੀ ਤੇ ਹਮਦਰਦੀ ਪਰਗਟ ਕੀਤੀ। ਅਨੇਕਾਂ ਵਾਰ ਮੈਂ ਇਹ ਪ੍ਰਸੰਗ ਸਟੇਜ ਉੱਤੇ ਕਹਿ ਚੁੱਕਾ ਹਾਂ। ਬਹੁਤ ਸਾਰੇ ਵਿਦਵਾਨ ਮਿੱਤਰਾਂ ਤੇ ਪੰਥਕ ਲੀਡਰਾਂ ਦੇ ਕਹਿਣ ਉੱਤੇ ਇਸ ਨੂੰ ਕਤਾਬੀ ਸ਼ਕਲ ਵਿਚ ਆਪ ਦੀ ਭੇਟਾ ਕਰ ਰਿਹਾ ਹਾਂ। ਮੈਂ ਇਸ ਵਿਚ ਆਪਣੇ ਵੱਲੋਂ ਮਨ-ਘੜਤ ਗੱਲ ਕੋਈ ਨਹੀਂ ਲਿਖੀ, ਸਭ ਪੁਰਾਣੇ ਇਤਿਹਾਸਾਂ ਅਤੇ ਮੌਕੇ ਦੀਆਂ ਗਵਾਹੀਆਂ ਦੇ ਆਧਾਰ 'ਤੇ ਲਿਖਿਆ ਹੈ। ਜਿੰਨ੍ਹਾਂ ਜਿੰਨ੍ਹਾਂ ਲਿਖਾਰੀਆਂ ਦੀ ਲਿਖਤ ਤੋਂ ਇਹ ਪੁਸਤਕ ਰਚਣ ਵਿਚ ਮਦਦ ਲਈ ਗਈ ਹੈ, ਮੈਂ ਉਹਨਾਂ ਸਭ ਸੱਜਣਾਂ ਦਾ ਧੰਨਵਾਦੀ ਹਾਂ।

ਕਾਦੀ ਵਿੰਡ (ਲਾਹੌਰ)
੨੦-੪-੧੯੪੪ ਈ.

ਸੋਹਣ ਸਿੰਘ
"ਸੀਤਲ"

---

*ਪਹਿਲੇ ਕਾਂਡ ਦੀ ਕਵਿਤਾ ੫-੫-੩੬ ਈ. ਨੂੰ, ਦੂੱਜੇ ਕਾਂਡ ਦੀ ਕਵਿਤਾ ੨੦-੯-੩੭ ਈ. ਨੂੰ ਤੇ ਤਿੱਜੇ ਕਾਂਡ ਦੀ ਕਵਿਤਾ ੧੦-੧-੪੦ ਈ. ਨੂੰ ਲਿਖੀ ਗਈ ਹੈ।

ਇਹ ਧਰਤੀ ਪੰਜ ਦਰਿਆਵਾਂ ਦੀ, ਇਹ ਯੋਧਿਆਂ ਦਾ ਅਸਥਾਨ
ਏਥੇ ਪੀਰ ਪੈਗ਼ੰਬਰ ਔਲੀਏ, ਕਈ ਹੋਏ ਬਲੀ ਮਹਾਨ
ਏਥੇ ਸਤਿਗੁਰ ਨਾਨਕ ਪਰਗਟੇ, ਪਏ ਦਿਉਤੇ ਸੀਸ ਝੁਕਾਨ
ਗੁਰ ਪੰਜਵੇਂ ਘਾਲਾਂ ਘਾਲੀਆਂ, ਜੋ ਤਪੀਆਂ ਦੇ ਸੁਲਤਾਨ
ਏਥੇ ਲਾਲ ਗੁਰੂ ਦਸਮੇਸ਼ ਦੇ, ਗਏ ਵਾਰ ਧਰਮ ਤੋਂ ਜਾਨ
ਗੁਰ ਪੰਥ ਖ਼ਾਲਸਾ ਸਾਜ ਕੇ, ਫਿਰ ਮਰੀ ਜੀਵਾਈ ਆਨ
ਏਥੇ ਨਲੂਵੇ ਤੇ ਰਣਜੀਤ ਦੀ, ਜਦ ਚਮਕੀ ਸੀ ਕਿਰਪਾਨ
ਤਾਂ ਖ਼ੁਸ਼ੀ ਹੋਈ ਪੰਜਾਬ ਦੀ, ਵਿਚ ਦੁਨੀਆਂ ਚਮਕੀ ਸ਼ਾਨ
ਪਰ ਘਾਲ ਬਲੀ ਰਣਜੀਤ ਦੀ, ਨਾ ਸਾਂਭ ਸੱਕੀ ਸੰਤਾਨ
ਜਿਉਂ ਗਿਆ ਸੀ ਰਾਜ ਪੰਜਾਬ ਦਾ, ਪੜ੍ਹ 'ਸੀਤਲ' ਦਿਲ ਪਛਤਾਨ

## ਭੇਟਾ

ਉਹਨਾਂ ਸੂਰਬੀਰਾਂ ਨੂੰ,
ਜੋ ਆਪਣੇ ਦੇਸ ਦੀ ਆਜ਼ਾਦੀ
ਕਾਇਮ ਰੱਖਣ ਵਾਸਤੇ ਸ਼ਹੀਦ ਹੋਏ।

'ਸੀਤਲ'

# ਪਹਿਲਾ ਕਾਂਡ

ਇੱਕ, ਹਾਂ, ਪੂਰੀ ਇੱਕ ਸਦੀ ਪਹਿਲਾਂ ਦਾ ਪੰਜਾਬ ਇਹਨਾਂ ਪਤੱਰਿਆਂ ਵਿਚ ਲੁਕਿਆ ਹੋਇਆ ਹੈ। ਉਹ ਪੰਜਾਬ ਅੱਜ ਦੇ ਪੰਜਾਬ ਵਰਗਾ ਨਹੀਂ ਸੀ। ਓਦੋਂ ਏਥੇ ਓਪਰਿਆਂ ਦਾ ਨਹੀਂ, ਸਗੋਂ ਪੰਜਾਬੀ ਸਿੱਖ ਦਾ ਰਾਜ ਸੀ*। ਸਿੱਖਾਂ ਨੇ ਆਪਣਾ ਲਹੂ ਡੋਲ੍ਹ ਕੇ ਓਸ ਰਾਜ ਨੂੰ ਕਾਇਮ ਕੀਤਾ ਸੀ ਤੇ ਸਾਰੇ ਪੰਜਾਬੀਆਂ—ਹਿੰਦੂ ਅਤੇ ਮੁਸਲਮਾਨਾਂ—ਨੂੰ ਉਸ ਦੇ ਸਾਂਝੀਵਾਲ

---

*ਕੋਈ ਦੂਰ ਦੀ ਗੱਲ ਨਹੀਂ, ਦੇਸ ਅੰਦਰ,
ਕਦੇ ਅਸੀਂ ਵੀ ਹੁੰਦੇ ਸਾਂ ਸ਼ਾਨ ਵਾਲੇ।
ਅਸੀਂ ਪੰਜਾਂ ਦਰਿਆਵਾਂ ਦੇ ਬਾਦਸ਼ਾਹ ਸਾਂ,
ਤਾਜ ਤਖ਼ਤ ਵਾਲੇ, ਅਣਖ-ਆਣ ਵਾਲੇ।
ਸਾਡੇ ਸਿਰਾਂ 'ਤੇ ਕਲਗੀਆਂ ਸੁਹੰਦੀਆਂ ਸਨ,
ਸਾਨੂੰ ਨਿਉਂਦੇ ਸਨ ਕਈ ਗੁਮਾਨ ਵਾਲੇ।
ਸਾਡੇ ਖ਼ਾਲਸਈ ਕੌਮੀ ਨਸ਼ਾਨ ਅੱਗੇ,
ਪਾਣੀ ਭਰਦੇ ਸਨ ਕਈ ਨਸ਼ਾਨ ਵਾਲੇ।
ਸਾਡੀ ਚਮਕਦੀ ਤੇਗ਼ ਦੀ ਧਾਰ ਅੱਗੇ,
ਭੇਟਾ ਧਰਦੇ ਸਨ ਕਾਬਲ, ਈਰਾਨ ਵਾਲੇ।
ਬਿਨਾਂ ਪੁੱਛਿਆਂ ਏਧਰ ਨਾ ਝਾਕਦੇ ਸਨ,
ਸਾਡੇ ਸਿਰਾਂ 'ਤੇ ਹੁਕਮ ਚਲਾਨ ਵਾਲੇ।
ਕੌਣ ਜਾਣਦਾ ਸੀ ? ਰੁਲਦੇ ਫਿਰਨਗੇ ਇਹ,
ਆਪਣੇ ਤਾਜ ਵਿਚ ਹੀਰੇ ਹੈਰਾਨ ਵਾਲੇ।
'ਸੀਤਲ' ਹਾਲ ਫਕੀਰਾਂ ਦੇ ਨਜ਼ਰ ਆਉਂਦੇ,
ਤਾਜ, ਤਖ਼ਤ, ਨਸ਼ਾਨ, ਕਿਰਪਾਨ ਵਾਲੇ।

ਬਣਾਇਆ ਸੀ। ਪੰਜਾਂ ਦਰਿਆਵਾਂ ਦੀ ਇਸ ਰਿਸ਼ੀਆਂ ਦੀ ਧਰਤੀ ਉੱਤੇ ਸਿੰਘਾਂ ਦਿਆਂ ਘੋੜਿਆਂ ਦੀਆਂ ਟਾਪਾਂ ਸੁਣਾਈ ਦੇਂਦੀਆਂ ਸਨ। ਆਪਣੀ ਮਾਤ ਭੂਮੀ ਉੱਤੇ ਅਸੀਂ ਧੌਣਾਂ ਅਕੜਾ ਕੇ ਚਲਦੇ ਸਾਂ।

ਅੱਜ ਉਹ ਦਿਨ ਕਿੱਧਰ ਚਲੇ ਗਏ ? ਪੰਜਾਬ ਦੀ ਆਜ਼ਾਦੀ ਬਰਬਾਦੀ ਵਿਚ ਕਿਵੇਂ ਬਦਲ ਗਈ ? ਅਸੀਂ ਬਾਦਸ਼ਾਹਾਂ ਤੋਂ ਗ਼ੁਲਾਮ ਕਿਵੇਂ ਹੋ ਗਏ ? ਸਰਦਾਰਾਂ ਤੋਂ ਧੂੰਏਂ ਦੇ ਫ਼ਕੀਰ ਕਿਵੇਂ ਬਣ ਗਏ ? ਭਾਵ, ਸਿੱਖ-ਰਾਜ ਕਿਵੇਂ ਗਿਆ ? ਅਗਲਿਆਂ ਪੱਤਰਿਆਂ ਵਿੱਚ ਇਸਦਾ ਉੱਤਰ ਦੇਣ ਦਾ ਯਤਨ ਕੀਤਾ ਗਿਆ ਹੈ।

*ਸ਼ੇਰੇ-ਪੰਜਾਬ ਬੀਮਾਰ*

ਪੰਜਾਬ ਦੇ ਮੰਦੇ ਭਾਗਾਂ ਨੂੰ ਉਹ ਸਮਾਂ ਨੇੜੇ ਆ ਰਿਹਾ ਸੀ, ਜਿਸਨੇ ਹਰ ਇਕ 'ਤੇ ਆਉਣਾ ਹੈ। ਪੰਜਾਬ ਦਾ ਸ਼ੇਰ—ਜਿਸਦਾ ਨਾਮ ਸੁਣ ਕੇ ਕਾਬਲ ਕੰਧਾਰ ਦੀਆਂ ਕੰਧਾਂ ਕੰਬਦੀਆਂ ਸਨ, ਜਿਸਦੀ ਭਬਕ ਅੱਗੇ ਵਿਰੋਧੀਆਂ ਦਾ ਲਹੂ ਸੁਕਦਾ ਸੀ, ਜੀਹਦੇ ਤੇਜ ਅੱਗੇ ਦੁਸ਼ਮਣ ਦੀ ਬਹਾਦਰੀ ਹਨੇਰੇ ਵਾਂਗ ਉਡ ਜਾਂਦੀ ਸੀ, ਜੀਹਦੇ ਜਥੇ ਸਾਮ੍ਹਣੇ ਵੈਰੀ ਦੀ ਤਲਵਾਰ ਮਿਆਨੋਂ ਬਾਹਰ ਨਹੀਂ ਸੀ ਨਿਕਲਦੀ, ਜਿਸਦੀ ਰਵਾਨੀ ਅੱਗੇ 'ਅਟਕ' ਜਿਹੇ ਅਟਕ ਜਾਂਦੇ ਸਨ, ਜਿਸਦੇ ਨਾਅਰੇ ਅਜੇ ਤੀਕ ਖ਼ੈਬਰ ਦੀਆਂ ਪਹਾੜੀਆਂ ਦੁਹਰਾਉਂਦੀਆਂ ਹਨ—ਬੀਮਾਰ ਪਿਆ ਸੀ। ਰੋਗ ਦਿਨੋ ਦਿਨ ਵੱਧ ਰਿਹਾ ਸੀ। ਆਪ ਨੇ ਆਪਣੇ ਸਭ ਸੰਬੰਧੀਆਂ, ਸਰਦਾਰਾਂ, ਵਜ਼ੀਰਾਂ, ਜਰਨੈਲਾਂ, ਯੋਧਿਆਂ ਨੂੰ ਬੁਲਾ ਕੇ, ਹਜ਼ੂਰੀ ਬਾਗ਼ ਵਿਚ ਅੰਤਮ ਦਰਬਾਰ ਕੀਤਾ ਤੇ ਬੀਮਾਰੀ ਦੀ ਹਾਲਤ ਵਿੱਚ ਪਾਲਕੀ ਵਿਚ ਬਹਿ ਕੇ ਦਰਬਾਰ ਵਿੱਚ ਆਏ। ਸਭ ਨੂੰ ਸੰਬੋਧਨ ਕਰ ਕੇ ਆਪ ਨੇ ਇਉਂ ਕਹਿਣਾ ਆਰੰਭ ਕੀਤਾ :

*ਆਖ਼ਰੀ ਤਕਰੀਰ*

"ਖ਼ਾਲਸਾ ਜੀ ! ਹੁਣ ਕੁਝ-ਕੁ ਹੀ ਦਿਨਾਂ ਦਾ ਮੇਲਾ ਹੈ। ਥੋੜ੍ਹੇ ਸਮੇਂ ਤੱਕ ਮੈਂ ਆਪ ਤੋਂ ਸਦਾ ਵਾਸਤੇ ਵਿਦਿਆ ਹੋ ਜਾਵਾਂਗਾ। ਇਸ ਗੱਲ ਦਾ ਅਫ਼ਸੋਸ ਨਹੀਂ ਹੈ, ਜੋ ਆਇਆ, ਸੋ ਚੱਲਸੀ, ਜੋ ਘੜਿਆ, ਸੋ ਭੱਜਸੀ, 'ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।'

"ਲਾਈ ਹਯਾਤ ਆਏ, ਕਜ਼ਾ ਲੇ ਚਲੀ, ਚਲੇ।
ਅਪਨੀ ਖ਼ੁਸ਼ੀ ਨਾ ਆਏ, ਨਾ ਅਪਨੀ ਖ਼ੁਸ਼ੀ ਚਲੇ"

"ਜੰਮਣਾ ਮਰਨਾ ਭਾਣੇ ਦੀ ਕਾਰ ਹੈ। ਸਿੱਖ ਸਦਾ ਭਾਣੇ ਵਿਚ ਵੱਸਣ ਵਾਲਾ ਹੈ। ਤੁਸੀਂ ਵੀ ਉਸਦੇ ਭਾਣੇ ਵਿਚ ਰਾਜ਼ੀ ਰਿਹੋ।...

"ਮੈਥੋਂ ਜੋ ਪੁੱਜ ਸਰ ਆਈ ਏ, ਤੁਹਾਡੀ ਸੇਵਾ ਕਰ ਚੱਲਿਆ ਹਾਂ। ਹੰਨੇ-ਹੰਨੇ ਦੀ ਸਰਦਾਰੀ ਦੇ ਮਣਕੇ ਭੰਨ ਕੇ ਇਕ ਕੈਂਠਾ ਬਣੌਂ ਦਿੱਤਾ ਹੈ, ਪਰ ਲੜੀ ਵਿਚ ਪਰੁੱਚੇ ਰਿਹੋ। ਮਿਲੇ ਰਹੋਗੇ, ਤਾਂ ਬਾਦਸ਼ਾਹ ਬਣੇ ਰਹੋਗੇ, ਨਿਖੜ ਜਾਉਗੇ, ਤਾਂ ਮਾਰੇ ਜਾਉਗੇ। ਤੁਹਾਡੇ ਪਰਤਾਪ ਦੇ ਸਾਮ੍ਹਣੇ ਖ਼ੈਬਰ ਦੀਆਂ ਪਹਾੜੀਆਂ ਕੰਬ ਰਹੀਆਂ ਹਨ। ਤੁਹਾਡੇ ਇਕਬਾਲ ਅੱਗੇ ਅਸਮਾਨ ਥਰ-ਥਰ ਕੰਬ ਰਿਹਾ ਹੈ। ਤੁਹਾਡੀ ਤੇਗ਼ ਦੀ ਧਾਂਗ ਸਾਰੀ ਦੁਨੀਆਂ ਵਿਚ ਪਈ ਹੋਈ ਹੈ। ਡਰ ਹੈ, ਤਾਂ ਏਸ ਗੱਲ ਦਾ, ਕਿਤੇ ਇਹ ਤੇਗ਼ ਤੁਹਾਡੇ ਆਪਣੇ ਘਰ ਵਿਚ ਨਾ ਖੜਕਣ ਲੱਗ ਪਵੇ। ਤੁਹਾਡੇ ਬਰਛਿਆਂ ਦੀ ਪਾਣ, ਤੁਹਾਡੇ ਆਪਣੇ ਲਹੂ ਵਿੱਚ ਨਾ ਉਤਰਨ ਲੱਗ ਪਵੇ। ਖ਼ਾਲਸਾ ਜੀ ! ਤੁਸੀਂ ਅੰਮ੍ਰਿਤਧਾਰੀ ਸਿੱਖ ਹੋ। ਅੰਮ੍ਰਿਤ ਵਿਚ ਅਕਾਲੀ ਬਾਣੀ ਦੇ ਨਾਲ ਨਾਲ ਦੋ ਚੀਜ਼ਾਂ ਹੋਰ ਵੀ ਖ਼ਾਸ ਹਨ : ਇਕ ਪਤਾਸੇ ਤੇ ਇਕ ਲੋਹੇ ਦਾ ਖੰਡਾ। ਬੱਸ, ਏਸੇ ਵਿਚ ਜ਼ਮਾਨੇ ਦੀ ਨੀਤੀ ਛਿਪੀ ਹੋਈ ਜੇ। ਜੇ ਲੋੜ ਹੋਵੇ, ਤਾਂ ਪਤਾਸਿਆਂ ਵਾਂਗ ਘੁਲ ਮਿਲ ਜਾਇਉ, ਆਪਾ ਮਿਟਾ ਕੇ ਦੂਜੇ ਦਾ ਰੂਪ ਬਣ ਜਾਇਓ, ਜਿਥੇ ਭਰੋਂ ਦਾ ਮੁੜ੍ਹਕਾ ਡੁੱਲ੍ਹੇ, ਓਥੇ ਲਹੂ ਵਹਾਂ ਦਿਓ। ਤੇ ਜੇ ਸਮਾਂ ਆ ਬਣੇ, ਤਾਂ ਖੰਡੇ ਵਾਂਗ ਸਖ਼ਤ ਤੇ ਤੇਜ਼ ਵੀ ਹੋ ਜਾਇਓ। ਗ਼ਰੀਬ-ਦੁਖੀਏ ਦੀ ਢਾਲ ਤੇ ਜ਼ਾਲਮ ਦੇ ਸਿਰ ਉੱਤੇ ਤਲਵਾਰ ਬਣ ਕੇ ਚਮਕਿਓ।

"ਜਿਸ ਦਿਨ ਪਾਨੀਪਤ ਦੇ ਮੈਦਾਨ ਅੰਦਰ ਪ੍ਰਿਥਵੀ ਰਾਜ (ਰਾਇ ਪਥੌਰਾ) ਚੁਹਾਣ, ਮੁਹੰਮਦ ਗ਼ੌਰੀ ਕੋਲੋਂ ਹਾਰ ਗਿਆ, ਉਸ ਦਿਨ 'ਅਰਜਣ' ਦਾ 'ਗਾਂਡੀਵ' ਟੁੱਟ ਗਿਆ ਤੇ 'ਕਰਣ' ਦੇ 'ਅਗਨ-ਬਾਣ' ਠੰਢੇ ਹੋ ਗਏ। ਹਿੰਦੁਸਤਾਨ ਵਿਚੋਂ ਛੱਤ੍ਰੀ-ਪੁਣਾ ਖ਼ਤਮ ਹੋ ਗਿਆ। ਛੇ ਸੌ ਸਾਲ ਤੱਕ ਪੰਜਾਬ ਉੱਤੇ ਬਾਹਰ ਦੇ ਰਾਜ ਕਰਦੇ ਰਹੇ। ਗੁਰੂ ਨਾਨਕ ਮਹਾਰਾਜ ਦੀ ਅਪਾਰ ਕਿਰਪਾ ਤੇ ਤੁਹਾਡੀ ਬਹਾਦਰੀ ਦਾ ਸਦਕਾ, ਏਥੇ ਫੇਰ ਪੰਜਾਬੀ ਸਿੱਖਾਂ ਦਾ ਰਾਜ ਕਾਇਮ ਹੋਇਆ ਹੈ, ਇਹਨੂੰ ਸੰਭਾਲੀ ਰਖਿਓ।

"ਦੁਸ਼ਮਣਾਂ ਦੀਆਂ ਚਾਲਾਂ ਤੋਂ ਸਾਵਧਾਨ ਰਹਿਣਾ। ਆਜ਼ਾਦੀ ਮੈਨੂੰ ਜਾਨ ਨਾਲੋਂ ਪਿਆਰੀ ਹੈ। ਸਿੱਖਾਂ ਦੇ ਝੰਡੇ ਸਦਾ ਉੱਚੇ ਰਹਿਣ, ਮੇਰੀ ਅੰਤਮ ਇਛਿਆ ਹੈ। ਓਪਰੇ ਪੰਜਾਬ ਦੀ ਧਰਤੀ ਉੱਤੇ ਪੈਰ ਧਰਨਗੇ; ਤਾਂ ਮੇਰੀ ਛਾਤੀ ਉੱਤੇ ਧਰਨਗੇ। ਗ਼ੈਰਾਂ ਦੇ ਝੰਡੇ ਸਾਮ੍ਹਣੇ ਝੁਕਣਾ, ਮੇਰੀ ਅਣਖ ਨੂੰ ਵੇਚਣਾ ਹੋਵੇਗਾ। ਤੁਸੀਂ ਕਿਸੇ ਦੇ ਗ਼ੁਲਾਮ ਬਣ ਜਾਉਗੇ, ਤਾਂ ਮੇਰੀ ਰੂਹ ਕਲਪੇਗੀ।...

"ਹੁਣ ਵਧੇਰੇ ਕਹਿਣ ਦਾ ਸਮਾਂ ਨਹੀਂ। ਟਿੱਕਾ ਸਾਹਿਬ ਨੂੰ ਮੇਰੇ ਸਾਮ੍ਹਣੇ ਲਿਆਓ।"

*ਖੜਕ ਸਿੰਘ ਨੂੰ ਰਾਜ ਤਿਲਕ*

ਟਿੱਕਾ ਖੜਕ ਸਿੰਘ ਨੂੰ ਸਾਮ੍ਹਣੇ ਲਿਆਂਦਾ ਗਿਆ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ, ਆਪਣੇ ਹੱਥੀਂ ਰਾਜ ਤਿਲਕ ਦਿੱਤਾ ਤੇ ਉਹਦੀ ਬਾਂਹ*

---

*ਕਿਹਾ ਸ਼ੇਰੇ-ਪੰਜਾਬ ਨੇ ਅੰਤ ਵੇਲੇ,
"ਨੇੜੇ ਹੋਇਕੇ ਸੁਣੀ, ਧਿਆਨ ਸਿੰਘਾ!
ਮੇਰੇ ਮੁਅਤਬਰ, ਭੇਤੀਆ, ਗੂੜ੍ਹ-ਯਾਰਾ!
ਦਿਲ ਦੇ ਮਹਿਰਮਾਂ, ਮੇਰੇ ਪਰਾਨ, ਸਿੰਘਾ!
ਕੋਟ ਅਕਲ ਦੇ, ਨੀਤੀ-ਨਿਪੁੰਨ ਸ਼ੇਰਾ,
ਮੇਰੀ ਸਲਤਨਤ ਦੀ ਆਣ ਸ਼ਾਨ ਸਿੰਘਾ!
ਸੁਖ਼ਨ ਅੰਤ ਦੇ, ਗਿਆਂ ਦੀ ਯਾਦ ਵਾਂਗੂੰ,
ਯਾਦ ਰੱਖਣੇ ਮੇਰੇ ਫ਼ੁਰਮਾਨ ਸਿੰਘਾ !
ਮੇਰੀਆਂ ਨੇਕੀਆਂ ਵਾਂਗ ਮੁਹਾਰਨੀ ਦੇ,
ਪੱਟੀ ਯਾਦ ਦੀ ਉੱਤੇ ਦੁਹਰਾਵੰਦਾ ਰਹੀਂ।
ਜਿਹੜਾ ਮਹਿਲ ਉਸਾਰ ਕੇ ਚੱਲਿਆ ਹਾਂ,
ਡਿੱਗਣ ਦੇਈਂ ਨਾ, ਥੰਮੀਆਂ ਲਾਵੰਦਾ ਰਹੀਂ।
ਮੇਰੇ ਖੜਕ ਸਿੰਘ ਨੂੰ ਮੇਰਾ ਰੂਪ ਸਮਝੀਂ,
ਇਹਦੇ ਹੁਕਮ ਵਿਚ ਸੀਸ ਝੁਕਾਈ ਰੱਖੀਂ।
ਇਹਨੂੰ ਮਾਲਕ ਪੰਜਾਬ ਦਾ ਥਾਪਿਆ ਮੈਂ,
ਵਫ਼ਾਦਾਰ ਬਣ, ਭਾਰ ਵੰਡਾਈ ਰੱਖੀਂ।
ਨੌ-ਨਿਹਾਲ ਹੈ ਬਾਲ, ਸਮਝਾਂ ਉਹਨੂੰ,
ਪਿਉ-ਪੁੱਤ ਦਾ ਝਗੜਾ ਮਿਟਾਈ ਰੱਖੀਂ।

(ਦੇਖੋ ਬਾਕੀ ਫੁਟਨੋਟ ਪੰਨਾ ੧੯ 'ਤੇ)

ਰਾਜਾ ਧਿਆਨ ਸਿੰਘ ਦੇ ਹੱਥ ਫੜਾ ਦਿੱਤੀ। ਸਭਨਾਂ ਦੇ ਸਾਮ੍ਹਣੇ ਰਾਜਾ ਧਿਆਨ ਸਿੰਘ (ਜੰਮੂੰ ਦਾ ਡੋਗਰਾ) ਨੂੰ ਮਹਾਰਾਜਾ ਖੜਕ ਸਿੰਘ ਦਾ 'ਵਜ਼ੀਰ' ਥਾਪਿਆ। 'ਗੀਤਾ' ਉੱਤੇ ਹੱਥ ਧਰ ਕੇ ਧਿਆਨ ਸਿੰਘ ਨੇ ਰਾਜ-ਭਗਤ ਤੇ ਮਹਾਰਾਜਾ ਖੜਕ ਸਿੰਘ ਦਾ ਵਫ਼ਾਦਾਰ ਰਹਿਣ ਦੀ ਕਸਮ ਖਾਧੀ।

---

(ਦੇਖੋ ਪੰਨਾ ੧੮ ਦਾ ਬਾਕੀ ਫੁਟਨੋਟ)

ਜਿਹੜਾ ਬਾਗ਼ ਸਵੈਰਾਜ ਦਾ ਲਾ ਚੱਲਿਆਂ,
ਸੁਕਣ ਦੇਈਂ ਨਾ ਸੂ, ਪਾਣੀ ਪਾਈ ਰੱਖੀਂ।
ਬਾਦਸ਼ਾਹੀ ਦੀ ਡੋਰ ਹੈ ਹੱਥ ਤੇਰੇ,
ਗੁੱਡੀ ਚੜ੍ਹੀ ਨੂੰ ਭੋਇੰ ਗਿਰਾ ਨਾ ਦੇਈਂ।
ਮੇਰੇ ਮਰੇ ਤੋਂ ਸਿਵੇ ਦੀ ਖ਼ਾਕ ਮੇਰੀ,
ਵੇਖੀਂ, ਘੁਲ੍ਹੜੇ ਵਾਂਗ ਉਡਾ ਨਾ ਦੇਈਂ।
ਇੱਕ ਇੱਕ ਪੰਜਾਬੀ ਵਿਚ ਜਾਨ ਮੇਰੀ,
ਮੇਰੇ ਜਿਗਰ ਨਾ ਨਸ਼ਤਰਾਂ ਲਾਈਂ, ਸਿੰਘਾ !
ਏਸ ਸੀਨੇ ਦੀ ਅੱਗ ਨਹੀਂ ਬੁੱਝਣ ਵਾਲੀ,
ਦੱਬੀ ਰਹੇ, ਨਾ ਫੋਲ ਭੜਕਾਈਂ, ਸਿੰਘਾ !
ਹਰ ਇਕ ਬੀਰ ਯੋਧਾ ਮੇਰੇ ਪ੍ਰਾਣ ਸਮਝੀਂ,
ਇੱਜ਼ਤ ਸਿੰਘਾਂ ਦੀ ਹੱਥ ਨਾ ਪਾਈਂ, ਸਿੰਘਾ !
ਮੈਨੂੰ ਪਿਆਰੀ ਸੁਤੰਤਰਤਾ ਥੰਸ ਨਾਲੋਂ,
ਨਾ ਪੰਜਾਬ ਗ਼ੁਲਾਮ ਬਣਾਈਂ ਸਿੰਘਾ !
ਛੇ ਸੌ ਸਾਲ ਪਿਛੋਂ ਫਿਰ ਪੰਜਾਬ ਅੰਦਰ,
ਮੈਂ ਲਿਆਂਦਾ ਹੈ ਰਾਜ ਪੰਜਾਬੀਆਂ ਦਾ।
'ਸੀਤਲ' ਕਿਸੇ ਖ਼ੁਦਗਰਜ਼ੀ ਦੇ ਵਿੱਚ ਆ ਕੇ,
ਦੇਵੀਂ ਬੰਨ੍ਹ ਨਾ ਮੁੱਢ ਖ਼ਰਾਬੀਆਂ ਦਾ।"
ਅੱਗੋਂ ਕਿਹਾ ਧਿਆਨ ਸਿੰਘ ਹੱਥ ਬੰਨ੍ਹ ਕੇ,
"ਤੁਸਾਂ ਨਾਲ ਹੀ ਸਵਾਮੀ ਜੀ, ਸੜਾਂਗਾ ਮੈਂ।
ਰਹਿਸੀ ਜੱਗ ਅੰਦਰ ਯਾਦ ਵਫ਼ਾਦਾਰੀ,
ਹੱਸ ਹੱਸ ਕੇ ਚਿਖਾ 'ਤੇ ਚੜ੍ਹਾਂਗਾ ਮੈਂ।
ਚਰਨਾਂ ਵਿਚ ਰਹਿ ਕੇ ਕੱਟੀ ਉਮਰ ਸਾਰੀ,
ਪੱਲਾ ਅੰਤ ਦੇ ਰਾਹ ਵੀ ਫੜਾਂਗਾ ਮੈਂ।

(ਦੇਖੋ ਬਾਕੀ ਫੁਟਨੋਟ ਪੰਨਾ ੨੦ 'ਤੇ)

ਕੁਝ ਚਿਰ ਸਾਰੇ ਚੁੱਪ ਵਰਤੀ ਰਹੀ। ਅੰਦਰ ਬਾਹਰ ਉਦਾਸੀ ਛਾ ਗਈ। ਬੀਮਾਰੀ ਨੇ ਦੌਰਾ ਕੀਤਾ, ਤੇ ਮਹਾਰਾਜ ਬੇਹੋਸ਼ ਹੋ ਗਏ। ਕੁਝ ਸਮੇਂ ਪਿੱਛੋਂ ਫੇਰ ਹੋਸ਼ ਆਈ, ਤਾਂ ਆਪ ਨੇ ਕੋਹਿਨੂਰ* ਹੀਰਾ ਤੇ ਕੁਝ ਹੋਰ ਜਵਾਹਰਾਤ ਸ੍ਰੀ ਹਰਿਮੰਦਰ ਸਾਹਿਬ

ਕੋਹਿਨੂਰ ਹੀਰਾ

---

*ਇਹ ਓਹਾ ਜਗਤ ਪਰਸਿਧ 'ਪਾਂਡਵਾਂ' ਵਾਲਾ ਹੀਰਾ ਹੈ, ਜੋ ਪਿੱਛੋਂ ਹਿੰਦੂ ਰਾਜਿਆਂ ਦੇ ਹਾਰਨ 'ਤੇ ਮੁਗ਼ਲਾਂ ਹੱਥ ਆਇਆ। ਦਿੱਲੀ ਦੀ (੧੭੩੯ ਈ.) ਲੁੱਟ ਵਿੱਚ ਨਾਦਰਸ਼ਾਹ ਲੈ ਗਿਆ ਤੇ ਉਸ ਤੋਂ ਸ਼ਾਹ ਸ਼ੁਜਾਹ ਕੋਲ ਆਇਆ। ਸ਼ਾਹ ਸ਼ੁਜਾਹ ਤੋਂ ਸ਼ੇਰੇ-ਪੰਜਾਬ ਨੂੰ ਮਿਲਿਆ ਤੇ ਦਲੀਪ ਸਿੰਘ ਨੂੰ ਤਖ਼ਤੋਂ ਲਾਹੇ ਜਾਣ 'ਤੇ ਅੰਗਰੇਜ਼ਾਂ ਹੱਥ ਲੱਗਾ। ਅੱਜ ਕੱਲ੍ਹ ਅੰਗਰੇਜ਼ ਬਾਦਸ਼ਾਹ ਦੇ ਤਾਜ ਵਿੱਚ ਸ਼ੋਭਨੀਕ ਹੈ।

(ਦੇਖੋ ਪੰਨਾ ੧੯ ਦਾ ਬਾਕੀ ਫੁਟਨੋਟ)

ਪਿੱਛੋਂ ਦੁੱਖ ਵਿਛੋੜੇ ਦੇ ਸਹਿਣ ਨਾਲੋਂ,
ਖੁੱਲ੍ਹੇ ਬੂਹੀਂ ਸਵਰਗਾਂ 'ਚ ਵੜਾਂਗਾ ਮੈਂ।
ਤੇ ਜੇ ਬਿਰਹੋਂ ਹੀ ਲਿਖਿਆ ਏ ਵਿੱਚ ਲੇਖਾਂ,
ਮੈਨੂੰ ਸਜਣ ਤੋਂ ਛਾਢਿਆਂ ਹੋੜ ਲਿਆ।
ਮੈਨੂੰ ਦੁੱਖੀ ਨੂੰ ਮੌਤ ਕਬੂਲਿਆ ਨਾ,
ਸਮੇਂ ਆਪ ਨੂੰ ਮੈਥੋਂ ਵਿਛੋੜ ਲਿਆ।
ਤਾਂ ਮੈਂ ਆਪ ਦੀ ਯਾਦ ਵਿੱਚ ਉਮਰ ਬਾਕੀ,
ਪਤੀ-ਬ੍ਰਤਾ ਦੇ ਵਾਂਗ ਬਿਤਾ ਦਿਆਂਗਾ।
ਕਰਜ਼ ਆਪ ਦੀਆਂ ਮਿਹਰਬਾਨੀਆਂ ਦਾ,
ਜਿੰਨਾ ਚੁਕੇਗਾ, ਸਿਰੋਂ ਚੁਕਾ ਦਿਆਂਗਾ।
ਜਿੱਥੇ ਮੁੜ੍ਹਕਾ ਹਜ਼ੂਰ ਦਾ ਡੁੱਲ੍ਹਿਆ ਏ,
ਲੋੜ ਪਈ, ਤਾਂ ਖ਼ੂਨ ਵਹਾ ਦਿਆਂਗਾ।
ਡਿਗਦੇ ਮਹਿਲ ਨੂੰ ਥੰਮੀਆਂ ਲਾਉਣ ਬਦਲੇ,
ਥਾਂ ਇੱਟਾਂ ਦੀ, ਸਿਰਾਂ ਤਕ ਲਾ ਦਿਆਂਗਾ।
'ਕੰਵਰ' ਅਤੇ 'ਸਰਕਾਰ' ਵਿਚ ਫ਼ਰਕ ਕੋਈ ਨਹੀਂ
'ਟਿੱਕਾ ਸਾਹਿਬ' ਨੂੰ ਨੈਣਾਂ ਦਾ ਤਾਰਾ ਸਮਝਾਂ।
ਜਿਸ ਨੂੰ ਉਂਗਲ ਹਜ਼ੂਰ ਦੀ ਤਿਲਕ ਦੇਵੇ,
ਜਿੰਦ ਜਾਨ ਦਾ ਉਹਨੂੰ ਸਹਾਰਾ ਸਮਝਾਂ।"

ਅੰਮ੍ਰਿਤਸਰ ਦੀ ਭੇਟਾ ਕਰਨ ਦੀ ਇਛਿਆ ਪ੍ਰਗਟ ਕੀਤੀ, ਪਰ ਰਾਜਾ ਧਿਆਨ ਸਿੰਘ ਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਰੋਕ* ਦਿੱਤਾ। ਫਿਰ ਬੀਮਾਰੀ ਦਾ ਦੌਰਾ ਪਿਆ ਤੇ ਮਹਾਰਾਜ ਬੇਸੁੱਧ ਹੋ ਗਏ। ਇਸ ਹਾਲਤ ਵਿੱਚ ਦਰਬਾਰ ਸਮਾਪਤ ਹੋਇਆ।

**ਸ਼ੇਰੇ ਪੰਜਾਬ ਸੁਰਗਵਾਸ**

ਮਹਾਰਾਜ ਦੀ ਹਾਲਤ ਦਿਨੋਂ ਦਿਨ ਖ਼ਰਾਬ ਹੁੰਦੀ ਗਈ†। ਬੀਮਾਰੀ ਪੈਰੋ ਪੈਰ ਵੱਧਦੀ ਗਈ। ਵੈਦਾਂ-ਹਕੀਮਾਂ ਨੇ ਬਥੇਰਾ ਚਾਰਾ ਲਾਇਆ, ਪਰ ਬੇਹੋਸ਼ੀ ਨਾ ਟੁੱਟੀ। ਕਈ ਮਹੀਨੇ ਏਸੇ ਹਾਲਤ ਵਿੱਚ ਰਹੇ, ਅੰਤ ਉਹ ਸਮਾਂ ਆ ਗਿਆ, ਜਿਸ ਨੇ ਕਿਸੇ ਤੋਂ ਵੀ ਨਹੀਂ ਟਲਨਾ। ਪੂਰਨਮਾਸ਼ੀ, ਵੀਰਵਾਰ, ੧੫ ਹਾੜ੍ਹ, ੧੮੯੬ ਬਿ., (੨੭ ਜੂਨ ੧੮੩੯ ਈ.) ਅਜੇ ਛੇ ਘੜੀਆਂ ਸੂਰਜ ਖਲਾ ਸੀ, ਜਾਂ‡ ੫੮ ਸਾਲ, ੭ ਮਹੀਨੇ, ੨੬ ਦਿਨ ਦੀ ਉਮਰ ਭੋਗ ਕੇ ਸ਼ੇਰੇ-ਪੰਜਾਬ ਸੁਰਗਵਾਸ ਹੋ ਗਏ।§

---

*ਰਾਜ ਖਾਲਸਾ, ਉਰਦੂ, ਹਿੱਸਾ ਪਹਿਲਾ, ਪੰਨਾ ੧੮੭।

†ਸ਼ੇਰੇ-ਪੰਜਾਬ ਛੇ ਮਹੀਨੇ ਅਧਰੰਗ ਤੇ ਲਕਵੇ ਨਾਲ ਬੀਮਾਰ ਰਹੇ ਸਨ। ਸ: ਹਰੀ ਸਿੰਘ 'ਨਲੂਆ' ਦੇ 'ਸ਼ਹੀਦ' ਹੋਣ ਪਿਛੋਂ ਸਾਰਾ ਕੰਮ ਸ਼ੇਰੇ-ਪੰਜਾਬ ਦੇ ਆਪਣੇ ਸਿਰ ਆ ਪਿਆ ਸੀ। ਸੋ ਬਹੁਤੀ ਮਿਹਨਤ ਦੇ ਕਾਰਨ ਹੀ ਮਹਾਰਾਜ ਬੀਮਾਰ ਹੋ ਗਏ ਸਨ। (M. Geregor) ਮੈਕਗ੍ਰੇਗਰ, ਪੰਨਾ ੩।

‡ਸ਼ੇਰੇ ਪੰਜਾਬ ਦਾ ਜਨਮ ੨ ਨਵੰਬਰ, ੧੭੮੦ ਈ. ਨੂੰ ਸਰਦਾਰ ਮਹਾਂ ਸਿੰਘ ਤੇ ਸਰਦਾਰਨੀ ਰਾਜ ਕੌਰ (ਸਪੁੱਤਰੀ ਰਾਜਾ ਗਜਪਤ ਸਿੰਘ ਵਾਲੀਏ ਜੀਂਦ) ਦੇ ਘਰ ਹੋਇਆ।

§ ਮੋਇਆ ਸ਼ੇਰ-ਪੰਜਾਬ ਦਾ ਜੱਗ ਪਿਆ ਕਹਾਰਾ
ਰੋਏ ਰਾਜੇ ਰਾਣੀਆਂ ਰੁੰਨਾ ਜੱਗ ਸਾਰਾ
ਰੁੰਨੀ ਧਰਤ ਪੰਜਾਬ ਦੀ ਕਹਿ 'ਹਾਏ ਸਰਦਾਰਾ'
ਸੁੰਞੇ ਮਹਿਲ ਅਟਾਰੀਆਂ ਛੱਡ ਗਿਆ ਵਣਜਾਰਾ
ਡੁੱਬਾ ਸੂਰਜ ਹਿੰਦ ਦਾ ਟੁੱਟਾ ਜਿੰਦ ਤਾਰਾ
ਪੱਛਮ ਚਾਨਣ ਹੋ ਗਿਆ, ਪੂਰਬ ਅੰਧਿਆਰਾ

ਸਿੱਖਾਂ ਦਾ ਸੂਰਜ ਸਿਖਰ ਦੁਪਹਿਰੇ ਛਿਪ ਗਿਆ। ਦੁਸ਼ਮਣਾਂ ਘਰੀਂ ਉਸ ਦਿਨ ਘਿਓ ਦੇ ਦੀਵੇ ਬਲੇ। ਜਦ ਪੰਜਾਬ ਦਾ ਬੱਚਾ ਬੱਚਾ ਰੋ ਰਿਹਾ ਸੀ, ਉਦੋਂ ਵਿਰੋਧੀ ਖ਼ੁਸ਼ੀਆਂ ਮਨੌਂ ਰਹੇ ਹੋਣਗੇ। ਇਹ ਜ਼ਮਾਨੇ ਦੀ ਚਾਲ ਹੀ ਹੈ :

ਹੰਸਤਾ ਹੈ ਗੁਲ ਚਮਨ ਮੇਂ ਤੋ ਨਾਲਾਂ ਹੈ *ਅੰਦਲੀਬ
ਦੋ ਦਿਲ ਖ਼ੁਸ਼ੀ ਕਾ ਦੇਖੇ ਕਭੀ ਇਸ ਜਹਾਂ ਕੇ ਬੀਚ

ਗੁਰਦੁਆਰਾ ਡੇਹਰਾ ਸਾਹਿਬ ਦੇ ਲਾਗੇ ਹੀ ਚੰਨਣ ਦੀ ਚਿਖਾ ਤਿਆਰ ਕੀਤੀ ਗਈ। ਕਿਲ੍ਹੇ ਵਿਚੋਂ ਸ਼ੇਰ ਦਾ ਅੰਤਮ ਜਲੂਸ ਨਿਕਲਿਆ। ਮਾਤਮ ਦਾ ਵਾਜਾ ਵੱਜਿਆ ਤੇ ਤੋਪਾਂ ਅਖ਼ੀਰੀ ਸਲਾਮੀ ਵਾਸਤੇ ਦਗੀਆਂ। ਮਰਦਿ-ਮੈਦਾਨ ਨੂੰ ਅੰਤਮ ਸੇਜਾ 'ਤੇ ਲਿਟਾ ਦਿੱਤਾ ਗਿਆ। ਜਦ ਮਹਾਰਾਜ ਤਖ਼ਤ 'ਤੇ ਬੈਠਿਆ ਕਰਦੇ ਸਨ, ਲੋਕ ਮੋਤੀਆਂ ਦੀ ਭੇਟਾ ਧਰਿਆ ਕਰਦੇ ਸਨ, ਜੇ ਅੱਜ ਚਿਖਾ ਚੜ੍ਹੇ, ਤਾਂ ਅੱਖੀਆਂ ਨੇ ਹੰਝੂਆਂ ਦੇ ਢੋਏ ਤਾਰੇ।

11 ਇਸਤਰੀਆਂ ਸਤੀ ਹੋਈਆਂ

ਚਾਰ ਰਾਣੀਆਂ ਤੇ ਸੱਤ ਗੋਲੀਆਂ ਨਾਲ ਸਤੀ† ਹੋਣ ਵਾਸਤੇ ਤਿਆਰ ਖਲੀਆਂ ਸਨ। ਰਾਣੀ ਪਹਾੜਨ ਨੇ ਧਿਆਨ ਸਿੰਘ ਨੂੰ ਬੁਲਾਇਆ ਤੇ ਸ਼ੇਰੇ ਪੰਜਾਬ ਦੇ ਪਵਿੱਤਰ ਜਿਸਮ 'ਗੀਤਾ' ਉੱਤੇ ਹੱਥ ਰੱਖ ਧਰੌਂ ਕੇ ਰਾਜ-ਭਗਤ ਰਹਿਣ ਦੀ ਕਸਮ ਕਰਾਈ। ਰਾਣੀਆਂ ਮਹਾਰਾਜ ਦੀ ਅਰਥੀ ਦੇ ਉਦਾਲੇ ਚਿਖਾ 'ਤੇ ਬੈਠ ਗਈਆਂ। ਮਹਾਰਾਜਾ ਖੜਕ ਸਿੰਘ ਨੇ ਆਪਣੇ ਹੱਥੀਂ ਪਿਤਾ ਦੇ ਸਰੀਰ ਨੂੰ ਲੰਬੂ ਲਾਇਆ। ਅੱਗ ਦੀ ਲਾਟ ਦੇ ਨਾਲ ਹੀ ਪੰਜਾਬ ਦੀ ਧਰਤੀ ਨੇ ਇਕ ਧਾਹ ਮਾਰੀ, ਜੋ ਲੱਖਾਂ ਦਿਲਾਂ ਨੂੰ ਚੀਰਦੀ ਹੋਈ ਨਿਕਲ ਗਈ।‡

---

*ਅੰਦਲੀਬ—ਬੁਲਬੁਲ।

†ਸਤੀ ਦੀ ਰਸਮ-ਹਿੰਦੂਆਂ ਵਿਚੋਂ ਵੇਖੋ ਵੇਖੀ ਸਿੱਖ ਦਰਬਾਰ ਵਿੱਚ ਆਈ ਹੈ, ਨਹੀਂ ਤਾਂ ਸਿੱਖ ਧਰਮ ਇਸ ਦੇ ਉਲਟ ਹੈ।

"ਸਤੀਆ ਏਹਿ ਨ ਆਖੀਅਨਿ ਜੋ ਮੜੀਆਂ ਲਗਿ ਜਲੰਨਿ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।"

(ਮ: ੩, ਵਾਰ ਸੂਹੀ)

‡ਮੋਇਆ ਰਣਜੀਤ ਸਿੰਘ ਪੈ ਗਿਆ ਹਨ੍ਹੇਰ ਸਾਰੇ,
ਲੁੱਟਿਆ ਸੁਹਾਗ ਤੇ ਪੰਜਾਬ ਧਾਹੀਂ ਮਾਰੀਆਂ।

(ਦੇਖੋ ਬਾਕੀ ਫੁਟਨੋਟ ਪੰਨਾ ੨੩ 'ਤੇ)

ਸੋਲ੍ਹਵੀਂ ਹਾੜ ਦਾ ਸੂਰਜ ਪੈਰੋ ਪੈਰ ਉਤਾਂਹ ਚੜ੍ਹਦਾ ਆ ਰਿਹਾ ਸੀ। ਉਹਦੇ ਨਾਲ ਨਾਲ ਅੱਗ ਦੇ ਲੰਬੂ ਵੀ ਅਕਾਸ਼ ਨਾਲ ਗੱਲਾਂ ਕਰਨ ਲੱਗੇ। ਮੱਚਦੀ ਅੱਗ ਵਿਚ ਇਕ ਕਬੂਤਰਾਂ ਦਾ ਜੋੜਾ ਆ ਪਿਆ ਤੇ ਨਾਲ ਹੀ ਆਪਣੀ ਆਹੂਤੀ ਪਾ ਗਿਆ।

ਧਿਆਨ ਸਿੰਘ ਸਤੀ ਹੋਣ ਵਾਸਤੇ ਦੌੜਦਾ ਤੇ ਗੁਲਾਬ ਸਿੰਘ ਰੋਕ ਲੈਂਦਾ

ਰਾਜਾ ਧਿਆਨ ਸਿੰਘ 'ਵਜ਼ੀਰ' ਚਿਖਾ ਵਿਚ ਛਾਲ ਮਾਰਨ ਵਾਸਤੇ ਦੌੜਦਾ ਤੇ ਉਹਦਾ ਵੱਡਾ ਭਰਾ ਰਾਜਾ ਗੁਲਾਬ ਸਿੰਘ ਉਹਨੂੰ ਫੜ ਲੈਂਦਾ। ਏਸੇ ਤਰ੍ਹਾਂ ਤਿੰਨ ਵਾਰ ਹੋਇਆ। ਧਿਆਨ ਸਿੰਘ ਕਹਿੰਦਾ ਸੀ, "ਮੈਂ ਇਹ ਵਿਛੋੜਾ ਨਹੀਂ ਸਹਾਰ ਸਕਦਾ। ਮੈਂ ਆਪਣੇ ਮਾਲਕ ਨਾਲ ਸਤੀ ਹੋ ਜਾਣਾ ਹੈ।"

ਗੁਲਾਬ ਸਿੰਘ ਉਸਨੂੰ ਫੜ ਕੇ ਕਹਿੰਦਾ, "ਧਿਆਨ ਸਿੰਘਾ ! ਜੇ ਤੂੰ ਸੜ ਮਰਿਓਂ, ਤਾਂ—ਤੇਰੇ ਬਿਨਾਂ—ਪੰਜਾਬ ਦਾ ਰਾਜ ਸੰਭਾਲਣਾ ਕਿਸੇ ਨਹੀਂ।" ਮਗਰ ਉਸਦਾ ਅਸਲੀ ਭਾਵ ਸੀ, "ਧਿਆਨ ਸਿੰਘਾ ! ਜੇ ਤੂੰ ਸੜ ਮਰਿਓਂ, ਤਾਂ—ਤੇਰੇ ਬਿਨਾਂ—ਪੰਜਾਬ ਦਾ ਰਾਜ ਬਰਬਾਦ ਕਿਸੇ ਨਹੀਂ ਕਰਨਾ।"

ਪੰਜਾਬ ਦਾ ਸੁਹਾਗ—ਸ਼ੇਰੇ ਪੰਜਾਬ ਦੇ ਨਾਲ ਹੀ—ਚਿਖਾ ਦੀ ਭੇਟ ਹੋ ਗਿਆ। ਪੰਜਾਂ ਦਰਿਆਵਾਂ ਦੀ ਧਰਤੀ ਥਰ ਥਰ ਕੰਬ ਉੱਠੀ ਤੇ ਅਸਮਾਨ ਨੇ ਆਪਣੀ ਚਾਲ ਬਦਲ ਲਈ। ਉਸ ਵੇਲੇ ਕੌਣ ਕੌਣ ਰੋਏ ਤੇ ਕਿੰਨ੍ਹਾਂ ਕਿੰਨ੍ਹਾਂ ਦੇ ਘਰੀਂ ਘਿਓ ਦੀਆਂ ਜੋਤਾਂ ਜਗੀਆਂ, ਕਿਹਾ ਨਹੀਂ ਜਾ ਸਕਦਾ।

---

(ਵੇਖੋ ਪੰਨਾ ੨੨ ਦਾ ਬਾਕੀ ਫੁਟਨੋਟ)

ਡੋਬੂ ਲੈਣ ਅੱਖੀਆਂ ਤੇ ਦਿਲੋਂ ਵਿਚ ਸੁੰਞ ਹੋ ਗਈ,
ਲੁਛ ਲੁਛ ਰੋਣ ਜਿੰਦਾਂ ਸੈਂਕੜੇ ਵਿਚਾਰੀਆਂ।
ਦਿਲਾਂ ਵਿਚ ਮੱਚ ਗਈ ਦੁਹਾਈ ਤੇ ਲੁਕਾਈ ਰੋਵੇ,
ਦਿਲਾਂ ਉਤੇ ਗ਼ਮਾਂ ਦੀਆਂ ਚੱਲ ਰਹੀਆਂ ਆਰੀਆਂ।
ਅੰਤ ਦਾ ਨਿਭਾਇਆ ਸਾਥ ਲੋਥ ਨਾਲ ਸਤੀ ਹੋ ਕੇ,
'ਸੀਤਲ' ਵਿਯੋਗ ਝੱਲ ਸੱਕੀਆਂ ਨਾ ਨਾਰੀਆਂ।

ਹੌਲੀ ਹੌਲੀ ਸਿਵਾ ਠੰਢਾ ਹੋ ਗਿਆ।...ਪੰਜਾਬ ਦਾ ਸ਼ੇਰ ਗਹਿਰੀ ਨੀਂਦੇ ਸੌਂ ਗਿਆ, ਜਿਸ ਨੇ ਅੱਜ ਤਕ ਪਾਸਾ ਨਹੀਂ ਪਰਤਿਆ*।

ਸ਼ੇਰੇ-ਪੰਜਾਬ ਨਹੀਂ ਰਿਹਾ, ਪਰ ਉਹਦਾ ਨਾਮ ਬਾਕੀ ਹੈ, ਜਾਂ ਉਸਦੀ ਯਾਦ, ਜੋ ਸਾਜ਼ ਦੀਆਂ ਤਰਬਾਂ ਵਾਂਗ ਦਿਲਾਂ ਅੰਦਰ ਸਦਾ ਦਮਕਦੀ ਰਹਿੰਦੀ ਹੈ।

---

*ਜਦੋਂ ਸ਼ੇਰੇ-ਪੰਜਾਬ ਜੀ ! ਯਾਦ ਆਵੇ,
ਤੇਰਾ ਲੰਮੀਆਂ ਤਾਣਕੇ ਸੌਂ ਜਾਣਾ।
ਮੌਤ ਹੀਰ ਜਟੇਟੀ ਦੇ ਪਲੰਘ ਉੱਤੇ,
ਸ਼ੇਖ਼ ਰਾਂਝਣਾਂ, ਜਾਣ ਕੇ ਸੌਂ ਜਾਣਾ।
ਜੀਵਨ ਪੰਧ 'ਤੋਂ ਥੱਕ ਕੇ ਨੇਕ ਰਾਹੀਆ,
ਮੰਜ਼ਲ ਅੰਤ 'ਤੇ ਆਣ ਕੇ ਸੌਂ ਜਾਣਾ।
ਤੇਰੇ ਦਿਲ ਦੀਆਂ ਭਲਾ ਜੀ, ਕੌਣ ਜਾਣੇ
ਖ਼ਬਰੇ ਕਿਹੜੀਆਂ ਠਾਣ ਕੇ, ਸੌਂ ਜਾਣਾ।
ਐਪਰ ਪਿਛਲਿਆਂ ਤੋਂ ਸਿੰਘਾ ! ਕੌਣ ਪੁੱਛੇ ?
ਕਿਵੇਂ ਉਹਨਾਂ ਦੀਆਂ ਛਾਤੀਆਂ ਚਿਰਦੀਆਂ ਨੇ।
ਤੇਰੇ ਸੋਗ ਦੇ ਕਾਲਿਆਂ ਬੱਦਲਾਂ 'ਚੋਂ,
ਲੱਖਾਂ ਦਿਲਾਂ 'ਤੇ ਬਿਜਲੀਆਂ ਗਿਰਦੀਆਂ ਨੇ।
ਆਪਣੀ ਤੇਗ਼ ਤੇ ਅਕਲ ਦੇ ਜ਼ੋਰ ਸਿੰਘਾ !
ਨਾਮਵਰੀ ਜਹਾਨ 'ਤੇ ਪਾ ਗਿਆ ਏਂ।
ਮਾਤ-ਭੂਮੀ ਦੀ ਰੇਤ ਦੇ ਜ਼ੱਰਰਿਆਂ ਨੂੰ,
ਸੂਰਜ ਸਿਖਰ ਦੇ ਵਾਂਗ ਚਮਕਾ ਗਿਆ ਏਂ।
ਨਿਊਂ ਨਿਊਂ ਚੁੰਮੇ ਨਸੀਬ ਨੇ ਚਰਨ ਤੇਰੇ,
ਉੱਚੇ ਕਰਮ ਦੇ ਬੇੜੇ ਝੁਲਾ ਗਿਆ ਏਂ।
'ਕਿਸਮਤ ਮਰਦ ਦੀ ਮਰਦ ਦੇ ਹੱਥ ਹੁੰਦੀ'
ਸਾਬਤ ਜੱਗ ਨੂੰ ਕਰ ਦਿਖਲਾ ਗਿਆ ਏਂ।
ਦੱਸ ਗਿਆ ਏਂ, 'ਅਟਕ' ਅਟਕਾ ਕੇ ਤੂੰ,
ਹਿੰਮਤ ਵਾਲਿਆਂ ਦੇ ਸਭ ਕੁਝ ਵੱਸ ਹੋਵੇ।
'ਸੀਤਲ' ਸਦਾ ਜਹਾਨ 'ਤੇ ਜੀਵੰਦਾ ਏ,
ਜੀਹਦਾ ਮਰ ਗਿਆਂ ਦੇ ਪਿਛੋਂ ਜੱਸ ਹੋਵੇ।

# ਮਹਾਰਾਜਾ ਖੜਕ ਸਿੰਘ

ਸੱਭ ਤੋਂ ਵੱਡੀ—ਸਮਝਣ ਵਾਲੀ—ਗੱਲ, ਰਾਜਾ ਧਿਆਨ ਸਿੰਘ ਦੇ ਮਨਸੂਬੇ ਹਨ। ਉਹ ਦੋਵੇਂ ਭਰੱਾ (ਗੁਲਾਬ ਸਿੰਘ ਤੇ ਧਿਆਨ ਸਿੰਘ) ਦੌਲਤ ਤੇ ਤਾਕਤ ਇਕੱਠੀ ਕਰਨ ਵਿਚ ਲੱਗੇ ਹੋਏ ਸਨ ਤੇ ਉਹਨਾਂ ਦੀ ਪਾਲਿਸੀ (ਚਾਲ) ਖ਼ੁਦ-ਮੁਖ਼ਤਿਆਰ ਹੋਣ ਦੀ ਸੀ*। ਆਪਸ ਵਿੱਚ ਦੋਹਾਂ ਨੇ ਸਿੱਖ ਰਾਜ ਦੀਆਂ ਵੰਡੀਆਂ ਪਾਈਆਂ ਹੋਈਆਂ ਸਨ। ਤਜਵੀਜ਼ ਇਹ ਸੀ, ਕਿ ਗੁਲਾਬ ਸਿੰਘ ਤਾਂ ਜੰਮੂ ਕਸ਼ਮੀਰ ਤੇ ਉੱਤਰ ਪੂਰਬੀ ਹਿੱਸੇ ਸੰਭਾਲ ਲਵੇ, ਤੇ ਧਿਆਨ ਸਿੰਘ ਲਾਹੌਰ ਦਾ ਬਾਦਸ਼ਾਹ ਬਣ ਕੇ ਬਾਕੀ ਪੰਜਾਬ ਉੱਤੇ ਰਾਜ ਕਰੇ†। ਪਰ ਏਸ ਕੰਮ ਦੇ ਸਿਰੇ ਚਾੜ੍ਹਨ ਵਾਸਤੇ ਜ਼ਰੂਰੀ ਸੀ, ਕਿ ਸ਼ੇਰੇ-ਪੰਜਾਬ ਦੇ ਘਰਾਣੇ ਦੇ ਚੰਗੇ ਚੰਗੇ ਬੰਦਿਆਂ ਨੂੰ ਖ਼ਤਮ ਕੀਤਾ ਜਾਵੇ। ਏਸ ਉਸਾਰੀ ਵਾਸਤੇ ਧਿਆਨ ਸਿੰਘ ਨੇ ਬੜੀਆਂ ਡੂੰਘੀਆਂ ਨੀਹਾਂ ਰੱਖੀਆਂ ਸਨ। ਉਹ ਟਿੱਕਾ ਖੜਕ ਸਿੰਘ ਨੂੰ 'ਸਰਕਾਰ' ਦੀਆਂ ਨਜ਼ਰਾਂ ਵਿਚੋਂ ਗਿਰਾਉਣ ਦੇ ਉਪਰਾਲੇ ਸਦਾ ਕਰਦਾ ਰਹਿੰਦਾ। ਉਹਨੂੰ ਕਿਸੇ ਨਾ ਕਿਸੇ ਬਹਾਨੇ ਲਾਹੌਰ ਤੋਂ ਦੂਰ ਹੀ ਰੱਖਦਾ। ਜਿਹੜੀ ਮੁਹਿੰਮ 'ਤੇ ਉਹਨੂੰ ਭੇਜਦਾ—ਮਗਰੋਂ ਫ਼ੌਜ, ਰਸਦ ਤੇ ਜੰਗੀ ਸਾਮਾਨ ਨਾ ਭੇਜ ਕੇ—ਉਹ ਸਿਰੇ ਨਾ ਚੜ੍ਹਨ ਦੇਂਦਾ। 'ਸਰਕਾਰ' ਨੂੰ ਕਹਿ ਛੱਡਦਾ, ਕਿ ਇਹ ਸ਼ਹਿਜ਼ਾਦਾ ਗੱਦੀ ਦੇ ਲਾਇਕ ਨਹੀਂ। ਵਜ਼ੀਰ ਦੀ ਤਾਕਤ ਏਨੀ ਵੱਧ ਗਈ ਸੀ, ਕਿ ਸ਼ਹਿਜ਼ਾਦੇ (ਖ਼ਾਸ ਕਰ ਖੜਕ ਸਿੰਘ ਤੇ ਸ਼ੇਰ ਸਿੰਘ) ਕਈ ਕਈ ਘੜੀਆਂ ਬੂਹੇ ਅੱਗੇ, ਬਾਹਰ ਖਲੇ ਰਹਿੰਦੇ, ਪਰ ਉਹ

*ਡੋਗਰਿਆਂ ਦੀਆਂ ਤਜਵੀਜ਼ਾਂ*

*ਖੜਕ ਸਿੰਘ ਨੂੰ ਬਦਨਾਮ ਕਰਨ ਦੇ ਢੰਗ*

---

*Gordon ਗਾਰਡਨ, ਪੰਨਾ ੧੨੧।

†Sikh Wars ਸਿੱਖ ਯੁੱਧ, ਪੰਨਾ ੫੦।

ਉਹਨੂੰ ਨੂੰ ਮਹਾਰਾਜਾ ਦੀ ਹਜ਼ੂਰੀ ਤੱਕ ਨਾ ਪਹੁੰਚਣ ਦੇਂਦਾ*। ਇਸਦੇ ਉਲਟ ਉਹ ਆਪਣੇ ਪੁੱਤਰ ਹੀਰਾ ਸਿੰਘ ਨੂੰ ਹਰ ਵੇਲੇ ਮਹਾਰਾਜਾ ਸਾਹਿਬ ਕੋਲ ਰੱਖਦਾ। ਸ਼ੇਰੇ-ਪੰਜਾਬ ਵੀ ਡੋਗਰਿਆਂ 'ਤੇ ਏਨੇ ਵਿਕੇ ਹੋਏ ਸਨ, ਕਿ ਹੀਰਾ ਸਿੰਘ ਨੂੰ 'ਬਚੜੀ' ਕਹਿ ਕੇ ਗੋਦ ਵਿਚੋਂ ਬਾਹਰ ਨਾ ਕੱਢਦੇ, ਉਹਦੇ ਬਿਨਾਂ ਪਾਲਕੀ ਵਿਚ ਨਾ ਬਹਿੰਦੇ, ਰੋਜ਼ ਪੰਜ ਸੌ ਦੀ ਥੈਲੀ ਉਹਦੇ ਸਰ੍ਹਾਣੇ ਖ਼ੈਰਾਤ (ਪੁੰਨ-ਦਾਨ) ਵਾਸਤੇ ਰੱਖਦੇ। ਡੋਗਰੇ ਉਹ ਰੁਪੈ-ਕੁਛ ਗ਼ਰੀਬਾਂ ਨੂੰ ਦੇ ਕੇ—ਬਾਕੀ ਆਪ ਹਜ਼ਮ ਕਰ ਜਾਂਦੇ ਸਨ।

ਹੀਰਾ ਸਿੰਘ

ਖੜਕ ਸਿੰਘ ਦੀ ਥਾਂ ਨੌਨਿਹਾਲ ਸਿੰਘ ਨੂੰ ਤਖ਼ਤ ਮਿਲੇ

ਰਾਜਾ ਧਿਆਨ ਸਿੰਘ ਦੀ ਪਹਿਲੀ ਚਾਲ ਇਹ ਸੀ, ਕਿ ਖੜਕ ਸਿੰਘ ਦੀ ਥਾਂ ਕੰਵਰ ਨੌਨਿਹਾਲ ਸਿੰਘ ਨੂੰ ਤਖ਼ਤ 'ਤੇ ਬਿਠਾਇਆ ਜਾਵੇ। ਇਸ ਦਾ ਸਿੱਟਾ ਇਹ ਨਿਕਲਗਾ, ਕਿ ਦੋਵੇਂ ਪਿਓ ਪੁੱਤਰ ਆਪਸ ਵਿੱਚ ਲੜ ਪੈਣਗੇ। ਮੁਗ਼ਲਾਂ ਵਾਲੀ ਖ਼ਾਨਾ-ਜੰਗੀ ਸਿੱਖ ਘਰਾਣੇ ਵਿੱਚ ਆ ਜਾਵੇਗੀ, ਆਪਸ ਵਿਚ ਕੱਟ ਮਰਨਗੇ ਤੇ ਡੋਗਰਿਆਂ ਵਾਸਤੇ ਰਾਹ ਸਾਫ਼ ਹੋ ਜਾਵੇਗਾ। ਉਹਨੇ ਅੰਦਰੇ ਅੰਦਰ ਖੜਕ ਸਿੰਘ, ਨੌਨਿਹਾਲ ਸਿੰਘ ਤੇ ਸ਼ੇਰ ਸਿੰਘ ਨੂੰ ਆਪਸ ਵਿਚ ਪਾੜਿਆ ਹੋਇਆ ਸੀ, ਤੇ ਮਗਰਲਿਆਂ ਦੋਹਾਂ ਨਾਲ—ਤਖ਼ਤ 'ਤੇ ਬਿਠਾਉਣ ਦਾ—ਇਕਰਾਰ ਕੀਤਾ ਹੋਇਆ ਸੀ। ਕੰਵਰ ਨੂੰ ਤਖ਼ਤ ਦੇਣ ਬਦਲੇ ਉਸਨੇ ਸਾਰਾ ਜ਼ੋਰ ਲਾਇਆ, ਪਰ ਸ਼ੇਰੇ-ਪੰਜਾਬ ਦੇ ਸਾਮ੍ਹਣੇ ਪੇਸ਼ ਕੋਈ ਨਾ ਗਈ।

ਖੜਕ ਸਿੰਘ ਮਹਾਰਾਜਾ ਬਣਿਆ

ਮਹਾਰਾਜਾ ਨੇ—ਵੱਡੇ ਪੁੱਤਰ—†ਖੜਕ ਸਿੰਘ ਨੂੰ ਆਪਣੇ ਹੱਥੀਂ ਰਾਜ ਤਿਲਕ ਦੇ ਕੇ ਪੰਜਾਬ ਦਾ 'ਮਹਾਰਾਜਾ' ਪਰਗਟ ਕੀਤਾ, ਤੇ ਰਾਜਾ ਧਿਆਨ ਸਿੰਘ ਨੂੰ ਉਸਦਾ ਵਜ਼ੀਰ ਥਾਪਿਆ।

---

*Smyth ਸਮਿੱਥ, ਪੰਨਾ ੨੪।

†ਖੜਕ ਸਿੰਘ ਦਾ ਜਨਮ ਫੱਗਣ ਸੁਦੀ ਸੱਤਮੀ, ੧੮੫੯ ਬਿ: (੧੮੦੨ ਈ:) ਨੂੰ ਰਾਣੀ ਦਾਤਾਰ ਕੌਰ ਦੀ ਕੁਖੋਂ ਹੋਇਆ।

ਸ਼ੇਰ ਸਿੰਘ ਨੇ ਬਗ਼ਾਵਤ ਕੀਤੀ ਪਰ ਸੁਲ੍ਹਾ ਹੋ ਗਈ

ਖੜਕ ਸਿੰਘ ਦੇ ਤਖ਼ਤ 'ਤੇ ਬੈਠਣ ਸਮੇਂ ਸ਼ੇਰ ਸਿੰਘ ਨੇ (ਡੋਗਰਿਆਂ ਦੇ ਉਭਾਰਨ 'ਤੇ) ਤਖ਼ਤ ਵਾਸਤੇ ਬਗ਼ਾਵਤ ਕੀਤੀ, ਪਰ ਕੁਝ ਸਿਰਕਰਦਾ ਸਰਦਾਰਾਂ ਨੇ ਵਿਚ ਪੈ ਕੇ, ਦੋਹਾਂ ਭਰਾਵਾਂ ਵਿਚ ਸੁਲ੍ਹਾ ਕਰਾ ਦਿੱਤੀ। ਖੜਕ ਸਿੰਘ ਨੇ ਸ਼ੇਰ ਸਿੰਘ ਦੀ *ਜਾਗੀਰ ਵਿਚ ਇਕ ਲੱਖ ਸਾਲ ਦਾ ਵਾਧਾ ਕਰ ਦਿੱਤਾ, ਤੇ ਮਗ਼ਰਲੇ ਨੇ ਪਹਿਲੇ ਨੂੰ ਪੰਜਾਬ ਦਾ 'ਮਹਾਰਾਜਾ' ਮੰਨ ਲਿਆ। ਧਿਆਨ ਸਿੰਘ ਨੇ ਵੀ ਵੇਲਾ ਵੇਖ ਕੇ ਸ਼ੇਰ ਸਿੰਘ ਨੂੰ—ਅਜੇ ਚੁੱਪ ਰਹਿਣ ਵਾਸਤੇ—ਕਿਹਾ ਤੇ ਇਕਰਾਰ ਕੀਤਾ, ਕਿ ਛੇਤੀ ਹੀ ਉਸਨੂੰ ਰਾਜ-ਗੱਦੀ ਦੁਆ ਦੇਵੇਗਾ। ਸੋ ਸ਼ੇਰ ਸਿੰਘ ਵੀ ਹੋਰ ਕੋਈ ਚਾਰਾ ਨਾ ਵੇਖ ਕੇ ਬਟਾਲੇ ਚਲਾ ਗਿਆ।

ਖੜਕ ਸਿੰਘ ਤੇ ਡੋਗਰਿਆਂ ਵਿਚ ਵਿਰੋਧਤਾ

ਛੇਤੀ ਹੀ ਪਿੱਛੋਂ ਖੜਕ ਸਿੰਘ ਤੇ ਡੋਗਰਿਆਂ ਵਿਚ ਅਣਬਣ ਹੋ ਗਈ। ਮਹਾਰਾਜਾ ਦੇ ਹੁਕਮ ਵਿਰੁੱਧ ਧਿਆਨ ਸਿੰਘ ਮਨ-ਮਰਜ਼ੀ ਕਰਨ ਲੱਗ ਪਿਆ। ਓਧਰ ਖੜਕ ਸਿੰਘ ਨੂੰ ਵੀ ਡੋਗਰਿਆਂ ਦੀ ਤਾਕਤ ਘਟਾਉਣ ਦੀ ਸੁੱਝੀ। ਉਹਨੇ ਹੁਕਮ ਦਿੱਤਾ, ਕਿ ਹੁਣ †ਰਾਜਾ ਧਿਆਨ ਸਿੰਘ ਤੇ ਹੀਰਾ ਸਿੰਘ ਜ਼ਨਾਨਖ਼ਾਨੇ ਵਿਚਾਂ ਨਾ ਜਾਇਆ ਕਰਨ। ਏਸ ਗੱਲ ਤੋਂ ਧਿਆਨ ਸਿੰਘ ਗੁੱਸੇ ਹੋ ਪਿਆ ਤੇ ਕਹਿਣ ਲੱਗਾ, ਇਸ ਅਧਿਕਾਰ ਬਿਨਾਂ ਮੈਂ ਵਜ਼ਾਰਤ ਦਾ ਕੰਮ ਚੰਗੀ ਤਰ੍ਹਾਂ ਨਹੀਂ ਕਰ ਸਕਾਂਗਾ। ਹੁਣ ਦੁਸ਼ਮਣੀ ਖੁੱਲ੍ਹ-ਮ-ਖੁੱਲ੍ਹੀ ਵਧ ਗਈ। ਮਹਾਰਾਜਾ ਖੜਕ ਸਿੰਘ ਨੇ ‡ਸ. ਚੇਤ ਸਿੰਘ ਨੂੰ ਸਲਾਹਕਾਰ ਬਣਾ ਲਿਆ।

ਧਿਆਨ ਸਿੰਘ ਨੇ ਖ਼ਾਲਸਾ ਫ਼ੌਜਾਂ ਵਿਚ ਕਹਿਣਾ ਸ਼ੁਰੂ ਕਰ ਦਿੱਤਾ, ਕਿ

---

*ਮੈਕਗ੍ਰੇਗਰ, ਪੰਨਾ ੪।

†ਇਸ ਤੋਂ ਪਹਿਲਾਂ ਧਿਆਨ ਸਿੰਘ ਤੇ ਹੀਰਾ ਸਿੰਘ ਨੂੰ ਸ਼ਾਹੀ ਜ਼ਨਾਨਖ਼ਾਨੇ ਵਿੱਚ ਜਾਣ ਦੀ ਖੁੱਲ੍ਹ ਸੀ। (ਸਮਿਥ, ਪੰਨਾ ੨੯)।

‡ਸ: ਚੇਤ ਸਿੰਘ ਖੜਕ ਸਿੰਘ ਦਾ ਸਾਲਾ ਸੀ। (ਪ੍ਰੋ: ਰਾਮ ਸਿੰਘ)।

**ਝੂਠੀ ਤੁਹਮਤ**

'ਸ: ਚੇਤ ਸਿੰਘ ਅੰਗਰੇਜ਼ਾਂ ਦਾ ਮਿੱਤਰ ਹੈ, ਤੇ ਉਹਦੀ ਸਲਾਹ ਨਾਲ ਖੜਕ ਸਿੰਘ ਪੰਜਾਬ ਅੰਗਰੇਜ਼ਾਂ ਦੇ ਹਵਾਲੇ ਕਰਨ ਵਾਸਤੇ ਤਿਆਰ ਹੋ ਗਿਆ ਹੈ। ਉਹਨੇ ਰੁਪੈ ਪਿੱਛੇ ਛੇ ਆਨੇ ਦੇਣੇ ਮੰਨ ਲਏ ਹਨ। ਹੁਣ ਛੇਤੀ ਹੀ ਸਰਕਾਰ ਅੰਗਰੇਜ਼ੀ ਪੰਜਾਬ 'ਤੇ ਕਬਜ਼ਾ ਕਰ ਲਏਗੀ। ਸਿੱਖ ਫੌਜ ਹਟਾ ਕੇ ਉਸਦੀ ਥਾਂ ਗੋਰਾ ਫ਼ੌਜ ਰੱਖੀ ਜਾਵੇਗੀ।' ਇਹ ਜਾਦੂ ਸਿੱਖ ਫ਼ੌਜਾਂ ਉੱਤੇ ਚੱਲ ਗਿਆ ਤੇ ਉਹ ਮਹਾਰਾਜਾ ਖੜਕ ਸਿੰਘ ਦੇ ਖ਼ਿਲਾਫ਼ ਹੋ ਗਈਆਂ। ਅੰਤ ਧਿਆਨ ਸਿੰਘ ਨੇ ਇਹ ਤਜਵੀਜ਼ ਫ਼ੌਜ ਦੇ ਪੰਚਾਂ ਅੱਗੇ ਰੱਖੀ, 'ਸ਼ੇਰੇ ਪੰਜਾਬ ਦੀ ਸ਼ਾਨ ਤੇ ਸਿੱਖਾਂ ਦੇ ਰਾਜ ਨੂੰ ਕਾਇਮ ਰੱਖਣ ਦਾ ਇਕੋ ਹੀ ਢੰਗ ਹੈ, ਕਿ ਖੜਕ ਸਿੰਘ ਦੀ ਥਾਂ ਕੰਵਰ ਨੌਨਿਹਾਲ ਸਿੰਘ ਨੂੰ ਤਖ਼ਤ 'ਤੇ ਬਿਠਾਇਆ ਜਾਵੇ।' ਸਿੱਖ ਫ਼ੌਜਾਂ ਏਸ ਸਲਾਹ ਵਿਚ ਧਿਆਨ ਸਿੰਘ ਦੀਆਂ ਹਾਮੀ ਹੋ ਗਈਆਂ। ਕੰਵਰ ਨੌਨਿਹਾਲ

**ਨੌ ਨਿਹਾਲ ਸਿੰਘ ਪਿਸ਼ਾਵਰ ਤੋਂ ਲਾਹੌਰ**

ਸਿੰਘ ਪਿਸ਼ਾਵਰ ਦਾ ਗਵਰਨਰ ਸੀ ਤੇ ਉਸ ਵੇਲੇ ਓਥੇ ਹੀ ਸੀ। ਧਿਆਨ ਸਿੰਘ ਦਾ ਭੇਜਿਆ ਹੋਇਆ ਗੁਲਾਬ ਸਿੰਘ ਪਿਸ਼ਾਵਰ ਗਿਆ ਤੇ ਕੰਵਰ ਨੂੰ ਸਿਖਾ ਪੜ੍ਹਾ ਕੇ ਲਾਹੌਰ ਲੈ ਆਇਆ। ਏਥੇ ਸ਼ਾਹੀ ਮਹਿਲਾਂ ਵਿਚ ਇਕ ਗੁਪਤ ਸਭਾ ਹੋਈ,

**ਗੁਪਤ ਸਭਾ**

ਜਿਸ ਵਿਚ ਤਿੰਨੇ ਭਰਾ ਡੋਗਰੇ, ਕੰਵਰ ਨੌਨਿਹਾਲ ਸਿੰਘ, (ਕੰਵਰ ਦੀ ਮਾਤਾ) ਚੰਦ ਕੌਰ, ਚਾਰੇ ਸਰਦਾਰ (ਅਤਰ ਸਿੰਘ, ਲਹਿਣਾ ਸਿੰਘ, ਕਿਹਰ ਸਿੰਘ ਤੇ ਅਜੀਤ ਸਿੰਘ) ਸੰਧਾਂਵਾਲੀਏ, ਰਾਜਾ ਹੀਰਾ ਸਿੰਘ, ਕੇਸਰੀ ਸਿੰਘ, ਲਾਲ ਸਿੰਘ ਤੇ ਗਾਰਡਨਰ ਸ਼ਾਮਲ ਹੋਏ।

**ਝੂਠੇ ਖ਼ਤ**

ਹੁਣ ਧਿਆਨ ਸਿੰਘ ਨੇ ਸ: ਚੇਤ ਸਿੰਘ ਤੇ ਮਹਾਰਾਜਾ ਖੜਕ ਸਿੰਘ ਦੇ ਵਿਰੁੱਧ ਜ਼ਬਾਨੀ ਹੀ ਨਹੀਂ ਕਿਹਾ, ਸਗੋਂ ਸਬੂਤ ਵਜੋਂ ਦੋ ਖ਼ਤ[1] ਵੀ ਪੇਸ਼ ਕੀਤੇ, ਜਿਨ੍ਹਾਂ ਵਿਚੋਂ ਇਕ ਮਹਾਰਾਜਾ ਖੜਕ ਸਿੰਘ ਦੇ ਨਾਮ ਹੇਠਾਂ ਤੇ ਦੂਜਾ ਸ: ਚੇਤ ਸਿੰਘ ਦੇ ਨਾਮ ਹੇਠਾਂ ਅੰਗਰੇਜ਼ਾਂ ਨੂੰ

---

[1]ਇਹ ਦੋਵੇਂ ਖ਼ਤ ਧਿਆਨ ਸਿੰਘ ਨੇ ਜਾਹਲੀ (ਝੂਠੇ, ਫ਼ਰਜ਼ੀ) ਬਣਾਏ ਹੋਏ ਸਨ ਤੇ ਦੋਹਾਂ ਉੱਤੇ ਖੜਕ ਸਿੰਘ ਤੇ ਚੇਤ ਸਿੰਘ ਦੀਆਂ ਮੋਹਰਾਂ ਵੀ ਚੋਰੀ ਲਾਈਆਂ ਹੋਈਆਂ ਸਨ। (ਸਮਿੱਥ, ਪੰਨਾ ੨੯)।

ਲਿਖਿਆ ਹੋਇਆ ਸੀ। ਇਹਨਾਂ ਵਿਚ ਦਰਜ ਸੀ, "ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਜਾਏ, ਰਾਜ ਤੇ ਕਾਨੂੰਨ ਅੰਗਰੇਜ਼ੀ ਹੋਣ, ਸਿੱਖ ਫ਼ੌਜਾਂ ਤੇ ਸਰਦਾਰਾਂ ਦੀ ਥਾਂ ਅੰਗਰੇਜ਼ੀ ਫੌਜਾਂ ਤੇ ਅਫ਼ਸਰ ਹੋਣ, ਖੜਕ ਸਿੰਘ ਨਾਮ ਮਾਤਰ ਬਾਦਸ਼ਾਹ ਰਹੇ, ਰੁਪੈ ਪਿੱਛੇ ਛੇ ਆਨੇ ਅੰਗਰੇਜ਼ ਆਪਣੇ ਖ਼ਰਚਾਂ ਵਾਸਤੇ ਰੱਖ ਲੈਣ ਤੇ ਦਸ ਆਨੇ ਖੜਕ ਸਿੰਘ ਨੂੰ ਪੈਨਸ਼ਨ ਵਜੋਂ ਦਿੱਤੇ ਜਾਣ।" ਇਹ ਖ਼ਤ ਵੇਖ ਕੇ ਸਾਰੇ ਭੜਕ ਉਠੇ, ਏਥੋਂ ਤੱਕ, ਕਿ ਚੰਦ ਕੌਰ ਤੇ ਨੌਨਿਹਾਲ ਸਿੰਘ ਵੀ ਖੜਕ ਸਿੰਘ ਦੇ ਵਿਰੁੱਧ ਹੋ ਗਏ। ਧਿਆਨ ਸਿੰਘ ਨੇ ਉਪਰੋਂ ਕਿਹਾ, "ਖ਼ਾਲਸੇ ਦੀ ਇੱਜ਼ਤ ਤੇ ਪੰਜਾਬ ਦੀ ਆਜ਼ਾਦੀ ਏਸੇ ਢੰਗ ਨਾਲ ਬਚ ਸਕਦੀ ਹੈ, ਕਿ ਸੁਚੇਤ ਸਿੰਘ (ਜਿਸਦੀ ਸਲਾਹ ਨਾਲ ਇਹ ਸਭ ਕੁਝ ਹੋਣ ਲੱਗਾ ਹੈ) ਨੂੰ ਦੇਸ ਦੀ ਸੁਤੰਤਰਤਾ ਤੋਂ ਕੁਰਬਾਨ ਕਰ ਦਿੱਤਾ ਜਾਵੇ, ਤੇ ਮਹਾਰਾਜਾ ਖੜਕ ਸਿੰਘ ਨੂੰ ਤਖ਼ਤ ਤੋਂ ਉਤਾਰ ਕੇ ਉਸਦੀ ਥਾਂ ਕੰਵਰ ਨੌਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾਇਆ ਜਾਵੇ।"

ਸੰਧਾਂਵਾਲੀਆਂ ਨੇ ਏਸ ਗੱਲ ਦੀ ਵਿਰੋਧਤਾ ਕੀਤੀ। ਧਿਆਨ ਸਿੰਘ ਨੇ ਕਿਹਾ, "ਜੇ ਮੇਰੇ ਦਿਲ ਵਿੱਚ ਕੋਈ ਬੇਈਮਾਨੀ ਹੋਵੇ, ਤਾਂ ਮੈਂ ਕੰਵਰ ਨੂੰ ਰਾਜ ਦੇਣ ਦੇ ਹੱਕ ਵਿੱਚ ਕਿਉਂ ਹੋਵਾਂ ?" ਏਨੀ ਸੁਣ ਕੇ ਉਹ ਵੀ ਕਾਬੂ ਵਿਚ ਆ ਗਏ। ਡੋਗਰਿਆਂ ਦਾ ਮੋਹਣੀ-ਮੰਤਰ ਸਭਨਾਂ ਉੱਤੇ ਚੱਲ ਗਿਆ। ਅੰਤ ਫ਼ੈਸਲਾ ਹੋਇਆ—ਸ: ਚੇਤ ਸਿੰਘ ਨੂੰ ਕਤਲ ਕਰ ਦਿੱਤਾ ਜਾਵੇ, ਖੜਕ ਸਿੰਘ ਨੂੰ ਤਖ਼ਤੋਂ ਲਾਹ ਕੇ ਨਜ਼ਰਬੰਦ ਕਰ ਲਿਆ ਜਾਵੇ, ਕੰਵਰ ਨੌਨਿਹਾਲ ਸਿੰਘ ਤਖ਼ਤ 'ਤੇ ਬੈਠੇ ਤੇ ਧਿਆਨ ਸਿੰਘ ਉਸਦਾ ਵਜ਼ੀਰ ਬਣੇ।

**ਖੜਕ ਸਿੰਘ ਕੈਦ, ਚੇਤ ਸਿੰਘ ਕਤਲ, ਨੌਨਿਹਾਲ ਸਿੰਘ ਤਖ਼ਤ 'ਤੇ ਬੈਠਾ**

ਦੂਜੇ ਪਾਸੇ ਸ: ਚੇਤ ਸਿੰਘ ਤੇ ਮਹਾਰਾਜਾ ਖੜਕ ਸਿੰਘ ਵੀ ਸੋਚ ਰਹੇ ਸਨ, ਕਿ ਸਿੱਖ ਰਾਜ ਨੂੰ ਸਲਾਮਤ ਰੱਖਣ ਵਾਸਤੇ, ‡ਡੋਗਰਾ ਜੁੰਡੀ ਨੂੰ ਇਕਦਮ ਖ਼ਤਮ ਕਰ ਦੇਣਾ ਚਾਹੀਦਾ ਹੈ। ਇਕ ਦਿਨ ਸ: ਚੇਤ ਸਿੰਘ ਨੇ ਕਾਹਲੇ ਪੈ ਕੇ ਦਰਬਾਰ ਵਿੱਚ ਕਹਿ ਦਿੱਤਾ, "ਧਿਆਨ ਸਿੰਘਾ ! ਵੇਖੀਂ, ਅੱਠ

‡ਕਰਮ ਸਿੰਘ ਹਿਸਟੋਰੀਅਨ।

ਦਿਨਾਂ ਦੇ ਅੰਦਰ ਅੰਦਰ ਕੀ ਹੁੰਦਾ ਹੈ।"* ਓਸੇ ਦਿਨ (ਮੰਗਲਵਾਰ ੮ ਅਕਤੂਬਰ, ੧੮੩੯ ਈ.) ਚੇਤ ਸਿੰਘ ਨੂੰ ਬਿਲੇ ਲਾਉਣ ਵਿੱਚ ਧਿਆਨ ਸਿੰਘ ਕਾਮਯਾਬ ਹੋ ਗਿਆ। ਤੇਰਾ-ਚੌਦਾਂ ਆਦਮੀਆਂ (†ਤਿੰਨੇ ਭਰੱਾ ਡੋਗਰੇ, ਕੰਵਰ ਨੌਨਿਹਾਲ ਸਿੰਘ, ਚਾਰੇ ਸਰਦਾਰ ਸੰਧਾਂਵਾਲੀਏ, ਗਾਰਡਨਰ, ਰਾਜਾ ਹੀਰਾ ਸਿੰਘ, ਰਾਓ ਕੇਸਰੀ ਸਿੰਘ, ਲਾਲ ਸਿੰਘ ਆਦਿ) ਦਾ ਜੱਥਾ ਅੱਧੀ ਰਾਤ ਵੇਲੇ ਸ਼ਾਹੀ ਮਹਿਲਾਂ ਨੂੰ ਤੁਰਿਆ। ਬਾਹਰਲੀ ਡਿਉਢੀ ਅੱਗੇ ਦੋ ਪੂਰਬੀਏ (ਛੱਤੇ ਭਈਏ) ਪਹਿਰੇਦਾਰ ਖਲੇ ਸਨ। ਉਹਨਾਂ ਪੁੱਛਿਆ ਤੁਸੀਂ ਐਸ ਵੇਲੇ ਕਿੱਥੇ ਜਾ ਰਹੇ ਹੋ ? ਇਸਦਾ ਉਤਰ ਤਲਵਾਰ ਵਿੱਚ ਦਿੱਤਾ ਗਿਆ, ਭਾਵ ਦੋਹਾਂ ਨੂੰ ਕਤਲ ਕਰ ਦਿੱਤਾ। ਉਹ ਅੱਗੇ ਵਧੇ, ਤਾਂ ਮਹਾਰਾਜੇ ਦਾ ਗੜਵਈ ਜਾ ਰਿਹਾ ਸੀ। ਉਹ ਇਸ ਜੱਥੇ ਨੂੰ ਵੇਖ ਕੇ ਭੱਜਿਆ, ਤਾਂ ਜੋ ਆਪਣੇ ਮਾਲਕ ਨੂੰ ਖ਼ਬਰ ਦੇਵੇ, ਪਰ ਪਹੁੰਚਣ ਤੋਂ ਪਹਿਲਾਂ ਹੀ ਧਿਆਨ ਸਿੰਘ ਦੀ ‡ਗੋਲੀ ਦਾ ਨਸ਼ਾਨਾ ਬਣ ਗਿਆ। ਬੰਦੂਕ ਦੀ ਆਵਾਜ਼ ਸੁਣ ਕੇ ਚੇਤ ਸਿੰਘ (ਜੋ ਮ: ਖੜਕ ਸਿੰਘ ਦੇ ਲਾਗੇ ਸੁੱਤਾ ਪਿਆ ਸੀ) ਭੋਹਰੇ ਵਿੱਚ ਜਾ ਲੁਕਿਆ। ਖੜਾਕ ਸੁਣ ਕੇ ਮਹਾਰਾਣੀ ਚੰਦ ਕੌਰ ਵੀ ਮਹਾਰਾਜੇ ਦੇ ਕੋਲ ਪਹੁੰਚ ਗਈ। ਜਾਂਦਿਆਂ ਹੀ ਡੋਗਰਿਆਂ ਨੇ ਖੜਕ ਸਿੰਘ ਨੂੰ ਕੈਦ ਕਰ ਲਿਆ। ਸ: ਚੇਤ ਸਿੰਘ ਨੂੰ ਖ਼ਾਬਗਾਹ (ਭੋਹਰਾ) ਵਿਚੋਂ ਲੱਭ ਕੇ ਮਹਾਰਾਜੇ ਦੇ ਸਾਮ੍ਹਣੇ ਲਿਆਂਦਾ ਗਿਆ। ਧਿਆਨ ਸਿੰਘ ਨੇ ਕਿਹਾ, "ਸ. ਚੇਤ ਸਿੰਘ ਜੀ! ਆਪ ਜੀ ਦੇ ਕਹੇ ਹੋਏ ਅੱਠ ਦਿਨ ਤਾਂ ਅੱਜੇ ਪੂਰੇ ਨਹੀਂ ਹੋਏ, ਪਰ ਮੈਂ ਸੇਵਾ ਵਿੱਚ ਹਾਜ਼ਰ ਹੋ ਗਿਆ।" ਚੇਤ ਸਿੰਘ ਨੇ ਬਥੇਰੇ ਵਾਸਤੇ ਪਾਏ, ਮਹਾਰਾਜੇ ਨੇ ਵੀ ਉਸਦੀ ਜਾਨ-ਬਖਸ਼ੀ ਵਾਸਤੇ ਬੜਾ ਕਿਹਾ, ਪਰ ਕਿਸੇ ਮੰਨੀ ਨਾ। ਚੇਤ ਸਿੰਘ ਨੂੰ ਖੜਕ ਸਿੰਘ ਦੇ ਸਾਮ੍ਹਣੇ ਕਤਲ ਕੀਤਾ ਗਿਆ।

ਡੋਗਰਾ ਪਾਰਟੀ ਕਿਲ੍ਹੇ ਨੂੰ

ਚੇਤ ਸਿੰਘ ਕਤਲ

---

*(Cunningham) ਕਨਿੰਘਮ (੧੮੪੯), ਪੰਨਾ ੨੩੭।

†ਉਹੀ, ਕਨਿੰਘਮ, ਪੰਨਾ ੨੩੭।

‡(Smyth) ਸਮਿੱਥ, ਪੰਨਾ ੨੯।

ਡੋਗਰਾ ਭਰਾਵਾਂ ਦਾ ਤਾਂ ਇਰਾਦਾ ਸੀ, ਕਿ ਖੜਕ ਸਿੰਘ ਨੂੰ ਵੀ ਓਥੇ ਹੀ ਕਤਲ ਕਰ ਦਿੱਤਾ ਜਾਵੇ, ਪਰ ਮਹਾਰਾਣੀ ਚੰਦ ਕੌਰ ਤੇ ਕੰਵਰ ਨੌਨਿਹਾਲ ਸਿੰਘ ਓਸ ਵੇਲੇ ਕੋਲ ਸਨ, ਸੋ ਖੜਕ ਸਿੰਘ ਦੀ ਜਾਨ ਬਚ ਗਈ*।

ਖੜਕ ਸਿੰਘ ਨੂੰ ਕੈਦ ਵਿਚ ਜ਼ਹਿਰ ਦੇਣਾ

ਤਿੰਨ ਮਹੀਨੇ, ੧੧ ਦਿਨ ਰਾਜ ਕਰਨ ਪਿਛੋਂ ਮੰਗਲਵਾਰ, ੮ ਅਕਤੂਬਰ, ੧੮੩੯ ਈ. ਨੂੰ ਮਹਾਰਾਜਾ ਖੜਕ ਸਿੰਘ ਜੀ ਨਜ਼ਰਬੰਦ ਕਰ ਲਏ ਗਏ ਤੇ ਲੁਹਾਰੀ ਦਰਵਾਜ਼ਿਓਂ ਅੰਦਰ† ਸ਼ਾਹੀ ਹਵੇਲੀ ਵਿੱਚ ਧਿਆਨ ਸਿੰਘ ਦੀ ਨਿਗਰਾਨੀ ਹੇਠਾਂ ਰੱਖੇ ਗਏ। ਸ਼ਾਹੀ ਹਕੀਮ ਨਾਲ ਮਿਲ ਕੇ ਧਿਆਨ ਸਿੰਘ ਵੱਲੋਂ ਮਹਾਰਾਜੇ ਨੂੰ ‡ਸਫੈਦ ਕਸਕਰੀ (White Lead or the Acetate of Lead) ਤੇ 'ਰਸ ਕਪੂਰ' (Corrosive Sublimate or the Native Muriate of Mercury) ਜ਼ਹਿਰ ਖਾਣੇ ਵਿਚ ਮਿਲਾ ਕੇ ਦਿੱਤੇ ਜਾਣ ਲੱਗੇ। ਇਸੇ ਕਾਰਨ ਮਹਾਰਾਜਾ ਜੀ ਬੀਮਾਰ ਪੈ ਗਏ। ਆਪ ਨੌਂ ਕੁ ਮਹੀਨੇ ਬੀਮਾਰ ਰਹੇ, ਪਰ

ਖੜਕ ਸਿੰਘ ਬੀਮਾਰ

ਦਰਬਾਰੀ ਡਾਕਟਰ ਹੌਨਿੰਗਬਰਗਰ J.M. Honinghberger ਨੂੰ ਇਕ ਵਾਰ ਵੀ ਨਹੀਂ ਬੁਲਾਇਆ ਗਿਆ। ਧਿਆਨ ਸਿੰਘ ਰੋਜ਼ ਕੰਵਰ ਨੂੰ ਕਹਿੰਦਾ ਰਹਿੰਦਾ, ਕਿ ਆਪ ਜੀ ਦੇ ਪਿਤਾ ਆਪ ਨੂੰ ਰੋਜ਼ ਬਦ-ਦੁਆਵਾਂ ਦੇਂਦੇ ਰਹਿੰਦੇ ਹਨ ਤੇ ਉਹ ਕਿਸੇ ਨਾ ਕਿਸੇ ਬਹਾਨੇ ਨੱਸ ਕੇ§ ਅੰਗਰੇਜ਼ਾਂ ਕੋਲ ਚਲੇ ਜਾਣਾ ਚਾਹੁੰਦੇ ਹਨ। ਇਹਨਾਂ ਗੱਲਾਂ ਨੇ ਕੰਵਰ ਦਾ ਦਿਲ ਸਗੋਂ ਦੂਰ ਕਰ ਦਿੱਤਾ।

ਮਹਾਰਾਜਾ ਖੜਕ ਸਿੰਘ ਕੋਲ ਇਸ ਵੇਲੇ ਦਰਦ ਵੰਡਾਉਣ ਵਾਲਾ ਕੋਈ ਨਹੀਂ ਸੀ। ਦੁਨੀਆਂ ਵਿੱਚ ਕੋਈ ਸੱਜਣ ਮਿੱਤਰ ਨਾ ਰਿਹਾ, ਜਿਸ ਕੋਲ ਉਹ ਦਿਲ ਦਾ ਦੁਖ ਫੋਲਦਾ। ਉਹ ਠੰਡਾ ਸਾਹ ਭਰ ਕੇ ਤੇ ਇਹ ਕੁਛ ਕਹਿ ਕੇ ਚੁੱਪ ਹੋ ਰਹਿੰਦਾ—

---

*(Smyth) ਸਮਿੱਥ, ਪੰਨਾ ੩੦।
†ਗਿਆਨੀ ਗਿਆਨ ਸਿੰਘ।
‡ਡਾ. ਗੰਡਾ ਸਿੰਘ। (ਸਮਿੱਥ, ਪੰਨੇ ੩੨-੩੩)।
§(Smyth) ਸਮਿੱਥ, ਪੰਨਾ ੩੧।

"ਨਹੀਂ ਕੋਈ ਦੋਸਤ ਅਪਨਾ, ਯਾਰ ਅਪਨਾ, ਮਿਹਰਬਾਂ ਅਪਨਾ
ਸੁਨਾਏਂ ਕਿਸਕੋ ਗ਼ਮ ਅਪਨਾ, ਅਲਮ ਅਪਨਾ, ਬਿਆਂ ਅਪਨਾ"

ਬੀਮਾਰ ਪਏ ਮਹਾਰਾਜਾ ਖੜਕ ਸਿੰਘ ਨੇ ਕਈ ਵਾਰ ਧਿਆਨ ਸਿੰਘ ਅੱਗੇ ਬੇਨਤੀ ਕੀਤੀ, ਕਿ ਇਕ ਵਾਰ ਕੰਵਰ ਨੌਨਿਹਾਲ ਸਿੰਘ ਨੂੰ ਮਿਲਣ ਦਿੱਤਾ ਜਾਵੇ। ਪਰ ਪੱਥਰ ਦਿਲ ਡੋਗਰੇ ਨੇ ਪਿਓ ਪੁੱਤ ਦਾ ਮੇਲ ਨਾ ਹੋਣ ਦਿੱਤਾ। ਅੰਤ ਉਹ ਸਮਾਂ ਆ ਪਹੁੰਚਾ, ਜਿਸਦੇ ਨੇੜੇ ਲਿਆਉਣ ਵਾਸਤੇ ਧਿਆਨ ਸਿੰਘ ਉੱਦਮ ਕਰ ਰਿਹਾ ਸੀ।

**ਖੜਕ ਸਿੰਘ ਦਾ ਚਲਾਣਾ**

ਮਹਾਰਾਜਾ ਖੜਕ ਸਿੰਘ ਬੇਸੁੱਧ ਹੋ ਚੁੱਕਾ ਸੀ, ਜਦ ਕੰਵਰ ਨੂੰ ਬੁਲਾਇਆ ਗਿਆ, ਕਿ ਆਪਣੇ ਪਿਤਾ ਦੇ ਅੰਤਮ ਦਰਸ਼ਨ ਕਰ ਲੈ। ਵੇਲਾ ਬੀਤ ਚੁੱਕਾ ਸੀ। ਅੰਮ੍ਰਿਤ ਵੇਲੇ, ਵੀਰਵਾਰ, ਪੰਜ ਨਵੰਬਰ, ੧੮੪੦ ਈ. ਨੂੰ ੧ ਸਾਲ, ੨੮ ਦਿਨ ਕੈਦ ਰਹਿਕੇ, (ਏਸੇ ਸਮੇਂ ਵਿਚੋਂ ਨੌ-ਦਸ ਮਹੀਨੇ ਬੀਮਾਰ ਰਹਿਕੇ) ਮਹਾਰਾਜਾ ਖੜਕ ਸਿੰਘ ਜੀ ਚਲਾਣਾ ਕਰ ਗਏ†।

---

†ਬੈਠਾ ਖੜਕ ਸਿੰਘ ਬਾਪ ਦੇ ਤਖ਼ਤ ਉੱਤੇ,
ਸਮਾਂ ਤਾੜ ਕਾਨੂੰਨ ਬਦਲਾੱ ਦਿੱਤਾ।
ਨੀਤ ਵੇਖ ਕੇ ਡੋਗਰੇ ਧਿਆਨ ਸਿੰਘ ਦੀ
ਮਹਿਲੀਂ ਜਾਣ ਤੋਂ ਉਹਨੂੰ ਅਟਕਾੱ ਦਿੱਤਾ।
ਦਗ਼ੇਬਾਜ਼ ਵਜ਼ੀਰ ਨੇ ਚਾਲ ਖੇਡੀ
ਪਾਟਕ ਪਿਓ ਪੁੱਤਰ ਅੰਦਰ ਪਾ ਦਿੱਤਾ।
ਐਸੀ ਪੱਟੀ ਪੜ੍ਹਾਈ ਗੁਲਾਬ ਸਿੰਘ ਨੇ,
ਪੁੱਤਰ ਪਿਓ ਨੂੰ ਮਨੋਂ ਭੁਲਾੱ ਦਿੱਤਾ।
ਜਾਹਲੀ ਖ਼ਤ ਵਿਖਾਇਕੇ ਕੰਵਰ ਜੀ ਨੂੰ,
ਧਿਆਨ ਸਿੰਘ ਨੇ ਹੱਥਾਂ 'ਤੇ ਪਾ ਲਿਆ।
ਖੜਕ ਸਿੰਘ ਨੂੰ ਤਖ਼ਤ ਤੋਂ ਲਾਹੁਣ ਬਦਲੇ,
—ਮਾਂ-ਪੁੱਤ—ਦੋਹਾਂ ਨੂੰ ਮਨਾੱ ਲਿਆ।
ਬੀਤੀ ਅੱਠ ਅਕਤੂਬਰ ਦੀ ਰਾਤ ਅੱਧੀ,
ਮਾਇਆ ਆਪਣਾ ਜਾਲ ਵਿਛਾੱ ਦਿੱਤਾ।

(ਵੇਖੋ ਬਾਕੀ ਫੁਟਨੋਟ ਪੰਨਾ ੩੩ 'ਤੇ)

ਸ਼ੇਰੇ-ਪੰਜਾਬ ਦੀ ਸਮਾਧ ਦੇ ਨਾਲ ਹੀ ਉਹਨਾਂ ਦੇ ਜੇਠੇ ਪੁੱਤਰ ਦੀ ਚਿਖਾ ਤਿਆਰ ਕੀਤੀ ਗਈ। ਤੀਜੇ ਪਹਿਰ ਸ਼ਾਹੀ ਠਾਠ ਨਾਲ ਮਹਾਰਾਜੇ ਦੇ

---

(ਦੇਖੋ ਪੰਨਾ ੩੨ ਦਾ ਬਾਕੀ ਫੁਟਨੋਟ)

ਤਿੰਨੇ ਡੋਗਰੇ, ਕੰਵਰ ਤੇ ਹੋਰ ਅੱਠ ਨੌਂ,
ਸ਼ਾਹੀ ਮਹਿਲਾਂ ਵੱਲ ਕਦਮ ਉਠਾਂ ਦਿੱਤਾ।
ਸ਼ਾਹੀ ਤਖ਼ਤ ਦੇ ਕੋਲ ਦੋ ਮਿਲੇ ਪਾਹਰੂ,
ਉਹਨਾਂ ਦੋਹਾਂ ਨੂੰ ਮਾਰ ਮੁਕਾਂ ਦਿੱਤਾ।
ਅੱਗੇ ਮਿਲਿਆ ਗੜਵਈ ਮਹਾਰਾਜ ਜੀ ਦਾ,
ਗੋਲੀ ਮਾਰ ਕੇ ਉਹਨੂੰ ਉਡਾਂ ਦਿੱਤਾ।

ਸੁਣ ਕੇ ਖੜਕ ਬੰਦੂਕ ਦਾ ਚੇਤ ਸਿੰਘ ਨੇ,
ਖ਼ਾਬਗਾਹ ਵਿਚ ਜਾਨ ਲੁਕਾਂ ਲਈ।
ਓਧਰ ਉਠਿਆ ਹੌਲ ਕੁਝ ਸੋਚ ਦਿਲ ਵਿਚ,
ਚੰਦ ਕੌਰ ਵੀ ਦੌੜ ਕੇ ਆ ਗਈ।

ਅੰਦਰ ਜਾਂਦਿਆਂ ਡੋਗਰਾ ਪਾਰਟੀ ਨੇ,
ਖੜਕ ਸਿੰਘ ਨੂੰ ਪਲੰਘ ਤੋਂ ਲਾਹ ਲਿਆ।
ਸੋਨੇ ਦੀਆਂ ਜ਼ੰਜੀਰਾਂ ਵਿਚ ਜਕੜ ਕੇ ਤੇ,
ਬਾਦਸ਼ਾਹ ਨੂੰ ਕੈਦੀ ਬਣਾਂ ਲਿਆ।
ਰਾਣੀ ਵਿਹੰਦਿਆਂ ਸਾਰ ਭਰ ਆਈ ਅੱਖੀਂ,
ਝੱਲ ਸੱਕੀ ਨਾ, ਮੁਖ ਛੁਪਾਂ ਲਿਆ।
ਓਧਰ ਲਾਲ ਸਿੰਘ ਨੇ ਖ਼ਾਬਗਾਹ ਅੰਦਰ,
ਬੈਠੇ ਚੇਤ ਸਿੰਘ ਤਾਈਂ ਤਕਾਂ ਲਿਆ।

ਲੈ ਕੇ ਤੇਗ਼ ਧਿਆਨ ਸਿੰਘ ਵਾਰ ਕੀਤਾ,
ਚੇਤ ਸਿੰਘ ਨੂੰ ਮਾਰ ਮੁਕਾਂ ਦਿੱਤਾ।
ਪਹਿਲਾ ਖ਼ੂੰਨ ਸੀ ਇਹ ਵਿਚ ਰਾਜ ਮਹਿਲਾਂ,
ਜੀਹਨੇ ਪਿਛਲਿਆਂ ਲਈ ਪਹਿਆ ਪਾ ਦਿੱਤਾ।

ਪਿਆ ਪਤੀ ਪੰਜਾਬ ਦੀ ਜੇਲ੍ਹ ਅੰਦਰ,
ਮੰਦੇ ਦਿਨਾਂ ਦਾ ਲੇਖਾ ਮੁਕਾਵਣੇ ਨੂੰ।
ਰਸ ਕਪੂਰ ਤੇ ਕਸਕਰੀ, ਜ਼ਹਿਰ ਕੋਈ,
ਖਾਣੇ ਵਿਚ ਮਿਲਦੇ ਨਿੱਤ ਖਾਵਣੇ ਨੂੰ।

(ਦੇਖੋ ਬਾਕੀ ਫੁਟਨੋਟ ਪੰਨਾ ੩੪ 'ਤੇ)

ਸਸਕਾਰ ਦੀ ਤਿਆਰੀ ਹੋਈ। ਅਰਥੀ ਚਿਖਾ 'ਤੇ ਧਰੀ ਗਈ ਸੀ, ਤੇ ਕੰਵਰ ਜੀ ਲੰਬੂ ਲਾਉਣ ਨੂੰ ਤਿਆਰ ਖਲੇ ਸਨ। ਡੋਗਰੇ ਧਿਆਨ ਸਿੰਘ ਦਾ ਦਿਲ

---

(ਦੇਖੋ ਪੰਨਾ ੩੩ ਦਾ ਬਾਕੀ ਫੁਟਨੋਟ)

ਪਿਆ ਸਖ਼ਤ ਬੀਮਾਰ, ਇਲਾਜ ਕੋਈ ਨਹੀਂ,
ਜੋ ਕੁਛ ਹੁੰਦਾ, ਹੋ ਰਿਹਾ ਮਰਵਾਵਣੇ ਨੂੰ।
ਮੰਨੀ ਕਿਸੇ ਨਾ ਕਈ ਵਾਰ ਅਰਜ਼ ਕੀਤੀ,
ਦਰਸ਼ਨ ਪੁੱਤ ਪਿਆਰੇ ਦੇ ਪਾਵਣੇ ਨੂੰ।
ਹੋ ਬੇ-ਵੱਸ ਇਹ ਮੂੰਹੋਂ ਫ਼ਰਿਆਦ ਨਿਕਲੀ,
"ਮਿਲਦੋਂ ਆਣ ਕੇਰਾਂ ਨੌਨਿਹਾਲ ਸਿੰਘਾ !
ਕਾਰੇ ਦੱਸ ਜਾਂਦਾ ਤੇਰੇ ਮਿੱਤਰਾਂ ਦੇ,
ਜੋ ਜੋ ਬੀਤਦੀ ਰਹੀ ਮੇਰੇ ਨਾਲ ਸਿੰਘਾ !"
ਖਿੱਚੀ ਆਹ ਮਹਾਰਾਜ ਬੇਹੋਸ਼ ਹੋ ਗਏ,
ਸਮਾਂ ਅੰਤ ਵਾਲਾ ਨੇੜੇ ਆਇਆ ਜੀ।
ਪਈ ਮਿਹਰ ਮਨ, ਡੋਗਰੇ ਓਸ ਵੇਲੇ,
ਨੌਨਿਹਾਲ ਨੂੰ ਕੋਲ ਬੁਲਾਇਆ ਜੀ।
ਮਾਰੀ ਧਾਹ ਸਰ੍ਹਾਣੇ ਆ ਚੰਦ ਕੌਰਾਂ,
ਝੁਰਮਟ ਰਾਣੀਆਂ ਨੇ ਦੁਆਲੇ ਪਾਇਆ ਜੀ।
ਪੰਜ, ਯਾਰਾਂ, ਅਠਾਰਾਂ ਸੌ ਹੋਰ ਚਾਲੀ,
ਲਿਖਿਆ ਈਸਵੀ ਸਾਲ ਵਿਹਾਇਆ ਜੀ।
ਬੋਲੇ ਮਰਦਿਆਂ ਵੀ ਮਹਾਰਾਜ ਮੂੰਹੋਂ
"ਨੌਨਿਹਾਲ ਮੇਰੇ, ਨੌਨਿਹਾਲ ਮੇਰੇ।
ਜਿਹੜੀ ਬਣੀ ਸਿਰ 'ਤੇ ਮੈਂ ਤਾਂ ਕੱਟ ਲਈ ਏ,
ਬੱਚਾ ! ਵਧੇਂ ਤੇ ਵਧਣ ਇਕਬਾਲ ਤੇਰੇ।"
ਪੂਰੇ ਹੋਏ ਸਵਾਸ ਮਹਾਰਾਜ ਜੀ ਦੇ,
ਰੂਹ ਬੁੱਤ ਦਾ ਸਾਥ ਮੁਕੌਂ ਦਿੱਤਾ।
ਦਗ਼ੇਬਾਜ਼ ਵਜ਼ੀਰ ਨੇ ਧਾਹ ਮਾਰੀ,
ਰੋਇ ਰੋਇ ਕੇ ਮਹੱਲ ਕੰਬੌਂ ਦਿੱਤਾ।
ਅੰਤ ਚੰਨਣ ਦੀ ਚਿਖਾ ਤਿਆਰ ਕੀਤੀ,
ਪਿਓ ਪੁੱਤ ਦਾ ਮੇਲ ਕਰੌਂ ਦਿੱਤਾ।

(ਦੇਖੋ ਬਾਕੀ ਫੁਟਨੋਟ ਪੰਨਾ ੩੫ 'ਤੇ)

ਅਜੇ ਵੀ ਨਾ ਪਸੀਜਿਆ। ਮ: ਖੜਕ ਸਿੰਘ ਦੀਆਂ ਦੋ ਰਾਣੀਆਂ (ਚੰਦ ਕੌਰ—ਜੋ ਕੰਵਰ ਦੀ ਮਾਤਾ ਸੀ—ਤੋਂ ਬਿਨਾਂ) ਤੇ ੧੧ ਗੋਲੀਆਂ* ਨੂੰ ਬੁਲੌਂ ਕੇ ਉਹ ਕਹਿਣ ਲੱਗਾ, 'ਆਪਣੇ ਪਤੀ ਨਾਲ ਸਤੀ ਹੋ ਜਾਉ, ਨਹੀਂ ਤਾਂ ਤਲਵਾਰ ਨਾਲ ਟੁਕੜੇ ਕਰਕੇ ਚਿਖਾ ਵਿੱਚ ਸੁਟ ਦਿਆਂਗਾ।' ਉਹਨਾਂ ਦੇਵੀਆਂ ਨੇ ਬੇਇੱਜ਼ਤੀ ਦੀ ਮੌਤ ਮਰਨ ਨਾਲੋਂ ਇੱਜ਼ਤ ਦੀ ਮੌਤ ਮਰਨਾ ਪਰਵਾਨ ਕੀਤਾ ਤੇ ਮਹਾਰਾਜੇ ਨਾਲ ਸਤੀ ਹੋ ਗਈਆਂ।

---

*ਗੋਲੀ ਤੋਂ ਮੁਰਾਦ 'ਦਾਸੀ' ਨਹੀਂ। ਇਹ ਵਿਆਹੁਤਾ ਇਸਤਰੀਆਂ ਸਨ। ਸਿੱਖ ਦਰਬਾਰ ਵਿੱਚ ਬੇ-ਔਲਾਦ ਜਾਂ ਮਾਮੂਲੀ ਘਰਾਣੇ ਦੀਆਂ ਇਸਤਰੀਆਂ ਨੂੰ 'ਗੋਲੀ' ਦਾ ਖ਼ਿਤਾਬ ਹੁੰਦਾ ਸੀ ।

(ਦੇਖੋ ਪੰਨਾ ੩੪ ਦਾ ਬਾਕੀ ਫੁਟਨੋਟ)

ਅਰਥੀ ਰੱਖ ਉੱਤੇ ਦੂਲੇ ਖੜਕ ਸਿੰਘ ਦੀ,
ਲੰਬੂ ਕੰਵਰ ਜੀ ਨੇ ਹੱਥੀਂ ਲਾ ਦਿੱਤਾ।
ਟਲਿਆ ਅਜੇ ਵੀ ਡੋਗਰਾ ਜ਼ੁਲਮ ਤੋਂ ਨਾ,
ਸਭੇ ਰਾਣੀਆਂ ਸੱਦ ਧਮਕਾਈਓਂ ਸੂ।
ਚੰਦ ਕੌਰ ਤੋਂ ਬਿਨਾਂ ਸਭ ਹੋਰ 'ਸੀਤਲ'
ਜ਼ੋਰ ਤੇਗ਼ ਦੇ ਚਿਖਾ ਵਿਚ ਪਾਈਓਂ ਸੂ।

# ਮਹਾਰਾਜਾ ਨੌਨਿਹਾਲ ਸਿੰਘ

ਮਹਾਰਾਜਾ ਖੜਕ ਸਿੰਘ ਦੇ ਨਜ਼ਰਬੰਦ ਹੋਣ 'ਤੇ ਬੁੱਧਵਾਰ, ੯ ਅਕਤੂਬਰ ਨੂੰ ਕੰਵਰ ਨੌਨਿਹਾਲ ਸਿੰਘ ਨੇ ਹਕੂਮਤ ਦੀ ਵਾਗਡੋਰ ਆਪਣੇ ਹੱਥਾਂ ਵਿਚ ਲਈ। ਇਸ ਹੋਣਹਾਰ ਨੌਜਵਾਨ 'ਤੇ ਸਾਰਿਆਂ ਦੀਆਂ ਆਸਾਂ ਲੱਗ ਰਹੀਆਂ ਸਨ ਤੇ ਭਰੋਸਾ ਸੀ, ਕਿ ਇਹ ਸ਼ੇਰੇ-ਪੰਜਾਬ ਦਾ ਲਾਇਕ ਪੋਤਰਾ ਤੇ ਪੰਜਾਬ ਦਾ ਨੀਤੀ ਨਿਪੁੰਨ ਬਾਦਸ਼ਾਹ ਸਾਬਤ ਹੋਵੇਗਾ।

ਨੌਨਿਹਾਲ ਸਿੰਘ

ਮੇਕਗ੍ਰੇਗਰ ਲਿਖਦਾ ਹੈ, "ਉਹ (ਨੌਨਿਹਾਲ ਸਿੰਘ) ਫ਼ੌਜ ਵਿਚ ਹਰਮਨ ਪਿਆਰਾ ਸੀ, ਕਿਉਂਕਿ ਉਹ ਬਚਪਨ ਤੋਂ ਹੀ ਇਕ ਸਿਪਾਹੀ ਤੇ ਬਹਾਦਰਾਨਾ ਤੇ ਨਾ ਝੁਕਣ ਵਾਲੀ ਆਤਮਾ ਰੱਖਦਾ ਸੀ। ਉਸ ਵਿਚ ਸੋਚ, ਵਿਚਾਰ ਤੇ ਸਿਆਣਪ ਬਹੁਤ ਹੱਦ ਤੱਕ ਮੌਜੂਦ ਸਨ। ਰਣਜੀਤ ਸਿੰਘ ਨੂੰ ਨੌਨਿਹਾਲ ਸਿੰਘ 'ਤੇ ਬੜਾ ਮਾਣ ਸੀ ਤੇ ਉਹ ਬੜੇ ਉਤਸ਼ਾਹ ਨਾਲ ਇਹ ਆਸ ਰੱਖਦਾ ਸੀ, ਕਿ ਨੌਨਿਹਾਲ ਸਿੰਘ ਵਿਚ ਸਿੱਖ ਲਾਹੌਰ ਦਾ ਤਖ਼ਤ ਸਾਂਭਣ ਵਾਲਾ ਤੇ ਉਸਦੇ ਰਾਜ ਨੂੰ ਸਮੁੱਚੇ ਤੌਰ 'ਤੇ ਕਾਇਮ ਰੱਖਣ ਵਾਲਾ ਇਕ ਯੋਗ ਜਾਨਸ਼ੀਨ ਅਨੁਭਵ ਕਰਨਗੇ।"*

ਮਹਾਰਾਜਾ ਰਣਜੀਤ ਸਿੰਘ ਦੇ ਮਗਰੋਂ ਨੌਨਿਹਾਲ ਸਿੰਘ ਹੀ ਡੋਗਰਿਆਂ ਦੀਆਂ ਚਾਲਾਂ ਤੇ ਅੰਗਰੇਜ਼ਾਂ ਦੀ ਨੀਤੀ ਨੂੰ ਸਮਝਣ ਵਾਲਾ ਸੀ। 'ਕਨਿੰਘਮ' ਤਾਂ ਏਥੋਂ ਤੱਕ ਕਹਿੰਦਾ ਹੈ, "ਜਿਵੇਂ ਰਾਣਾ ਸੰਗਰਾਮ ਸਿੰਘ ਤੇ ਮਹਾਰਾਣਾ ਪਰਤਾਪ ਵਿਚ ਉਦੇ ਸਿੰਘ ਨਾ ਹੁੰਦਾ, ਤਾਂ ਮੇਵਾੜ ਦਾ ਰਾਜ ਨਾ ਜਾਂਦਾ। ਏਸੇ ਤਰ੍ਹਾਂ ਜੇ ਰਣਜੀਤ ਸਿੰਘ ਤੇ ਨੌਨਿਹਾਲ ਸਿੰਘ ਦੇ ਵਿੱਚ ਖੜਕ ਸਿੰਘ ਨਾ ਹੁੰਦਾ, ਤਾਂ ਪੰਜਾਬ ਸਿੱਖਾਂ ਹੱਥੋਂ ਨਾ ਜਾਂਦਾ†।"

---

*(M. Greger) ਮੈਕਗ੍ਰੇਗਰ, ਪੰਨਾ ੫।

†(Cunningham) ਕਨਿੰਘਮ (੧੮੪੯), ਪੰਨਾ ੨੩੭।

ਨੌਨਿਹਾਲ ਸਿੰਘ ਨੇ ਛੇਤੀ ਹੀ ਤਾੜ ਲਿਆ, ਕਿ ਡੋਗਰਾ ਤਾਕਤ ਪੰਜਾਬ ਵਾਸਤੇ ਹਾਨੀਕਾਰਕ ਹੈ, ਸੋ ਜਿਵੇਂ ਹੋਵੇ, ਡੋਗਰਿਆਂ ਨੂੰ ਤਬਾਹ ਕਰ ਦੇਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਉਸਨੇ ਫ਼ੌਜੀ ਪੰਚਾਂ ਤੇ ਸਰਦਾਰਾਂ ਨਾਲ ਰਸੂਖ਼ ਵਧਾਇਆ। ਫ਼ੌਜ ਦੀ ਕਵਾਇਦ ਉਹ ਹਮੇਸ਼ਾਂ ਆਪ ਵੇਖਦਾ ਸੀ। ਖ਼ਾਸ-ਖ਼ਾਸ ਮੁਕੱਦਮੇ ਉਹ ਆਪ ਕਰਦਾ ਸੀ। ਉਹਨੇ ਕੁਛ ਚਲਦੇ-ਚਲਦੇ ਆਦਮੀਆਂ (ਲਹਿਣਾ ਸਿੰਘ ਮਜੀਠਾ, ਅਜੀਤ ਸਿੰਘ ਸੰਧਾਂਵਾਲੀਆ, ਭਾਈ ਰਾਮ ਸਿੰਘ, ਰਾਜਾ ਧਿਆਨ ਸਿੰਘ, ਜਮਾਂਦਾਰ ਖ਼ੁਸ਼ਹਾਲ ਸਿੰਘ, ਫ਼ਕੀਰ ਅਜ਼ੀਜ਼ੁੱਦੀਨ ਆਦਿ) ਦੀ ਇਕ ਸਭਾ (ਕੌਂਸਲ) ਬਣਾ ਲਈ, ਜਿਸ ਦੀ ਸਲਾਹ ਨਾਲ ਰਾਜ ਪਰਬੰਧ ਚੱਲਣ ਲੱਗਾ[1]। ਏਸ ਤਰ੍ਹਾਂ ਵਜ਼ੀਰ ਦੀ ਤਾਕਤ ਘੱਟਦੀ ਸੀ। ਸੋ ਧਿਆਨ ਸਿੰਘ ਵੀ ਤਾੜ ਗਿਆ, ਕਿ ਇਸ ਜੁਆਨ ਦੇ ਸਾਮ੍ਹਣੇ ਮੇਰੀ ਔਖੀ ਹੀ ਗਲੇਗੀ।

**ਗੁਲਾਬ ਸਿੰਘ ਤੋਂ ਮਾਮਲਾ ਉਗਰਾਹਿਆ**

ਗੁਲਾਬ ਸਿੰਘ—ਆਪਣੇ ਆਪ ਵਿੱਚ—ਜੰਮੂ ਦਾ ਖ਼ੁਦ-ਮੁਖ਼ਤਿਆਰ ਰਾਜਾ ਬਣਿਆ ਬੈਠਾ ਸੀ। ਓਥੇ ਫ਼ੌਜਾਂ ਭੇਜ ਕੇ ਨੌਨਿਹਾਲ ਸਿੰਘ ਨੇ ਖ਼ਰਾਜ ਵਸੂਲ ਕੀਤਾ। ਬਹਾਨੇ ਨਾਲ ਅਦਲ ਬਦਲ ਕਰਕੇ ਜੰਮੂ ਦੇ ਉਦਾਲੇ ਪੁਦਾਲੇ (ਸਿਆਲਕੋਟ, ਪੁਨਛ, ਕਾਂਗੜਾ, ਮੰਡੀ ਆਦਿ ਥਾਂਵਾਂ 'ਤੇ) ਬਹੁਤ ਸਾਰੀ ਖ਼ਾਲਸਾ ਫ਼ੌਜ ਕੱਠੀ ਕੀਤੀ ਤੇ ਉਸਦੇ ਅਫ਼ਸਰ ਵੀ ਡੋਗਰਿਆਂ ਦੇ ਦੁਸ਼ਮਣ ਜਰਨੈਲ ਵੈਂਤੂਰਾ (Ventura) ਤੇ ਸ. ਅਜੀਤ ਸਿੰਘ ਸੰਧਾਂਵਾਲੀਆ ਥਾਪੇ। ਏਸ ਗੱਲ ਤੋਂ ਡੋਗਰਿਆਂ ਨੂੰ ਅੱਗ ਲੱਗ ਉੱਠੀ।

**ਨੌਨਿਹਾਲ ਸਿੰਘ ਵਿਰੁੱਧ ਸਾਜ਼ਸ਼**

ਡੋਗਰਾ ਭਰਾਵਾਂ ਨੇ ਇਕ ਨਵੀਂ ਸਾਜ਼ਸ਼ ਨੌਨਿਹਾਲ ਸਿੰਘ ਦੇ ਵਿਰੁੱਧ ਖੜੀ ਕਰ ਦਿੱਤੀ। ਇਹ ਅਫ਼ਵਾਹ ਸਾਰੇ ਫੈਲ ਗਈ, ਕਿ ਅੰਗਰੇਜ਼ਾਂ ਦੇ ਬਣਾਏ ਕਾਬਲ ਦੇ ਬਾਦਸ਼ਾਹ ਸ਼ਾਹ ਸ਼ੁਜਾਹ ਦੇ ਵਿਰੁੱਧ ਨੌਨਿਹਾਲ

---

[1]ਮਹਾਰਾਜਾ ਨੌਨਿਹਾਲ ਸਿੰਘ, ਬਾਵਾ ਪ੍ਰੇਮ ਸਿੰਘ ਹੋਤੀ, ਪੰਨੇ ੧੧੦ ਤੇ ੧੫੦। ਇਲਨ, ਪੰਨਾ ੨੧੫।

ਸਿਘ ਪਠਾਣਾਂ ਨੂੰ ਉਭਾਰ ਰਿਹਾ ਹੈ ਤੇ ਆਪਣੀ ਮੋਹਰ ਵਾਲੀ ਚਿੱਠੀ ਭੇਜ ਕੇ ਉਸਨੇ ਦੋਸਤ ਮੁਹੰਮਦ ਖ਼ਾਨ ਦੀ ਮਦਦ ਦਾ ਇਕਰਾਰ ਕੀਤਾ ਹੈ। ਕਪਤਾਨ 'ਵੇਡ' (Wade) ਨੇ ਇਹ ਗੱਲ ਇਕੇਰਾਂ ਜ਼ਬਾਨੀ ਹੀ ਕਹੀ ਸੀ, ਮਗਰ ਉਸਨੇ ਜਾਨਸ਼ੀਨ *ਮਿਸਟਰ ਕਲਾਰਕ (Clerk) ਨੇ ਕੁਛ ਜਾਹਲੀ ਚਿੱਠੀਆਂ† ਵੀ ਬਣੌ ਲਈਆਂ। ਮਗਰ ਇਹ ਸਾਰਾ ਸ਼ੜਯੰਤਰ ਘੜਿਆ ਘੜਾਇਆ ਰਹਿ ਗਿਆ। ਮਹਾਰਾਜਾ ਨੌਨਿਹਾਲ ਸਿੰਘ ਨੇ ਆਪਣੀ ਕਾਬਲੀਅਤ ਨਾਲ ਸਭ ਕੁਝ ਝੂਠਾ ਸਾਬਤ ਕਰ ਦਿੱਤਾ।

ਮਹਾਰਾਜਾ ਨੌਨਿਹਾਲ ਸਿੰਘ ਏਸ ਝਮੇਲੇ ਵਿਚੋਂ ਵਿਹਲਾ ਹੋਇਆ ਹੀ ਸੀ, ਜਾਂ ੫ ਨਵੰਬਰ ਨੂੰ ਮਹਾਰਾਜਾ ਖੜਕ ਸਿੰਘ ਜੀ ਚਲਾਣਾ ਕਰ ਗਏ। ਹੁਣ ਡੋਗਰਿਆਂ ਦੀਆਂ ਚਾਲਾਂ ਪੂਰੀਆਂ ਹੋ ਗਈਆਂ। 'ਕੰਵਰ' ਆਪਣੇ ਪਿਤਾ ਦੇ ਸਰ੍ਹਾਣੇ ਖਲਾ ਸਸਕਾਰ ਕਰ ਰਿਹਾ ਸੀ। ਧਿਆਨ ਸਿੰਘ ਨੇ ‡ਗਾਰਡਨਰ (Alexander Gardner) ਨੂੰ ਹੌਲੀ ਜਿਹੀ ਕਿਹਾ, ਕਿ ਆਪਣੇ ਤੋਪਖਾਨੇ ਵਿਚੋਂ ਯੂ.ਪੀ. ਦੇ ਰਹਿਣ ਵਾਲੇ ੪੦ ਸਿਪਾਹੀ ਬਿਨਾਂ ਵਰਦੀ ਝੱਟ ਪੱਟ ਲੈ ਆ। ਜਿਸ ਵੇਲੇ ਨੌਨਿਹਾਲ

**ਖੜਕ ਸਿੰਘ ਦੇ ਚਲਾਣੇ ਸਮੇਂ ਨੌਨਿਹਾਲ ਸਿੰਘ ਨੂੰ ਮਾਰਨ ਦੀ ਚਾਲ**

---

*ਕਪਤਾਨ 'ਵੇਡ' ਦੀ ਥਾਂ, ੧ ਅਪ੍ਰੈਲ, ੧੮੪੦ ਨੂੰ ਮਿਸਟਰ ਕਲਾਰਕ ਪੰਜਾਬ ਵਿਚ ਅੰਗਰੇਜ਼ੀ ਰਾਜਦੂਤ (ਪੋਲੀਟੀਕਲ ਏਜੰਟ) ਬਣਿਆਂ।

†ਇਹ ਚਿੱਠੀਆਂ ਧਿਆਨ ਸਿੰਘ ਨੇ ਆਪ ਬਨਾਉਟੀ ਬਣਾਈਆਂ ਸਨ ਤੇ ਆਪ ਹੀ ਚਲਾਕੀ ਨਾਲ ਫੜਵੌ ਦਿੱਤੀਆਂ। ਪਰ ਮਗਰੋਂ ਪੜਤਾਲ ਕਰਨ 'ਤੇ ਇਹ ਚਿੱਠੀਆਂ ਬਨਾਉਟੀ ਸਾਬਤ ਹੋਈਆਂ ਤੇ ਕਲਾਰਕ ਨੇ ਕੰਵਰ ਸਾਹਿਬ ਨੂੰ ਨਿਰਦੋਸ਼ ਮੰਨਿਆਂ। ਕਲਾਰਕ ਦੀ ਰਿਪੋਰਟ ੯ ਦਸੰਬਰ, ੧੮੪੦ ਈ.।

‡ਕਰਨਲ ਅਲੈਗਜ਼ੈਂਡਰ ਗਾਰਡਨਰ ਅਮਰੀਕਾ ਦੇ ਰਹਿਣ ਵਾਲਾ ਸੀ। ਉਹ ਸਿੱਖ ਫ਼ੌਜ ਵਿਚ ਤੋਪਖ਼ਾਨੇ ਦਾ ਅਫ਼ਸਰ ਸੀ ਤੇ ਰਾਜਾ ਧਿਆਨ ਸਿੰਘ ਦਾ ਗੂੜ੍ਹਾ ਮਿੱਤਰ ਸੀ। ਉਸ ਨੇ ਇਹ ਸਾਰੇ ਗੁੱਝੇ ਭੇਦ ਆਪਣੀ ਕਿਤਾਬ Memories of Col. Alexander Gardner ਵਿਚ ਲਿਖੇ ਹਨ। ਏਸੇ ਦੇ ਨੋਟਾਂ ਦੇ ਆਧਾਰ ਤੇ ਮੇਜਰ ਸਮਿੱਥ ਨੇ 'A History of the Reigning Family of Lahore' ਲਿਖੀ ਹੈ। ਉਸ ਦੇ ਪੰਨੇ ੩੫ ਥੱਲੇ ਫੁਟ ਨੋਟ ਲਿਖਿਆ ਹੈ—

(ਦੇਖੋ ਬਾਕੀ ਫੁਟਨੋਟ ਪੰਨਾ ੩੯ 'ਤੇ)

ਸਿੰਘ ਨੇ ਉਹਨਾਂ ਨੂੰ ਕੋਈ ਗੁਪਤ ਸਲਾਹ ਕਰਦਿਆਂ ਵੇਖਿਆ, ਤਾਂ ਦਿਲ ਵਿਚ ਸ਼ੱਕ ਪੈ ਗਿਆ। ਉਹ ਮੀਆਂ ਊਧਮ ਸਿੰਘ (ਗੁਲਾਬ ਸਿੰਘ ਦਾ ਪੁੱਤਰ)
ਨੌਨਿਹਾਲ ਸਿੰਘ ਤੇ ਨੂੰ ਨਾਲ ਲੈ ਕੇ ਕਿਲ੍ਹੇ ਨੂੰ ਤੁਰ ਪਿਆ। ਜਿਸ
ਊਧਮ ਸਿੰਘ ਦਰਵਾਜ਼ੇ ਵਿਚ ਦੀ ਲੰਘਣਾ ਸੀ, ਡੋਗਰਿਆਂ ਨੇ
ਕਿਲ੍ਹੇ ਨੂੰ ਉਸਦੇ ਛੱਜੇ ਦੀਆਂ ਦਾੜ੍ਹਾਂ ਪੁੱਟ ਕੇ ਵਿਚ ਬਾਰੂਦ
ਭਰ ਛੱਡਿਆ ਸੀ। ਦਰਵਾਜ਼ੇ ਉੱਪਰ ਕਰਨਲ ਬਿਜੈ ਸਿੰਘ* ਕੁਝ ਸਿਪਾਹੀਆਂ ਸਣੇ ਬੈਠਾ ਸੀ। ਤਜਵੀਜ਼ ਇਹ ਸੀ, ਕਿ ਜਿਸ ਵੇਲੇ 'ਕੰਵਰ' ਛੱਜੇ ਹੇਠ ਆਵੇ, ਹੀਰਾ ਸਿੰਘ ਰੁਮਾਲ ਦਾ ਇਸ਼ਾਰਾ ਕਰੇ ਤੇ ਬਿਜੈ ਸਿੰਘ ਦੇ ਸਿਪਾਹੀ ਬਾਰੂਦ ਨੂੰ ਅੱਗ ਦੇ ਦੇਣ।

ਜਿਸ ਵੇਲੇ ਕੰਵਰ ਨੌਨਿਹਾਲ ਸਿੰਘ ਤੇ ਊਧਮ ਸਿੰਘ ਦਰਵਾਜ਼ੇ ਦੇ ਨੇੜੇ ਆਏ, ਹੀਰਾ ਸਿੰਘ ਨੇ ਰਾਜਾ ਧਿਆਨ ਸਿੰਘ ਨੂੰ ਇਸ਼ਾਰਾ ਕੀਤਾ, ਕਿ 'ਊਧਮ ਸਿੰਘ ਨਾਲ ਆ ਰਿਹਾ ਹੈ, ਕੀ ਕੀਤਾ ਜਾਵੇ ?' ਅੱਗੋਂ ਧਿਆਨ ਸਿੰਘ ਨੇ ਇਸ਼ਾਰੇ ਨਾਲ ਉੱਤਰ ਦਿੱਤਾ, 'ਸਾਡਾ ਇਕ ਊਧਮ ਸਿੰਘ ਮਰ ਜਾਵੇਗਾ, ਤਾਂ ਪਰਵਾਹ ਨਹੀਂ, ਪਰ ਕੰਵਰ ਜਿਉਂਦਾ ਕਿਲ੍ਹੇ ਵਿੱਚ ਨਾ ਚਲਾ ਜਾਵੇ।'

---

*ਬਾਵਾ ਬੁਧ ਸਿੰਘ ਇੰਜੀਨੀਅਰ।

(ਦੇਖੋ ਪੰਨਾ ੩੮ ਦਾ ਬਾਕੀ ਫੁਟਨੋਟ)

ਕੈਪਟਨ ਗਾਰਡਨਰ ਕਹਿੰਦਾ ਹੈ : "ਮੈਂ ਆਪ ਸਸਕਾਰ ਦੇ ਸਮੇਂ ਕੋਲ ਮੌਜੂਦ ਸੀ। ਜਦੋਂ ਲੰਬੂ ਲਾਇਆ ਗਿਆ, ਉਸ ਵੇਲੇ ਮੈਂ ਧਿਆਨ ਸਿੰਘ ਦੇ ਖ਼ਾਸ ਹੁਕਮ ਅਨੁਸਾਰ ਉਸ ਦੇ ਕੋਲ ਖਲਾ ਸੀ। ਸ਼ਹਿਜ਼ਾਦੇ ਦੇ ਜਾਣ ਤੋਂ ਪਹਿਲਾਂ ਰਾਜੇ (ਧਿਆਨ ਸਿੰਘ) ਨੇ ਮੈਨੂੰ ਹੁਕਮ ਦਿੱਤਾ, ਕਿ ਮੈਂ ਆਪਣੇ ਤੋਪਖ਼ਾਨੇ ਦੇ ੪੦ ਜਵਾਨ ਬਿਨਾਂ ਵਰਦੀ ਲਿਆਵਾਂ, ਜਿਨ੍ਹਾਂ ਦੀ ਬਾਬਤ ਉਸ ਨੇ ਕਿਹਾ, ਕਿ ਸ਼ੀਘਰ ਲੋੜ ਹੈ। ਜਦੋਂ ਮੈਂ ਉਹਨਾਂ ਆਦਮੀਆਂ ਨੂੰ ਲੈ ਕੇ ਵਾਪਸ ਆਇਆ, ਤਾਂ ਭਾਣਾ ਵਰਤ ਚੁੱਕਾ ਸੀ ਤੇ ਨੌਨਿਹਾਲ ਸਿੰਘ ਨੂੰ ਪਾਲਕੀ ਵਿੱਚ ਪਾ ਕੇ ਹਜ਼ੂਰੀ ਬਾਗ਼ ਵਿਚ ਲਈ ਜਾਂਦੇ ਸਨ। ਮੈਨੂੰ ਰਾਜੇ ਨੇ ਹੁਕਮ ਦਿੱਤਾ, ਕਿ ਮੈਂ ਆਪਣੇ ਆਦਮੀਆਂ ਨੂੰ ਵਾਪਸ ਭੇਜ ਦੇਵਾਂ, ਕਿਉਂਕਿ ਉਹਨਾਂ ਦੀ ਹੁਣ ਲੋੜ ਨਹੀਂ ਸੀ ਰਹੀ। ਅੱਜ ਤੱਕ ਮੈਨੂੰ ਇਹ ਪਤਾ ਨਹੀਂ ਲੱਗ ਸਕਿਆ, ਕਿ ਉਹਨਾਂ ਦੀ ਕੀ ਲੋੜ ਸੀ ਤੇ ਉਹਨਾਂ ਤੋਂ ਕੀ ਕਰਵਾਉਣਾ ਸੀ। ਮੌਕੇ ਉੱਤੇ ਮੈਨੂੰ ਉਸ ਭਾਣੇ ਦੇ ਸਾਰੇ ਹਾਲ ਦਾ ਪਤਾ ਲੱਗ ਗਿਆ ਤੇ ਪਿੱਛੋਂ ਲਾਹੌਰ ਦੇ ਇਕ ਪਤਵੰਤੇ ਬਿਓਪਾਰੀ ਤੇ ਦਰਬਾਰ ਦੇ ਸਰਕਾਰੀ ਜੌਹਰੀ ਨੇ ਮੇਰੇ ਪਾਸ ਏਸ ਗੱਲ ਦੀ ਪਰੋੜ੍ਹਤਾ ਕੀਤੀ। ਉਸ ਨੇ ਕਈ ਅੰਗਰੇਜ਼ ਅਫ਼ਸਰਾਂ ਪਾਸ ਨੌਨਿਹਾਲ ਸਿੰਘ ਦੀ ਮੌਤ ਤੋਂ ਪਹਿਲਾਂ ਦੇ ਹਾਲ—ਜੋ ਮੈਂ ਕਹੇ ਸਨ—ਬਿਆਨ ਕੀਤੇ।"

ਕੰਵਰ ਦਾ ਸਾਥ ਛੱਡਣ ਵਾਸਤੇ ਊਧਮ ਸਿੰਘ ਨੇ ਬਥੇਰੇ ਬਹਾਨੇ ਕੀਤੇ, ਮਗਰ ਕੰਵਰ ਨੇ ਉਹਦਾ ਹੱਥ ਨਾ ਛੱਡਿਆ। ਜਦੋਂ ਦੋਵੇਂ ਛੱਜੇ ਹੇਠ ਆਏ, ਤਾਂ ਹੀਰਾ ਸਿੰਘ ਦੇ ਇਸ਼ਾਰਾ ਕਰਨ 'ਤੇ ਬਿਜੈ ਸਿੰਘ ਦੇ ਆਦਮੀਆਂ ਨੇ ਬਾਰੂਦ ਨੂੰ ਅੱਗ ਲਾ ਦਿੱਤੀ। ਧਮਾਕੇ ਨਾਲ ਛੱਜਾ ਥੱਲੇ ਆ ਪਿਆ। ਊਧਮ ਸਿੰਘ ਥਾਂ ਮਰ ਗਿਆ ਤੇ ਕੰਵਰ ਜੀ ਦੇ ਸੱਜੇ ਕੰਨ ਦੇ ਕੋਲ ਮਗਰਲੇ ਪਾਸੇ ਜਰਾ ਕੁ ਉੱਪਰ ਕਰਕੇ ਮਾਮੂਲੀ ਜਿਹੀ ਚੋਟ ਲੱਗੀ, ਜਿਸ ਕਾਰਨ ਆਪ ਬੇਹੋਸ਼ ਹੋ ਕੇ ਧਰਤੀ 'ਤੇ ਡਿੱਗ ਪਏ। ਡਿਗਦਿਆਂ ਮੂੰਹੋਂ ਪਾਣੀ ਦੀ ਅਵਾਜ਼ ਆਈ, ਜੋ ਕਈਆਂ ਨੇ ਸੁਣੀ। ਪਰ ਓਥੇ ਤਾਂ ਕਿਸੇ ਹੋਰ ਪਾਣੀ ਦੀਆਂ ਸਲਾਹੀਂ ਹੋਈਆਂ ਹੋਈਆਂ ਸਨ, ਪਾਣੀ ਕੌਣ ਪਿਆਉਂਦਾ*।

**ਛੱਜਾ ਡਿੱਗਾ, ਨੌਨਿਹਾਲ ਸਿੰਘ ਜ਼ਖ਼ਮੀ ਹੋ ਗਿਆ ਤੇ ਊਧਮ ਸਿੰਘ ਮਰ ਗਿਆ**

ਦਰਵਾਜ਼ੇ† ਦੇ ਨਾਲ ਹੀ ਕੋਠੜੀ ਵਿੱਚ ਇਕ ਪਾਲਕੀ ਤੇ ਗਾਰਡਨਰ ਦੇ ਤੋਪਖ਼ਾਨੇ ਦੇ ਪੰਜ ਹਿੰਦੁਸਤਾਨੀ ਸਿਪਾਹੀ—ਬਿਨਾਂ ਵਰਦੀ—ਪਹਿਲਾਂ ਹੀ ਤਿਆਰ ਸਨ। ਜ਼ਖ਼ਮੀ ਕੰਵਰ ਨੂੰ ਧਿਆਨ ਸਿੰਘ ਪਾਲਕੀ ਵਿੱਚ ਪਾ ਕੇ ਕਿਲ੍ਹੇ ਨੂੰ ਲੈ ਤੁਰਿਆ। ਸ: ਲਹਿਣਾ ਸਿੰਘ ਮਜੀਠਿਆ ਮਗਰ

**ਨੌਨਿਹਾਲ ਸਿੰਘ ਕਿਲ੍ਹੇ ਵਿੱਚ**

---

*ਕਰ ਸਸਕਾਰ ਪਿਤਾ ਦਾ ਜਿਸ ਦਮ,
ਕੰਵਰ ਪਿਛਾਂਹ ਨੂੰ ਧਾਇਆ।
ਹੱਥ ਫੜੀ ਊਧਮ ਸਿੰਘ ਦਾ ਜਾਂ,
ਹੇਠ ਡਿਉਢੀ ਆਇਆ।
ਧਿਆਨ ਸਿੰਘ ਦੇ ਆਦਮੀਆਂ ਨੇ,
ਛੱਜਾ ਉਤੋਂ ਢਾਹਿਆ।
ਹੋਇ ਬੇਹੋਸ਼ ਡਿੱਗਾ ਧਰਤੀ ਤੇ
ਫੁੱਲ ਕੰਵਰ ਕੁਮਲਾਇਆ।

†ਇਹ ਦਰਵਾਜ਼ਾ ਹਜ਼ੂਰੀ ਬਾਰਾਂਦਰੀ ਦੇ ਸਾਮ੍ਹਣੇ ਸਮਾਧ ਦੇ ਨਾਲ ਹੈ। ਇਸ ਦਾ ਨਾਮ ਪਹਿਲਾਂ 'ਬਦਾਮੀ ਬਾਗ਼ ਦਾ ਦਰਵਾਜ਼ਾ' ਸੀ ਤੇ ਕੰਵਰ ਜੀ ਦੇ ਜ਼ਖ਼ਮੀ ਹੋਣ ਪਿਛੋਂ 'ਖ਼ੂਨੀ ਦਰਵਾਜ਼ਾ' ਪੈ ਗਿਆ।

ਜਾਣਾ ਚਾਹੁੰਦਾ ਸੀ, ਪਰ ਧਿਆਨ ਸਿੰਘ ਨੇ ਧੱਕੇ ਮਾਰ ਕੇ ਪਿਛਾਂਹ ਮੋੜ ਦਿੱਤਾ ਤੇ ਕਿਲ੍ਹੇ ਦਾ ਦਰਵਾਜ਼ਾ ਬੰਦ ਕਰ ਲਿਆ। ਡੋਗਰਾ ਫ਼ੌਜ ਪਹਿਰੇ 'ਤੇ ਖਲੀ ਕਰ ਦਿੱਤੀ ਗਈ।

ਮਹਾਰਾਣੀ ਚੰਦ ਕੌਰ ਪਤੀ ਦਾ ਸਸਕਾਰ ਕਰ ਰਹੀ ਸੀ। ਸੁਨੇਹਾ ਪਹੁੰਚਿਆ, ਕਿ ਤੇਰੇ ਪੁੱਤਰ ਨਾਲ ਆਹ ਭਾਣਾ ਵਰਤ ਗਿਆ ਹੈ, ਤਾਂ ਉਹਦੇ ਭੌਂ ਦੀ ਦੁਨੀਆਂ ਹਨੇਰ ਹੋ ਗਈ। ਪੁੱਤਰ ਦੀ ਸੱਟ ਸੁਣ ਕੇ ਮਾਂ ਦੇ ਦਿਲ ਵਿੱਚੋਂ ਦੀ ਤੀਰ ਨਿਕਲ ਗਿਆ। ਪੁੱਤਰਾਂ ਦੇ ਸੱਲ ਡਾਢੇ ਹੁੰਦੇ ਹਨ।

**ਚੰਦ ਕੌਰ ਤੇ ਬੀਬੀ ਨਾਨਕੀ ਕਿਲ੍ਹੇ ਦੇ ਬੂਹੇ ਅੱਗੇ**

ਓਧਰ ਬੀਬੀ ਨਾਨਕੀ (ਸ: ਸ਼ਾਮ ਸਿੰਘ ਅਟਾਰੀ ਦੀ ਪੁੱਤਰੀ) ਨੂੰ ਵੀ ਖ਼ਬਰ ਪਹੁੰਚ ਗਈ, ਕਿ ਤੇਰੇ ਪਤੀ ਨਾਲ ਆਹ ਕਾਰਾ ਵਰਤ ਗਿਆ ਹੈ, ਤਾਂ ਉਹ ਵੀ ਬਿਹਬਲ ਹੋਈ ਭੱਜੀ ਆਈ। †ਦੋਵੇਂ—ਨੂੰਹ ਸੱਸ—ਦਰਵਾਜ਼ੇ

---

† ਪੁੱਤਾਂ ਵਾਲਿਓ ਜੱਗ ਦਾ ਪੁੱਤ ਮੇਵਾ,
ਹੁੰਦੇ ਮਾਪਿਆਂ ਦੀ ਜਿੰਦ ਜਾਨ ਪੁੱਤਰ।
ਪੁੱਤਾਂ ਪਰਾਂ 'ਤੇ ਉੱਡਦੀ ਫਿਰੇ ਦੁਨੀਆਂ,
ਮਾਪੇ ਬੁੱਤ ਤੇ ਵਿਚ ਪਰਾਨ ਪੁੱਤਰ।
ਜਿਉਂਦੀ ਜਾਨ ਸਹਾਰਾ ਨੇ ਜ਼ਿੰਦਗੀ ਦਾ,
ਮੋਇਆਂ ਗਿਆਂ ਦੇ ਪਿਛੋਂ ਨਸ਼ਾਨ ਪੁੱਤਰ।
'ਸੀਤਲ' ਪੁੱਤਰਾਂ ਬਾਝ ਨਾ ਸੋਹਨ ਮਾਪੇ,
ਹੁੰਦੇ ਮਾਪਿਆਂ ਦੀ ਆਨ ਸ਼ਾਨ ਪੁੱਤਰ।

*ਬੂਹੇ 'ਚ ਖਲੋਤੀ ਚੰਦ ਕੌਰ ਰੋਂਵਦੀ,
ਪਿੱਟਦੀ ਹੈ ਛਾਤੀਆਂ ਤੇ ਵਾਲ ਖੁਹਵੰਦੀ।
ਕਹਿੰਦੀ, ਹਤਿਆਰਿਓ ਵੇ ਬੂਹਾ ਲਾਹ ਦਿਓ,
ਇਕ ਵਾਰੀ ਮੁੱਖ ਪੁੱਤ ਦਾ ਵਿਖਾ ਦਿਓ।
ਪੁੱਤ ਮੇਰੇ ਡਿਗਦੇ ਨੇ ਪਾਣੀ ਮੰਗਿਆ,
ਚੀਰ ਕੇ ਕਲੇਜਾ ਮੇਰਾ, ਤੀਰ ਲੰਘਿਆ।
ਪਾਣੀ ਤਾਂ ਪਿਲਾ ਲਾਂ, ਓਸ ਨੂੰ ਮਿਲਾ ਦਿਓ,
ਇਕ ਵੇਰਾ ਮੁੱਖ ਪੁੱਤ ਦਾ ਵਿਖਾ ਦਿਓ।

(ਦੇਖੋ ਬਾਕੀ ਫੁਟਨੋਟ ਪੰਨਾ ੪੨ 'ਤੇ)

'ਤੇ ਪੁਜੀਆਂ। ਅੱਗੋਂ ਬੂਹਾ ਬੰਦ ਸੀ। ਉਹਨਾਂ ਹਾੜੇ ਕੱਢੇ, ਵਾਸਤੇ ਪਾਏ,

---

(ਦੇਖੋ ਪੰਨਾ ੪੧ ਦਾ ਬਾਕੀ ਫੁਟਨੋਟ)

ਹਾਇ, ਮੇਰੇ ਕਾਲਜੇ ਨੂੰ ਘੇਰਾਂ ਪੈਂਦੀਆਂ,
ਥਣਾਂ ਵਿਚੋਂ ਦੁੱਧ ਦੀਆਂ ਧਾਰਾਂ ਵਹਿੰਦਿਆਂ।
ਸੀਨੇ ਲੱਗੀ ਅੱਗ, ਵੈਰੀਓ ! ਬੁਝਾ ਦਿਓ,
ਇਕ ਵੇਰਾਂ ਮੁੱਖ ਪੁੱਤ ਦਾ ਵਿਖਾ ਦਿਓ।

ਰਾਵੀ ਵਿਚ ਅੱਖੀਆਂ ਨੇ ਡੋਬੂ ਲੈਂਦੀਆਂ,
ਪੁੱਤ ਦੇ ਵਿਯੋਗ ਡੱਕੀਆਂ ਨਾ ਰਹਿੰਦੀਆਂ।
ਫੱਟਾਂ 'ਤੇ ਮਿਲਾਪ ਦੀ ਮਲ੍ਹਮ ਲਾ ਦਿਓ,
ਇਕ ਵੇਰਾ ਮੁੱਖ ਪੁੱਤ ਦਾ ਵਿਖਾ ਦਿਓ।

ਬੂਹਾ ਖੜਕਾਇਆ ਹੁਣ ਤਾਂ ਬਥੇਰਾ ਵੇ,
ਹੋਰ ਮੈਥੋਂ ਪਾਪੀਓ ਨਾ ਹੁੰਦਾ ਜੇਰਾ ਵੇ।
ਅੱਡ ਕੇ ਖਲੋਤੀ ਝੋਲੀ ਖ਼ੈਰ ਪਾ ਦਿਓ,
ਇਕ ਵੇਰਾਂ ਮੁੱਖ ਪੁੱਤ ਦਾ ਵਿਖਾ ਦਿਓ।

ਹੱਥ ਨਾਲ ਨਹੀਂ ਸੀ ਚੁੱਕਿਆ ਗਲਾਸ ਵੇ,
ਬੂਹਾ ਕੁੱਟਦੀ ਦਾ ਉਡ ਗਿਆ ਮਾਸ ਵੇ।
ਵਗ ਰਿਹਾ ਖ਼ੂੰਨ ਮਲ੍ਹਮ ਲਗਾ ਦਿਓ,
ਇਕ ਵੇਰਾਂ ਮੁੱਖ ਪੁੱਤ ਦਾ ਵਿਖਾ ਦਿਓ।

ਰਾਣੀ ਆਹ ਖਲੋਤੀ ਮੇਰੇ 'ਨੌਨਿਹਾਲ' ਦੀ,
ਕੂਕ ਸੁਣ ਲਓ ਵੇ ਕੋਈ ਏਸੇ ਬਾਲ ਦੀ।
ਏਸੇ 'ਤੇ ਤਰਸ ਖਾਓ, ਬੂਹਾ ਲਾਹ ਦਿਓ,
ਪਤੀ, ਇਹਦਾ 'ਕੇਰਾਂ ਏਸ ਨੂੰ ਮਿਲਾ ਦਿਓ।

ਲਾਡਲੀ ਏ ਇਹ ਤਾਂ ਰੋਣ ਵੀ ਨਹੀਂ ਜਾਣਦੀ,
ਜਾਣੇ ਕੀ ਵਿਯੋਗ ਕੋਈ ਇਹਦੇ ਹਾਣ ਦੀ।
ਵੇਖਿਓ ਜੇ ਕਿਤੇ ਨਾ ਜੁਦਾਈ ਪਾ ਦਿਓ,
ਹਾਏ ਇਹਦਾ ਪਤੀ ਏਸ ਨੂੰ ਮਿਲਾ ਦਿਓ।

ਏਸ ਦੀਆਂ ਚੀਕਾਂ ਜਾਣ ਨਾ ਸਹਾਰੀਆਂ,
ਮੇਰੇ ਦਿਲ ਉਤੇ ਚੱਲ ਰਹੀਆਂ ਆਰੀਆਂ।
ਡਿੱਗੀ ਹੋ ਬੇਹੋਸ਼ ਮੁੱਖ ਪਾਣੀ ਪਾ ਦਿਓ,
ਹਾਏ ਇਹਦਾ ਪਤੀ ਏਸ ਨੂੰ ਮਿਲਾ ਦਿਓ।

(ਦੇਖੋ ਬਾਕੀ ਫੁਟਨੋਟ ਪੰਨਾ ੪੩ 'ਤੇ)

ਅਰਜ਼ੋਈਆਂ ਕੀਤੀਆਂ, ਤਖ਼ਤੇ ਕੁੱਟ ਕੁੱਟ ਕੇ ਕੋਮਲ ਹੱਥਾਂ ਵਿਚੋਂ ਲਹੂ ਕੱਢ ਲਿਆ, ਪਰ ਪੱਥਰ ਦਿਲ *ਡੋਗਰਿਆਂ ਨੇ ਬੂਹਾ ਨਾ ਖੋਲ੍ਹਿਆ।

ਪੁੱਤਰਾਂ ਦੇ ਦੁੱਖ ਕੇਵਲ ਮਾਵਾਂ ਹੀ ਜਾਣ ਸਕਦੀਆਂ ਹਨ। ਕੰਵਰ ਦਾ ਦੁੱਖ ਚੰਦ ਕੌਰ ਤੋਂ ਪੁੱਛੋ। ਹੋਰ ਕੌਣ ਜਾਣੇ?

---

*ਡੋਗਰਿਆਂ ਨੇ ਕੰਵਰ ਦੀ ਰਾਣੀ, ਮਾਤਾ ਜਾਂ ਉਸ ਦੇ ਧੜੇ ਦੇ ਕਿਸੇ ਹੋਰ ਆਦਮੀ ਨੂੰ ਕੋਲ ਨਹੀਂ ਸੀ ਜਾਣ ਦਿੱਤਾ।

(ਦੇਖੋ ਪੰਨਾ ੪੨ ਦਾ ਬਾਕੀ ਫੁਟਨੋਟ)

ਇਹਨੂੰ ਤਾਂ ਕੱਲੀ ਨੂੰ ਘੜੀ ਨਾ ਵਿਹਾਇਗੀ,
ਪਤੀ ਦੇ ਵਿਯੋਗ ਵਿਚ ਮਰ ਜਾਏਗੀ।
ਜੋੜੀ ਵਿਚ ਕਿਤੇ ਭੰਗਣਾ ਨਾ ਪਾ ਦਿਓ,
ਹਾਏ, ਇਹਦਾ ਪਤੀ ਏਸ ਨੂੰ ਮਿਲਾ ਦਿਓ।

ਮੈਂ ਹਾਂ ਮਹਾਰਾਣੀ, 'ਕੌਰ' ਜੀ ਦੀ ਮਾਈ ਵੇ,
ਬੂਹੇ 'ਚ ਖਲੋਤੀ ਦੇਂਦੀਆਂ ਦੁਹਾਈ ਵੇ।
ਝਿੜਕ ਪਿਛਾਂਹ ਨਾ ਡਾਂਢਿਓ। ਹਟਾ ਦਿਓ,
ਇਕ ਵੇਰਾਂ ਮੁੱਖ ਪੁੱਤ ਦਾ ਵਿਖਾ ਦਿਓ।

ਭਾਸੇ ਮੈਨੂੰ ਕੋਈ ਮੇਰਾ ਦਿਲ ਤੋੜਦਾ,
ਮਾਰ ਮਾਰ ਵੱਟੇ ਮੇਰਾ ਸਿਰ ਫੋੜਦਾ।
ਹੱਤਿਆਰਿਓ! ਨਾ ਸੱਚ ਹੀ ਬਣਾ ਦਿਓ,
ਇਕ ਵੇਰਾਂ ਮੁੱਖ ਪੁੱਤ ਦਾ ਵਿਖਾ ਦਿਓ।

ਵੇਖ ਕੇ ਮੈਂ ਛੇਤੀ ਹੀ ਪਰਤ ਆਵਾਂਗੀ,
ਬੱਸ ਪੰਜ ਮਿੰਟ, ਨਹੀਂ ਦੇਰ ਲਾਵਾਂਗੀ।
ਚਿਰ ਜੇ ਮੈਂ ਲਾਇਆ ਬੇਸ਼ਕ ਉਠਾ ਦਿਓ,
ਇਕ ਵੇਰਾਂ ਮੁੱਖ ਪੁੱਤ ਦਾ ਵਿਖਾ ਦਿਓ।

'ਸੀਤਲ' ਜੀ ਛਮ-ਛਮ ਨੀਰ ਡੋਲ੍ਹਦੀ,
ਡਿੱਗਦੀ ਜ਼ਿਮੀਂ 'ਤੇ ਚੰਦ ਕੌਰ ਬੋਲਦੀ।
ਬਚੜੇ ਦੇ ਕੋਲ ਅੰਮੀ ਨੂੰ ਪੁਚਾ ਦਿਓ,
ਇਕ ਵੇਰਾਂ ਮੁੱਖ ਪੁੱਤ ਦਾ ਵਿਖਾ ਦਿਓ।

"ਤਪੀਦਨਹਾ ਚਿ ਮੇ ਦਾਨਦ ਦਿਲੇ ਅਫ਼ਸੁਰਦਾ ਇ ਜ਼ਾਹਿਦ!
ਅਦਾਇ ਕਾਵਿਸ਼ਿ ਨਸ਼ਤਰ ਰਗੇ ਬੇਖ਼ੂੰ ਚਿ ਮੇ ਦਾਨਦ।"
"ਵੁਹੀ ਸਮਝੇਗਾ ਮੇਰੇ ਜ਼ਖਮਿ ਦਿਲ ਕੋ
ਜਿਗਰ ਪਰ ਜਿਸ ਕੇ ਇਕ ਨਾਸੂਰ ਹੋਗਾ।"
"ਤੰਦਰੁਸਤ ਨੂੰ ਸਾਰ ਕੀ ਦੁਖੜੇ ਦੀ
ਜਾ ਕੇ ਪੁਛ ਲੈ ਕਿਸੇ ਬੀਮਾਰ ਕੋਲੋਂ।"
"ਸੋ ਜਾਣੈ, ਜਿਸੁ ਵੇਦਨ ਹੋਵੈ।"

ਪੁੱਤਰ ਦੇ ਵਿਛੋੜੇ ਦੀ ਮਾਰੀ ਮਾਂ ਦੀਆਂ ਦੁਹਾਈਆਂ ਕਿਲ੍ਹੇ ਦੀਆਂ ਕੰਧਾਂ ਕੰਬਾ ਰਹੀਆਂ ਸਨ।†

ਚੰਦ ਕੌਰ ਦੇ ਅੱਜ ਸਾਰੇ ਸੱਲ ਜਾਗ ਪਏ। ਮੈਂ ਉਹਦੇ ਕਿਹੜੇ-ਕਿਹੜੇ ਦੁਖਾਂ ਬਾਬਤ ਅਰਜ਼ ਕਰਾਂ।

"ਕਿਆ ਪੂਛਤੇ ਹੋ 'ਹਮਦਮ' ਇਸ ਜਿਸਮਿ ਨਾਤਵਾਂ ਕੀ
ਰਗ ਰਗ ਮੇਂ ਦਰਦੋ-ਗ਼ਮ ਹੈ ਕਹੀਏ ਕਹਾਂ ਕਹਾਂ ਕੀ"

ਕੰਵਰ ਕਿਲ੍ਹੇ ਵਿੱਚ

ਏਧਰ ਤਾਂ ਇਹ ਕੁਝ ਹੋ ਰਿਹਾ ਹੈ ਤੇ ਚੱਲੋ ਕਿਲ੍ਹੇ ਦੇ ਅੰਦਰ ਚੱਲਕੇ ਵੇਖੀਏ, ਓਥੇ ਕੀ ਬੀਤ ਰਹੀ ਹੈ‡। ਉਹ ਛੱਜਾ ਕੰਵਰ 'ਤੇ ਨਹੀਂ ਡਿੱਗਾ ਸੀ, ਸਗੋਂ ਸਿੱਖਾਂ ਦੀ

---

† ਸੱਲ ਭਾਂਬੜ ਮੌਚਿਆਂ ਦੇ,
ਰੋ ਰੋ ਕੇ ਮਰ ਜਾਵਾਂਗੀ, ਦੁੱਖ ਬੁਰੇ ਹੁੰਦੇ ਬੱਚਿਆਂ ਦੇ,
ਜਿੰਦ ਟੁੱਟਦੀ ਏ ਮੇਰੀ ਵੇ,
ਇਕ ਵਾਰੀ ਬੋਲ ਚੰਨਾ ! ਮਾਂ ਰੋਂਦੀ ਏ ਤੇਰੀ ਵੇ।
ਚੈਨ ਦਿਲ ਨੂੰ ਨਾ ਆਵੇ ਵੇ,
ਰੋਵੇ ਤੇਰੀ ਰਾਣੀ ਚੰਨਾ ! ਦੁੱਖ ਝੱਲਿਆ ਨਾ ਜਾਵੇ ਵੇ।

‡ ਛੱਜਾ ਡਿੱਗਿਆ ਕਿਸਮਤ ਪੰਜਾਬ ਦੀ 'ਤੇ,
ਵੱਟੜ ਮਹਾਰਾਜਾ ਨੌਨਿਹਾਲ ਹੋਇਆ।
ਬੇੜੀ ਡੁੱਬੀ ਵਜ਼ੀਰ ਧਿਆਨ ਸਿੰਘ ਦੀ,
ਲਾਗੂ ਜਾਨ ਦਾ ਜਿਹੜਾ ਚੰਡਾਲ ਹੋਇਆ।

(ਦੇਖੋ ਬਾਕੀ ਫੁਟਨੋਟ ਪੰਨਾ ੪੫ 'ਤੇ)

ਕਿਸਮਤ 'ਤੇ ਡਿੱਗਾ ਸੀ, ਜਿਸ ਥੱਲੇ ਪੰਜਾਬ ਦੇ ਨਸੀਬ ਸਦਾ ਵਾਸਤੇ ਦੱਬੇ ਗਏ।

---

(ਦੇਖੋ ਪੰਨਾ ੪੪ ਦਾ ਬਾਕੀ ਫੁਟਨੋਟ)

ਘੱਤ ਪਾਲਕੀ ਕਿਲ੍ਹੇ ਦੇ ਵਿਚ ਲੈ ਗਏ,
ਬੂਹਾ ਬੰਦ ਬਾਹਰੋਂ ਹੁਕਮ ਨਾਲ ਹੋਇਆ।
ਅੱਗੇ ਸੁਣੋ ਕਲੇਜੇ 'ਤੇ ਹੱਥ ਧਰ ਕੇ,
ਜਾ ਕੇ ਵਿਚ ਮਹਿਲਾਂ ਜਿਹੜਾ ਹਾਲ ਹੋਇਆ।
ਅੰਦਰ ਇਕ ਨਵੇਕਲੇ ਵਿਚ ਕਮਰੇ,
ਉਤੇ ਪਲੰਘ ਦੇ ਕੌਰ ਲਿਟਾ ਦਿੱਤਾ।
ਫੇਰ ਅੰਦਰੋਂ ਡੋਗਰਾ ਪਾਰਟੀ ਨੇ,
ਬੂਹਾ ਭੇੜ ਕੇ ਜੰਦਰਾ ਲਾ ਦਿੱਤਾ।
ਆਈ ਹੋਸ਼, ਤਾਂ ਕੰਵਰ ਜੀ ਉਠ ਬੈਠੇ,
ਕਿਹਾ : "ਪਾਣੀ ਦਾ ਘੁੱਟ ਪਿਲਾ ਦੇਵੋ।
ਛੱਡੋ ਬਾਹਰ ਦੀ ਹਵਾ ਕੁਛ ਆਉਣ ਦੇਵੋ,
ਕੀਤਾ ਬੰਦ ਕਾਹਨੂੰ ਬੂਹਾ ਲਾਹ ਦੇਵੋ।
ਮੇਰੇ ਕਾਲਜੇ ਨੂੰ ਕੁਛ ਕੁਛ ਹੋ ਰਿਹਾ ਏ,
ਮੇਰੀ ਮਾਂ ਨੂੰ ਕੋਲ ਬੁਲਾ ਦੇਵੋ।
ਮੈਂ ਹੁਣ ਤਕੜਾ ਹਾਂ, ਫ਼ਿਕਰ ਨਾ ਕਰੇ ਕੋਈ,
ਮੇਰੀ ਰਾਣੀ ਨੂੰ ਖ਼ਬਰ ਪੁਚਾ ਦੇਵੋ"।
ਅੱਗੋਂ ਕਿਹਾ ਧਿਆਨ ਸਿੰਘ, "ਜ਼ਰਾ ਠਹਿਰੋ!
ਫੋਕਾ ਪਾਣੀ ਕੀ ? ਸ਼ਰਬਤ ਪਿਆ ਦੇਨਾਂ।
ਮਿਲ ਕੇ ਮਾਂ ਨੂੰ ਆਪ ਨੇ ਕੀ ਲੈਣੈਂ ?
ਹੁਣੇ ਪਿਤਾ ਦੇ ਕੋਲ ਪੁਚਾ ਦੇਨਾਂ।"
ਸੁਣ ਕੇ ਗੱਲ ਇਹ ਕੰਵਰ ਜੀ ਤੜਪ ਉਠੇ,
ਬੋਲੇ : "ਵੇਖਿਓ ਜੇ ! ਲੋਹੜਾ ਮਾਰਿਓ ਨਾ।
ਮੈਂ ਹਾਂ ਤੁਸਾਂ ਦੇ ਵੱਸ ਧਿਆਨ ਸਿੰਘ ਜੀ !
ਕਰਿਓ ਰਹਿਮ ਕੁਛ, ਕਹਿਰ ਗੁਜ਼ਾਰਿਓ ਨਾ।

(ਦੇਖੋ ਬਾਕੀ ਫੁਟਨੋਟ ਪੰਨਾ ੪੬ 'ਤੇ)

ਸ਼ਾਹੀ ਮਹੱਲ ਦੇ ਸਾਮ੍ਹਣੇ ਕੁਛ ਭੋਹਰੇ ਹਨ। ਓਥੇ ਹੀ ਇਹ ਭਾਣਾ ਵਰਤਿਆ। ਪਾਲਕੀ ਵਿਚੋਂ ਕੱਢ ਕੇ ਕੰਵਰ ਜੀ ਨੂੰ ਇਕ ਕਮਰੇ ਵਿਚ ਪਲੰਘ 'ਤੇ ਲਿਟਾਇਆ ਗਿਆ। ਅੰਦਰੋਂ ਬੂਹਾ ਬੰਦ ਹੋ ਗਿਆ। ਸਮਿੱਥ (ਪੰਨਾ ੩੬) ਲਿਖਦਾ ਹੈ, ਕਿ ਉਸ ਕਮਰੇ ਵਿਚ ਧਿਆਨ ਸਿੰਘ ਤੇ ਉਸਦੇ ਦੋ ਪਹਾੜੀ ਨੌਕਰ ਕੰਵਰ ਪਾਸ ਰਹੇ। ਉਹਨਾਂ ਨੌਕਰਾਂ ਦੀ ਮਦਦ ਨਾਲ ਧਿਆਨ ਸਿੰਘ ਨੇ

---

(ਵੇਖੋ ਪੰਨਾ ੪੫ ਦਾ ਬਾਕੀ ਫੁਟਨੋਟ)

ਮਿਹਰਬਾਨੀਆਂ ਸ਼ੇਰੇ-ਪੰਜਾਬ ਦੀਆਂ,
ਯਾਦ ਰੱਖਿਓ ਦਿਲੋਂ ਵਿਸਾਰਿਓ ਨਾ।
ਜੇ ਹੋ ਰਾਜ ਦੇ ਭੁੱਖੇ, ਤਾਂ ਸਾਂਭ ਲੈ ਆਹ,
ਮੈਨੂੰ ਰਾਜ ਬਦਲੇ ਜਾਨੋਂ ਮਾਰਿਓ ਨਾ।
ਲਿਆਉ, ਤਾਜ ਪੰਜਾਬ ਦਾ ਆਪ ਹੱਥੀਂ,
ਹੀਰਾ ਸਿੰਘ ਦੇ ਸਿਰ ਪਹਿਨੌਂ ਦੇਨਾਂ।
ਕਲਮ ਆਪਣੀ ਨਾਲ ਮੈਂ ਹੁਕਮ ਲਿਖ ਕੇ,
ਉੱਤੇ ਬਾਦਸ਼ਾਹੀ ਮੋਹਰ ਲਾ ਦੇਨਾਂ।"
ਗੱਲ ਕੰਵਰ ਦੀ ਸੁਣੀ-ਅਣਸੁਣੀ ਕਰ ਕੇ,
ਫੜ ਕੇ ਬਾਂਹੀਂ ਤੋਂ ਫੇਰ ਲਿਟਾ ਦਿੱਤਾ।
"ਸਮਾਂ ਬੀਤ ਗਿਐ, ਕੰਵਰ ਜੀ ! ਖਿਮਾ ਕਰਨਾ,
ਨਹੀਂ ਇਹ ਗੱਲਾਂ ਦਾ ਵਕਤ", ਅਟਕਾ ਦਿੱਤਾ।
"ਵੇਲਾ ਅੰਤ ਦੈ, ਰੱਬ ਨੂੰ ਯਾਦ ਕਰ ਲੈ",
ਕੌੜੇ ਹੋਏ ਵਜ਼ੀਰ ਸੁਣਾ ਦਿੱਤਾ।
ਪੱਥਰ ਚੁੱਕ ਕੇ ਹੱਥੀਂ ਧਿਆਨ ਸਿੰਘ ਨੇ,
ਮਾਰ ਕੰਵਰ ਦੇ ਸਿਰ ਫੁੰਦਲਾ ਦਿੱਤਾ।
ਹਿਰਦਾ ਕੰਬਿਆ ਨਾ, ਨਾ ਹੀ ਹੱਥ ਡੋਲੇ,
ਜਦੋਂ ਕੰਵਰ ਜੀ ਨੂੰ ਪੱਥਰ ਮਾਰਿਓ ਸੁ।
"ਸੀਤਲ" ਸ਼ੇਰੇ-ਪੰਜਾਬ ਦੀਆਂ ਨੇਕੀਆਂ ਦਾ,
ਅੱਜ ਇਹ ਸਿਰੋਂ ਅਹਿਸਾਨ ਉਤਾਰਿਉ ਸੂ।

ਕੰਵਰ ਜੀ ਦਾ ਸਿਰ ਪੱਥਰ ਮਾਰ ਮਾਰ ਕੇ ਫਿਹ ਦਿੱਤਾ*। ਮਾਨੋ ਸ਼ੇਰੇ-ਪੰਜਾਬ ਦੀਆਂ ਨੇਕੀਆਂ ਦਾ ਬਦਲਾ ਧਿਆਨ ਸਿੰਘ ਨੇ ਉਤਾਰ ਦਿੱਤਾ†।

**ਨੌਨਿਹਾਲ ਸਿੰਘ ਕਤਲ**

ਥੋੜ੍ਹੇ ਚਿਰ ਪਿੱਛੋਂ ਕਮਰੇ ਦਾ ਬੂਹਾ ਖੁੱਲ੍ਹਾ, ਤਾਂ ਸਾਰੇ ਲਹੂ ਮਿੱਝ ਦਾ ਘਾਣ ਵੱਜਾ ਪਿਆ ਸੀ। ਲੋਕ-ਦਿਖਾਵੇ ਮਾਤਰ ਦਰਬਾਰੀ ਡਾਕਟਰ ਜਾਨਮਾਰਟਨ, ਹੋਨਿੰਗਬਰਗਰ (J.M. Honingberger) ਨੂੰ ‡ਬੁਲਾਇਆ ਗਿਆ। ਜਦ ਡਾਕਟਰ ਪਹੁੰਚਾ, ਸਭ ਕਾਰਾ ਹੋ ਚੁੱਕਾ ਸੀ। ਧਿਆਨ ਸਿੰਘ ਨੇ ਡਾਕਟਰ ਨੂੰ ਕੱਸ ਕੇ ਕਿਹਾ, "ਵੇਖਣਾ ! ਕੰਵਰ ਦੀ ਮੌਤ ਦੀ ਖ਼ਬਰ ਬਾਹਰ ਨਾ ਨਿਕਲੇ।" ਡਾਕਟਰ ਵਾਪਸ ਮੁੜਿਆ, ਤਾਂ ਧਿਆਨ ਸਿੰਘ ਨੇ ਪਿੱਛੋਂ ਉੱਚੀ ਅਵਾਜ਼ ਵਿਚ

---

*ਗਾਰਡਨਰ ਕਹਿੰਦਾ ਹੈ, "ਉਹ (ਪਾਲਕੀ ਚੁੱਕ ਕੇ ਅੰਦਰ ਲੈ ਜਾਣ ਵਾਲੇ) ਮੇਰੇ ਤੋਪਖ਼ਾਨੇ ਦੇ ਸਿਪਾਹੀ ਸਨ ਤੇ ਗਿਣਤੀ ਵਿੱਚ ਪੰਜ ਸਨ। ਦੋ ਅੰਦਰਖ਼ਾਨੇ ਮਾਰ ਦਿੱਤੇ ਗਏ, ਦੋ ਬਚ ਕੇ ਹਿੰਦੁਸਤਾਨ ਨੂੰ ਨੱਸ ਗਏ ਤੇ ਪੰਜਵੇਂ ਬਾਬਤ ਕੋਈ ਪਤਾ ਨਹੀਂ। (ਉਹ ਕਤਲ ਕਿਉਂ ਕੀਤੇ ਗਏ ? ਕਿਉਂਕਿ ਉਹਨਾਂ) ਪਾਲਕੀ ਚੁੱਕਣ ਵਾਲਿਆਂ ਵਿਚੋਂ ਇਕ ਨੇ ਮਗਰੋਂ ਦੱਸਿਆ, ਕਿ ਜਿਸ ਵੇਲੇ ਉਹਨੇ ਆਪ ਸ਼ਹਿਜ਼ਾਦੇ ਨੂੰ ਚੁੱਕ ਕੇ ਪਾਲਕੀ ਵਿਚ ਰੱਖਿਆ, ਤਾਂ ਉਸ ਨੇ ਵੇਖਿਆ, ਕਿ ਸ਼ਹਿਜ਼ਾਦੇ ਦੇ ਸੱਜੇ ਕੰਨ ਉਪਰ ਇਕ ਜ਼ਖ਼ਮ ਸੀ, ਜਿਸ ਵਿਚੋਂ ਏਨਾ ਥੋੜ੍ਹਾ ਖ਼ੂਨ ਨਿਕਲਦਾ ਸੀ, ਜਿਸ ਦਾ ਸਿਰ ਹੇਠ ਰੱਖੇ ਸਰ੍ਹਾਣੇ ਦੇ ਕੱਪੜੇ 'ਤੇ ਸਿਰਫ਼ ਇਕ ਰੁਪਇਆ ਭਰ ਦਾਗ਼ ਲੱਗਾ। ਉਸ ਨੇ ਹੋਰ ਦੱਸਿਆ, ਕਿ ਸ਼ਹਿਜ਼ਾਦੇ ਦੇ ਪਾਲਕੀ ਵਿਚੋਂ ਬਾਹਰ ਲੈ ਜਾਣ ਤੋਂ ਪਹਿਲੋਂ ਖ਼ੂਨ ਨਾ ਵਗਿਆ ਤੇ ਨਾ ਸਿੰਮਿਆਂ। ਪਰ ਹੈਰਾਨੀ ਦੀ ਗੱਲ ਹੈ, ਜਦ ਕਮਰਾ ਖੁੱਲ੍ਹਾ ਜਿਸ ਵਿਚ ਰਾਜੇ (ਧਿਆਨ ਸਿੰਘ) ਨੇ ਕੰਵਰ ਨੂੰ ਪਹਿਲਾਂ ਰਖਿਆ ਸੀ—ਤਾਂ ਵੇਖਿਆ, ਕਿ ਉਸ ਕੱਪੜੇ ਉਤੇ ਜਿਸ 'ਤੇ ਲਾਸ਼ ਪਈ ਸੀ, ਸਿਰ ਦੇ ਉਦਾਲੇ ਲਹੂ ਦੇ ਛੱਪੜ ਲੱਗੇ ਹੋਏ ਸਨ ਤੇ ਵਧੇਰੇ ਖ਼ੂਨ ਵਗਿਆ ਹੋਇਆ ਤੇ ਜੰਮਿਆਂ ਹੋਇਆ ਸੀ। (Smyth) ਸਮਿਥ, ਪੰਨਾ ੩੬ ਦਾ ਫੁੱਟਨੋਟ।

†ਪਹਿਲਾਂ ਏਹੋ ਡੋਗਰੇ (ਗੁਲਾਬ ਸਿੰਘ ਤੇ ਧਿਆਨ ਸਿੰਘ) ਫ਼ੌਜ ਵਿਚ ੩-੩ ਰੁਪੈ ਮਹੀਨੇ 'ਤੇ ਭਰਤੀ ਹੋਏ ਸਨ। ਪੰਜਾਬ ਦੇ ਮੰਦੇ ਭਾਗਾਂ ਨੂੰ ਸ਼ੇਰੇ-ਪੰਜਾਬ ਦੀ ਨਜ਼ਰ ਪੈ ਗਏ ਤੇ ਰਾਜੇ ਤੇ ਵਜ਼ੀਰ ਬਣੇਂ ਦਿੱਤੇ ਗਏ, ਜਿਸ ਦਾ ਬਦਲਾ ਇਹਨਾਂ ਇਉਂ ਚੁਕਾਇਆ।

‡ਡਾ. ਗੰਡਾ ਸਿੰਘ।

ਕਿਹਾ, "ਡਾਕਟਰ ਸਾਹਿਬ! ਕੰਵਰ ਸਾਹਿਬ ਕੁੱਕੜ ਦੀ ਤਰੀ ਮੰਗਦੇ ਹਨ, ਦੇ ਦਿੱਤੀ ਜਾਵੇ ?" ਉੱਤਰ ਵਿਚ ਡਾਕਟਰ ਨੇ ਕਿਹਾ, "ਹੁਣ ਤਰੀ ਦੀ ਲੋੜ ਨਹੀਂ, ਸਾਬਤ ਮੁਰਗ਼ਾ ਛਕਾਉ, ਛਕਣਗੇ।"

ਕੰਵਰ ਸਾਹਿਬ* ਦਿਲ ਦੀਆਂ ਦਿਲ ਵਿਚ ਲੈ ਕੇ ਇਸ ਭਰੀ ਦੁਨੀਆਂ ਤੋਂ ਚਲ ਬਸੇ।

"ਸੌਦਾ ਜਹਾਂ ਸੇ ਆ ਕੇ ਕੋਈ ਕੁਛ ਨਾ ਲੇ ਗਿਆ
ਜਾਤਾ ਹੂੰ ਏਕ ਮੈਂ ਹੀ ਦਿਲ ਮੈਂ ਆਰਜ਼ੂ ਲੀਏ"

ਕੰਵਰ ਨੌਨਿਹਾਲ ਸਿੰਘ ਇਕ ਸਾਲ, ੨੯ ਦਿਨ ਰਾਜ ਕਰਕੇ, ੧੯ ਸਾਲ, ੭ ਮਹੀਨੇ, ੨੭ ਦਿਨ ਦੀ †ਉਮਰ ਭੋਗ ਕੇ, ਵੀਰਵਾਰ, ੫ ਨਵੰਬਰ, ੧੮੪੦ ਈ. ਨੂੰ ਡੋਗਰਾ-ਗਰਦੀ ਦਾ ਸ਼ਿਕਾਰ ਹੋ ਗਏ।

**ਧਿਆਨ ਸਿੰਘ ਸੋਚਾਂ ਵਿਚ**

ਹੁਣ ਧਿਆਨ ਸਿੰਘ ਸੋਚਦਾ ਹੈ, 'ਜੇ ਅੱਜੋ ਹੀ ਤਖ਼ਤ ਉੱਤੇ ਆਪਣੇ ਪੁੱਤਰ-ਹੀਰਾ ਸਿੰਘ ਨੂੰ ਬਿਠਾਵਾਂ, ਤਾਂ ਅਜੇ ਸ਼ੇਰੇ-ਪੰਜਾਬ ਦੇ ਛੇ ਪੁੱਤਰ ਬਾਕੀ ਹਨ। ਉਹ ਸਾਨੂੰ ਰਾਜ ਨਹੀਂ ਕਰਨ ਦੇਣਗੇ। ਹੋਵੇ ਨਾਂ, ਤਾਂ ਜਿਵੇਂ ਖੜਕ ਸਿੰਘ ਤੇ ਨੌਨਿਹਾਲ ਸਿੰਘ ਨੂੰ ਸੰਭਾਲ ਲਿਆ ਹੈ, ਏਵੇਂ ਹੀ ਬਾਕੀਆਂ ਵਾਲਾ ਵੀ ਕੀਰਤਨ ਸੋਹਿਲਾ ਪੜ੍ਹ ਲਿਆ ਜਾਵੇ ਤੇ ਫੇਰ ਬੇ-ਖਟਕੇ ਰਾਜ ਕਰੀਏ।

ਹੁਣ ਉਸਦੀ ਨਜ਼ਰ ਕੰਵਰ ਸ਼ੇਰ ਸਿੰਘ 'ਤੇ ਪਈ। ਉਹਨੇ ਸਾਰਾ ਹਾਲ ਲਿਖ ਕੇ ਉਸਨੂੰ ਭੇਜਿਆ‡। ਓਧਰ ਵਜ਼ੀਰ ਨੇ ਮਹਾਰਾਣੀ ਚੰਦ ਕੌਰ ਨੂੰ

---

*ਜੇ ਕੰਵਰ ਜੀ ਏਥੋਂ ਬਚ ਜਾਂਦੇ, ਤਾਂ ਉਹਨਾਂ ਦੀ ਪਾਲਸੀ ਸਾਰੇ ਡੋਗਰਿਆਂ ਨੂੰ ਤਬਾਹ ਕਰ ਦੇਣ ਦੀ ਸੀ। ਕੰਵਰ ਜੀ ਏਸ ਕੰਮ ਵਿਚ ਕਾਮਯਾਬ ਹੋ ਜਾਂਦੇ, ਤਾਂ ਸ਼ਾਇਦ ਸਿੱਖ ਰਾਜ ਬਚ ਰਹਿੰਦਾ।

†ਕੰਵਰ ਜੀ ਦਾ ਜਨਮ ੯ ਮਾਰਚ, ੧੮੨੧ ਈ. (ਫੱਗਣ, ੧੮੭੭ ਬਿਕ੍ਰਮੀ) ਨੂੰ ਹੋਇਆ।

‡ਵਿਚ ਵਟਾਲੇ ਕੌਰ ਦੀ ਸਭ ਖ਼ਬਰ ਪੁਚਾਈ
ਸ਼ੇਰ ਸਿੰਘ ਗੱਲ ਸੁਣਦਿਆਂ ਝੱਟ ਕੀਤੀ ਧਾਈ
ਵਿਚ ਬਦਾਮੀ ਬਾਗ਼ ਦੇ ਆ ਛਾਉਣੀ ਪਾਈ
ਫੇਰ 'ਕੌਰ' ਦੇ ਮਰਨ ਦੀ ਗੱਲ ਸੁਣੀ ਲੁਕਾਈ
ਖ਼ਬਰ ਹੋਈ ਵਿਚ ਸ਼ਹਿਰ ਦੇ ਪਰਜਾ ਕੁਰਲਾਈ
ਰੋਜ਼ ਤੀਸਰੇ ਲੋਥ ਨੂੰ ਦਾਹ ਕੀਤਾ ਸਾਈ

**ਚੰਦ ਕੌਰ ਨੂੰ ਤਖ਼ਤ ਦਾ ਲਾਰਾ**

ਮਿਲ ਕੇ ਕਿਹਾ, "ਕੰਵਰ ਜੀ ਮਰ ਚੁੱਕੇ ਹਨ। ਮੈਂ ਬੜਾ ਚਾਰਾ ਕੀਤਾ, ਪਰ ਪੇਸ਼ ਕੋਈ ਨਹੀਂ ਗਈ। ਮੈਂ ਉਹਨਾਂ ਨੂੰ ਤਾਂ ਬਚਾ ਨਹੀਂ ਸਕਿਆ, ਪਰ ਜੇ ਉਹਨਾਂ ਦੀ ਮੌਤ ਦੀ ਖ਼ਬਰ ਕੁਛ ਦਿਨ ਪੜਦੇ ਵਿੱਚ ਰੱਖੋ, ਤਾਂ ਮੈਂ ਆਪ ਨੂੰ ਤਖ਼ਤ ਦਿਵਾ ਸਕਦਾ ਹਾਂ। ਪਹਿਲਾਂ ਫ਼ੌਜਾਂ ਨੂੰ ਆਪ ਨਾਲ ਸਹਿਮਤ ਕਰਨਾ ਜ਼ਰੂਰੀ ਹੈ। ਸੋ ਜੇ ਤੁਸੀਂ ਰਾਜ ਕਰਨਾ ਚਾਹੁੰਦੇ ਹੋ, ਤਾਂ ਕੰਵਰ ਦੀ ਮੌਤ ਦੀ ਕਿਤੇ ਗੱਲ ਨਾ ਕਰਨਾ।" ਏਸ ਪੱਤੇ 'ਤੇ ਲੱਗ ਕੇ ਚੰਦ ਕੌਰ ਚੁੱਪ ਕਰ ਰਹੀ।

**ਸ਼ੇਰ ਸਿੰਘ ਲਾਹੌਰ ਵਿਚ**

ਓਧਰ ਜਿਸ ਵੇਲੇ ਸ਼ੇਰ ਸਿੰਘ ਨੂੰ ਖ਼ਬਰ ਮਿਲੀ, ਉਹ ਝੱਟ ਲਾਹੌਰ ਆ ਵੜਿਆ।

ਤੀਸਰੇ ਦਿਨ ਪਿੱਛੋਂ ਕੰਵਰ ਦੀ ਲੋਥ ਦਾ ਸਸਕਾਰ—ਦਾਦੇ ਤੇ ਪਿਤਾ ਦੀ ਸਮਾਧ ਦੇ ਕੋਲ ਕੀਤਾ ਗਿਆ। ਸਮੇਂ ਤੋਂ ਪਹਿਲਾਂ ਹੀ, ਮੌਤ ਨੇ ਇਹ ਹੀਰਾ ਪੰਜਾਬੀਆਂ ਤੋਂ ਖੋਹ ਲਿਆ। ਜੇ ਕਦੇ ਉਮਰ ਸਾਥ ਦੇਂਦੀ, ਤਾਂ ਕਨਿੰਘਮ ਦੇ ਕਥਨ ਅਨੁਸਾਰ, "ਓਸ 'ਤੇ ਆਸ ਸੀ, ਕਿ ਉਹ ਇਕ ਲਾਇਕ ਤੇ ਜ਼ਬਰਦਸਤ ਹਾਕਮ ਹੁੰਦਾ। ਜੇ ਉਸਦੀ ਜ਼ਿੰਦਗੀ ਬਚ ਜਾਂਦੀ ਤਾਂ, ਜੇ ਅੰਗਰੇਜ਼ਾਂ ਦੀ ਪਾਲਸੀ ਉਸਨੂੰ ਪਹਿਲਾਂ ਹੀ ਨਾ ਹਿਲਾ ਦੇਂਦੀ, ਤਾਂ ਉਹਦੇ ਵਾਸਤੇ ਸਿੰਧ, ਅਫ਼ਗਾਨਿਸਤਾਨ ਤੇ ਹਿੰਦੂਕੁਸ਼ ਤੋਂ ਪਾਰ ਆਪਣਾ ਰਾਜ ਵਧਾਉਣ ਦਾ ਕਾਫ਼ੀ ਮੈਦਾਨ ਸੀ। ਤੇ ਸ਼ਾਇਦ ਉਹ ਇਸ ਗੱਲ ਨੂੰ ਫ਼ਖ਼ਰ ਨਾਲ ਕਹਿੰਦਾ, ਕਿ ਮਹਿਮੂਦ ਤੇ ਤੈਮੂਰ ਦੇ ਹਮਲਿਆਂ ਦਾ, ਹਿੰਦ ਦੇ ਜਾਗੇ ਹੋਏ ਜੱਟਾਂ ਨੇ ਪੂਰਾ ਬਦਲਾ ਲਿਆ ਹੈ।"*

**ਨੌਨਿਹਾਲ ਸਿੰਘ ਕਨਿੰਘਮ ਦੀਆਂ ਨਜ਼ਰਾਂ ਵਿਚ**

---

*He (Nau-Nihal Singh) promised to be an able and vigorous ruler, and had his life been spared and had not English Policy partly forestalled him, he would have found an ample field for his ambition in Sind, in Afghanistan and beyond the Hindu kush and be might perhaps at last have boasted that inroads of Mahmud and Taimur had been fully avenged by aroused peasants of India. (Cunningham, (1849) P. 245.

# ਮਹਾਰਾਣੀ ਚੰਦ ਕੌਰ

ਇਹ ਪਿੱਛੇ ਆ ਚੁੱਕਾ ਹੈ, ਕਿ ਤਿੱਜੇ ਦਿਨ ਪਿੱਛੋਂ ਸ਼ੇਰ ਸਿੰਘ ਦੇ ਆਉਣ 'ਤੇ ਕੰਵਰ ਦੀ ਲੋਥ ਦਾ ਸਸਕਾਰ ਹੋਇਆ। ਇਹਨਾਂ ਹੀ ਦਿਨਾਂ ਵਿਚ ਮਹਾਰਾਣੀ ਚੰਦ ਕੌਰ ਨੇ ਸਾਰੇ ਸਰਦਾਰਾਂ ਵਿਚ ਪਰਗਟ ਕਰ ਦਿੱਤਾ, ਕਿ "ਕੰਵਰ ਦੀ ਰਾਣੀ* (ਬੀਬੀ ਨਾਨਕੀ, ਪੁੱਤਰੀ ਸ: ਸ਼ਾਮ ਸਿੰਘ ਅਟਾਰੀ) ਦੇ ਬਾਲ ਹੋਣ ਵਾਲਾ ਹੈ। ਉਹ ਲੜਕਾ ਹੋਵੇ, ਤਾਂ ਰਾਜ ਦਾ ਅਸਲੀ ਹੱਕਦਾਰ ਉਹ ਹੋਵੇਗਾ, ਤੇ ਜੇ ਲੜਕੀ ਹੋਵੇ, ਤਾਂ ਜਿਵੇਂ ਸਰਦਾਰਾਂ ਦੀ ਮਰਜ਼ੀ ਹੋਵੇ। ਪਰ ਬੱਚੇ ਦੇ ਜਨਮ ਤੱਕ ਗੱਦੀ ਰਾਖਵੀਂ ਰੱਖੀ ਜਾਵੇ।" ਏਸ ਗੱਲ ਦਾ ਲੋਕਾਂ 'ਤੇ ਬੜਾ ਅਸਰ ਹੋਇਆ। ਸੰਧਾਵਾਲੀਏ ਤੇ ਕਈ ਹੋਰ ਸਰਦਾਰ ਚੰਦ ਕੌਰ ਦੀ ਮਦਦ 'ਤੇ ਹੋ ਗਏ।

**ਨੌਨਿਹਾਲ ਸਿੰਘ ਦੇ ਘਰ ਬਾਲ ਹੋਣ ਵਾਲਾ**

ਓਧਰੋਂ—ਤਖ਼ਤ ਦੇ ਦਾਅਵੇ ਵਾਸਤੇ ਧਿਆਨ ਸਿੰਘ ਦਾ ਬੁਲਾਇਆ ਹੋਇਆ—ਸ਼ੇਰ ਸਿੰਘ ਵੀ ਆ ਗਿਆ। ਵਜ਼ੀਰ ਧਿਆਨ ਸਿੰਘ ਤੇ ਮਿਸਟਰ ਕਲਾਰਕ† ਅੰਗਰੇਜ਼ੀ ਏਜੰਟ (ਰਾਜਦੂਤ) ਨੇ ਸ਼ੇਰ ਸਿੰਘ ਨੂੰ ਨੌਨਿਹਾਲ ਸਿੰਘ ਦਾ ਜਾਨਸ਼ੀਨ—ਪੰਜਾਬ ਦਾ ਬਾਦਸ਼ਾਹ—ਮੰਨ ਲਿਆ, ਪਰ ਸੰਧਾਵਾਲੀਆਂ ਦਾ ਧੜਾ ਏਨਾ ਭਾਰਾ ਹੋ ਗਿਆ, ਕਿ ਸ਼ੇਰ ਸਿੰਘ ਤਖ਼ਤ 'ਤੇ ਕਬਜ਼ਾ ਨਾ ਕਰ ਸਕਿਆ। ਸੰਧਾਵਾਲੀਆਂ ਦੀ ਤਾਕਤ ਵੇਖ ਕੇ ਰਾਜਾ ਗੁਲਾਬ ਸਿੰਘ ਵੀ ਉਹਨਾਂ ਵੱਲੇ ਹੋ ਗਿਆ। ਇਹ ਡੋਗਰਿਆਂ ਦੀ ਚਾਲ ਸੀ। ਧਿਆਨ ਸਿੰਘ ਸ਼ੇਰ ਸਿੰਘ ਵੱਲੇ

**ਸ਼ੇਰ ਸਿੰਘ ਤਖ਼ਤ ਵਾਸਤੇ ਲਾਹੌਰ ਵਿਚ**

---

*(Cunningham) ਕਨਿੰਘਮ (੧੯੪੯) ਪੰਨਾ ੨੪੬। ਮ: ਦਲੀਪ ਸਿੰਘ ਪੰਨਾ ੧੯।

†(Cunningham) ਕਨਿੰਘਮ (੧੯੪੯) ਪੰਨਾ ੨੪੫।

ਤੇ ਗੁਲਾਬ ਸਿੰਘ ਚੰਦ ਕੌਰ ਵੱਲੇ, ਪਈ, ਭਾਵੇਂ ਕੋਈ ਧੜਾ ਜਿੱਤੇ, ਡੋਗਰੇ ਅੱਗੇ ਰਹਿਣ।

ਸੰਭਵ ਸੀ, ਕਿ ਆਪਸ ਵਿਚ ਤਲਵਾਰ ਖੜਕ ਪੈਂਦੀ, ਪਰ ਕੁਛ ਦੂਰ ਦੀ ਸੋਚਣ ਵਾਲਿਆਂ ਨੇ ਸੁਲ੍ਹਾ ਦਾ ਇਕ ਹੋਰ ਰਾਹ ਕੱਢ ਲਿਆ। ਤਜਵੀਜ਼ ਹੋਈ, ਕਿ ਮਹਾਰਾਣੀ ਚੰਦ ਕੌਰ ਤੇ ਕੰਵਰ ਸ਼ੇਰ ਸਿੰਘ ਦਾ ਆਪਸ ਵਿਚ ਪੁਨਰ-ਵਿਆਹ (ਚਾਦਰ ਪਾਉਣੀ) ਕਰ ਦਿੱਤਾ ਜਾਵੇ ਤੇ ਰਾਜ ਪਰਬੰਧ ਇਹਨਾਂ ਦੋਹਾਂ ਦੇ ਹਵਾਲੇ ਕਰ ਦਿੱਤਾ ਜਾਵੇ, ਤਾਂ ਕਿ ਦੋਵੇਂ ਤਾਕਤਾਂ ਆਪਸ ਵਿਚ ਖਹਿਣ ਨਾ, ਸਗੋਂ ਕੱਠੀਆਂ ਹੋ ਜਾਣ। ਇਹ ਕੰਮ ਡੋਗਰਿਆਂ ਨੂੰ ਪਸੰਦ ਨਹੀਂ ਸੀ। ਸੋ ਉਹਨਾਂ ਨੇ ਦੋਹਾਂ ਧਿਰਾਂ ਨੂੰ ਚੁੱਕ-ਚੁਕਾ ਕੇ ਵਿਆਹ ਨੇਪਰੇ ਨਾ ਚੜ੍ਹਨ ਦਿੱਤਾ। ਵਿਆਹ ਰੁਕ ਗਿਆ, ਪਰ ਕਈ ਸਰਦਾਰਾਂ ਦੇ ਉੱਦਮ ਨਾਲ ਇਹ ਫ਼ੈਸਲਾ ਹੋ ਗਿਆ, ਕਿ ਹੋਣ ਵਾਲੇ ਬੱਚੇ ਦੇ ਨਾਮ ਉੱਤੇ ਮਹਾਰਾਣੀ ਚੰਦ ਕੌਰ ਤਖ਼ਤ 'ਤੇ ਬੈਠੇ, ਧਿਆਨ ਸਿੰਘ ਵਜ਼ੀਰ ਬਣੇ ਤੇ ਸ਼ੇਰ ਸਿੰਘ ਰਾਜ ਸਭਾ ਦਾ ਪਰਧਾਨ ਬਣੇ*।

**ਸ਼ੇਰ ਸਿੰਘ ਤੇ ਧਿਆਨ ਸਿੰਘ ਲਾਹੌਰੋਂ ਚਲੇ ਗਏ**

ਛੇਤੀ ਹੀ ਧਿਆਨ ਸਿੰਘ ਤੇ ਸ਼ੇਰ ਸਿੰਘ ਏਸ ਖ਼ਿਆਲ 'ਤੇ ਲਾਹੌਰੋਂ ਚਲੇ ਗਏ, ਕਿ ਫ਼ੌਜ ਨੂੰ ਆਪਣੇ ਨਾਲ ਗੰਢ ਕੇ ਚੰਦ ਕੌਰ ਦੇ ਵਿਰੁੱਧ ਲਾਹੌਰ 'ਤੇ ਧਾਵਾ ਕੀਤਾ ਜਾਵੇ। ਇਹਨਾਂ ਦੇ ਮਗਰੋਂ ਅਤਰ ਸਿੰਘ ਸੰਧਾਵਾਲੀਆ ਵਜ਼ਾਰਤ ਦਾ ਕੰਮ ਕਰਨ ਲੱਗਾ।

ਰਾਜਾ ਧਿਆਨ ਸਿੰਘ ਭਾਵੇਂ ਜੰਮੂ ਨੂੰ ਤੁਰ ਗਿਆ ਸੀ, ਪਰ ਉਸਦੇ ਛੱਡੇ ਹੋਏ ਨੀਤਕ-ਚੂਹੇ ਪੰਜਾਬ ਰਾਜ ਦੀਆਂ ਨੀਹਾਂ ਖੋਖਲੀਆਂ ਕਰਨ ਵਾਸਤੇ ਲਾਹੌਰ ਵਿਚ ਕਾਫ਼ੀ ਸਨ। ਉਹਨਾਂ ਫ਼ੌਜੀ ਪੰਚਾਂ ਨੂੰ ਚੰਦ ਕੌਰ ਦੇ ਉਲਟ ਸ਼ੇਰ ਸਿੰਘ ਦੀ ਮਦਦ ਵਾਸਤੇ ਉਭਾਰਨਾ ਸ਼ੁਰੂ ਕਰ ਦਿੱਤਾ। ਕਹਿੰਦੇ 'ਰਾਜ ਬਦਲਨ ਦੀ ਖ਼ੁਸ਼ੀ ਵਿਚ ਮਹਾਰਾਣੀ ਨੇ ਫ਼ੌਜਾਂ ਨੂੰ ਇਨਾਮ ਨਹੀਂ ਦਿੱਤਾ, ਜੇ ਸ਼ੇਰ ਸਿੰਘ ਤਖ਼ਤ 'ਤੇ ਬਹਿੰਦਾ, ਤਾਂ ਇਨਾਮ ਵੀ ਮਿਲਦਾ ਤੇ ਤਨਖ਼ਾਹ ਵਿਚ ਵੀ ਵਾਧਾ ਹੁੰਦਾ। ਨਾਲੇ ਸੰਧਾਵਾਲੀਏ ਅੰਗਰੇਜ਼ਾਂ ਦੇ ਮਿੱਤਰ ਹਨ ਤੇ

---

*(Cunningham) ਕਨਿੰਘਮ (੧੮੪੯), ਪੰਨਾ ੨੪੬।

ਏਸ ਵੇਲੇ ਰਾਜ ਪਰਬੰਧ ਉਹਨਾਂ ਦੇ ਹੱਥ ਵਿਚ ਹੈ। ਉਹ ਪੰਜਾਬ ਅੰਗਰੇਜ਼ਾਂ ਦੇ ਹਵਾਲੇ ਕਰ ਦੇਣਗੇ।' ਡੋਗਰਿਆਂ ਦਾ ਇਹ ਜਾਦੂ ਚੱਲ ਗਿਆ ਤੇ ਫ਼ੌਜਾਂ ਵਿਚ ਇਸ ਗੱਲ ਦੀ ਚਰਚਾ ਹੋਣ ਲੱਗ ਪਈ। ਉੱਤੋਂ ਹੀਰਾ ਸਿੰਘ ਨੇ ਵੱਤਰ ਸੰਭਾਲਦਿਆਂ ਹੋਇਆਂ ਕਿਹਾ, "ਜਦ ਮਹਾਰਾਜਾ ਰਣਜੀਤ ਸਿੰਘ ਦਾ ਦੂਸਰਾ ਪੁੱਤਰ--ਕੰਵਰ ਸ਼ੇਰ ਸਿੰਘ--ਰਾਜ-ਗੱਦੀ ਦੇ ਲਾਇਕ ਹੈ, ਤਾਂ ਤੁਸੀਂ ਉਸਨੂੰ ਕਿਉਂ ਬਾਦਸ਼ਾਹ ਨਹੀਂ ਬਣਾਉਂਦੇ ? ਮੈਂ ਇਕਰਾਰ ਕਰਦਾ ਹਾਂ, ਉਹਦੇ ਬਾਦਸ਼ਾਹ ਬਣਨ 'ਤੇ ਤਨਖ਼ਾਹ ਵੀ ਵਧੇਗੀ ਤੇ ਇਨਾਮ ਵੀ ਮਿਲੇਗਾ। ਮੈਂ ਹੈਰਾਨ ਹਾਂ, ਕਿ ਤੁਸੀਂ ਮਰਦ ਹੋ ਕੇ ਇਕ ਔਰਤ ਦੀ ਹਕੂਮਤ ਕਿਵੇਂ ਮੰਨੀ ਬੈਠੇ ਓ ?" ਏਹੋ ਜੇਹੀਆਂ ਕੋਈ ਤਕਰੀਰਾਂ ਸੁਣ ਕੇ ਫ਼ੌਜਾਂ ਮੰਨ ਗਈਆਂ, ਕਿ ਸ਼ੇਰ ਸਿੰਘ ਆਵੇ, ਅਸੀਂ ਉਸਦੀ ਮਦਦ ਵਾਸਤੇ ਤਿਆਰ ਹਾਂ।

**ਸ. ਜਵਾਲਾ ਸਿੰਘ ਫ਼ੌਜਾਂ ਵਿਚ**

ਕੰਵਰ ਸ਼ੇਰ ਸਿੰਘ ਦਾ ਵਕੀਲ ਸ: ਜਵਾਲਾ ਸਿੰਘ ਫ਼ੌਜਾਂ ਦੇ ਪੰਚਾਂ ਪਾਸ ਪੁੱਜਾ ਤੇ ਉਹਨਾਂ ਨਾਲ ਇਉਂ ਪੱਕ ਪਕਾਇਆ, "ਤੁਸੀਂ ਸ਼ੇਰ ਸਿੰਘ ਦੀ 'ਮਹਾਰਾਜਾ' ਬਣਨ ਵਿਚ ਮਦਦ ਕਰੋ, ਤਾਂ ਤਖ਼ਤ ਹਾਸਲ ਕਰਨ 'ਤੇ ਹਰ ਇਕ ਸਿਪਾਹੀ ਨੂੰ ਇਕ ਬੁਤਕੀ ਤੇ ਹਰ ਸਰਦਾਰ ਨੂੰ ਕੈਂਠਾ ਇਨਾਮ ਦਿੱਤਾ ਜਾਵੇਗਾ। ਤਨਖ਼ਾਹ ਵਿਚ ਸਿਪਾਹੀ ਨੂੰ ਇਕ ਰੁਪਇਆ ਤੇ ਸਰਦਾਰ ਨੂੰ ਪੰਜ ਰੁਪੈ ਮਹੀਨਾ ਵਾਧਾ ਕੀਤਾ ਜਾਵੇਗਾ।" ਇਹ ਸੁਣ ਕੇ ਫ਼ੌਜਾਂ ਨੇ ਮੰਨ ਲਿਆ, ਕਿ ਸ਼ੇਰ ਸਿੰਘ ਆਵੇ, ਤਾਂ ਅਸੀਂ ਉਸਦੀ ਮਦਦ ਵਾਸਤੇ ਤਿਆਰ ਹਾਂ। ਜਵਾਲਾ ਸਿੰਘ ਨੇ ਰਾਤ ਦਿਨ ਮਿਹਨਤ ਕਰਕੇ ਸ਼ੇਰ ਸਿੰਘ ਵਾਸਤੇ ਮੈਦਾਨ ਤਿਆਰ ਕੀਤਾ, ਕਿਉਂਕਿ ਸ਼ੇਰ ਸਿੰਘ ਨਾਲ ਉਸਦਾ ਲਿਖਤੀ ਇਕਰਾਰ ਸੀ, ਕਿ ਜੇ ਉਹ ਧਿਆਨ ਸਿੰਘ ਦੀ ਮਦਦ ਤੋਂ ਬਿਨਾਂ ਬਾਦਸ਼ਾਹ ਬਣ ਗਿਆ, ਤਾਂ ਜਵਾਲਾ ਸਿੰਘ ਨੂੰ ਵਜ਼ੀਰ ਬਣਾਵੇਗਾ।

ਓਧਰ ਹੀਰਾ ਸਿੰਘ ਲਾਹੌਰ ਦੇ ਸਾਰੇ ਹਾਲ ਆਪਣੇ ਪਿਤਾ ਧਿਆਨ ਸਿੰਘ ਨੂੰ ਰੋਜ਼ ਭੇਜਦਾ ਰਹਿੰਦਾ ਸੀ। ਸਮਾਂ ਵਿਚਾਰ ਕੇ ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਚਿੱਠੀ ਲਿਖੀ, ਕਿ ਜੇ ਤਖ਼ਤ ਲੈਣਾ ਹੈ, ਤਾਂ ਝੱਟ ਲਾਹੌਰ ਪੁੱਜ ਜਾਓ।

ਤਿੰਨ ਕੁ ਸੌ ਸਿਪਾਹੀ ਨਾਲ ਲੈ ਕੇ ਸ਼ੇਰ ਸਿੰਘ ਸ਼ਾਲਾਮਾਰ ਬਾਗ਼ ਵਿਚ ਆ ਉਤਰਿਆ। ਅੰਗਰੇਜ਼ੀ ਰਾਜਦੂਤ (ਏਜੰਟ) ਮਿਸਟਰ ਕਲਾਰਕ ਨਾਲ

ਸ਼ੇਰ ਸਿੰਘ ਫੇਰ ਲਾਹੌਰ ਵਿਚ

ਗੱਲਬਾਤ ਕੀਤੀ, ਤਾਂ ਉਸਨੇ ਉੱਤਰ ਦਿੱਤਾ, 'ਅਸੀਂ ਪੰਜਾਬ ਵਿਚ ਮਜ਼ਬੂਤ ਹਕੂਮਤ ਚਾਹੁੰਦੇ ਹਾਂ।'* ਏਸ ਪਾਸਿਓਂ ਤਸੱਲੀ ਹੋ ਜਾਣ 'ਤੇ ਸ਼ੇਰ ਸਿੰਘ ਨੇ ਸ. ਜਵਾਲਾ ਸਿੰਘ ਨੂੰ ਬੁਧੂ ਦੇ ਆਵੇ 'ਤੇ ਫ਼ੌਜਾਂ ਕੋਲ ਘੱਲਿਆ। ਫ਼ੌਜੀ ਪੰਚਾਂ ਤੇ ਸਰਦਾਰਾਂ ਨਾਲ ਹਰ ਤਰ੍ਹਾਂ ਦਾ ਫ਼ੈਸਲਾ ਹੋ ਜਾਣ 'ਤੇ ਅਗਲੇ ਦਿਨ ਸ਼ੇਰ ਸਿੰਘ ਜਰਨੈਲ ਐਵੀਟੇਬਲ (General Avitable) ਦੇ ਘਰ (ਜੋ ਇਕ ਛੋਟੇ ਜਿਹੇ ਕਿਲ੍ਹੇ ਵਾਂਗ ਸੀ) ਆ ਉਤਰਿਆ। ਏਥੇ ਹੀ ਸਾਰੇ ਪੰਚ ਤੇ ਸਰਦਾਰ ਸ਼ੇਰ ਸਿੰਘ ਨੂੰ ਆ ਮਿਲੇ। ਜਰਨੈਲ ਵੰਤੂਰਾ (Ventura) ਤੇ ਰਾਜਾ ਸੁਚੇਤ ਸਿੰਘ† ਡੋਗਰਾ ਵੀ ਸ਼ੇਰ ਸਿੰਘ ਨੂੰ ਆ ਮਿਲੇ। ਫ਼ੌਜੀ ਸਰਦਾਰਾਂ ਤੇ ਸ਼ਹਿਰ ਦੇ ਕੁਛ ਪਤਵੰਤਿਆਂ ਨੇ ਸ਼ੇਰ ਸਿੰਘ ਦੀ ਭੇਟ ਨਜ਼ਰਾਨੇ ਧਰੇ, ਇਕ ਸੌ ਇਕ ਤੋਪ ਦੀ ਸਲਾਮੀ ਹੋਈ ਤੇ ਸ਼ੇਰ ਸਿੰਘ ਦੇ ਮਹਾਰਾਜਾ ਹੋਣ ਦਾ ਐਲਾਨ ਕੀਤਾ ਗਿਆ।

ਰਾਜਾ ਗੁਲਾਬ ਸਿੰਘ ਚੰਦ ਕੌਰ ਦੀ ਮਦਦ 'ਤੇ

ਦੂੱਜੇ ਪਾਸੇ ਚੰਦ ਕੌਰ ਦੇ ਤਰਫ਼ਦਾਰ ਰਾਜਾ ਗੁਲਾਬ ਸਿੰਘ, ਹੀਰਾ ਸਿੰਘ, ਤੇ ਸੰਧਾਵਾਲੀਏ ਸ਼ੇਰ ਸਿੰਘ ਦੇ ਟਾਕਰੇ ਦੀ ਤਿਆਰੀ ਕਰਨ ਲੱਗੇ। ਗੁਲਾਬ ਸਿੰਘ ਨੇ ਦਿਲ ਖੋਲ੍ਹ ਕੇ ਫ਼ੌਜਾਂ ਵਿਚ ਪੈਸਾ ਵੰਡਿਆ ਤੇ ਹਰ ਫ਼ੌਜੀ ਨੂੰ ਚਾਰ ਮਹੀਨੇ ਦੀ ਤਨਖ਼ਾਹ ਵੀ ਅਗਾਊਂ ਦੇ ਦਿੱਤੀ। ਖ਼ੁਰਾਕ ਤੇ ਜੰਗੀ ਸਾਮਾਨ ਇਕੱਠਾ ਕਰਕੇ ਉਹ ਕਿਲ੍ਹਾ ਬੰਦ ਹੋ ਬੈਠੇ। ਚੰਦ ਕੌਰ ਦੀ ਮਦਦ ਕਰਨ ਦੇ ਗੁਲਾਬ ਸਿੰਘ ਦੇ ਦੋ ਕਾਰਨ ਸਨ; ਇਕ ਤਾਂ ਇਹ, ਕਿ ਜੇ ਧਿਆਨ ਸਿੰਘ ਦੀ ਮਦਦ ਤੋਂ ਬਿਨਾਂ ਸ਼ੇਰ ਸਿੰਘ ਨੇ ਤਖ਼ਤ ਲੈ ਲਿਆ, ਤਾਂ ਉਹ ਸਾਡੇ ਪੰਜੇ ਵਿਚੋਂ ਨਿਕਲ ਜਾਵੇਗਾ, ਤੇ ਦੂੱਜਾ ਇਹ, ਕਿ ਕੀ ਪਤਾ ਖ਼ਾਲਸਾ ਫ਼ੌਜਾਂ ਲੜਾਈ ਛਿੜੀ 'ਤੇ ਫੇਰ ਚੰਦ ਕੌਰ ਦੀ ਮਦਦ 'ਤੇ ਹੋ ਖਲੋਣ। ਜੇ ਸਾਰੇ ਡੋਗਰੇ ਸ਼ੇਰ ਸਿੰਘ ਦੀ ਮਦਦ 'ਤੇ ਹੋ ਗਏ, ਤੇ ਚੰਦ ਕੌਰ ਫੇਰ ਵੀ ਜਿੱਤ ਗਈ ਤਾਂ ਡੋਗਰੇ ਅਸਲੋਂ ਲਾਹੌਰੋਂ ਨਿਕਲ ਜਾਣਗੇ।' ਸੋ ਗੁਲਾਬ ਸਿੰਘ

---

*(Cunningham) (1849 p. 248) Quoted from M. Clerk's letters to Govt. ਕਨਿੰਘਮ (੧੮੪੯) ਪੰਨਾ ੨੪੮।

†ਡੋਗਰੇ—ਰਾਜਾ ਗੁਲਾਬ ਸਿੰਘ, ਰਾਜਾ ਧਿਆਨ ਸਿੰਘ, ਰਾਜਾ ਸੁਚੇਤ ਸਿੰਘ—ਤਿੰਨੇ ਭਰਾ ਸਨ।

ਨੇ ਏਹਾ ਠੀਕ ਸਮਝਿਆ, ਕਿ ਧਿਆਨ ਸਿੰਘ ਤੇ ਸੁਚੇਤ ਸਿੰਘ ਸ਼ੇਰ ਸਿੰਘ ਵੱਲੇ ਰਹਿਣ, ਤੇ ਗੁਲਾਬ ਸਿੰਘ ਤੇ ਹੀਰਾ ਸਿੰਘ ਚੰਦ ਕੌਰ ਵੱਲੇ ਰਹਿਣ। ਦੋਹਾਂ ਵਿਚੋਂ ਕੋਈ ਜਿੱਤੇ, ਡੋਗਰੇ ਅੱਗੇ ਦੇ ਅੱਗੇ।

**ਸ਼ੇਰ ਸਿੰਘ ਹਜ਼ੂਰੀ ਬਾਗ ਵਿਚ**

ਸ਼ੇਰ ਸਿੰਘ ਨੇ ਜਿਹੜਾ ਪੈਸਾ ਨਾਲ ਲਿਆਂਦਾ, ਫ਼ੌਜਾਂ ਨੂੰ ਵੰਡ ਦਿੱਤਾ। ੫੦-੬੦ ਹਜ਼ਾਰ ਫ਼ੌਜ ਨਾਲ ਲੈ ਕੇ ਉਹ ਯਕੀ, ਦਹਿਲੀ ਤੇ ਟਕਸਾਲੀ ਦਰਵਾਜ਼ੇ ਰਾਹੀਂ ਸ਼ਹਿਰ ਵਿਚ ਵੜਿਆ। ਉਹਨੇ ਅੱਗੇ ਵੱਧ ਕੇ ਹਜ਼ੂਰੀ ਬਾਗ਼ ਤੇ ਬਾਦਸ਼ਾਹੀ ਮਸੀਤ ਵਿਚ ਗੁਲਾਬ ਸਿੰਘ ਦੇ ਕੱਠੇ ਕੀਤੇ ਹੋਏ, ਜੰਗੀ ਸਮਾਨ 'ਤੇ ਕਬਜ਼ਾ ਕਰ ਲਿਆ।

**ਪੰਜ ਦਿਨ ਲੜਾਈ ਹੋਈ**

ਜੰਗ ਦੇ ਵਾਜੇ ਵੱਜੇ ਤੇ ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨੀ ਆਰੰਭ ਹੋ ਗਈ। ਸਿੱਖਾਂ ਦੀਆਂ ਗੋਲੀਆਂ ਸਿੱਖਾਂ ਦੀਆਂ ਛਾਤੀਆਂ ਵਿਚ ਠੰਢੀਆਂ ਹੋਣ ਲੱਗੀਆਂ। ਸਿੱਖ ਸਿੱਖਾਂ ਦੇ ਲਹੂ ਨਾਲ ਤੇਹ ਬੁਝਾਉਣ ਲੱਗੇ। ੧੪ ਜਨਵਰੀ, ੧੮੪੧ ਈ. ਨੂੰ ਲੜਾਈ ਆਰੰਭ ਹੋਈ ਤੇ ੧੮ ਜਨਵਰੀ ਤਕ ਇਹੋ ਹਾਲ ਰਿਹਾ। ਅੰਤ ੧੯‡ ਨੂੰ ਰਾਜਾ ਧਿਆਨ ਸਿੰਘ ਆਇਆ, ਤੇ ਲੜਾਈ ਖ਼ਤਮ ਹੋਈ। ਇਸ ਘਮਸਾਣ ਵਿਚ ਸ਼ੇਰ ਸਿੰਘ ਦੇ* ੪੭੮੬ ਆਦਮੀ, ੬੧੦ ਘੋੜੇ ਤੇ ੩੨੦ ਬਲਦ ਮਰੇ ਤੇ ਜ਼ਖ਼ਮੀ ਹੋਏ। ਕਿਲ੍ਹੇ ਵਿਚੋਂ ੧੩੦ ਆਦਮੀ ਮਰੇ ਤੇ ਜ਼ਖ਼ਮੀ ਹੋਏ। ਧਿਆਨ ਸਿੰਘ ਨੇ ਵਿਚ ਪੈ ਕੇ ਦੋਹਾਂ ਧਿਰਾਂ ਵਿਚ ਚਾਰ ਸ਼ਰਤਾਂ 'ਤੇ ਸੁਲ੍ਹਾ ਕਰਾ ਦਿੱਤੀ।

**ਚਾਰ ਸ਼ਰਤਾਂ 'ਤੇ ਸੁਲ੍ਹਾ**

੧. ਮਹਾਰਾਣੀ ਚੰਦ ਕੌਰ ਨੂੰ ਨੌਂ ਲੱਖ ਸਾਲ ਦੀ ਜਾਗੀਰ ਜੰਮੂ ਦੇ ਨੇੜੇ ਦਿੱਤੀ ਜਾਵੇ ਤੇ ਉਸਦਾ ਮੁਖ਼ਤਿਆਰ ਰਾਜਾ ਗੁਲਾਬ ਸਿੰਘ ਬਣੇ।

---

‡ ਚੌਦਾਂ ਜਨਵਰੀ ਤੇ ਅਠਾਰਾਂ ਸੌ ਤੇ ਇਕਤਾਲੀ,
ਸ਼ੇਰ ਸਿੰਘ ਹੱਲਾ ਆ ਲਾਹੌਰ 'ਤੇ ਕਰਾਇਆ ਜੀ।
ਕਿਲ੍ਹੇ ਵਿਚੋਂ ਚੰਦ ਕੌਰਾਂ ਵਾਸਤੇ ਗੁਲਾਬ ਸਿੰਘ,
ਫ਼ੌਜਾਂ ਉਤੇ ਗੋਲੀਆਂ ਦਾ ਗੜਾ ਬਰਸਾਇਆ ਜੀ।
ਪੰਜ ਦਿਨ ਹੋਇਆ ਜੰਗ ਦੋਹੀਂ ਧਿਰੀਂ ਇਕੋ ਜਿਹਾ,
ਏਨੇ ਨੂੰ ਧਿਆਨ ਸਿੰਘ ਆਣ ਫੇਰਾ ਪਾਇਆ ਜੀ।
'ਮਾਈ' ਨੂੰ ਜਾਗੀਰ ਦੇ ਕੇ; ਰਾਜ ਸ਼ੇਰ ਸਿੰਘ ਤਾਈਂ,
ਆਪ ਹੋ ਵਜ਼ੀਰ, ਵਿਚ ਫੈਸਲਾ ਕਰਾਇਆ ਜੀ।

*(Smyth) ਸਮਿਥ, ਪੰਨਾ ੫੭।

੨. ਚੰਦ ਕੌਰ ਨੂੰ (ਖੜਕ ਸਿੰਘ ਦੀ ਵਿਧਵਾ ਜਾਣ ਕੇ) ਉਸਦੀ ਮਰਜ਼ੀ ਅਨੁਸਾਰ ਰਹਿਣ ਦੀ ਆਗਿਆ ਹੋਵੇ ਤੇ ਸ਼ੇਰ ਸਿੰਘ ਵਿਚ ਕੋਈ ਦਖ਼ਲ ਨਾ ਦੇਵੇ (ਭਾਵ ਚਾਦਰ ਪਾਉਣ-ਪੁਨਰ ਵਿਆਹ ਕਰਨ-ਦੀ ਕੋਸ਼ਿਸ ਨਾ ਕਰੇ)।

੩. ਕਿਲ੍ਹੇ ਵਿਚਲੀ ਡੋਗਰਾ ਫ਼ੌਜ ਨਸ਼ਾਨ ਲਹਿਰਾਉਂਦੀ ਬਾਹਰ ਚਲੀ ਜਾਵੇ। ਉਸਨੂੰ ਕੋਈ ਰੁਕਾਵਟ ਨਾ ਪਾਈ ਜਾਵੇ। (ਉਸ ਉੱਤੇ ਕੋਈ ਹੱਲਾ ਨਾ ਕਰੇ)।

੪. ਇਹਨਾਂ ਸ਼ਰਤਾਂ ਦੀ ਪਾਲਣਾ ਵਾਸਤੇ ਜ਼ਮਾਨਤ ਦਿੱਤੀ ਜਾਵੇ†।

ਦੋ ਮਹੀਨੇ, ੯ ਦਿਨ ਰਾਜ ਕਰਨ ਪਿਛੋਂ ਚੰਦ ਕੌਰ ਤਖ਼ਤੋਂ ਵੱਖ ਹੋ ਗਈ। ਸ਼ੇਰ ਸਿੰਘ 'ਮਹਾਰਾਜਾ' ਤੇ ਧਿਆਨ ਸਿੰਘ 'ਵਜ਼ੀਰ' ਬਣੇ।

**ਗੁਲਾਬ ਸਿੰਘ ਖਜ਼ਾਨਾ ਲੈ ਕੇ ਜੰਮੂ ਚਲਿਆ ਗਿਆ**

ਰਾਜਾ ਗੁਲਾਬ ਸਿੰਘ, ਚੰਦ ਕੌਰ ਦੇ ਸਾਮਾਨ ਦੇ ਬਹਾਨੇ ਸ਼ਾਹੀ ਖ਼ਜ਼ਾਨਾ‡ ਜ਼ੇਵਰਾਤ ਤੇ ਕਈ ਬਹੁਮੁੱਲੇ ਹੀਰੇ-ਜਵਾਹਰਾਤ-ਲਦਵਾ ਕੇ ਜੰਮੂ ਨੂੰ ਲੈ ਗਿਆ। ਸ਼ੇਰ ਸਿੰਘ ਕਿਲ੍ਹੇ ਵਿਚ ਗਿਆ, ਤਾਂ ਖ਼ਜ਼ਾਨਾ ਖ਼ਾਲੀ ਪਾਇਆ।

ਜਿਹੜੀ ਜਾਗੀਰ ਚੰਦ ਕੌਰ ਨੂੰ ਮਿਲੀ, ਉਸ ਵਿਚੋਂ ਬਹੁਤ ਥੋੜ੍ਹਾ ਉਸ ਨੂੰ ਮਿਲਦਾ, ਬਾਕੀ ਗੁਲਾਬ ਸਿੰਘ ਹਜ਼ਮ ਕਰ ਜਾਂਦਾ।

---

†(Smyth) ਸਮਿੱਥ, ਪੰਨਾ ੫੯, ਸਿੱਖੋਂ ਕਾ ਉਥਾਨ ਔਰ ਪਤਨ, ਪੰਨਾ ੧੬੭।

‡ਗੁਲਾਬ ਸਿੰਘ—ਬਹੁਤ ਸਾਰਾ ਮਾਲ-੧੬ ਛਕੜੇ ਚਾਂਦੀ, ਕਈ ਭਾਰ ਸੋਨੇ ਦੀਆਂ ਮੋਹਰਾਂ, ਜਵਾਹਰਾਤ, ਪਸ਼ਮੀਨਾ, ਦੁਸ਼ਾਲੇ ਤੇ ਸ਼ੇਰੇ-ਪੰਜਾਬ ਦੇ ਖ਼ਾਸ ਘੋੜਿਆਂ ਵਿਚੋਂ ੧੨, ਨੂੰ ਜੰਮੂ ਲੈ ਗਿਆ। (Smyth) ਸਮਿੱਥ, ਪੰਨਾ ੫੯।

# ਮਹਾਰਾਜਾ ਸ਼ੇਰ ਸਿੰਘ

੧੯ ਜਨਵਰੀ, ੧੮੪੧ ਈ: ਨੂੰ ਮਹਾਰਾਜਾ ਸ਼ੇਰ ਸਿੰਘ ਦਾ ਲਾਹੌਰ ਉੱਤੇ ਕਬਜ਼ਾ ਹੋਇਆ। ੨੧ ਜਨਵਰੀ ਨੂੰ ਬੜੀ ਧੂਮ ਧਾਮ ਨਾਲ ਆਪ ਦੀ ਗੱਦੀ ਬੈਠਣ ਦੀ ਰਸਮ ਅਦਾ ਹੋਈ। ਕੋਹਿਨੂਰ ਤੋਂ ਬਿਨਾਂ ਖ਼ਜ਼ਾਨੇ ਵਿਚ ਗੁਲਾਬ ਸਿੰਘ ਕੁਛ ਨਹੀਂ ਸੀ ਛੱਡ ਗਿਆ, ਸੋ ਬੜੀ ਔਖਿਆਈ ਨਾਲ ਜਿਵੇਂ ਕਿਵੇਂ ਕਰ ਕੇ ਫ਼ੌਜ ਦੇ ਇਕਰਾਰ ਪੂਰੇ ਕੀਤੇ, ਇਨਾਮ ਦਿੱਤੇ ਤੇ ਤਨਖ਼ਾਹ ਵਧਾਈ। ਰਾਜਾ ਧਿਆਨ ਸਿੰਘ ਨੇ ਵਜ਼ਾਰਤ ਦਾ ਕੰਮ ਆਪਣੇ ਹੱਥ ਵਿਚ ਲਿਆ।

**ਸੰਧਾਵਾਲੀਆਂ 'ਤੇ ਔਕੜਾਂ**

ਸੰਧਾਵਾਲੀਏ ਅਤਰ ਸਿੰਘ ਤੇ ਅਜੀਤ ਸਿੰਘ ਨੱਸ ਕੇ ਥਾਨੇਸਰ ਚਲੇ ਗਏ (ਅਜੀਤ ਸਿੰਘ ਏਥੋਂ ਕੁਝ ਦਿਨ ਵਾਸਤੇ ਕਲਕੱਤੇ ਵੀ ਗਿਆ ਸੀ)। ਲਹਿਣਾ ਸਿੰਘ ਮੰਡੀ ਦੇ ਇਲਾਕੇ ਵਿਚ ਸੀ। ਓਥੇ ਆਪਣੇ ਹੀ ਸਿਪਾਹੀਆਂ ਹੱਥੋਂ ਕੈਦ ਕਰ ਲਿਆ ਗਿਆ। ਪਿੱਛੋਂ ਲਹਿਣਾ ਸਿੰਘ ਤੇ ਕਿਹਰ ਸਿੰਘ ਦੋਵੇਂ—ਚਾਚਾ ਭਤੀਜਾ—ਲਾਹੌਰ ਵਿੱਚ ਕੈਦ ਰਹੇ।

**ਖ਼ਾਲਸਾ ਫ਼ੌਜ ਅਫ਼ਸਰਾਂ ਤੋਂ ਬੇਕਾਬੂ ਹੋ ਗਈ**

ਖ਼ਾਲਸਾ ਫ਼ੌਜ ਥਾਂ ਥਾਂ ਭੜਕ ਉੱਠੀ ਤੇ ਅਫ਼ਸਰਾਂ ਤੋਂ ਬੇ-ਕਾਬੂ ਹੋ ਗਈ। ਜਿਨ੍ਹਾਂ ਅਫ਼ਸਰਾਂ ਨਾਲ ਕੁਝ ਔਕਰ ਸੀ, ਉਹਨਾਂ ਤੋਂ ਗਿਣ ਗਿਣ ਕੇ ਬਦਲੇ ਲਏ।

**ਮੀਹਾਂ ਸਿੰਘ ਮਾਰਿਆ ਗਿਆ**

ਕਸ਼ਮੀਰ ਦੀ ਫ਼ੌਜ ਨੇ ਆਪਣੇ ਜਰਨੈਲ* ਮੀਹਾਂ ਸਿੰਘ (ਮਹਾਂ ਸਿੰਘ) ਨੂੰ ਕਤਲ ਕਰ ਦਿੱਤਾ ਤੇ ਉਹਦਾ ਘਰ ਲੁੱਟ ਲਿਆ। ਕਈ ਅਫ਼ਸਰ ਜਾਨ ਬਚਾ ਕੇ ਨੱਸ ਗਏ।

**ਅੰਗਰੇਜ਼ਾਂ ਨੇ ਸ਼ੇਰ ਸਿੰਘ ਨੂੰ ਮਦਦ**

ਸਾਰੇ ਪੰਜਾਬ ਵਿਚ ਰੌਲਾ ਪੈ ਗਿਆ। ਅੰਗਰੇਜ਼ੀ ਏਜੰਟ-ਕਲਾਰਕ ਨੇ ਸ਼ੇਰ ਸਿੰਘ ਨੂੰ ਫ਼ਕੀਰ

---

*ਮੀਹਾਂ ਸਿੰਘ ਅਪ੍ਰੈਲ ੧੮੪੧ ਈ. ਵਿਚ ਕਤਲ ਹੋਇਆ।

ਵਾਸਤੇ ਕਿਹਾ, ਪਰ ਉਹ ਨਾ ਮੰਨਿਆਂ

ਅਜ਼ੀਜ਼ੁੱਦੀਨ ਰਾਹੀਂ ਚਿੱਠੀ ਲਿਖੀ, ਕਿ ਉਹ ੧੨ ਹਜ਼ਾਰ ਅੰਗਰੇਜ਼ੀ ਫ਼ੌਜ ਨਾਲ ਭੜਕੀ ਹੋਈ ਸਿੱਖ ਫ਼ੌਜ ਨੂੰ ਦਬਾਉਣ ਵਾਸਤੇ ਤਿਆਰ ਹੈ। ਪਰ ਮਹਾਰਾਜਾ ਸ਼ੇਰ ਸਿੰਘ ਨੂੰ ਏਸ ਸਹਾਇਤਾ ਬਦਲੇ ਸਤਲੁਜ ਪਾਰ ਦੇ ਇਲਾਕੇ ਤੇ ੪੦ ਲੱਖ ਰੁਪਇਆ ਦੇਣਾ ਪਵੇਗਾ†। ਮਹਾਰਾਜਾ ਸ਼ੇਰ ਸਿੰਘ ਨੇ ਇਹ ਮਦਦ ਪਰਵਾਨ ਨਾ ਕੀਤੀ। ਜੇ ਮੰਨ ਲੈਂਦਾ, ਤਾਂ ਆਪਣੇ ਹੀ ਸਿਪਾਹੀਆਂ ਹੱਥੋਂ ਮਾਰਿਆ ਜਾਂਦਾ। ਉਸ ਨੇ ਆਪਣੀ ਬਹਾਦਰੀ ਤੇ ਸਿਰਤੋੜ ਮਿਹਨਤ ਨਾਲ ਫ਼ੌਜ 'ਤੇ ਕਾਬੂ ਪਾ ਲਿਆ।

ਜਵਾਲਾ ਸਿੰਘ 'ਤੇ ਮੁਸੀਬਤ

ਹੁਣ ਆਈ ਵਾਰੀ ਸ: ਜਵਾਲਾ ਸਿੰਘ ਦੀ, ਜੀਹਨੇ ਸ਼ੇਰ ਸਿੰਘ ਦੇ ਮਹਾਰਾਜਾ ਬਣਨ ਵਾਸਤੇ ਸਿਰੋਂ ਪਰੇ ਜ਼ੋਰ ਲਾਇਆ ਸੀ। ਸ: ਜਵਾਲਾ ਸਿੰਘ ਨੂੰ ਇਹ ਪਸੰਦ ਨਹੀਂ ਸੀ, ਕਿ ਉਸਦੀ ਮਿਹਨਤ ਦਾ ਫਲ ਉਸਨੂੰ ਨਾ ਮਿਲੇ ਤੇ ਧਿਆਨ ਸਿੰਘ 'ਵਜ਼ੀਰ' ਬਣ ਜਾਏ। ਨਾ ਧਿਆਨ ਸਿੰਘ ਨੂੰ ਹੀ ਭਾਉਂਦਾ ਸੀ, ਕਿ ਸ. ਜਵਾਲਾ ਸਿੰਘ ਦਾ, 'ਮਹਾਰਾਜੇ' ਨਾਲ ਏਨਾ ਰਸੂਖ ਰਹੇ। ਡੋਗਰੇ ਨੇ ਮਹਾਰਾਜੇ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, 'ਸ. ਜਵਾਲਾ ਸਿੰਘ (ਜੋ ਛੇ ਹਜ਼ਾਰ ਫ਼ੌਜ ਸਣੇ ਸ਼ਾਹਦਰੇ ਬੈਠਾ ਹੈ) ਸੰਧਾਵਾਲੀਆਂ ਨਾਲ ਮਿਲ ਗਿਆ ਹੈ। ਇਹਦਾ ਚਿੱਠੀ ਪੱਤਰ ਉਹਨਾਂ ਨਾਲ ਹੋ ਰਿਹਾ ਹੈ। ਇਹ ਉਹਨਾਂ ਰਾਹੀਂ (ਅੰਗਰੇਜ਼ਾਂ ਦੀ ਮਦਦ ਨਾਲ) ਪਸ਼ੌਰਾ ਸਿੰਘ ਨੂੰ ਗੱਦੀ 'ਤੇ ਬਿਠਾਉਣਾ ਚਾਹੁੰਦਾ ਹੈ।' ਏਸ ਸਿਲਸਿਲੇ ਵਿਚ ਡੋਗਰੇ ਨੇ ਕੁਛ ‡ਜਾਹਲੀ ਖ਼ਤ ਵੀ ਮਹਾਰਾਜੇ ਨੂੰ ਵਿਖਾਏ। ਮ: ਸ਼ੇਰ ਸਿੰਘ ਸ: ਜਵਾਲਾ ਸਿੰਘ ਦੇ ਖ਼ਿਲਾਫ਼ ਹੋ ਗਿਆ ਤੇ ਉਸਨੂੰ ਹਾਜ਼ਰ ਹੋਣ ਵਾਸਤੇ ਹੁਕਮ ਦਿੱਤਾ। ਧਿਆਨ ਸਿੰਘ ਨੇ ਆਪਣਾ ਆਦਮੀ ਬੁਲਾਉਣ ਵਾਸਤੇ ਭੇਜਿਆ, ਜੋ ਰਾਹ ਵਿਚੋਂ ਹੀ ਮੁੜ ਆਇਆ ਤੇ—ਧਿਆਨ ਸਿੰਘ ਦੇ ਇਸ਼ਾਰੇ ਅਨੁਸਾਰ—ਆ ਕਿਹਾ, ਕਿ ਸ: ਜਵਾਲਾ ਸਿੰਘ ਆਉਣ ਤੋਂ ਇਨਕਾਰੀ ਹੈ। ਮਹਾਰਾਜੇ ਨੇ ਫਿਰ ਦੁਬਾਰਾ ਹੁਕਮ ਭੇਜਿਆ। ਦੂੱਜਾ ਆਦਮੀ (ਜੋ ਧਿਆਨ ਸਿੰਘ ਦਾ ਨੌਕਰ ਸੀ) ਵੀ

---

†M.Clerk to Govt. 26 March, 1841.
ਕਲਾਰਕ ਸਰਕਾਰ ਨੂੰ ੨੬ ਮਾਰਚ ੧੮੪੧ ਈ.।
‡ਸੇਵਾ ਸਿੰਘ, ਪੰਨਾ ੨੬।

ਰਾਹੋਂ ਮੁੜ ਆਇਆ ਤੇ ਕਹਿਣ ਲੱਗਾ, ਕਿ ਸ: ਜਵਾਲਾ ਸਿੰਘ ਹੁਕਮ ਮੰਨਣ ਤੋਂ ਇਨਕਾਰੀ ਹੈ ਤੇ ਮਹਾਰਾਜ ਦੇ ਟਾਕਰੇ ਦੀ ਤਿਆਰੀ ਕਰ ਰਿਹਾ ਹੈ। ਕੋਲੋਂ ਧਿਆਨ ਸਿੰਘ ਨੇ ਹੋਰ ਅੱਗ ਬਾਲ ਦਿੱਤੀ। ਗੁੱਸੇ ਵਿਚ ਮਹਾਰਾਜਾ ਸ਼ੇਰ ਸਿੰਘ ਨੇ ਸ: ਜਵਾਲਾ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ। ਸ: ਜਵਾਲਾ ਸਿੰਘ ਨੂੰ ਏਸ ਸਾਰੀ ਗੱਲ ਦਾ ਪਤਾ ਲੱਗਾ, ਤਾਂ ਉਹ ਸੱਖਣੇ ਹੱਥੀਂ ਤੇ ਪੈਰੀਂ ਚੱਲ ਕੇ ਮਹਾਰਾਜੇ ਦੇ ਚਰਨਾਂ ਵਿਚ ਹਾਜ਼ਰ ਹੋਣ ਵਾਸਤੇ ਆਇਆ। ਉਹਨੂੰ ਆਸ ਸੀ, ਕਿ ਉਹ ਬੇਗੁਨਾਹ ਹੈ ਤੇ ਪਿਛਲੀ ਸੇਵਾ ਦਾ ਸਦਕਾ ਮਾਫ਼ ਕਰ ਦਿੱਤਾ ਜਾਵੇਗਾ।

**ਜਵਾਲਾ ਸਿੰਘ ਕੈਦ**

ਪਰ—ਡੋਗਰਿਆਂ ਦੇ ਭੜਕਾਏ ਹੋਏ— ਮਹਾਰਾਜਾ ਸ਼ੇਰ ਸਿੰਘ ਨੇ ਮਿਲਣ ਦੀ ਆਗਿਆ ਨਾ ਦਿੱਤੀ ਤੇ ਕੈਦ ਦਾ ਹੁਕਮ ਦੇ ਦਿੱਤਾ। ਮਈ ੧੮੪੧ ਈ: ਨੂੰ ਸ: ਜਵਾਲਾ ਸਿੰਘ ਕੈਦ ਕਰ ਲਿਆ ਗਿਆ। ਕੈਦੀ ਸ: ਜਵਾਲਾ ਸਿੰਘ ਆਪਣੇ ਜਾਨੀ ਦੁਸ਼ਮਣ ਰਾਜਾ ਧਿਆਨ ਸਿੰਘ ਦੀ ਨਿਗਰਾਨੀ ਹੇਠ ਰਖਿਆ ਗਿਆ। ਡੋਗਰੇ ਦੇ ਹੁਕਮ ਨਾਲ ਸਰਦਾਰ ਨੂੰ ਰੋਜ਼ ਕੋਰੜੇ ਲਗਣੇ ਤੇ ਆਟੇ ਵਿਚ ਅੱਧਾ ਲੂਣ ਮਿਲਨਾ। ਓਧਰ ਮਹਾਰਾਜਾ ਸ਼ੇਰ ਸਿੰਘ ਪਾਸ ਸ: ਜਵਾਲਾ ਸਿੰਘ ਦੀ ਮਾਫ਼ੀ ਵਾਸਤੇ ਸਫ਼ਾਰਸ਼ਾਂ ਆਉਣ ਲੱਗੀਆਂ। ਏਸ ਗੱਲ ਤੋਂ ਡਰਦਿਆਂ, ਇਕ ਮਹੀਨੇ ਪਿਛੋਂ ਧਿਆਨ ਸਿੰਘ ਨੇ ਜਵਾਲਾ ਸਿੰਘ ਨੂੰ ਸ਼ੇਖ਼ੂਪੁਰ ਭੇਜ ਦਿੱਤਾ। ਏਥੇ ਸਜ਼ਾ ਅੱਗੇ ਨਾਲੋਂ ਵੀ ਵਧ ਗਈ। ੧੦ ਦਿਨ ਦੀ ਕਰੜੀ ਮਾਰ ਪਿਛੋਂ ਸ: ਜਵਾਲਾ ਸਿੰਘ ਚਲਾਣਾ ਕਰ ਗਿਆ। ਕੁਝ ਚਿਰ ਪਿਛੋਂ ਮਹਾਰਾਜਾ ਸ਼ੇਰ ਸਿੰਘ ਨੂੰ ਦੱਸਿਆ ਗਿਆ, ਕਿ ਜਵਾਲਾ ਸਿੰਘ ਕੈਦ ਵਿਚ ਕੁਦਰਤੀ ਮੌਤ ਨਾਲ ਮਰ ਗਿਆ ਹੈ।

**ਜਵਾਲਾ ਸਿੰਘ ਸ਼ੇਖ਼ੂਪੁਰ ਵਿਚ ਮਰ ਗਿਆ**

**ਚੰਦ ਕੌਰ ਤੇ ਸ਼ੇਰ ਸਿੰਘ ਦਾ ਪੁਨਰ ਵਿਆਹ ਹੁੰਦਾ ਹੁੰਦਾ ਰਹਿ ਗਿਆ**

ਗਿਆਨੀ ਗੁਰਮੁਖ ਸਿੰਘ ਨੇ ਇਕ ਵਾਰ ਫੇਰ ਚਾਰਾ ਕੀਤਾ, ਕਿ ਜੇ ਚੰਦ ਕੌਰ ਤੇ ਸ਼ੇਰ ਸਿੰਘ ਦਾ ਵਿਆਹ ਹੋ ਜਾਵੇ, ਤੇ ਸੰਧਾਵਾਲੀਏ ਰਿਹਾ ਹੋ ਜਾਣ, ਤਾਂ ਇਹ ਦੋਵੇਂ ਤਾਕਤਾਂ ਮਿਲ ਕੇ ਡੋਗਰਾ ਤਾਕਤ ਤੋੜ ਦੇਣ। ਗਿਆਨੀ ਜੀ ਦੇ ਕਹਿਣ-ਕਹਾਉਣ 'ਤੇ ਮ: ਸ਼ੇਰ ਸਿੰਘ ਤੇ ਮਹਾਰਾਣੀ ਚੰਦ ਕੌਰ ਦੋਵੇਂ ਮੰਨ ਗਏ, ਪਰ ਜਦੋਂ ਏਸ

ਗੱਲ ਦਾ ਪਤਾ ਗੁਲਾਬ ਸਿੰਘ ਨੂੰ ਲੱਗਾ, ਤਾਂ ਉਹਨੂੰ ਬੜਾ ਫ਼ਿਕਰ ਬਣਿਆਂ। ਉਹਨੂੰ ਡਰ ਸੀ, ਕਿ ਚੰਦ ਕੌਰ ਦਾ ਸ਼ੇਰ ਸਿੰਘ ਨਾਲ ਵਿਆਹ ਹੋ ਗਿਆ, ਤਾਂ ਸਾਰਾ ਖਾਧਾ ਹੋਇਆ ਮਾਲ ਉਗਲਛਣਾ ਪਵੇਗਾ ਤੇ ਮਹਾਰਾਣੀ ਦੀ ਜਾਗੀਰ ਵੀ ਹੱਥੋਂ ਜਾਵੇਗੀ। ਉਹਨੇ ਚੰਦ ਕੌਰ ਨੂੰ ਏਸ ਗੱਲ 'ਤੇ ਭੜਕਾਇਆ, 'ਮਹਾਰਾਜਾ ਸ਼ੇਰ ਸਿੰਘ ਤਾਂ ਏਸ ਬਹਾਨੇ ਵਿਸਾਹ ਕੇ ਤੈਨੂੰ ਤੇ ਤੇਰੀ ਨੌਂਹ ਨੂੰ ਮਰਵਾਉਣਾ ਚਾਹੁੰਦਾ ਹੈ, ਤੇ ਇਸ ਸਾਰੀ ਵਿਉਂਤ ਦਾ ਪਤਾ ਮੈਨੂੰ ਰਾਜਾ ਧਿਆਨ ਸਿੰਘ ਪਾਸੋਂ ਲੱਗਾ ਹੈ।' ਏਨੀ ਸੁਣ ਕੇ ਚੰਦ ਕੌਰ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ ਤੇ ਇਹ ਕਾਰਜ ਸਿਰੇ ਨਾ ਚੜ੍ਹ ਸਕਿਆ।

ਗੁਪਤ ਤੌਰ 'ਤੇ ਗੁਲਾਬ ਸਿੰਘ ਨੇ ਧਿਆਨ ਸਿੰਘ ਨੂੰ ਕਿਹਾ, ਕਿ ਜਿੰਨੀ ਛੇਤੀ ਹੋ ਸੱਕੇ, ਚੰਦ ਕੌਰ ਤੇ ਬੀਬੀ ਨਾਨਕੀ (ਮਹਾਰਾਜਾ ਨੌਨਿਹਾਲ ਸਿੰਘ ਦੀ ਪਟਰਾਣੀ) ਨੂੰ ਮਰਵਾ ਦਿੱਤਾ ਜਾਵੇ।

**ਬੀਬੀ ਨਾਨਕੀ ਦੇ ਵਿਰੁੱਧ ਡੋਗਰਿਆਂ ਦੀ ਗੋਂਦ**

ਇਕ ਦਿਨ ਧਿਆਨ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਕਿਹਾ, "ਮਹਾਰਾਜ! ਦਾਸ ਨੇ ਆਪ ਨੂੰ ਪੰਜਾਬ ਦਾ ਤਖ਼ਤ ਲੈ ਦਿੱਤਾ, ਪਰ ਇਹਨੂੰ ਸੰਭਾਲੀ ਰਖਣਾ ਤਾਂ ਆਪ ਜੀ ਦਾ ਹੀ ਕੰਮ ਹੈ। ਮੈਨੂੰ ਡਰ ਹੈ....।"

ਮ. ਸ਼ੇਰ ਸਿੰਘ :—"ਕਿਉਂ ? ਡਰ ਕੇਹਾ।"

ਧਿਆਨ ਸਿੰਘ :—"ਈਸ਼ਵਰ ਆਪ ਨੂੰ ਸਦਾ ਸਲਾਮਤ ਰੱਖੇ। ਜੇ ਕੰਵਰ ਨੌਨਿਹਾਲ ਸਿੰਘ ਦੇ ਘਰ ਲੜਕਾ ਹੋ ਪਵੇ, ਤਾਂ ਫੇਰ ?

ਮ. ਸ਼ੇਰ ਸਿੰਘ :—"ਫੇਰ ਕੀ ਹੋਇਆ ?"

ਧਿਆਨ ਸਿੰਘ :—"ਫੇਰ ਕੀ ਹੋਇਆ ? ਰਾਜ ਦਾ ਅਸਲੀ ਹੱਕਦਾਰ ਉਹ ਹੈ। ਖ਼ਾਲਸਾ ਫ਼ੌਜਾਂ ਉਸਦੀ ਮਦਦ ਕਰਨਗੀਆਂ ਤੇ ਆਪ ਨੂੰ ਕਿਸੇ ਮੁਸ਼ਕਲ ਵਿਚ ਫਸਾ ਦੇਣਗੀਆਂ।"

ਮ. ਸ਼ੇਰ ਸਿੰਘ :—"ਇਸਦਾ ਇਲਾਜ ?"

ਧਿਆਨ ਸਿੰਘ :—"ਇਕੋ ਈ। ਜਿਸ ਬਾਲ ਨੇ ਅਜੇ ਜੰਮਣਾ ਏਂ ਤੇ ਫੇਰ ਤੁਹਾਡੇ ਮੁਕਾਬਲੇ ਉੱਤੇ ਆਉਣਾ ਏਂ, ਤੁਸੀਂ ਉਹਨੂੰ ਜੰਮਣ ਤੋਂ ਪਹਿਲਾਂ ਹੀ ਕਿਉਂ ਨਹੀਂ ਸੰਭਾਲ ਲੈਂਦੇ ?"

ਏਸ ਕਪਟ ਵਿਚ ਧਿਆਨ ਸਿੰਘ ਕਾਮਯਾਬ ਹੋ ਗਿਆ। ਸ਼ਾਹੀ ਦਾਈ ਨਾਲ ਮਿਲ ਕੇ ਬੀਬੀ ਨਾਨਕੀ (ਕੰਵਰ ਨੌਨਿਹਾਲ ਸਿੰਘ ਦੀ ਰਾਣੀ ਤੇ ਸ. ਸ਼ਾਮ ਸਿੰਘ ਅਟਾਰੀ ਦੀ ਲੜਕੀ) ਨੂੰ ਜ਼ਹਿਰ ਦੇ ਦਿੱਤਾ ਗਿਆ।*

ਸੱਭਯਤਾ ਤੋਂ ਗਿਰਿਆ ਹੋਇਆ ਇਹ ਵਰਤਾਉ ਬੀਬੀ ਜੀ ਨਾਲ ਕੀਤਾ ਗਿਆ। ਬੱਚੇ ਦੀ ਜਾਨ ਜਾਂਦੀ ਰਹੀ ਤੇ ਬੀਬੀ ਜੀ ਦੇ ਪ੍ਰਾਣ ਕੁਛ ਸਮਾਂ ਹੋਰ ਦੁੱਖ ਝੱਲਣ ਵਾਸਤੇ †ਬਚ ਗਏ।

ਜਦ ਏਸ ਕਾਲੀ ਕਰਤੂਤ ਦੇ ਵਿਰੁੱਧ ਸ਼ਹਿਰ ਵਿਚ ਰੌਲਾ ਪਿਆ, ਤਾਂ ਧਿਆਨ ਸਿੰਘ ਨੇ ਪੰਜ-ਸੱਤ ਪਹਾੜਨਾਂ (ਜਿਨ੍ਹਾਂ ਨੂੰ ਬਾਲ ਹੋਣ ਵਾਲੇ ਸਨ) ਨੂੰ ਦਰਬਾਰ ਵਿਚ ਬੁਲਾ ਕੇ ਅਖਵਾ ਦਿੱਤਾ, 'ਚੰਦ ਕੌਰ ਨੇ ਸਾਨੂੰ ਏਸ ਵਾਸਤੇ ਮਹਿਲਾਂ ਵਿਚ ਰਖਿਆ ਹੋਇਆ ਸੀ, ਕਿ ਸਾਡੇ ਵਿਚੋਂ ਜੀਹਦੇ ਘਰ ਲੜਕਾ ਪੈਦਾ ਹੋਵੇ, ਉਹ ਬੀਬੀ ਨਾਨਕੀ ਦੀ ਗੋਦ ਪਾ ਕੇ ਕੰਵਰ ਦਾ ਪੁੱਤਰ ਪਰਸਿੱਧ ਕੀਤਾ ਜਾਵੇ।' ਇਹ ਡੋਗਰੇ ਦੀ ਚਾਲ ਸੀ, ਨਹੀਂ ਤਾਂ ਇਤਿਹਾਸਕ ਸਚਾਈ ਓਹਾ ਹੈ, ਜੋ ਉੱਪਰ ਲਿਖੀ ਗਈ ਹੈ।

**ਡੋਗਰਿਆਂ ਦੀ ਘਾਤਕ ਗੋਂਦ ਚੰਦ ਕੌਰ ਦੇ ਵਿਰੁੱਧ**

ਥੋੜ੍ਹਾ ਹੀ ਸਮਾਂ ਲੰਘਿਆ ਸੀ, ਜਾਂ ਧਿਆਨ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਚੰਦ ਕੌਰ ਦੇ ਵਿਰੁੱਧ ਭੜਕਾਉਣਾ ਆਰੰਭ ਕਰ ਦਿੱਤਾ,

---

*ਸ਼ੇਰ ਸਿੰਘ ਧਿਆਨ ਸਿੰਘ ਦੋਹਾਂ ਰਲ ਕੇ,
ਹੱਦੋਂ ਵਧ ਕੇ ਜ਼ੁਲਮ ਕਮਾਇਆ ਜੀ।
ਚੰਦ ਕੌਰ ਦੀ ਆਸ ਦਾ ਫਲਨ ਵਾਲਾ,
ਬੂਟਾ ਜੜ੍ਹਾਂ ਤੋਂ ਪੁੱਟ ਗੁਆਇਆ ਜੀ।
'ਕੌਰ ਸਾਹਿਬ' ਦੇ ਖ਼ੂੰਨ ਦਾ ਖ਼ੂੰਨ ਕੀਤਾ,
ਬੱਚਾ ਜੰਮਣ ਤੋਂ ਪਹਿਲਾਂ ਕਤਲਾਇਆ ਜੀ।
ਬੀਬੀ ਨਾਨਕੀ ਦੇ ਤਾਈਂ ਜ਼ਹਿਰ ਦੇ ਕੇ,
ਇਹਨਾਂ ਪਾਪੀਆਂ ਗਰਭ ਗਿਰਵਾਇਆ ਜੀ।

†ਏਸੇ ਬੀਮਾਰੀ ਨਾਲ ਕਈ ਮਹੀਨੇ ਕਸ਼ਟ ਉਠਾ ਕੇ ਬੀਬੀ ਜੀ ਅੰਤ ਚਲਾਣਾ ਕਰ ਗਏ ਸਨ।

ਕਿ ਚੰਦ ਕੌਰ ਆਪ ਜੀ ਦੇ ਖ਼ਿਲਾਫ਼ ਸਾਜ਼ਸ਼ਾਂ ਕਰ ਰਹੀ ਹੈ। ਮ. ਸ਼ੇਰ ਸਿੰਘ ਧਿਆਨ ਸਿੰਘ ਦੇ ਪੱਤੇ 'ਤੇ ਚੜ੍ਹ ਗਿਆ ਤੇ ਚੰਦ ਕੌਰ ਦੇ ਮਰਵਾਉਣ ਦੀਆਂ ਤਜਵੀਜ਼ਾਂ ਹੋਣ ਲੱਗੀਆਂ। ਮ. ਚੰਦ ਕੌਰ ਦੀਆਂ ਚਾਰੇ ਖ਼ਾਸ ਬਾਂਦੀਆਂ (‡ਆਸੋ, ਭਾਗੋ, ਬਦਾਮੋ ਤੇ ਪੇਰੋ) ਪਹਾੜਨਾਂ ਸਨ। ਚੌਹਾਂ ਨੂੰ ਬੁਲੱਾ ਕੇ ਕਿਹਾ, 'ਚੰਦ ਕੌਰ ਨੂੰ ਮਾਰ ਦਿਓ ਤੇ ਇਸ ਦੇ ਬਦਲੇ* ਪੰਜ-ਪੰਜ ਹਜ਼ਾਰ ਨਕਦ ਇਨਾਮ ਤੇ ਮੂੰਹ ਮੰਗੀਆਂ ਜਾਗੀਰਾਂ ਦਿਆਂਗੇ। ਤੇ ਜੇ ਤੁਸੀਂ ਇਹ ਕੰਮ ਨਾ ਕਰੋਗੀਆਂ, ਤਾਂ ਕਤਲ ਕਰ ਦਿੱਤੀਆਂ ਜਾਉਗੀਆਂ।' ਉਹਨਾਂ ਨੇ ਮੌਤ ਤੋਂ ਡਰ ਕੇ ਤੇ ਮਾਇਆ ਦੇ ਜਾਲ ਵਿਚ ਫਸਕੇ ਚੰਦ ਕੌਰ ਦੀ ਜਾਨ ਲੈਣੀ ਪਰਵਾਨ ਕਰ ਲਈ। ਮਾਇਆ ਦੀ ਮਾਰ ਮਿੱਤਰ ਨੂੰ ਵੈਰੀ ਤੇ ਵੈਰੀ ਨੂੰ ਮਿੱਤਰ ਬਣਾ ਦੇਂਦੀ ਹੈ†।

ਗਰਮੀਆਂ ਦਾ ਸਮਾਂ ਸੀ। ਮਹਾਰਾਣੀ ਚੰਦ ਕੌਰ ਨੂੰ—ਸ਼ਰਬਤ ਵਿਚ ਮਿਲਾਕੇ—ਗੋਲੀਆਂ ਨੇ ਜ਼ਹਿਰ ਦਿੱਤਾ। ਗਲਾਸ ਮੂੰਹ ਨਾਲ ਲਾਇਆ, ਤਾਂ ਬੇਸੁਆਦ ਜਿਹਾ ਪਰਤੀਤ ਹੋਣ ਕਰਕੇ ਪੀਤਾ ਨਾ, ਪਰ ਦਿਲ ਵਿਚ ਸ਼ੱਕ ਕੋਈ ਨਾ ਹੋਇਆ। ਏਸ ਹੱਲਿਓਂ ਤਾਂ ਮਹਾਰਾਣੀ ਬਚ ਗਈ, ਪਰ ਜੋ ਪਾਪਣਾਂ ਹੱਥ ਧੋ ਕੇ ਮਗਰ ਲਗੀਆਂ ਹੋਈਆਂ ਸਨ, ਉਹ ਕਦ ਤੱਕ

---

‡ ਸਿੱਖ ਦਰਬਾਰ ਦੇ ਰੋਜ਼ਨਾਮਚੇ, ਕਰਮ ਸਿੰਘ ਹਿਸਟੋਰੀਅਨ।

* (Smyth) ਸਮਿੱਥ, ਪੰਨਾ ੬੯।

† ਮਾਇਆ ਮੋਹਣੀ ਭੁਲਾਵੇ ਦਾ ਜਾਲ ਪਾ ਕੇ,
ਵੱਡੇ ਦਾਨਿਆਂ ਦੀ ਅਕਲ ਮਾਰ ਦੇਂਦੀ।
ਵੈਰੀ ਵੀਰ ਦੀ ਜਾਨ ਦਾ ਵੀਰ ਹੋਵੇ,
ਜ਼ਹਿਰ ਪਤੀ ਤਾਈਂ ਹੱਥੀਂ ਨਾਰ ਦੇਂਦੀ।
ਗਾਹਕ ਪਿਤਾ ਦੀ ਜਾਨ ਦੇ ਪੁੱਤ ਬਣਦੇ,
ਦੁੱਧੀਂ ਪਾਲਿਆਂ ਹੱਥ ਤਲਵਾਰ ਦੇਂਦੀ।
'ਸੀਤਲ' ਗਰਕੀਆਂ ਕੌਮਾਂ ਦੇ ਵਿੱਚ ਪਾਵੇ,
ਅਰਸ਼ੋਂ ਲਾਹ ਪਤਾਲ ਨਿਘਾਰ ਦੇਂਦੀ।

ਚੰਦ ਕੌਰ ਫੱਟੜ

ਖ਼ੈਰ ਗੁਜ਼ਾਰਨ ਦੇਂਦੀਆਂ ਸਨ। ‡ਬੁਧਵਾਰ, ੨੮ ਜੇਠ ਦੀ ਅੱਧੀ ਕੁ ਰਾਤ ਬੀਤੀ ਸੀ। ਚੰਦ ਕੌਰ ਪਲੰਘ ਤੇ ਬੇਫ਼ਿਕਰ ਸੌਂ ਰਹੀ ਸੀ, ਜਾਂ ਚਾਰੇ ਗੋਲੀਆਂ* ਬਾਰਾਂ ਕੁ ਸੇਰ ਕੱਚੇ (ਪੱਕਾ ਤੋਲ ੫ ਸੇਰ) ਦਾ ਪੱਥਰ ਲੈ ਕੇ ਕਾਲ ਰੂਪ ਧਾਰ ਕੇ ਜਾਨ 'ਤੇ ਆ ਚੜ੍ਹੀਆਂ ਤੇ ਕੁੱਟ-ਕੁੱਟ ਕੇ ਸਿਰ ਫੇਹ ਦਿੱਤਾ। ਹੁਣ ਚੰਦ ਕੌਰ ਤੜਫ ਰਹੀ ਸੀ, ਨਾ ਸੁਆਸ ਪੂਰੇ ਹੁੰਦੇ ਸਨ ਤੇ ਨਾ ਜਿੰਦ ਬਚਦੀ ਸੀ। ਤਿੰਨ ਦਿਨ ਏਸੇ ਤਰ੍ਹਾਂ ਬੀਤੇ।

ਰਾਜਾ ਧਿਆਨ ਸਿੰਘ ਚੰਦ ਕੌਰ ਦੇ ਕੋਲ ਬੈਠਾ ਕਹਿ ਰਿਹਾ ਸੀ, "ਮਹਾਰਾਣੀ ਜੀ ! ਹੁਕਮ ਕਰੋ, ਜਿਸ ਪਾਪੀ ਨੇ ਤੁਹਾਡੇ ਨਾਲ ਇਹ ਜ਼ੁਲਮ ਕੀਤਾ ਏ, ਮੈਂ ਉਸਨੂੰ ਜੀਉਂਦੇ ਨੂੰ ਨਰਕੀਂ ਪੁਚੱਾ ਛੱਡਾਂਗਾ।"

ਮਹਾਰਾਣੀ ਨੇ ਪਾਸਾ ਪਰਤ ਕੇ ਡਿੱਠਾ, ਪੁੱਤਰ ਦਾ ਕਾਤਲ ਸਾਮ੍ਹਣੇ ਨਜ਼ਰ ਆਇਆ, ਤਾਂ ਮੂੰਹ ਫੇਰ ਲਿਆ। ਕੁਛ ਚਿਰ ਪਿੱਛੋਂ ਉਹਨੇ ਕਿਹਾ,

---

‡ ਸ਼ੇਰ ਸਿੰਘ ਤੇ ਧਿਆਨ ਸਿੰਘ ਦੋਹਾਂ ਨੇ, ਪਾਪ ਦੀਆਂ ਗੌਂਦਾਂ ਗੁੰਦੀਆਂ
ਚੰਦ ਕੌਰ ਦੀਆਂ ਬਾਂਦੀਆਂ ਚਾਰੇ, ਪੈਸੇ ਦੇ ਕੇ ਕਾਬੂ ਕੀਤੀਆਂ
ਕਿਹਾ 'ਦਿਆਂਗੇ ਇਨਾਮ, ਜਾਗੀਰਾਂ, ਮਾਰ ਦਿਓ ਚੰਦ ਕੌਰ ਨੂੰ'
ਇਹ ਸੁਣ ਕੇ ਬਦਾਮੋ ਪੇਰੋ, ਆਸੋ, ਭਾਗੋ ਚਾਰੇ ਗੋੱਲੀਆਂ
ਲੱਕ ਪਾਪਣਾਂ ਜ਼ੁਲਮ 'ਤੇ ਬੰਨ੍ਹਿਆਂ, ਜ਼ਹਿਰ ਦਿਤਾ ਚੰਦ ਕੋਰ ਨੂੰ
ਏਥੋਂ ਬਚ ਗਈ ਕੰਵਰ ਦੀ ਮਾਈ, ਕੁਛ ਦਿਨ ਹੋਰ ਲੰਘ ਗਏ
ਦਿਨ ਜੂਨ ਦੇ ਅਠਾਰਾਂ ਸੌ ਬਤਾਲੀ, ਇਕ ਰਾਤ ਗੋੱਲੀਆਂ ਨੇ
ਰਾਣੀ ਸੁੱਤੀ ਪਈ ਪਲੰਘ 'ਤੇ ਨੱਪ ਲਈ, ਪੱਥਰ ਲੈ ਪੰਜ ਸੇਰ ਦਾ
ਮਾਰ ਸਿਰ ਦੀ ਖੋਪਰੀ ਤੋੜੀ, ਖ਼ੂਨ ਦੇ ਫੁਹਾਰੇ ਚੱਲ ਪਏ
ਕੁੱਟ ਕੁੱਟ ਸਿਰ ਨਾਲ ਪੱਥਰਾਂ ਦੇ, ਜਾਨ ਕੱਢੀ ਚੰਦ ਕੋਰ ਦੀ
ਫੇਰ ਵੇਖ ਲੈ ਸਮੇਂ ਦੇ 'ਸੀਤਲਾ' ਚੰਦ ਕੌਰ ਏਸ ਹਾਲ ਸੀ
ਜਾਵਣਾ ! ਜਾਵਣਾ !! ਮੋਇਆਂ ਫੇਰ ਦੁਨੀਆਂ 'ਤੇ ਨਹੀਓਂ ਆਵਣਾ।

* ਸਿੱਖ ਦਰਬਾਰ ਦੇ ਰੋਜ਼ਨਾਮਚੇ, ਕਰਮ ਸਿੰਘ ਹਿਸਟੋਰੀਅਨ।

"ਧਿਆਨ ਸਿੰਘਾ । ਹੁਣ ਤੇਰੀ ਹਮਦਰਦੀ ਦੀ ਲੋੜ ਨਹੀਂ।"*

ਧਿਆਨ ਸਿੰਘ ਨੇ ਫਿਰ ਕਿਹਾ, "ਆਪ ਜੀ ਦੀ ਕੋਈ ਅੰਤਮ ਇੱਛਾ ਹੋਵੇ, ਜੋ ਮੈਂ ਪੂਰੀ ਕਰ ਸਕਦਾ ਹੋਵਾਂ ?"

ਸੁਰਗਵਾਸ ਹੋਣਾ

ਧੀਮੀ ਜੇਹੀ ਆਵਾਜ਼ ਵਿਚ ਚੰਦ ਕੌਰ ਨੇ ਉੱਤਰ ਦਿੱਤਾ, "ਮੈਂ ਵੀ ਛਾਤੀ ਵਿਚ ਦਿਲ ਤੇ ਦਿਲ ਵਿਚ ਅਰਮਾਨ ਰੱਖਦੀ ਹਾਂ। ਮੇਰੀ ਵੀ ਕੋਈ ਖ਼ਾਹਸ਼ ਹੈ, ਪਰ ਤੂੰ ਨਹੀਂ ਪੂਰੀ ਕਰ ਸਕਦਾ। ਈਸ਼ਵਰ ਪੂਰੀ ਕਰੇ, ਤਾਂ ਮੇਰੀ ਅੰਤਮ-ਇੱਛਿਆ ਹੈ, ਕਿ ਜਿਵੇਂ ਮੇਰਾ ਪੁੱਤਰ ਪਾਣੀ ਨੂੰ ਤਰਸਦਾ ਮੋਇਆ ਏ, ਤੂੰ ਵੀ 'ਪਾਣੀ-ਪਾਣੀ' ਕਰਦਾ ਜਹਾਨੋਂ ਜਾਵੇਂ।" ਇਹ ਕੁਝ ਕਹਿੰਦਿਆਂ ਹੋਇਆਂ ਸਵਾਸ ਪੂਰੇ ਹੋ ਗਏ। ਛਨਿਛਰਵਾਰ, ੩੧ ਜੇਠ, ੧੮੯੯ ਬਿ. (੧੩ ਜੂਨ, ੧੮੪੨ ਈ.) ਨੂੰ ਮਹਾਰਾਣੀ ਚਲਾਣਾ ਕਰ ਗਈ ਤੇ ੩੨ ਜੇਠ ਵਾਲੇ ਦਿਨ ਉਸਦਾ ਸਸਕਾਰ ਕੀਤਾ ਗਿਆ।

ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਕਿ ਇਹ ਕਾਰਾ ਨਿਰਾ ਗੋਲੀਆਂ ਦਾ ਹੀ ਨਹੀਂ, ਸਗੋਂ ਧਿਆਨ ਸਿੰਘ ਦਾ ਹੈ। ਦੂਜਿਆਂ ਦੇ ਲਹੂ ਨਾਲ ਆਪਣੇ

---

* ਮੈਨੂੰ ਕਿਸੇ ਦੇ ਰਹਿਮ ਦੀ ਲੋੜ ਨਹੀਂ ਹੁਣ,
ਆਉਂਦੀ ਬੁੱਲ੍ਹੀਆਂ ਉੱਤੇ ਫ਼ਰਯਾਦ ਵੀ ਨਹੀਂ।
ਛਾਲੇ ਜਿਗਰ ਵਾਲੇ ਭਰ ਕੇ ਫਿੱਸ ਗਏ ਨੇ,
ਦੁੱਖ ਨਹੀਂ ਭੁੱਲੇ, ਰਹੇ ਯਾਦ ਵੀ ਨਹੀਂ।
ਸੱਟਾਂ ਖਾ ਖਾ ਕੇ ਆਹਰਨ ਵਾਂਗ ਹੋਈਆਂ,
ਮੇਰੇ ਦਿਲ ਤੋਂ ਸਖ਼ਤ ਫ਼ੌਲਾਦ ਵੀ ਨਹੀਂ।
ਮੇਰੀ ਆਹ ਦੀ ਅੱਗ ਤੋਂ ਮੌਤ ਕੰਬੇ,
ਨੇੜੇ ਢੁੱਕਦੇ ਡਰਦੇ ਜੱਲਾਦ ਵੀ ਨਹੀਂ।
ਤੂੰ ਵੀ ਤੱਤੀਏ ਕਿਸਮਤੇ ! ਰਹੀਂ ਬਚ ਕੇ,
ਮੇਰੀ ਆਹ ਤੋਂ ਬਚ ਕੇ ਖ਼ੁਦਾ ਨਿਕਲੂ।
ਮੈਨੂੰ ਕਸਮ ਰੱਬ ਦੀ, 'ਸੀਤਲ' ਸੜੇ ਦਿਲ 'ਚੋਂ,
ਨਿਕਲੂ, ਜਦੋਂ ਨਿਕਲੂ, ਬਦ-ਦੁਆ ਨਿਕਲੂ।

**ਗੋੱਲੀਆਂ ਨੂੰ ਸਜ਼ਾ**

ਮੱਥੇ ਦੇ ਦਾਗ਼ ਧੋਣ ਵਾਲਾ ਧਿਆਨ ਸਿੰਘ— ਤੱਕੋ ਹੁਣ—ਗੋੱਲੀਆਂ ਨੂੰ ਕੀਤੇ ਇਕਰਾਰ ਅਨੁਸਾਰ ਕਿਹੋ ਜੇਹਾ ਇਨਾਮ ਦੇਂਦਾ ਹੈ। ਪਹਿਲੀ ਹਾੜ ਨੂੰ ਚਾਰੇ ਗੋਲੀਆਂ ਦਰਬਾਰਿ-ਆਮ ਵਿਚ ਬੁਲਾ ਲਈਆਂ ਤੇ ਮਹਾਰਾਣੀ ਦੀਆਂ ਕਾਤਲ ਠਹਿਰਾ ਕੇ ਸਜ਼ਾ ਦਿੱਤੀ ਗਈ : ਨੱਕ, ਕੰਨ, ਗੁੱਤ, ਹੱਥ ਪੈਰ ਵੱਢ ਕੇ ਕਸ਼ਮੀਰੀ ਦਰਵਾਜ਼ਿਉਂ ਬਾਹਰ ਪਿੱਪਲਾਂ ਹੇਠ ਸੁਟਾ ਦਿੱਤੀਆਂ। ਜ਼ਖ਼ਮੀ ਪਈਆਂ ਗੋੱਲੀਆਂ ਆਉਂਦੇ ਜਾਂਦੇ ਰਾਹੀਆਂ ਅੱਗੇ ਦੁਹਾਈ ਦੇਂਦੀਆਂ, "ਏਸੇ ਧਿਆਨ ਸਿੰਘ ਨੇ ਸਾਨੂੰ ਕਹਿ ਕੇ (ਜਾਂ ਚੰਦ ਕੌਰ ਨੂੰ ਕਤਲ ਕਰੋ, ਨਹੀਂ ਤਾਂ ਤੁਹਾਨੂੰ ਕਤਲ ਕਰ ਦਿਆਂਗੇ) ਇਹ ਕਾਰਾ ਕਰਵਾਇਆ ਏ। ਅਸੀਂ ਮੌਤ ਤੋਂ ਡਰਦਿਆਂ ਨੇ ਓਸ ਵਿਚਾਰੀ ਦੀ ਜਾਨ ਲਈ ਏ, ਤਾਂ ਹੁਣ ਸਾਨੂੰ ਏਸ ਮੌਤੇ ਮਾਰਿਆ ਨੇ।" ਇਹ ਖ਼ਬਰਾਂ ਧਿਆਨ ਸਿੰਘ ਦੇ ਕੰਨੀ ਅਪੜੀਆਂ, ਤਾਂ ਚੌਹਾਂ ਗੋੱਲੀਆਂ ਨੂੰ ਰਾਤੀਂ ਟੁਕੜੇ ਟੁਕੜੇ ਕਰਵਾ ਕੇ ਦਰਿਆ ਰਾਵੀ ਦੀ ਭੇਟ ਕਰ ਦਿੱਤਾ।*

ਧਿਆਨ ਸਿੰਘ ਖੁੱਲ੍ਹੀਆਂ ਮਨ-ਮਰਜ਼ੀਆਂ ਕਰਨ ਲੱਗ ਪਿਆ। ਮਹਾਰਾਜਾ ਸ਼ੇਰ ਸਿੰਘ ਨੇ ਜ਼ਰਾ ਰੋਕਣਾ ਚਾਹਿਆ, ਤਾਂ ਦੋਹਾਂ ਦੀ ਲੱਗਣ ਲੱਗ ਪਈ।

**ਸੰਧਾਵਾਲੀਏ ਫਿਰ ਦਰਬਾਰ ਵਿੱਚ**

ਗਿਆਨੀ ਗੁਰਮੁਖ ਸਿੰਘ ਨੇ ਮਹਾਰਾਜੇ ਨੂੰ ਕਿਹਾ, ਕਿ ਡੋਗਰਿਆਂ ਦਾ ਮੂੰਹ ਭੰਨਣ ਵਾਲੇ ਸੰਧਾਵਾਲੀਏ ਹੀ ਹਨ, ਸੋ ਉਹਨਾਂ ਨੂੰ ਜਾਗੀਰਾਂ 'ਤੇ ਬਹਾਲ ਕੀਤਾ ਜਾਵੇ। ਮਹਾਰਾਜੇ ਦੇ ਵੀ ਗੱਲ ਦਿਲ ਲੱਗੀ। ਉਹਨੇ ਸੰਧਾਵਾਲੀਆਂ ਦੀਆਂ ਜ਼ਬਤ ਹੋ ਚੁੱਕੀਆਂ ਜਾਗੀਰਾਂ ਉਨ੍ਹਾਂ ਨੂੰ ਫੇਰ ਦੇ ਦਿੱਤੀਆਂ। ਸ. ਲਹਿਣਾ ਸਿੰਘ ਤੇ ਕਿਹਰ ਸਿੰਘ ਕੈਦ ਵਿਚੋਂ ਰਿਹਾ ਕਰ ਦਿੱਤੇ ਗਏ ਤੇ ਅਜੀਤ ਸਿੰਘ ਬਾਹਰੋਂ ਆ ਗਿਆ। (ਸ. ਅਤਰ ਸਿੰਘ ਨਹੀਂ ਆਇਆ। ਉਹ ਓਦੋਂ ਹੀ ਆਉਂਦਾ ਹੈ, ਜਦੋਂ ਕਤਲ ਹੋ ਜਾਂਦਾ ਹੈ) ਇਹਨਾਂ ਤਿੰਨਾਂ ਨੂੰ ਛੇ ਲੱਖ ਦੀ ਜਾਗੀਰ ਦਿੱਤੀ ਗਈ।

੧੮੪੩ ਈ. ਦੀਆਂ ਗਰਮੀਆਂ ਵਿਚ ਸੰਧਾਵਾਲੀਏ ਲਹਿਣਾ ਸਿੰਘ, ਅਜੀਤ ਸਿੰਘ ਤੇ ਕਿਹਰ ਸਿੰਘ ਆਪੋ ਆਪਣੇ ਅਹੁਦਿਆਂ 'ਤੇ ਆਏ।

---

* ਸਿੱਖ ਦਰਬਾਰ ਦੇ ਰੋਜ਼ਨਾਮਚੇ, ਕਰਮ ਸਿੰਘ ਹਿਸਟੋਰੀਅਨ।

ਮਹਾਰਾਜੇ ਤੇ ਧਿਆਨ ਸਿੰਘ ਦੀ ਹੁਣ ਖੁੱਲ੍ਹ-ਮ-ਖੁੱਲ੍ਹਾ ਲੱਗਣ ਲੱਗ ਪਈ। ਧਿਆਨ ਸਿੰਘ ਚਾਹੁੰਦਾ ਸੀ, ਕਿ ਸ਼ੇਰ ਸਿੰਘ ਨੂੰ ਬਿਲੇ ਲਾ ਕੇ ਤਖ਼ਤ 'ਤੇ ਕਿਸੇ ਹੋਰ ਨੂੰ ਬਿਠਾਵੇ, ਤੇ ਸ਼ੇਰ ਸਿੰਘ ਚਾਹੁੰਦਾ ਸੀ ਧਿਆਨ ਸਿੰਘ ਵਾਲਾ ਕੀਰਤਨ ਸੋਹਿਲਾ ਪੜ੍ਹ ਕੇ ਡੋਗਰਿਆਂ ਦੇ ਅਸਰ ਹੇਠੋਂ ਆਜ਼ਾਦ ਹੋਵੇ। ਓਧਰ ਸੰਧਾਂਵਾਲੀਏ ਲਹਿਣਾ ਸਿੰਘ ਤੇ ਅਜੀਤ ਸਿੰਘ ਕਸਮ ਖਾਧੀ ਫਿਰਦੇ ਸਨ, ਕਿ ਜਦ ਤਕ ਮਹਾਰਾਜੇ ਤੇ ਵਜ਼ੀਰ ਦੋਹਾਂ ਦਾ ਖ਼ਾਤਮਾ ਨਹੀਂ ਕਰ ਲੈਂਦੇ, ਸੱਜੇ ਹੱਥ ਨਾਲ ਰੋਟੀ ਨਹੀਂ ਖਾਣੀ।

ਇਕ ਦਿਨ ਬੇਈਮਾਨੀ ਦਾ ਪੁਤਲਾ ਧਿਆਨ ਸਿੰਘ ਲਹਿਣਾ ਸਿੰਘ ਨੂੰ ਬੁਲਾਕੇ ਆਖਣ ਲੱਗਾ, "ਭਾਈਆ ਜੀ ! ਭਾਵੇਂ ਮਹਾਰਾਜੇ ਨੇ ਤੁਹਾਨੂੰ ਜਾਗੀਰਾਂ ਦੇ ਦਿੱਤੀਆਂ ਨੇ ਤੇ ਸਰਦਾਰੀਆਂ 'ਤੇ ਬਹਾਲ ਕਰ ਦਿੱਤਾ ਏ, ਪਰ ਉਹ ਤੁਹਾਡੇ ਨਾਲ ਦਿਲੋਂ ਸਾਫ਼ ਨਹੀਂ ਜੇ। ਉਹਨੂੰ ਡਰ ਸੀ, ਕਿ ਸ. ਅਜੀਤ ਸਿੰਘ ਅੰਗਰੇਜ਼ਾਂ ਨੂੰ ਭੜਕਾ ਕੇ ਕੋਈ ਵੱਡਾ ਪੁਆੜਾ ਨਾ ਖੜਾ ਕਰ ਦੇਵੇ। ਹੁਣ ਉਹ ਤੁਹਾਨੂੰ ਵਿਸਾਹ ਕੇ ਮਰਵਾ ਦੇਵੇਗਾ। ਏਸ ਬਾਰੇ ਉਹਨੇ ਪਹਿਲਾਂ ਪਹਿਲਾਂ ਮੇਰੇ ਨਾਲ ਇਕ ਦੋ ਵਾਰੀ ਕੁਛ ਬੁਝਾਰਤ ਜੇਹੀ ਪਾਈ ਸੀ, ਪਰ ਮੈਂ ਚੁੱਪ ਹੋ ਰਿਹਾ ਸਾਂ। ਮੈਂ ਤੁਹਾਨੂੰ ਆਪਣੇ ਨਿਗਦੇ ਮਿੱਤਰ ਸਮਝ ਕੇ ਇਹ ਭੇਤ ਬੋਲਿਆਂ ਜੇ। ਅੱਗੇ ਜਿਵੇਂ ਤੁਹਾਡੀ ਮਰਜ਼ੀ।"

**ਧਿਆਨ ਸਿੰਘ ਨੇ ਸ਼ੇਰ ਸਿੰਘ ਦੇ ਵਿਰੁੱਧ ਲਹਿਣਾ ਸਿੰਘ ਨੂੰ ਭੜਕਾਉਣਾ**

ਲਹਿਣਾ ਸਿੰਘ :—"ਫੇਰ ਏਸ ਦਾ ਉਪਾਅ ਕੀ ਹੋਵੇ ?"

ਧਿਆਨ ਸਿੰਘ :—"ਇਕ ਈ। ਉਹ ਤੁਹਾਨੂੰ ਮਰਵਾਉਣ ਚਾਹੁੰਦਾ ਏ, ਤੁਸੀਂ ਉਹਨੂੰ ਮਾਰ ਦਿਓ।"

ਲਹਿਣਾ ਸਿੰਘ :—"ਏਸ ਬਦਲੇ ਸਾਨੂੰ ਕੀ ਲਾਭ ਹੋਵੇਗਾ ?"

ਧਿਆਨ ਸਿੰਘ :—"ਭਾਈਆ ਜੀ, ਮੇਰਾ ਤਾਂ--ਸੱਚੀ ਗੱਲ ਏ ਰਾਜ ਕਾਜ ਤੋਂ ਜੀਅ ਅੱਕ ਗਿਆ ਏ। ਮੈਂ ਤਾਂ ਹੁਣ ਸਭ ਕੁਝ ਛੱਡ ਕੇ ਕਾਂਸ਼ੀ ਚਲਾ ਜਾਣਾ ਚਾਹੁੰਦਾ ਹਾਂ। ਨਾਲੇ ਓਥੇ ਰੋਜ਼ ਗੰਗਾ ਮਾਈ ਦੇ ਦਰਸ਼ਨ ਕਰਿਆ ਕਰਾਂਗਾ, ਨਾਲੇ ਧੋ-ਧੋ ਕੇ ਪਾਪ ਲਾਹਿਆ ਕਰਾਂਗਾ। ਏਹ ਗੱਲ ਵੀ ਤੁਹਾਡੇ ਭਲੇ ਵਾਸਤੇ ਛੇੜੀ ਸੀ। ਸ਼ੇਰ ਸਿੰਘ ਨੂੰ ਕਤਲ ਕਰ ਦਿਓ, ਤਖ਼ਤ ਉੱਤੇ ਸ਼ੇਰੇ-ਪੰਜਾਬ ਦੇ ਛੋਟੇ ਪੁੱਤਰ ਦਲੀਪ ਸਿੰਘ ਨੂੰ ਬਿਠਾ ਦਿਓ ਤੇ

ਲਹਿਣਾ ਸਿੰਘ ਜੀ, ਆਪ ਵਜ਼ੀਰ ਬਣ ਜਾਇਓ। ਬੱਸ, ਰਾਜ ਦੇ ਮਾਲਕ ਹੀ ਤੁਸੀਂ ਹੋਵੋਗੇ। ਮੈਨੂੰ ਤਾਂ ਜੰਮੂ ਜਾਗੀਰ ਵਜੋਂ ਦੇ ਛਡਿਓ, ਓਨਾ ਹੀ ਬੜਾ ਏ। ਪਰ ਜਿਵੇਂ ਜਾਣਦੇ ਓ, ਸ਼ੇਰ ਸਿੰਘ ਨੂੰ ਮਾਰ ਲਓ।"

ਇਹ ਬਣਤ ਬਣਾ ਕੇ ਸ: ਲਹਿਣਾ ਸਿੰਘ ਤੇ ਸ. ਅਜੀਤ ਸਿੰਘ ਲਾਹੌਰੋਂ ਤੁਰ ਗਏ। ਮਹਾਰਾਜਾ ਸ਼ੇਰ ਸਿੰਘ ਮੁਕੇਰੀਆਂ ਦੇ ਇਲਾਕੇ ਵਿਚ ਸ਼ਿਕਾਰ ਖੇਡ ਰਿਹਾ ਸੀ। ਦੋਵੇਂ ਸਰਦਾਰ ਮਹਾਰਾਜੇ ਦੇ ਤੰਬੂ ਵਿਚ ਗਏ ਤੇ ਜਾ ਫ਼ਤਹਿ ਬੁਲਾਈ। ਮਹਾਰਾਜਾ ਬੜੇ ਆਦਰ ਨਾਲ ਮਿਲਿਆ ਤੇ ਲਹਿਣਾ ਸਿੰਘ ਨੂੰ ਆਖਣ ਲੱਗਾ, "ਆਉ ਚਾਚਾ* ਜੀ! ਕਿਵੇਂ ਦਰਸ਼ਨ ਦਿੱਤੇ ਹਨ ? ਸੁੱਖ ਤਾਂ ਹੈ ?"

ਲਹਿਣਾ ਸਿੰਘ ਤੇ ਅਜੀਤ ਸਿੰਘ ਸ਼ੇਰ ਸਿੰਘ ਕੋਲ

ਲਹਿਣਾ ਸਿੰਘ—"ਮਹਾਰਾਜ ! 'ਸੁੱਖ ਹੁੰਦੀ, ਤਾਂ ਲਾਹੌਰ ਛੱਡ ਕੇ ਐਡੀ ਦੂਰ ਤੁਹਾਡੇ ਕੋਲ ਕਿਉਂ ਆਉਂਦੇ ?'

ਸ਼ੇਰ ਸਿੰਘ—"ਕਿਉਂ, ਕੀ ਗੱਲ ਏ ?"

ਲਹਿਣਾ ਸਿੰਘ—"ਮਹਾਰਾਜ ! ਧਿਆਨ ਸਿੰਘ ਦੇ ਘੱਲੇ ਹੋਏ ਤੁਹਾਡਾ ਸਿਰ ਲੈਣ ਬਦਲੇ ਆਏ ਆਂ।"

ਇਹ ਗੱਲ ਸੁਣ ਕੇ ਮਹਾਰਾਜਾ ਸ਼ੇਰ ਸਿੰਘ ਨੇ ਆਪਣੀ ਤਲਵਾਰ ਕੱਢ ਕੇ ਲਹਿਣਾ ਸਿੰਘ ਦੇ ਪੈਰਾਂ ਵਿੱਚ ਸੁੱਟ ਦਿੱਤੀ ਤੇ ਕਿਹਾ, "ਜੇਹੋ ਜਿਹਾ ਪਿਤਾ ਹੁੰਦਾ ਏ, ਓਹੋ ਜਿਹਾ ਚਾਚਾ ਹੁੰਦਾ ਏ। ਤੇਰੇ ਹੱਥੋਂ ਮੇਰੀ ਮੌਤ ਹੋਵੇ, ਤਾਂ ਹੋਰ ਕੀ ਚਾਹੀਦਾ ਹੈ ? ਆਹ ਮੇਰੀ ਤਲਵਾਰ ਲੈ, ਤੇ ਮੇਰਾ ਸਿਰ ਉਤਾਰ ਲੈ।"

ਸ. ਲਹਿਣਾ ਸਿੰਘ ਸੁਣ ਕੇ ਚਰਨਾਂ 'ਤੇ ਢਹਿ ਪਿਆ ਤੇ ਆਖਣ ਲੱਗਾ, "ਮੇਰੇ ਜਾਨ ਤੋਂ ਪਿਆਰੇ ਮਹਾਰਾਜ ਜੀਓ! ਅਸਾਂ ਤੁਹਾਨੂੰ ਮਾਰਨਾ ਹੁੰਦਾ, ਤਾਂ ਮੂੰਹੋਂ ਨਹੀਂ ਸਾਂ ਕਹਿੰਦੇ। ਅਸੀਂ ਤਾਂ ਏਸ ਵਾਸਤੇ ਆਏ ਹਾਂ, ਕਿ ਆਪ ਜੀ ਨੂੰ ਪਤਾ ਕਰ ਦੇਈਏ, ਕਿ ਰਾਜਾ ਧਿਆਨ ਸਿੰਘ ਆਪ ਦੇ ਵਿਰੁੱਧ ਕੀ ਗੋਂਦਾਂ ਗੁੰਦ ਰਿਹਾ ਹੈ। ਅੱਜ ਉਸ ਦੇ ਘੱਲੇ ਹੋਏ ਅਸੀਂ ਆਏ ਆਂ, ਤਾਂ ਤੁਹਾਨੂੰ ਆਪਣੇ ਸਮਝ ਕੇ ਖ਼ਬਰਦਾਰ ਕਰ ਦਿੱਤਾ ਏ, ਤੇ ਉਹਦੇ ਅੱਗੇ ਕੋਈ ਪੱਜ

---

*ਲਹਿਣਾ ਸਿੰਘ ਜੱਦੋਂ ਸ਼ੇਰ ਸਿੰਘ ਦਾ ਚਾਚਾ ਲੱਗਦਾ ਸੀ। ਬੰਸਾਵਲੀ ਵੇਖੋ।

ਬਹਾਨਾ ਲਾ ਛੱਡਾਂਗੇ। ਪਰ ਭਲਕੇ ਕੋਈ ਹੋਰ ਆਇਆ, ਤਾਂ....! ਹੁਣ ਵੇਲਾ ਜੇ। ਕੋਈ ਬਚਾਓ ਹੁੰਦਾ ਜੇ, ਤਾਂ ਕਰ ਲਵੋ।"

ਸ਼ੇਰ ਸਿੰਘ—"ਬਚਾਅ ਕਿਵੇਂ ਹੋਵੇ ?"

ਲਹਿਣਾ ਸਿੰਘ—"ਮਹਾਰਾਜ! ਰਾਜਨੀਤੀ ਕਹਿੰਦੀ ਏ, ਦੁਸ਼ਮਣ ਦੇ ਹੱਥੋਂ ਮਰਨ ਨਾਲੋਂ ਪਹਿਲਾਂ ਉਹਨੂੰ ਕਤਲ ਕਰ ਦਿਓ ਤੇ ਫੇਰ ਜਿਹੜੀ ਸਿਰ ਪਵੇ, ਵੇਖੀ ਜਾਵੇ। ਉਹ ਤੁਹਾਨੂੰ ਕਤਲ ਕਰਵਾਉਣਾ ਚਾਹੁੰਦਾ ਏ, ਤੁਸੀਂ ਉਹਨੂੰ ਕਤਲ ਕਰੱ ਦਿਓ।"

ਸ਼ੇਰ ਸਿੰਘ—"ਫਿਰ ਇਹ ਕੰਮ ਤੁਸੀਂ ਕਰੋ। ਤੁਹਾਡੇ ਨਾਲੋਂ ਮੇਰਾ ਨਿਗਦਾ ਤੇ ਭਰੋਸੇ ਵਾਲਾ ਹੋਰ ਕੌਣ ਏਂ ? ਉਹਦੀ ਥਾਂ ਤੁਹਾਨੂੰ ਵਜ਼ੀਰ ਬਣਾ ਲਵਾਂਗਾ।"

ਲਹਿਣਾ ਸਿੰਘ—"ਜੋ ਕੁਛ ਕਹਿੰਦੇ ਓ, ਮਹਾਰਾਜ! ਸੱਤ ਹੈ। ਪਰ ਗੋਲੀਆਂ ਨਾਲ ਵੀ ਤੁਹਾਡੇ ਕੁਛ ਇਨਾਮ ਦੇ ਇਕਰਾਰ ਸਨ। ਏਸ ਗੱਲ ਦਾ ਡਰ ਲੱਗਦਾ ਏ। ਕਿਤੇ ਸਾਡੇ ਨਾਲ ਵੀ ਓਹਾ ਹੱਥ ਨਾ ਹੋਵੇ. ਸੋ ਜ਼ਬਾਨੀ ਨਹੀਂ, ਲਿਖ ਦਿਓ।"

**ਸ਼ੇਰ ਸਿੰਘ ਨੇ ਵਜ਼ੀਰ ਦੇ ਕਤਲ ਦਾ ਹੁਕਮ ਲਿਖ ਦਿੱਤਾ**

ਮਹਾਰਾਜਾ ਸ਼ੇਰ ਸਿੰਘ ਨੇ ਲਿਖ ਦਿੱਤਾ, 'ਧਿਆਨ ਸਿੰਘ ਨੂੰ ਕਤਲ ਕਰ ਦਿਓ, ਖ਼ੂੰਨ ਮਾਫ਼। ਉਹਦੀ ਥਾਂ ਲਹਿਣਾ ਸਿੰਘ ਵਜ਼ੀਰ ਬਣਾ ਲਿਆ ਜਾਵੇਗਾ, ਸੰਧਾਂਵਾਲੀਆਂ ਦੀਆਂ ਜਾਗੀਰਾਂ ਦੂਣੀਆਂ ਕੀਤੀਆਂ ਜਾਣਗੀਆਂ।' ਇਹ ਲਿਖਤ ਲੈਕੇ ਸੰਧਾਂਵਾਲੀਆਂ ਇਕਰਾਰ ਕੀਤਾ, ਕਿ ੧੫ ਸਤੰਬਰ ਨੂੰ ਸਾਡੀ ਫ਼ੌਜ ਦੀ ਹਾਜ਼ਰੀ ਲਵੋ, ਉਸ ਦਿਨ ਅਸੀਂ ਧਿਆਨ ਸਿੰਘ ਨੂੰ ਕਤਲ ਕਰ ਦਿਆਂਗੇ।

ਅਗਲੇਰੇ ਦਿਨ ਹੀ ਦੋਵੇਂ ਸਰਦਾਰ ਲਾਹੌਰ ਧਿਆਨ ਸਿੰਘ ਨੂੰ ਆ ਮਿਲੇ

**ਸੰਧਾਂਵਾਲੀਏ ਧਿਆਨ ਸਿੰਘ ਕੋਲ**

ਤੇ ਮਹਾਰਾਜੇ ਦਾ ਲਿਖਿਆ ਹੁਕਮ ਉਹਦੇ ਸਾਮ੍ਹਣੇ ਰੱਖ ਦਿੱਤਾ। ਜਿਸ ਵੇਲੇ ਡੋਗਰੇ ਨੇ ਕਤਲ ਦਾ ਹੁਕਮ ਪੜ੍ਹਿਆ, ਹੇਠਲਾ ਸਾਹ ਹਿਠਾਂਹ, ਉਤਲਾ ਉਤਾਂਹ, ਲਹਿਣਾ ਸਿੰਘ ਦੇ ਚਰਨਾਂ 'ਤੇ ਢਹਿ ਪਿਆ ਤੇ ਕਹਿਣ ਲੱਗਾ, "ਲਹਿਣਾ ਸਿੰਘਾ! ਮੇਰੇ ਵਾਸਤੇ ਤੂੰਹੋਂ ਰੱਬ ਏਂ। ਗੁਰੂ ਦੇ ਵਾਸਤੇ ਮੇਰੀ ਜਾਨ ਬਖ਼ਸ਼ ਦਿਹ। ਮੈਂ ਜੰਮੂੰ ਛੱਡਿਆ, ਪੰਜਾਬ ਵਿਚੋਂ ਇਕ

ਚੱਪਾ ਥਾਂ ਨਹੀਂ ਲੈਂਦਾ, ਦੇਸੋਂ ਨਿਕਲ ਜਾਵਾਂਗਾ ਤੇ ਮੰਗ ਕੇ ਗੁਜ਼ਾਰਾ ਕਰ ਲਵਾਂਗਾ। ਗੁਰੂ ਨਾਨਕ ਦੀ ਦੁਹਾਈ ਊ, ਮੇਰੀ ਜਾਨ ਬਖ਼ਸ਼ ਦਿਹ।"

ਲਹਿਣਾ ਸਿੰਘ ਨੇ ਕਿਹਾ, "ਹੱਛਾ ! ਤੁਸਾਂ ਤਾਂ ਸਾਡੇ ਨਾਲ ਕੋਈ ਨੇਕੀ ਨਹੀਂ ਕੀਤੀ ਸੀ, ਪਰ ਆਹੰਦੇ ਨੇ, ਭਲੇ ਦਾ ਭਲਾ ਏ। ਸੋ ਅਸੀਂ ਤੁਹਾਨੂੰ ਮਾਫ਼ ਕਰ ਦੇਂਦੇ ਆਂ।"

ਮਾਫ਼ੀ ਦਾ ਸ਼ਬਦ ਸੁਣ ਕੇ ਧਿਆਨ ਸਿੰਘ ਦੀ ਜਾਨ ਵਿਚ ਜਾਨ ਆਈ। ਕਹਿਣ ਲੱਗਾ, "ਜੇ ਤੁਸੀਂ ਮੇਰੇ ਨਾਲ ਭਲਾ ਕਰਦੇ ਓ, ਤਾਂ ਬੁਰਾ ਅੱਜ ਤਕ ਮੈਂ ਵੀ ਤੁਹਾਡੇ ਨਾਲ ਕੋਈ ਨਹੀਂ ਕੀਤਾ। ਮੈਨੂੰ ਤਾਂ ਰੱਬ ਨੇ ਬਣਾਇਆ ਈ ਨੇਕੀ ਕਰਨ ਵਾਸਤੇ ਹੈ। ਮੈਂ ਕੀ ਜਾਣਾ, ਬੁਰਿਆਈ ਕਿਸਨੂੰ ਕਹਿੰਦੇ ਨੇ ? ਮੈਨੂੰ ਤਾਂ ਨੇਕੀ ਕਰਨ ਦੀ ਆਦਤ ਪੱਕ ਚੁੱਕੀ ਏ। ਮੈਂ ਬੁਰਿਆਈ ਕਰ ਵੀ ਕਿਵੇਂ ਸਕਦਾ ਹਾਂ ? ਵੇਖੋ, ਤੁਸੀਂ ਮੇਰਾ ਬੁਰਾ ਧਾਰ ਕੇ ਆਏ ਸਉ, ਪਰ ਮੈਂ ਤੁਹਾਡਾ ਭਲਾ ਕਰਦਾ ਜੇ। ਤੁਸੀਂ ਸ਼ੇਰ ਸਿੰਘ ਦੀਆਂ ਚਾਲਾਂ ਤੋਂ ਜਾਣੂ ਨਹੀਂ। ਮੈਂ ਉਸ ਦਾ ਭੇਤੀ ਹਾਂ। ਉਹ ਤੁਹਾਡੇ ਨਾਲ ਦਿਲੋਂ ਸਾਫ਼ ਨਹੀਂ ਜੇ। ਆਪ ਜਿਉਣਾ ਚਾਹੁੰਦੇ ਹੋ, ਤਾਂ ਉਹਨੂੰ ਮਾਰ ਲਵੋ।"

ਲਹਿਣਾ ਸਿੰਘ ਨੇ ਉੱਤਰ ਦਿੱਤਾ, "ਜੇ ਤੁਸੀਂ ਕੁਛ ਮਦਦ ਕਰੋ ਤਾਂ।"

ਹਿੱਕ 'ਤੇ ਹੱਥ ਮਾਰ ਕੇ ਧਿਆਨ ਸਿੰਘ ਨੇ ਕਿਹਾ, "ਤੁਸੀਂ ਕਾਸੇ ਜੋਗੇ ਵੀ ਹੋਵੋ। ਮੈਂ ਹਰ ਤਰ੍ਹਾਂ ਹਾਜ਼ਰ ਹਾਂ।"

**ਧਿਆਨ ਸਿੰਘ ਕੋਲੋਂ ਸ਼ੇਰ ਸਿੰਘ ਦੇ ਕਤਲ ਦਾ ਹੁਕਮ ਲਿਖਵੱਾ ਲਿਆ**

ਫ਼ੈਸਲਾ ਪੱਕਾ ਹੋ ਗਿਆ। ਸੰਧਾਵਾਲੀਆਂ ਨੇ ਮਹਾਰਾਜੇ ਵਾਲੀ ਸ਼ਰਤ ਧਿਆਨ ਸਿੰਘ ਕੋਲੋਂ ਵੀ ਲਿਖੱਾ ਲਈ, ਤੇ ਓਹਾ ਇਕਰਾਰ ਇਸ ਨਾਲ ਕੀਤਾ, ਕਿ ੧੫ ਸਤੰਬਰ ਨੂੰ ਫ਼ੌਜ ਦੀ ਹਾਜ਼ਰੀ ਦੇਣ ਸਮੇਂ ਸ਼ੇਰ ਸਿੰਘ ਨੂੰ ਕਤਲ ਕਰ ਦਿਆਂਗੇ। ਮਹਾਰਾਜੇ ਤੇ ਵਜ਼ੀਰ ਦੋਹਾਂ ਤੋਂ ਇਕਰਾਰਨਾਮੇ ਲਿਖਵੱਾ ਕੇ ਸ: ਲਹਿਣਾ ਸਿੰਘ ਤੇ ਅਜੀਤ ਸਿੰਘ 'ਰਾਜਾਸਾਂਸੀ' ਚਲੇ ਗਏ।

**ਸ਼ੇਰ ਸਿੰਘ ਕਤਲ**

੧੫ ਸਤੰਬਰ ਦਾ ਨਿਭਾਗਾ ਦਿਨ ਆ ਪਹੁੰਚਾ। ਲਾਹੌਰ ਦੇ ਸ਼ਾਹੀ ਕਿਲ੍ਹੇ ਤੋਂ ੩ ਮੀਲ ਦੂਰ ਖੁੱਲ੍ਹੇ ਮੈਦਾਨ ਵਿਚ (ਬਗਵਾਨ ਪੁਰੇ ਦੇ ਪਿਛਲੇ ਪਾਸੇ ਪਹਾੜ ਦੀ ਬਾਹੀ) ਕੈਂਪ

ਲੱਗਾ ਹੋਇਆ ਸੀ। ਮਹਾਰਾਜਾ ਸ਼ੇਰ ਸਿੰਘ ਆਪਣੇ ਖ਼ਾਸ ਤੰਬੂ ਵਿਚ ਬੈਠਾ ਹੋਇਆ ਸੀ। ਸ: ਲਹਿਣਾ ਸਿੰਘ ਤੇ ਸ. ਅਜੀਤ ਸਿੰਘ ਪੰਜ ਹਜ਼ਾਰ ਫ਼ੌਜ ਸਣੇ ਆ ਪਹੁੰਚੇ। ਆਉਂਦਿਆਂ ਹੀ ਫ਼ੌਜ ਦਾ ਇਕ ਦਸਤਾ ਤੋਪਾਂ ਕੋਲ ਖਲਾ ਕਰ ਦਿੱਤਾ ਤੇ ਆਪ ਦੋਵੇਂ ਤੰਬੂ ਵਿਚ ਮਹਾਰਾਜਾ ਸ਼ੇਰ ਸਿੰਘ ਦੇ ਜਾ ਹਾਜ਼ਰ ਹੋਏ। ਜਾਂਦਿਆਂ ਹੀ ਅਜੀਤ ਸਿੰਘ ਨੇ ਗੋਲੀ ਦਾਗ ਦਿੱਤੀ।*

ਮਹਾਰਾਜਾ ਸ਼ੇਰ ਸਿੰਘ ਦੀ ਛਾਤੀ ਦੇ †ਸੱਜੇ ਪਾਸੇ ਗੋਲੀ ਲਗੀ ਤੇ ਉਹ ਕੁਰਸੀਓਂ ਥੱਲੇ ਡਿੱਗ ਪਿਆ। ਬੁੱਧ ਸਿੰਧ ਮਹਿਰਾ ਮਹਾਰਾਜੇ 'ਤੇ ਚੌਰ ਕਰ

---

*ਲਹਿਣਾ ਸਿੰਘ ਅਜੀਤ ਸਿੰਘ ਫ਼ੌਜ ਲੈ ਕੇ
ਗਿਣਤੀ ਦੇਣ ਬਦਲੇ ਗਏ ਆ ਭਾਈ
ਪੰਦਰਾਂ, ਨੌਂ, ਤਿਰਤਾਲੀਏ ਈਸਵੀ ਨੂੰ
ਢੋਇਆ ਢੋਅ ਇਹ ਆਪ ਖ਼ੁਦਾ ਭਾਈ
ਸ਼ੇਰ ਸਿੰਘ ਹੈਸੀ ਤੰਬੂ ਵਿਚ ਬੈਠਾ
ਸੰਧਾਵਾਲੀਏ ਵੀ ਪਹੁੰਚੇ ਆ ਭਾਈ
'ਮਹਾਰਾਜ' ਜੀ ਦੇ ਅੱਗੇ ਨਜ਼ਰ ਰੱਖ ਕੇ
ਮੱਥਾ ਟੇਕਿਆ ਸੀਸ ਨਿਵਾਂ ਭਾਈ
ਕਰਬੀਨ ਵਿਖਾਏ ਅਜੀਤ ਸਿੰਘ ਨੇ
'ਮਹਾਰਾਜ' ਨੂੰ ਕਿਹਾ ਸੁਣਾਂ, ਭਾਈ
ਵੇਖੋ ਨਵੀਂ, ਬੰਦੂਕ ਆਹ ਆਂਦੀ ਏ ਮੈਂ
'ਚੌਦਾਂ ਸੌ ਦੀ, ਫ਼ਰਕ ਨਾ ਕਾ ਭਾਈ'
ਕਰ ਕੇ ਹੱਥ ਮਹਾਰਾਜ ਜਾਂ ਫੜਨ ਲੱਗੇ
ਦਿੱਤੀ ਪਿੱਛੋਂ ਹੀ ਕਲਾ ਦਬਾਂ ਭਾਈ
ਛਾਤੀ ਵਿਚ ਲੱਗੀ ਗੋਲੀ ਸ਼ੇਰ ਸਿੰਘ ਨੂੰ
ਥੱਲੇ ਕੁਰਸੀਓਂ ਡਿੱਗਿਆ ਆ ਭਾਈ
ਤੇਗ਼ਾ ਮਾਰ ਕੇ ਸੀਸ ਉਤਾਰ ਲਿਆ
ਬਾਹਰ ਤੰਬੂਓਂ ਗਏ ਫਿਰ ਆ ਭਾਈ
ਜਜ਼ ਜਾਣ 'ਤੇ ਆਵੰਦੀ ਜਦੋਂ 'ਸੀਤਲ'
ਕੰਨੀ ਜਾਏ ਇਤਫ਼ਾਕ, ਖਿਸਕਾਂ ਭਾਈ

†ਬਿਰਧਾਂ ਦੇ ਬਿਆਨ, ਕਰਮ ਸਿੰਘ ਹਿਸਟੋਰੀਅਨ।

ਰਿਹਾ ਸੀ। ਉਹ ਤਲਵਾਰ ਧੂਹ ਕੇ ਅਜੀਤ ਸਿੰਘ ਵੱਲੇ ਵਧਿਆ, ਪਰ ਲਾਗੇ ਖਲੋਤੇ ਇਕ ਸਿਪਾਹੀ ਨੇ ਉਹਦੀ ਛਾਤੀ ਵਿਚ ਸੰਗੀਨ ਖੋਭ ਦਿੱਤੀ। ਮਹਾਰਾਜਾ ਸ਼ੇਰ ਸਿੰਘ ਦਾ ਸਿਰ ਵੱਢ ਲਿਆ। ਦੋ ਸਾਲ, ੭ ਮਹੀਨੇ, ੨੭ ਦਿਨ ਰਾਜ ਕਰ ਕੇ, ੩੬ ਸਾਲ ਦੀ ਉਮਰ ਵਿਚ ਛਨਿੱਛਰਵਾਰ, ੧੫ ਸਤੰਬਰ, ੧੮੪੩ ਈ. ਨੂੰ ਉਹ ਸੰਧਾਵਾਲੀਆਂ ਹੱਥੋਂ ਕਤਲ ਹੋਇਆ। ਸੰਧਾਵਾਲੀਏ ਇਹ ਵਿਸਾਹ-ਘਾਤ ਨਾ ਕਰਦੇ, ਤਾਂ ਸ਼ੇਰ ਸਿੰਘ ਉਹਨਾਂ ਦਾ ਦਿਲੋਂ ਮਿੱਤਰ ਬਣ ਕੇ ਰਹਿੰਦਾ।

**ਟਿੱਕਾ ਪਰਤਾਪ ਸਿੰਘ ਕਤਲ**

ਆਪਣੀ ਫ਼ੌਜ ਲੈ ਕੇ ਦੋਵੇਂ ਸਰਦਾਰ ਕਿਲ੍ਹੇ ਨੂੰ ਤੁਰੇ, ਤਾਂ ਅੱਗੇ ਮਹਾਰਾਜਾ ਸ਼ੇਰ ਸਿੰਘ ਦਾ ਵੱਡਾ ਲੜਕਾ ਟਿੱਕਾ ਪਰਤਾਪ ਸਿੰਘ ਨਜ਼ਰੀਂ ਪਿਆ। ਉਹ ਕੁਛ ਬ੍ਰਾਹਮਣਾਂ ਨੂੰ ਦਾਨ ਕਰ ਰਿਹਾ ਸੀ। ਲਹਿਣਾ ਸਿੰਘ ਨੇ ਉਸ ਦਾ ਵੀ ਸਿਰ ਵੱਢ ਲਿਆ*।

**ਧਿਆਨ ਸਿੰਘ ਸੰਧਾਵਾਲੀਆਂ ਦੇ ਕਾਬੂ**

ਦੋਹਾਂ ਪਿਓ-ਪੁੱਤਾਂ ਨੂੰ ਕਤਲ ਕਰ ਕੇ ਸੰਧਾਵਾਲੀਏ ਕਿਲ੍ਹੇ 'ਤੇ ਕਬਜ਼ਾ ਕਰਨ ਵਾਸਤੇ ਜਾ ਪੁੱਜੇ। ਕਿਲ੍ਹੇ ਦੇ ਬੂਹੇ ਅੱਗੇ ਰਾਜਾ ਧਿਆਨ ਸਿੰਘ ਮਿਲ ਪਿਆ੦। ਉਸ ਨੂੰ ਨਾਲ ਲੈ ਕੇ ਸੰਧਾਵਾਲੀਏ ਕਿਲ੍ਹੇ ਵਿਚ ਦਾਖ਼ਲ ਹੋਏ।

---

*ਬੈਠਾ ਸੀ ਪਰਤਾਪ ਸਿੰਘ, ਬਾਲਕ ਰੂਪ ਅਪਾਰ
ਡਿੱਠਾ ਲਹਿਣਾ ਸਿੰਘ ਜਾਂ, ਕੜਕ ਪਿਆ ਲਲਕਾਰ
ਟਿੱਕਾ ਚਰਨੀਂ ਢਹਿ ਪਿਆ, ਮਿਨਤਾਂ ਕਰੇ ਹਜ਼ਾਰ
(ਕਹਿੰਦਾ) 'ਤੂੰ ਬਾਬਾ, ਮੈਂ ਪੋਤਰਾ, ਜਾਨੋਂ ਹਾਏ ਨਾ ਮਾਰ'
ਮੰਨੀ ਲਹਿਣਾ ਸਿੰਘ ਨਾ, ਮਾਰੀ ਤੇਗ਼ ਉਲਾਰ
ਅਠ ਸਾਲ ਦੇ ਬਾਲ ਦਾ, ਲਿਓ ਸੂ ਸੀਸ ਉਤਾਰ
੦ਕਿਲ੍ਹਿਓਂ ਨਿਕਲਦਾ ਮਿਲਿਆ ਧਿਆਨ ਸਿੰਘ ਜਾਂ
ਸਾਰਾ ਓਸ ਨੂੰ ਹਾਲ ਸੁਣਾ ਦਿੱਤਾ।
ਲਹਿਣਾ ਸਿੰਘ ਨੇ ਆਖਿਆ, "ਚਲੋ ਅੰਦਰ,
ਅਸਾਂ ਆਪ ਦਾ ਕੰਮ ਭੁਗਤਾ ਦਿੱਤਾ।
ਚੱਲੋ, ਤਿਲਕ 'ਦਲੀਪ' ਨੂੰ ਦਿਹੋ ਹੱਥੀਂ,
ਕੰਡਾ ਰਾਹ 'ਚੋਂ ਅਸਾਂ ਹਟਾ ਦਿਤਾ।"

(ਦੇਖੋ ਬਾਕੀ ਫੁਟਨੋਟ ਪੰਨਾ ੭੧ 'ਤੇ)

ਸੰਧਾਂਵਾਲੀਆਂ ਦੀ ਫ਼ੌਜ ਦਰਵਾਜ਼ੇ 'ਤੇ ਪਹਿਰਾ ਦੇ ਰਹੀ ਸੀ। ਧਿਆਨ ਸਿੰਘ ਦੁਸ਼ਮਣਾਂ ਦੇ ਕਬਜ਼ੇ ਵਿਚ ਕਿਲ੍ਹੇ ਅੰਦਰ ਘਿਰਿਆ ਹੋਇਆ ਸੀ। ਰਾਜਾ ਧਿਆਨ ਸਿੰਘ ਤੇ ਸ. ਲਹਿਣਾ ਸਿੰਘ ਬਾਂਹ ਵਿਚ ਬਾਂਹ ਪਾਈ ਅੱਗੇ-ਅੱਗੇ ਜਾ ਰਹੇ ਸਨ ਤੇ ਗਿਆਨੀ ਗੁਰਮੁਖ ਸਿੰਘ ਤੇ ਅਜੀਤ ਸਿੰਘ ਮਗਰ ਮਗਰ। ਸ਼ੀਸ਼-ਮਹਿਲ ਦੀ ਬਾਹਰਲੀ ਡਿਉਢੀ ਕੋਲ ਪਹੁੰਚੇ, ਤਾਂ ਲਹਿਣਾ ਸਿੰਘ ਨੇ ਪੁੱਛਿਆ, "ਰਾਜਾ ਸਾਹਿਬ ! ਹੁਣ ਰਾਜ ਪਰਬੰਧ ਕਿਵੇਂ ਹੋਵੇਗਾ ? ਤਖ਼ਤ 'ਤੇ ਕੌਣ ਬੈਠੇਗਾ ?*

---

(ਦੇਖੋ ਪੰਨਾ ੭੦ ਦਾ ਬਾਕੀ ਫੁਟਨੋਟ)

ਇਹ ਕੁਛ ਆਖ, ਵਜ਼ੀਰ ਨੂੰ ਨਾਲ ਲੈ ਕੇ,
ਅੰਦਰ ਕਿਲ੍ਹੇ ਦੇ ਪੈਰ ਟਿਕਾਂ ਦਿੱਤਾ।
ਉਹ ਜਾਂ ਵੜੇ ਅੰਦਰ, ਬਾਹਰੋਂ ਅਰਦਲੀ ਨੇ,
ਝੱਟ ਹੁਕਮ ਪਾ ਕੇ ਬੂਹਾ ਲਾ ਦਿੱਤਾ।
ਸੰਧਾਂਵਾਲੀਆਂ ਦੀ ਫ਼ੌਜ ਘੇਰ ਬੂਹਾ,
ਆਮ ਖ਼ਾਸ ਨੂੰ ਬਾਹਰ ਅਟਕਾਂ ਦਿੱਤਾ।

* ਅਗ੍ਹਾਂ ਅੰਦਰਲੀ ਡਿਉਢੀਓਂ ਲੰਘ ਅੰਦਰ,
ਲਹਿਣਾ ਸਿੰਘ ਨੇ ਗੱਲ ਹਿਲਾਂ ਦਿੱਤੀ।
"ਤੂੰ ਵਜ਼ੀਰ, 'ਦਲੀਪ' ਮਹਾਰਾਜ ਬਣਸੀ,
ਜਾਊ ਜਿੰਦਾਂ ਮੁਖ਼ਤਾਰ ਬਣਾਂ ਦਿੱਤੀ।
ਅਤੇ ਅਸਾਂ ਕਾਹਦੀ ਖ਼ਾਤਰ ਪਾਪ ਕੀਤਾ ?
ਸ਼ੇਰ ਸਿੰਘ ਦੀ ਜਾਨ ਗੁਆ ਦਿੱਤੀ।
ਅੱਗੋਂ ਧਿਆਨ ਸਿੰਘ ਕਹਿਣ ਕੁਛ ਲੱਗਾ ਹੀ ਸੀ,
ਪਿੱਛੋਂ ਦੂਸਰੇ ਗੋਲੀ ਚਲਾਂ ਦਿੱਤੀ।
ਪੈਰਾਂ ਵਿਚ ਲਿਆ ਸੁੱਟ ਅਜੀਤ ਸਿੰਘ ਨੇ,
ਕਿਹਾ ਡਿੱਗਦੇ ਵਜ਼ੀਰ ਨੇ, ਹਾਏ ! ਪਾਣੀ।
"ਕਸਮ ਸ਼ੇਰੇ-ਪੰਜਾਬ ਦੀ ਮੜ੍ਹੀ ਦੀ ਜੇ
ਰੱਬ ਵਾਸਤੇ ਘੁੱਟ ਮਿਲ ਜਾਏ ਪਾਣੀ।"
ਲਹਿਣਾ ਸਿੰਘ ਨੇ ਆਖਿਆ, "ਲਵੋ ਪਾਣੀ,
ਨੌਨਿਹਾਲ ਨੂੰ ਜੇਹਾ ਪਿਆਇਆ ਸਾਜੇ।
ਪਾਣੀ ਮੰਗਦਿਆਂ ਕੀ ਨਹੀਂ ਸ਼ਰਮ ਆਉਂਦੀ ?

(ਦੇਖੋ ਬਾਕੀ ਫੁਟਨੋਟ ਪੰਨਾ ੭੨ 'ਤੇ)

ਧਿਆਨ ਸਿੰਘ :—"ਦਲੀਪ ਸਿੰਘ"
ਲਹਿਣਾ ਸਿੰਘ :—"ਵਜ਼ੀਰ ਕੌਣ ਬਣੇਗਾ ?"

---

(ਦੇਖੋ ਪੰਨਾ ੭੧ ਦਾ ਬਾਕੀ ਫੁਟਨੋਟ)

ਕੌਰ ਤੜਫਦੇ ਦੇ ਮੂੰਹ 'ਚ ਪਾਇਆ ਸਾਜੇ ?
ਸਾਥੋਂ ਰਹਿਮ ਦੀ ਆਸ ਕੀ ਰੱਖਦੇ ਓ ?
ਚੰਦ ਕੌਰ ਨਾਲ ਰਹਿਮ ਕਮਾਇਆ ਸਾਜੇ ?
ਅਜੇ ਕੱਲ੍ਹ ਕੀ ਨਾਨਕੀ ਨਾਲ ਕੀਤੀ ?
ਆਦਰ ਕੇਹੋ ਜਿਹਾ ਸਾਡਾ ਕਰਵਾਇਆ ਸਾਜੇ ?
ਪਤਾ ਲੱਗੀ ਦੀ ਅੱਜ, ਕਿ ਰੱਬ ਵੀ ਹੈ,
ਅੱਜ ਸ਼ੇਰੇ-ਪੰਜਾਬ ਵੀ ਯਾਦ ਆਇਆ।
ਅੱਜ ਦੁੱਖ ਤੇ ਰਹਿਮ ਦੀ ਪਈ ਸੋਝੀ,
ਦੇਣਾ ਅੰਤ ਹਿਸਾਬ ਵੀ ਯਾਦ ਆਇਆ।
ਨੇਕੀ ਸ਼ੇਰੇ-ਪੰਜਾਬ ਦੀ ਯਾਦ ਰਖਦੋਂ,
ਖੜਕ ਸਿੰਘ ਨਾਲ ਕਹਿਰ ਗੁਜ਼ਾਰਦੋਂ ਨਾ।
ਦੇ ਦੇ ਜ਼ਹਿਰ ਉਹਦੇ ਹੱਡ ਗਾਲਦੋਂ ਨਾ,
ਉਹਨੂੰ ਜਿਊਂਦੇ ਨੂੰ ਤਖ਼ਤੋਂ ਉਤਾਰਦੋਂ ਨਾ।
ਕਿਸੇ ਨਾਲ ਤਾਂ ਕਦੇ ਵਫ਼ਾ ਕਰਦੋਂ,
ਮਿੱਤਰ-ਘਾਤੀਆ ! ਰੱਬ ਵਿਸਾਰਦੋਂ ਨਾ।
ਖਾਧਾ ਨਿਮਕ ਸਦੀ, ਨਿਮਕ ਹਲਾਲ ਰਹਿੰਦੋਂ,
ਨੌਨਿਹਾਲ ਸਿੰਘ ਨੂੰ ਜਾਨੋਂ ਮਾਰਦੋਂ ਨਾ।
ਬਦਲਾ ਤਿੰਨਾਂ ਦਾ ਤਾਂ ਅੱਜ ਲੈ ਲਿਆ ਮੈਂ,
ਕੀਤਾ ਵਾਧਾ ਜੋ, ਹੁਣੇ ਨਿਤਾਰ ਲੈ ਭਈ।
ਅਜੇ ਬਾਕੀ ਹੈ ਹੱਤਿਆ ਨਾਨਕੀ ਦੀ,
ਕਿਵੇਂ ਉਤਰੂ ਸਿਰੋਂ, ਵਿਚਾਰ ਲੈ ਭਈ।"
ਹੋਇ ਗਿਆ ਗਿਆਨ ਧਿਆਨ ਸਿੰਘ ਨੂੰ,
ਸਮਾਂ ਬੀਤਿਆ ਸਾਮ੍ਹਣੇ ਆ ਗਿਆ।
ਮੂੰਹੋਂ ਨਿਕਲਿਆ ਅੰਤ ਨੂੰ 'ਹਾਇ ਕਿਸਮਤ',
ਅੱਖੀਂ ਫਿਰ ਗਈਆਂ, ਚਿਹਰਾ ਕੁਮਲਾ ਗਿਆ।
ਸਿਰ ਦੇ ਵਾਲ ਖੋਹੰਦਾ, ਮੰਥੇ ਵੱਟ ਪਾਉਂਦਾ,
ਅੰਤ ਜਮਾਂ ਦੇ ਨਾਲ ਸਿਧਾਂ ਗਿਆ।

(ਦੇਖੋ ਬਾਕੀ ਫੁਟਨੋਟ ਪੰਨਾ ੭੩ 'ਤੇ)

ਬੜੇ ਹੰਕਾਰ ਵਿਚ ਧਿਆਨ ਸਿੰਘ ਨੇ ਕਿਹਾ, "ਲਹਿਣਾ ਸਿੰਘਾ! ਮੇਰੇ ਖ਼ਿਆਲ ਵਿਚ ਅਜੇ ਕਿਸੇ ਮਾਈ ਨੇ ਉਹ ਲਾਲ ਨਹੀਂ ਜਣਿਆਂ, ਜੋ ਧਿਆਨ ਸਿੰਘ ਦੀ ਥਾਂ ਪੰਜਾਬ ਦਾ ਵਜ਼ੀਰ ਬਣੇ।"

ਗਿ: ਗੁਰਮੁਖ ਸਿੰਘ :—"ਭਲਾ ਇਹ ਕਿੱਧਰ ਦਾ ਨਿਆਂ ਏਂ ? ਜਦ ਕੜਾਹਿਆ ਨਵਾਂ ਲਾਉਣਾ ਏਂ, ਤਾਂ ਕੜਛਾ ਪੁਰਾਣਾ ਕਿਉਂ ਰਹਿਣ ਦਿੱਤਾ ਜਾਵੇ।"

**ਧਿਆਨ ਸਿੰਘ ਕਤਲ**

ਨੌਜਵਾਨ ਅਜੀਤ ਸਿੰਘ ਦੇ ਹੱਥ ਵਿਚ ਦੂਨਾਲੀ ਸੀ। ਉਹਨੇ ਉਸੇ ਵੇਲੇ ਗੋਲੀ ਮਾਰ ਕੇ ਧਿਆਨ ਸਿੰਘ ਨੂੰ ਢੇਰ ਕਰ ਦਿੱਤਾ।

ਮਹਾਰਾਣੀ ਚੰਦ ਕੌਰ ਦਾ ਸਰਾਫ਼ ਪੂਰਾ ਹੋਇਆ। ੧੫ ਸਤੰਬਰ, ੧੮੪੩ ਈ. ਨੂੰ ਧਿਆਨ ਸਿੰਘ ਦੇ 'ਪਾਣੀ ਪਾਣੀ' ਕਰਦੇ ਦੇ ਸਵਾਸ ਪੂਰੇ ਹੋਏ। ਏਹੋ ਜੇਹੇ ਪੁਰਸ਼ ਦਾ ਅੰਤ ਏਹੋ ਜਿਹਾ ਹੀ ਹੋਣਾ ਚਾਹੀਦਾ ਹੈ। ਅੰਗਰੇਜ਼ ਵਿੱਦਵਾਨ ਹੈਗਰਟ H.R. Haggart ਲਿਖਦਾ ਹੈ, (Those, who betray land, they must manure it) "ਜੋ ਜਨਮ ਭੂਮੀ ਨਾਲ ਦਗ਼ਾ ਕਰਦੇ ਹਨ, ਉਹਨਾਂ (ਦੇ ਸਰੀਰ) ਦੀ ਰੂੜੀ (ਬਣਾ ਕੇ) ਖੇਤਾਂ ਵਿਚ ਪਾਉਣੀ ਚਾਹੀਦੀ ਹੈ।" ਮੇਰੇ ਖ਼ਿਆਲ ਵਿਚ ਇਹ ਵੀ ਨਹੀਂ ਕਰਨਾ ਚਾਹੀਦਾ। ਕਿਉਂਕਿ ਡਰ ਹੈ, ਕਿ ਉਹਨਾਂ ਦੇ ਲਹੂ ਦੀ ਤਾਸੀਰ ਜਿਨਸਾਂ ਰਾਹੀਂ ਦੂੱਜਿਆਂ ਦੇ ਲਹੂ ਵਿਚ ਮਿਲ ਕੇ ਹੋਰ ਦੇਸ-ਧਰੋਹੀ ਪੈਦਾ ਨਾ ਕਰ ਦੇਵੇ।

---

(ਦੇਖੋ ਪੰਨਾ ੭੨ ਦਾ ਬਾਕੀ ਫੁਟਨੋਟ)

ਆਪ ਮਰ ਗਿਆ ਤੇ ਸਿੱਖਰਾਜ ਦੀਆਂ,
ਵੱਟੇ ਬੇੜੀਆਂ ਦੇ ਵਿਚ ਪਾ ਗਿਆ।
ਜਦ ਤਕ ਰਹੂ ਇਤਿਹਾਸ ਗਵਾਹ 'ਸੀਤਲ',
ਕਾਰਾ ਧਿਆਨ ਸਿੰਘ ਦਾ ਯਾਦ ਰਹੇਗਾ ਜੀ।
ਲੱਖ ਸਾਬਣਾਂ ਦੇ ਨਾਲ ਧੋਤਿਆਂ ਵੀ,
ਇਹ ਕਲੰਕ ਨਾ ਮੱਥਿਓਂ ਲਹੇਗਾ ਜੀ।

ਦੇਸ-ਧਰੋਹੀ ਮਹਾਂ ਹੱਤਿਆਰਾ।

---

ਇਹ ਧਰਤੀ ਪੰਜ ਦਰਿਆਵਾਂ ਦੀ, ਇਹ ਜੋਧਿਆਂ ਦਾ ਅਸਥਾਨ।
ਏਥੇ ਪੀਰ ਪੈਗ਼ੰਬਰ ਔਲੀਏ, ਕਈ ਹੋਏ ਬਲੀ ਮਹਾਨ।
ਏਥੇ ਸਤਿਗੁਰ ਨਾਨਕ ਪਰਗਟੇ, ਪਏ ਦਿਉਤੇ ਸੀਸ ਝੁਕਾਨ।
ਗੁਰ ਪੰਜਵੇਂ ਘਾਲਾਂ ਘਾਲੀਆਂ, ਜੋ ਤਪੀਆਂ ਦੇ ਸੁਲਤਾਨ।
ਏਥੇ ਲਾਲ ਗੁਰੂ ਦਸਮੇਸ਼ ਦੇ, ਗਏ ਵਾਰ ਧਰਮ ਤੋਂ ਜਾਨ।
ਗੁਰ ਪੰਥ ਖ਼ਾਲਸਾ ਸਾਜ ਕੇ, ਫਿਰ ਮਰੀ ਜਿਵਾਈ ਆਨ।
ਏਥੇ ਨਲੂਏ ਤੇ ਰਣਜੀਤ ਦੀ, ਜਦ ਚਮਕੀ ਸੀ ਕਿਰਪਾਨ।
ਤਾਂ ਖ਼ੁੱਸੀ ਹੋਈ ਪੰਜਾਬ ਦੀ, ਵਿਚ ਦੁਨੀਆਂ ਚਮਕੀ ਸ਼ਾਨ।
ਪਰ ਘਾਲ ਬਲੀ ਰਣਜੀਤ ਦੀ, ਨਾ ਸਾਂਭ ਸੱਕੀ ਸੰਤਾਨ।
ਜਿਉਂ ਗਿਆ ਸੀ ਰਾਜ ਪੰਜਾਬ ਦਾ, ਪੜ੍ਹ 'ਸੀਤਲ' ਦਿਲ ਪਛਤਾਨ।

# ਦੂੱਜਾ ਕਾਂਡ
# ਮਹਾਰਾਜਾ ਦਲੀਪ ਸਿੰਘ

ਦਲੀਪ ਸਿੰਘ ਨੂੰ ਰਾਜ ਤਿਲਕ

ਗਿਆਨੀ ਗੁਰਮੁਖ ਸਿੰਘ ਦੇ ਹੱਥੋਂ ਧਿਆਨ ਸਿੰਘ ਦੇ ਲਹੂ ਨਾਲ ਦਲੀਪ ਸਿੰਘ ਨੂੰ ਰਾਜ-ਤਿਲਕ ਦਿੱਤਾ ਗਿਆ। ਉਸ ਵੇਲੇ (੧੫ ਸਤੰਬਰ, ੧੮੪੩ ਈ.) ਦਲੀਪ ਸਿੰਘ ੫ ਸਾਲ, ੧੧ ਦਿਨ ਦਾ ਸੀ। ਇਹ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਸੀ, ਜੋ ਮਹਾਰਾਣੀ ਜਿੰਦ ਕੌਰ ਦੀ ਕੁੱਖੋਂ ੪ ਸਤੰਬਰ, ੧੮੩੮ ਈ: ਨੂੰ ਜਨਮਿਆਂ। ਸ਼ੇਰੇ-ਪੰਜਾਬ ਦੇ ਸੁਰਗਵਾਸ ਹੋਣ ਸਮੇਂ ਇਹ ੯ ਮਹੀਨੇ ੨੪ ਦਿਨ ਦਾ ਸੀ।

ਹੀਰਾ ਸਿੰਘ ਤੇ ਸੁਚੇਤ ਸਿੰਘ ਦੇ ਕਤਲ ਦੀ ਸਾਜ਼ਸ਼ ਨੇਪਰੇ ਨਾ ਚੜ੍ਹੀ

ਸੰਧਾਵਾਲੀਆਂ ਦੀ ਸਲਾਹ ਹੀਰਾ ਸਿੰਘ ਤੇ ਸੁਚੇਤ ਸਿੰਘ ਨੂੰ ਵੀ ਧਿਆਨ ਸਿੰਘ ਦੇ ਨਾਲ ਹੀ ਬਿਲੇ ਲਾ ਦੇਣ ਦੀ ਸੀ। ਲਹਿਣਾ ਸਿੰਘ ਨੇ ਬੁੱਧੂ ਦੇ ਆਵੇ 'ਤੇ ਮਿਸਰ ਲਾਲ ਸਿੰਘ ਨੂੰ ਲਿਖਿਆ, ਕਿ ਉਹ ਰਾਜਾ ਸੁਚੇਤ ਸਿੰਘ ਤੇ ਰਾਜਾ ਹੀਰਾ ਸਿੰਘ ਨੂੰ ਕਿਲ੍ਹੇ ਵਿਚ ਲੈ ਆਵੇ। ਮਿਸਰ ਨੇ ਦੋਹਾਂ ਡੋਗਰਿਆਂ ਨੂੰ ਕਿਹਾ, ਕਿ ਰਾਜਾ ਧਿਆਨ ਸਿੰਘ ਉਹਨਾਂ ਨੂੰ ਇਕ ਖ਼ਾਸ ਸਲਾਹ ਕਰਨ ਵਾਸਤੇ ਕਿਲ੍ਹੇ ਵਿਚ ਸੱਦਦਾ ਹੈ। ਪੰਡਤ ਜੱਲ੍ਹੇ ਨੇ ਉਤਰ ਦਿੱਤਾ, ਕਿ ਜਦੋਂ ਤਕ ਰਾਜਾ ਧਿਆਨ ਸਿੰਘ ਦੇ ਹੱਥਾਂ ਦੀ ਲਿਖੀ ਚਿੱਠੀ ਨਹੀਂ ਆਵੇਗੀ, ਅਸੀਂ ਨਹੀਂ ਜਾਵਾਂਗੇ। ਏਸ ਤਰ੍ਹਾਂ ਸੰਧਾਵਾਲੀਆਂ ਦੀ ਇਹ ਤਜਵੀਜ਼ ਸਿਰੇ ਨਾ ਚੜ੍ਹੀ।

ਦਲੀਪ ਸਿੰਘ ਦੇ 'ਮਹਾਰਾਜਾ' ਤੇ ਲਹਿਣਾ ਸਿੰਘ ਦੇ 'ਵਜ਼ੀਰ' ਹੋਣ ਦਾ ਐਲਾਨ ਕੀਤਾ ਗਿਆ। ਗਿਆਨੀ ਗੁਰਮੁਖ ਸਿੰਘ ਨੇ ਕਿਹਾ, ਕਿ 'ਮਹਾਰਾਜਾ

ਦਲੀਪ ਸਿੰਘ ਨੂੰ ਹਾਥੀ 'ਤੇ ਬਿਠਾ ਕੇ ਛਾਉਣੀ ਵਿਚ ਲੈ ਚੱਲੀਏ ਤੇ ਫ਼ੌਜਾਂ ਨੂੰ ਇਨਾਮ ਦੇ ਕੇ ਆਪਣੇ ਵੱਸ ਵਿਚ ਕਰ ਲਈਏ।" ਅੱਗੋਂ ਮੂੰਹ-ਜ਼ੋਰ ਲਹਿਣਾ ਸਿੰਘ ਨੇ ਕਿਹਾ, 'ਅਸਾਂ ਇਹ ਕੰਮ ਫ਼ੌਜਾਂ ਦੀ ਆਸ 'ਤੇ ਨਹੀਂ ਕੀਤਾ। ਆਪੇ ਸਭ ਟੱਕਰਾਂ ਮਾਰ ਕੇ ਆ ਜਾਣਗੇ।'

**ਹੀਰਾ ਸਿੰਘ ਫ਼ੌਜਾਂ ਵਿੱਚ**

ਹੀਰਾ ਸਿੰਘ ਨੂੰ ਸਾਰੀ ਗੱਲ ਦਾ ਪਤਾ ਲੱਗਾ, ਤਾਂ ਉਹ ਬੁੱਧੂ ਦੇ ਆਵੇ 'ਤੇ ਫੌਜਾਂ ਅੱਗੇ ਜਾ ਪਿੱਟਿਆ*। ਉਹਨੇ ਫ਼ੌਜਾਂ ਦੇ ਸਾਮ੍ਹਣੇ ਇਉਂ ਕਹਿਣਾ ਆਰੰਭ ਕੀਤਾ, "ਖ਼ਾਲਸਾ ਜੀ! ਤੁਹਾਡੇ ਸਾਮ੍ਹਣੇ ਹੀ ਪ੍ਰਾਣਾਂ ਤੋਂ ਪਿਆਰੇ ਮਹਾਰਾਜਾ ਸ਼ੇਰ ਸਿੰਘ ਜੀ ਨੂੰ ਕਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਅੱਠ ਸਾਲ ਦੇ ਬੱਚੇ ਟਿੱਕਾ ਪਰਤਾਪ ਸਿੰਘ ਨੂੰ ਬੜੀ ਬੇ-ਰਹਿਮੀ ਨਾਲ ਕੋਹਿਆ ਗਿਆ ਹੈ। ਤੁਹਾਡੇ ਪੁਰਾਣੇ ਸੇਵਾਦਾਰ ਰਾਜਾ ਧਿਆਨ ਸਿੰਘ ਨੂੰ ਏਸ ਵਾਸਤੇ ਮਾਰਿਆ ਗਿਆ ਏ, ਕਿ ਉਹ ਸਿੱਖ ਰਾਜ ਨੂੰ ਉਹਨਾਂ (ਸੰਧਾਂਵਾਲੀਆਂ) ਦੀਆਂ ਬੇਈਮਾਨੀਆਂ ਤੋਂ ਬਚਾਉਣਾ ਚਾਹੁੰਦੇ ਸਨ। ਏਨੇ ਅੱਤਿਆਚਾਰ ਹੋ ਗਏ, ਪਰ ਖ਼ਾਲਸਾ ਜੀ ! ਆਪ ਅਜੇ ਚੁੱਪ ਵੱਟੀ ਬੈਠੇ ਓ। ਆਪ ਦੀਆਂ ਅੱਖਾਂ ਓਸ ਵੇਲੇ ਖੁੱਲ੍ਹਣਗੀਆਂ, ਜਦੋਂ ਹੋਰ ਦੋ ਦਿਨਾਂ ਨੂੰ ਅੰਗਰੇਜ਼ੀ ਫ਼ੌਜਾਂ ਪੰਜਾਬ ਵਿਚ ਆ ਧਮਕਣਗੀਆਂ। ਜਦ ਅਜੀਤ ਸਿੰਘ ਕਲਕੱਤੇ ਗਿਆ ਸੀ, ਓਦੋਂ ਅੰਗਰੇਜ਼ਾਂ ਨਾਲ ਸਭ ਪੱਕ ਪਕਾ ਆਇਆ ਸੀ। ਹੁਣੇ ਹੀ ਭਰੋਸੇ ਯੋਗ ਵਸੀਲੇ ਤੋਂ ਪਤਾ ਲੱਗਾ ਹੈ, ਕਿ ਲਹਿਣਾ ਸਿੰਘ ਨੇ ਫ਼ੀਰੋਜ਼ਪੁਰ ਤੇ ਲੁਧਿਆਣੇ ਅੰਗਰੇਜ਼ਾਂ ਨੂੰ ਚਿੱਠੀਆਂ ਲਿਖ

---

* ਹੀਰਾ ਸਿੰਘ ਦੁਹੱਥੜੀ ਪਿੱਟ ਕਹਿੰਦਾ,
"ਸੰਧਾਂਵਾਲੀਆਂ ਗ਼ਦਰ ਮਚਾਇਆ ਏ।
ਨੇਕੀ ਸ਼ੇਰੇ-ਪੰਜਾਬ ਦੀ ਖੂਹ ਪਾਈ,
ਸ਼ੇਰ ਸਿੰਘ ਨੂੰ ਮਾਰ ਮੁਕਾਇਆ ਏ।
ਬੇਗੁਨਾਹ ਮਾਸੂਮ ਪਰਤਾਪ ਸਿੰਘ ਨੂੰ,
ਵੇਖੋ, ਤੇਗ਼ ਦੇ ਘਾਟ ਲੰਘਾਇਆ ਏ।
ਭਾਰੀ ਅੱਤ ਮਚਾਈ ਏ ਰਾਜ ਅੰਦਰ,
ਮੇਰੇ ਪਿਤਾ ਵਾਲਾ ਸਿਰ ਲਾਹਿਆ ਏ।

ਦਿਤੀਆਂ ਹਨ। ਬੱਸ ਛੇਤੀ ਹੀ ਅੰਗਰੇਜ਼ੀ ਫ਼ੌਜ ਆਈ ਸਮਝੋ। ਜੇ ਪੰਜਾਬ ਦੀ ਆਜ਼ਾਦੀ ਤੇ ਖ਼ਾਲਸਈ ਸ਼ਾਨ ਬਚਾਉਣੀ ਚਾਹੁੰਦੇ ਹੋ, ਤਾਂ ਮੇਰਾ ਸਾਥ ਦਿਓ। ਮੈਂ ਆਪ ਜੀ ਦਾ ਓਹੀ ਨਿਮਕ ਹਲਾਲ ਨੌਕਰ ਹਾਂ, ਜਿਸਨੂੰ ਸ੍ਰੀ ਹਜ਼ੂਰ ਸ਼ੇਰੇ-ਪੰਜਾਬ 'ਬੱਚੜੀ' ਕਹਿ ਕੇ ਬੁਲਾਉਂਦੇ ਹੁੰਦੇ ਸਨ। ਮੈਂ ਬਚਨ ਦੇਂਦਾ ਹਾਂ, ਕਿ ਸੰਧਾਵਾਲੀਆਂ ਨੂੰ ਮਾਰਨ ਬਦਲੇ ਆਪ ਨੂੰ ਇਨਾਮ ਵੀ ਰੱਜਵਾਂ ਦਿੱਤਾ ਜਾਵੇਗਾ ਤੇ ਤਨਖ਼ਾਹ ਵੀ ਵਧਾਈ ਜਾਵੇਗੀ।"

**ਹੀਰਾ ਸਿੰਘ ਦਾ ਕਿਲ੍ਹੇ 'ਤੇ ਹੱਲਾ**

ਇਹ ਮੋਹਣੀ ਮੰਤਰ ਚੱਲ ਗਿਆ। ਫ਼ੌਜਾਂ ਤਿਆਰ ਹੋ ਪਈਆਂ। ਹੀਰਾ ਸਿੰਘ ਨੇ ਚਾਲੀ-ਪੰਜਾਹ ਹਜ਼ਾਰ ਫ਼ੌਜ ਤੇ ੧੦੦ ਤੋਪਾਂ ਨਾਲ ਕਿਲ੍ਹੇ 'ਤੇ ਹੱਲਾ ਕੀਤਾ।*

ਸਾਰੀ ਰਾਤ ਹੀਰਾ ਸਿੰਘ ਦੀਆਂ ਤੋਪਾਂ ਕਿਲ੍ਹੇ 'ਤੇ ਅੱਗ ਵਰ੍ਹਾਉਂਦੀਆਂ ਰਹੀਆਂ। ਅਧੀ-ਕੁ ਰਾਤ ਵੇਲੇ ਲਹਿਣਾ ਸਿੰਘ ਕਿਲ੍ਹੇ ਦੀ ਕੰਧ ਉੱਤੇ ਮੋਰਚੇ

**ਲਹਿਣਾ ਸਿੰਘ ਦਾ ਮਰਨਾ**

ਵੇਖ ਰਿਹਾ ਸੀ, ਜਾਂ ਛਾਤੀ ਵਿਚ ਗੋਲੀ ਆ ਲੱਗੀ। ਅਜੀਤ ਸਿੰਘ ਨੂੰ ਪਤਾ ਲੱਗਾ, ਤਾਂ ਲਹਿਣਾ ਸਿੰਘ ਦੇ ਕੋਲ ਬਹਿ ਕੇ ਰੋਣ ਲੱਗ ਪਿਆ। ਲਹਿਣਾ ਸਿੰਘ ਨੇ ਕਿਹਾ, "ਕਿਉਂ ਉਇ! ਮੇਰਾ ਭਤੀਜਾ ਹੋ ਕੇ ਰੋਂਦਾ ਏਂ ? ਕਤਲ ਕਰਨਾ ਬਾਦਸ਼ਾਹਾਂ ਤੇ ਵਜ਼ੀਰਾਂ ਨੂੰ ਤੇ ਫੇਰ ਮੌਤੋਂ ਡਰਨਾ ? ਮਰਦ ਬਣ ਕੇ ਲੜ ਕੇ ਸ਼ਹੀਦ ਹੋਵੀਂ, ਜਿਉਂਦਾ ਦੁਸ਼ਮਣ ਦੇ ਹੱਥ ਨਾ ਆਵੀਂ।"

---

* ਫ਼ੌਜ ਚੜ੍ਹੀ ਬੇ-ਓੜਕੀ ਖੰਡੇ ਲਿਸ਼ਕਾਏ
ਹੀਰਾ ਸਿੰਘ ਨੇ ਕਿਲ੍ਹੇ 'ਤੇ ਹੱਲੇ ਕਰਵਾਏ
ਤੋਪਾਂ, ਤੀਰਾਂ, ਗੋਲੀਆਂ ਕਈ ਯੋਧੇ ਘਾਏ
ਲਹਿਣਾ ਸਿੰਘ, ਅਜੀਤ ਸਿੰਘ ਰਣ ਵਿਚ ਸਮਾਏ
ਹੀਰਾ ਸਿੰਘ ਨੇ ਫ਼ਤਹਿ ਦੇ ਵਾਜੇ ਵਜਵਾਏ
'ਸੀਤਲ' ਜੀ ਸਿੱਖ ਰਾਜ ਦੇ ਪੁੱਠੇ ਦਿਨ ਆਏ

ਅਜੀਤ ਸਿੰਘ ਦਾ ਮਰਨਾ

ਥੋੜ੍ਹੇ ਹੀ ਚਿਰ ਪਿਛੋਂ ਲਹਿਣਾ ਸਿੰਘ ਚਲਾਣਾ ਕਰ ਗਿਆ। ਦਿਨ ਚੜ੍ਹੇ* ਅਜੀਤ ਸਿੰਘ ਤਲਵਾਰ ਹੱਥ ਵਿਚ ਲੈ ਕੇ ਕਿਲ੍ਹੇ ਦੀ ਕੰਧ ਤੋਂ ਬਾਹਰ ਟੱਪ ਪਿਆ ਤੇ ਮਰਦਾਂ ਵਾਂਗ ਕੱਟ ਮਰਿਆ।

ਸੰਧਾਵਾਲੀਆਂ ਵੱਲੋਂ ਵਿਹਲਾ ਹੋਕੇ ਹੀਰਾ ਸਿੰਘ ਕਿਲ੍ਹੇ ਵਿਚ ਵੜਿਆ।

ਹੀਰਾ ਸਿੰਘ ਵਜ਼ੀਰ ਬਣਿਆਂ

ਦਲੀਪ ਸਿੰਘ ਨੂੰ 'ਮਹਾਰਾਜਾ' ਬਣਾਕੇ ਤਖ਼ਤ 'ਤੇ ਬਿਠਾਇਆ ਤੇ ਆਪ ਵਜ਼ੀਰ ਬਣਿਆਂ। ਫਿਰ ਉਹਨੇ ਵਿਰੋਧੀ ਧੜੇ ਦੇ ਆਦਮੀ ਚੁਣ ਚੁਣ ਕੇ ਮਾਰੇ। ਗਿ. ਗੁਰਮੁਖ ਸਿੰਘ ਤੇ ਮਿਸਰ ਬੇਲੀ ਰਾਮ ਕਤਲ ਕੀਤੇ ਗਏ। ਰਾਜਾਸਾਂਸੀ ਪਿੰਡ ਵਿਚ ਸੰਧਾਵਾਲੀਆਂ ਦੇ ਮਕਾਨ ਢਾਹ ਕੇ ਮਿੱਟੀ ਨਾਲ ਮਿਲਾ ਦਿੱਤੇ ਤੇ ਉਹਨਾਂ ਦੀ ਜਾਇਦਾਦ ਜ਼ਬਤ ਕਰ ਲਈ ਗਈ।

ਗੁਰਮੁਖ ਸਿੰਘ ਤੇ ਬੇਲੀ ਰਾਮ ਕਤਲ ਤੇ ਸੰਧਾਵਾਲੀਆਂ ਦੀ ਜਾਇਦਾਦ ਜ਼ਬਤ

ਰਾਜਾ ਹੀਰਾ ਸਿੰਘ ਨੇ ਔਖਿਆਈ ਨਾਲ ਫ਼ੌਜ ਦੇ ਇਕਰਾਰ ਪੂਰੇ ਕੀਤੇ। ਉਹਨੇ ਇਨਾਮ ਵੀ ਦਿੱਤੇ ਤੇ †ਪੈਦਲ ਦੀ ਤਨਖ਼ਾਹ ੧੨ ਰੁਪਏ ਮਹੀਨਾ ਤੇ ਅਸਵਾਰ ਦੀ ੩੦ ਰੁਪਏ ਕਰ ਦਿੱਤੀ।

ਜਦ ਲਾਹੌਰ ਵਿਚ ਇਹ ਅੱਗ ਬਲ ਰਹੀ ਸੀ, ਓਧਰ ਸਿਆਲਕੋਟ ਵਿਚ ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਸ਼ੌਰਾ ਸਿੰਘ ਨੇ ਬਲਵਾ ਕਰ ਦਿੱਤਾ, ਜਿਸਨੂੰ ਰਾਜਾ ਗੁਲਾਬ ਸਿੰਘ ਨੇ ਛੇਤੀ ਹੀ ਦਬਾ ਦਿੱਤਾ।

ਮਹਾਰਾਣੀ ਜਿੰਦ ਕੌਰ ਦਾ ਭਰਾ ਸਰਦਾਰ ਜਵਾਹਰ ਸਿੰਘ, ਹੀਰਾ ਸਿੰਘ ਦੇ ਦਿਲ ਵਿਚ ਕੰਡੇ ਵਾਂਗ ਰੜਕਦਾ ਸੀ। ਜਵਾਹਰ ਸਿੰਘ ਨੂੰ ਵੀ ਇਹ ਪਸੰਦ ਨਹੀਂ ਸੀ, ਕਿ ਉਸ ਦੀ ਆਸ ਤੋਂ ਉਲਟ ਹੀਰਾ ਸਿੰਘ ਵਜ਼ੀਰ ਬਣ

---

* Lieut, Col. Richmond to Government. 20th Sep. 1843, ਰਿਚਮੰਡ ਸਰਕਾਰ ਨੂੰ।

(ਜੂਨ, ੧੮੪੩ ਈ: ਵਿਚ ਕਲਾਰਕ ਦੀ ਥਾਂ ਰਿਚਮੰਡ ਏਜੰਟ ਬਣਿਆਂ।

† (Smyth) ਸਮਿੱਥ, ਪੰਨਾ ੭੯।

ਜਾਵੇ। ਹੀਰਾ ਸਿੰਘ ਆਪਣੇ ਪਿਤਾ ਨਾਲੋਂ ਘੱਟ ਚਲਾਕ ਨਹੀਂ ਸੀ। ਉਹਨੇ ਡੋਗਰਿਆਂ ਦਾ ਅਜ਼ਮਾਇਆ ਹੋਇਆ ਉਹ ਵਿਰੋਧੀ ਨੂੰ ਬਦਨਾਮ ਕਰਨ ਵਾਲਾ ਪੁਰਾਣਾ ਹਥਿਆਰ ਜਵਾਹਰ ਸਿੰਘ ਵਿਰੁੱਧ ਵਰਤਿਆ।

**ਜਵਾਹਰ ਸਿੰਘ ਕੈਦ**

ਉਹਨੇ ਫ਼ੌਜਾਂ ਵਿਚ ਇਹ ਗੱਲ ਧੁਮਾਂ ਦਿੱਤੀ, ਕਿ ਸ. ਜਵਾਹਰ ਸਿੰਘ, ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਕੋਲ ਵੇਚਣਾ ਚਾਹੁੰਦਾ ਹੈ। ਓਧਰੋਂ ਜਵਾਹਰ ਸਿੰਘ ਨੇ ਵੀ ਫ਼ੌਜਾਂ 'ਤੇ ਹੀ ਟੇਕ ਰੱਖੀ ਤੇ ਪੰਚਾਂ ਦੇ ਵਸੀਲੇ ਨਾਲ ਤਾਕਤ ਹਾਸਲ ਕਰਨੀ ਚਾਹੀ। ਉਹਨੂੰ ਇਹ ਚਾਲ ਸਗੋਂ ਪੁੱਠੀ ਪਈ। ਇਕ ਦਿਨ ਉਹ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈ ਕੇ ਫ਼ੌਜਾਂ ਵਿਚ ਗਿਆ ਤੇ ਆਖਣ ਲੱਗਾ, "ਵੇਖੋ, ਰਾਜਾ ਹੀਰਾ ਸਿੰਘ, ਮਹਾਰਾਣੀ ਜਿੰਦ ਕੌਰ ਤੇ ਮਹਾਰਾਜਾ ਦਲੀਪ ਸਿੰਘ ਨੂੰ ਦਿਨੋਂ ਦਿਨ ਬਹੁਤ ਤੰਗ ਕਰ ਰਿਹਾ ਹੈ। ਤੁਸੀਂ ਉਸਦੇ ਵਿਰੁੱਧ ਸਾਡੀ ਮਦਦ ਨਹੀਂ ਕਰੋਗੇ, ਤਾਂ ਮੈਂ ਆਪਣੇ ਭਣੇਵੇਂ (ਮਹਾਰਾਜਾ ਦਲੀਪ ਸਿੰਘ) ਨੂੰ ਲੈ ਕੇ ਅੰਗਰੇਜ਼ੀ ਇਲਾਕੇ ਵਿਚ ਚਲਾ ਜਾਵਾਂਗਾ।" ਉਸਦੇ ਮੂੰਹੋਂ ਅੰਗਰੇਜ਼ਾਂ ਦਾ ਨਾਮ ਸੁਣ ਕੇ ਫ਼ੌਜਾਂ ਗੁੱਸੇ ਨਾਲ ਭੜਕ ਉੱਠੀਆਂ ਤੇ ਉਸਨੂੰ ਗ੍ਰਿਫ਼ਤਾਰ ਕਰਕੇ ਹੀਰਾ ਸਿੰਘ ਦੇ ਹਵਾਲੇ ਕਰ ਦਿੱਤਾ। ਹੀਰਾ ਸਿੰਘ ਨੇ ਜਵਾਹਰ ਸਿੰਘ ਨੂੰ ਕੈਦ ਵਿਚ ਸੁੱਟ ਦਿੱਤਾ।

ਸਾਰੇ ਪੰਜਾਬ ਦੀਆਂ ਸਿੱਖ ਫ਼ੌਜਾਂ ਵਿਚ ਉਸ ਵੇਲੇ ਅੰਗਰੇਜ਼ਾਂ ਦੇ ਵਿਰੁੱਧ ਬੜਾ ਭਾਰਾ ਜੋਸ਼ ਫੈਲ ਰਿਹਾ ਸੀ, ਕਿਉਂਕਿ ਸਿੱਖ ਸਿਪਾਹੀਆਂ ਦਾ ਇਹ ਸ਼ੱਕ ਦਿਨੋ ਦਿਨ ਵੱਧ ਰਿਹਾ ਸੀ, ਕਿ ਅੰਗਰੇਜ਼ ਕਿਸੇ ਨਾ ਕਿਸੇ ਦਿਨ ਪੰਜਾਬ ਉੱਤੇ ਆ ਪੈਣਗੇ। ਇਸ ਕਾਰਨ ਸਿੱਖ ਤੇ ਅੰਗਰੇਜ਼ ਦਿਲੋਂ ਦੂਰ ਹੋ ਰਹੇ ਸਨ। ਜਿਸ ਆਦਮੀ ਉੱਤੇ ਅੰਗਰੇਜ਼ਾਂ ਦਾ ਮਿੱਤਰ ਹੋਣ ਦਾ ਸ਼ੱਕ ਪੈਂਦਾ, ਉਹ ਫ਼ੌਜਾਂ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦਾ। ਡੋਗਰਿਆਂ ਨੇ ਜਿਸ ਨੂੰ ਬਰਬਾਦ ਕਰਨਾ ਹੁੰਦਾ, ਉਸ ਦੇ ਵਿਰੁੱਧ—ਅੰਗਰੇਜ਼ਾਂ ਨਾਲ ਮਿਲ ਗਿਆ—ਦੀ ਕਹਾਣੀ ਘੜ ਦੇਂਦੇ ਤੇ ਆਪਣੇ ਰਾਹ ਵਿਚੋਂ ਕੰਡੇ ਵਾਂਗ ਪਾਸੇ ਕਰ ਦੇਂਦੇ।

**ਸੁਚੇਤ ਸਿੰਘ ਤੇ ਹੀਰਾ ਸਿੰਘ ਵਿਚ ਫੁੱਟ**

ਸ. ਜਵਾਹਰ ਸਿੰਘ ਦਾ ਮਦਦਗਾਰ ਰਾਜਾ ਸੁਚੇਤ ਸਿੰਘ (ਡੋਗਰਾ ਧਿਆਨ ਸਿੰਘ ਦਾ ਛੋਟਾ ਭਰਾ) ਸੀ। ਹੀਰਾ ਸਿੰਘ ਨੇ ਉਸ ਤੋਂ ਵੀ

ਹੱਥ ਨਾ ਰੋਕਿਆ। ਉਸ ਦੀਆਂ ਦੋਵੇਂ ਪਲਟਣਾਂ ਹਥਿਆਰ ਖੋਹ ਕੇ ਕਿਲ੍ਹੇ ਵਿਚੋਂ ਕੱਢ ਦਿੱਤੀਆਂ। ਇਹ ਵੇਖ ਕੇ ਰਾਜਾ ਸੁਚੇਤ ਸਿੰਘ ਗੁੱਸੇ ਵਿਚ ਆ ਕੇ ਟਾਕਰੇ ਵਾਸਤੇ ਤਿਆਰ ਹੋ ਪਿਆ, ਮਗਰ ਰਾਜਾ ਗੁਲਾਬ ਸਿੰਘ ਉਸਨੂੰ ਸਮਝਾ-ਬੁਝਾ ਕੇ ਜੰਮੂ ਲੈ ਗਿਆ ਤੇ ਆਪਣਾ ਲੜਕਾ—ਰਣਬੀਰ ਸਿੰਘ—ਉਸਦੀ ਗੋਦੀ ਪਾ ਕੇ ਮੁਤੰਬਨਾ ਤੇ ਜਾਗੀਰ ਦਾ ਵਾਰਸ ਕਰਾਰ ਦਿੱਤਾ।

**ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਨੂੰ ਗੁਲਾਬ ਸਿੰਘ ਨੇ ਘੇਰ ਲਿਆ, ਪਰ ਖ਼ਾਲਸਾ ਫ਼ੌਜ ਦੇ ਦਾਬੇ ਨਾਲ ਘੇਰਾ ਉਠਾ ਲਿਆ**

ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਸ਼ੌਰਾ ਸਿੰਘ ਨੂੰ ਸਿਆਲਕੋਟ ਦੇ ਇਲਾਕੇ ਵਿਚ ਇਕ *ਲੱਖ ਸਾਲਾਨਾ ਦੀ ਜਾਗੀਰ ਮਿਲੀ ਹੋਈ ਸੀ। ਉਨ੍ਹਾਂ ਆਪਣੇ ਇਲਾਕੇ ਵਿਚ ਬਲਵਾ ਕਰ ਦਿੱਤਾ। ਹੀਰਾ ਸਿੰਘ ਦੇ ਹੁਕਮ ਨਾਲ ਰਾਜਾ ਗੁਲਾਬ ਸਿੰਘ ਨੇ ਦੋਹਾਂ ਨੂੰ ਸਿਆਲਕੋਟ ਵਿਚ ਘੇਰ ਲਿਆ। ਲੜਾਈ ਆਰੰਭ ਹੋ ਗਈ। ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਨੇ ਸੁਲ੍ਹਾ ਵਾਸਤੇ ਦਰਖ਼ਾਸਤ ਕੀਤੀ, ਤਾਂ ਗੁਲਾਬ ਸਿੰਘ ਨੇ ਅੱਗੋਂ ਪੰਜਾਹ ਲੱਖ ਰੁਪੈ ਜੁਰਮਾਨੇ ਵਜੋਂ ਮੰਗੇ। ਇਸ ਸਾਰੀ ਗੱਲ ਦਾ ਲਾਹੌਰ ਵਿਚ ਫ਼ੌਜਾਂ ਨੂੰ ਪਤਾ ਲੱਗਾ, ਤਾਂ ਉਹਨਾਂ ਨੇ—ਇਹ ਸੋਚ ਕੇ, ਕਿ ਡੋਗਰੇ ਸ਼ੇਰੇ-ਪੰਜਾਬ ਦੇ ਦੋਹਾਂ ਪੁੱਤਰਾਂ ਨੂੰ ਮਾਰਨਾ ਚਾਹੁੰਦੇ ਹਨ—ਹੀਰਾ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ। ਅੰਤ ਹੀਰਾ ਸਿੰਘ ਨੇ ਹੇਠ ਲਿਖੀਆਂ ਸ਼ਰਤਾਂ ਉੱਤੇ ਸੁਲ੍ਹਾ ਕਰ ਲਈ :—(ੳ) ਕੰਵਰ ਕਸ਼ਮੀਰਾ ਸਿੰਘ ਤੇ

**ਜਵਾਹਰ ਸਿੰਘ ਦੀ ਰਿਹਾਈ**

ਕੰਵਰ ਪਸ਼ੌਰਾ ਸਿੰਘ ਨੂੰ ਕੋਈ ਦੁੱਖ ਨਾ ਦਿੱਤਾ ਜਾਵੇ ਤੇ ਉਹਨਾਂ ਦੀ ਜਾਗੀਰ ਬਹਾਲ ਰਹੇ (ਅ) ਸ: ਜਵਾਹਰ ਸਿੰਘ ਨੂੰ ਰਿਹਾ ਕਰ ਦਿੱਤਾ ਜਾਵੇ (ੲ) ਜੱਲ੍ਹਾ ਪੰਡਤ ਰਾਜ ਦੇ ਕੰਮਾਂ ਵਿਚ ਦਖ਼ਲ ਨਾ ਦੇਵੇ। ਹੀਰਾ ਸਿੰਘ ਦਾ ਹੁਕਮ ਪੁੱਜਣ 'ਤੇ ਗੁਲਾਬ ਸਿੰਘ ਨੂੰ ਸਿਆਲਕੋਟ ਦਾ ਘੇਰਾ ਉਠਾਉਣਾ ਪਿਆ ਤੇ ਸ਼ਹਿਜ਼ਾਦਿਆਂ ਕੋਲੋਂ ੨੦ ਹਜ਼ਾਰ ਰੁਪੈ ਲੈ ਕੇ ਸੁਲ੍ਹਾ ਕਰ ਲਈ।

ਰਾਜਾ ਸੁਚੇਤ ਸਿੰਘ ਤੇ ਹੀਰਾ ਸਿੰਘ ਦੀ ਵਿਰੋਧਤਾ ਬਹੁਤ ਵੱਧ ਗਈ

---

*(Smyth) ਸਮਿੱਥ, ਪੰਨਾ ੧੦੨।

ਸੁਚੇਤ ਸਿੰਘ ਮਹਾਰਾਣੀ ਜਿੰਦ ਕੌਰ ਤੇ ਸ. ਜਵਾਹਰ ਸਿੰਘ ਦੇ ਰਸੂਖ਼ ਨਾਲ ਫ਼ੌਜ ਨਾਲ ਮੇਲ ਜੋਲ ਕਰਨ ਲੱਗਾ। ਫ਼ੌਜ ਦੇ ਕੁਛ ਪੰਚਾਂ ਨੇ ਮੰਨ ਲਿਆ, ਕਿ ਜੇ ਮਹਾਰਾਣੀ ਜਿੰਦ ਕੌਰ ਸੁਚੇਤ ਸਿੰਘ ਦੇ ਵਜ਼ੀਰ ਬਣਨ ਵਿਚ ਰਾਜ਼ੀ ਹੋਵੇ, ਤਾਂ ਉਹ ਉਹਦੀ ਮਦਦ ਕਰਨ ਨੂੰ ਤਿਆਰ ਹਨ। ਏਸ ਉੱਤੇ ਰਾਜਾ ਸੁਚੇਤ ਸਿੰਘ—ਆਪਣੇ ਦੋ ਵਕੀਲਾਂ : ਕੇਸਰੀ ਸਿੰਘ, ਬਸੰਤ ਸਿੰਘ ਤੇ ਚਾਲੀ ਅਸਵਾਰਾਂ ਸਣੇ—੨੬ ਮਾਰਚ, ੧੮੪੪ ਈ. ਨੂੰ ਸ਼ਾਹਦਰੇ ਆ ਪੁੱਜਾ। ਜਦ ਹੀਰਾ ਸਿੰਘ ਨੂੰ ਪਤਾ ਲੱਗਾ, ਉਹ ਵੀ ਫ਼ੌਜਾਂ ਦੇ ਚਰਨੀਂ ਜਾ ਡਿੱਗਾ ਤੇ (ਖ਼ਾਸ ਕਰ ਪਲਟਨਾਂ ਦੇ) ਸਰਦਾਰਾਂ ਨੂੰ ਬੁਲਾ ਕੇ ਕਹਿਣ ਲੱਗਾ, "ਖ਼ਾਲਸਾ ਜੀ ! ਮੈਨੂੰ ਤੁਸਾਂ ਹੀ ਵਜ਼ੀਰ ਬਣਾਇਆ ਸੀ, ਤੇ ਤੁਸੀਂ ਹੀ ਅੱਜ ਮਰਵਾਉਣ ਲੱਗੇ ਓ, ਜਿਸ ਸੁਚੇਤ ਸਿੰਘ ਦੇ ਹੱਥੀਂ ਚੜ੍ਹ ਕੇ ਤੁਸੀਂ ਮੇਰੇ ਦੁਸ਼ਮਣ ਬਣਨ ਲੱਗੇ ਓ, ਉਸਦਾ ਚਿੱਠੀ ਪੱਤਰ ਅਤਰ ਸਿੰਘ ਸੰਧਾਵਾਲੀਏ ਰਾਹੀਂ ਅੰਗਰੇਜ਼ਾਂ ਨਾਲ ਹੋ ਰਿਹਾ ਹੈ। ਉਹ ਅੰਗਰੇਜ਼ਾਂ ਦਾ ਪੱਕਾ ਮਿੱਤਰ ਹੈ। ਇਸ ਗੱਲ ਦਾ ਸਬੂਤ ਉਹਦਾ ਅਠਾਰਾਂ ਲੱਖ ਰੁਪਇਆ ਹੈ, ਜੋ ਉਸਨੇ ਅੰਗਰੇਜ਼ੀ ਬੈਂਕ ਫ਼ੀਰੋਜ਼ਪੁਰ ਵਿਚ ਰੱਖਿਆ ਹੋਇਆ ਹੈ। ਮੇਰੀ ਉਸ ਦੀ ਦੁਸ਼ਮਣੀ ਏਸੇ ਗੱਲ ਤੋਂ ਵਧੀ, ਕਿ ਮੈਂ ਉਹਨੂੰ ਗੁਰੂ ਪੰਥ ਨਾਲ ਧਰੋਹ ਕਰਨ ਤੋਂ ਰੋਕਦਾ ਸਾਂ। ਸੋ ਖ਼ਾਲਸਾ ਜੀ! ਜੇ ਤੁਸੀਂ ਮੇਰਾ ਮਰਨਾ ਹੀ ਲੋੜਦੇ ਹੋ, ਤਾਂ ਆਹ ਲੋ ਮੇਰੀ ਤਲਵਾਰ (ਤਲਵਾਰ ਸਾਮ੍ਹਣੇ ਰੱਖਕੇ) ਤੇ ਆਪਣੇ ਹੱਥੀਂ ਮੇਰਾ ਸਿਰ ਵੱਢ ਲਵੋ, ਪਰ ਮੈਨੂੰ ਮੇਰੇ ਦੇਸ਼-ਧਰੋਹੀ ਸ਼ਰੀਕ ਦੇ ਹੱਥੋਂ ਨਾ ਮਰਵਾਓ।" ਏਸ ਤਕਰੀਰ ਨੇ ਫ਼ੌਜਾਂ ਉੱਤੇ ਏਨਾ ਅਸਰ ਕੀਤਾ, ਕਿ ਸਾਰੇ ਹੀਰਾ ਸਿੰਘ ਵੱਲ ਹੋ ਗਏ।

ਅਗਲੇ ਦਿਨ ਬੁਧਵਾਰ, ੨੭ ਮਾਰਚ, ੧੮੪੪ ਈ. ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਹੀਰਾ ਸਿੰਘ ਨੇ ੧੫ ਹਜ਼ਾਰ ਫ਼ੌਜ ਲੈ ਕੇ ਸੁਚੇਤ ਸਿੰਘ ਨੂੰ ਸ਼ਾਹਦਰੇ ਵਿਚ ਜਾ ਘੇਰਿਆ। ਉਹ ਵੀ ਅੱਗੋਂ ਮਰਦਾਂ ਵਾਂਗ ਲੜਿਆ। ਕੇਸਰੀ ਸਿੰਘ, ਖ਼ਸੰਤ ਸਿੰਘ ਤੇ ਭੀਮ ਸੈਨ, ਸਣੇ ਚਾਲੀ ਸਿਪਾਹੀਆਂ

ਸੁਚੇਤ ਸਿੰਘ ਵਜ਼ਾਰਤ ਵਾਸਤੇ ਸ਼ਾਹਦਰੇ ਪੁੱਜਾ

ਹੀਰਾ ਸਿੰਘ ਫ਼ੌਜਾਂ ਵਿਚ

ਸੁਚੇਤ ਸਿੰਘ ਕਤਲ

ਦੇ ਮਾਰੇ ਗਏ। ਸੁਚੇਤ ਸਿੰਘ ਤੜਫ ਰਿਹਾ ਸੀ, ਜਾਂ ਹੀਰਾ ਸਿੰਘ ਕੋਲ ਅਪੜਿਆ। ਸੁਚੇਤ ਸਿੰਘ ਨੇ ਪਾਣੀ ਮੰਗਿਆ, ਤਾਂ ਹੀਰਾ ਸਿੰਘ ਨੇ ਜਵਾਬ ਦਿੱਤਾ "ਚਾਚਾ ਜੀ ! ਪਾਣੀ ਤਾਂ ਜੰਮੂ ਦੀਆਂ ਪਹਾੜੀਆਂ ਵਿਚੋਂ ਮਿਲ ਸਕਦਾ ਏ। ਏਥੇ ਤਾਂ ਪੰਜਾਬ ਦੀ ਵਜ਼ਾਰਤ ਹੈ। ਚਾਹੋ, ਤਾਂ ਮੇਰੇ ਵੱਲੋਂ ਹਾਜ਼ਰ ਹੈ।" ਬਿਨਾਂ ਜਵਾਬ ਦਿੱਤੇ ਹੀ* ਰਾਜਾ ਸੁਚੇਤ ਸਿੰਘ ਚਲਾਣਾ ਕਰ ਗਿਆ।

ਅਗਲੇ ਦਿਨ ਹੀਰਾ ਸਿੰਘ ਨੇ ਸੁਚੇਤ ਸਿੰਘ ਦਾ ਸਸਕਾਰ ਬੜੀ ਸ਼ਾਨ ਨਾਲ ਕੀਤਾ। ਏਧਰੋਂ ਵਿਹਲੇ ਹੋ ਕੇ ਹੀਰਾ ਸਿੰਘ ਨੇ ਫ਼ੌਜਾਂ ਵਿਚ ਖੁੱਲ੍ਹੇ ਦਿਲ ਇਨਾਮ ਵੰਡੇ।

### ਭਾਈ ਬੀਰ ਸਿੰਘ ਜੀ

ਭਾਈ ਬੀਰ ਸਿੰਘ ਜੀ ਸਿੱਖਾਂ ਵਿਚ ਇਕ ਮੰਨੇ-ਪਰਮੰਨੇ ਧਰਮਾਤਮਾ ਸਨ। ਸਾਰਾ ਪੰਥ ਉਹਨਾਂ ਦੀ ਇੱਜ਼ਤ ਕਰਦਾ ਸੀ। ਉਹ ਰਾਜਸੀ ਖ਼ਿਆਲਾਂ ਵਾਲੇ ਸੰਤ ਸਨ। ਡੋਗਰਿਆਂ ਦੀਆਂ ਨਿੱਤ ਕੁਰੀਤੀਆਂ ਵੇਖਕੇ ਉਹ ਬੜੇ ਦੁਖੀ ਹੁੰਦੇ ਸਨ। ਉਹ ਖ਼ਾਲਸਾ ਰਾਜ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣਾ ਚਾਹੁੰਦੇ ਸਨ। ਉਹਨਾਂ ਦੇ ਮਾਝੇ ਵਿਚ ਕਈ ਗੁਰਦੁਆਰੇ ਤੇ ਡੇਰੇ ਸਨ ਪਰ ਸਭ ਤੋਂ ਵੱਡਾ ਨੌਰੰਗਾਬਾਦ (ਜ਼ਿਲਾ ਅੰਮ੍ਰਿਤਸਰ ਵਿਚ) ਹੈ। ਇਹ ਪੱਕੇ ਕਿਲ੍ਹੇ ਦੀ ਸ਼ਕਲ ਦਾ ਬਣਿਆ ਹੋਇਆ ਹੈ। ਉਹ ਏਥੇ ਹੀ ਬਹੁਤਾ ਰਿਹਾ ਕਰਦੇ ਸਨ। ਏਥੇ ਹੀ ਰਾਸ਼ਨ ਤੇ ਜੰਗੀ ਸਾਮਾਨ ਰਖਿਆ ਕਰਦੇ ਸਨ। ਹਰ ਵੇਲੇ ਉਹਨਾਂ ਪਾਸ ੧੨ ਸੌ ਪੈਦਲ, ੩ ਸੌ ਅਸਵਾਰ ਤੇ ਦੋ ਤੋਪਾਂ ਹੁੰਦੀਆਂ ਸਨ। ਲਾਹੌਰ ਦਰਬਾਰ ਦੇ ਕੱਢੇ ਹੋਏ

---

*ਰਾਣੀ ਜਿੰਦ ਕੌਰਾਂ ਨਾਲ ਮਿਲ ਫ਼ੌਜ ਖ਼ਾਲਸੇ ਨੇ
ਜੰਮੂਓਂ ਸੁਚੇਤ ਸਿੰਘ ਤਾਈਂ ਸਦਵਾਇਆ ਜੀ।
ਉਹਦੇ ਆਉਣ ਤਕ ਸਰਦਾਰਾਂ ਤਾਈਂ ਕੌਂਠੇ ਦੇ ਕੇ
ਆਪਣੇ ਬਣਾ ਕੇ ਹੀਰਾ ਸਿੰਘ ਨੇ ਚੜ੍ਹਾਇਆ ਜੀ।
ਘੇਰਿਆ ਸੁਚੇਤ ਸਿੰਘ ਤਾਈਂ ਜਾਇ ਸ਼ਾਹਦਰੇ 'ਚ
ਯੁੱਧ ਵਿਚ ਹੱਥੀਂ ਸਿਰ ਹੀਰਾ ਸਿੰਘ ਲਾਹਿਆ ਜੀ।
ਮਾਰਚ ਸਤਾਈ ਤੇ ਅਠਾਰਾਂ ਸੌ ਚੁਤਾਲੀ ਸੰਨ
'ਸੀਤਲ' ਜੀ ਹਾਲ ਇਹ 'ਕੰਨਿੰਘਮ' ਸੁਣਾਇਆ ਜੀ।

ਸਰਦਾਰਾਂ ਨੂੰ ਉਹ ਆਪਣੇ ਕੋਲ ਆਸਰਾ ਦੇਂਦੇ ਸਨ। ਉਹਨਾਂ ਦੀ ਨਿੱਤ ਵਧਦੀ ਤਾਕਤ ਵੇਖ ਕੇ ਹੀਰਾ ਸਿੰਘ ਤੇ ਜੱਲ੍ਹਾ ਪੰਡਤ ਬੜੇ ਘਬਰਾਏ। ਸਾਰੀ ਖ਼ਾਲਸਾ ਫ਼ੌਜ ਭਾਈ ਸਾਹਿਬ ਦਾ ਬੜਾ ਸਤਿਕਾਰ ਕਰਦੀ ਸੀ। ਇਸ ਵਾਸਤੇ ਹੀਰਾ ਸਿੰਘ ਕੁਛ ਨਹੀਂ ਸੀ ਕਰ ਸਕਦਾ। ਸੋ ਉਸਨੇ ਉੱਤੋਂ ਉਤੋਂ ਭਾਈ ਸਾਹਿਬ ਨਾਲ ਮਿੱਤਰਤਾ ਗੰਢਣੀ ਆਰੰਭ ਕਰ ਦਿੱਤੀ। ਬੜੇ ਤੋਹਫ਼ੇ ਤੇ ਚਿੱਠੀਆਂ ਭੇਜੀਆਂ, ਤੇ ਕਿਹਾ, ਜਦ ਭਾਈ ਸਾਹਿਬ ਜੀ ਚਾਹੁਣ, ਉਹਨਾਂ ਨੂੰ ਲੰਗਰ ਵਾਸਤੇ ਜਾਗੀਰ ਦੇ ਦਿੱਤੀ ਜਾਵੇਗੀ।

**ਮਹਿਤਾਬ ਸਿੰਘ ਮਜੀਠੀਆ ਤੇ ਗੁਲਾਬ ਸਿੰਘ ਕਲਕੱਤੀਆ**

ਹੀਰਾ ਸਿੰਘ ਨੇ ਭਾਈ ਬੀਰ ਸਿੰਘ ਜੀ ਤੇ ਸ. ਅਤਰ ਸਿੰਘ ਸੰਧਾਂਵਾਲੀਏ ਦੇ ਵਿਰੁੱਧ ਇਕ ਸ਼ੜਯੰਤਰ ਰਚਿਆ, ਜਿਸ ਵਿਚ ਜੈਨਰਲ ਮਹਿਤਾਬ ਸਿੰਘ ਮਜੀਠੀਏ ਤੇ ਗੁਲਾਬ ਸਿੰਘ* ਕਲਕੱਤੀਏ ਨੂੰ ਸਾਥੀ ਬਣਾਇਆ। ਹੀਰਾ ਸਿੰਘ ਦੇ ਕਹਿਣ ਉੱਤੇ ਜਨਰਲ ਮਹਿਤਾਬ ਸਿੰਘ ਆਪਣੀ ਫ਼ੌਜ ਲੈ ਕੇ ਅੰਮ੍ਰਿਤਸਰ ਜਾ ਬੈਠਾ ਤੇ ਗੁਲਾਬ ਸਿੰਘ ਮਜੀਠੀਆ ਕੁਛ ਫ਼ੌਜਾਂ ਸਣੇ ਕਸੂਰ ਚਲਾ ਗਿਆ। ਭਾਈ ਬੀਰ ਸਿੰਘ ਜੀ ਉਸ ਵੇਲੇ ਪਿੰਡ ਮੁੱਠਿਆਂ ਵਾਲਾ (ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ) ਵਿਚ ਸਨ। ਮਹਿਤਾਬ ਸਿੰਘ ਤੇ ਗੁਲਾਬ ਸਿੰਘ ਦੋਹਾਂ ਨੇ ਭਾਈ ਸਾਹਿਬ ਜੀ ਨੂੰ ਚਿੱਠੀਆਂ ਲਿਖੀਆਂ, "ਆਪ ਅਤਰ ਸਿੰਘ ਨੂੰ ਬੁਲਾਓ। ਕਿਉਂਕਿ ਲਾਹੌਰ ਵਿਚ ਬੜੀ ਗੜਬੜ ਮੱਚੀ ਹੋਈ ਹੈ। ਜੇ ਸ. ਅਤਰ ਸਿੰਘ ਆ ਜਾਵੇ, ਤਾਂ ਉਹ ਭਰਾ ਤੇ ਭਤੀਜੇ (ਲਹਿਣਾ ਸਿੰਘ ਤੇ ਅਜੀਤ ਸਿੰਘ) ਦਾ ਬਦਲਾ ਲੈ ਸਕਦਾ ਹੈ। ਅਸਾਂ ਸਾਰੀਆਂ ਫ਼ੌਜਾਂ ਨੂੰ ਅਤਰ ਸਿੰਘ ਦੇ ਵਜ਼ੀਰ ਬਣਨ ਵਾਸਤੇ ਮਨਾ ਲਿਆ ਹੈ।" ਇਹਨਾਂ ਚਿੱਠੀਆਂ ਉੱਤੇ ਕਈਆਂ ਸਰਦਾਰਾਂ ਅਤੇ ਜਰਨੈਲਾਂ ਦੇ ਦਸਤਖ਼ਤ ਵੀ ਸਨ। ਭਾਈ ਸਾਹਿਬ ਜੀ ਨੇ ਸ. ਅਤਰ ਸਿੰਘ ਸੰਧਾਂਵਾਲੀਏ ਨੂੰ ਥਾਨੇਸਰ ਚਿੱਠੀਆਂ ਲਿਖੀਆਂ, ਜਿਨ੍ਹਾਂ ਦੇ ਨਾਲ ਕੁਛ ਪਿੱਛੋਂ ਆਏ ਪੱਤਰ ਵੀ ਘੱਲੇ। ਇਹ ਚਿੱਠੀਆਂ ਵੇਖਦਾ ਹੀ

---

*ਇਹ ਇਕ ਵਾਰ (ਸ: ਲਹਿਣਾ ਸਿੰਘ ਮਜੀਠੀਏ ਦੇ ਭਰੱ) ਸ. ਗੁੱਜਰ ਸਿੰਘ ਦਾ ਏਲਚੀ ਬਣ ਕੇ ਗਵਰਨਰ-ਜੈਨਰਲ ਪਾਸ ਕਲਕੱਤੇ ਗਿਆ ਸੀ। ਓਥੋਂ ਹੀ ਇਸਦੀ ਅੱਲ ਗੁਲਾਬ ਸਿੰਘ ਕਲਕੱਤੀਆ ਪੈ ਗਈ।

*ਅਤਰ ਸਿੰਘ ੨ ਮਈ ਨੂੰ ਸਤਲੁਜੋਂ ਉਰਾਰ ਮੁੱਠਿਆਂ ਵਾਲੇ, ਭਾਈ ਸਾਹਿਬ ਦੇ ਡੇਰੇ ਆ ਗਿਆ। ਅਗਲੇ ਦਿਨ ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਸ਼ੌਰਾ ਸਿੰਘ ਵੀ ਏਥੇ ਆ ਪਹੁੰਚੇ। ਕੁਛ ਫ਼ੌਜ ਇਹਨਾਂ ਨਾਲ ਸੀ ਤੇ ੧੫੦੦ ਜਵਾਨ ਭਾਈ ਸਾਹਿਬ ਦੇ ਡੇਰੇ ਦੇ ਸਨ। ਸੋ ਰਲ ਮਿਲ ਕੇ ਵਾਹਵਾ ਦਲ ਬਣ ਗਿਆ।

ਅਤਰ ਸਿੰਘ ਤੇ ਕਸ਼ਮੀਰਾ ਸਿੰਘ,
ਬੀਰ ਸਿੰਘ ਦੇ ਡੇਰੇ

ਹੀਰਾ ਸਿੰਘ ਨੂੰ ਸਭ ਖ਼ਬਰਾਂ ਪੁੱਜਦੀਆਂ ਰਹਿੰਦੀਆਂ ਸਨ। ਉਹਦੇ ਹੁਕਮ ਨਾਲ ਜਲੰਧਰ ਦਾ ਗਵਰਨਰ []ਸ਼ੇਖ ਇਮਾਮੁੱਦੀਨ ੧੫੦੦ ਫ਼ੌਜ ਸਣੇ ਤੇ ੦ਜਵਾਹਰ ਮੱਲ ੨੫੦੦ ਫ਼ੌਜ ਸਣੇ ਮੁੱਠਿਆਂ ਵਾਲੇ ਦੇ ਨੇੜੇ ਆ ਬੈਠੇ। ਹੁਣ ਹੀਰਾ ਸਿੰਘ ਨੇ ਸ. ਅਤਰ ਸਿੰਘ ਦੇ ਆਉਣ ਦੀ ਖ਼ਬਰ ਫ਼ੌਜਾਂ ਸਾਮ੍ਹਣੇ ਰੱਖੀ ਤੇ ਕਿਹਾ ਕਿ ਅਤਰ ਸਿੰਘ ਅੰਗਰੇਜ਼ਾਂ ਨਾਲ ਸਾਰੀ ਗੋਂਦ ਗੁੰਦ ਕੇ ਆਇਆ ਹੈ, ਅਤੇ ਥੋੜ੍ਹੇ ਦਿਨਾਂ ਤਕ ੧੨-੧੫ ਹਜ਼ਾਰ ਗੋਰਾ ਫ਼ੌਜ ਪੰਜਾਬ ਵਿਚ ਆਉਣ ਵਾਲੀ ਹੈ। ਇਹ ਸੁਣ ਕੇ ਸਿੱਖ ਫ਼ੌਜਾਂ ਅਤਰ ਸਿੰਘ ਦੇ ਵਿਰੁੱਧ ਹੋ ਗਈਆਂ। ਹੀਰਾ ਸਿੰਘ ਨੇ ਆਪਣੇ ਨਿਗਦੇ ਸੰਬੰਧੀ ਮੀਆਂ ਲਾਭ ਸਿੰਘ ਡੋਗਰੇ ਨੂੰ ਫ਼ੌਜ ਦੇ ਕੇ ਭੇਜਿਆ†।

ਹੀਰਾ ਸਿੰਘ ਦੇ ਹੁਕਮ ਨਾਲ
ਫ਼ੌਜਾਂ ਬੀਰ ਸਿੰਘ ਦੇ ਡੇਰੇ ਵੱਲੇ

---

*ਅਤਰ ਸਿੰਘ ਸਰਦਾਰ ਜੋ ਦੇਸ ਛੱਡ ਕੇ,
ਬੈਠਾ ਮਾਲਵੇ ਸੀ ਡੇਰਾ ਲਾ ਭਾਈ।
ਦਿਲ ਵਿਚ ਲਾਲਸਾ ਰੱਖ ਕੇ ਰਾਜ ਵਾਲੀ,
ਡੇਰੇ ਬੀਰ ਸਿੰਘ ਦੇ ਗਿਆ ਆ ਭਾਈ।
ਪੁੱਤਰ ਇਕ ਮਹਾਰਾਜਾ ਰਣਜੀਤ ਸਿੰਘ ਦਾ,
ਲਿਆ ਆਪਣੇ ਨਾਲ ਰਲਾ ਭਾਈ।
ਦੂਰੋਂ-ਨੇੜਿਓਂ ਕੁਛ ਕੱਠੀ ਫ਼ੌਜ ਕਰਕੇ,
ਦਲ ਸੂਰਮੇ ਲਿਆ ਬਣਾ ਭਾਈ।

[]ਗਵਰਨਰ ਕਸ਼ਮੀਰ ਦਾ ਪੁੱਤਰ ਤੇ ਸਿੱਖਾਂ ਦਾ ਪੱਕਾ ਵੈਰੀ।

੦ਰਾਜਾ ਸੁਚੇਤ ਸਿੰਘ ਡੋਗਰੇ ਦਾ ਦੀਵਾਨ।

†ਲਾਭ ਸਿੰਘ ਸਰਦਾਰ ਨੂੰ ਦੇ ਕੇ ਦਲ ਭਾਰਾ,
ਹੀਰਾ ਸਿੰਘ ਨੇ ਤੋਰਿਆ ਦੇ ਹੁਕਮ ਕਰਾਰਾ।
ਅਤਰ ਸਿੰਘ ਸਰਦਾਰ ਨੂੰ ਫੜ ਲੈ ਆ ਯਾਰਾ,
ਸੀਸ ਕੰਵਰ 'ਕਸ਼ਮੀਰ' ਦਾ ਕਰ ਧੜ ਤੋਂ ਨਯਾਰਾ।
ਬੀਰ ਸਿੰਘ ਵੀ ਕਰ ਰਿਹਾ ਕੁਛ ਕੋਝਾ ਚਾਰਾ,
ਉਹਨੂੰ ਵੀ ਹੈ ਸੋਧਣਾ, ਯੋਧੇ ਸਰਦਾਰਾ।

ਮੀਆਂ ਲਾਭ ਸਿੰਘ, ਮਹਿਤਾਬ ਸਿੰਘ ਮਜੀਠੀਆ, ਗੁਲਾਬ ਸਿੰਘ ਕਲਕੱਤੀਆ, ਸ਼ੇਖ਼ ਇਮਾਮੁੱਦੀਨ ਤੇ ਦੀਵਾਨ ਜਵਾਹਰ ਮੱਲ ਦੀਆਂ ਫੌਜਾਂ ਨੇ ਭਾਈ ਬੀਰ ਸਿੰਘ ਜੀ ਦੇ ਡੇਰੇ ਨੂੰ ਘੇਰ ਲਿਆ। ਇਸ ਤੋਂ ਇਕ ਦਿਨ ਪਹਿਲਾਂ ਕੰਵਰ ਪਿਸ਼ੌਰਾ ਸਿੰਘ ਲਾਹੌਰ ਨੂੰ ਚਲਾ ਗਿਆ। ਲਾਭ ਸਿੰਘ ਨੇ ਆਪਣਾ ਵਕੀਲ ਭਾਈ ਸਾਹਿਬ ਪਾਸ ਭੇਜਿਆ ਤੇ ਕਿਹਾ, ਕਿ ਅਤਰ ਸਿੰਘ ਨੂੰ ਸਾਡੇ ਹਵਾਲੇ ਕਰ ਦਿਓ ਤੇ ਜਾਂ ਆਪ ਡੇਰਾ ਛੱਡ ਕੇ ਪਾਸੇ ਚਲੇ ਜਾਉ। ਉਹਨਾਂ ਨੇ ਅੱਗੋਂ ਉੱਤਰ ਦਿੱਤਾ, ਕਿ ਅਸੀਂ ਨਾ ਕਿਸੇ ਨੂੰ ਬੁਲਾਉਣ ਜਾਂਦੇ ਹਾਂ ਤੇ ਨਾ ਸ਼ਰਨ ਆਏ ਨੂੰ ਧੱਕਾ ਦੇਂਦੇ ਹਾਂ। ਅੱਗੋਂ ਵਕੀਲ ਨੇ ਭਾਈ ਸਾਹਿਬ ਦੀ ਸ਼ਾਨ ਵਿਚ ਕੁਛ ਵੱਧ ਘੱਟ ਕਿਹਾ, ਜਿਸ ਤੋਂ ਗੁੱਸੇ ਹੋ ਕੇ ਅਤਰ ਸਿੰਘ ਨੇ ਉਸਨੂੰ ਕਤਲ ਕਰ ਦਿੱਤਾ। ਏਨੇ ਨੂੰ ਗੁਲਾਬ ਸਿੰਘ ਕਲਕੱਤੀਆ, ਅਤਰ ਸਿੰਘ ਨਾਲ ਕੁਛ ਸਲਾਹ ਕਰਨ ਵਾਸਤੇ ਆ ਪੁੱਜਾ। ਓਧਰ ਲਾਭ ਸਿੰਘ ਨੂੰ ਸਾਰੀ ਖ਼ਬਰ ਪੁਚਾ ਦਿੱਤੀ ਗਈ। ਉਹਨੇ ਫ਼ੌਜਾਂ ਨੂੰ ਤੋਪਾਂ ਦਾਗਣ ਦਾ ਹੁਕਮ ਦਿੱਤਾ। ਤੋਪਾਂ ਦੀ ਆਵਾਜ਼ ਸੁਣ ਕੇ ਅਤਰ ਸਿੰਘ ਗੁਲਾਬ ਸਿੰਘ ਦੀ ਚਾਲ ਨੂੰ ਸਮਝ ਗਿਆ ਤੇ ਝੱਟ ਉਹਨੂੰ ਗੋਲੀ ਮਾਰ ਦਿੱਤੀ। ਦੋਹਾਂ ਪਾਸਿਆਂ ਤੋਂ* ਲੜਾਈ ਆਰੰਭ ਹੋ ਗਈ। ਘੇਰਾ ਪਾਉਣ

ਗੁਲਾਬ ਸਿੰਘ ਕਲਕੱਤੀਆ ਕਤਲ

---

*ਲਾਭ ਸਿੰਘ ਸਰਦਾਰ ਸ਼ਾਹੀ ਫ਼ੌਜ ਦਾ
ਘੋੜੇ ਚੜ੍ਹ ਕੇ ਦਲਾਂ ਵਿਚ ਆਇਆ।
ਕਰੋ ਖ਼ਾਲਸਾ ਤਿਆਰੀ ਜੰਗ ਦੀ
ਵੇਲਾ ਸੂਰਿਓ ਚੰਡੀ ਦਾ ਆਇਆ।
ਤੋਪਾਂ ਬੀੜੀਆਂ, ਜਮੱਾਂ ਲੈ ਮੋਰਚੇ
ਥਾਓਂ ਥਾਂਈਂ ਸਾਮਾਨ ਪੁਚਾਇਆ।
ਸੰਧਾਵਾਲੀਏ ਅਤਰ ਸਿੰਘ ਓਧਰੋਂ
ਵਾਂਗ ਬਿਜਲੀ ਖੰਡਾ ਲਿਸ਼ਕਾਇਆ।
ਬਾਹਰ ਡੇਰਿਓਂ ਮੈਦਾਨ ਆਣ ਮੱਲਿਆ
ਚਾਹੁੰਦੈ ਬਾਂਹੀਂ ਦਾ ਬਲ ਅਜ਼ਮਾਇਆ।
ਦੂੱਜੀ ਬਾਹੀਂ ਕਸ਼ਮੀਰਾ ਸਿੰਘ ਨੇ

(ਦੇਖੋ ਬਾਕੀ ਫੁਟਨੋਟ ਪੰਨਾ ੮੬ 'ਤੇ)

ਵਾਲੀਆਂ ਫ਼ੌਜਾਂ ਵਿਚ ਬਹੁਤੀ ਗਿਣਤੀ ਡੋਗਰਿਆਂ ਤੇ ਮੁਸਲਮਾਨਾਂ ਦੀ ਸੀ।

**ਭਾਈ ਬੀਰ ਸਿੰਘ, ਅਤਰ ਸਿੰਘ ਤੇ ਕਸ਼ਮੀਰਾ ਸਿੰਘ ਦਾ ਮਰਨਾ**

ਬਾਹਰੋਂ ਗੋਲੀਆਂ ਦਾ ਮੀਂਹ ਵਰ੍ਹਨ ਲੱਗਾ। ਇਕ ਗੋਲਾ ਭਾਈ ਬੀਰ ਸਿੰਘ ਦੀ ਲੱਤ 'ਤੇ ਵੱਜਾ, ਜਿਸ ਨਾਲ ਉਹ ਸੁਰਗਵਾਸ ਹੋ ਗਏ। ਅਤਰ ਸਿੰਘ ਸੰਧਾਵਾਲੀਆ ਤੇ ਕੰਵਰ ਕਸ਼ਮੀਰਾ ਸਿੰਘ ਦੋਵੇਂ ਮਰਦਾਂ ਵਾਂਗ ਲੜ ਕੇ ਸਦਾ ਦੀ ਨੀਂਦ ਸੌਂ ਗਏ। ਇਹ ਘਟਨਾ ਮੰਗਲਵਾਰ, ੨੭ ਵਿਸਾਖ, ੧੯੦੧ ਬਿ. (੭ ਮਈ, ੧੮੪੪ ਈ.) ਨੂੰ ਹੋਈ। ਕੰਵਰ ਕਸ਼ਮੀਰਾ ਸਿੰਘ* ੨੩ ਸਾਲ ਦੀ ਉਮਰ ਵਿਚ ਕਤਲ ਹੋਇਆ। ਕਦੇ ਸਮਾਂ ਸੀ ਜਦ ਇਹ ਪੰਜਾਬ ਦੇ ਸ਼ੇਰ ਮ: ਰਣਜੀਤ ਸਿੰਘ ਦੀ ਗੋਦ ਵਿਚ ਲਾਡਾਂ ਨਾਲ ਖੇਡਦਾ ਸੀ ਤੇ ਕਦੇ ਸਮਾਂ ਆਇਆ, ਜਦ ਇਹਦੀ ਰੁਲਦੀ ਲੋਥ ਉੱਤੇ ਕੋਈ ਚਾਰ ਹੰਝੂ ਕੇਰਨ ਵਾਲਾ ਵੀ ਕੋਲ ਨਹੀਂ ਸੀ†।

---

*ਜਨਮ ੧੮੨੧ ਈ: ਇਹ ਤੇ ਕੰਵਰ ਪਸ਼ੌਰਾ ਸਿੰਘ ਰਾਣੀ ਦਇਆ ਕੌਰ ਦੀ ਕੁੱਖੋਂ ਸਨ।

†ਅੰਤ ਬਹੁਤਿਆਂ ਨਾਲ ਕੀ ਪੇਸ਼ ਜਾਵੇ,
ਹੋਣੀ ਆਪਣਾ ਆਪ ਵਿਖਾਇਆ ਜੀ।
ਅਤਰ ਸਿੰਘ ਸਰਦਾਰ ਮੈਦਾਨ ਰਿਹਾ,
ਲਿਖਿਆ ਲੇਖ ਨਾ ਕਿਸੇ ਮਿਟਾਇਆ ਜੀ।
ਰਿਹਾ ਕੌਰ ਕਸ਼ਮੀਰਾ ਸਿੰਘ ਖੇਤ ਅੰਦਰ,
ਮੌਤ ਅੰਤ ਦੀ ਨੀਂਦ ਸੁਆਇਆ ਜੀ।
ਪਲਿਆ ਸ਼ੇਰੇ-ਪੰਜਾਬ ਦੀ ਗੋਦ ਅੰਦਰ,
ਕਿਸੇ ਮਰੇ 'ਤੇ ਵੈਣ ਨਾ ਪਾਇਆ ਜੀ।
ਤਾਰਾ ਸ਼ੇਰੇ-ਪੰਜਾਬ ਦੀਆਂ ਅੱਖੀਆਂ ਦਾ,
ਹੀਰਾ ਹੋ ਬੇ-ਕਦਰਾ ਰੁਲ ਗਿਆ।
'ਸੀਤਲ' ਵੇਖ 'ਕਸ਼ਮੀਰ' ਦੀ ਲੋਥ ਤਾਂਈਂ,
ਮੇਰਾ ਖ਼ੂਨ ਨੈਣਾਂ ਰਾਹੀਂ ਡੁੱਲ੍ਹ ਗਿਆ।

(ਦੇਖੋ ਬਾਕੀ ਫੁਟਨੋਟ ਪੰਨਾ ੮੫ ਦਾ )

ਦਲ ਆਪਣੇ ਦਾ ਮੋਰਚਾ ਲਾਇਆ।
ਮੌਤ ਸਿਰਾਂ 'ਤੇ ਖਲੋਤੀ ਹੱਸਦੀ
ਚਾਹੁੰਦੀ ਕੋਈਆਂ ਨੂੰ ਗੋਦ ਸੁਆਇਆ।
'ਸੀਤਲ' ਹੁਕਮ ਦਿੱਤਾ ਸਰਦਾਰ ਨੇ
ਤੋਪਾਂ ਚੱਲੀਆਂ ਅਕਾਸ਼ ਕੰਬਾਇਆ।

ਰਾਣੀ ਦਇਆ ਕੌਰ (ਕਸ਼ਮੀਰਾ ਸਿੰਘ ਦੀ ਮਾਤਾ) ਤੇ ਕਸ਼ਮੀਰਾ ਸਿੰਘ ਦੀਆਂ ਇਸਤਰੀਆਂ (ਜੋ ਭਾਈ ਬੀਰ ਸਿੰਘ ਦੇ ਡੇਰੇ ਵਿਚ ਸਨ) ਨੂੰ ਬੰਨ੍ਹ ਕੇ, ਲਾਭ ਸਿੰਘ ਲਾਹੌਰ ਨੂੰ ਲੈ ਤੁਰਿਆ। ਖ਼ਾਲਸਾ ਫ਼ੌਜਾਂ ਨੂੰ ਪਤਾ ਲੱਗਾ, ਤਾਂ ਉਹਨਾਂ ਲਾਭ ਸਿੰਘ ਨੂੰ ਘੇਰ ਲਿਆ। ਹੀਰਾ ਸਿੰਘ ਨੇ ਉਨ੍ਹਾਂ ਸਾਰੀਆਂ ਇਸਤਰੀਆਂ ਨੂੰ ਬੜੀ ਇੱਜ਼ਤ ਨਾਲ ਲਾਹੌਰ ਲਿਆਂਦਾ ਤੇ ਫਿਰ ਉਹਨਾਂ ਦੀ ਜਾਗੀਰ ਵਿਚ ਭੇਜ ਦਿੱਤਾ। ਇਸ ਤਰ੍ਹਾਂ ਫ਼ੌਜ ਦਾ ਕੁਛ ਸਮੇਂ ਵਾਸਤੇ ਗੁੱਸਾ ਠੰਢਾ ਹੋਇਆ। ਪਰ ਇਹ ਅੱਗ ਧੁਖਦੀ ਹੀ ਰਹੀ। ਦੀਵਾਨ ਜਵਾਹਰ ਮੱਲ ਡਰਦਾ ਜੰਮੂ ਨੂੰ ਨੱਸ ਗਿਆ।

**ਰਾਣੀ ਜਿੰਦਾਂ ਨੂੰ ਜ਼ਹਿਰ ਦੇਣ ਦੀ ਸਾਜ਼ਸ਼ ਨੇਪਰੇ ਨਾ ਚੜ੍ਹੀ**

ਕੰਵਰ ਕਸ਼ਮੀਰਾ ਸਿੰਘ ਦੇ ਕਤਲ ਦਾ ਗੁੱਸਾ ਅਜੇ ਫ਼ੌਜ ਦੇ ਦਿਲੋਂ ਗਿਆ ਨਹੀਂ ਸੀ, ਜਾਂ ਉਤੋਂ ਹੋਰ ਬਲ ਪਈ। ਜੱਲੇ ਪੰਡਤ ਨੇ ਮਹਾਰਾਣੀ ਜਿੰਦ ਕੌਰ ਨੂੰ *ਜ਼ਹਿਰ ਦੇਣ ਦੀ ਸਾਜ਼ਸ਼ ਕੀਤੀ, ਜੋ ਨੇਪਰੇ ਨਾ ਚੜ੍ਹੀ। ਸਾਰੇ ਫੌਜਾਂ ਵਿਚ ਅਫਵਾਹ ਖਿੱਲਰ ਗਈ, ਜੱਲ੍ਹਾ ਤੇ ਹੀਰਾ ਸਿੰਘ ਮਹਾਰਾਜਾ ਦਲੀਪ ਸਿੰਘ ਤੇ ਉਸ ਦੀ ਮਾਤਾ ਨੂੰ ਬੜਾ ਤੰਗ ਕਰਦੇ ਹਨ। ਇਹ ਸੁਣ ਕੇ ਫੌਜਾਂ ਭੜਕ ਉਠੀਆਂ ਤੇ ਹੀਰਾ

**ਖ਼ਾਲਸਾ ਫ਼ੌਜਾਂ ਹੀਰਾ ਸਿੰਘ ਤੇ ਜੱਲ੍ਹਾ ਪੰਡਤ ਦੇ ਵਿਰੁੱਧ**

ਸਿੰਘ ਨੂੰ ਸੁਨੇਹਾ ਭੇਜਿਆ, ਕਿ ਉਹ ਜੱਲੇ ਪੰਡਤ ਨੂੰ ਕੱਢ ਦੇਵੇ ਤੇ ਮਹਾਰਾਜੇ ਤੇ ਮਹਾਰਾਣੀ ਨੂੰ ਉਹਨਾਂ ਦੇ ਨਿੱਜੀ ਖ਼ਰਚਾਂ ਵਾਸਤੇ ਵੱਖਰੀ ਜਾਗੀਰ ਦੇਵੇ, ਤੇ ਨਹੀਂ ਤਾਂ ਲੜਾਈ ਵਾਸਤੇ ਤਿਆਰ ਹੋ ਜਾਵੇ। ਸੁਣਦੇ ਸਾਰ ਹੀਰਾ ਸਿੰਘ

**ਹੀਰਾ ਸਿੰਘ ਜੰਮੂ ਨੂੰ ਨੱਸ ਤੁਰਿਆ**

ਦੀ ਖ਼ਾਨਿਓਂ ਗਈ। ਉਹ ਰਾਤੋ-ਰਾਤ ਤਿੰਨ-ਕੁ-ਹਜ਼ਾਰ ਫੌਜ ਤੇ ਨਿਗਦੇ ਸੱਜਣਾਂ ਮਿੱਤਰਾਂ ਨੂੰ ਨਾਲ ਲੈ ਕੇ ਸਭ ਮਾਲ ਅਸਬਾਬ ਤੇ ਖ਼ਜ਼ਾਨਾ ਲਦਵਾ ਕੇ ਜੰਮੂ ਨੂੰ ਉਠ ਨੱਠਾ†। ਦਿਨੇ ਫੌਜਾਂ ਵਿਚ ਪਤਾ ਲੱਗਾ,

---

*(Smyth) ਸਮਿੱਥ ਪੰਨਾ ੧੨੭।

†ਲੈ ਕੇ ਨਾਲ ਫ਼ੌਜ ਤਿੰਨ-ਕੁ ਹਜ਼ਾਰ ਜੀ
ਹੀਰਾ ਸਿੰਘ ਹੋਇਆ ਜੰਮੂੰ ਨੂੰ ਤਿਆਰ ਜੀ
ਲੱਦ ਚੋਖਾ ਧਨ ਰਾਤੋ ਰਾਤ ਭੱਜਿਆ
ਕਾਲ ਬਲੀ ਸਿਰ ਉਤੇ ਆਣ ਗੱਜਿਆ

(ਦੇਖੋ ਬਾਕੀ ਫੁਟਨੋਟ ਪੰਨਾ ੮੯ 'ਤੇ)

ਤਾਂ ਸ. ਜਵਾਹਰ ਸਿੰਘ (ਮਹਾਰਾਣੀ ਜਿੰਦ ਕੌਰ ਦਾ ਭਰੱਾ), ਸ: ਅਤਰ ਸਿੰਘ

---

(ਦੇਖੋ ਪੰਨਾ ੮੭ ਦਾ ਬਾਕੀ ਫੁਟਨੋਟ)

ਖ਼ਾਲਸੇ ਨੂੰ ਪਿਛੋਂ ਹੋਈ ਜਾਂ ਖ਼ਬਰ ਜੀ
ਹੱਲਾ ਕਰ ਝੱਟ ਲੱਗ ਪਏ ਮਗਰ ਜੀ
ਆਗੂ ਹੋ ਅਤਰ ਸਿੰਘ ਸ਼ੇਰ ਸਜਿਆ
ਕਾਲ ਬਲੀ ਸਿਰ ਉੱਤੇ ਆਣ ਗੱਜਿਆ

ਦਿਨ ਚੜ੍ਹਦੇ ਨੂੰ ਸਿੰਘਾਂ ਜ਼ੋਰ ਪਾਇਕੇ
ਹੀਰਾ ਸਿੰਘ ਤਾਈਂ ਘੇਰ ਲਿਆ ਜਾਇ ਕੇ
ਜੰਗ ਦਾ ਨਗਾਰਾ ਤਾੜ ਤਾੜ ਵੱਜਿਆ
ਕਾਲ ਬਲੀ ਸਿਰ ਉਤੇ ਆਣ ਗੱਜਿਆ

ਦੋਹਾਂ ਪਾਸਿਆਂ ਦੇ ਸੂਰਮੇ ਨੇ ਜੁੱਟ ਪਏ
ਭੁੱਖੇ ਸ਼ੇਰਾਂ ਵਾਂਗ ਵੈਰੀਆਂ 'ਤੇ ਟੁੱਟ ਪਏ
ਪੀ ਪੀ ਰਤ ਮਲਕੁਲ ਮੌਤ ਰੱਜਿਆ
ਕਾਲ ਬਲੀ ਸਿਰ ਉਤੇ ਆਣ ਗੱਜਿਆ

ਇਕ ਦੂਜੇ ਤਾਂਈਂ ਸੂਰਮੇ ਵੰਗਾਰ ਕੇ
ਮਾਰਦੇ ਨੇ ਜੰਗ ਵਿਚ ਲਲਕਾਰ ਕੇ
ਆਖਦੇ ਸ਼ਹੀਦੀਆਂ ਦਾ ਦਿਨ ਅੱਜ ਆ
ਕਾਲ ਬਲੀ ਸਿਰ ਉਤੇ ਆਣ ਗੱਜਿਆ

ਮਰੇ ਕੋਈ ਸੂਰਮੇ ਮਾਂਵਾਂ ਦੇ ਨਾਲ ਜੀ
ਲੋਪ ਹੋ ਗਈ ਜਿੰਦ ਦੇਹੀ ਦੀ ਭਿਆਲ ਜੀ
ਛਿਨ ਵਿਚ ਭੌਰ ਪਿੰਜਰੇ ਨੂੰ ਤੱਜਿਆ
ਕਾਲ ਬਲੀ ਸਿਰ ਉਤੇ ਆਣ ਗੱਜਿਆ

ਮਾਰੀ ਇਕ ਸੂਰਮੇ ਨੇ ਤੇਗ਼ ਖਿੱਚ ਜੀ
ਹੀਰਾ ਸਿੰਘ ਰਹਿ ਗਿਆ ਮੈਦਾਨ ਵਿਚ ਜੀ
ਜੱਲ੍ਹੇ ਵਾਲਾ ਸਿਰ ਮੱਘੇ ਵਾਂਗ ਭੱਜਿਆ
ਕਾਲ ਬਲੀ ਸਿਰ ਉੱਤੇ ਆਣ ਗੱਜਿਆ

ਲਾਭ ਸਿੰਘ, ਸੋਹਣ ਸਿੰਘ, ਦੋਵੇਂ ਮਰ ਗਏ
ਬਾਕੀ ਜਿਹੜੇ ਬਚੇ, ਸੋ ਕਨਾਰਾ ਕਰ ਗਏ
'ਸੀਤਲ' ਜੀ ਮੌਤ ਕੋਲੋਂ ਕੌਣ ਭੱਜਿਆ
ਕਾਲ ਬਲੀ ਸਿਰ ਉੱਤੇ ਆਣ ਗੱਜਿਆ

ਕਾਲਿਆਂ ਵਾਲਾ, ਸ: ਸ਼ਾਮ ਸਿੰਘ ਅਟਾਰੀ ਫ਼ੌਜਾਂ ਲੈ ਕੇ ਮਗਰ ਲੱਗੇ। ਉਨ੍ਹਾਂ ਲਾਹੌਰੋਂ ੭-ਕੁ ਮੀਲ ਦੀ ਵਿੱਥ ਉੱਤੇ ਹੀਰਾ ਸਿੰਘ ਨੂੰ ਜਾ ਘੇਰਿਆ। ਡੋਗਰਿਆਂ ਨੇ ਪਿੰਡ ਵਿਚ ਆਸਰਾ ਲਿਆ, ਪਰ ਇਹ ਆਸਰਾ ਕਦ ਤਕ ਨਿਭਾਊ ਹੁੰਦਾ। ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਪੰਡਤ ਜੱਲ੍ਹਾ, ਮੀਆਂ ਸੋਹਣ ਸਿੰਘ (ਰਾਜਾ ਗੁਲਾਬ ਸਿੰਘ ਦਾ ਪੁੱਤਰ), ਲਾਭ ਸਿੰਘ ਡੋਗਰਾ ਬਹੁਤ ਸਾਰੇ ਸਾਥੀਆਂ ਸਣੇ ਮਾਰੇ ਗਏ।

**ਹੀਰਾ ਸਿੰਘ ਕਤਲ**
**੨੧ ਦਸੰਬਰ, ੧੮੪੪**

ਹੀਰਾ ਸਿੰਘ ਅੰਤ ਦੇ ਸਾਹਾਂ 'ਤੇ ਸਹਿਕ ਰਿਹਾ ਸੀ, ਜਾਂ ਸ: ਅਤਰ ਸਿੰਘ ਕਾਲਿਆਂ ਵਾਲਾ ਕੋਲ ਪੁੱਜਾ। ਸਰਦਾਰ ਵੱਲੋ ਵੇਖ ਕੇ ਹੀਰਾ ਸਿੰਘ ਨੇ ਅੱਖਾਂ ਨੀਂਵੀਆਂ ਕਰ ਲਈਆਂ। ਸਰਦਾਰ ਨੇ ਸੰਬੋਧਨ ਕਰਕੇ ਕਿਹਾ :"ਹੀਰਾ ਸਿੰਘਾ! ਇਹ ਤੇਰੇ ਪਾਪਾਂ ਦਾ ਫਲ ਹੈ। ਤੇਰੇ ਬਾਪ ਨੇ ਜੋ ਜ਼ਹਿਰ ਦਾ ਬੀਜ ਬੀਜਿਆ ਸੀ, ਉਹ ਸਾਰੇ ਰਾਜ ਭਾਗ ਨੂੰ ਖਾਈ ਜਾ ਰਿਹਾ ਹੈ। ਜਾਹ, ਉਸਨੂੰ ਛੇਤੀ ਮਿਲ।"*

---

*ਹੀਰਾ ਸਿੰਘਾ ! ਪੰਜਾਬ ਦਾ ਤਾਜ ਤੈਨੂੰ,
ਉੱਠ ਪਹਿਨਾਵਾਂ ਈਂ, ਹੋਸ਼ ਸੰਭਾਲ ਬੀਬਾ।
ਏਹਾ ਖ਼ਾਹਸ਼ ਸੀ ਤੇਰੇ ਧਿਆਨ ਸਿੰਘ ਦੀ,
ਤੇਰੇ ਚਿੱਤ ਵੀ ਏਹਾ ਖ਼ਿਆਲ ਬੀਬਾ।
ਏਸੇ ਲਈ ਤੇਰੇ ਪਿਤਾ ਜ਼ੁਲਮ ਕੀਤਾ,
ਖੜਕ ਸਿੰਘ ਧਰਮਾਤਮਾ ਨਾਲ ਬੀਬਾ।
ਏਸੇ ਦੇਸ-ਧਰੋਹ ਦੀ ਅੱਗ ਅੰਦਰ,
ਕੀਤਾ ਭੇਟ ਬਾਂਕਾ ਨੌ-ਨਿਹਾਲ, ਬੀਬਾ।
ਚੰਦ ਕੌਰ ਦੇ ਨਾਲ ਜੋ ਜ਼ੁਲਮ ਕੀਤਾ,
ਸਮਾਂ ਓਸ ਉੱਤੇ ਪਰਦਾ ਪਾਏਗਾ ਨਹੀਂ।
ਜਿਹੜੀ ਸ਼ਾਮ ਸਿੰਘ ਦੀ ਲੜਕੀ ਨਾਲ ਬੀਤੀ,
ਜੱਗ ਓਸਨੂੰ ਕਦੇ ਭੁਲਾਏਗਾ ਨਹੀਂ।
ਤੂੰ ਵੀ ਜੰਮਿਓਂ ਨਿਮਕ-ਹਲਾਲ ਚੰਗਾ,
ਸੱਪ ਵਾਂਗ ਰੁਕਿਆ ਤੇਰਾ ਵਾਰ ਨਾਹੀਂ।
ਗੁਰਮੁਖ ਸਿੰਘ ਦੀ ਰੂਹ ਅਜੇ ਦੇ ਕੂਕਾਂ,

(ਦੇਖੋ ਬਾਕੀ ਫੁਟਨੋਟ ਪੰਨਾ ੯੦ 'ਤੇ)

ਇਹ ਘਟਨਾ ਛਨਿਛਰਵਾਰ, ੨੧ ਦਸੰਬਰ, ੧੮੪੪ ਈ. ਨੂੰ ਹੋਈ। ਮੀਆਂ ਸੋਹਣ ਸਿੰਘ, ਪੰਡਤ ਜੱਲ੍ਹਾ, ਲਾਭ ਸਿੰਘ ਡੋਗਰਾ ਤੇ ਰਾਜਾ ਹੀਰਾ ਸਿੰਘ ਦੇ ਸਿਰ ਵੱਢ ਲਏ ਗਏ। ਉਹਨਾਂ ਦਾ ਮਾਲ ਅਸਬਾਬ ਲੁੱਟ ਲਿਆ ਗਿਆ। ਲਾਹੌਰ ਵਿਚ ਵਾਪਸ ਆ ਕੇ ਚਾਰੇ ਸਿਰ ਬਜ਼ਾਰਾਂ ਵਿਚ ਫੇਰੇ ਗਏ। ਅੰਤ ਹੀਰਾ ਸਿੰਘ ਦਾ ਸਿਰ ਲੋਹਾਰੀ ਦਰਵਾਜ਼ੇ, ਲਾਭ ਸਿੰਘ ਦਾ ਮੋਚੀ ਦਰਵਾਜ਼ੇ, ਤੇ ਸੋਹਣ ਸਿੰਘ ਦਾ ਸ਼ਾਹਾਲਮੀ ਦਰਵਾਜ਼ੇ ਅੱਗੇ ਟੰਗੇ ਗਏ (ਪਿੱਛੋਂ, ਜਦ ਰਾਜਾ ਗੁਲਾਬ ਸਿੰਘ ਲਾਹੌਰ ਆਇਆ, ਤਾਂ ਉਹਨੇ ਇਹਨਾਂ ਸਿਰਾਂ ਦਾ ਸਸਕਾਰ ਕੀਤਾ।) ਬਾਕੀ ਜੱਲ੍ਹੇ ਦੇ ਸਿਰ ਦੀ ਤਾਂ ਉਹ ਮਿੱਟੀ ਖ਼ੁਆਰ ਕੀਤੀ ਗਈ; ਕਿ ਰਹੇ ਰੱਬ ਦਾ ਨਾਂ। ਕਈ ਦਿਨ ਤਕ ਉਹ ਲਾਹੌਰ ਵਿਚ ਹੱਟੀ ਹੱਟੀ 'ਤੇ ਫੇਰ ਕੇ ਕੋਡੀਆਂ ਉਗਰਾਹੀਆਂ ਗਈਆਂ। ਜੋ ਵੀ ਉਹਦੇ ਸਿਰ ਨੂੰ ਵੇਖਦਾ, ਉਹਦੀਆਂ ਕਰਤੂਤਾਂ 'ਤੇ ਲਾਨ੍ਹਤਾਂ ਪਾਉਂਦਾ। ਓੜਕ ਉਹਦਾ ਸਿਰ ਕੁੱਤਿਆਂ ਅੱਗੇ ਪਾ ਦਿੱਤਾ ਗਿਆ।

ਹੀਰਾ ਸਿੰਘ, ਜੱਲ੍ਹਾ, ਲਾਭ ਸਿੰਘ ਤੇ ਸੋਹਣ ਸਿੰਘ ਦੇ ਸਿਰ

ਰਾਜਾ ਹੀਰਾ ਸਿੰਘ ਦੇ ਮਰਨ 'ਤੇ ਮਹਾਰਾਣੀ ਜਿੰਦ ਕੌਰ ਦਾ ਭਰਾ ਸ: ਜਵਾਹਰ ਸਿੰਘ ਵਜ਼ੀਰ ਬਣਿਆ। ਜੰਮੂੰ ਦੇ ਰਾਜੇ ਗੁਲਾਬ ਸਿੰਘ ਵੱਲੋਂ ਮਾਮਲਾ ਨਹੀਂ ਸੀ ਪਹੁੰਚਾ, ਸੋ ਸ: ਜਵਾਹਰ ਸਿੰਘ ਨੇ ਮਾਮਲਾ ਉਗਰਾਹੁਣ ਵਾਸਤੇ ਜੰਮੂੰ 'ਤੇ ਫ਼ੌਜ ਭੇਜੀ। ਜਾਂਦਿਆਂ ਹੀ ਸਿੱਖ ਫ਼ੌਜ ਨੇ ਜੰਮੂੰ ਨੂੰ ਘੇਰਾ ਪਾ ਲਿਆ। ਰਾਜਾ ਗੁਲਾਬ ਸਿੰਘ ਨੇ ਸੁਲ੍ਹਾ ਵਾਸਤੇ ਬੇਨਤੀ ਕਰ ਭੇਜੀ।

ਜਵਾਹਰ ਸਿੰਘ ਵਜ਼ੀਰ ਬਣਿਆ

---

(ਦੇਖੋ ਪੰਨਾ ੮੯ ਦਾ ਬਾਕੀ ਫ਼ੁਟਨੋਟ)

ਦੇਸ਼-ਧਰੋਹੀ ਦਾ ਕੋਈ ਇਤਬਾਰ ਨਾਹੀਂ।
ਸਕੇ ਚਾਚੇ ਦਾ ਖ਼ੂੰਨ ਤੂੰ ਪੀ ਹੱਥੀਂ,
ਕੁਲ-ਘਾਤੀਆ ! ਲਿਆ ਡਕਾਰ ਨਾਹੀਂ।
ਅਜੇ ਚਿਖਾ 'ਕਸ਼ਮੀਰ' ਦੀ ਮੱਚਦੀ ਏ,
ਠੰਢੇ ਓਸਦੇ ਹੋਏ ਅੰਗਿਆਰ ਨਾਹੀਂ।
ਤੇਰੇ ਆਪਣੇ ਹੱਥਾਂ ਦੀ ਅੱਗ ਬਾਲੀ,
ਤੇਰੇ ਖ਼ੂੰਨ ਦੇ ਨਾਲ ਬੁਝਾਂ ਦਿਆਂਗਾ।
ਏਥੇ ਕੌਮੀ ਗ਼ਦਾਰਾਂ ਦੀ ਲੋੜ ਨਾਹੀਂ,
ਦੇਸ-ਭਗਤੀ ਦੇ ਝੰਡੇ ਝੁਲਾਂ ਦਿਆਂਗਾ।

ਰਾਜਾ ਗੁਲਾਬ ਸਿੰਘ 'ਤੇ ਫ਼ੌਜ ਦੀ ਚੜ੍ਹਾਈ

ਫ਼ਤਹਿ ਸਿੰਘ ਮਾਨ ਕਤਲ

ਸ. ਫ਼ਤਹਿ ਸਿੰਘ 'ਮਾਨ' ਗੁਲਾਬ ਸਿੰਘ ਕੋਲ ਪਹੁੰਚਾ। ਡੋਗਰੇ ਨੇ ੩੫ ਲੱਖ ਹਰਜਾਨਾ ਤੇ ਮਾਮਲਾ ਦੇਣਾ ਕਰਕੇ ਸੁਲ੍ਹਾ ਕਰ ਲਈ। ਜਦ ਸ. ਫਤਹਿ ਸਿੰਘ ਕੁਛ ਸਿਪਾਹੀਆਂ ਸਣੇ ਵਾਪਸ ਆਪਣੇ ਕੈਂਪ ਨੂੰ ਮੁੜ ਰਿਹਾ ਸੀ, ਤਾਂ ਡੋਗਰਾ ਫ਼ੌਜ ਨੇ ਧੋਖੇ ਨਾਲ ਘੇਰ ਕੇ ਉਸਨੂੰ ਕਤਲ ਕਰ ਦਿੱਤਾ। ਸ. ਫ਼ਤਹਿ ਸਿੰਘ ਦੇ ਮਰਨ ਦੀ ਖ਼ਬਰ ਸੁਣ ਕੇ ਖ਼ਾਲਸਾ ਫ਼ੌਜ ਨੇ ਗੁੱਸੇ ਨਾਲ ਜੰਮੂੰ 'ਤੇ ਹੱਲਾ ਬੋਲ ਦਿੱਤਾ। ਤਿੰਨਾਂ ਦਿਨਾਂ ਦੀ ਲੜਾਈ ਪਿੱਛੋਂ ਗੁਲਾਬ ਸਿੰਘ ਹਾਰ ਕੇ ਖ਼ਾਲਸਾ ਫ਼ੌਜ ਦੀ ਚਰਨੀ ਆ ਪਿਆ। ਉਹਨੇ ਬਹੁਤ ਸਾਰਾ ਜੁਰਮਾਨਾ ਦੇਣਾ ਮੰਨ ਕੇ ਸੁਲ੍ਹਾ ਕਰ ਲਈ। ਖ਼ਾਲਸਾ ਫ਼ੌਜ ਗੁਲਾਬ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਨੂੰ ਲੈ ਤੁਰੀ। ਉਸ ਚਲਾਕ ਡੋਗਰੇ ਨੇ ਰਾਹ ਵਿਚ ਵੱਢੀ ਦੇ ਕੇ ਕੁਝ ਫ਼ੌਜ ਆਪਣੇ ਵੱਲੇ ਕਰ ਲਈ। ਰਾਵੀ ਦੇ ਨੇੜੇ ਪੁੱਜੇ, ਤਾਂ ਫ਼ੌਜ ਵਿਚ ਦੋ ਵਿਰੋਧੀ ਧੜੇ ਹੋ ਗਏ। ਇਕ ਗੁਲਾਬ ਸਿੰਘ ਤੇ ਸੇਵਾ ਸਿੰਘ ਮਜੀਠੀਆ ਦੇ ਮਾਤਹਿਤ ਤੇ ਦੂਜਾ ਲਾਲ ਸਿੰਘ ਦੇ। ਮਗਰਲੇ ਹਿੱਸੇ ਵਿਚ ਕੰਵਰ ਪਸ਼ੌਰਾ ਸਿੰਘ ਆ ਮਿਲਿਆ। ਏਸ ਦਲ ਨੇ ਕੰਵਰ ਨੂੰ ਆਪਣਾ ਲੀਡਰ ਬਣਾ ਲਿਆ। ਸ: ਜਵਾਹਰ ਸਿੰਘ ਨੂੰ ਪਹਿਲਾ ਡਰ ਗੁਲਾਬ ਸਿੰਘ ਦਾ ਸੀ। ਪਹਿਲੇ ਨੇ ਮਗਰਲੇ ਦੇ ਟਾਕਰੇ ਵਾਸਤੇ ਆਪਣੀ ਫ਼ੌਜ ਘੱਲੀ। ਫ਼ੌਜੀ ਪੰਚਾਂ ਨੇ ਵਿੱਚ ਪੈ ਕੇ ਦੋਹਾਂ ਦੀ ਸੁਲ੍ਹਾ ਕਰਾ ਦਿੱਤੀ। ਰਾਜਾ ਗੁਲਾਬ ਸਿੰਘ ਨੇ ੬੮ ਲੱਖ ਸਾਲਾਨਾ ਦੇਣਾ ਮੰਨਿਆ, ਜੇ ਉਹਨੂੰ ਸਾਰੇ ਡੋਗਰਿਆਂ ਦੀਆਂ ਜਾਗੀਰਾਂ ਦੇ ਦਿੱਤੀਆਂ ਜਾਣ ਤਾਂ। ਸੁਲ੍ਹਾ ਦੇ ਕੁਛ ਦਿਨ ਪਿਛੋਂ ਹੀ ਗੁਲਾਬ ਸਿੰਘ ਜੰਮੂੰ ਨੂੰ ਮੁੜ ਗਿਆ।

ਸਿੱਖ ਫ਼ੌਜ ਰਾਜਾ ਗੁਲਾਬ ਸਿੰਘ ਨੂੰ ਫੜਕੇ ਲਾਹੌਰ ਨੂੰ

ਪਸ਼ੌਰਾ ਸਿੰਘ ਲਾਹੌਰ ਵਿੱਚ

ਕੰਵਰ ਪਿਸ਼ੌਰਾ ਸਿੰਘ ਨੇ ਤਨਖ਼ਾਹ ਵਧਾਣ ਦਾ ਲਾਰਾ ਦੇ ਕੇ ਕੁਝ ਫ਼ੌਜ ਆਪਣੇ ਨਾਲ ਗੰਢ ਲਈ। ਕੁਝ ਪੰਚਾਂ ਨੇ ਵੀ ਉਸਨੂੰ ਰਾਜ ਦਾ ਅਸਲੀ ਹੱਕਦਾਰ ਮੰਨ ਲਿਆ। ਮਾਹਾਰਾਣੀ ਜਿੰਦ ਕੌਰ ਨੇ ਏਥੇ ਬੜੀ ਚਾਤਰੀ ਤੋਂ ਕੰਮ ਲਿਆ। ਉਹਨੇ ਕੰਵਰ ਨੂੰ ਮਹਿਲਾਂ ਵਿਚ ਬੁਲਾ ਕੇ ਆਪਣੇ ਪੁੱਤਰ ਦਲੀਪ ਸਿੰਘ ਵਾਂਗ

ਉਸਦਾ ਆਦਰ ਕੀਤਾ। ਮਗਰ ਇਹ ਵੇਖਕੇ ਸ: ਜਵਾਹਰ ਸਿੰਘ ਸੜ ਭੁੱਜ ਗਿਆ। ਉਹਦੀਆਂ ਵੱਟੀਆਂ ਹੋਈਆਂ ਅੱਖਾਂ ਵੇਖ ਕੇ ਕੰਵਰ ਫੌਜ ਵਿਚ ਚਲਾ ਗਿਆ। ਸ. ਜਵਾਹਰ ਸਿੰਘ ਨੇ ਫ਼ੌਜਾਂ ਨੂੰ ਇਨਾਮ ਦੇ ਕੇ ਫਿਰ ਆਪਣੇ ਨਾਲ ਗੰਢ ਲਿਆ। ਆਖ਼ਰ ਫ਼ੌਜੀ ਪੰਚਾਂ ਨੇ ਕੰਵਰ ਨੂੰ ਦਰਬਾਰ ਵੱਲੋਂ ਤੁਹਫ਼ੇ ਤੇ ਜਾਗੀਰ ਦੇ ਵਾਧੇ ਦਾ ਇਕਰਾਰ ਦਿਵਾ ਕੇ ਸਿਆਲਕੋਟ ਘੱਲ ਦਿੱਤਾ।

ਦੀਵਾਨ ਸਾਵਣ ਮੱਲ ਕਤਲ ਤੇ ਮੂਲ ਰਾਜ ਮੁਲਤਾਨ ਦਾ ਗਵਰਨਰ

ਸਤੰਬਰ, ੧੮੪੪ ਈ. ਨੂੰ ਮੁਲਤਾਨ ਦਾ ਗਵਰਨਰ ਦੀਵਾਨ ਸਾਵਣ ਮੱਲ ਇਕ ਸਿਪਾਹੀ ਹੱਥੋਂ ਕਤਲ ਹੋ ਗਿਆ। ਉਸ ਤੋਂ ਪਿੱਛੋਂ ਉਸਦਾ ਪੁੱਤਰ ਦੀਵਾਨ ਮੂਲ ਰਾਜ ਮੁਲਤਾਨ ਦਾ ਗਵਰਨਰ ਬਣਿਆਂ। ਹੀਰਾ ਸਿੰਘ ਦੇ ਮਰਨ ਪਿਛੋਂ ਮੂਲ ਰਾਜ ਲਾਹੌਰ ਦਰਬਾਰ ਤੋਂ ਆਕੀ ਹੋ ਬੈਠਾ। ਜਵਾਹਰ ਸਿੰਘ ਨੇ ਫ਼ੌਜ ਭੇਜ ਕੇ ਉਸ ਤੋਂ ੧੮ ਲੱਖ ਕਰ ਉਗਰਾਹਿਆ। ਏਸ ਤਰ੍ਹਾਂ ਇਕ ਵਾਰ ਸਾਰੇ ਇਲਾਕੇ ਵਿਚ ਜਵਾਹਰ ਸਿੰਘ ਨੇ ਆਪਣਾ ਤਸੱਲਤ ਜਮਾ ਲਿਆ।

ਪਸ਼ੌਰਾ ਸਿੰਘ ਨੇ ਗ਼ਦਰ ਕਰਨਾ

ਰਾਜਾ ਗੁਲਾਬ ਸਿੰਘ ਨੇ ਕੰਵਰ ਪਸ਼ੌਰਾ ਸਿੰਘ ਨੂੰ ਫਿਰ ਚੁੱਕਣਾ ਸ਼ੁਰੂ ਕਰ ਦਿੱਤਾ, ਕਿ ਜੇ ਤੂੰ ਉੱਦਮ ਕਰੇਂ, ਤਾਂ ਫ਼ੌਜ ਦੀ ਮਦਦ ਨਾਲ ਤਖ਼ਤ ਲੈ ਸਕਦਾ ਹੈਂ। ਏਸ ਚੁੱਕਣਾ ਵਿਚ ਆ ਕੇ ਕੰਵਰ ਨੇ ਸਿਆਲਕੋਟ ਵਿਚ ਗ਼ਦਰ ਮਚਾ ਦਿੱਤਾ। ਓਧਰ ਇਹ ਸਾਰਾ ਹਾਲ ਗੁਲਾਬ ਸਿੰਘ ਨੇ ਸ: ਜਵਾਹਰ ਸਿੰਘ ਨੂੰ ਲਾਹੌਰ ਲਿਖ ਘੱਲਿਆ। ਉਹਨੇ (ਜਵਾਹਰ ਸਿੰਘ ਨੇ) ਇਸ ਬਲਵੇ ਨੂੰ ਦਬਾਉਣ ਵਾਸਤੇ ਫ਼ੌਜ ਭੇਜ ਦਿੱਤੀ। ਗੁਲਾਬ ਸਿੰਘ ਵੀ ਆਪਣੀ ਫੌਜ ਸਣੇ ਸਿਆਲਕੋਟ ਸੀ। ਉਹਨੂੰ

ਗੁਲਾਬ ਸਿੰਘ ਅੰਗਰੇਜ਼ਾਂ ਨੂੰ

ਇਕ ਹੋਰ ਸਾਜ਼ਸ਼ ਸੁੱਝੀ। ਉਹਨੇ ਬੜੇ ਢੰਗ ਨਾਲ ਫ਼ੌਜ ਨੂੰ ਸਮਝਾਇਆ, ਕਿ ਉਹਨੂੰ ਜੰਮੂੰ ਜਾਣ ਦਿੱਤਾ ਜਾਵੇ। (ਜੰਮੂੰ ਜਾ ਕੇ) ਉਹਨੇ ਅੰਗਰੇਜ਼ਾਂ ਵੱਲੇ ਦੋਸਤੀ ਦਾ ਹੱਥ ਵਧਾਇਆ, ਕਿ ਉਹ (ਗੁਲਾਬ ਸਿੰਘ) ਉਹਨਾਂ (ਅੰਗਰੇਜ਼ਾਂ) ਦੀ ਲਾਹੌਰ ਆਉਣ ਵਿਚ ਮਦਦ ਕਰੇਗਾ, ਜੇ ਉਹ (ਅੰਗਰੇਜ਼) ਉਸਨੂੰ (ਗੁਲਾਬ ਸਿੰਘ ਨੂੰ) ਏਸ ਗੱਲ ਦਾ ਭਰੋਸਾ ਦਿਵਾਉਣ, ਕਿ ਉਸ (ਗੁਲਾਬ

ਸਿੰਘ) ਨੂੰ ਉਹ (ਅੰਗਰੇਜ਼) ਉੱਤਰ ਪੂਰਬੀ ਸੂਬਿਆਂ ਦਾ ਖ਼ੁਦ-ਮੁਖ਼ਤਿਆਰ ਮਹਾਰਾਜਾ ਬਣਾ ਦੇਣਗੇ*।

ਪਸ਼ੌਰਾ ਸਿੰਘ ਅਟਕ ਵਿਚ

ਪਸ਼ੌਰਾ ਸਿੰਘ ਨੇ ਅੱਗੇ ਵਧ ਕੇ ਕਿਲ੍ਹਾ ਅਟਕ ਉੱਤੇ ਕਬਜ਼ਾ ਕਰਕੇ ਪੰਜਾਬ ਦਾ ਮਹਾਰਾਜਾ ਹੋਣ ਦਾ ਐਲਾਨ ਕੀਤਾ ਤੇ ਕਾਬਲ ਦੇ ਹਾਕਮ ਦੋਸਤ ਮੁਹੰਮਦ ਖ਼ਾਂ ਨਾਲ ਵੀ ਚਿੱਠੀ ਪੱਤਰ ਸ਼ੁਰੂ ਕਰ ਦਿੱਤਾ। ਇਲਾਕੇ ਦੀਆਂ ਕੁਛ ਫ਼ੌਜਾਂ ਵੀ ਉਸ ਨਾਲ ਆ ਮਿਲੀਆਂ। ਏਨੇ ਨੂੰ ਸ. ਜਵਾਹਰ ਸਿੰਘ ਦੇ ਭੇਜੇ ਹੋਏ

ਫ਼ਤਹਿ ਖ਼ਾਂ ਤੇ ਚਤਰ ਸਿੰਘ ਅਟਕ ਵਿਚ

ਫ਼ਤਹਿ ਖ਼ਾਂ ਟਿਵਾਣਾ ਡਿਹਰਾ ਇਸਮਾਈਲ ਖ਼ਾਂ ਤੋਂ, ਤੇ ਸ: ਚਤਰ ਸਿੰਘ 'ਅਟਾਰੀ' ਹਜ਼ਾਰੇ ਤੋਂ—ਅਟਕ ਪਹੁੰਚ ਗਏ। ਫ਼ੌਜ ਦੀ ਹਮਦਰਦੀ ਕੰਵਰ ਨਾਲ ਵਧੇਰੇ ਵੇਖ ਕੇ ਸ. ਚਤਰ ਸਿੰਘ ਨੇ ਕੰਵਰ 'ਤੇ ਹੱਲਾ ਨਾ ਕੀਤਾ, ਸਗੋਂ ਸੁਲ੍ਹਾ ਦੀ ਗੱਲਬਾਤ ਤੋਰੀ। ਕੰਵਰ ਵੀ ਮੰਨ ਗਿਆ ਤੇ ਰਾਜ਼ੀ ਨਾਵੇਂ ਰਾਹੀਂ ਕਿਲ੍ਹਾ ਖ਼ਾਲੀ ਕਰ ਦਿੱਤਾ। ਅਗਲੇ ਦਿਨ ਤਿੰਨੇ (ਫ਼ਤਹਿ ਖ਼ਾਂ, ਚਤਰ ਸਿੰਘ ਤੇ ਕੰਵਰ) ਸਣੇ ਫ਼ੌਜ ਲਾਹੌਰ ਨੂੰ ਤੁਰ ਪਏ। ਰਾਹ ਵਿਚ ਉਹ ਸ੍ਰੀ ਪੰਜਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਵਾਸਤੇ ਖਲੋ ਗਏ। ਏਥੇ ਹੀ ਰਾਤੀਂ ਸੁੱਤੇ ਪਏ ਪਸ਼ੌਰਾ ਸਿੰਘ ਨੂੰ ਧੋਖੇ ਨਾਲ ਬੰਨ੍ਹ ਲਿਆ ਤੇ ਅਗਲੇ ਦਿਨ ਕਿਲ੍ਹਾ ਅਟਕ ਦੇ

ਪਸ਼ੌਰਾ ਸਿੰਘ ਧੋਖੇ ਨਾਲ ਕਤਲ ਕੀਤਾ ਗਿਆ

ਕਾਲੇ ਬੁਰਜ ਵਿੱਚ ਕੈਦ ਜਾ ਕੀਤਾ। ਪਿਛੋਂ ਜਵਾਹਰ ਸਿੰਘ ਵੱਲੋਂ ਹੁਕਮ ਪਹੁੰਚਿਆ, ਕਿ ਜਿੰਨੀ ਛੇਤੀ ਹੋ ਸੱਕੇ, ਕੰਵਰ ਨੂੰ ਕਤਲ ਕਰ ਦਿੱਤਾ ਜਾਵੇ। ਛਨਿਛਰਵਾਰ, ੩੦ ਅਗਸਤ, ੧੮੪੫ ਈ. ਨੂੰ ਕਾਲੀ ਬੋਲੀ ਰਾਤ ਸੀ। ਕਿਲ੍ਹੇ ਦੇ ਹੇਠ ਦਰਿਆ ਅਟਕ ਠਾਠਾਂ ਮਾਰ ਰਿਹਾ ਸੀ। ਪੱਥਰਾਂ ਨਾਲ ਪਾਣੀ ਦੀਆਂ ਛੱਲਾਂ ਵੱਜ-ਵੱਜ ਕੇ ਬੜੀ ਡਰਾਉਣੀ ਆਵਾਜ਼ ਪੈਦਾ ਕਰ ਰਹੀਆਂ ਸਨ। ਕੰਢੇ ਉੱਤੇ ਲੋਹੇ ਦਿਆਂ ਸੰਗਲਾਂ ਵਿਚ ਬੱਧਾ ਹੋਇਆ ਸ਼ੇਰੇ-ਪੰਜਾਬ ਦਾ ਪੁੱਤਰ ਪਸ਼ੌਰਾ ਸਿੰਘ ਖਲਾ ਸੀ। 'ਸੁਰਮੇ' ਚੂੜ੍ਹੇ ਨੂੰ ਹੁਕਮ ਹੋਇਆ, ਕਿ ਕੰਵਰ ਦਾ ਸਿਰ ਉਡਾ ਦੇਵੇ।

*(The Sikh Wars) ਸਿੱਖ ਯੁੱਧ, ਪੰਨਾ ੫੯।

ਕੰਵਰ ਦਾ ਕੋਈ ਉਜ਼ਰ* ਨਾ ਸੁਣਿਆਂ ਗਿਆ। ਬੜੀ ਬੇ-ਰਹਿਮੀ ਨਾਲ ਬਾਈ ਸਾਲ ਦੀ ਉਮਰ ਵਿਚ ਉਸ ਨੂੰ ਕਤਲ ਕੀਤਾ ਗਿਆ ਤੇ ਟੁਕੜੇ ਕਰਕੇ ਦਰਿਆ ਅਟਕ ਵਿਚ ਰੁੜ੍ਹਾ ਦਿੱਤਾ ਗਿਆ।

ਪਿਰਥੀ ਸਿੰਘ ਡੋਗਰਾ

ਪਸ਼ੌਰਾ ਸਿੰਘ ਦੀ ਮੌਤ ਦੀ ਖ਼ਬਰ ਸੁਣ ਕੇ ਫ਼ੌਜਾਂ ਜਵਾਹਰ ਸਿੰਘ ਦੇ ਵਿਰੁੱਧ ਭੜਕ ਉਠੀਆਂ। ਪਿਰਥੀ ਸਿੰਘ ਨਾਮੇ ਡੋਗਰਾ (ਮੀਆਂ ਅਰਬੇਲਾ ਸਿੰਘ ਡੋਗਰੇ ਦਾ ਪੁੱਤਰ) ਸਭ ਤੋਂ ਵਧੇਰੇ ਜੋਸ਼ ਵਿਚ ਆਇਆ। ਉਹ ਥਾਂ-ਥਾਂ ਫ਼ੌਜ ਵਿਚ ਕਹਿੰਦਾ

---

*ਅੰਤ ਦੀ ਵਾਰ ਕੰਵਰ ਨੇ ਠੰਢਾ ਸਾਹ ਖਿੱਚ ਕੇ ਕਿਹਾ :—

"ਠਹਿਰੋ ! ਜ਼ਰਾ ਕੁ ਰੋਕ ਕੇ ਤੇਗ, ਸੁਣ ਲੌ,
ਜਾਂਦੀ ਵਾਰ ਦੀ ਇਕ ਫ਼ਰਯਾਦ ਮੇਰੀ।
ਕੰਢੇ ਅਟਕ ਦੇ ਨਾਮ ਨਸ਼ਾਨ ਬਾਕੀ,
ਕਾਇਮ ਕਰੀਂ ਨਾ ਮੜ੍ਹੀ ਜੱਲਾਦ ਮੇਰੀ।
ਮੈਂ ਵੀ ਲਾਡਲਾ ਸ਼ੇਰੇ ਪੰਜਾਬ ਦਾ ਸਾਂ,
ਦੁਨੀਆਂ ਦਿਲਾਂ ਵਿੱਚ ਰੱਖੇਗੀ ਯਾਦ ਮੇਰੀ।
ਦਯਾ ਕੌਰ ਦੀ ਗੋਦ ਅੱਜ ਹੋਈ ਸੁੰਞੀ,
ਮੇਰੇ ਨਾਲ ਸੀ ਮਾਂ ਆਬਾਦ ਮੇਰੀ।

"ਕੀ ਸੀ ਕਿਸੇ ਨੂੰ ਪਤਾ, ਕਿ ਦਿਨਾਂ ਅੰਦਰ,
ਇਹ 'ਸਰਕਾਰ' ਦੀ ਬੰਸ ਦਾ ਹਾਲ ਹੋਸੀ।
ਕਿਧਰੇ ਖੜਕ ਸਿੰਘ ਦੀ ਬਲਦੀ ਚਿਖਾ ਹੋਸੀ,
ਕਿਧਰੇ ਤੜਫਦਾ ਪਿਆ ਨੌਨਿਹਾਲ ਹੋਸੀ।

ਕਿਧਰੇ ਸ਼ੇਰ ਸਿੰਘ ਦੀ ਰੁਲਦੀ ਲੋਥ ਹੋਸੀ,
ਸੀਨੇ ਵਿਚ ਗੋਲੀ ਆਰ-ਪਾਰ ਹੋਸੀ।
ਕਿਧਰੇ ਸੁਹਲ 'ਪਰਤਾਪ' ਦੀ ਧੌਣ ਉੱਤੇ,
ਚਲਦੀ ਸਕਿਆਂ ਦੀ ਤੇਜ਼ ਤਲਵਾਰ ਹੋਸੀ।
ਕਿਧਰੇ ਰਾਜ-ਬਰਬਾਦੀ ਦੇ ਹੋਮ ਅੰਦਰ,
ਹੂੱਤੀ ਕੰਵਰ 'ਕਸ਼ਮੀਰ' ਵੀ ਯਾਰ ਹੋਸੀ।
ਕਿਧਰੇ ਅੱਜ ਓਵੇਂ ਮੇਰੀ ਜਾਨ ਉੱਤੇ,
ਓਸੇ ਤੇਗ ਅਣ-ਬੁਝੀ ਦਾ ਵਾਰ ਹੋਸੀ।

ਰੁਲਦੀ ਰਹੇ ਨਾ ਜੰਗਲੀਂ ਲੋਥ ਮੇਰੀ,
ਐ ਜੱਲਾਦ ! ਇਹ ਧਰਮ ਕਮੌਂ ਛਡੀਂ।
'ਸੀਤਲ' ਏਸੇ ਨੂੰ ਮੈਂ ਗੰਗਾ ਸਮਝ ਲਾਂਗਾ,
ਮੈਨੂੰ ਅਟਕ ਦੇ ਵਿਚ ਪਰਵਾਹ ਛੱਡੀਂ।"

ਫਿਰਦਾ, ਕਿ ਪਸ਼ੌਰਾ ਸਿੰਘ ਦੀ ਮੌਤ ਦਾ ਬਦਲਾ ਲਿਆ ਜਾਵੇਗਾ। ਜਵਾਹਰ ਸਿੰਘ ਦੇ ਵਿਰੋਧੀਆਂ ਨੇ ਪਿਰਥੀ ਸਿੰਘ ਰਾਹੀਂ ਫ਼ੌਜਾਂ ਵਿਚ ਬਹੁਤ ਰੁਪਇਆ ਵੰਡਿਆ। ਬਹੁਤ ਸਾਰੀ ਫ਼ੌਜ ਸ਼ਹਿਰ ਦੇ ਬੂਹੇ ਅੱਗੇ ਆ ਬੈਠੀ। ਜਵਾਹਰ ਸਿੰਘ ਨੂੰ ਸੁਨੇਹਾ ਭੇਜਿਆ, ਕਿ ਜਾਂ ਪੇਸ਼ ਹੋ ਕੇ ਜੋ ਕੁਛ ਪਸ਼ੌਰਾ ਸਿੰਘ ਦੇ ਕਤਲ ਬਾਬਤ ਕਹਿਣਾ ਹੈ, ਕਹਿ ਲਵੇ, ਜਾਂ ਲੜਾਈ ਵਾਸਤੇ ਤਿਆਰ ਹੋ ਜਾਵੇ। ਪੰਚਾਂ ਦੇ ਹੁਕਮ ਅਨੁਸਾਰ ਪਿਰਥੀ ਸਿੰਘ ਨੇ ਕਿਲ੍ਹੇ ਵਿਚਲੀ ਜਵਾਹਰ ਸਿੰਘ ਦੀ ਫ਼ੌਜ ਨੂੰ ਵੀ ਆਖ ਘੱਲਿਆ, ਕਿ ਜੇ ਉਹਨਾਂ ਟਾਕਰਾ ਕੀਤਾ, ਜਾਂ ਜਵਾਹਰ ਸਿੰਘ ਨੂੰ ਨੱਸਣ ਦਿੱਤਾ, ਤਾਂ ਸਭ ਤੋਪ ਅੱਗੇ ਉਡਾਏ ਜਾਣਗੇ। ਇਹ ਸੁਣ ਕੇ ਜਵਾਹਰ ਸਿੰਘ ਦੀ ਆਪਣੀ ਫ਼ੌਜ ਵੀ ਉਸ ਦੇ ਉਲਟ ਹੋ ਗਈ। ਮਹਾਰਾਣੀ ਜਿੰਦ ਕੌਰ ਤੇ ਜਵਾਹਰ ਸਿੰਘ ਨੇ ਫ਼ੌਜ ਦੀ ਤਨਖ਼ਾਹ ਵਧਾ ਦੇਣ ਦਾ ਲਿਖਤੀ ਇਕਰਾਰ ਭੇਜਿਆ, ਮਗਰ ਫ਼ੌਜ ਨਾ ਮੰਨੀ। ੨੧ ਸਤੰਬਰ, ੧੮੪੫ ਈ. ਐਤਵਾਰ ਨੂੰ ਪਿਰਥੀ ਸਿੰਘ ਸਣੇ ਫੌਜ ਦਿੱਲੀ ਦਰਵਾਜ਼ੇ ਅੱਗੇ ਆ ਬੈਠਾ। ਏਥੋਂ ਫਿਰ ਜਵਾਹਰ ਸਿੰਘ ਨੂੰ ਸੁਨੇਹਾ ਘੱਲਿਆ। ਹੁਣ ਤਾਂ ਵਜ਼ੀਰ ਦੀ ਖ਼ਾਨਿਓਂ ਗਈ।

**ਫ਼ੌਜ ਦਾ ਜਵਾਹਰ ਸਿੰਘ ਨੂੰ ਹੁਕਮ**

**ਜਵਾਹਰ ਸਿੰਘ, ਦਲੀਪ ਸਿੰਘ ਤੇ ਜਿੰਦ ਕੌਰ ਫ਼ੌਜ ਵੱਲੇ**

ਉਹ ਆਪਣੀ ਭੈਣ ਮਹਾਰਾਣੀ ਜਿੰਦ ਕੌਰ ਨੂੰ ਨਾਲ ਲੈ ਕੇ ਫ਼ੌਜ ਵੱਲੇ ਤੁਰ ਪਿਆ। ਇਕ ਹਾਥੀ 'ਤੇ ਜਵਾਹਰ ਸਿੰਘ ਗੋਦੀ ਵਿਚ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਲਈ ਬੈਠਾ ਸੀ ਤੇ ਇਕ ਉੱਤੇ ਮਹਾਰਾਣੀ। ਫ਼ੌਜ ਨੂੰ ਇਨਾਮ ਦੇਣ ਵਾਸਤੇ ਬਹੁਤ ਸਾਰੀ ਦੌਲਤ ਵੀ ਨਾਲ ਰੱਖੀ ਹੋਈ ਸੀ। ਪਿੱਛੇ-ਪਿੱਛੇ ਜਵਾਹਰ ਸਿੰਘ ਦੇ ਕੁਛ ਮਿੱਤਰ ਵੀ ਆ ਰਹੇ ਸਨ। ਉਹ ਫ਼ੌਜ ਵਿਚ ਪਹੁੰਚੇ, ਤਾਂ ਪਿਰਥੀ ਸਿੰਘ ਤੇ ਦੀਵਾਨ ਜਵਾਹਰ ਮੱਲ ਦੇ ਸਿਪਾਹੀਆਂ ਨੇ ਵਜ਼ੀਰ ਦਾ ਹਾਥੀ ਘੇਰ ਲਿਆ। ਉਹ ਬਥੇਰੇ ਵਾਸਤੇ ਪਾ ਰਿਹਾ, ਤੇ ਇਨਾਮ ਦੇ ਲਾਲਚ ਵੀ ਦੇ ਰਿਹਾ, ਪਰ ਕਿਸੇ ਇਕ ਨਾ ਮੰਨੀ। ਉਸਦੀ ਗੋਦ ਵਿਚੋਂ ਬਾਲਕ ਮਹਾਰਾਜਾ ਖੋਹ ਕੇ ਦੋਹਾਂ ਪਾਸਿਆਂ ਤੋਂ ਗੋਲੀਆਂ* ਮਾਰ ਦਿੱਤੀਆਂ। ਇਕ ਗੋਲੀ ਵੱਖੀ ਵਿੱਚ ਤੇ ਦੂਜੀ

---

*Col. Major Broadfoot to Government 26th Sept. 1845 ਬ੍ਰਾਡਫੁਟ ਸਰਕਾਰ ਨੂੰ।

ਜਵਾਹਰ ਸਿੰਘ ਕਤਲ

ਮੱਥੇ ਵਿਚ ਵੱਜੀ। ਉਹਨੂੰ ਧੂਹ ਕੇ ਹਾਥੀ ਤੋਂ ਥੱਲੇ ਸੁੱਟ ਲਿਆ ਤੇ ਤਲਵਾਰ ਨਾਲ ਸਿਰ ਲਾਹ ਲਿਆ*। ਉਹਦੇ ਨਾਲ ਹੀ ਭਾਈ ਰਤਨ ਸਿੰਘ, ਭਾਈ ਚੇਤਾ ਤੇ ਕਈ ਹੋਰ ਮਾਰੇ ਗਏ। ਦੌਲਤ ਜੋ ਵਜ਼ੀਰ ਨਾਲ ਲਿਆਇਆ ਸੀ, ਫ਼ੌਜਾਂ ਨੇ ਲੁੱਟ ਲਈ। ਰਾਤ ਇਕ ਤੰਬੂ ਵਿਚ ਮਹਾਰਾਣੀ ਤੇ ਇਕ ਵਿਚ ਮਹਾਰਾਜਾ ਦਲੀਪ ਸਿੰਘ ਫ਼ੌਜ ਦੀ ਰਾਖੀ ਵਿੱਚ ਰਹੇ। ਦਿਨੇ ਜਵਾਹਰ ਸਿੰਘ ਦੀ ਲੋਥ ਮਹਾਰਾਣੀ ਦੇ ਹਵਾਲੇ ਕੀਤੀ ਗਈ ਤੇ ਏਸ ਸ਼ਰਤ ਉੱਤੇ ਦਲੀਪ ਸਿੰਘ ਵੀ ਦਿੱਤਾ ਗਿਆ, ਕਿ ਮਹਾਰਾਣੀ ਉਸ ਨੂੰ ਕੋਈ ਕਸ਼ਟ ਨਹੀਂ ਪੁਚਾਵੇਗੀ। ਫ਼ੌਜਾਂ ਨੇ ਜ਼ਬਾਨੀ ਜ਼ਬਾਨੀ ਮਹਾਰਾਣੀ ਤੋਂ ਮਾਫ਼ੀ ਮੰਗੀ ਤੇ ਅੱਗੇ ਵਾਸਤੇ ਉਹਦੇ ਅਧੀਨ ਰਹਿਣ ਦਾ ਪ੍ਰਣ ਕੀਤਾ। ਪਿਛਲੇ ਪਹਿਰ ਮਸਤੀ ਦਰਵਾਜ਼ੇ ਦੇ ਬਾਹਰ ਜਵਾਹਰ ਸਿੰਘ ਦਾ ਸਸਕਾਰ ਕੀਤਾ ਗਿਆ। ਮਹਾਰਾਣੀ ਦੀਆਂ ਚੀਕਾਂ ਓਦੋਂ ਸੁਣੀਆਂ

---

*ਜਦੋਂ ਸੁਣਿਆਂ ਜਵਾਹਰ ਸਿੰਘ ਹਾਲ ਇਹ
ਦਿਲ ਵਿਚ ਹੈ ਬੜਾ ਘਬਰਾਇਆ
ਭੈਣ ਆਪਣੀ ਨੂੰ ਨਾਲ ਲੈ ਕੇ ਤੁਰ ਪਿਆ
ਗੋਦੀ ਵਿਚ ਹੈ ਦਲੀਪ ਬਿਠਲਾਇਆ
ਕੈਂਠੇ ਜੋੜੀਆਂ ਬੇਅੰਤ ਮਾਇਆ ਨਾਲ ਲੈ
ਹਾਥੀ ਚੜ੍ਹ ਕੇ ਦਲਾਂ ਵਿਚ ਆਇਆ
ਫ਼ੌਜਾਂ ਵੇਖਿਆ ਕਾਤਲ ਜਦ 'ਕੌਰ' ਦਾ
ਦਿਲਾਂ ਵਿਚ ਨਾਹੀਂ ਜੋਸ਼ ਸਮਾਇਆ
ਖੋਹ ਕੁਛੜੋਂ ਦਲੀਪ ਸਿੰਘ ਲਿਓ ਨੇ
ਤੰਬੂ ਵਿਚ ਮਹਾਰਾਜ ਪੁਚਾਇਆ
ਫੇਰ ਮਾਰ ਕੇ ਦੋ-ਪਾਸਿਓਂ ਗੋਲੀਆਂ
ਹਾਥੀ ਉਤੋਂ ਹੈ ਜਵਾਹਰ ਸਿੰਘ ਲਾਹਿਆ
ਤੇਗ਼ ਮਾਰਕੇ ਉਹਦਾ ਸਿਰ ਵੱਢਿਆ
ਮਿੱਟੀ ਵਿਚ ਸਰਦਾਰ ਮਿਲਾਇਆ
ਧਾਹੀਂ ਮਾਰਕੇ ਰੁੰਨੀ ਜਿੰਦ ਕੌਰ ਵੀ
ਵੀਰ ਨਿੱਤ ਦਾ ਵਿਛੋੜਾ ਪਾਇਆ

ਨਹੀਂ ਸਨ ਜਾਂਦੀਆਂ। ਫ਼ੌਜੀ ਪੰਚਾਂ ਨੇ ਬੜਾ ਸਮਝਾਇਆ ਤੇ ਭਾਣਾ ਮੰਨਣ ਵਾਸਤੇ ਬੇਨਤੀ ਕੀਤੀ। ਮਹਾਰਾਣੀ ਨੇ ਕਿਹਾ, ਕਿ ਜੇ ਸ. ਜਵਾਹਰ ਸਿੰਘ ਦੇ ਕਾਤਲ ਉਸ ਦੇ ਹਵਾਲੇ ਕੀਤੇ ਜਾਣ, ਤਾਂ ਉਹ ਰਾਜ਼ੀ ਹੋ ਜਾਵੇਗੀ। ਡੋਗਰਾ ਪਿਰਥੀ ਸਿੰਘ ਤਾਂ ਰਾਤੋ ਰਾਤ ਜੰਮੂੰ ਨੂੰ ਨੱਸ ਗਿਆ ਤੇ ਦੀਵਾਨ ਜਵਾਹਰ ਮੱਲ ਕੈਦ ਕਰਕੇ ਮਹਾਰਾਣੀ ਦੇ ਹਵਾਲੇ ਕਰ ਦਿੱਤਾ ਗਿਆ। ਕੁਛ ਦਿਨਾਂ ਪਿੱਛੋਂ ਮਹਾਰਾਣੀ ਨੇ ਉਹਨੂੰ ਵੀ ਰਿਹਾਂ ਕਰ ਦਿੱਤਾ।

**ਹੁਣ ਵਜ਼ੀਰ ਕੋਈ ਨਾ ਬਣੇ**

ਸ: ਜਵਾਹਰ ਸਿੰਘ ਦੇ ਮਾਰੇ ਜਾਣ ਉੱਤੇ ਹੋਰ ਸਰਦਾਰਾਂ ਦੇ ਦਿਲਾਂ 'ਤੇ ਐਨਾ ਡਰ ਬੈਠਾ, ਕਿ ਫੇਰ ਵਜ਼ੀਰ ਕੋਈ ਨਾ ਬਣੇ। ਰਾਜਾ ਗੁਲਾਬ ਸਿੰਘ ਨੂੰ ਵਜ਼ੀਰ ਬਣਨ ਵਾਸਤੇ ਕਿਹਾ, ਮਗਰ ਉਹ ਮੰਨਿਆ ਨਾ। ਫੇਰ ਹੋਰ ਵੀ ਕਈਆਂ ਨੂੰ ਕਿਹਾ ਗਿਆ, ਮਗਰ 'ਹਾਂ' ਕਿਸੇ ਨਾ ਕੀਤੀ। ਆਖ਼ਰ ਮਹਾਰਾਣੀ ਜਿੰਦ ਕੌਰ ਨੇ ਸਭ ਕੁਝ ਆਪਣੇ ਹੱਥ ਵਿੱਚ ਲੈ ਲਿਆ ਤੇ ਪੰਚਾਇਤ ਦੀ ਮਦਦ ਨਾਲ ਰਾਜ ਕਰਨ ਲੱਗੀ। ਪੰਚਾਇਤ ਦੇ ਸਿਰਕਰਦਾ ਦੀਵਾਨ ਦੀਨਾ ਨਾਥ, ਭਾਈ ਰਾਮ ਸਿੰਘ, ਮਿਸਰ ਲਾਲ ਸਿੰਘ ਆਦਿ ਬਣੇ। ਦੀਨਾ ਨਾਥ ਖ਼ਜ਼ਾਨਚੀ ਤੇ ਭਗਤ ਰਾਮ ਤੇ ਫ਼ਕੀਰ ਨੂਰ ਦੀਨ (ਫ਼ਕੀਰ ਅਜ਼ੀਜ਼ੁੱਦੀਨ ਦਾ ਭਰੱਾ) ਤਨਖ਼ਾਹ ਵੰਡਣ 'ਤੇ ਲਾਏ ਗਏ।

**ਲਾਲ ਸਿੰਘ ਵਜ਼ੀਰ ਤੇ ਤੇਜ ਸਿੰਘ ਸੈਨਾਪਤੀ ਬਣੇ**

ਏਸ ਤਰ੍ਹਾਂ ਕੁਛ ਚਿਰ ਤਾਂ ਇਹ ਪਰਬੰਧ ਚਲਦਾ ਰਿਹਾ, ਪਰ ਜਦੋਂ ਸਿੱਖ ਅੰਗਰੇਜ਼ਾਂ ਨਾਲ ਲੜਨ ਵਾਸਤੇ ਮਜਬੂਰ ਹੋ ਗਏ, ਓਦੋਂ ਸ਼ੁਰੂ ਨਵੰਬਰ, ੧੮੪੫ ਈ: ਨੂੰ ਰਾਜਾ ਲਾਲ ਸਿੰਘ 'ਮਿਸਰ' 'ਵਜ਼ੀਰ' ਤੇ ਤੇਜ ਸਿੰਘ (ਜਮਾਂਦਾਰ ਖ਼ੁਸ਼ਹਾਲ ਸਿੰਘ ਬ੍ਰਾਹਮਣ ਦਾ ਪੁੱਤਰ) ਖ਼ਾਲਸਾ ਫ਼ੌਜ ਦਾ ਸੈਨਾਪਤੀ ਬਣੇ।

ਵਜ਼ੀਰੀ ਵਾਸਤੇ ਤਿੰਨ ਉਮੀਦਵਾਰ ਸਨ : ਰਾਜਾ ਗੁਲਾਬ ਸਿੰਘ, ਤੇਜ ਸਿੰਘ ਤੇ ਲਾਲ ਸਿੰਘ। ਅੰਤ ਇਕ ਦੇ ਹੱਕ ਵਿਚ ਫ਼ੈਸਲਾ ਏਸ ਤਰ੍ਹਾਂ ਹੋਇਆ : ਪੰਜ ਪਰਚੀਆਂ (ਦੋ ਖ਼ਾਲੀ ਤੇ ਤਿੰਨਾਂ 'ਤੇ ਤਿੰਨਾਂ ਉਮੀਦਵਾਰਾਂ ਦੇ ਨਾਮ) ਪਾਈਆਂ ਗਈਆਂ ਤੇ ਮਹਾਰਾਜਾ ਦਲੀਪ ਸਿੰਘ ਦੇ ਹੱਥੀਂ ਇਕ

ਪਰਚੀ ਕੱਢੀ, ਜਿਸ 'ਤੇ ਲਾਲ ਸਿੰਘ* ਦਾ ਨਾਮ ਸੀ। ਸੋ ਉਹ ਵੱਡਾ ਵਜ਼ੀਰ ਬਣਿਆਂ।

ਹੁਣ ਅੰਗਰੇਜ਼ਾਂ ਨਾਲ ਲੜਾਈ ਹੋਣੀ ਅਵੱਸ਼ ਹੋ ਗਈ ਸੀ।

---

*ਸਿੱਖ ਇਤਿਹਾਸ ਬਾਰੇ, ਡਾ. ਗੰਡਾ ਸਿੰਘ, ਪੰਨਾ ੧੫੭

(ਪੰਨਾ ੧੭ ਨਾਲ ਸੰਬੰਧਤ)

ਛੱਕਾਂ ਬੰਨ੍ਹਕੇ ਤੁਰ ਪਿਆ ਏਥੋਂ ਅਬਦਾਲੀ
ਮਾਪੇ ਰਹਿ ਗਏ ਵਿਲਕਦੇ ਘਰ ਹੋ ਗਏ ਖ਼ਾਲੀ
ਕੋਈ ਸੀਤਾ ਹਰ ਲਈਆਂ ਹੋਈ ਨਗਨ ਪੰਚਾਲੀ
ਫਰਕੀ ਭੁਜਾ ਨਾ ਭੀਮ ਦੀ ਨਾ ਗੁਰਜ ਸੰਭਾਲੀ
ਨਾ ਕੋਈ ਅਰਜਣ ਜਾਗਿਆ ਗਾਂਡੀਵ ਦਾ ਵਾਲੀ
ਕੱਠੇ ਹੋਏ ਜੰਗਲੀਂ ਸੁਣ ਖ਼ਬਰ ਅਕਾਲੀ
ਜਿਹਲਮ ਕੰਢੇ ਮਾਰਿਆ ਉਹਨਾਂ ਜਾ ਅਬਦਾਲੀ
ਰੱਖ ਵਿਖਾਈ 'ਸੀਤਲਾ' ਸਿੰਘਾਂ ਮਰਦਾਂ ਵਾਲੀ

# ਤਿੱਜਾ ਕਾਂਡ

ਸਤਲੁਜ ਦੇ ਕੰਢੇ ਉੱਤੇ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਹੋਈ, ਪਰ ਹੋਈ ਕਿਉਂ ? ਕਿੰਨ੍ਹਾਂ ਕਾਰਨਾਂ ਕਰ ਕੇ ਇਹ ਅੱਗ ਭੜਕੀ ? ਤੇ ਕਿੰਨ੍ਹਾਂ ਬੰਦਿਆਂ ਨੇ ਇਹਨੂੰ ਹਵਾ ਦਿਤੀ ? ਕੀ ਇਹ ਲੜਾਈ ਅਚਨਚੇਤ ਹੀ ਛਿੜ ਪਈ ਸੀ ? ਜਾਂ ਜਾਣ ਬੁਝ ਕੇ ਛੇੜੀ ਗਈ ਸੀ। ਇਹਨਾਂ ਸਾਰੀਆਂ ਗੱਲਾਂ ਦੇ ਉੱਤਰ ਭਾਲਣ ਤੋਂ ਪਹਿਲਾਂ ਦੋ ਗੱਲਾਂ ਦਾ ਸਮਝਣਾ ਜ਼ਰੂਰੀ ਹੈ। ਇਕ ਹੈ 'ਖ਼ਾਲਸਾ ਫ਼ੌਜ' ਤੇ ਦੂਜੀ 'ਅੰਗਰੇਜ਼ਾਂ ਦੀ ਨੀਤੀ।'

**ਖ਼ਾਲਸਾ ਫ਼ੌਜ**

ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਮੁਰਦਾ ਹਿੰਦੁਸਤਾਨ ਵਿਚ ਨਵਾਂ ਅਣਖੀ ਜੀਵਨ ਪੈਦਾ ਕਰਨ ਵਾਸਤੇ ਖ਼ਾਲਸਾ ਪੰਥ—ਇਕ ਫ਼ੌਜੀ ਭਾਈਚਾਰਾ—ਸਾਜਿਆ, ਜੋ 'ਪਿਆਰ' ਅਤੇ 'ਤਲਵਾਰ' ਦੇ ਆਸਰੇ ਜਿਉਣ ਦਾ ਹਾਮੀ ਹੈ। ਸਿੱਖ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ, ਕਿ ਸਿੱਖ ਇਕ ਜਮਾਂਦਰੂ 'ਸਿਪਾਹੀ' ਹੈ, ਤੇ ਏਹਾ ਸਿਧਾਂਤ ਅਜੇ ਤਕ ਕਾਇਮ ਚਲਿਆ ਆਉਂਦਾ ਹੈ। ਇਹ ਦੁਨੀਆਂ ਦੇ ਕਾਰ ਵਿਹਾਰ ਕਰਦਾ ਹੋਇਆ ਵੀ ਗਾਤਰੇ ਤਲਵਾਰ ਰੱਖਦਾ ਹੈ, ਜੋ ਇਸਦੇ ਸੁਭਾਅ ਤੇ ਨਸ਼ਾਨੇ ਦਾ ਪਰਗਟ ਸਬੂਤ ਹੈ।

ਵਧੇਰੇ ਸਮਝਣ ਵਾਸਤੇ ਜ਼ਰਾ ਪੁਰਾਣੇ ਪੱਤਰਿਆਂ ਨੂੰ ਫੋਲੋ। ਘਰੋ-ਘਰੀ ਕਾਰ-ਵਿਹਾਰ ਕਰਨ ਵਾਲੇ ਸਿੰਘ, ਮਹਾਰਾਜ ਦੇ ਦਰਸ਼ਨ ਕਰਨ ਆਉਂਦੇ ਹਨ। ਓਥੇ ਅੱਗੇ ਪਹਾੜੀ ਰਾਜਿਆਂ ਨਾਲ ਤੇ ਮੁਗ਼ਲ ਫ਼ੌਜਾਂ ਨਾਲ ਯੁੱਧ ਛਿੜ ਪੈਂਦਾ ਹੈ, ਤਾਂ ਇਹ ਮੱਥਾ ਟੇਕਣ ਆਏ ਸਿੱਖ ਤਲਵਾਰਾਂ ਫੜ ਕੇ ਰਣ-ਤੱਤੇ ਵਿਚ ਜਾ ਵੜਦੇ ਹਨ। ਤਨਖ਼ਾਹਾਂ ਵਾਸਤੇ ਨਹੀਂ, ਮੁਲਕ ਫ਼ਤਹਿ ਕਰਨ ਵਾਸਤੇ ਨਹੀਂ, ਦੁਸ਼ਮਣ ਨੂੰ ਹਰਾ ਕੇ ਰਾਜ ਸੰਭਾਲਣ ਵਾਸਤੇ ਨਹੀਂ, ਕੇਵਲ ਅਣਖੀ ਬੰਦਿਆਂ ਵਾਂਗ ਮਰਨ ਵਾਸਤੇ। ਜੋ ਕੌਮ ਏਨੀ ਗੱਲ ਬਦਲੇ ਮਰਨ ਲਈ ਤਿਆਰ ਹੋ ਜਾਏ, ਉਸਦੀ ਗ਼ੈਰਤ ਤੇ ਬਹਾਦਰੀ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ।

ਗੁਰੂ ਗੋਬਿੰਦ ਸਿੰਘ ਮਹਾਰਾਜ ਦੱਖਣ ਨੂੰ ਚਲੇ ਜਾਂਦੇ ਹਨ ਤੇ ਸਿੱਖਾਂ ਦੀ ਤਲਵਾਰ—ਥੋੜ੍ਹਾ ਚਿਰ ਸਾਹ ਲੈਣ ਵਾਸਤੇ—ਮਿਆਨ ਅੰਦਰ ਹੋ ਜਾਂਦੀ ਹੈ। ਜਿਸ ਵੇਲੇ ਬਾਬਾ ਬੰਦਾ ਸਿੰਘ 'ਬਹਾਦਰ' ਪੰਜਾਬ ਵਿਚ ਪੈਰ ਪਾਉਂਦਾ ਹੈ, ਓਹਾ ਸਿੱਖ—ਸਾਰੇ ਕੰਮ ਕਾਜ ਛੱਡ ਕੇ—ਉਸਦੀਆਂ ਫ਼ੌਜਾਂ ਵਿਚ ਆ ਮਿਲਦੇ ਹਨ। ਉਹ ਟੁੱਟੀਆਂ ਹੋਈਆਂ ਤਲਵਾਰਾਂ ਤੇ ਖੁੰਢੇ ਨੇਜ਼ੇ ਲੈਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਬੁਲਾਉਂਦੇ ਤੇ 'ਰਾਜ ਕਰੇਗਾ ਖ਼ਾਲਸਾ' ਦੇ ਗੀਤ ਗਾਉਂਦੇ ਮੈਦਾਨ ਵਿਚ ਆ ਗੱਜਦੇ ਹਨ।

ਸਮੇਂ ਦੀ ਹਕੂਮਤ ਸਿੱਖ-ਲਹਿਰ ਨੂੰ ਜਿੰਨੇ ਜ਼ੋਰ ਨਾਲ ਦਬਾਉਂਦੀ ਹੈ, ਓਨੇ ਹੀ ਜ਼ੋਰ ਨਾਲ—ਫ਼ੁਹਾਰੇ ਦੇ ਪਾਣੀ ਵਾਂਗ—ਸਿੱਖ ਉਠਦੇ ਹਨ। ਬਾਬਾ ਬੰਦਾ ਸਿੰਘ ਜੀ ਸ਼ਹੀਦ ਕਰ ਦਿੱਤੇ ਜਾਂਦੇ ਹਨ। ਸਿੱਖਾਂ ਦੀ ਫ਼ੌਜੀ ਤਾਕਤ ਨੂੰ ਬਿਲਕੁਲ ਦਬੱਾ ਦਿੱਤਾ ਜਾਂਦਾ ਹੈ, ਮੁਲਕ ਵਿਚ ਉਹਨਾਂ ਵਾਸਤੇ ਕਤਲਾਮ ਦਾ ਖੁੱਲ੍ਹਾ ਹੁਕਮ ਦਿੱਤਾ ਜਾਂਦਾ ਹੈ, ਚਰਖ਼ੀਆਂ 'ਤੇ ਚਾੜ੍ਹੇ ਜਾਂਦੇ ਹਨ, ਸਿਰਾਂ ਦੇ ਇਨਾਮ ਰੱਖੇ ਜਾਂਦੇ ਹਨ, ਫ਼ੌਜਾਂ ਸ਼ਿਕਾਰੀਆਂ ਵਾਂਗ ਪਿੱਛੇ ਪਿੱਛੇ ਲੱਗੀਆਂ ਫਿਰਦੀਆਂ ਹਨ, ਫੇਰ ਵੀ ਜੇ ਇਕੱਲੇ-ਦੁਕੱਲੇ ਸਿੰਘ ਦਾ ਟਾਕਰਾ ਸ਼ਾਹੀ ਫ਼ੌਜ ਨਾਲ ਹੋ ਪਵੇ, ਤਾਂ ਉਹ ਤਲਵਾਰ ਧੂਹ ਕੇ ਯੁੱਧ ਵਾਸਤੇ ਤਿਆਰ ਹੋ ਪੈਂਦਾ ਹੈ। ਦੱਸੋ, ਐਹੋ ਜਿਹੀ ਕੌਮ ਕਿਸੇ ਦੀ ਲਲਕਾਰ ਸੁਣ ਕੇ ਕਿਵੇਂ ਚੁੱਪ ਰਹਿ ਸਕਦੀ ਹੈ ?

ਅੰਤ, ਜਿੰਨ੍ਹਾਂ ਦੇ ਮੰਡੀਆਂ ਵਿਚ ਸਿਰ ਵਿਕਦੇ ਸਨ, ਉਹ ਜਿਉਂ ਜਿਉਂ ਮਰੀਂਦੇ ਗਏ, ਤਿਉਂ ਤਿਉਂ ਵੱਧਦੇ ਗਏ। ਗਿਣਤੀ ਦੇ ਨਾਲ-ਨਾਲ ਹੀ ਉਹਨਾਂ ਦੀ ਫ਼ੌਜੀ ਤਾਕਤ ਵੀ ਵੱਧਦੀ ਗਈ। ਮਿਸਲਾਂ ਦਾ ਸਮਾਂ ਆ ਗਿਆ। ਸਿੱਖੀ ਆਚਰਣ ਅਨੁਸਾਰ 'ਪੰਥ ਪਿਆਰ' ਸਿੱਖ ਦੇ ਦਿਲ ਵਿਚੋਂ ਮਰਨ 'ਤੇ ਵੀ ਨਹੀਂ ਮਰਦਾ। ਪੰਥ ਦੇ ਨਾਂ ਉੱਤੇ ਵੰਗਾਰਨ ਨਾਲ ਹਰ ਇਕ ਸਿੱਖ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਵਾਸਤੇ ਤਿਆਰ ਹੋ ਜਾਂਦਾ ਹੈ। ਵੇਖੋ, ਮਿਸਲਾਂ ਦੇ ਸਰਦਾਰ ਆਪਸ ਵਿੱਚ ਖਹਿੰਦੇ ਰਹਿੰਦੇ ਹਨ, ਪਰ ਜੇ ਕੋਈ ਬਾਹਰ ਦਾ ਆ ਕੇ ਪੰਜਾਬੀਆਂ ਦੀ ਅਣਖ ਨੂੰ ਲਤਾੜਨਾ ਚਾਹਵੇ, ਤਾਂ ਸਾਰੇ ਇਕੱਠਾ ਲਹੂ ਡੋਲ੍ਹਣ ਵਾਸਤੇ ਤਿਆਰ ਹੋ ਜਾਂਦੇ ਹਨ। ਇਹਨਾਂ ਹੀ ਸਿਪਾਹੀਆਂ ਨੇ ਅੰਤ ਹੌਲੀ-ਹੌਲੀ ਸਿੱਖ ਰਾਜ ਕਾਇਮ ਕੀਤਾ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਆਇਆ। ਉਸ ਨੇ ਸਿੱਖੀ-ਸੁਭਾਂ ਨੂੰ ਸਮਝਦਿਆਂ ਹੋਇਆਂ ਖ਼ਾਲਸਾ ਫ਼ੌਜ ਨੂੰ ਏਨੀ ਤਰੱਕੀ ਦਿੱਤੀ, ਜਿਸ ਦੀ ਸ਼ਾਨ ਤੇ ਰੁਹਬ ਵੇਖ ਕੇ ਦੁਨੀਆਂ ਦੀਆਂ ਵੱਡੀਆਂ ਵੱਡੀਆਂ ਤਾਕਤਾਂ ਉਸ ਨਾਲ ਯਾਰਾਨਾ ਗੰਢਣ ਵਾਸਤੇ ਤਰਲੇ ਲੈਂਦੀਆਂ ਸਨ। ਉਸ ਨੇ ਬਾਦਸ਼ਾਹ ਬਣ ਕੇ "ਆਪਣੀ ਕਾਬਲੀਅਤ ਹੁਕਮਰਾਨੀ ਲਈ ਚੰਗੇ ਕਾਨੂੰਨ ਬਨਾਉਣ, ਤਜਾਰਤ ਵਧਾਉਣ, ਜਾਂ ਕਾਰੀਗਰੀ ਨੂੰ ਤਰੱਕੀ ਦੇਣ ਬਦਲੇ ਵਧੇਰੇ ਖ਼ਰਚ ਨਹੀਂ ਕੀਤੀ, ਸਗੋਂ ਬਹੁਤਾ ਧਿਆਨ ਖ਼ਾਲਸਾ ਫ਼ੌਜ ਨੂੰ ਨਾ-ਫ਼ਤਹਿ ਹੋਣ ਵਾਲੀ ਜੰਗੀ ਤਾਕਤ ਬਨਾਉਣ ਵੱਲੇ ਦਿੱਤਾ। ਜੇਹੋ ਜਿਹੀ ਫ਼ੌਜ ਕਦੇ ਕਿਸੇ ਹਿੰਦੁਸਤਾਨੀ ਖ਼ੁਦਮੁਖ਼ਤਿਆਰ ਹੁਕਮਰਾਨ ਨੇ ਨਾ ਰੱਖੀ ਹੋਵੇ। ਤੇ ਏਸ ਕੰਮ ਵਿਚ ਉਸ ਨੂੰ ਸਫਲਤਾ ਵੀ ਹੋਈ।*" ਸਮਿੱਥ ਆਪਣੀ ਕਿਤਾਬ ਵਿਚ ਇਕ ਥਾਂ ਇਉਂ ਲਿਖਦਾ ਹੈ : "ਅੰਤ ਉਸਨੇ (ਮਹਾਰਾਜਾ ਰਣਜੀਤ ਸਿੰਘ ਨੇ) ਆਪਣੇ ਆਪ ਨੂੰ ਇਕ ਐਸੀ ਬਲਵਾਨ ਫ਼ੌਜ ਦਾ ਮਾਲਕ ਪਾਇਆ, ਜੈਸੀ ਕਦੇ ਕਿਸੇ ਪੂਰਬੀ ਹਾਕਮ ਦੇ ਕਬਜ਼ੇ ਵਿਚ ਨਹੀਂ ਹੋਈ ਸੀ। ਤੇ ਉਸ ਦੀ (ਫ਼ੌਜ ਦੀ) ਮਦਦ ਨਾਲ ਉਹ ਸਮਾਂ ਮਿਲਨ 'ਤੇ ਅੰਗਰੇਜ਼ਾਂ ਦਾ ਟਾਕਰਾ ਕਰ ਕੇ ਹਿੰਦੁਸਤਾਨ ਦਾ ਸਿਰਤਾਜ (ਬਾਦਸ਼ਾਹ) ਬਣਨ ਦੀ ਆਸ ਰਖਦਾ ਸੀ।"o

ਇਹ ਬਲਵਾਨ ਫ਼ੌਜ ਮਹਾਰਾਜਾ ਰਣਜੀਤ ਸਿੰਘ ਦੇ ਕਰੜੇ ਹੱਥਾਂ ਵਿਚੋਂ ਨਿਕਲੀ, ਤਾਂ ਹੌਲੀ-ਹੌਲੀ ਖ਼ੁਦਮੁਖ਼ਤਿਆਰ ਹੋਣ ਲੱਗੀ। ਧਾਰਮਿਕ ਅਸੂਲ ਅਨੁਸਾਰ, ਜੋ ਪੰਜਾਂ ਪਿਆਰਿਆਂ ਵਾਲਾ ਸਿਲਸਿਲਾ ਫ਼ੌਜਾਂ ਵਿਚ ਚਲਿਆ ਆਉਂਦਾ ਸੀ, ਉਹ ਸਹਿਜੇ ਸਹਿਜੇ ਮੁਲਕੀ ਕੰਮਾਂ ਵਿੱਚ ਹਿੱਸਾ ਲੈਣ ਲੱਗ ਪਿਆ ਤੇ ਪੰਚਾਇਤਾਂ ਦਾ ਰੂਪ ਧਾਰਨ ਕਰ ਬੈਠਾ। ਫਿਰ ਫ਼ੌਜ ਵਿਚ ਦੂਹਰੇ ਅਫ਼ਸਰ ਬਣ ਗਏ : ਇਕ ਬਾਦਸ਼ਾਹ ਵੱਲੋਂ ਥਾਪੇ ਹੋਏ ਤੇ ਦੂੱਜੇ, ਉਹਨਾਂ ਦੇ ਆਪਣੇ ਚੁਣੇ ਹੋਏ, ਜਿੰਨ੍ਹਾਂ ਨੂੰ 'ਫ਼ੌਜੀ ਪੰਚ' ਕਹਿੰਦੇ ਸਨ। ਪਹਿਲਾਂ ਤਾਂ ਮਿਲ ਕੇ ਤੇ ਸਰਕਾਰੀ ਅਫ਼ਸਰਾਂ ਦੇ ਹੁਕਮ ਥੱਲੇ ਕੰਮ ਚਲਦਾ ਰਿਹਾ, ਪਰ ਜਦੋਂ ਬਾਦਸ਼ਾਹ ਤੇ ਵਜ਼ੀਰ ਇਕ ਦੂੱਜੇ ਦੇ ਹੱਥੋਂ ਕਤਲ ਹੋਣ ਲੱਗੇ, ਤੇ ਇਹ ਕੰਮ

---

*(The Sikh Wars) ਸਿੱਖ ਯੁੱਧ, ਪੰਨਾ ੪੨।

o(Smyth) ਸਮਿੱਥ, ਪੰਨਾ ੨੨।

ਫ਼ੌਜਾਂ ਦੀ ਮਦਦ ਨਾਲ ਹੁੰਦੇ, ਤਾਂ ਫ਼ੌਜੀ ਪੰਚ ਜ਼ੋਰ ਫੜਦੇ ਗਏ। ਮਹਾਰਾਜਾ ਸ਼ੇਰ ਸਿੰਘ ਤੇ ਵਜ਼ੀਰ ਧਿਆਨ ਸਿੰਘ ਦੇ ਮਰਨ 'ਤੇ ਰਾਜਾ ਹੀਰਾ ਸਿੰਘ ਸਿੱਧਾ ਫ਼ੌਜ ਦੀ ਸ਼ਰਨ ਜਾ ਪਿਆ। ਉਸਦੀ ਆਪਣੀ ਤਾਕਤ ਉਸ ਵੇਲੇ ਕੋਈ ਨਹੀਂ ਸੀ। ਸੰਧਾਵਾਲੀਆਂ ਨੂੰ ਮਾਰ ਕੇ ਹੀਰਾ ਸਿੰਘ ਨੂੰ ਵਜ਼ੀਰ ਬਨਾਉਣ ਵਿਚ ਸਾਰੀ ਤਾਕਤ ਫ਼ੌਜ ਦੀ ਸੀ। ਹੁਣ ਫ਼ੌਜ ਤੇ ਫ਼ੌਜੀ ਪੰਚਾਂ ਨੇ ਵੀ ਆਪਣੀ ਤਾਕਤ ਨੂੰ ਕੁਝ ਸਮਝਿਆ। ਹੀਰਾ ਸਿੰਘ ਵਜ਼ੀਰ ਬਣ ਕੇ ਫ਼ੌਜ ਨੂੰ ਕਾਬੂ ਵਿਚ ਕਿਵੇਂ ਰੱਖ ਸਕਦਾ ਸੀ, ਜੋ ਬਣਾਇਆ ਹੀ ਫ਼ੌਜ ਦਾ ਬਣਿਆ ਸੀ ? ਇਉਂ ਸਮਝੋ, ਕਿ ਹੁਣ ਹਕੂਮਤ ਦੀ ਵਾਗ ਖ਼ਾਲਸਾ ਫ਼ੌਜ ਦੇ ਹੱਥ ਵਿਚ ਸੀ, ਮਹਾਰਾਜੇ ਜਾਂ ਵਜ਼ੀਰ ਦੇ ਹੱਥ ਵਿਚ ਨਹੀਂ। ਜ਼ਰਾ-ਕੁ ਹੀਰਾ ਸਿੰਘ ਮਰਜ਼ੀ ਵਿਰੁੱਧ ਚੱਲਣ ਲੱਗਾ, ਤਾਂ ਫ਼ੌਜ ਨੇ ਉਹਨੂੰ ਕਤਲ ਕਰਕੇ ਸ: ਜਵਾਹਰ ਸਿੰਘ ਨੂੰ ਵਜ਼ੀਰ ਬਣਾ ਲਿਆ। ਤੇ ਜੇ ਮਗਰਲੇ ਨੇ ਕੋਈ ਕੰਮ ਉਲਟ ਕੀਤਾ, ਤਾਂ ਉਸਨੂੰ ਪਾਰ ਬੁਲਾ ਦਿੱਤਾ।

ਖ਼ਾਲਸਾ ਫ਼ੌਜ ਦੀ ਤਾਕਤ ਏਨੀ ਵਧ ਗਈ ਸੀ, ਕਿ ਸ: ਜਵਾਹਰ ਸਿੰਘ ਦੇ ਮਰਨ ਪਿੱਛੋਂ ਵੱਡਾ ਵਜ਼ੀਰ ਕੋਈ ਨਹੀਂ ਸੀ ਬਣਦਾ। ਗੁਲਾਬ ਸਿੰਘ; ਤੇਜ ਸਿੰਘ ਜਾਂ ਲਾਲ ਸਿੰਘ, ਕਿਸੇ ਦਾ ਹੌਂਸਲਾ ਨਾ ਪਿਆ, ਕਿ ਉਹ ਵਜ਼ੀਰ ਬਣ ਕੇ ਖ਼ਾਲਸਾ ਫ਼ੌਜ ਨੂੰ ਕਾਬੂ ਕਰ ਸਕੇਗਾ। ਤਾਂ ਦੱਸੋ, ਜੇ ਕੋਈ ਏਹੋ ਜਿਹੀ ਆਪ-ਮੁਹਾਰੀ, ਬਲਵਾਨ ਤੇ ਕੇਵਲ ਲੜਨ ਵਾਸਤੇ ਲੜਾਈ ਸਹੇੜਨ ਵਾਲੀ ਫ਼ੌਜ ਨੂੰ ਯੁੱਧ ਵਾਸਤੇ ਵੰਗਾਰੇ, ਤਾਂ ਲੜਾਈ ਕਿਵੇਂ ਟਲ ਸਕਦੀ ਹੈ?

### ਅੰਗਰੇਜ਼ਾਂ ਦੀ ਨੀਤੀ

ਹੁਣ ਥੋੜ੍ਹਾ ਜਿਹਾ ਅੰਗਰੇਜ਼ਾਂ ਦੀ ਨੀਤੀ ਨੂੰ ਵੀ ਸਮਝ ਲੈਣਾ ਚਾਹੀਦਾ ਹੈ। ਇਹ ਪਹਿਲਾਂ ਵਪਾਰ ਦੀ ਨੀਤ ਨਾਲ ਆਏ ਤੇ ਪੂਰਬੀ ਹਿੰਦ ਵਿਚ ਕੋਠੀਆਂ ਖੋਲ੍ਹੀਆਂ। ਹੋਰ ਵੀ ਕੁਛ ਯੂਰਪੀ ਦੇਸਾਂ ਨੇ ਏਥੇ ਸੌਦਾਗਰੀ ਆਰੰਭੀ, ਪਰ ਸਾਰਿਆਂ ਵਿਚੋਂ ਮਸ਼ਹੂਰ ਦੋ ਹੀ ਸਨ : ਅੰਗਰੇਜ਼ ਤੇ ਫ਼ਰਾਂਸੀਸੀ। ਜਿਉਂ ਜਿਉਂ ਕੰਮ ਵੱਧਦਾ ਗਿਆ, ਤਿਉਂ ਤਿਉਂ ਪਰਬੰਧ ਵਾਸਤੇ ਇਹ ਪੁਲੀਸ ਦੀ ਗਿਣਤੀ ਵਧਾਈ ਗਏ। ਇਹਨਾਂ ਦੋਹਾਂ ਦੀ ਆਪਸ ਵਿੱਚ ਲੱਗਣ ਲੱਗ ਪਈ, ਤੇ ਅੰਤ ਲੜਾਈ-ਝਗੜੇ ਤੱਕ ਨੌਬਤ ਪਹੁੰਚੀ। ਫਿਰ ਪੁਲੀਸ ਦੇ ਨਾਲ-ਨਾਲ ਫ਼ੌਜ ਦੀ ਵੀ ਲੋੜ ਪਈ।

ਉਧਰ ਔਰੰਗਜ਼ੇਬ ਪਿੱਛੋਂ ਮੁਗ਼ਲਾਂ ਦੀ ਤਾਕਤ ਦਿਨੋ-ਦਿਨ ਘੱਟਦੀ ਹੀ ਗਈ। ਅੰਤ, ਕੇਵਲ ਨਾਮਧਰੀਕ ਬਾਦਸ਼ਾਹ ਰਹਿ ਗਏ, ਤੇ ਦੂਰ ਦੇ ਸੂਬੇ ਖ਼ੁਦਮੁਖ਼ਤਿਆਰ ਹੋ ਗਏ। ਹਿੰਦੁਸਤਾਨ ਕਈ ਛੋਟੀਆਂ-ਛੋਟੀਆਂ ਤਾਕਤਾਂ ਵਿਚ ਵੰਡਿਆ ਗਿਆ। ਅੰਗਰੇਜ਼ਾਂ ਨੇ ਫ਼ਰਾਂਸੀਸੀਆਂ ਨੂੰ ਹਿੰਦ ਵਿਚੋਂ ਮਾਰ ਭਜਾਇਆ, ਤੇ ਫਿਰ ਸਹਿਜ ਸਹਿਜ ਹਿੰਦੀ ਨਵਾਬਾਂ ਤੇ ਰਾਜਿਆਂ ਦੇ ਝਗੜਿਆਂ ਵਿੱਚ ਹਿੱਸਾ ਲੈਣ ਲੱਗੇ। ਹੌਲੀ-ਹੌਲੀ ਫੌਜ ਦੀ ਗਿਣਤੀ ਵੱਧਣ ਲੱਗੀ, ਤੇ ਦੇਸ ਦੇ ਕੁਛ ਥੋੜ੍ਹੇ ਜਿਹੇ ਹਿੱਸੇ 'ਤੇ ਕਬਜ਼ਾ ਵੀ ਕਰ ਲਿਆ। ਈਸਟ ਇੰਡੀਆ ਕੰਪਨੀ (ਜੋ ਅੰਗਰੇਜ਼ ਕੰਪਨੀ ਪੂਰਬੀ ਹਿੰਦ ਵਿਚ ਵਪਾਰ ਕਰਨ ਬਦਲੇ ਆਈ) ਤੇ ਵਲਾਇਤ ਵਾਲੇ ਪਰਬੰਧਕ (ਡਾਇਰੈਕਟ੍ਰਜ਼) ਪਹਿਲਾਂ ਪਹਿਲਾਂ ਏਸ ਗੱਲ ਤੋਂ ਘਬਰਾਏ ਤੇ ਕੁਛ ਅਫ਼ਸਰਾਂ ਉੱਤੇ ਮੁਕੱਦਮੇ ਵੀ ਚੱਲੇ (ਕਿ ਉਹਨਾਂ ਹਿੰਦੀ ਨਵਾਬਾਂ ਨਾਲ ਲੜਾਈਆਂ ਕਿਉਂ ਸਹੇੜੀਆਂ ਹਨ, ਤੇ ਮੁਲਕ ਕਿਉਂ ਮੱਲਿਆ ਹੈ)। ਓਦੋਂ ਨੀਤੀ (ਪਾਲਿਸੀ) ਕੇਵਲ ਵਪਾਰ ਦੀ ਸੀ, ਹਕੂਮਤ ਕਰਨ ਦੀ ਨਹੀਂ ਸੀ। ਕਈ ਵਾਰ ਆਉਣ ਵਾਲੇ ਅਫ਼ਸਰਾਂ ਨੂੰ ਪਿੱਛੋਂ ਹਦਾਇਤ ਕੀਤੀ ਗਈ, ਕਿ ਉਹ ਹਿੰਦੀ ਹਾਕਮਾਂ ਦੇ ਝਗੜਿਆਂ ਵਿਚ ਨਾ ਪੈਣ, ਪਰ ਏਥੇ ਆ ਕੇ ਉਹ ਝਗੜਿਆਂ ਵਿਚ ਹਿੱਸਾ ਲਏ ਬਿਨਾਂ ਨਾ ਰਹਿ ਸਕੇ। ਅੰਤ ਬਦਲਦੀ ਬਦਲਦੀ ਨੀਤੀ ਏਥੋਂ ਤੱਕ ਪਹੁੰਚ ਗਈ, ਕਿ ਜਦ ਦੋ ਰਾਜੇ ਜਾਂ ਨਵਾਬ ਆਪਸ ਵਿਚ ਲੜ ਪੈਂਦੇ, ਤਾਂ ਅੰਗਰੇਜ਼ ਇਕ ਦਾ ਪੱਖ ਕਰਕੇ ਦੂਜੇ ਨੂੰ ਹਰਾ ਦੇਂਦੇ। ਹਾਰੇ ਹੋਏ ਦਾ ਹਿੱਸੇ ਆਉਂਦਾ ਇਲਾਕਾ ਆਪਣੇ ਰਾਜ ਵਿਚ ਮਿਲਾ ਲੈਂਦੇ। ਲੱਗੇ ਉੱਕੜ ਦੁੱਕੜ ਇਲਾਕੇ ਫ਼ਤਹਿ ਹੋ ਕੇ ਕੰਪਨੀ ਦੇ ਰਾਜ ਵਿਚ ਆਉਣ। ਅੰਗਰੇਜ਼ੀ ਰਾਜ ਦੀ ਨਸ਼ਾਨੀ ਹਿੰਦੁਸਤਾਨ ਦੇ ਨਕਸ਼ੇ ਉੱਤੇ ਲਾਲ ਰੰਗ ਦੀ ਇਕ ਛਿੱਟ ਵਾਂਗ ਪਈ ਤੇ ਖਿੱਲਰਦੀ ਖਿੱਲਰਦੀ ਸਾਰੇ ਪੱਤਰੇ 'ਤੇ ਖਿੱਲਰ ਗਈ। ਬੰਗਾਲ ਤੇ ਮਦਰਾਸ ਦਾ ਕੁਛ ਹਿੱਸਾ ਕਬਜ਼ੇ ਕਰ ਕੇ ਅੰਗਰੇਜ਼ ਅੱਗੇ ਵਧੇ ਤੇ ਦੱਖਣ ਦੇ ਨਵਾਬ, ਮਰਹੱਟੇ, ਰਾਜਪੂਤ, ਦਿੱਲੀ ਤੇ ਮੁਗ਼ਲ, ਸਭ ਨੂੰ ਆਪਣੇ ਅਧੀਨ ਕਰ ਲਿਆ। ਹੁਣ ਵਧਦਾ ਵਧਦਾ ਅੰਗਰੇਜ਼ ਓਥੇ ਆ ਖਲਾ, ਜਿੱਥੋਂ ਚੜ੍ਹੇ ਹੋਏ ਸਤਲੁਜ ਦਾ ਪਾਣੀ ਸਾਫ਼ ਦੀਹਦਾ ਸੀ। ਦਿੱਲੀ ਦੀ ਲਾਠ 'ਤੇ ਚੜ੍ਹ ਕੇ ਵੇਖੀਏ, ਤਾਂ ਹਿੰਦੁਸਤਾਨ ਵਿਚ ਤਿੰਨ ਪਾਸੀਂ ਅੰਗਰੇਜ਼ਾਂ ਦਾ ਝੰਡਾ ਝੂਲਦਾ ਦਿਸਦਾ ਸੀ, ਜਿਸ ਦੇ ਪਰਛਾਵੇਂ ਹੇਠਾਂ ਕਈ ਛੋਟੇ ਛੋਟੇ ਦੇਸੀ ਨਵਾਬਾਂ ਤੇ ਰਾਜਿਆਂ ਦੇ

ਝੰਡੇ ਉਸ ਵੱਲੋਂ ਸਿਰ ਝੁਕਾਈ ਖਲੋ ਦਿਸਦੇ ਸਨ। ਹਾਂ, ਇਸ ਵੱਡੇ ਦੇਸ ਹਿੰਦ ਦੀ ਉੱਤਰ-ਪੱਛਮੀ ਗੁੱਠ (ਪੰਜਾਬ) ਵਿਚ ਓਨਾ ਹੀ ਉੱਚਾ ਤੇ ਓਨੇ ਹੀ ਰੁਹਬ ਵਾਲਾ ਕੇਸਰੀ ਝੰਡਾ ਖਲਾ ਦਿਸਦਾ ਸੀ। ਇਹ ਖ਼ਾਲਸੇ ਦੇ ਰਾਜ ਦਾ ਝੰਡਾ ਸੀ।

ਇਕ ਦੇਸ ਵਿਚ ਦੋ ਬਾਦਸ਼ਾਹ ਨਹੀਂ ਰਹਿ ਸਕਦੇ। ਹਿੰਦ ਵਿਚ ਵੀ ਦੋ ਬਾਦਸ਼ਾਹ ਸਨ : ਇਕ ਅੰਗਰੇਜ਼ ਤੇ ਦੂੱਜੇ ਸਿੱਖ। ਸੋ, ਇਹਨਾਂ ਦਾ ਇਕ ਦਿਨ ਫ਼ੈਸਲਾ ਹੋਣਾ ਜ਼ਰੂਰੀ ਸੀ, ਕਿ ਅੱਗੇ ਵਾਸਤੇ ਇਕ ਬਾਦਸ਼ਾਹ ਬਣ ਕੇ ਕੌਣ ਰਹੇ, ਅੰਗਰੇਜ਼ ਜਾਂ ਸਿੱਖ ?

ਹੁਣ ਅੰਗਰੇਜ਼ ਦਾ ਨਸ਼ਾਨਾ ਨਿਰਾ ਵਪਾਰ ਕਰਨ ਦਾ ਹੀ ਨਹੀਂ, ਸਗੋਂ ਸਾਰੇ ਮੁਲਕ ਉੱਤੇ ਰਾਜ ਕਰਨ ਦਾ ਸੀ। ਪੰਜਾਬ ਦੀਆਂ ਤਿੰਨ ਬਾਹੀਆਂ ਉਹਨੇ ਰੋਕ ਲਈਆਂ ਸਨ। ਚੜ੍ਹਦੇ ਪਾਸੇ ਜਮਨਾ ਤੱਕ, ਦੱਖਣ ਵੱਲੋਂ ਸਾਰਾ ਸਿੰਧ ਤੇ ਲਹਿੰਦੇ ਵੱਲੋਂ ਅਫ਼ਗਾਨਿਸਤਾਨ ਵਿੱਚ ਜਾ ਪੈਰ ਜਮਾਏ ਸਨ। ਬਾਕੀ ਰਿਹਾ ਪੰਜਾਬ। ਇਸ ਬਾਰੇ ਜੋ ਕੁਛ ਅੰਗਰੇਜ਼ ਸੋਚ ਰਹੇ ਸਨ, ਉਹ ਅੰਗਰੇਜ਼ ਪਤਵੰਤਿਆਂ ਤੇ ਹੋਰ ਨਿਰਪੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਹੀ ਪਰਗਟ ਹੋ ਜਾਂਦਾ ਹੈ। ਏਹਾ ਕਾਰਨ ਹਨ, ਜਿੰਨ੍ਹਾਂ ਕਰਕੇ ਇਹ ਯੁੱਧ ਛਿੜਿਆ।

**ਕਿੰਨ੍ਹਾਂ ਕਾਰਨਾਂ ਕਰਕੇ ਸਿੱਖ ਭੜਕੇ**

੧੮੪੧ ਈ. ਦੇ ਆਰੰਭ ਵਿਚ ਐਲਨਬਰੋ (Lord Ellenborough) ਨੇ ਲੈਫ਼ਟੀਨੈਂਟ ਡਿਊਰੈਂਟ ਨੂੰ ਫ਼ੌਜੀ ਨੁਕਤਾ-ਨਿਗਾਹ ਨਾਲ ਪੰਜਾਬ ਦੀ ਇਕ ਯਾਦਾਸ਼ਤ ਤਿਆਰ ਕਰਨ ਲਈ ਕਿਹਾ ਸੀ ਤੇ ਉਸਨੇ ਆਪਣੀ ੨੬ ਅਕਤੂਬਰ, ੧੮੪੧ ਈ: ਦੀ ਚਿੱਠੀ ਵਿਚ ਵੈਲਿੰਗਟਨ (Wellington) ਨੂੰ ਲਿਖਿਆ, "ਜੋ ਕੁਝ ਮੈਂ ਤੁਹਾਡੇ ਪਾਸੋਂ ਚਾਹਿਆ ਸੀ, ਉਹ ਪੰਜਾਬ ਉੱਤੇ ਹਮਲਾ ਕਰਨ ਲਈ ਸਭ ਤੋਂ ਵਧੀਆ ਤਰੀਕੇ ਬਾਰੇ ਤੁਹਾਡੀ ਰਾਏ ਹੈ।"*

ਕੰਵਰ ਨੌਨਿਹਾਲ ਸਿੰਘ ਦੇ ਸਮੇਂ ਕੁਛ ਅੰਗਰੇਜ਼ ਅਫ਼ਸਰਾਂ ਨੇ ਇਹ ਗੱਲ ਕਹੀ, ਕਿ ਕੰਵਰ ਦੇ ਮਰਨ ਪਿੱਛੋਂ ਪਿਸ਼ਾਵਰ ਸ਼ਾਹਸ਼ੁਜਾਹ (ਵਾਲੀਏ ਕਾਬਲ) ਨੂੰ ਦਿੱਤਾ ਜਾਵੇਗਾ।**

---

*ਸਿੱਖ ਇਤਿਹਾਸ ਬਾਰੇ, ਡਾ. ਗੰਡਾ ਸਿੰਘ, ਪੰਨਾ ੧੫੮।

**ਪੰਜਾਬ ਹਰਣ ਔਰ ਦਲੀਪ ਸਿੰਹ।

ਕੰਵਰ ਨੌਨਿਹਾਲ ਸਿੰਘ ਦੀ ਮੌਤ ਪਿੱਛੋਂ ਸਰ ਵਿਲੀਅਮ ਮੈਕਨਾਗਟਨ (Sir William Macnaghten) ਨੇ ਲਾਰਡ ਆਕਲੈਂਡ (Lord Auckland) ਨੂੰ ਪੰਜਾਬ ਬਾਰੇ ਕਿਹਾ, "ਤਿੰਨਾਂ ਧਿਰਾਂ (ਅੰਗਰੇਜ਼, ਸਿੱਖ ਤੇ ਅਫ਼ਗਾਨ) ਦੀ ਆਪਸ ਦੀ ਸੁਲ੍ਹਾ ਟੁੱਟ ਗਈ ਹੈ, ਕਿਉਂਕਿ ਸ਼ੇਰ ਸਿੰਘ, ਜਿਸਨੇ ਦੂਜਿਆਂ ਦਾ ਹੱਕ ਮਾਰ ਲਿਆ ਹੈ, ਕਿਸੇ ਹਾਲ ਵੀ ਮਹਾਰਾਜਾ ਰਣਜੀਤ ਸਿੰਘ ਦਾ ਹੱਕੀ ਵਾਰਸ ਨਹੀਂ ਮੰਨਿਆ ਜਾ ਸਕਦਾ।*

ਲਾਰਡ ਵੈਲਿੰਗਟਨ (Wellington) ਨੇ ਲਾਰਡ ਫ਼ਿਟਜ਼ਜ਼ੇਰਲਡ ਦੇ ਨਾਮ ੬ ਅਪ੍ਰੈਲ, ੧੮੪੨ ਈ. ਨੂੰ ਇਕ ਚਿੱਠੀ ਲਿਖੀ, 'ਪਰ ਮੈਂ ਇਹ ਜ਼ਰੂਰ ਕਹਿੰਦਾ ਹਾਂ, ਕਿ ਜੇ ਅਸਾਂ ਆਪਣੀ ਪੋਜ਼ੀਸ਼ਨ ਨੂੰ ਅਫ਼ਗਾਨਸਤਨ ਵਿਚ ਕਾਇਮ ਰੱਖਣਾ ਹੈ, ਤਾਂ ਸਾਨੂੰ ਪਿਸ਼ਾਵਰ, ਦੱਰਾ ਖ਼ੈਬਰ ਤੇ ਜਲਾਲਾਬਾਦ ਜ਼ਰੂਰ ਲੈ ਲੈਣੇ ਚਾਹੀਏ.....।'**

ਜਦ ਹੀਰਾ ਸਿੰਘ ਵਜ਼ੀਰ ਬਣਿਆਂ, ਉਸਨੇ ਸਿੱਖ ਫ਼ੌਜ ਨੂੰ ਭੜਕਾਇਆ, ਕਿ ਉਹ ਅੰਗਰੇਜ਼ਾਂ 'ਤੇ ਹੱਲਾ ਕਰੇ। ਇਸ ਹਿਲ-ਜੁਲ ਨੇ "ਬਰਤਾਨਵੀ ਸਰਕਾਰ ਨੂੰ ਡਰ ਪੈਦਾ ਕਰ ਦਿੱਤਾ, ਜੋ (ਅੰਗਰੇਜ਼ੀ ਸਰਕਾਰ) ਪਹਿਲਾਂ ਹੀ ਪੰਜਾਬ ਦੇ ਹਾਕਮਾਂ ਦੀ ਕਮਜ਼ੋਰੀ ਦੇ ਕਾਰਨ ਆਸ ਰੱਖਦੀ ਸੀ, ਕਿ ਇਕ ਦਿਨ ਲਾਹੌਰ ਦੀ ਸਲਤਨਤ ਟੁਕੜੇ-ਟੁਕੜੇ ਹੋ ਜਾਵੇਗੀ। ਜ਼ਿੰਮੇਵਾਰ ਅੰਗਰੇਜ਼ ਅਫ਼ਸਰਾਂ ਨੂੰ ਯਕੀਨ ਹੋ ਰਿਹਾ ਸੀ, ਕਿ ਪੰਜਾਬ ਨੂੰ ਛੇਤੀ ਫ਼ਤਹਿ ਕਰਨਾ ਜ਼ਰੂਰੀ ਹੈ।"†

ਮੈਕਗ੍ਰੇਗਰ‡ ਲਿਖਦਾ ਹੈ, "ਹੋ ਸਕਦਾ ਏ, ਲਾਰਡ ਐਲਨਬਰੋ ਨੇ ਪੰਜਾਬ ਉੱਤੇ ਤਕੜੀ ਫ਼ੌਜ ਨਾਲ ਚੜ੍ਹਾਈ ਕਰਨ ਦਾ ਇਰਾਦਾ ਕੀਤਾ ਹੋਵੇ।" ਇਸ ਗੱਲ ਦੀ ਤਸੱਲੀ ਉਸ ਚਿੱਠੀ ਤੋਂ ਹੋ ਸਕਦੀ ਹੈ, ਜੋ ਉਸਨੇ (ਐਲਨਬਰੋ ਨੇ) ੨੦ ਅਪਰੈਲ, ੧੮੪੪ ਈ. ਨੂੰ ਵੈਲਿੰਗਟਨ ਨੂੰ ਲਿਖੀ,

---

*Smyth, Introduction, P. XVII. ਸਮਿੱਥ ਮੁਖਬੰਦ।

**ਡਾ. ਗੰਡਾ ਸਿੰਘ, ਸਿੱਖ ਇਤਿਹਾਸ ਬਾਰੇ, ਪੰਨਾ ੧੫੭।

†(The Sikh wars) ਸਿੱਖ ਯੁੱਧ, ਪੰਨੇ ੫੫-੫੬।

‡(M. Gregor) ਮੈਕਗ੍ਰੇਗਰ, ਪੰਨਾ ੨੦੬

"ਮੈਨੂੰ ਪੱਕੀ ਆਸ ਹੈ, ਕਿ ਨਵੰਬਰ, ੧੮੪੫ ਈ. ਤਕ ਸਾਨੂੰ ਕਿਸੇ ਹਮਲੇ ਦੀ ਰੋਕ ਨਹੀਂ ਕਰਨੀ ਪਵੇਗੀ ਤੇ ਸਾਨੂੰ ਸਤਲੁਜ ਪਾਰ ਲੰਘਣ ਲਈ ਮਜਬੂਰ ਨਹੀਂ ਹੋਣਾ ਪਵੇਗਾ। ਉਸ ਵੇਲੇ ਤੱਕ ਮੈਂ ਹਰ ਤਰ੍ਹਾਂ ਤਿਆਰ ਹੋਵਾਂਗਾ। ਏਸ ਸਮੇਂ ਵਿਚ ਅਸੀਂ ਆਪਣੇ ਆਪ ਨੂੰ ਮਜ਼ਬੂਤ ਕਰਨ ਲਈ ਚੁਪ-ਚੁਪੀਤੇ ਸਭ ਕੁਝ ਕਰ ਲਵਾਂਗੇ।...ਵੱਡੀ ਕਮਾਨ ਲਈ ਸਾਡੇ ਪਾਸ ਅਫ਼ਸਰ ਬੜੇ ਹੀ ਘੱਟ ਹਨ। ਸਾਰੀ ਫ਼ੌਜ ਨੂੰ ਬਹੁਤ ਕੁਛ ਸਿਖਾਉਣ ਦੀ ਲੋੜ ਹੈ ਤੇ ਮੈਨੂੰ ਤਸੱਲੀ ਹੈ, ਕਿ ੧੮ ਮਹੀਨੇ, ਜੋ ਮੈਂ ਮੰਗ ਰਿਹਾ ਹਾਂ, ਫ਼ੌਜ ਨੂੰ, ਜੈਸੀ ਉਹ ਚਾਹੀਦੀ ਹੈ; ਵੈਸੀ ਬਨਾਉਣ ਲਈ, ਕੋਈ ਬਹੁਤੇ ਨਹੀਂ।"* ਮਾਲੂਮ ਹੁੰਦਾ ਹੈ, ਕੋਈ ਅਫ਼ਸਰ ਹਮਲਾ ਕਰਨ ਵਾਸਤੇ ਬਹੁਤ ਕਾਹਲੇ ਪਏ ਹੋਣਗੇ, ਨਹੀਂ ਤਾਂ "੧੮ ਮਹੀਨੇ, ਜੋ ਮੈਂ ਮੰਗ ਰਿਹਾ ਹਾਂ, ਕੋਈ ਬਹੁਤੇ ਨਹੀਂ" ਦਾ ਕੀ ਅਰਥ ?

ਫਿਰ ੯ ਮਈ ੧੮੪੪ ਈ. ਦੀ ਚਿੱਠੀ ਵਿਚ ਐਲਨਬਰੋ ਲਿਖਦਾ ਹੈ, "ਨਵੰਬਰ ੧੮੪੫ ਈ: ਵਿਚ ਫ਼ੌਜ ਹਰ ਮੁਹਿੰਮ ਲਈ ਤਿਆਰ ਹੋ ਜਾਏਗੀ।"** ਸਾਫ਼ ਹੈ, ਕਿ ਲਾਰਡ ਸਾਹਿਬ ਨੂੰ ਪਹਿਲਾਂ ਹੀ ਪਤਾ ਸੀ, ਕਿ ਲੜਾਈ ਕਦ ਹੋਵੇਗੀ। ਸੋਚੋ, ਇਹ ਲੜਾਈ ਅਚਨਚੇਤ ਹੋਈ, ਜਾਂ ਗਿਣ ਮਿਥ ਕੇ।

ਕਨਿੰਘਮ ਲਿਖਦਾ ਹੈ (ਫ਼ਰਵਰੀ, ੧੮੪੧ ਈ: ਵਿਚ) "ਇਸ ਤੋਂ ਮਾਲੂਮ ਹੁੰਦਾ ਸੀ, ਕਿ ਅੰਗਰੇਜ਼ਾਂ ਨੂੰ ਕੁਛ ਕਰਨਾ ਚਾਹੀਦਾ ਹੈ, ਤੇ ਉਹਨਾਂ ਦਾ ਏਜੰਟ--ਜੋ ਕਾਬਲ ਵਿਚ ਸੀ ਤੇ ਜਿਸਨੇ ਬਚਨ ਕੀਤਾ ਸੀ, ਕਿ ਸ਼ਾਹ-ਸ਼ੁਜਾਹ ਨੂੰ ਨਾ ਨਿਰਾ ਦਰਜੇ ਵਿਚ, ਸਗੋਂ ਸੱਚ ਮੁਚ ਬਾਦਸ਼ਾਹ ਬਣਾ ਦੇਵੇ--ਨੇ ਰਣਜੀਤ ਸਿੰਘ ਦੇ ਆਖ਼ਰੀ ਜਾਂ-ਨਸ਼ੀਨ ਦੀ ਮੌਤ ਦੇ ਮੌਕੇ ਨੂੰ ਤਾੜ ਕੇ ਇਹ ਐਲਾਨ ਕੀਤਾ, ਕਿ ਲਾਹੌਰ ਨਾਲ ਸਾਰੇ ਸੁਲ੍ਹਾਨਾਮੇ ਖ਼ਤਮ ਹੋ ਚੁੱਕੇ ਹਨ, ਕਿਉਂਕਿ ਉਹ ਚਾਹੁੰਦਾ ਸੀ, ਕਿ ਪਿਸ਼ਾਵਰ ਨੂੰ ਕਾਬਲ ਦੀ ਰਾਜਧਾਨੀ ਨਾਲ ਜੋੜ ਦੇਵੇ।"†

---

*ਡਾ. ਗੰਡਾ ਸਿੰਘ, ਸਿੱਖ ਇਤਿਹਾਸ ਬਾਰੇ, ਪੰਨਾ ੧੫੭।

**ਡਾ. ਗੰਡਾ ਸਿੰਘ, ਸਿੱਖ ਇਤਿਹਾਸ ਬਾਰੇ, ਪੰਨਾ ੧੫੮।

†(Cunningham) ਕਨਿੰਘਮ (੧੮੪੯) ਪੰਨਾ, ੨੫੧।

ਜਦ ਮਹਾਰਾਜਾ ਸ਼ੇਰ ਸਿੰਘ ਦੀ ਫ਼ੌਜ ਭੜਕ ਉੱਠੀ ਸੀ, ਤਾਂ ਅੰਗਰੇਜ਼ਾਂ ਨੇ ੧੨ ਹਜ਼ਾਰ ਫ਼ੌਜ ਭੇਜ ਕੇ ਉਸਨੂੰ ਦਬਾਉਣਾ ਚਾਹਿਆ ਸੀ, ਤੇ ਇਸਦੇ ਬਦਲੇ ੪੦ ਲੱਖ ਰੁਪੈ ਤੇ ਸਤਲੁਜ ਤੋਂ ਦੱਖਣੀ ਇਲਾਕੇ ਮੰਗੇ ਸਨ। ਮਹਾਰਾਜਾ ਸ਼ੇਰ ਸਿੰਘ ਇਹ ਮੰਨਿਆ ਨਾ। ਜੇ ਮੰਨ ਲੈਂਦਾ, ਤਾਂ ਅੰਗਰੇਜ਼ੀ ਫ਼ੌਜ ਦੇ ਆਉਣ ਕਰਕੇ ਸਿੱਖ ਫ਼ੌਜ ਨੇ ਵਧੇਰੇ ਭੜਕ ਉਠਣਾ ਸੀ। ਫੇਰ, ਪਤਾ ਨਹੀਂ, ਏਸ ਦਾ ਅੰਤ ਕੀ ਹੁੰਦਾ।

ਇਹਨੀਂ ਦਿਨੀਂ ਅਫ਼ਗਾਨਸਤਾਨ ਵਿਚ ਰਹਿਣ ਵਾਲੇ ਅੰਗਰੇਜ਼ੀ ਏਜੰਟ (ਰਾਜਦੂਤ) ਨੇ ਇਸ਼ਤਿਹਾਰ ਕਢਿਆ, ਕਿ ਹੁਣ ਸਾਡੀ ਪੰਜਾਬ ਨਾਲੋਂ ਸੁਲ੍ਹਾ ਟੁੱਟ ਗਈ ਹੈ। ਅਸੀਂ ਸਿੱਖਾਂ ਕੋਲੋਂ ਪਿਸ਼ਾਵਰ ਖੋਹ ਕੇ ਅਫ਼ਗਾਨਾਂ ਨੂੰ ਦੇਵਾਂਗੇ।*

੧੮੦੯ ਈ: ਦੀ ਸੁਲ੍ਹਾ ਵਿਚ ਸਿੱਖਰਾਜ ਦੀ ਹੱਦ ਸਤਲੁਜ ਤੇ ਅੰਗਰੇਜ਼ੀ ਰਾਜ ਦੀ ਹੱਦ ਜਮਨਾ** ਪੱਕੀ ਹੋਈ। ਵਿਚਲਾ ਹਿੱਸਾ (ਸੂਬਾ ਸਰਹਿੰਦ ਤੇ ਸਿੱਖ ਰਿਆਸਤਾਂ) ਤਰਫੈਣ ਦੀ ਹਾਲਤ ਵਿੱਚ Neutral (ਗ਼ੈਰ-ਜਾਨਬਦਾਰ, ਜੋ ਕਿਸੇ ਦਾ ਵੀ ਪੱਖ ਨਾ ਕਰੇ) ਰਹੇ। ਤੇ ਵਾਇਸਰਾਏ ਨੇ ਕਿਹਾ ਕਿ ਲੁਧਿਆਣੇ ਦੀ ਫ਼ੌਜ ਕਰਨਾਲ ਵਾਪਸ ਕਰ ਲਈ ਜਾਵੇਗੀ।†

ਸ਼ਾਹ ਸ਼ੁਜਾਹ ਨੂੰ ਕਾਬਲ ਦੀ ਗੱਦੀ 'ਤੇ ਬਿਠਾ ਕੇ ਵਾਪਸ ਮੁੜਦੀ ਅੰਗਰੇਜ਼ੀ ਫ਼ੌਜ ਪੰਜਾਬ ਵਿਚ ਦੀ ਲੰਘੀ (ਸ਼ੇਰੇ-ਪੰਜਾਬ ਸੁਰਗਵਾਸ ਹੋ ਚੁੱਕੇ ਸਨ) ਤਾਂ ਸਿੱਖਾਂ ਦੇ ਬੁਰਾ ਮਨਾਉਣ 'ਤੇ ਅੰਗਰੇਜ਼ਾਂ ਨੇ ਇਕਰਾਰ ਕੀਤਾ, ਕਿ ਮੁੜਕੇ ਪੰਜਾਬ ਵਿਚ ਦੀ ਫ਼ੌਜ ਨਹੀਂ ਲੰਘਾਉਣਗੇ, ਪਰ ਲੋੜ ਪਈ 'ਤੇ ਬਰਾਡਫੁਟ ਨੇ ਫਿਰ ਫ਼ੌਜ ਲੰਘਾਈ।

ਦੋਸਤ ਮੁਹੰਮਦ ਖ਼ਾਂ ਦੇ ਪੁੱਤਰ ਅਕਬਰ ਖ਼ਾਂ ਨੇ ਵਿਸਾਹਘਾਤ ਕਰ ਕੇ ਬਾਲਾ ਹਿਸਾਰ ਵਾਲੇ ਅੰਗਰੇਜ਼ ਏਜੰਟ ਮੈਕਨਾਗਟਨ (Mecnoghten) ਨੂੰ ਸਣੇ ਉਹਦੇ ਸਿਪਾਹੀਆਂ ਦੇ ਮਾਰ ਦਿੱਤਾ, ਤਾਂ ਅੰਗਰੇਜ਼ਾਂ ਦੀ ਬੇਨਤੀ ਮੰਨ ਕੇ ਸਿੱਖ ਫ਼ੌਜ ਵੀ ਉਹਨਾਂ ਦੀ ਮਦਦ 'ਤੇ ਅਕਬਰ ਖ਼ਾਂ ਨੂੰ ਸੋਧਣ ਵਾਸਤੇ ਗਈ।

---

*ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੨੩।

**Cunningham, ਕਨਿੰਘਮ (੧੯੧੮) ਪੰਨਾ, ੨੭੬।

†ਉਹੀ, ੨੭੬।

ਫ਼ਤਹਿ ਹਾਸਲ ਕਰਨ 'ਤੇ ਜੈਨਰਲ ਡਯੂਕ ਨੇ ਅੰਗਰੇਜ਼ੀ ਫ਼ੌਜ ਨੂੰ ਤਾਂ ਬਾਜ਼ਾਰ ਲੁੱਟਣ ਦੀ ਆਗਿਆ ਦਿੱਤੀ, ਪਰ ਸਿੱਖ ਫ਼ੌਜ ਨੂੰ ਰੋਕ ਦਿੱਤਾ। ਏਸ ਗੱਲ ਤੋਂ ਸਿੱਖ ਬਹੁਤ ਨਾਰਾਜ਼ ਹੋਏ।

੧੮੦੯ ਈ: ਦੀ ਸੁਲ੍ਹਾ ਦੇ ਉਲਟ ਸਿੱਖ ਰਾਜ ਦੀ ਹੱਦ ਉੱਤੇ ਅੰਗਰੇਜ਼ਾਂ ਨੇ ਛਾਉਣੀਆਂ ਪਾ ਲਈਆਂ। ੧੮੩੮ ਈ. ਵਿਚ ਇਕ ਰਜਮੈਂਟ ਸਬਾਥੂ ਤੇ ਦੋ ਲੁਧਿਆਣੇ ਸਨ, ਜਿਨ੍ਹਾਂ ਦੇ ਸਾਰੇ ਸਿਪਾਹੀ ੨੫੦੦ ਸਨ। ਲਾਰਡ ਆਕਲੈਂਡ (Auckland) ਨੇ ਕੁੱਲ ੮ ਹਜ਼ਾਰ ਫ਼ੌਜ ਕਰ ਦਿੱਤੀ। ਭਾਵ ਕੁਛ ਲੁਧਿਆਣੇ ਵਧਾ ਦਿਤੀ ਤੇ ਕੁਛ ਫ਼ੀਰੋਜ਼ਪੁਰ ਨਵੀਂ ਰੱਖੀ। ਲਾਰਡ ਐਲਨਬਰੋ (Ellenborough) ਨੇ ਅੰਬਾਲੇ, ਕਸੌਲੀ ਤੇ ਸ਼ਿਮਲੇ ਵਿਚ ਨਵੀਆਂ ਛਾਉਣੀਆਂ ਪਾ ਦਿੱਤੀਆਂ ਤੇ ਸਾਰੀ ਫ਼ੌਜ ੧੪ ਹਜ਼ਾਰ ਕਰ ਦਿੱਤੀ ਤੇ ੪੮ ਤੋਪਾਂ ਵੀ ਰੱਖ ਦਿੱਤੀਆਂ। ਲਾਰਡ ਹਾਰਡਿੰਗ (Hardinge) ਨੇ ਇਹ ਫ਼ੌਜ ਵਧਾ ਕੇ ੩੨ ਹਜ਼ਾਰ ਤੇ ਤੋਪਾਂ ੬੮ ਕਰ ਦਿੱਤੀਆਂ। ਏਸ ਤੋਂ ਵੱਖਰੀ ੧੦ ਹਜ਼ਾਰ ਫ਼ੌਜ ਮੇਰਠ ਵਿੱਚ ਸੀ। ੧੮੪੩ ਈ. ਤੋਂ ਪਿੱਛੋਂ ਕਰਨਾਲ ਦੀ ਫ਼ੌਜ—ਜੋ ਪਹਿਲਾਂ ੪ ਹਜ਼ਾਰ ਸੀ—ਵਧਾ ਦਿਤੀ*। ਇਹਨਾਂ ਫ਼ੌਜੀ ਤਿਆਰੀਆਂ ਨੂੰ ਵੇਖ ਕੇ ਸਿੱਖ ਸਮਝ ਗਏ, ਕਿ ਇਹ ਬੰਦੋਬਸਤ ਕਿਸ ਵਾਸਤੇ ਹੈ।

ਅਫ਼ਗਾਨ ਯੁੱਧ ਵੇਲੇ ਜਦ ਫ਼ੀਰੋਜ਼ਪੁਰ ਫ਼ੌਜ ਰੱਖੀ ਗਈ ਸੀ, ਤਾਂ ਕਿਹਾ ਸੀ, ਕਿ ਸਾਲ ਦੇ ਅੰਦਰ ਹੀ ਏਥੋਂ ਫੌਜ ਹਟਾ ਲਈ ਜਾਵੇਗੀ, ਪਰ ਪਿਛੋਂ ਹਟਾਉਣ ਦੀ ਥਾਂ ਪੱਕੀ ਛਾਉਣੀ ਪਾ ਲਈ ਗਈ

ਫ਼ੀਰੋਜ਼ਪੁਰ ਦੀ ਰਾਣੀ ਲਛਮਣ ਕੌਰ (ਸੁਪਤਨੀ ਸਰਦਾਰ ਧੰਨਾ ਸਿੰਘ ਮਿਸਲ ਭੰਗੀਆਂ०) ਵਿਧਵਾ ਤੇ ਨਿਰਸੰਤਾਨ ਸੀ। ਮਹਾਰਾਜਾ ਰਣਜੀਤ ਸਿੰਘ ਨੇ ਉਹਦੀ ਬੇਨਤੀ ਮੰਨ ਕੇ ਉਹਦਾ ਰਾਜ ਜਰਵਾਣਿਆਂ ਹੱਥੋਂ ਬਚਾਇਆ ਸੀ। ਉਸ ਤੋਂ ਪਿੱਛੋਂ ਰਾਣੀ ਲਛਮਣ ਕੌਰ ਸਿੱਖ ਰਾਜ ਦੇ ਮਾਤਹਿਤ ਹੀ ਮੰਨੀ ਜਾਂਦੀ ਸੀ। ਉਪਰੋਕਤ ਰਾਣੀ ਦੇ ਮਰਨ 'ਤੇ ਫ਼ੀਰੋਜ਼ਪੁਰ ਦਾ ਇਲਾਕਾ ਅੰਗਰੇਜ਼ਾਂ ਨੇ ਆਪਣੇ ਰਾਜ ਵਿਚ ਮਿਲਾ ਲਿਆ, ਜੋ ਅਸਲ ਵਿਚ ਲਾਹੌਰ ਦਰਬਾਰ ਦਾ ਹੱਕ ਸੀ।

---

*Cunningham, ਕਨਿੰਘਮ (੧੮੪੯) ਪੰਨਾ, ੨੯੪ ਤੇ ਕਲਕਤਾ ਰੀਵੀਊ।
०ਗਿ: ਗਿਆਨ ਸਿੰਘ।

੧੮੪੫ ਈ. ਦੇ ਆਰੰਭ ਤੋਂ ਹੀ ਲੁਧਿਆਣੇ ਵਿਚ ਲਾਰਡ ਹਾਰਡਿੰਗ ਤੇ ਸੈਨਾਪਤੀ ਗਫ (Gough) ਫ਼ੌਜ ਦੇ ਪੁਲ ਬੰਨ੍ਹਣ ਵਾਸਤੇ ਕਿਸ਼ਤੀਆਂ ਦੀ ਗਿਣਤੀ ਵਧਾ ਰਹੇ ਸਨ*। ਏਸ ਬਾਰੇ ਸਮਿੱਥ ਲਿਖਦਾ ਹੈ "ਏਸ ਗੱਲ ਨੂੰ ਜ਼ੋਰ ਨਾਲ ਸਾਬਤ ਕਰਨਾ, ਕਿ ਬੰਬਈ ਤੋਂ ਜੋ ਬੇੜੀਆਂ ਦਾ ਪੁਲ ਮੰਗਵਾਇਆ ਗਿਆ ਹੈ, ਉਹ ਕਿਸੇ ਹਮਲੇ ਦੀ ਤਿਆਰੀ ਵਾਸਤੇ ਨਹੀਂ, ਸਗੋਂ ਆਪਣੀ ਰਾਖੀ ਵਾਸਤੇ ਹੈ, ਇਕ ਬਹਾਨਾ ਹੈ, ਭਾਵ, ਝੂਠ** ਹੈ।" ਮਤਲਿਬ ਸਾਫ਼ ਹੈ, ਕਿ ਇਹ ਬੇੜੀਆਂ ਦਾ ਪੁਲ ਹਮਲੇ ਦੀ ਤਿਆਰੀ ਵਾਸਤੇ ਸੀ।

ਨਾਲ ਹੀ ਇਹ ਅਫ਼ਵਾਹ ਵੀ ਉਡ ਗਈ, ਕਿ ਮੁਲਤਾਨ ਉੱਤੇ ਹਮਲਾ ਕਰਨ ਵਾਸਤੇ ਸਿੰਧ ਵਿਚ ਪੰਜ ਹਜ਼ਾਰ ਫ਼ੌਜ ਇਕੱਠੀ ਕੀਤੀ ਗਈ ਹੈ। ਇਹੋ ਜਿਹੇ ਕਿਆਸ ਨੇਪੀਅਰ (Napier) ਦੀਆਂ ਤਕਰੀਰਾਂ ਤੋਂ ਕੀਤੇ ਜਾਂਦੇ ਹਨ।

ਅਜੇ ਤੱਕ ਸਿੰਧ ਵਿਚ ਸਿੱਖਾਂ ਤੇ ਅੰਗਰੇਜ਼ਾਂ ਦੀ ਹੱਦ ਪੱਕੀ ਨਹੀਂ ਸੀ ਹੋਈ। ਡਾਕੂਆਂ ਦਾ ਪਿੱਛਾ ਕਰਦੇ ਹੋਏ ਕੁਛ ਸਿੱਖ ਅਫ਼ਸਰ ਸਿੰਧ ਵਿਚ ਅੱਗੇ ਵਧੇ ਤਾਂ—ਸਿੰਧ ਫ਼ਤਹਿ ਕਰਨ ਵਾਲੇ ਨੇਪੀਅਰ ਨੇ ਉਨ੍ਹਾਂ 'ਤੇ ਹੱਲਾ ਬੋਲ ਦਿੱਤਾ, ਤੇ ਕਾਰਨ ਇਹ ਦੱਸਿਆ, ਕਿ ਸਿੱਖ ਸਾਡੇ ਇਲਾਕੇ ਵਿਚ ਆ ਗਏ ਸਨ। ਜਦ ਅਜੇ ਹੱਦ ਦਾ ਫ਼ੈਸਲਾ ਹੀ ਨਹੀਂ ਸੀ ਹੋਇਆ, ਤਾਂ 'ਸਾਡੇ ਇਲਾਕੇ ਵਿੱਚ ਆ ਗਏ' ਦਾ ਕੀ ਅਰਥ ? ਸੱਚੀ ਗੱਲ ਤਾਂ ਇਹ ਹੈ, ਕਿ ਨੇਪੀਅਰ—ਕਨਿੰਘਮ ਦੇ ਵਾਕ ਅਨੁਸਾਰ ਪੰਜਾਬ ਨਾਲ ਲੜਨਾ ਚਾਹੁੰਦਾ ਸੀ।†

ਅੰਗਰੇਜ਼ੀ ਏਜੰਟ ਮੇਜਰ ਬਰਾਡਫੁਟ (Major Broadfoot) ਨੇ ਸਤਲੁਜ ਪਾਰ ਦੇ ਰਾਜਵਾੜੇ—ਪਟਿਆਲਾ ਆਦਿ-ਅੰਗਰੇਜ਼ਾਂ ਦੇ ਅਧੀਨ ਦੱਸੇ ਤੇ ਕਿਹਾ, ਮਹਾਰਾਜਾ ਦਲੀਪ ਸਿੰਘ (ਜੋ ਉਦੋਂ ਮਾਤਾ ਨਾਲ ਬੀਮਾਰ ਸੀ) ਦੇ ਮਰਨ 'ਤੇ ਜਾਂ ਕਿਸੇ ਗੱਲੋਂ ਤਖ਼ਤੋਂ ਲਾਹੇ ਜਾਣ 'ਤੇ ਇਹ ਇਲਾਕੇ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਜਾਣਗੇ।()

---

*(The Sikh Wars) ਸਿੱਖ ਯੁੱਧ, ਪੰਨਾ ੬੮।

**(Smyth, Introduction, P. XXII) ਸਮਿੱਥ, ਮੁਖਬੰਦ।

†(Cunningham) ਕਨਿੰਘਮ (੧੮੪੯) ਪੰਨਾ ੨੯੮।

()Broadfoot's Letters to Govt. 7th Dec. 1844. 30th Jan & 28th Feb. 1845. ਬ੍ਰਾਡਫੁਟ ਸਰਕਾਰ ਨੂੰ।

ਓਦੋਂ() ਕੋਟਕਪੂਰਾ ਲਾਹੌਰ ਦਰਬਾਰ ਦੇ ਅਧੀਨ ਸੀ। ਕੁਛ ਸਿੱਖ ਅਸਵਾਰ ਓਥੋਂ ਵਾਪਸ ਲਾਹੌਰ ਆ ਰਹੇ ਸਨ, ਮੇਜਰ ਬਰਾਡਫੁਟ ਨੇ ਉਹਨਾਂ 'ਤੇ ਹੱਲਾ ਬੋਲ ਦਿੱਤਾ ਤੇ ਸਤਲੁਜ ਲੰਘਦਿਆਂ ਉੱਤੇ ਗੋਲੀਆਂ ਚਲਾਈਆਂ, ਪਰ ਅੱਗੋਂ ਸਿੱਖ ਬਿਲਕੁਲ ਸ਼ਾਂਤ ਰਹੇ। ਇਹ ਕੰਮ ਬਰਾਡਫੁਟ ਨੇ ੧੮੦੯ ਈ: ਦੀ ਸੁਲ੍ਹਾ ਦੇ ਉਲਟ ਕੀਤਾ, ਕਿਉਂਕਿ ਸਿੱਖ ਅਫ਼ਸਰ ਲੋੜ ਤੋਂ ਵੱਧ ਸਤਲੁਜ ਪਾਰ ਨਹੀਂ ਸੀ ਗਏ।

ਮੁਲਤਾਨ ਦੇ ਦੀਵਾਨ ਮੂਲ ਰਾਜ ਨੇ ਲਾਹੌਰ ਦਰਬਾਰ ਦੇ ਵਿਰੁੱਧ ਅੰਗਰੇਜ਼ਾਂ ਤੋਂ ਮਦਦ ਮੰਗੀ, ਤਾਂ ਬਰਾਡਫੁਟ ਨੇ ਉਹਨੂੰ ਮਦਦ ਦੇਣੀ ਮੰਨ ਲਈ।

ਬਰਾਡਫੁਟ ਨੇ ਲੁਧਿਆਣੇ ਦੇ ਲਾਗੇ ਲਾਹੌਰ ਦਰਬਾਰ ਦੇ ਦੋ ਅਸਥਾਨ ਅੰਗਰੇਜ਼ੀ ਇਲਾਕੇ ਵਿਚ ਮਿਲਾ ਲਏ ਤੇ ਕਾਰਨ ਇਹ ਦੱਸਿਆ, ਕਿ ਸਾਡੇ ਇਲਾਕੇ ਦੇ ਲੁਟੇਰੇ ਏਥੇ ਆ ਲੁਕਦੇ ਹਨ। ਅਸਲ ਵਿੱਚ ਮੇਜਰ ਬਰਾਡਫੁਟ ਲੜਾਈ ਦਾ ਸਭ ਤੋਂ ਵੱਡਾ ਕਾਰਨ ਹੈ। ਇਹਦੀ ਥਾਂ ਕਲਾਰਕ ਏਜੰਟ ਰਹਿੰਦਾ, ਤਾਂ ਸ਼ਾਇਦ ਲੜਾਈ ਐਡੀ ਛੇਤੀ ਨਾ ਹੁੰਦੀ।[ ]

ਫਲੌਰ ਦੇ ਕਿਲ੍ਹੇ ਦੇ ਸਾਮ੍ਹਣੇ ਅੰਗਰੇਜ਼ਾਂ ਦਾ ਇਕ ਜਹਾਜ਼—ਬਿਨਾਂ ਕਾਰਨ—ਕਈ ਦਿਨ ਖਲਾ ਰਿਹਾ।

ਰਾਜਾ ਸੁਚੇਤ ਸਿੰਘ (ਰਾਜਾ ਧਿਆਨ ਸਿੰਘ ਡੋਗਰੇ ਦਾ ਭਰਾ) ਦਾ ਅਠਾਰਾਂ ਲੱਖ ਰੁਪਇਆ ਫ਼ੀਰੋਜ਼ਪੁਰ ਅੰਗਰੇਜ਼ੀ ਬੈਂਕ ਵਿੱਚ ਸੀ। ਉਹ ਸਿੱਖਾਂ ਨੇ ਮੰਗਿਆ, ਤਾਂ ਅੰਗਰੇਜ਼ਾਂ ਨੇ ਜਵਾਬ ਦਿੱਤਾ, ਕਿ ਅੰਗਰੇਜ਼ੀ ਕੋਰਟ (ਕਚਹਿਰੀ) ਵਿਚ ਦਾਅਵਾ ਕਰੋ। ਇਹ ਐਹੋ ਜਿਹਾ ਹਾਕਮਾਨਾ ਉੱਤਰ ਸੀ, ਜਿਵੇਂ ਲਾਹੌਰ ਦਰਬਾਰ ਅੰਗਰੇਜ਼ਾਂ ਦੇ ਮਾਤਹਿਤ ਹੁੰਦਾ ਹੈ।

ਉੱਪਰ ਦੱਸੇ ਕਈ ਕਾਰਨ ਸਨ, ਜਿਨ੍ਹਾਂ ਕਰਕੇ ਸਿੱਖ ਫ਼ੌਜ ਭੜਕ ਉੱਠੀ। ਕਿਉਂਕਿ ਸਿੱਖ ਸਮਝਣ ਲੱਗ ਪਏ੍ਸਨ ਕਿ 'ਅੰਗਰੇਜ਼ਾਂ ਨੇ ਆਪਣੀ ਪਾਲਿਸੀ (ਨੀਤੀ) ਮੁਲਕੀ ਫ਼ਤਹਿ ਦੀ ਬਣਾ ਲਈ ਹੈ ਤੇ ਉਹਨਾਂ (ਅੰਗਰੇਜ਼ਾਂ) ਦੇ ਲਾਲਚ ਦਾ ਸਭ ਤੋਂ ਪਹਿਲਾ ਨਸ਼ਾਨਾ ਲਹੌਰ ਦੀ ਫ਼ਤਹਿ ਹੈ। ਇਹ

---

()(Cunningham) ਕਨਿੰਘਮ (੧੮੪੯), ਪੰਨਾ ੨੯੬।

[ ]ਕਨਿੰਘਮ, (੧੯੧੮), ਪੰਨਾ ੨੮੨ ਦਾ ਫ਼ੁਟਨੋਟ।

ਵੇਲੇ ਦੇ ਅੰਗਰੇਜ਼ੀ ਸਫ਼ੀਰ (ਰਾਜਦੂਤ) ਦੇ ਕੰਮ ਕਰਨ ਦੇ ਢੰਗ ਤੋਂ ਪੱਕਾ ਹੋਇਆ।*

ਏਸ ਵੇਲੇ ਸਿੱਖ ਸਿਪਾਹੀਆਂ ਦੇ ਦਿਲਾਂ ਵਿੱਚ ਅੱਗ ਬਲ ਰਹੀ ਸੀ। ਉਹ ਲੜਾਈ ਤੋਂ ਰੋਕੇ ਨਹੀਂ ਜਾ ਸਕਦੇ ਸਨ, ਕਿਉਂਕਿ ਅੰਗਰੇਜ਼ ਕਰਮਚਾਰੀਆਂ ਨੇ ਉਹਨਾਂ ਨੂੰ ਲੜਨ ਵਾਸਤੇ ਮਜਬੂਰ ਕਰ ਦਿੱਤਾ ਸੀ। ਜੇ ਰਾਣੀ ਜਿੰਦ ਕੌਰ, ਜਾਂ ਹੋਰ ਕੋਈ ਸਰਦਾਰ ਫ਼ੌਜ ਨੂੰ ਰੋਕਣਾ ਵੀ ਚਾਹੁੰਦਾ, ਤਾਂ ਉਹ ਨਾ ਰੁਕਦੀ। ਅਸਲ ਵਿਚ ਇਹ ਲੜਾਈ ਸਾਰੇ ਲਾਹੌਰ ਦਰਬਾਰ ਨੇ ਨਹੀਂ, ਸਗੋਂ ਆਪ ਮੁਹਾਰੀ ਫ਼ੌਜ ਤੇ ਕੁਛ ਖ਼ੁਦਗਰਜ਼ ਸਰਦਾਰਾਂ ਨੇ ਛੇੜੀ ਸੀ। ਇਸ ਬਾਰੇ ਹੇਠ ਲਿਖੇ ਇਤਿਹਾਸਕਾਰਾਂ ਦੀਆਂ ਲਿਖਤਾਂ ਪੜ੍ਹੋ :

"ਰਣਜੀਤ ਸਿੰਘ ਦੇ ਕਰੜੇ ਹੱਥਾਂ ਵਿਚੋਂ ਆਜ਼ਾਦ ਹੋਕੇ, ਪੰਜਾਬ ਬੇ-ਕਾਬੂ ਹੋ ਰਿਹਾ ਸੀ। ਅੰਗਰੇਜ਼ਾਂ ਦੇ ਵਿਰੁੱਧ ਫ਼ੌਜ ਵਿਚ ਜੋਸ਼ ਵੱਧ ਰਿਹਾ ਸੀ।"†

"ਫ਼ੌਜੀ-ਪੰਚ ਅਸਲ ਵਿਚ ਪੰਜਾਬ ਦੇ ਹਾਕਮ ਬਣ ਗਏ ਸਨ ਤੇ ਸਿੱਖ ਫ਼ੌਜ ਨੇ ਅੰਗਰੇਜ਼ਾਂ ਨਾਲ ਲੜਨ ਦਾ ਪੱਕ ਕਰ ਲਿਆ ਸੀ। ਰਾਣੀ ਤੇ ਉਸ ਦੇ ਖ਼ਿਆਲਾਂ ਦੇ ਸਰਦਾਰਾਂ ਦੀ ਰਾਏ ਠੁਕਰਾ ਦਿੱਤੀ ਗਈ।‡ (ਸਾਫ਼ ਪਰਗਟ ਹੈ, ਕਿ ਰਾਣੀ ਜਿੰਦਾਂ ਤੇ ਹੋਰ ਕਈ ਸਰਦਾਰ—ਸ: ਸ਼ਾਮ ਸਿੰਘ ਅਟਾਰੀ ਵਰਗੇ—ਏਸ ਲੜਾਈ ਦੇ ਵਿਰੁੱਧ ਸਨ)।

"ਅੰਗਰੇਜ਼ਾਂ ਵਿਰੁੱਧ ਲੜਾਈ ਲਾਹੌਰ ਦਰਬਾਰ ਨੇ ਨਹੀਂ, ਸਗੋਂ ਆਪ ਹੁਦਰੀ (ਬਲਵਾ ਪਸੰਦ) ਸਿੱਖ ਫ਼ੌਜ ਨੇ ਛੇੜੀ()।

ਸਾਫ ਪਰਗਟ ਹੈ, ਕਿ ਲੜਾਈ ਕਰਾਉਣ ਵਾਲੇ ਰਾਣੀ ਜਿੰਦ ਕੌਰ ਜਾਂ ਮਹਾਰਾਜਾ ਦਲੀਪ ਸਿੰਘ ਨਹੀਂ ਸਨ, ਸਗੋਂ ਕੁਛ ਖ਼ੁਦਗਰਜ਼ ਸਰਦਾਰ ਸਨ, ਜੋ ਅੰਦਰੋਂ ਅੰਦਰੀ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਉਹ ਖ਼ਾਲਸਾ ਫ਼ੌਜ ਨੂੰ ਤਬਾਹ ਕਰਵਾ ਕੇ ਆਪ ਆਪਣੀ ਮਰਜ਼ੀ ਦਾ ਰਾਜ ਕਰਨਾ ਚਾਹੁੰਦੇ ਸਨ। ਵਜ਼ੀਰ ਲਾਲ ਸਿੰਘ ਨੇ ਨਵੰਬਰ, ੧੮੪੫ ਈ. ਦੇ ਆਰੰਭ ਵਿਚ ਸਿੱਖ

---

*(Cunningham) ਕਨਿੰਘਮ (੧੮੪੯), ਪੰਨਾ ੨੬੪।

†(The Sikh Wars) ਸਿੱਖ ਯੁੱਧ, ਪੰਨਾ ੪੯।

‡ਮੈਕਗ੍ਰੇਗਰ, ਪੰਨਾ ੩੯।

()ਮੈਕਗ੍ਰੇਗਰ, ਪੰਨਾ ੩੦੫।

ਸਰਦਾਰਾਂ 'ਤੇ ਫ਼ੌਜੀ ਪੰਚਾਂ ਦੀ ਇਕ ਸਭਾ ਬੁਲਾਈ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਉੱਤੇ ਇਕੱਠ ਹੋਇਆ। ਅੰਗਰੇਜ਼ਾਂ ਨਾਲ ਲੜਾਈ ਕਰਨ ਉੱਤੇ ਵਿਚਾਰ ਹੋਣ ਲੱਗੀ। ਮਹਾਰਾਣੀ ਜਿੰਦ ਕੌਰ ਤੇ ਹੋਰ ਕਈ ਸਰਦਾਰ (ਜਿਨ੍ਹਾਂ ਵਿਚੋਂ ਸ. ਸ਼ਾਮ ਸਿੰਘ ਮੁਖੀ ਸੀ) ਦੀ ਰਾਏ ਸੀ, ਕਿ ਹਾਲੇ ਅੰਗਰੇਜ਼ਾਂ ਨਾਲ ਲੜਾਈ ਨਾ ਛੇੜੀ ਜਾਵੇ, ਕਿਉਂਕਿ ਘਰ ਪਾਟਾ ਹੋਣ ਕਾਰਨ ਅਸੀਂ ਜਿੱਤ ਨਹੀਂ ਸੱਕਾਂਗੇ। ਲਾਲ ਸਿੰਘ ਤੇ ਤੇਜ ਸਿੰਘ ਦੇ ਭੜਕਾਏ ਹੋਏ ਫ਼ੌਜੀ ਪੰਚ ਬੜੇ ਜ਼ੋਰ ਨਾਲ ਲੜਾਈ ਦੇ ਹਾਮੀ ਸਨ। ਅੰਤ ਬਹੁ-ਸੰਮਤੀ ਲੜਾਈ ਕਰਨ ਵਾਲਿਆਂ ਦੀ ਹੋਈ।

ਸਾਰੇ ਫ਼ੌਜੀ ਸਰਦਾਰਾਂ ਨੇ ਰਾਜ-ਭਗਤ ਰਹਿਣ ਦਾ ਪ੍ਰਣ ਕੀਤਾ। ਲਾਲ ਸਿੰਘ ਤੇ ਤੇਜ ਸਿੰਘ (ਵਜ਼ੀਰ ਤੇ ਸੈਨਾਪਤੀ) ਨੂੰ ਪੂਰੇ ਅਧਿਕਾਰ ਦੇ ਦਿੱਤੇ ਗਏ। ਦੀਵਾਨ ਦੀਨਾ ਨਾਥ ਨੇ ਬੜੀ-ਜੋਸ਼ੀਲੀ ਤਕਰੀਰ ਕੀਤੀ ਤੇ ਅੰਤ ਚਾਰ ਕਾਰਨਾਂ ਉੱਤੇ ੧੭ ਨਵੰਬਰ, ੧੮੪੫ ਈ. ਨੂੰ, ਅੰਗਰੇਜ਼ਾਂ ਨਾਲ ਲੜਾਈ ਦਾ ਐਲਾਨ ਕੀਤਾ ਗਿਆ।

**ਲੜਾਈ ਦਾ ਐਲਾਨ**

੧. ਅੰਗਰੇਜ਼ੀ ਫ਼ੌਜ ਸਤਲੁਜ ਵੱਲ ਵਧ ਰਹੀ ਹੈ ਤੇ ਉਸਨੇ ਪੰਜਾਬ ਉੱਤੇ ਚੜ੍ਹਾਈ ਕਰਨ ਦਾ ਪੱਕ ਕਰ ਲਿਆ ਹੈ।

੨. ਫ਼ੀਰੋਜ਼ਪੁਰ ਅੰਗਰੇਜ਼ੀ ਬੈਂਕ ਵਿਚ ਜੋ ਰਾਜਾ ਸੁਚੇਤ ਸਿੰਘ ਦਾ ੧੮ ਲੱਖ ਰੁਪਇਆ ਹੈ, ਲਾਹੌਰ ਦਰਬਾਰ ਦੇ ਕਈ ਵਾਰ ਮੰਗਣ 'ਤੇ ਵੀ ਅੰਗਰੇਜ਼ਾਂ ਨੇ ਨਹੀਂ ਦਿੱਤਾ।

੩. ਸੁਰਗਵਾਸੀ ਰਾਜਾ ਸੁਚੇਤ ਸਿੰਘ ਦੀ ਜਾਇਦਾਦ ਉੱਤੇ ਲਾਹੌਰ ਦਰਬਾਰ ਦਾ ਹੱਕ ਹੈ।

੪. ਸਤਲੁਜੋਂ ਦੱਖਣ ਦੇ ਪਾਸੇ, ਜੋ ਪਿੰਡ ਲਾਹੌਰ ਦਰਬਾਰ ਦੇ ਅਧੀਨ ਸਨ, ਅੰਗਰੇਜ਼ ਹਕੂਮਤ ਨੇ ਉਹਨਾਂ ਵਿਚ ਆਉਣ ਜਾਣ ਤੋਂ ਸਿੱਖ ਫ਼ੌਜ ਨੂੰ ਰੋਕ ਦਿੱਤਾ ਹੈ।*

ਇਸ ਐਲਾਨ ਪਿੱਛੋਂ ਸਰਦਾਰ ਫ਼ੌਜੀ ਤਿਆਰੀ† ਵਿਚ ਰੁਝ ਗਏ।

---

*ਪੰਜਾਬ ਹਰਣ ਔਰ ਮ. ਦਲੀਪ ਸਿੰਘ, ਪੰਨੇ ੨੯-੩੦।

†ਫ਼ੌਜਾਂ ਭਾਈਂ ਸਰਦਾਰ ਲਲਕਾਰਦੇ
ਹੋ ਜੈ ਖ਼ਾਲਸਾ ਜੀ ! ਜੰਗ ਨੂੰ ਤਿਆਰ

(ਦੇਖੋ ਬਾਕੀ ਫੁਟਨੋਟ ਪੰਨਾ ੧੧੩ 'ਤੇ)

ਧੌਂਸਿਆਂ 'ਤੇ ਚੋਟਾਂ ਲੱਗੀਆਂ, ਤੇ ਖ਼ਾਲਸਾ ਫ਼ੌਜ ਤਿਆਰ ਹੋ ਪਈ। ਉਹਨਾਂ ਦੇ ਜੋਸ਼ ਬਾਰੇ ਸਰ ਗਾਰਡਨ (Sir J.H. Gordon) ਲਿਖਦਾ ਹੈ, "ਸਿੱਖਾਂ ਨੇ ਪੂਰੇ ਜੋਸ਼ ਨਾਲ ਜੰਗ ਦੀ ਤਿਆਰੀ ਕੀਤੀ। ਉਹਨਾਂ ਪੱਕ ਕਰ ਲਿਆ, ਕਿ ਉਹ ਦਿੱਲੀ ਨੂੰ ਫ਼ਤਹਿ ਕਰਕੇ ਲੁੱਟ ਲੈਣਗੇ। ਉਸ ਤੋਂ ਪਿੱਛੋਂ, ਹਿੰਦੁਸਤਾਨ ਦੇ ਹੋਰ ਦੌਲਤ ਨਾਲ ਭਰੇ ਸ਼ਹਿਰ ਲੁੱਟਦੇ ਹੋਏ, ਕਲਕੱਤੇ ਤੇ ਲੰਡਨ ਪੁੱਜ ਪੈਣਗੇ*।" ਏਸ ਚੱਾ ਵਿਚ ੩੦ ਹਜ਼ਾਰ० ਸਿੱਖ ਫ਼ੌਜ ਸਤਲੁਜ

*(J.H. Godon) ਗਾਰਡਨ, ਪੰਨਾ ੧੩੪।

०ਕਨਿੰਘਮ, (੧੮੪੯) ਪੰਨਾ ੩੦੪, ਫੁਟਨੋਟ। ਰਣਜ਼ੋਰ ਸਿੰਘ ਦੀ ਫ਼ੌਜ ਸਣੇ ਚਾਲੀ ਹਜ਼ਾਰ।

(ਦੇਖੋ ਪੰਨਾ 112 ਦਾ ਬਾਕੀ ਫੁਟਨੋਟ)

ਹੁਣ ਹੋਰ ਨਹੀਂ ਸਹਾਰਾ ਹੋਵਣਾ
ਵੈਰੀ ਲੱਥੇ ਆ ਸਤਲੁਜੋਂ ਪਾਰ
ਉਹਨਾਂ ਪਾਰ ਦੇ ਇਲਾਕੇ ਮੱਲ ਲਏ
ਫ਼ੌਜ ਉਤਰੀ ਆ ਤੀਹ-ਕੁ ਹਜ਼ਾਰ
ਮੱਲ ਲੈਣਗੇ ਉਹ ਦੇਸ ਪੰਜਾਬ ਦਾ
ਤਖ਼ਤੋਂ ਦੇਣਗੇ ਦਲੀਪ ਨੂੰ ਉਤਾਰ
ਪਾ ਕੇ ਜਿੰਦਾਂ ਨੂੰ ਗ਼ੁਲਾਮੀ ਦੀਆਂ ਬੇੜੀਆਂ
ਲੈ ਜਾਣਗੇ ਸਮੁੰਦਰੋਂ ਪਾਰ
ਮੂੰਹ ਦਿਉਗੇ ਕਿੱਥੇ ਫੇਰ ਸਿੰਘ ਜੀ
ਮਿਹਣੇ ਮਾਰਨਗੇ ਲੋਕ ਗਵਾਰ
ਅਜੇ ਵੇਲਾ ਜੇ, ਸੰਭਾਲ ਲਓ ਸੂਰਿਓ
ਉੱਠੋ ਯੋਧਿਓ, ਫੜੋ ਤਲਵਾਰ
ਕਿਹੜਾ ਝੱਲੇਗਾ ਤੁਹਾਡੀ ਤੇਗ਼ ਨੂੰ
ਸੁਣ ਕੇ ਕੰਬਦਾ ਹੈ ਕਾਬਲ, ਕੰਧਾਰ
ਉੱਠੋ ਮਰ ਮਿਟੋ ਆਜ਼ਾਦੀ ਵਾਸਤੇ
ਨਹੀਂ ਤਾਂ ਹੋ ਜੈਗੇ ਗ਼ੁਲਾਮੀ ਦੇ ਸ਼ਕਾਰ
ਬੁਰੀ ਹੁੰਦੀ ਏ ਗ਼ੁਲਾਮੀ 'ਸੀਤਲਾ'
ਐਸੀ ਜ਼ਿੰਦਗੀ ਉਤੇ ਧ੍ਰਿਗਕਾਰ

ਵੱਲੇ ਵਧੀ। ੧੧ ਦਸੰਬਰ ਨੂੰ ਸਭਰਾਵਾਂ ਦੇ ਆਸੇ-ਪਾਸੇ ਦਰਿਆ ਪਾਰ ਕਰ ਕੇ ਫ਼ਤਹਿਗੜ੍ਹ() (ਸਭਰਾੱ) ਮੋਰਚੇ ਜਾ ਲਾਏ। ਸਿੱਖ-ਸਿਪਾਹੀਆਂ ਦੇ ਦਿਲ ਵਿਚ ਏਸ ਲੜਾਈ ਦਾ ਕਿੰਨਾ-ਕੁ ਉਤਸ਼ਾਹ ਸੀ ? ਇਹ ਉਹਨਾਂ ਦੇ ਕੰਮ ਕਰਨ ਤੋਂ ਸਾਬਤ ਹੁੰਦਾ ਹੈ। ਲੋਕ-ਲਾਜ ਤੇ ਸੱਖਣੀ ਸ਼ਾਨ ਨੂੰ ਛਿੱਕੇ ਟੰਗ ਕੇ ਉਹਨਾਂ ਆਪ ਕੁਲੀਆਂ ਦਾ ਕੰਮ ਕੀਤਾ। ਬੇੜੀਆਂ 'ਤੇ ਆਪ ਭਾਰ ਲੱਦਿਆ ਤੇ ਉਤਾਰਿਆ, ਤੋਪਾਂ ਖਿੱਚੀਆਂ, ਗੱਡੇ ਹਿੱਕੇ ਤੇ ਸਾਮਾਨ ਖ਼ੁਰਾਕ ਤੇ ਬਾਰੂਦ ਉਠਾਇਆ। ਜਿੱਤ ਉਹਨਾਂ ਨੂੰ ਸਾਮ੍ਹਣੇ ਖਲੀ ਮੁਸਕਰਾੱ ਰਹੀ ਜਾਪਦੀ ਸੀ।

ਸਤਲੁਜ ਕੰਢੇ ਕੱਚਾ ਕਿਲ੍ਹਾ

ਫ਼ਤਹਿਗੜ੍ਹ-ਸਭਰਾਵਾਂ ਦੇ ਸਾਮ੍ਹਣੇ ਸਿੱਖਾਂ ਨੇ ਕੱਚਾ ਕਿਲ੍ਹਾ ਬਣਾਇਆ। ਲੜਾਈ ਵਾਸਤੇ ਇਹ ਥਾਂ ਚੁਣਨ ਵਿਚ ਸਿੱਖਾਂ ਦੀ ਰਣ-ਚਾਤਰੀ ਦਾ ਪਤਾ ਲੱਗਦਾ ਹੈ। ਪਿਛਲੇ ਪਾਸੇ ਦਰਿਆ, ਸੱਜੇ ਖੱਬੇ ਪਿਲਛੀ ਤੇ ਕਾਨਿਆਂ ਦਾ ਸੰਘਣਾ ਝੱਲ ਤੇ ਸਾਮ੍ਹਣੇ ਖੁੱਲ੍ਹਾ ਮੈਦਾਨ। ਸੱਜੇ ਹੱਥ ੨੦ ਮੀਲ ਉੱਤੇ ਅੰਗਰੇਜ਼ਾਂ ਦੀ ਛਾਉਣੀ ਫ਼ੀਰੋਜ਼ਪੁਰ ਤੇ ਖੱਬੇ ਪਾਸੇ ੬੦-੬੫ ਮੀਲ ਲੁਧਿਆਣਾ। ਦਰਿਆ ਸਤਲੁਜ 'ਤੇ ਸਿੱਖਾਂ ਦਾ ਕਬਜ਼ਾ ਹੋਣ ਕਰਕੇ ਏਸ ਰਾਹ ਅੰਗਰੇਜ਼ ਸਾਮਾਨ ਨਹੀਂ ਸਨ ਲਿਆ ਸਕਦੇ ਤੇ ਨਾ ਹੀ ਸਾਮ੍ਹਣੀ ਸੜਕ ਸਿੱਖਾਂ ਦੇ ਖ਼ਤਰੇ ਤੋਂ ਖ਼ਾਲੀ ਸੀ। ਜੇ ਸਿੱਖਾਂ ਦੇ ਜਰਨੈਲ ਲੂਣ-ਹਰਾਮੀ ਨਾ ਹੁੰਦੇ ਤਾਂ ਇਹ ਕਿਲ੍ਹਾ ਖ਼ਾਲਸੇ ਦਾ ਸਾਥ ਨਾ ਛੱਡਦਾ।

ਸਿੱਖਾਂ ਦੇ ਸਤਲੁਜ ਪਾਰ ਕਰਨ ਦੀ ਖ਼ਬਰ ਲਾਰਡ ਹਾਰਡਿੰਗ (Lord Hardinge Governor-General) ਗਵਰਨਰ ਜੈਨਰਲ ਨੂੰ ਲੁਧਿਆਣੇ ੧੨ ਦਸੰਬਰ ਨੂੰ ਮਿਲੀ। ਅਗਲੇ ਦਿਨ ੧੩ ਦਸੰਬਰ, ੧੮੫੪ ਈ. ਨੂੰ ਲਸ਼ਕਰੀ ਖ਼ਾਂ ਦੀ ਸਰਾਂ ਤੋਂ ਉਸਨੇ ਅੱਗੇ ਲਿਖਿਆ ਐਲਾਨ ਕੱਢਿਆ :

---

()ਸਤਲੁਜ ਤੋਂ ਸੱਜੇ ਹੱਥ ਕੰਢੇ ਉਤੇ ਸਭਰਾੱ ਬੜਾ ਵੱਡਾ ਪਿੰਡ ਹੈ। ਇਸ ਦੇ ਸਾਮ੍ਹਣੇ ਦਰਿਆਓਂ ਦੂਜੇ (ਖੱਬੇ ਹੱਥ, ਚੜ੍ਹਦੇ) ਪਾਸੇ ਏਸੇ ਪਿੰਡ ਵਿਚੋਂ ਇਕ ਛੋਟਾ ਪਿੰਡ ਹੈ, ਜਿਸ ਨੂੰ 'ਫ਼ਤਹਿਗੜ੍ਹ ਸਭਰਾੱ' ਆਖਦੇ ਹਨ। ਸਭਰਾੱ ਜ਼ਿਲਾ ਲਾਹੌਰ (ਹੁਣ ਜ਼ਿਲਾ ਅੰਮ੍ਰਿਤਸਰ) ਵਿਚ ਹੈ ਤੇ 'ਫ਼ਤਹਿਗੜ੍ਹ ਸਭਰਾੱ' ਜ਼ਿਲ੍ਹਾ ਫ਼ੀਰੋਜ਼ਪੁਰ ਵਿਚ।

# ਐਲਾਨ

ਗਵਰਨਰ-ਜੈਨਰਲ ਹਿੰਦ ਦਾ ਐਲਾਨ, ਕੈਂਪ, ਲਸ਼ਕਰੀ ਖ਼ਾਂ ਦੀ ਸਰਾਂ, ੧੩ ਦਸੰਬਰ, ੧੮੪੫ ਈ.।

"ਸਰਕਾਰ ਅੰਗਰੇਜ਼ੀ ਸਦਾ ਪੰਜਾਬ ਨਾਲ ਮਿੱਤਰਤਾਈ ਰੱਖਦੀ ਆਈ ਹੈ।

"੧੮੦੯ ਈ. ਵਿਚ ਇਕ ਸੁਲ੍ਹਾ ਮਿੱਤਰਤਾਈ ਤੇ ਅਮਨ ਨੂੰ ਕਾਇਮ ਰੱਖਣ ਬਦਲੇ ਮਹਾਰਾਜਾ ਰਣਜੀਤ ਸਿੰਘ ਤੇ ਸਰਕਾਰ ਅੰਗਰੇਜ਼ੀ ਵਿਚ ਹੋਈ, ਜਿਸ ਦੀਆਂ ਸ਼ਰਤਾਂ ਨੂੰ ਸਰਕਾਰ ਅੰਗਰੇਜ਼ੀ ਤੇ ਮ. ਰਣਜੀਤ ਸਿੰਘ ਨੇ ਬੜੀ ਈਮਾਨਦਾਰੀ ਤੇ ਧਿਆਨ ਨਾਲ ਨਿਭਾਇਆ।

"ਹੁਣ ਤਕ ਓਹੋ ਜੇਹੇ ਦੋਸਤੀ ਦੇ ਸੰਬੰਧ, ਸਰਕਾਰ ਅੰਗਰੇਜ਼ੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸਾਂ ਵਿਚ ਬਣੇ ਆਏ।

"ਮਹਾਰਾਜਾ ਸ਼ੇਰ ਸਿੰਘ ਦੇ ਸੁਰਗਵਾਸ ਹੋਣ ਪਿੱਛੋਂ ਲਾਹੌਰ ਦਰਬਾਰ ਦੀ ਵਿਗੜੀ ਹੋਈ ਹਾਲਤ ਨੇ ਗਵਰਨਰ ਜੈਨਰਲ ਨੂੰ ਅੰਗਰੇਜ਼ੀ ਹੱਦਾਂ ਦੀ ਰਾਖੀ ਵਾਸਤੇ ਕਦਮ ਉਠਾਉਣ ਉੱਤੇ ਮਜਬੂਰ ਕਰ ਦਿੱਤਾ। ਇਹ ਕਦਮ ਉਠਾਉਣੇ, ਇਹਨਾਂ ਦੇ ਕਾਰਨ ਤੇ ਇਹਨਾਂ ਦੀ ਵਰਤੋਂ ਵੀ ਲਾਹੌਰ ਦਰਬਾਰ ਨੂੰ ਦੱਸ ਦਿੱਤੀ ਗਈ।

"ਲਾਹੌਰ ਸਰਕਾਰ ਦੀ ਵਿਗੜੀ ਹੋਈ ਹਾਲਤ—ਜੋ ਪਿਛਲੇ ਦੋ ਸਾਲ ਤੋਂ ਹੈ—ਤੇ ਲਾਹੌਰ ਦਰਬਾਰ ਦੀਆਂ ਵਧੀਕੀਆਂ ਦੇ ਹੁੰਦਿਆਂ ਹੋਇਆਂ ਵੀ ਗਵਰਨਰ-ਜੈਨਰਲ ਨੇ ਦੋਹਾਂ ਸਰਕਾਰਾਂ ਦੀ ਖ਼ੁਸ਼ੀ ਤੇ ਭਲਿਆਈ ਨੂੰ ਮੁੱਖ ਰੱਖ ਕੇ ਪੂਰੇ ਮਿੱਤਰਾਚਾਰੀ ਦੇ ਸੰਬੰਧ ਨੂੰ ਕਾਇਮ ਰੱਖਣ ਦੀ ਇੱਛਿਆ ਪਰਗਟ ਕੀਤੀ ਹੈ। ਗਵਰਨਰ-ਜੈਨਰਲ ਨੇ ਹਰ ਵੇਲੇ ਬਾਲਕ ਮ. ਦਲੀਪ ਸਿੰਘ—ਜਿਸਨੂੰ ਸਰਕਾਰ ਅੰਗਰੇਜ਼ੀ ਨੇ ਮਹਾਰਾਜਾ ਸ਼ੇਰ ਸਿੰਘ ਦਾ ਵਾਰਸ ਤੇ ਉਤਰ-ਅਧਿਕਾਰੀ ਮੰਨ ਲਿਆ ਸੀ—ਦੀ ਗ਼ਰੀਬੀ ਹਾਲਤ ਨੂੰ ਮੁੱਖ ਰੱਖ ਕੇ ਸਭ ਵਧੀਕੀਆਂ ਬੜੇ ਜੇਰੇ ਨਾਲ ਝੱਲੀਆਂ ਹਨ।

"ਗਵਰਨਰ-ਜੈਨਰਲ, ਪੰਜਾਬ ਵਿਚ ਇਕ ਤਕੜੀ ਸਿੱਖ ਸਰਕਾਰ—ਜੋ ਆਪਣੀ ਫ਼ੌਜ ਤੇ ਪਰਜਾ ਨੂੰ ਕਾਬੂ ਵਿਚ ਰੱਖ ਸਕੇ—ਕਾਇਮ ਹੋਈ ਵੇਖਣ ਦੀ ਸੱਚੇ ਦਿਲੋਂ ਚਾਹ ਰੱਖਦਾ ਹੈ। ਉਹਨੇ ਹੁਣ ਤਕ ਇਹ ਆਸ ਢਾਹੀ ਨਹੀਂ ਸੀ, ਤੇ ਚਾਹੁੰਦਾ ਸੀ, ਕਿ ਦੇਸ-ਭਗਤ ਸਰਦਾਰ ਤੇ ਲੋਕ ਏਸ ਕਾਰਜ ਨੂੰ ਸਿਰੇ ਚਾੜ੍ਹਨ।

"ਸਿੱਖ ਫ਼ੌਜ ਨੇ ਅੰਗਰੇਜ਼ੀ ਹੱਦ ਵੱਲੇ ਕੂਚ ਕੀਤਾ ਤੇ ਜੋ ਕੁਛ ਦਰਬਾਰ ਦੇ ਹੁਕਮਾਂ ਤੋਂ ਪਤਾ ਲੱਗਦਾ ਹੈ, ਉਹ ਅੰਗਰੇਜ਼ੀ ਇਲਾਕੇ ਉੱਤੇ ਕਬਜ਼ਾ ਕਰਨਾ ਚਾਹੁੰਦੀ ਹੈ।

"ਗਵਰਨਰ-ਜੇਨਰਲ ਦੇ ਏਜੰਟ ਨੇ, ਗਵਰਨਰ-ਜੈਨਰਲ ਦੀ ਆਗਿਆ ਅਨੁਸਾਰ ਏਸ ਚੜ੍ਹਾਈ ਦਾ ਕਾਰਨ ਪੁੱਛਿਆ ਤੇ ਅੱਗੋਂ ਕੋਈ ਉੱਤਰ ਨਾ ਮਿਲਣ 'ਤੇ ਦੁਬਾਰਾ ਪੁੱਛਿਆ। ਗਵਰਨਰ-ਜੇਨਰਲ ਸਿੱਖ ਸਰਕਾਰ ਨਾਲ ਵੈਰ ਵਧਾਉਣਾ ਚੰਗਾ ਨਹੀਂ ਸਮਝਦਾ ਸੀ, ਤੇ ਨਾ ਹੀ ਸਿੱਖਾਂ ਨੂੰ ਭੜਕਾਉਣ ਵਾਲਾ ਕੋਈ ਕੰਮ ਕੀਤਾ ਗਿਆ ਸੀ। ਏਸ ਵਾਸਤੇ ਕੋਈ ਐਹੋ ਜਿਹਾ ਕਦਮ ਉਠਾਉਣਾ ਠੀਕ ਨਾ ਸਮਝਿਆ ਗਿਆ, ਜਿਸ ਤੋਂ ਮਹਾਰਾਜੇ ਦਾ ਸਰਕਾਰ ਨਾਲ ਵਿਗਾੜ ਪਵੇ ਤੇ ਦੋਹਾਂ ਸਰਕਾਰਾਂ ਵਿਚ ਫੁੱਟ ਪੈ ਜਾਵੇ।

"ਜਦ ਦੋਬਾਰਾ ਪੁੱਛਣ 'ਤੇ ਵੀ ਕੋਈ ਜਵਾਬ ਨਾ ਮਿਲਿਆ, ਜਦੋਂ ਕਿ ਲਾਹੌਰ ਵਿਚ ਫ਼ੌਜੀ ਤਿਆਰੀਆਂ ਜ਼ੋਰਾਂ 'ਤੇ ਸਨ, ਤਾਂ ਗਵਰਨਰ-ਜੈਨਰਲ ਨੇ ਆਪਣੀਆਂ ਫ਼ੌਜਾਂ ਨੂੰ ਹੱਦ ਵੱਲ ਵੱਧਣ ਦਾ ਹੁਕਮ ਦਿੱਤਾ, ਕਿਉਂਕਿ ਜ਼ਰੂਰੀ ਹੋ ਗਿਆ ਸੀ, ਕਿ ਹੱਦ ਉਪਰਲੀ ਫ਼ੌਜ ਨੂੰ ਸਹਾਇਤਾ ਭੇਜੀ ਜਾਵੇ।

"ਹੁਣ ਸਿੱਖ ਫ਼ੌਜ ਨੇ, ਬਿਨਾਂ ਕਿਸੇ ਕਾਰਨ ਦੇ, ਅੰਗਰੇਜ਼ੀ ਇਲਾਕੇ 'ਤੇ ਹਮਲਾ ਕਰ ਦਿੱਤਾ।

"ਗਵਰਨਰ-ਜੇਨਰਲ ਨੂੰ ਅੰਗਰੇਜ਼ੀ ਸੂਬਿਆਂ ਨੂੰ ਬਚਾਉਣ ਬਦਲੇ ਤੇ ਅੰਗਰੇਜ਼ੀ ਲਾਭ ਦੀ ਰਾਖੀ ਕਰਨ ਬਦਲੇ ਸੁਲ੍ਹਾ ਤੋੜਨ ਵਾਲਿਆਂ ਤੇ ਲੋਕਾਂ ਦਾ ਅਮਨ ਭੰਗ ਕਰਨ ਵਾਲਿਆਂ ਨੂੰ ਸਜ਼ਾ ਦੇਣ ਬਦਲੇ ਜ਼ਰੂਰੀ ਕਦਮ ਉਠਾਉਣਾ ਚਾਹੀਦਾ ਹੈ।

"ਗਵਰਨਰ-ਜੈਨਰਲ ਐਲਾਨ ਕਰਦਾ ਹੈ, ਕਿ ਮਹਾਰਾਜਾ ਦਲੀਪ ਸਿੰਘ ਦੇ ਉਹ ਇਲਾਕੇ, ਜੋ ਦਰਿਆ ਸਤਲੁਜ ਦੇ ਖੱਬੇ ਪਾਸੇ, ਭਾਵ ਅੰਗਰੇਜ਼ੀ ਕਨਾਰੇ ਵੱਲੇ ਹਨ, ਉਹ ਜ਼ਬਤ ਕਰ ਕੇ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਜਾਂਦੇ ਹਨ।

"ਗਵਰਨਰ-ਜੇਨਰਲ ਉਹਨਾਂ ਸਭ ਜਾਗੀਰਦਾਰਾਂ, ਜ਼ਿਮੀਂਦਾਰਾਂ ਤੇ ਮੁਜ਼ਾਰਿਆਂ ਦੇ ਹੱਕਾਂ ਦੀ ਰਾਖੀ ਕਰੇਗੀ, ਜੋ ਸਰਕਾਰ ਅੰਗਰੇਜ਼ੀ ਦੇ ਆਗਿਆਕਾਰ ਤੇ ਵਫ਼ਾਦਾਰ ਰਹਿਣਗੇ।

"ਗਵਰਨਰ-ਜੇਨਰਲ ਇਸ ਇਲਾਕੇ ਦੇ ਸਾਰੇ ਸਰਦਾਰਾਂ ਤੇ ਅਮੀਰਾਂ ਨੂੰ ਸਰਕਾਰ ਅੰਗਰੇਜ਼ੀ ਨਾਲ ਮਿਲਨ ਦਾ ਸੱਦਾ ਦੇਂਦਾ ਹੈ, ਤਾਂ ਜੋ ਉਹ ਸਾਰੇ

ਮਿਲਕੇ ਸਾਂਝੇ ਵੈਰੀ ਨੂੰ ਸਜ਼ਾ ਦੇਣ ਤੇ ਇਹਨਾਂ ਇਲਾਕਿਆਂ ਵਿਚ ਅਮਨ ਕਾਇਮ ਰੱਖਣ। ਜੋ ਸਰਦਾਰ ਏਸ ਕੰਮ ਵਿਚ ਵਫ਼ਾਦਾਰੀ ਤੇ ਈਮਾਨਦਾਰੀ ਪਰਗਟ ਕਰਨਗੇ, ਉਹਨਾਂ ਦੇ ਹੱਕਾਂ ਵਿਚ ਵਾਧਾ ਕੀਤਾ ਜਾਵੇਗਾ ਤੇ ਜਿਹੜੇ ਦੂਜਾ ਰਾਹ ਫੜਨਗੇ, ਉਹ ਸਰਕਾਰ ਅੰਗਰੇਜ਼ੀ ਦੇ ਦੁਸ਼ਮਣ ਸਮਝੇ ਜਾਣਗੇ ਤੇ ਸਜ਼ਾ ਦੇ ਭਾਗੀ ਬਨਣਗੇ।

"ਸਤਲੁਜ ਦੇ ਖੱਬੇ ਪਾਸੇ ਦੇ ਵਸਨੀਕਾਂ ਨੂੰ ਸੁਣਾ ਦਿੱਤਾ ਜਾਂਦਾ ਹੈ, ਕਿ ਉਹ ਆਰਾਮ ਨਾਲ ਆਪਣੇ ਘਰਾਂ ਤੇ ਪਿੰਡਾਂ ਵਿਚ ਬੈਠੇ ਰਹਿਣ, ਜਿਥੇ ਸਰਕਾਰ ਅੰਗਰੇਜ਼ੀ ਉਹਨਾਂ ਦੀ ਰਾਖੀ ਕਰੇਗੀ। ਹਥਿਆਰਬੰਦ ਜੱਥੇ ਜੋ ਆਪਣੀ ਹੋਂਦ ਦਾ ਠੀਕ ਕਾਰਨ ਨਾ ਦੱਸ ਸੱਕਣਗੇ, ਉਹਨਾਂ ਨਾਲ ਬਾਗ਼ੀਆਂ ਵਾਲਾ ਸਲੂਕ ਕੀਤਾ ਜਾਵੇਗਾ।

"ਸਰਕਾਰ ਅੰਗਰੇਜ਼ੀ ਦੀ ਉਹ ਪਰਜਾ, ਜਿਸ ਦੀ ਸਤਲੁਜ ਦੇ ਦੋਹੀਂ ਪਾਸੀਂ ਜਾਇਦਾਦ ਹੈ ਤੇ ਜਿਸ ਨੂੰ ਅੰਗਰੇਜ਼ਾਂ ਦੇ ਵਫ਼ਾਦਾਰ ਰਹਿਣ ਦੇ ਕਾਰਨ ਕਿਸੇ ਕਿਸਮ ਦਾ ਨੁਕਸਾਨ ਪੁਜੇਗਾ, ਉਹਦਾ ਉਹ ਨੁਕਸਾਨ ਪੂਰਾ ਕੀਤਾ ਜਾਵੇਗਾ।

"ਇਸਦੇ ਉਲਟ ਸਰਕਾਰ ਅੰਗਰੇਜ਼ੀ ਦੀ ਉਹ ਪਰਜਾ, ਜੋ ਲਾਹੌਰ ਦਰਬਾਰ ਦੀ ਨੌਕਰੀ ਵਿਚ ਰਹੇਗੀ ਤੇ ਜੋ ਇਸ ਐਲਾਨ ਦੇ ਪਿੱਛੋਂ ਵੀ ਸਿੱਖ ਸਰਕਾਰ ਦੀ ਵਫ਼ਾਦਾਰ ਰਹੇਗੀ, ਉਸਦੀ ਸਤਲੁਜ ਦੇ ਇਸ ਪਾਸੇ ਵਾਲੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ ਤੇ ਉਸਨੂੰ ਅੰਗਰੇਜ਼ੀ ਸਰਕਾਰ ਦੀ ਦੁਸ਼ਮਣ ਸਮਝਿਆ ਜਾਵੇਗਾ।"

ਏਸ ਐਲਾਨ ਵਿਚ ਲਾਰਡ ਹਾਰਡਿੰਗ ਨੇ ਸੁਲ੍ਹਾ ਤੋੜਨ ਦਾ ਦੋਸ਼ ਸਿੱਖਾਂ ਸਿਰ ਥੱਪਿਆ ਹੈ, ਤੇ ਨਾਲ ਹੀ ਕਿਹਾ ਹੈ, ਕਿ ਸਿੱਖ ਬਿਨਾਂ ਕਾਰਨ ਸਾਡੇ ਇਲਾਕੇ 'ਤੇ ਚੜ੍ਹ ਆਏ ਹਨ। ਸੋ ਉਹਨਾਂ ਨੂੰ ਸਜ਼ਾ ਦੇਣ ਬਦਲੇ ਅੰਗਰੇਜ਼ ਅੱਗੋਂ ਲੜਨ ਲਈ ਤਿਆਰ ਹੋਏ ਹਨ। ਭਾਵ, ਕਿ ਇਹ ਲੜਾਈ ਸਿੱਖਾਂ ਨੇ ਬਿਨਾਂ ਕਾਰਨ ਛੇੜੀ ਹੈ।

**ਸੁਲ੍ਹਾ ਕਿਸ ਨੇ ਤੋੜੀ?**

ਏਸਦਾ ਉੱਤਰ ਮੇਜਰ ਸਮਿੱਥ—ਜੋ ਸਿੱਖਾਂ ਦੀ ਸਰਹੱਦ ਉੱਤੇ ਅੰਗਰੇਜ਼ਾਂ ਵੱਲੋਂ ਪੁਲੀਟੀਕਲ ਏਜੰਟ (ਰਾਜਦੂਤ) ਸੀ—ਆਪਣੀ ਕਿਤਾਬ*

*A History of the Reigning Family of Lahore, Introduction, P. XXI, XXII, XXIII.

ਦੇ ਮੁਖਬੰਦ ਵਿਚ ਇਉਂ ਲਿਖਦਾ ਹੈ :—"ਪੰਜਾਬ ਦੇ ਜੰਗ ਸੰਬੰਧੀ ਮੇਰੀ ਰਾਏ ਹੈ, ਕਿ ਨਾ ਤਾਂ ਸਿੱਖਾਂ ਨੇ ਬਿਨਾਂ ਭੜਕਾਹਟ ਦੇ ਹਮਲਾ ਕੀਤਾ ਤੇ ਨਾ ਹੀ ਅਸਾਂ ਉਹਨਾਂ (ਸਿੱਖਾਂ) ਨਾਲ ਸਹਿਨਸ਼ੀਲਤਾ ਵਾਲਾ ਵਰਤਾਉ ਕੀਤਾ। ਮੇਰੀ ਰਾਏ ਹੈ, ਕਿ ਸਾਨੂੰ-ਇਕ ਵੱਡੀ ਤਾਕਤ ਹੋਣ ਕਰਕੇ—ਸਿੱਖਾਂ ਨਾਲ ਪਿਆਰ ਮੁਹੱਬਤ ਵਾਲਾ ਵਰਤਾਉ ਅਖ਼ਤਿਆਰ ਕਰਨਾ ਚਾਹੀਦਾ ਸੀ। ਮਗਰ ਅਸਾਂ (ਅੰਗਰੇਜ਼ਾਂ) ਐਸਾ ਤਰੀਕਾ ਅਖ਼ਤਿਆਰ ਕੀਤਾ, ਜਿਸਨੂੰ ਸ਼ਾਹੀ ਬੋਲੀ ਵਿਚ ਹਾਕਮਾਨਾਂ ਢੰਗ ਕਿਹਾ ਜਾਂਦਾ ਹੈ। ਜਦ ਸਿੱਖਾਂ ਨੂੰ ਸਾਡਾ ਇਹ ਰਵੱਈਆ ਪਸੰਦ ਨਹੀਂ ਸੀ, ਤਾਂ ਅਸਾਂ ਅੱਗੋਂ ਕੋਈ ਚੰਗਾ ਢੰਗ ਨਾ ਫੜਿਆ। ਜੇ ਅਸੀਂ ਸਿੱਖਾਂ ਨੂੰ ਬਿਲਕੁਲ ਆਜ਼ਾਦ ਰਿਆਸਤ ਮੰਨਦੇ, ਜੋ ਕਿਸੇ ਤਰ੍ਹਾਂ ਵੀ ਸਾਡੇ ਅੱਗੇ ਜਵਾਬ ਦਿਹ ਨਹੀਂ ਸਨ, ਤਾਂ ਸਾਨੂੰ ਉਹਨਾਂ ਨੂੰ ਭੜਕਾਉਣਾ ਨਹੀਂ ਸੀ ਚਾਹੀਦਾ। ਏਸ ਗੱਲ ਨੂੰ ਜ਼ੋਰ ਨਾਲ ਸਾਬਤ ਕਰਨਾ, ਕਿ ਬੰਬਈ ਤੋਂ ਬੇੜੀਆਂ ਦਾ ਪੁਲ ਮੰਗਵਾਇਆ ਗਿਆ ਹੈ, ਉਹ ਕਿਸੇ ਹਮਲੇ ਦੀ ਤਿਆਰੀ ਵਾਸਤੇ ਨਹੀਂ, ਸਗੋਂ ਆਪਣੀ ਰਾਖੀ ਵਾਸਤੇ ਹੈ, ਇਹ ਨਿਰਾ ਬਹਾਨਾ ਹੈ। ਏਸ ਤੋਂ ਬਿਨਾਂ ਸਿੱਖਾਂ ਕੋਲ ਦਿਹਲੀ-ਗਜ਼ਟ ਵਿੱਚ ਛਪੀ ਹੋਈ ਸਰ ਚਾਰਲਸ ਨੇਪੀਅਰ (Charles Napier) ਦੀ ਤਕਰੀਰ ਦਾ ਤਰਜਮਾ ਵੀ ਸੀ (ਕਿ ਜੇ ਸਿੰਧ ਦੇ ਡਾਕੂ ਕਬੀਲੇ ਬਿਨਾਂ ਦਬਾਏ ਛੱਡ ਦਿੱਤੇ ਗਏ, ਜਦੋਂ ਕਿ ਸਿੰਧ ਵਿਚ ਬਿਲਕੁਲ ਅਮਨ ਸੀ, ਤਾਂ ਜਦੋਂ ਅੰਗਰੇਜ਼ੀ ਫ਼ੌਜ ਪੰਜਾਬ ਵਿਚ ਰੁੱਝੀ ਹੋਵੇਗੀ, ਓਦੋਂ ਉਹ ਕਬੀਲੇ ਸਾਡੇ ਵਾਸਤੇ ਮੁਸੀਬਤ ਦਾ ਕਾਰਨ ਬਣ ਜਾਣਗੇ।) ਜਿਸ ਤੋਂ ਸਾਫ਼ ਪਰਗਟ ਹੁੰਦਾ ਸੀ, ਕਿ ਅਸੀਂ ਸਿੱਖਾਂ ਵਿਰੁੱਧ ਲੜਾਈ ਛੇੜਨ ਵਾਲੇ ਹਾਂ। ਏਸ ਹਾਲਤ ਵਿਚ ਜਿਸ ਤਰ੍ਹਾਂ ਸਭ ਯੂਰਪੀਨ ਤਾਕਤਾਂ ਕਰਦੀਆਂ ਹਨ, ਸਿੱਖਾਂ ਵੀ ਇਹ ਸੋਚਿਆ ਕਿ ਉਹ ਪਹਿਲਾਂ ਮੈਦਾਨ ਵਿਚ ਆਉਣ। ਨਾਲ ਹੀ, ਉਹ ਆਪਣੇ ਇਲਾਕੇ ਵਿਚ ਉਤਰੇ ਹੋਏ ਸਨ ਸਾਡੇ ਵਿਚ ਨਹੀਂ।....

"ਸਾਨੂੰ ਦੱਸਿਆ ਗਿਆ ਹੈ, ਕਿ ਸਿੱਖਾਂ ਨੇ ਆਪਣੀ ਫ਼ੌਜ ਦਰਿਆ ਪਾਰ ਕਰਕੇ ਸੁਲ੍ਹਾ ਦੀ ਸ਼ਰਤ ਤੋੜੀ ਹੈ। ਪਰ ਸੁਆਲ ਇਹ ਹੈ ਕਿ ਜਦੋਂ ਸਿੱਖਾਂ ਨੇ ਦਰਿਆ ਪਾਰ ਕੀਤਾ, ਕੀ ਓਦੋਂ ਸੁਲ੍ਹਾ ਟੁੱਟ ਨਹੀਂ ਸੀ ਚੁੱਕੀ ? ਇਕ ਦੇਸੀ ਰਿਆਸਤ ਤੋਂ ਬਾਕਾਇਦਾ ਯੁੱਧ ਦੇ ਐਲਾਨ ਦੀ ਆਸ ਰੱਖਣਾ* ਬੇਸਮਝੀ ਹੈ।

*ਸਿੱਖਾਂ ਨੇ ੧੭ ਨਵੰਬਰ ਨੂੰ ਬਾਕਾਇਦਾ ਯੁੱਧ ਦਾ ਐਲਾਨ ਕੀਤਾ ਹੈ, ਚਾਰ ਸ਼ਰਤਾਂ ਦਾ ਹਵਾਲਾ ਦੇ ਕੇ। ਵੇਖੋ ਏਸੇ ਪੁਸਤਕ ਦਾ ਪੰਨਾ ੧੧੨।

ਮੈਂ ਸਿਰਫ ਇਹ ਪੁੱਛਦਾ ਹਾਂ, ਕਿ ਕੀ ਅਸੀਂ ਮਿਤ੍ਰਾਚਾਰੀ ਦੇ ਨੇਮਾਂ ਤੋਂ ਪਹਿਲਾਂ ਨਹੀਂ ਫਿਰੇ ? ਜਦ ਲੜਾਈ ਹੋਣ ਤੋਂ ਇਕ ਸਾਲ ਪਹਿਲਾਂ ਅਸਾਂ ਉਸ ਟਾਪੂ (ਜਜ਼ੀਰੇ) 'ਤੇ ਕਬਜ਼ਾ ਕਰ ਲਿਆ, ਜੋ ਫ਼ਿਰੋਜ਼ਪੁਰ ਤੇ ਪੰਜਾਬ ਦੇ ਵਿਚ ਸੀ। ਉਹ ਟਾਪੂ ਸਿੱਖਾਂ ਦੀ ਮਾਲਕੀ ਸੀ, ਕਿਉਂਕਿ ਟਾਪੂ ਤੇ ਸਾਡੇ ਵਿਚਕਾਰ ਪਾਣੀ ਡੂੰਘਾ ਸੀ।

"ਜੇ ਏਹਾ ਸੁਆਲ ਹੈ, ਕਿ ਸਾਡੀ ਸਿੱਖਾਂ ਨਾਲ ਕੋਈ ਸੁਲ੍ਹਾ ਸੀ ਜਾਂ ਨਹੀਂ ਸੀ, ਤਾਂ ਮੇਰੀ ਏਹਾ ਰਾਏ ਹੈ, ਕਿ ਕੋਈ ਸੁਲ੍ਹਾ ਨਹੀਂ ਸੀ। ਮੈਂ ਰਾਜਸੀ ਮਹਿਕਮੇ ਦੇ ਇਕ ਵੱਡੇ ਅਫ਼ਸਰ ਤੋਂ ਸੁਣਿਆਂ ਹੈ, ਕਿ ਉੱਤਰ-ਪੱਛਮੀ ਰਿਆਸਤ (ਪੰਜਾਬ) ਦੀ ਨਵੀਂ ਹਕੂਮਤ ਨਾਲ ਸਾਡੀ ਕੋਈ ਸੁਲ੍ਹਾ ਨਹੀਂ ਹੈ। ਫਿਰ ਜੇ ਕੋਈ ਸੁਲ੍ਹਾ ਸੀ ਹੀ ਨਹੀਂ, ਤਾਂ ਅਸੀਂ ਸਿੱਖਾਂ ਨੂੰ ਸੁਲ੍ਹਾ ਤੋੜਨ ਵਾਲੇ ਕਿਵੇਂ ਆਖ ਸਕਦੇ ਹਾਂ ? ਤੇ ਜੇ ੧੮੦੯ ਈ. ਦੀ ਸੁਲ੍ਹਾ ਦੋਹਾਂ ਹਕੂਮਤਾਂ 'ਤੇ ਲਾਗੂ ਹੁੰਦੀ ਸੀ, ਤਾਂ ਇਕ ਸਾਧਾਰਨ ਸੁਆਲ ਹੈ, ਕਿ ਦੋਸਤੀ ਦੇ ਨੇਮਾਂ ਤੋਂ ਪਹਿਲਾਂ ਕੌਣ ਫਿਰਿਆ? ਮੇਰਾ ਪੱਕਾ ਫ਼ੈਸਲਾ ਹੈ, ਕਿ ਪਹਿਲਾਂ ਅਸੀਂ ਫਿਰੇ। ਪਰ ਮੇਰੀ ਇਹ ਵੀ ਰਾਏ ਹੈ, ਕਿ ਕੋਈ ਸੁਲ੍ਹਾ ਨਹੀਂ ਸੀ।

"ਮਹਾਰਾਜਾ ਰਣਜੀਤ ਸਿੰਘ ਦੇ ਸੁਰਗਵਾਸ ਹੋਣ ਪਿਛੋਂ ਅਸੀਂ ਕਈ ਸਾਲਾਂ ਤੋਂ 'ਅਯਾਲੀ ਤੇ ਬਘਿਆੜ' ਵਾਲੀ ਕਹਾਣੀ ਦੁਹਰਾਉਂਦੇ ਰਹੇ। ਅਖ਼ਬਾਰਾਂ ਤੇ ਰਾਜਸੀ ਹਲਕਿਆਂ ਵਿਚ ਕਈ ਪਤਵੰਤੇ ਅਫ਼ਸਰ ਵਾਰ-ਵਾਰ ਰੌਲਾ ਪਾਉਂਦੇ ਰਹੇ, ਕਿ 'ਸਿੱਖ ਆ ਰਹੇ ਹਨ।'

"ਭਾਵੇਂ ਕਪਤਾਨ ਗਾਰਡਨਰ ਨੇ ਸਦਾ ਏਹਾ ਖ਼ਬਰ ਘੱਲੀ ਕਿ ਸਿੱਖ ਦਰਿਆ ਪਾਰ ਕਰਨਗੇ, ਪਰ ਮੈਨੂੰ ਏਸ ਦਾ ਇਕ ਪਲ ਵੀ ਯਕੀਨ ਨਾ ਆਇਆ।"

ਹੁਣ ਆਪੇ ਫ਼ੈਸਲਾ ਕਰ ਲਵੋ, ਕਿ ਸੁਲ੍ਹਾ ਕੀਹਨੇ ਤੋੜੀ ਤੇ ਲੜਾਈ ਕੀਹਦੇ ਪੈਰੋਂ ਛਿੜੀ ? ਅਚਨਚੇਤ ਹੋ ਪਈ, ਜਾਂ ਗਿਣ ਮਿਥ ਕੇ ਕੀਤੀ ਗਈ ?

ਅੰਗਰੇਜ਼ ੪ ਸਾਲ ਤੋਂ ਏਸ ਜੰਗ ਵਾਸਤੇ ਤਿਆਰ ਹੋ ਰਹੇ ਸਨ। ਲੜਾਈ ਆਰੰਭ ਹੋਣ ਸਮੇਂ ਸਤਲੁਜ ਦੇ ਕੰਢੇ ਸਾਰੇ ੩੨੪੭੯ ਅੰਗਰੇਜ਼ੀ ਸਿਪਾਹੀ ਸਨ ਤੇ ਇਸ ਤੋਂ ਵੱਖਰੀ ਮੇਰਠ, ਕਰਨਾਲ ਤੇ ਦਿੱਲੀ ਹੋਰ ਫ਼ੌਜ ਵੀ ਸੀ। ਓਸ ਵੇਲੇ ਫ਼ੀਰੋਜ਼ਪੁਰ ਵਿਚ ਸਰ ਲਿਟਲਰ (Major General Sir John Littler) ਕੋਲ ੭ ਹਜ਼ਾਰ ਫ਼ੌਜ ਤੇ ੧੨ ਤੋਪਾਂ ਸਨ। ਲੁਧਿਆਣੇ ਪੰਜ ਹਜ਼ਾਰ ਫ਼ੌਜ ਤੇ

੧੨ ਤੋਪਾਂ ਸਨ। ਸਣੇ ਕਸੌਲੀ, ਅੰਬਾਲੇ ਵਿਚ ਗਿਲਬਰਟ (Major General Walter Releigh Gilbert) ਦੇ ਅਧੀਨ ੧੦ ਹਜ਼ਾਰ ਫ਼ੌਜ ਸੀ। ਮੇਰਠ ਵਿਚ ੯੦੦੦ ਫ਼ੌਜ ਤੇ ੨੬ ਤੋਪਾਂ ਸਨ।

ਦਸੰਬਰ ਦੇ ਆਰੰਭ ਵਿਚ ਲਾਰਡ ਹਾਰਡਿੰਗ ਲੁਧਿਆਣੇ ਤੇ ਸੈਨਾਪਤੀ ਗਫ ਅੰਬਾਲੇ ਸੀ। ਅੰਬਾਲੇ ਦੀ ਫ਼ੌਜ ਸਣੇ ਗਫ਼ ੧੨ ਦਸੰਬਰ ਨੂੰ ਓਥੋਂ ਤੁਰਿਆ ਤੇ ਰਾਜਪੁਰਾ, ਸਰਹਿੰਦ, ਲੁਟਾਲਾ, ਵੱਧਣੀ ਹੁੰਦਾ ਹੋਇਆ ੧੭ ਦਸੰਬਰ ਸਵੇਰ ਨੂੰ ਬੁਸੀਨ ਪੁੱਜ ਗਿਆ। ਏਥੇ ਹੀ ਲੁਧਿਆਣੇ ਦੀ ਫ਼ੌਜ ਸਣੇ ਲਾਰਡ ਹਾਰਡਿੰਗ ਆ ਮਿਲਿਆ। ਏਥੇ ਬਰਾਡਫੁਟ ਨੇ ਜੰਗੀ ਸਾਮਾਨ ਕੱਠਾ ਕੀਤਾ ਹੋਇਆ ਸੀ। ੧੭ ਸ਼ਾਮ ਨੂੰ ਦੋਵੇਂ ਚੜਿੱਕ ਪੁੱਜੇ ਤੇ ਅਗਲੇ ਦਿਨ ਮੁਦਕੀ ਲੜਾਈ ਜਾ ਆਰੰਭੀ।

**ਲਾਲ ਸਿੰਘ ਸਣੇ ਫ਼ੌਜ ਫ਼ੀਰੋਜ਼ਪੁਰ ਉੱਤੇ**

ਆਓ, ਹੁਣ ਸਿੱਖ ਫ਼ੌਜ ਵੱਲ ਚੱਲੀਏ। ਉਹਨੇ ੧੧ ਦਸੰਬਰ ਨੂੰ ਸਤਲੁਜ ਟੱਪ ਕੇ ਫ਼ਤਹਿਗੜ੍ਹ-ਸਭਰਾਵਾਂ ਵਿਚ ਇਕ ਕੱਚਾ ਕਿਲ੍ਹਾ ਬਣਾ ਲਿਆ। ੧੪ ਦਸੰਬਰ ਨੂੰ ਏਸ ਦਲ ਦਾ ਇਕ ਹਿੱਸਾ ਫ਼ੀਰੋਜ਼ਪੁਰ ਦੇ ਨੇੜੇ ਜਾ ਧਮਕਿਆ। ਫ਼ੀਰੋਜ਼ਪੁਰ ਵਿਚ ਸਰ ਲਿਟਲਰ ੭ ਹਜ਼ਾਰ ਫ਼ੌਜ ਸਣੇ ਬੈਠਾ ਸੀ। ਏਥੇ ਅੰਗਰੇਜ਼ਾਂ ਦਾ ੪੫ ਲੱਖ ਦਾ ਖ਼ਜ਼ਾਨਾ ਤੇ ਬੇਅੰਤ ਜੰਗੀ ਸਾਮਾਨ ਪਿਆ ਸੀ। ਸਿੱਖਾਂ ਦਾ ਆਉਣਾ ਸੁਣਕੇ ਲਿਟਰਲ ਘਬਰਾ ਗਿਆ। ਪਰ ਲਾਲ ਸਿੰਘ ਦੇ ਖ਼ਤ ਨੇ ਇਹ ਤੌਖਲਾ ਛੇਤੀ ਹੀ ਦੂਰ ਕਰ ਦੱਤਾ। ਉਹ *ਨਿਕਲਸਨ (Nicolson) ਨੂੰ ਲਿਖਦਾ ਹੈ "ਆਪ ਨੂੰ ਪਤਾ ਹੋਵੇਗਾ, ਕਿ ਮੈਂ ਅੰਗਰੇਜ਼ਾਂ ਦਾ ਮਿੱਤਰ ਹਾਂ। ਮੈਂ ਖ਼ਾਲਸਾ ਫ਼ੌਜ ਸਣੇ ਦਰਿਆਓਂ ਇਸ ਪਾਰ ਆ ਗਿਆ ਹਾਂ। ਦੱਸੋ, ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ।"()

ਅੱਗੋਂ ਉੱਤਰ ਮਿਲਿਆ :—"ਜੇ ਆਪ ਅੰਗਰੇਜ਼ਾਂ ਦੇ ਮਿਤੱਰ ਹੋ, ਤਾਂ ਫ਼ੀਰੋਜ਼ਪੁਰ 'ਤੇ ਹਮਲਾ ਨਾ ਕਰੋ। ਜਿੰਨੀ ਦੇਰ ਹੋ ਸਕੇ, ਕਰੋ, ਤੇ ਆਪਣੀ ਫ਼ੌਜ ਨੂੰ ਗਵਰਨਰ-ਜੈਨਰਲ ਦੇ ਸਾਮ੍ਹਣੇ ਲੈ ਜਾਓ।"

---

*ਕੈਪਟਨ ਨਿਕਲਸਨ, ਪੋਲੀਟੀਕਲ ਏਜੰਟ ਬਰਾਡਫੁਟ ਦਾ ਨਾਇਬ ਫ਼ੀਰੋਜ਼ਪੁਰ ਰਹਿੰਦਾ ਸੀ।

()ਪੰਜਾਬ ਹਰਣ ਔਰ ਮ. ਦਲੀਪ ਸਿੰਘ, ਪੰਨਾ ੩੪।

ਲਾਲ ਸਿੰਘ ਨੇ ਇਸ ਹੁਕਮ ਨੂੰ ਖ਼ੁਦਾਈ ਫ਼ੁਰਮਾਨ ਸਮਝ ਕੇ ਮੰਨਿਆ ਤੇ ਮੁੱਲ-ਖਰੀਦੇ ਗੋਲੇ ਵਾਂਗ ਪੂਰਾ ਕੀਤਾ। ਉਹਨੇ ਇਹ ਕਹਿ ਕੇ ਫ਼ੌਜ ਨੂੰ ਫ਼ੀਰੋਜ਼ਪੁਰ 'ਤੇ ਹਮਲਾ ਨਾ ਕਰਨ ਦਿੱਤਾ, 'ਖ਼ਾਲਸੇ ਦੀ ਸ਼ਾਨ ਤੇ ਵਡਿਆਈ ਏਸੇ ਵਿਚ ਹੈ, ਕਿ ਉਹ ਅੰਗਰੇਜ਼ਾਂ ਦੇ ਵੱਡੇ ਲਾਟ ਨਾਲ ਲੜੇ ਤੇ ਉਹਨੂੰ ਫੜ ਲਵੇ ਜਾਂ ਮਾਰ ਦੇਵੇ। ਛੋਟੇ ਅਫ਼ਸਰਾਂ 'ਤੇ ਹਮਲਾ ਕਰਕੇ ਅਸਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਾਨ ਨੂੰ ਨੀਵਾਂ ਨਹੀਂ ਕਰਨਾ। ਸ਼ੇਰਾਂ ਦਾ ਕੰਮ ਸ਼ੇਰਾਂ ਨਾਲ ਟਾਕਰਾ ਕਰਨਾ ਹੈ, ਕਮਜ਼ੋਰ 'ਤੇ ਵਾਰ ਕਰਨਾ ਨਹੀਂ।' ਭੋਲੇ ਤੇ ਨਿਰਛਲ ਸਿਪਾਹੀ ਏਸ ਚਾਲ ਨੂੰ ਸਮਝ ਨਾ ਸਕੇ ਤੇ ਦੇਸ-ਧਰੋਹੀ ਲਾਲ ਸਿੰਘ ਦੇ ਝਾਂਸੇ ਵਿਚ ਆ ਗਏ। ਏਸ ਤਰ੍ਹਾਂ ਫ਼ੀਰੋਜ਼ਪੁਰ ਸਿੱਖਾਂ ਦੀ ਮਾਰ ਤੋਂ ਬਚ ਗਿਆ।

ਮੈਕਗ੍ਰੇਗਰ ਲਿਖਦਾ ਹੈ :—"ਜੇ ਸਿੱਖ ਫ਼ੀਰੋਜ਼ਪੁਰ 'ਤੇ ਹੱਲਾ ਬੋਲ ਦੇਂਦੇ, ਤਾਂ ਸਰ ਲਿਟਲਰ ਸਿੱਖਾਂ ਦੇ ਘੇਰੇ ਵਿਚੋਂ ਸ਼ਹਿਰ ਨੂੰ ਔਖਾ ਹੀ ਬਚਾ ਸਕਦਾ, ਜੋ (ਸਿੱਖ) ਵੱਡੀਆਂ ਵੱਡੀਆਂ ਤੋਪਾਂ ਤੇ ਖ਼ਾਲਸਾ ਫ਼ੌਜ ਨਾਲ ਤਿੰਨਾਂ ਪਾਸਿਆਂ ਤੋਂ ਸ਼ਹਿਰ ਨੂੰ ਘੇਰੀ ਬੈਠੇ ਸਨ। ਲਿਟਰਲ ਕੋਲ ਗੋਰਾ ਫ਼ੌਜ ਕੇਵਲ ਮਲਕਾ ਦੀ ਬਾਹਠਵੀਂ, ਦੋ ਦਸਤੇ ਤੇ ਕੁਛ ਕੰਪਨੀਆਂ ਪੈਦਲਾਂ ਦੀਆਂ ਸਨ। ਹਮਲੇ ਦੀ ਜੋ ਸੂਰਤ ਹੋ ਸਕਦੀ ਸੀ, ਉਸਦਾ ਅਨੁਮਾਨ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਘਮਸਾਣ ਦੀਆਂ ਲੜਾਈਆਂ ਤੋਂ ਸੌਖਾ ਹੀ ਲੱਗ ਸਕਦਾ ਹੈ। ਫੇਰੂ ਸ਼ਹਿਰ ਦੀ ਲੜਾਈ ਵਿਚ ਫ਼ੀਰੋਜ਼ਪੁਰ ਵਾਲੀ ਫ਼ੌਜ ਨੇ ਆਪਣੇ ਬਹਾਦਰ ਜਰਨੈਲਾਂ ਦੇ ਮਾਤਹਿਤ ਵਿਰੋਧੀ ਧੜੇ (ਸਿੱਖਾਂ) ਨੂੰ ਐਹੋ ਜੇਹੇ (ਬਹਾਦਰ) ਡਿੱਠਾ, ਜੇਹੋ ਜੇਹੀ ਉਹਨਾਂ ਨੂੰ ਆਸ ਨਹੀਂ ਸੀ। ਸਾਡੀ ਖ਼ੁਸ਼ਕਿਸਮਤੀ ਹੈ, ਕਿ ਸਿੱਖ ਫ਼ੌਜ ਨੇ ਸਤਲੁਜ ਟੱਪ ਕੇ ਫ਼ੀਰੋਜ਼ਪੁਰ 'ਤੇ ਹਮਲਾ ਨਹੀਂ ਕੀਤਾ। ਜੋ ਉਹ ਕਰ ਸਕਦੇ ਸਨ, ਉਹ ਇਹ ਹੈ, ਕਿ ਬਾਰਕਾਂ ਤੇ ਅਫ਼ਸਰਾਂ ਦੇ ਬੰਗਲੇ ਸਾੜ ਦੇਂਦੇ ਤੇ ਬਾਜ਼ਾਰ ਲੁੱਟ ਲੈਂਦੇ। ਓਸ ਵੇਲੇ ਸ਼ਹਿਰ ਦੇ ਲੋਕਾਂ ਵਿਚ ਸਖ਼ਤ ਹਫੜਾਦਫੜੀ ਮੱਚੀ ਹੋਈ ਸੀ ਤੇ ਸੌਖੀ ਹੀ ਲੁੱਟ-ਮਾਰ ਹੋ ਸਕਦੀ ਸੀ, ਜਿਸ ਲਈ ਖ਼ਾਲਸੇ-ਖ਼ਾਸ ਕਰ ਅਕਾਲੀ-ਮਸ਼ਹੂਰ ਸਨ। ਜੇ ਉਸ ਹਮਲੇ ਸਮੇਂ ਰਣਜੀਤ ਸਿੰਘ ਵੇਲੇ ਦਾ ਹਾਕਮ ਹੁੰਦਾ, ਤਾਂ ਉਹ ਦਰਿਆ ਪਾਰ ਕਰਦਿਆਂ ਹੀ ਪਹਿਲਾ ਕੰਮ ਇਹ ਕਰਦਾ, ਕਿ ਅਕਾਲੀਆਂ ਨੂੰ ਅੰਗਰੇਜ਼ੀ ਇਲਾਕਾ ਤੇ ਅੰਗਰੇਜ਼ਾਂ ਦੀ ਰਾਖੀ ਵਿਚ ਆਏ ਪਿੰਡਾਂ ਨੂੰ ਲੁੱਟਣ, ਉਜਾੜਨ ਦਾ ਹੁਕਮ ਦੇਂਦਾ। ਪਤਾ ਨਹੀਂ, ਇਹ ਸਿੱਧਾ ਜਿਹਾ ਢੰਗ ਕਿਉਂ ਨਹੀਂ ਵਰਤਿਆ ਗਿਆ? ਸਾਨੂੰ ਯਕੀਨ ਹੈ,

ਕਿ ਸਿੱਖ ਲੀਡਰ ਆਪਣੀ ਫ਼ੌਜ ਨੂੰ ਕੱਠਾ ਰੱਖਣਾ ਚਾਹੁੰਦੇ ਸਨ, ਤਾਂਕਿ ਅੰਗਰੇਜ਼ਾਂ ਨੂੰ ਉਹਨਾਂ (ਸਿੱਖਾਂ) ਦੇ ਖ਼ਤਮ ਕਰਨ ਦਾ ਪੂਰਨ ਮੌਕਾ ਮਿਲ ਜਾਏ। ਸ: ਲਾਲ ਸਿੰਘ ਆਪਣੀ ਮਰਜ਼ੀ ਵਿਰੁੱਧ ਲਾਹੌਰੋਂ ਨਿਕਲਿਆ ਸੀ, ਤੇ ਛੇਤੀ ਪਿਛਾਂਹ ਮੁੜਨਾ ਚਾਹੁੰਦਾ ਸੀ। ਜੇ ਉਹ ਆਪਣੀ ਫ਼ੌਜ ਨੂੰ ਸਾਰੇ ਇਲਾਕੇ ਵਿਚ ਖਿਲਾਰ ਦੇਂਦਾ, ਤਾਂ ਲੜਾਈ ਬੜੀ ਲੰਮੀ ਹੋ ਜਾਂਦੀ[ ]।"

ਏਹਾ ਰਾਏ ਮੇਜਰ ਸਮਿੱਥ ਦੀ ਹੈ :—"ਪਹਿਲੀ ਭੁੱਲ ਜੋ ਸਿੱਖਾਂ ਨੇ ਕੀਤੀ, ਉਹ ਇਹ ਸੀ, ਕਿ ਉਹਨਾਂ ਫ਼ੀਰੋਜ਼ਪੁਰ 'ਤੇ ਹਮਲਾ ਨਾ ਕੀਤਾ।"੦

ਅਸਲ ਵਿਚ ਖ਼ਾਲਸ ਫ਼ੌਜ ਦੇ ਹਮਲੇ ਦੀ ਇਹ ਤਜਵੀਜ਼ ਸੀ, ਕਿ ਸਤਲੁਜ ਟਪਦਿਆਂ ਹੀ, ਇਕ ਪਾਸੇ ਫ਼ੀਰੋਜ਼ਪੁਰ ਉੱਤੇ ਤੇ ਦੂਜੇ ਪਾਸੇ ਲੁਧਿਆਣੇ ਉੱਤੇ ਹੱਲਾ ਬੋਲ ਦਿੱਤਾ ਜਾਵੇ। ਏਸੇ ਵਾਸਤੇ ਇਕ ਦਲ ਸ: ਲਾਲ ਸਿੰਘ ਦੇ ਮਾਤਹਿਤ ਫ਼ੀਰੋਜ਼ਪੁਰ, ਤੇ ਦੂੱਜਾ ਸ. ਰਣਜੋਰ ਸਿੰਘ ਦੀ ਕਮਾਨ ਹੇਠਾਂ ਲੁਧਿਆਣੇ ਜਾ ਪੁੱਜਾ। ਜੇ ਇਹ ਦੋਵੇਂ ਪੈਂਦੀ ਸੱਟੇ, ਹੱਲਾ ਬੋਲ ਦੇਂਦੇ, ਤਾਂ ਪੰਜਾਬ ਦਾ ਇਤਿਹਾਸ ਅੱਜ ਕਿੰਨ੍ਹਾਂ ਹੋਰ ਸ਼ਬਦਾਂ ਵਿਚ ਲਿਖਿਆ ਹੁੰਦਾ। ਫ਼ਤਹਿ ਹਾਸਲ ਕਰਨ ਦਾ ਚੰਗਾ ਢੰਗ ਏਹਾ ਸੀ, ਕਿ ਲਾਲ ਸਿੰਘ ਫ਼ੀਰੋਜ਼ਪੁਰ ਨੂੰ ਫ਼ਤਹਿ ਕਰ ਕੇ, ਆਪਣੀ ਫ਼ੌਜ ਨੂੰ ਸਾਰੇ ਉਪਰਲੇ ਇਲਾਕੇ ਵਿਚ ਖਿਲਾਰ ਦੇਂਦਾ ਤੇ ਰਣਜੋਰ ਸਿੰਘ ਲੁਧਿਆਣਾ ਫ਼ਤਹਿ ਕਰਕੇ ਅੰਬਾਲੇ 'ਤੇ ਪੈਂਦਾ ਤੇ ਅਗ੍ਹਾਂ ਦਿੱਲੀ ਵੱਲੇ ਫ਼ੌਜ ਨੂੰ ਵਧਾਂ ਦੇਂਦਾ। ਏਸ ਤਰ੍ਹਾਂ ਪਿੱਛੋਂ ਆਉਣ ਵਾਲੀ ਅੰਗਰੇਜ਼ੀ ਫ਼ੌਜ ਤੇ ਸਾਮਾਨ—ਜੋ ਦਿੱਲੀਓਂ ਆ ਰਿਹਾ ਸੀ—ਲੁੱਟ ਲਿਆ ਜਾਂਦਾ, ਤਾਂ ਹੋ ਸਕਦਾ ਹੈ, ਕਿ ਮੁਦਕੀ ਤੇ ਫੇਰੂ ਸ਼ਹਿਰ ਦੇ ਪਿੜ ਨਾ ਪੈਂਦੇ। ਇਸ ਦਲੀਲ ਦੀ ਪਰੋੜ੍ਹਤਾ ਸਮਿੱਥ ਆਪਣੇ ਮੁਖਬੰਦ ਵਿਚ ਇਉਂ ਕਰਦਾ ਹੈ :—"ਜਦੋਂ ਰਣਜੋਰ ਸਿੰਘ ਚੁੱਪ ਚਾਪ ਲੁਧਿਆਣੇ ਕੋਲੋਂ ਸਤਲੁਜ ਟੱਪ ਪਿਆ ਸੀ ਤੇ ਖੱਬੇ ਪਾਸੇ ਦੀ ਲੰਘ ਕੇ ਸਾਡੇ ਪਿਛਲੇ ਪਾਸੇ ਆ ਗਿਆ ਸੀ, ਉਹਨੂੰ ਚਾਹੀਦਾ ਸੀ, ਕਿ ਉਹ ਸਿੱਧਾ ਦਿੱਲੀ 'ਤੇ ਪੈਂਦਾ, ਬਜਾਏ ਇਸਦੇ, ਕਿ ਉਹ ਪਹਿਲਾਂ ਤਾਂ ਬੱਦੋਵਾਲ ਦੇ ਮੋਰਚਿਆਂ ਵਿਚ ਵੜਦਾ ਤੇ ਫੇਰ ਦਰਿਆ ਦੇ ਕੰਢੇ ਪਿਆ ਰਹਿੰਦਾ। ਜੇ ਉਹ ਚਾਹੁੰਦਾ, ਤਾਂ ਉਸਦੀ ਘੋੜ-ਸਵਾਰ ਫ਼ੌਜ ਮੁਲਕ ਨੂੰ ਤਬਾਹ ਕਰ ਦੇਂਦੀ ਤੇ ਬਰਫ਼ ਦੇ ਗੋਲੇ ਵਾਂਗ ਖਿੱਲਰ ਜਾਂਦੀ। ਉਹ

[ ](M. Gregor) ਮੈਕਗ੍ਰੇਗਰ, ਪੰਨੇ ੯੦-੯੧।

੦Smyth Introduction, P. XXIV ਸਮਿੱਥ, ਮੁਖਬੰਦ।

ਸੌਖਾ ਹੀ ਉਹਨਾਂ ਦਸਤਿਆਂ ਨੂੰ ਕੈਦੀ ਬਣਾ ਲੈਂਦਾ, ਜੋ ਪਿੱਛੇ ਸੜਕ 'ਤੇ ਬਿਨਾਂ ਤਕੜਾਈ ਤੇ ਬਾਰੂਦ ਸਿੱਕੇ ਦੇ ਬੈਠੇ ਸਨ*।"

ਏਸ ਤਰ੍ਹਾਂ ਕਰਨ ਨਾਲ ਫ਼ੀਰੋਜ਼ਪੁਰ, ਲੁਧਿਆਣੇ ਤੇ ਅੰਬਾਲੇ ਦਾ ਜੰਗੀ ਸਾਮਾਨ ਤੇ ਖ਼ਜ਼ਾਨਾ ਸਿੱਖਾਂ ਦੇ ਹੱਥ ਆ ਜਾਂਦਾ, ਤੇ ਫਿਰ ਕੋਈ ਵੀ ਸ਼ਕਤੀ ਅੰਗਰੇਜ਼ਾਂ ਨੂੰ ਬਚਾ ਨਹੀਂ ਸੀ ਸਕਦੀ। ਪਰ ਇਹ ਕੁਛ ਤਾਂ ਹੁੰਦਾ ਜੇ ਸਿੱਖ ਫ਼ੌਜ ਦੇ ਲੀਡਰ ਦੇਸ-ਭਗਤ ਹੁੰਦੇ। ਉਹ ਅੰਗਰੇਜ਼ਾਂ ਨਾਲ ਲੜ ਕੇ ਫ਼ਤਹਿ ਹਾਸਲ ਕਰਨ ਵਾਸਤੇ ਨਹੀਂ, ਆਪਣੀ ਫ਼ੌਜ ਨੂੰ ਮਰਵਾਉਣ ਵਾਸਤੇ ਆਏ ਸਨ। ਉਹ ਤਾਂ ਆਏ ਹੀ ਇਹ ਧਾਰ ਕੇ ਸਨ, ਕਿ :—

"ਆਜ ਵਾਂ ਤੇਗ਼ੋ ਕਫ਼ਨ ਬਾਂਧੇ ਹੂਏ ਜਾਤਾ ਹੂੰ ਮੈਂ
ਉਜ਼ਰ ਮੇਰੇ ਕਤਲ ਕਰਨੇ ਮੇਂ ਵੁਹ ਅਬ ਲਾਏਂਗੇ ਕਯਾ ?"

ਮੈਕਗ੍ਰੇਗਰ ਬਿਲਕੁਲ ਸਾਫ਼ ਲਿਖਦਾ ਹੈ "ਸਿੱਖ ਲੀਡਰ ਆਪਣੀ ਫ਼ੌਜ ਨੂੰ ਮਰਵਾਉਣਾ ਚਾਹੁੰਦੇ ਸਨ, ਇਲਾਕੇ ਉੱਤੇ ਕਬਜ਼ਾ ਕਰਨ ਦੀ ਇਛਿਆ ਨਹੀਂ ਸਨ, ਰੱਖਦੇ।"੦

ਦੱਸੋ, ਜੋ ਲੜਾਈ ਏਹੋ ਜੇਹੀ ਧਾਰਨਾ ਧਾਰ ਕੇ ਲੜੀ ਜਾਏ, ਉਸਦੇ ਹਾਰਨ ਵਿਚ ਕਿਨਾ ਕੁ ਫ਼ਰਕ ਹੁੰਦਾ ਹੈ ? ਸਿੱਖ ਸਿਪਾਹੀ ਵਾਰ ਵਾਰ ਜ਼ੋਰ ਦੇਂਦੇ ਰਹੇ, ਕਿ ਫ਼ੀਰੋਜ਼ਪੁਰ 'ਤੇ ਹਮਲਾ ਕੀਤਾ ਜਾਏ, ਪਰ ਲਾਲ ਸਿੰਘ ਉਹਨਾਂ ਨੂੰ ਟਾਲੀ ਜਾਂਦਾ ਰਿਹਾ। ਜਦ ਖ਼ਾਲਸਾ ਫ਼ੌਜ ਆਪੇ ਤੋਂ ਬਾਹਰ ਹੋ ਗਈ, ਕਿਉਂਕਿ ਉਹ ਛੇਤੀ ਤੋਂ ਛੇਤੀ ਦੁਸ਼ਮਣ ਨਾਲ ਲੜਨਾ ਚਾਹੁੰਦੀ ਸੀ, ਤਾਂ ਲਾਲ ਸਿੰਘ ਉਹਨਾਂ ਨੂੰ ਨਾਲ ਲੈ ਕੇ ਮੁਦਕੀ ਨੂੰ ਤੁਰ ਪਿਆ। ਲਾਲ ਸਿੰਘ ਦਾ ਏਨਾ ਚਿਰ ਲਾਉਣਾ ਅੰਗਰੇਜ਼ ਦੀ ਖ਼ੁਸ਼ ਕਿਸਮਤੀ ਸੀ। ਜੇ ਹਮਲਾ ਪਹਿਲਾਂ ਹੋ ਜਾਂਦਾ, ਅੰਗਰੇਜ਼ਾਂ ਕੋਲ ਖ਼ੁਰਾਕ, ਬਾਰੂਦ, ਭਾਰ ਢੋਣ ਵਾਸਤੇ ਗੱਡੇ, ਹਸਪਤਾਲ ਦਾ ਸਾਮਾਨ ਤੇ ਹੋਰ ਕਈ ਲੋੜੀਂਦੀਆਂ ਚੀਜ਼ਾਂ ਨਹੀਂ ਸਨ, ਤੇ ਇਹ ਚੀਜ਼ਾਂ ਦਿੱਲੀ, ਆਗਰਾ ਜਾਂ ਹੋਰ ਦੁਰਾਡੀਆਂ ਥਾਂਵਾਂ ਤੋਂ ਮਿਲ ਸਕਦੀਆਂ ਸਨ। ਸਿੱਖ ਓਸ ਵੇਲੇ ਅੰਗਰੇਜ਼ਾਂ ਦੇ ਸਾਮ੍ਹਣੇ ਗਏ, ਜਦ ਉਹ ਲੜਨ ਵਾਸਤੇ ਤਿਆਰ ਹੋ ਗਏ ਸਨ।

ਇਸ ਤੋਂ ਪਹਿਲਾਂ ਸਿੱਖਾਂ ਤੇ ਅੰਗਰੇਜ਼ਾਂ ਇਕ ਦੂੱਜੇ ਦੇ ਹੱਥ ਨਹੀਂ ਸਨ ਡਿੱਠੇ। ਅੰਗਰੇਜ਼ ਅਫ਼ਸਰ ਤੇ ਹਿੰਦੁਸਤਾਨੀ ਸਿਪਾਹੀ ਏਸ ਲੜਾਈ ਨੂੰ ਕੋਈ

---

*Smyth, Introduction, P. XXIV, XXV, ਸਮਿੱਥ ਮੁਖਬੰਦ।

੦(M. Gregor) ਮੈਕਗ੍ਰੇਗਰ, ਪੰਨਾ ੩੦੭-੮)

ਔਖੀ ਤੇ ਲੰਮੀ ਦੁਖਦਾਈ ਮੁਹਿੰਮ ਨਹੀਂ ਸਨ ਸਮਝਦੇ। ਉਹਨਾਂ ਦਾ ਖ਼ਿਆਲ ਸੀ, ਕਿ ਐਵੇਂ ਮਾੜੀ ਜੇਹੀ ਠਾਹ-ਠੂਹ ਕਰਨ ਨਾਲ ਹੀ ਇਹ ਜੰਗ ਜਿੱਤੀ ਜਾਵੇਗੀ।[] ਉਹ ਸਿੱਖਾਂ ਨੂੰ ਗੱਪੀ ਤੇ ਕਮਦਿਲੇ ਸਮਝਦੇ ਸਨ, ਪਰ ਏਸ ਪਹਿਲੀ ਲੜਾਈ ਨੇ ਹੀ ਸਾਰਾ ਚਾਨਣ ਕਰ ਦਿੱਤਾ, ਕਿ ਸਿੱਖ ਕਮਦਿਲ ਹਨ, ਜਾਂ ਸਿਰਲੱਥ ਬਹਾਦਰ।

ਜੰਗ ਮੁਦਕੀ
੧੮ ਦਸੰਬਰ

ਮੁਦਕੀ ਦੀ ਰੇਤਲੀ ਧਰਤੀ ਨੂੰ ਬਹਾਦਰਾਂ ਦੇ ਲਹੂ ਨਾਲ ਸਿੰਜਣ ਵਾਸਤੇ ੧੮ ਦਸੰਬਰ, ੧੮੪੫ ਈ. ਦਾ ਦਿਨ ਆ ਗਿਆ। ਇਕ ਪਾਸੇ ੧੧ ਹਜ਼ਾਰ ਅੰਗਰੇਜ਼ੀ ਫ਼ੌਜ ਤੇ ਇਕ ਪਾਸੇ ਏਨੀ-ਕੁ ਹੀ ਸਿੱਖ ਫ਼ੌਜ ਆਪਸ ਵਿਚ ਭਿੜਨ ਵਾਸਤੇ ਤਿਆਰ ਖਲੀਆਂ ਸਨ। ਅੰਗਰੇਜ਼ਾਂ ਨੇ ਮੋਰਚਾ-ਬੰਦੀ ਏਸ ਤਰ੍ਹਾਂ ਕੀਤੀ : ਵਿਚਕਾਰ ਗਿਲਬਰਟ (Glibert) ਦਾ ਡਵੀਜ਼ਨ, ਸੱਜੇ ਹੱਥ ਸਰ ਹੈਰੀ ਸਮਿੱਥ (Harry Smith) ਦਾ ਡਵੀਜ਼ਨ ਤੇ ਖੱਬੇ ਪਾਸੇ ਮੈਕਾਸਕਿਲ (Macaskill) ਦਾ ਡਵੀਜ਼ਨ। ਵਿਚਕਾਰ ਤੋਪਖ਼ਾਨਾ ਸੀ। ਸੱਜੇ ਹੱਥ ਅਗਲੀ ਪਾਲ ਵਿਚ ਬ੍ਰਗੇਡੀਅਰ ਗਫ (Gough) ਤੇ ਵ੍ਹਾਈਟ (White) ਰਸਾਲੇ ਸਣੇ ਤੇ ਖੱਬੇ ਹੱਥ ਬ੍ਰਗੇਡੀਅਰ ਮੈਕਟੀਅਰ (Mactier) ਰਸਾਲੇ ਤੇ ਨੇਜ਼ਿਆਂ ਵਾਲਿਆਂ ਸਣੇ। ਦੂੱਜੀ ਪਾਲ ਵਿਚ ਪੈਦਲ ਸਨ : ਸੱਜੇ ਹੱਥ ਬ੍ਰਗੇਡੀਅਰ ਵ੍ਹੀਲਰ (Wheeler) ਤੇ ਬ੍ਰਗੇਡੀਅਰ ਬੋਲਟਨ (Brigadier Bolton) ਤੇ ਖੱਬੇ ਹੱਥ ਬ੍ਰਗੇਡੀਅਰ ਵਾਲਸ (Wallace)। ਸਾਰੀ ਫ਼ੌਜ ਦਾ ਸੈਨਾਪਤੀ ਸਰ ਹਯੂਗ ਗਫ (Sir Hugh Gough) ਸੀ।

ਦੂੱਜੇ ਪਾਸੇ ਸੈਨਾਪਤੀ ਲਾਲ ਸਿੰਘ—ਜਿਸਦੇ ਮਾਤਹਿਤ ਜਰਨੈਲ ਅਜੁੱਧਿਆ ਪ੍ਰਸਾਦ, ਅਮਰ ਨਾਥ, ਬਖ਼ਸ਼ੀ ਕਨ੍ਹੱਯਾ ਲਾਲ, ਸ. ਚਤਰ ਸਿੰਘ ਕਾਲਿਆਂ ਵਾਲਾ, ਸ. ਰਾਮ ਸਿੰਘ ਤੇ ਸ: ਬੁੱਧ ਸਿੰਘ ਸਨ। ੧੦-੧੨() ਹਜ਼ਾਰ ਫ਼ੌਜ (ਜਿਸ ਵਿਚੋਂ ਚਾਰ ਹਜ਼ਾਰ ਡੋਗਰੇ ਤੇ ਮੁਸਲਮਾਨ ਸਨ, ਜੋ ਲਾਲ ਸਿੰਘ ਦੀ ਨਿੱਜੀ ਫ਼ੌਜ ਸੀ) ਤੇ ੨੨ ਤੋਪਾਂ ਸਣੇ ਤਿਆਰ ਖਲਾ ਸੀ।

---

[](Cunningham) ਕਨਿੰਘਮ (੧੮੪੯), ਪੰਨਾ ੩੦੨।

() (Cunningham) ਕਨਿੰਘਮ (੧੮੪੯), ਪੰਨਾ ੩੦੬, ੨ ਹਜ਼ਾਰ ਪੈਦਲ ਤੇ ੮-੧੦ ਹਜ਼ਾਰ ਅਸਵਾਰ।

ਲੜਾਈ ਦੇ ਬਿਗਲ ਵੱਜੇ, ੦ਧੌਂਸਿਆਂ 'ਤੇ ਚੋਟਾਂ ਲੱਗੀਆਂ। ਇਕ ਪਾਸਿਓਂ ਅੰਗਰੇਜ਼ਾਂ ਦਾ ਯੂਨੀਅਨ-ਜੈਕ (ਕੌਮੀ ਝੰਡਾ) ਤੇ ਦੂਜੇ ਪਾਸਿਓਂ ਸਿੱਖਾਂ ਦਾ ਕੇਸਰੀ ਝੰਡਾ ਮੈਦਾਨ ਵਿਚ ਲਹਿਰਾਏ। ਦੋਹਾਂ ਪਾਸਿਆਂ ਤੋਂ ਤੋਪਾਂ ਦੀ ਛਲਕ ਹੋਈ ਤੇ ਸੂਰਮੇ ਸ਼ਹੀਦੀ ਬਾਟੇ ਛਕਣ ਲੱਗੇ।

---

੦ਜਦ ਧੌਂਸੇ ਚੋਟਾਂ ਲੱਗੀਆਂ,
ਅਤੇ ਕੇਸਰੀ ਝੁੱਲੇ ਨਸ਼ਾਨ।
ਦੋਹਾਂ ਧਿਰਾਂ ਦੇ ਛਾਤੀਆਂ ਤਾਣ ਕੇ,
ਲੱਥੇ ਰਣ ਵਿਚ ਆਣ ਜੁਆਨ।
ਪਾਏ ਵੱਟ ਮੱਥੇ 'ਤੇ ਸੂਰਿਆਂ,
ਅਤੇ ਨੇਤਰ ਅੱਗ ਬਰਸਾਨ।
ਕਿਤੇ ਤੀਰ ਭੱਥੇ ਵਿਚ ਫਰਕਦੇ,
ਕਿਤੇ ਆਕੜ ਲਵੇ ਕਮਾਨ।
ਸਾਰੇ ਧੜ ਧੜ ਤੋਪਾਂ ਚੱਲੀਆਂ,
ਉੱਡ ਗਰਦ ਚੜ੍ਹੀ ਅਸਮਾਨ।
ਵਾਂਗ ਗੜਿਆਂ ਵਰ੍ਹਦੀਆਂ ਗੋਲੀਆਂ,
ਡਾਢਾ ਮੱਚਿਆ ਰਣ ਘਮਸਾਨ।
ਲੌਂਦੀ ਮੌਤ ਸਿਰਾਂ 'ਤੇ ਫੇਰੀਆਂ,
ਡਾਢੀ ਮਸਤੀ ਹੋਈ ਜਾਨ।
ਕੋਈ ਛੈਲ ਮਾਂਵਾਂ ਦੇ ਲਾਡਲੇ,
ਹੋ ਗਏ ਦੇਸ ਉਤੋਂ ਕੁਰਬਾਨ।
ਕੋਈ ਘਾਇਲ ਜ਼ਿਮੀਂ 'ਤੇ ਤੜਵਦੇ,
ਢੱਠੇ ਸ਼ੇਰਾਂ ਜਹੇ ਬਲਵਾਨ।
ਹੋ ਗਈ ਰੱਤ ਨਾਲ ਧਰਤੀ ਰੰਗਲੀ,
ਅਤੇ ਲੰਬੂ ਲੱਗੇ ਅਸਮਾਨ।
ਖ਼ੂੰਨੀ ਨੈਂ ਨੇ ਠਾਠਾਂ ਮਾਰੀਆਂ,
ਵਿਚ ਆਸ਼ਕ ਤਰਦੇ ਜਾਨ।
ਰਣ ਜੂਝੇ 'ਸੀਤਲ' ਸੂਰਮੇਂ,
ਜੱਸ ਖੱਟ ਗਏ ਵਿਚ ਜਹਾਨ।

ਪਲਾਂ ਵਿਚ ਮੁਦਕੀ ਦੇ ਖੇਤ ਲਹੂ ਨਾਲ ਰੰਗੇ ਗਏ। ਚਾਰ ਚੁਫੇਰੇ ਲੋਥਾਂ ਦੇ ਢੇਰ ਲੱਗ ਗਏ। ਅੰਗਰੇਜ਼ ਅਫ਼ਸਰ ਅੱਗੇ ਹੋ ਕੇ ਆਪਣੀ ਫ਼ੌਜ ਨੂੰ ਲੜਾ ਰਹੇ ਸਨ, ਪਰ ਦੂਜੇ ਪਾਸੇ ਸਿੱਖ ਜਰਨੈਲ ਆਪਣੇ ਫ਼ਰਜ਼ਾਂ ਨੂੰ ਭੁਲਦੇ ਜਾ ਰਹੇ ਸਨ। ਸਿੱਖਾਂ ਤੇ ਅੰਗਰੇਜ਼ਾਂ ਦੀ ਇਹ ਪਹਿਲੀ ਮੁਠਭੇੜ ਸੀ। ਅੰਗਰੇਜ਼ੀ ਫ਼ੌਜ ਨੇ ਉਸੇ ਜੋਸ਼ ਨਾਲ ਹੱਲਾ ਕੀਤਾ, ਜਿਸ ਨਾਲ ਉਹਨੇ ਹਿੰਦੁਸਤਾਨ ਦੇ ਕਈ ਰਜਵਾੜੇ ਫ਼ਤਹਿ ਕੀਤੇ ਸਨ, ਪਰ ਛੇਤੀ ਹੀ ਪਤਾ ਲੱਗ ਗਿਆ, ਕਿ ਐਤਕੀਂ ਬਰਾਬਰ ਦੇ ਬਹਾਦਰਾਂ ਨਾਲ ਵਾਹ ਪਿਆ ਹੈ। ਖ਼ਾਲਸਾ ਫ਼ੌਜ ਨੇ ਹੱਲੇ ਦਾ ਉਤਰ ਹੱਲੇ ਵਿਚ ਦਿੱਤਾ। ਅੰਗਰੇਜ਼ੀ ਫ਼ੌਜ ਲੋਹੇ ਦੀ ਕੰਧ ਨਾਲ ਟੱਕਰ ਖਾ ਕੇ ਪਿੱਛੇ ਹਟੀ ਹੀ ਸੀ, ਜਾਂ ਸਿੱਖਾਂ ਨੇ ਉਤੋਂ ਸ਼ੇਰਵਾਈ ਹੱਲਾ ਬੋਲ ਦਿੱਤਾ। ਏਸ ਭੁੱਖੇ ਸ਼ੀਹਾਂ ਦੇ ਵਾਰ ਅੱਗੇ, ਅੰਗਰੇਜ਼ੀ ਫ਼ੌਜ ਅੜ ਨਾ ਸਕੀ। ਉਸਦਾ ਇਕ ਹਿੱਸਾ ਨੱਸ ਕੇ() ਆਪਣੇ ਬ੍ਰਗੇਡ ਦੇ ਪਿਛਲੇ ਪਾਸੇ ਜਾ ਲੁਕਿਆ। ਇਹ ਵੇਖ ਕੇ ਲਾਲ ਸਿੰਘ ਸਹਾਰ ਨਾ ਸਕਿਆ। ਉਹਨੂੰ ਕਦੇ ਪਰਵਾਨ ਨਹੀਂ ਸੀ, ਕਿ ਸਿੱਖ ਜਿੱਤ ਜਾਣ। ਉਹ ਆਪਣੀ ਚਾਰ ਹਜ਼ਾਰ-ਡੋਗਰਾ ਤੇ ਮੁਸਲਮਾਨ—ਫ਼ੌਜ ਸਣੇ ਮੈਦਾਨ ਵਿਚੋਂ ਨੱਸ ਪਿਆ ਤੇ ਬਾਕੀ ਫ਼ੌਜ ਨੂੰ ਨੱਸ ਆਉਣ ਦਾ ਹੁਕਮ ਦੇ ਆਇਆ। ਉਹਦੇ ਪਿੱਛੇ ਪਿੱਛੇ ਕਨ੍ਹੱਯਾ ਲਾਲ, ਅਜੁਧਿਆ ਪ੍ਰਸਾਦ ਤੇ ਅਮਰ ਨਾਥ ਆਦਿ ਅਫ਼ਸਰ ਵੀ ਨਸ ਤੁਰੇ।

ਸਿੱਖਾਂ ਦੇ ਜਰਨੈਲ ਨੱਸ ਗਏ, ਪਰ ੬-੭ ਹਜ਼ਾਰ ਖ਼ਾਲਸਾ ਸਿਪਾਹੀ ਮੈਦਾਨ ਵਿਚ ਡਟੇ ਰਹੇ। ਸੈਨਾਪਤੀ ਗਫ਼ ਤੇ ਲਾਰਡ ਹਾਰਡਿੰਗ ਵੇਖ ਕੇ ਹੈਰਾਨ ਰਹਿ ਗਏ, ਕਿ ਲੜਾਉਣ ਵਾਲਾ ਅਫ਼ਸਰ ਕੋਈ ਨਹੀਂ, ਪਰ ਸਿਪਾਹੀ ਕਿਸੇ ਅਥਾਹ ਜੋਸ਼ ਵਿਚ ਜਾਨਾਂ ਲੜਾ ਰਹੇ ਹਨ। ਸੂਰਜ ਛਿਪ ਗਿਆ ਸੀ ਤੇ ਪੈਰੋ ਪੈਰ ਰਾਤ ਦਾ ਹਨ੍ਹੇਰਾ ਵਧ ਰਿਹਾ ਸੀ। ਅੰਗਰੇਜ਼ ਜਰਨੈਲ ਹੱਲੇ 'ਤੇ ਹੱਲਾ ਕਰਦੇ ਤੇ ਸਿੱਖ ਫ਼ੌਜ ਦੂਣੇ ਬਲ ਨਾਲ ਉਹਨਾਂ ਨੂੰ ਪਿਛਾਂਹ ਹਟਾ ਦੇਂਦੀ। ਇਸ ਜੰਗ ਵਿਚ, ਸਿੱਖਾਂ ਦੇ ਹੱਥ ਵੇਖ ਕੇ, ਅੰਗਰੇਜ਼ੀ ਫ਼ੌਜ ਆਪਣੇ ਹੋਸ਼ ਭੁਲਾ ਬੈਠੀ ਤੇ ਖ਼ਾਲਸੇ ਦੀ ਬੀਰਤਾ ਉਤੇ ਮੋਹੀ ਗਈ। ਕਈਆਂ ਨੇ ਤਾਂ ਏਥੋਂ ਤੱਕ ਲਿਖਿਆ ਹੈ, ਕਿ ਅੰਗਰੇਜ਼ੀ ਫ਼ੌਜ ਦੇ ਕੁਛ ਬੰਦਿਆਂ ਨੇ ਘਬਰਾ ਕੇ ਆਪਸ ਵਿਚ ਗੋਲੀਆਂ ਚਲਾਉਣੀਆਂ ਆਰੰਭ ਦਿੱਤੀਆਂ।੦

---

()ਪੰਜਾਬ ਹਰਣ ਔਰ ਮ: ਦਲੀਪ ਸਿੰਹ, ਪੰਨਾ ੩੭।

੦ਪੰਜਾਬ ਹਰਣ ਔਰ ਮ: ਦਲੀਪ ਸਿੰਹ, ਪੰਨਾ ੩੭। ਸਿੱਖੋਂ ਕਾ ਉਥਾਨ ਔਰ ਪਤਨ, ਪੰਨਾ ੧੯੧।

ਚਾਰ ਘੜੀ ਰਾਤ ਗਈ ਲਾਰਡ ਹਾਰਡਿੰਗ ਆਪ ਮੈਦਾਨ ਵਿਚ ਆ ਗਿਆ। ਉਸਦੇ ਆਉਣ ਨਾਲ ਜੰਗ ਦਾ ਪਾਸਾ ਪਲਟ ਗਿਆ, ਅੰਗਰੇਜ਼ੀ ਫ਼ੌਜ ਦੇ ਹੌਸਲੇ ਵਧ ਗਏ ਤੇ ਸਿੱਖ ਫ਼ੌਜ ਨੇ ਹੌਲੀ ਹੌਲੀ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਯੁੱਧ ਨੇਤਾ ਵੇਖ ਕੇ ਦੰਗ ਰਹਿ ਗਏ। ਸਿੱਖ ਪਿੱਛੇ ਹਟਦੇ ਹੋਏ ਵੀ ਤਿਤਰ-ਬਿਤਰ ਨਹੀਂ ਹੋਏ। ਸਿੱਖਾਂ ਨੂੰ ਹਨ੍ਹੇਰੇ ਨੇ ਆਪਣੀ ਬੁੱਕਲ ਵਿਚ ਲੁਕੋ ਲਿਆ ਤੇ ਲੜਾਈ ਸਮਾਪਤ ਹੋਈ।

ਅੰਗਰੇਜ਼ਾਂ ਦਾ ਹੌਸਲਾ ਨਾ ਪਿਆ, ਕਿ ਸਿੱਖਾਂ ਦਾ ਵਧੇਰੇ ਪਿੱਛਾ ਕਰਦੇ, ਸਗੋਂ ਸਾਰੀ ਰਾਤ ਭੈ ਰਿਹਾ, ਕਿ ਸਿੱਖ ਪਰਤ ਕੇ ਫੇਰ ਨਾ ਆ ਪੈਣ। "ਏਸ ਲੜਾਈ ਨੇ ਇਹ ਸਾਬਤ ਕਰ ਦਿੱਤਾ, ਕਿ ਸਿੱਖ ਉਹਨਾਂ ਸਾਰੀਆਂ ਫ਼ੌਜਾਂ ਨਾਲੋਂ ਚੰਗੇ ਸਿਪਾਹੀ ਹਨ, ਜਿਨ੍ਹਾਂ ਨਾਲ ਹਿੰਦੁਸਤਾਨੀ ਅੰਗਰੇਜ਼ੀ ਫ਼ੌਜ ਨੂੰ ਅੱਜ ਤਕ ਲੜਨਾ ਪਿਆ[ ]।" ਸਾਰੀ ਰਾਤ ਅੰਗਰੇਜ਼ੀ ਫ਼ੌਜ ਨੇ ਮੋਰਚਿਆਂ ਵਿਚ ਹੀ ਕੱਟੀ। ਦਿਨ ਚੜ੍ਹੇ ਖ਼ਾਲੀ ਮੈਦਾਨ ਵੇਖ ਕੇ ਅੰਗਰੇਜ਼ਾਂ ਨੇ ਫ਼ਤਹਿ ਦੇ ਵਾਜੇ ਵਜਾਏ। ਮੈਦਾਨ ਵਿਚ ਸੁੱਟੀਆਂ ਪਈਆਂ ਹੋਈਆਂ ਸਿੱਖਾਂ ਦੀਆਂ ੧੭ ਤੋਪਾਂ ਅੰਗਰੇਜ਼ਾਂ ਦੇ ਹੱਥ ਆਈਆਂ। ਇਹ ਫ਼ਤਹਿ ਬੜੇ ਮਹਿੰਗੇ ਮੁੱਲ ਪਈ। ਸਰ ਰਾਬਰਟ ਸੇਲ (Sir Robert Sale) ਸਰ ਜਾਨ ਮੈਕਾਸਕਿਲ (Sir John Macaskill) ਤੇ ਬ੍ਰਗੇਡੀਅਰ ਬੋਲਟਨ (Br. Bolton) ਮਾਰੇ ਗਏ। ਕੁੱਲ ਨੁਕਸਾਨ ੧੩ ਅੰਗਰੇਜ਼ ਅਫ਼ਸਰ, ੨ ਦੇਸੀ ਅਫ਼ਸਰ ਤੇ ੨੦੦ ਸਿਪਾਹੀ ਮਾਰੇ ਗਏ। ੩੯ ਅੰਗਰੇਜ਼ ਅਫ਼ਸਰ, ੯ ਦੇਸੀ ਅਫ਼ਸਰ ਤੇ ੬੦੦ ਸਿਪਾਹੀ ਜ਼ਖਮੀ ਹੋਏ०। ਏਨਾ-ਕੁ ਹੀ ਨੁਕਸਾਨ ਸਿੱਖਾਂ ਦਾ ਹੋਇਆ। ਜੇ ਕਦੇ ਸਿੱਖਾਂ ਦੇ ਜਰਨੈਲ ਦੇਸ-ਭਗਤ ਹੁੰਦੇ, ਤਾਂ ਫੇਰ ਕੀ ਹੁੰਦਾ ? ਕਹੇ ਬਿਨਾਂ ਹੀ ਪਰਗਟ ਹੈ।

ਕਰਨਲ ਮੈਲੀਸਨ (Malleson) ਤਾਂ ਏਸ ਫ਼ਤਹਿ ਨੂੰ ਫ਼ਤਹਿ ਹੀ ਨਹੀਂ ਮੰਨਦਾ। ਉਹ ਲਿਖਦਾ ਹੈ, "ਇਸ ਵਿਚ ਸ਼ੱਕ ਹੈ, ਕਿ ਫ਼ਤਹਿ ਨੇ ਬਿਲਕੁਲ ਅੰਗਰੇਜ਼ਾਂ ਦੇ ਕਦਮ ਚੁੰਮੇ ਹੋਣ()।" ਕਪਤਾਨ ਕਨਿੰਘਮ ਲਿਖਦਾ ਹੈ :

---

[ ] (M. Gregor) ਮੈਕਗ੍ਰੇਗਰ, ਪੰਨਾ ੯੪।

०(The Sikh Wars) ਸਿੱਖ ਯੁੱਧ, ਪੰਨਾ ੭੭, Lord Gough's Despatch of the 19th Dec. 1845, 215 Killed and 657 wounded. ਲਾਰਡ ਗਫ ਦੀ ਚਿੱਠੀ, ੨੧੫ ਮਰੇ, ੬੫੭ ਫੱਟੜ ਹੋਏ।

()ਪੰਜਾਬ ਹਰਣ ਔਰ ਮ. ਦਲੀਪ ਸਿੰਹ, ਪੰਨਾ ੩੮।

"ਅੰਗਰੇਜ਼ਾਂ ਦੀ ਇਹ ਫ਼ਤਹਿ—ਉਹਨਾਂ ਦੀਆਂ ਹੋਰ ਜਿੱਤਾਂ ਵਾਂਗ—ਪੂਰੀ ਨਹੀਂ ਸੀ੦।"

ਅੰਗਰੇਜ਼ਾਂ ਦੀ ਘਬਰਾਹਟ ਦਾ ਪਤਾ ਉਹਨਾਂ ਦੇ ਉਸ ਦਿਨ ਦੇ ਕੰਮ ਤੋਂ ਲੱਗ ਜਾਂਦਾ ਹੈ। ਉਹ ਸਭ ਤੋਂ ਪਹਿਲਾਂ ਸਰ ਜਾਨ ਲਿਟਲਰ ਦੀ ਫ਼ੌਜ ਨਾਲ ਮਿਲਣ ਵਾਸਤੇ ਉਤਾਵਲੇ ਸਨ। ਅਫ਼ਸਰਾਂ ਨੂੰ ਡਰ ਸੀ, ਕਿ ਨਵੀਂ ਫ਼ੌਜ ਦੀ ਮਦਦ ਤੋਂ ਬਿਨਾਂ, ਇਹ ਫ਼ੌਜ ਸਿੱਖਾਂ ਨਾਲ ਲੜਨ ਵਾਸਤੇ ਤਿਆਰ ਨਹੀਂ ਹੋਵੇਗੀ। ਜਿੱਥੇ ਬਾਕੀ ਸਾਰੇ ਅਫ਼ਸਰ ਘਬਰਾਏ ਹੋਏ ਸਨ, ਓਥੇ ਮੇਜਰ ਬਰਾਡਫੁਟ ਕਹਿ ਰਿਹਾ ਸੀ, "ਤੁਹਾਨੂੰ ਘੱਟ ਤੋਂ ਘੱਟ ਇਕ ਹੋਰ ਸਖ਼ਤ ਲੜਾਈ ਵਾਸਤੇ ਤਿਆਰ ਰਹਿਣਾ ਚਾਹੀਏ*।" ਉਸ ਨੂੰ ਲਾਲ ਸਿੰਘ ਤੇ ਤੇਜ ਸਿੰਘ ਦੀ ਕੌਮੀ ਗ਼ੱਦਾਰੀ ਉੱਤੇ ਯਕੀਨ ਸੀ। ਉਸ ਨਾਲ ਉਹਨਾਂ ਦਾ ਚਿੱਠੀ-ਪੱਤਰ ਜੁ ਸੀ।

ਏਸ ਲੜਾਈ ਪਿੱਛੋਂ ਲੈਫ਼ਟੀਨੈਂਟ ਬਿੱਡਲਫ (Biddulph) ਭੁੱਲਿਆ ਹੋਇਆ—ਸਿੱਖਾਂ ਦੇ ਕਾਬੂ ਆ ਗਿਆ, ਤਾਂ ਸਿੱਖ ਸਰਦਾਰਾਂ ਨੇ ਆਪਣਾ ਸਿਪਾਹੀ ਨਾਲ ਦੇ ਕੇ ਉਸ ਨੂੰ ਅੰਗਰੇਜ਼ੀ ਛਾਉਣੀ ਵਿਚ ਪੁਚਾੱ ਦਿੱਤਾ। ਲਾਰਡ ਹਾਰਡਿੰਗ ਸਿੱਖਾਂ ਦੇ ਇਸ ਕਰਤੱਵ ਉੱਤੇ ਏਨਾ ਮੋਹਿਆ ਗਿਆ, ਕਿ ਉਹਨੇ ਬਿੱਡਲਫ ਨੂੰ ਫੇਰ ਜੰਗ ਵਿਚ ਨਹੀਂ ਜਾਣ ਦਿੱਤਾ। ਕੁਛ ਹੋਰ ਅੰਗਰੇਜ਼ ਰਾਹੋਂ ਭੁੱਲ ਕੇ ਸਿੱਖ ਛਾਉਣੀ ਵਿਚ ਚਲੇ ਗਏ, ਤਾਂ ਸਿੱਖ ਸਰਦਾਰ ਨੇ ਉਹਨਾਂ ਨੂੰ ਰਾਹ-ਖ਼ਰਚ ਲਈ ਰੁਪੈ ਦੇ ਕੇ ਅੰਗਰੇਜ਼ੀ ਛਾਉਣੀ ਵਿਚ ਪੁਚਾ ਦਿੱਤਾ।()

**ਸਿੱਖ ਫੇਰੂ ਸ਼ਹਿਰ ਵਿੱਚ**

ਮੁਦਕੀ ਦੇ ਮੈਦਾਨ ਵਿਚੋਂ ਨੱਸ ਕੇ ਕੁਛ ਸਿੱਖ ਤਾਂ ਦਰਿਆਓਂ ਪਾਰ ਚਲੇ ਗਏ ਤੇ ਕੁਛ ਤੇਜ ਸਿੰਘ ਦੀ ਫ਼ੌਜ ਵਿਚ ਆ ਮਿਲੇ। ੨੦ ਦਸੰਬਰ ਨੂੰ ਫੇਰੂ ਸ਼ਹਿਰ ਤੇ ਸੁਲਤਾਨ ਖ਼ਾਂ ਵਾਲਾ ਕੋਲ ਖ਼ਾਲਸਾ ਫ਼ੌਜਾਂ ਆ ਇਕੱਠੀਆਂ ਹੋਈਆਂ। ਫੇਰੂ ਸ਼ਹਿਰ ਨੇੜੇ ਸਿੱਖਾਂ ਨੇ ਘੋੜ-ਸੁੰਬਾ ਮੋਰਚਾ ਬਣਾਇਆ, ਜਿਸਦਾ ਵਿਚਲਾ ਹਿੱਸਾ ਦੱਖਣ ਨੂੰ ਅਗ੍ਹਾਂ ਵਧਿਆ

---

੦(Cunningham) ਕਨਿੰਘਮ (੧੯੪੯). ਪੰਨਾ ੩੦੬।

*(M. Gregor) ਮੈਕਗ੍ਰੇਗਰ, ਪੰਨਾ ੯੦।

()(M. Gregor) ਮੈਕਗ੍ਰੇਗਰ, ਪੰਨਾ ੬੦।

ਹੋਇਆ ਸੀ। ਇਹ ਮੋਰਚਾ ਅੱਧ ਮੀਲ ਚੌੜਾ ਤੇ ਮੀਲ ਤੋਂ ਵਧੇਰੇ ਲੰਮਾ ਸੀ। ਇਸ ਵਿਚ ੧੦੦ ਤੋਪਾਂ, ੮-੧੦ ਹਜ਼ਾਰ ਰਸਾਲਾ ਤੇ ੧੨ ਰਜਮੰਟਾਂ (੮-੯ ਹਜ਼ਾਰ) ਪੈਦਲ ਫ਼ੌਜ ਮਿਸਰ ਲਾਲ ਸਿੰਘ ਦੀ ਕਮਾਨ ਹੇਠਾਂ ਅੰਗਰੇਜ਼ਾਂ ਦੀ ਉਡੀਕ ਕਰ ਰਹੀ ਸੀ।

**ਅੰਗਰੇਜ਼ ਮੁਦਕੀ ਤੋਂ ਫੇਰੂ ਸ਼ਹਿਰ ਵਿਚ**

੧੯ ਦਸੰਬਰ ਨੂੰ ਸਬਾਥੂ ਤੇ ਕਸੌਲੀ ਦੀ ਫ਼ੌਜ ਵੀ ਮੁਦਕੀ ਵਿਚ ਸੈਨਾਪਤੀ ਗਫ ਨੂੰ ਆ ਮਿਲੀ। ਉਹ ਛੇਤੀ ਤੋਂ ਛੇਤੀ ਸਰ ਲਿਟਲਰ ਦੀ ਫ਼ੌਜ ਨੂੰ ਮਿਲਨਾ ਚਾਹੁੰਦਾ ਸੀ। ਜ਼ਖ਼ਮੀਆਂ ਨੂੰ ਮੁਦਕੀ ਹੀ ਛੱਡ ਕੇ ਉਸਨੇ ਮਿਸਰੀ ਵਾਲੇ ਵੱਲ ਕੂਚ ਕੀਤਾ। ਏਸ ਗੱਲ ਦਾ ਖ਼ਾਸ ਖ਼ਿਆਲ ਰਖਿਆ ਗਿਆ, ਕਿ ਸਿੱਖਾਂ ਦੇ ਮੋਰਚੇ ਤੋਂ ਪਾਸੇ ਦੱਖਣ ਵੱਲ ਹੋ ਕੇ ਜਾਇਆ ਜਾਵੇ। ਫ਼ੀਰੋਜ਼ਪੁਰ, ੨੦ ਦਸੰਬਰ ਰਾਤ ਨੂੰ ਲਿਟਰਲ ਨੂੰ ਹੁਕਮ ਮਿਲਿਆ ਤੇ ੨੧ ਸਵੇਰੇ ੮ ਵਜੇ ਉਹ ਓਥੋਂ ਤੁਰ ਪਿਆ। ਦੁਪਹਿਰ ਤਕ ਦੋਵੇਂ ਦਲ ਮਿਸਰੀ ਵਾਲੇ ਆ ਮਿਲੇ। ਮੁਦਕੀ ਫ਼ੌਜ ਦੇ ਅਫ਼ਸਰ ਸਿੱਖਾਂ ਦੇ ਇਸ ਬਹਾਦਰਾਨਾ ਚਲਨ ਨੂੰ ਵੇਖ ਕੇ ਯਕੀਨ ਰਖਦੇ ਸਨ, ਕਿ ਉਹਨਾਂ ਦੀ ਫ਼ੌਜ ੨੧ ਦਸੰਬਰ ਨੂੰ ਲੜੇਗੀ ਨਹੀਂ ਤੇ ਏਸ ਗੱਲ ਉੱਤੇ ਸਾਰੇ ਰਾਹ ਵਿਚਾਰ ਹੁੰਦੀ ਆਈ○। ਨਵੀਂ ਲਿਟਲਰ ਦੀ ਫੌਜ ਮਿਲਨ ਕਰਕੇ ਫਿਰ ਨਵਾਂ ਉਤਸ਼ਾਹ ਪੈਦਾ ਹੋ ਗਿਆ। ਮਿਲ ਜੁਲ ਕੇ ਅੰਗਰੇਜ਼ੀ ਫ਼ੌਜ ੧੮ ਹਜ਼ਾਰ[ ] ਹੋ ਗਈ, ਜਿਸ ਕੋਲ ੬੫ ਤੋਂ ਵੱਧ ਤੋਪਾਂ ਸਨ।

ਸੈਨਾਪਤੀ ਗਫ ਨੇ ਆਪਣੀ ਫ਼ੌਜ ਨੂੰ ਏਸ ਤਰ੍ਹਾਂ ਖਲਾ ਕੀਤਾ : ਖੱਬੇ ਹੱਥ (ਲਹਿੰਦੇ ਪਾਸੇ) ਸਰ ਲਿਟਲਰ, ਸੱਜੇ ਹੱਥ (ਚੜ੍ਹਦੇ ਪਾਸੇ) ਜੈਨਰਲ ਹਰੀ ਸਮਿਥ ਤੇ ਵਿਚਕਾਰ ਜੈਨਰਲ ਗਿਲਬਰਟ। ਵਿਚਲੇ ਹਿੱਸੇ ਵਿਚ ਹੀ ਗਫ ਤੇ

---

○(M. Gregor) ਮੈਕਗ੍ਰੇਗਰ, ਪੰਨਾ ੮੯੧।

[ ](The Sikh Wars) ਸਿੱਖ ਯੁੱਧ, ਪੰਨਾ ੮੨। ਗਾਰਡਨ (Gordon) ਪੰਨਾ ੧੨੨ ਉੱਤੇ ੨੫ ਹਜ਼ਾਰ ਫ਼ੌਜ ਤੇ ੯੬ ਤੋਪਾਂ ਲਿਖਦਾ ਹੈ। ਮੈਕਗ੍ਰੇਗਰ (M.Gregor p. 67) ਫੇਰੂ ਸ਼ਹਿਰ ਵਿਚ ਅੰਗਰੇਜ਼ੀ ਫ਼ੌਜ ਦੀ ਗਿਣਤੀ ਇਉਂ ਲਿਖਦਾ ਹੈ : ੨੦ ਹਜ਼ਾਰ ਪੈਦਲ, ੩੫ ਸੌ ਰਸਾਲਾ, ੯ ਸੌ ਤੋਪਚੀ, ੪੨ ਤੋਪਾਂ ਛੋਟੀਆਂ (੬ ਪੌਂਡ ਦੀਆਂ) ੨੪ ਤੋਪਾਂ ਵੱਡੀਆਂ (੯ ਪੌਂਡ ਦੀਆਂ) ਤੇ ਦੋ ਤੋਪਾਂ ਬਹੁਤ ਭਾਰੀਆਂ।

ਲਾਰਡ ਹਾਰਡਿੰਗ ਸਨ। ਇਹ ਫ਼ੌਜ ਸਿੱਖਾਂ ਤੋਂ ਦੱਖਣ ਦੀ ਬਾਹੀ, ਪਹਾੜ ਨੂੰ ਮੂੰਹ ਕਰ ਕੇ ਖਲੀ ਸੀ।

ਲਾਰਡ ਹਾਰਡਿੰਗ ਨੇ ਆਪਣੀ ਫ਼ੌਜ ਦਾ ਉਤਸ਼ਾਹ ਵਧਾਉਣ ਬਦਲੇ ਗਵਰਨਰ-ਜੈਨਰਲ ਦੇ ਉੱਚੇ ਅਹੁਦੇ ਦੀ ਪਰਵਾਹ ਨਾ ਕਰਦਿਆਂ ਹੋਇਆਂ ਸੈਨਾਪਤੀ ਗਫ ਦੇ ਮਾਤਹਿਤ ਕਪਤਾਨ (ਛੋਟਾ ਸੈਨਾਪਤੀ) ਬਣਨਾ ਪਰਵਾਨ ਕੀਤਾ।

ਜੰਗ ਫੇਰੂ ਸ਼ਹਿਰ
੨੧ ਦਸੰਬਰ

ਦੋਹਾਂ ਧਿਰਾਂ ਨੇ ਮੋਰਚਾ-ਬੰਦੀ ਠੀਕ ਕਰ ਲਈ: ਤੋਪਾਂ ਬੜਿਆਂ 'ਤੇ ਬੀੜੀਆਂ ਗਈਆਂ। ਸਿਪਾਹੀ ਮਰ ਮਿਟਣ ਵਾਸਤੇ ਅਫ਼ਸਰਾਂ ਦੇ ਹੁਕਮ ਦੀ ਉਡੀਕ ਵਿਚ ਤਿਆਰ ਹੋ ਖਲੇ। ਇਹ ਤਿਆਰੀਆਂ ਕਰਦਿਆਂ ਕਰਾਉਂਦਿਆਂ ਇਕ ਘੰਟਾ ਦਿਨ ਰਹਿ ਗਿਆ। ੨੧ ਦਸੰਬਰ ਦੇ ਸੂਰਜ ਦਾ ਤੇਜ ਪੈਰੋ ਪੈਰ ਘਟ ਰਿਹਾ ਸੀ, ਜਾਂ ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਨੂੰ ਪਲੀਤੇ ਲਾਏ। ਓਧਰੋਂ ਸਿੱਖਾਂ ਦੀਆਂ ਤੋਪਾਂ ਵੀ ਅੱਗ ਉਗਲਣ ਲੱਗ ਪਈਆਂ। ਮਾਵਾਂ ਦੇ ਨੌਨਿਹਾਲ ਸਦਾ ਦੀ ਨੀਂਦੇ ਸੌਣ ਲੱਗੇ।

ਅੰਗਰੇਜ਼ਾਂ ਦੀ ਪਹਿਲੀ ਪਾਲ ਅੱਗੇ ਵਧੀ ਤੇ ਵੱਧਦੀ-ਵੱਧਦੀ ਸਿੱਖਾਂ ਦੇ ਮੋਰਚੇ ਤੋਂ ੩੦੦ ਗਜ਼ ਦੀ ਵਿੱਥ 'ਤੇ ਆ ਗਈ। ਅੰਗਰੇਜ਼ੀ ਤੋਪਾਂ ਨੇ ਕਹਿਰ ਦੀ ਅੱਗ ਵਸਾਈ। ਸਿੱਖਾਂ ਦੀਆਂ ਤੋਪਾਂ ਨੇ ਅੱਗੋਂ ਦੂਣੇ ਬਲ ਨਾਲ ਜਵਾਬ ਦਿੱਤਾ। ਸਰ ਲਿਟਲਰ ਦੀ ਫ਼ੌਜ ਅੱਗੇ ਵਧੀ ਤੇ ਉਹਦੀ ਥਾਂ ਵਾਲਸ ਦੀ ਫ਼ੌਜ ਨੇ ਆ ਸੰਭਾਲੀ। ਅੰਗਰੇਜ਼ੀ ਦਸਤੇ (ਇਕ ਪਾਸਿਓਂ ਲਿਟਲਰ ਤੇ ਦੂਜੇ ਪਾਸਿਓਂ ਹਰੀ ਸਮਿਥ) ਸਿੱਖਾਂ ਦਿਆਂ ਮੋਰਚਿਆਂ ਤੱਕ ਪੁਜ ਪਏ, ਪਰ ਸਿੱਖ ਜ਼ਰਾ ਨਾ ਘਬਰਾਏ, ਸਗੋਂ ਵਧੇਰੇ ਜੋਸ਼ ਨਾਲ ਗੋਲਾਬਾਰੀ ਕਰਨ ਲੱਗੇ। ਹਰੀ ਸਮਿਥ ਦੀ ਫ਼ੌਜ ਬਿਜਲੀ ਵਾਂਗ ਗਰਜ ਕੇ ਸਿੱਖਾਂ 'ਤੇ ਜਾ ਪਈ ਤੇ ੬ ਤੋਪਾਂ ਖੋਹ ਲਈਆਂ। ਲਾਗੇ ਹੀ ਮਾਨਾਂਵਾਲੀਆਂ ਚਾਰ ਪਲਟਨਾਂ ਖਲੀਆਂ ਸਨ। ਉਹਨਾਂ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਨਾਲ ਉਸ ਤੂਫਾਨ ਵਾਂਗ ਵੱਧਦੀ ਫ਼ੌਜ ਉਤੇ ਹੱਲਾ ਬੋਲ ਦਿੱਤਾ। ਉਹਨਾਂ ਆਪਣੀਆਂ ਛੀਏ ਤੋਪਾਂ ਵਾਪਸ ਲੈ ਲਈਆਂ ਤੇ ਪਹਿਲੇ ਟਿਕਾਣੇ ਬੀੜ ਕੇ ਅੰਗਿਆਰ ਬਰਸਾਉਣੇ ਸ਼ੁਰੂ ਕਰ ਦਿੱਤੇ। ਹੁਣ ਅੰਗਰੇਜ਼ੀ ਫ਼ੌਜ ਨੂੰ ਪਿੱਛੇ ਹਟਣ ਤੋਂ ਬਿਨਾਂ ਕੋਈ ਰਾਹ ਨਾ ਦਿੱਸਿਆ। ਏਹਾ ਹਾਲ ਲਿਟਲਰ ਦੀ ਫੌਜ ਦਾ ਹੋਇਆ।

ਸਿੱਖਾਂ ਨੇ ਅਜੇਹੀ ਬੇਜਿਗਰੀ ਨਾਲ ਗੋਲੇ ਵਸਾਏ, ਕਿ ਅੰਗਰੇਜ਼ੀ ਤੋਪਾਂ ਖੜਿਆਂ ਤੋਂ ਡੇਗ ਦਿੱਤੀਆਂ। ਕੁਛ ਗੋਲੇ ਅੰਗਰੇਜ਼ਾਂ ਦੇ ਗੁਦਾਮ ਵਿਚ ਪਏ, ਜਿੰਨ੍ਹਾਂ ਨਾਲ ਰਸਦ ਦੀਆਂ ਗੱਡੀਆਂ ਚੂਰ ਚੂਰ ਹੋ ਗਈਆਂ ਤੇ ਬਾਰੂਦ ਨੂੰ ਅੱਗ ਲੱਗ ਗਈ। ਬਾਰੂਦ ਦੀਆਂ ਪੇਟੀਆਂ ਅਸਮਾਨ ਨਾਲ ਗੱਲਾਂ ਕਰਨ ਲੱਗੀਆਂ। ਇਸ ਧਮਾਕੇ ਨਾਲ ਕਈ ਅੰਗਰੇਜ਼ ਮਰ ਗਏ। ਸਾਰੀ ਫ਼ੌਜ ਵਿਚ ਹਲਚਲ ਮਚ ਗਈ। ਸਰ ਲਿਟਲਰ ਦੀ ਫ਼ੌਜ ਨੱਸ ਪਈ ਤੇ ਮੋਰਚਾ ਛੱਡ ਕੇ ਫ਼ੀਰੋਜ਼ਪੁਰ ਦਾ ਰੁਖ਼ ਕੀਤਾ। ਵਾਲਸ ਦੀ ਫ਼ੌਜ ਭੱਜ ਕੇ ਗਿਲਬਰਟ ਦੀ ਫ਼ੌਜ ਦੇ ਪਿੱਛੇ ਜਾ ਲੁਕੀ। ਹਰੀ ਸਮਿਥ ਦੀ ਫ਼ੌਜ ਵੀ ਆਪਣੇ ਮੋਰਚੇ 'ਤੇ ਕਾਇਮ ਨਾ ਰਹਿ ਸਕੀ। ਕੇਵਲ ਗਿਲਬਰਟ ਦੀ ਫ਼ੌਜ ਹੀ ਆਪਣੇ ਮੋਰਚੇ 'ਤੇ ਡਟੀ ਰਹਿ ਗਈ। ਏਸ ਵੇਲੇ ਅੰਗਰੇਜ਼ੀ ਫ਼ੌਜ ਦੀ ਹਾਲਤ ਬੜੀ ਤਰਸਯੋਗ ਸੀ।

ਓਧਰ ਸਿੱਖਾਂ ਦੀ ਫ਼ੌਜ ਦਾ ਹਾਲ ਸੁਣੋ। ਖ਼ਾਲਸਾ ਸਿਪਾਹੀਆਂ ਨੇ ਠਾਣ ਲਈ ਸੀ, ਕਿ 'ਫ਼ਤਹਿ ਪ੍ਰਾਪਤ ਕਰਾਂਗੇ, ਜਾਂ ਮਰ ਮਿਟਾਂਗੇ।' ਮੁਦਕੀ ਦੀ ਹਾਰ ਉਹਨਾਂ ਦੇ ਦਿਲਾਂ ਵਿਚ ਕੰਡੇ ਵਾਂਗ ਰੜਕ ਰਹੀ ਸੀ। ਉਹ ਤਲੀ 'ਤੇ ਸਿਰ ਰੱਖਕੇ ਟਾਕਰਾ ਕਰ ਰਹੇ ਸਨ। ਲਾਲ ਸਿੰਘ ਦੀ ਫ਼ੌਜ ਬੜੇ ਜੋਸ਼ ਨਾਲ ਅੱਗ ਵਸਾ ਰਹੀ ਸੀ। ਨੇੜੇ ਹੀ ਸੁਲਤਾਨ ਖ਼ਾਂ ਵਾਲੇ ਦੇ ਲਾਗੇ ਤੇਜ ਸਿੰਘ ਦਾ ਰਸਾਲਾ ਖਲਾ ਸੀ। ਸਿਪਾਹੀ ਤੇ ਛੋਟੇ ਅਫ਼ਸਰ ਜ਼ੋਰ ਲਾ ਰਹੇ, ਕਿ ਉਹਨਾਂ ਨੂੰ ਜੰਗ ਵਿਚ ਜਾਣ ਦਿੱਤਾ ਜਾਵੇ, ਪਰ ਤੇਜ ਸਿੰਘ ਨੇ ਇਹ ਕਹਿ ਕੇ ਰੋਕ ਛੱਡਿਆ, ਕਿ ਸਾਡੇ ਉੱਤੇ ਵੀ ਅੰਗਰੇਜ਼ ਹਮਲਾ ਕਰਨ ਵਾਲੇ ਹਨ। ਤੇਜ ਸਿੰਘ ਆਪਣੀ ਫ਼ੌਜ ਨੂੰ ਲਾਲ ਸਿੰਘ ਦੀ ਫ਼ੌਜ ਨਾਲ ਮਿਲ ਜਾਣ ਦੇਂਦਾ, ਤਾਂ ਦੁਸ਼ਮਣ ਦੇ ਬਚਣ ਦੀ ਕੋਈ ਆਸ ਨਹੀਂ ਸੀ।

ਜਿਉਂ-ਜਿਉਂ ਹਨ੍ਹੇਰਾ ਹੁੰਦਾ ਜਾਂਦਾ, ਤਿਉਂ-ਤਿਉਂ ਅੰਗਰੇਜ਼ੀ ਫ਼ੌਜ ਦੀ ਘਬਰਾਹਟ ਵੱਧਦੀ ਜਾਂਦੀ। ਕਨਿੰਘਮ ਨੇ ਏਸ ਲੜਾਈ ਦਾ ਹਾਲ ਇਉਂ ਲਿਖਿਆ ਹੈ, "ਤੋਪਾਂ ਖੜਿਆਂ ਤੋਂ ਡਿੱਗ ਪਈਆਂ ਤੇ ਬਾਰੂਦ ਸਿੱਕਾ ਹਵੱਾ ਵਿਚ ਉਡਣ ਲੱਗਾ। ਦਸਤੇ ਰਾਹ ਵਿਚ ਰੋਕੇ ਗਏ। ਬਟਾਲੀਅਨ ਭੱਜੀਆਂ ਜਾ ਰਹੀਆਂ ਸਨ ਤੇ ਉਹਨਾਂ ਦੇ ਸਿਪਾਹੀ ਏਧਰ ਓਧਰ ਖਿਲਰ ਗਏ ਸਨ। ਹਨ੍ਹੇਰੇ ਤੇ ਸਿੱਖਾਂ ਦੇ ਸਖ਼ਤ ਟਾਕਰੇ ਨੇ ਅੰਗਰੇਜ਼ਾਂ ਨੂੰ ਘਬਰਾਹਟ ਵਿੱਚ ਪਾ ਦਿੱਤਾ। ਸਾਰੀਆਂ ਰਜਮੰਟਾਂ ਦੇ ਸਿਪਾਹੀ ਮਿਲਗੋਭਾ ਹੋ ਰਹੇ ਸਨ। ਜਰਨੈਲਾਂ ਨੂੰ ਆਪਣੀ ਫ਼ਤਹਿ ਉਤੇ ਸ਼ੱਕ ਸੀ। ਕਰਨੈਲਾਂ ਨੂੰ ਪਤਾ ਨਹੀਂ ਸੀ, ਕਿ

ਉਹਨਾਂ ਦੀਆਂ ਰਜਮੰਟਾਂ ਨਾਲ ਕੀ ਹੋ ਬੀਤੀ ਸੀ। ਦੁਸ਼ਮਣ ਦੀਆਂ ਕੁਛ ਪਾਲਾਂ ਤੋੜੀਆਂ ਨਹੀਂ ਗਈਆਂ ਸਨ। ਸਿੱਖਾਂ ਨੇ ਆਪਣੀਆਂ ਤੋਪਾਂ ਦਾ ਮੂੰਹ ਉਹਨਾਂ ਭੁੱਖੇ ਤਿਹਾਏ ਤੇ ਥੱਕੇ ਹੋਏ ਸਿਪਾਹੀਆਂ (ਅੰਗਰੇਜ਼ਾਂ) ਵੱਲੇ ਕਰ ਦਿੱਤਾ, ਜੋ ਪਾਲੇ ਦੇ ਮਾਰੇ ਅੱਗ ਸੇਕਣ ਵਾਸਤੇ ਘਾਹ ਫੂਸ ਬਾਲੀ ਬੈਠੇ ਸਨ। ਅੰਗਰੇਜ਼ ਬੜੇ ਡਰ ਤੇ ਘਬਰਾਹਟ ਵਿੱਚ ਸਨ। ਅੰਗਰੇਜ਼ ਫ਼ੌਜ ਓਪਰੇ ਮੁਲਕਾਂ ਵਿੱਚ—ਜਿਵੇਂ ਹਿੰਦੁਸਤਾਨ ਵਿਚ ਵੀ—ਬੜੀ ਚੰਗੀ ਸਾਬਤ ਹੋ ਚੁੱਕੀ ਸੀ, ਜਦੋਂ ਡਸਿਪਲਨ—ਫ਼ੌਜੀ ਕਾਨੂੰਨ—ਕੋਈ ਨਹੀਂ ਸੀ ਜਾਣਦਾ ਤੇ ਫ਼ਤਹਿ ਸਦਾ ਵਾਸਤੇ ਸੀ (ਭਾਵ ਜਿੰਨਾ ਚਿਰ ਅੰਗਰੇਜ਼ ਜਿੱਤਾਂ ਜਿੱਤਦੇ ਰਹੇ ਤੇ ਉਹਨਾਂ ਵਰਗਾ ਲੜਾਈ ਦਾ ਢੰਗ ਕੋਈ ਨਹੀਂ ਸੀ ਜਾਣਦਾ)। ਪਰ ਕੁਛ ਘੰਟਿਆਂ ਵਿਚ ਹੀ ਦੂਰ ਦੇਸ ਦੇ ਪੰਜ ਹਜ਼ਾਰ ਬੱਚਿਆਂ (ਅੰਗਰੇਜ਼ਾਂ) ਨੂੰ ਪਤਾ ਲੱਗ ਗਿਆ, ਕਿ ਉਹਨਾਂ ਦਾ ਹੁਨਰ ਦੁਸ਼ਮਣ ਨੇ ਸਿੱਖ ਲਿਆ ਹੈ ਤੇ ਹੁਣ ਉਹਨਾਂ ਨੂੰ ਕੋਈ ਚੰਗਾ ਢੰਗ ਵਰਤਣਾ ਪਵੇਗਾ। ਓਸ ਯਾਦਗਿਰੀ ਵਾਲੀ ਰਾਤ ਨੂੰ ਜਿਸ ਜ਼ਮੀਨ ਉੱਤੇ ਅੰਗਰੇਜ਼ ਖਲੋ ਸਨ, ਉਸ ਦੇ ਵੀ ਮਾਲਕ ਨਹੀਂ ਸਨ। ਉਹਨਾਂ ਕੋਲ ਹੋਰ ਸੱਜਰਸਾਹ (ਰੀਜ਼ਰਵ—Reserve) ਫ਼ੌਜ ਕੋਈ ਨਹੀਂ ਸੀ, ਜਦੋਂ ਦੁਸ਼ਮਣ ਕੋਲ ਦੂੱਜਾ ਦਲ ਖਲਾ ਸੀ ਤੇ ਉਹ (ਦੁਸ਼ਮਣ ਸਿੱਖ) ਤਾਕਤ ਨਾਲ ਲੜਾਈ ਕਰ ਸਕਦਾ ਸੀ। ਸੋ ਫ਼ੀਰੋਜ਼ਪੁਰ ਵੱਲ ਹਟ ਜਾਣ ਦਾ ਖ਼ਿਆਲ ਪੈਦਾ ਹੋਇਆ।"੦

ਅੰਗਰੇਜ਼ੀ ਫ਼ੌਜ ਵਿੱਚ ਸਾਰੇ ਕੁਰਲਾਹਟ ਮੱਚ ਰਿਹਾ ਸੀ। ਲਾਰਡ ਹਾਰਡਿੰਗ ਤੋਂ ਆਪਣੀ ਫ਼ੌਜ ਦੀ ਇਹ ਦੁਰਦਸ਼ਾ ਸਹਾਰੀ ਨਾ ਗਈ। ਉਸ ਨੇ ਘੜੀ ਤੇ ਤ਼ਗਮੇ ਲਾਹ ਕੇ ਆਪਣੇ ਪੁੱਤਰ ਨੂੰ ਦੇ ਦਿੱਤੇ ਤੇ ਇਕ ਜੋਸ਼ੀਲਾ ਜਥਾ ਲੈ ਕੇ ਸਿੱਖਾਂ ਦੇ ਤੋਪਖ਼ਾਨੇ 'ਤੇ ਜਾ ਪਿਆ। ਇਕ ਤੋਪ, ਜੋ ਮਿੰਟ-ਮਿੰਟ ਪਿਛੋਂ ਅੱਗ ਉਗਲ ਰਹੀ ਸੀ, ਜਾ ਕਾਬੂ ਕੀਤੀ ਤੇ ਕਿੱਲ ਠੋਕ ਕੇ ਉਹਦਾ ਮੂੰਹ ਬੰਦ ਕਰ ਦਿੱਤਾ। ਅੱਗੋਂ ਸਿੱਖ ਸਿਪਾਹੀਆਂ ਨੇ ਬੀਰਤਾ ਵਾਲੀ ਹੱਦ ਕਰ ਦਿੱਤੀ। ਉਹਨਾਂ ਇਸ ਦਲੇਰੀ ਨਾਲ ਟਾਕਰਾ ਕੀਤਾ, ਕਿ ਲਾਚਾਰ ਹਾਰਡਿੰਗ ਨੂੰ ਤੋਪ ਛੱਡ ਕੇ ਪਿੱਛੇ ਮੁੜਨਾ ਪਿਆ। ਥੋੜ੍ਹੇ ਚਿਰ ਪਿੱਛੋਂ ਉਹ ਤੋਪ ਫੇਰ ਓਸੇ ਤਰ੍ਹਾਂ ਅੱਗ ਵਰ੍ਹਾ ਰਹੀ ਸੀ। ਸਿੱਖ ਸਿਪਾਹੀ ਤੇ ਅੰਗਰੇਜ਼ ਜਰਨੈਲ ਦੋਵੇਂ ਧਿਰਾਂ ਹੀ

---

੦(Cunningham) ਕਨਿੰਘਮ (੧੮੪੯), ਪੰਨਾ ੩੦੮।

ਸ਼ੋਭਾ ਦੇ ਅਧਿਕਾਰੀ ਸਨ। ਦੋਹਾਂ ਨੇ ਆਪੋ ਆਪਣੀ ਵੀਰਤਾ ਵਿਖਾਉਣ ਲਈ ਫ਼ਰਕ ਨਹੀਂ ਛੱਡਿਆ। ਪਰ ਜੇ ਕਦੇ ਸਿੱਖ ਫ਼ੌਜਾਂ ਕੋਲ ਹਰੀ ਸਿੰਘ ਨਲੂਆ ਜਾਂ ਰਣਜੀਤ ਸਿੰਘ ਵਰਗਾ ਸੈਨਾਪਤੀ ਹੁੰਦਾ, ਤਾਂ ਲੜਾਈ ਦਾ ਸੁਆਦ ਆ ਜਾਂਦਾ।

**੨੧ ਦੀ ਰਾਤ ਲਾਰਡ ਹਾਰਡਿੰਗ ਦੀ ਚਿੱਠੀ**

ਸਾਰੀ ਰਾਤ ਥੋੜ੍ਹੀ ਬਹੁਤੀ ਗੋਲਾਬਾਰੀ ਹੁੰਦੀ ਰਹੀ। ਇਹ ਰਾਤ ਅੰਗਰੇਜ਼ਾਂ ਨੇ ਕਿਵੇਂ ਕੱਟੀ ? ਇਹ ਉਹਨਾਂ ਦੀਆਂ ਚਿੱਠੀਆਂ ਤੋਂ ਹੀ ਠੀਕ ਪਤਾ ਲੱਗ ਸਕਦਾ ਹੈ। ਲਾਰਡ ਹਾਰਡਿੰਗ ਵਲਾਇਤ ਦੇ ਵੱਡੇ ਵਜ਼ੀਰ ਸਰ ਰਾਬਰਟ ਪੀਲ (Sir Robert Peel) ਨੂੰ ਲਿਖਦਾ ਹੈ :—"੨੧ ਦੀ ਰਾਤ ਮੇਰੀ ਜ਼ਿੰਦਗੀ ਦੀ ਇਕ ਅਣਹੋਣੀ ਰਾਤ ਸੀ। ਰਾਤ ਨੂੰ ਕੜਾਕੇ ਦੀ ਸਰਦੀ ਸੀ। ਮੈਂ ਭੁੱਖੇ ਤੇ ਨੰਗੇ ਆਦਮੀਆਂ ਨਾਲ ਰਾਤ ਜਾਗਦਿਆਂ ਕੱਟੀ। ਸਾਮ੍ਹਣੇ ਤੰਬੂ ਬਲ ਰਹੇ ਸਨ। ਸਾਡੇ ਬਹਾਦਰ ਸਿਪਾਹੀ ਤੋਪਾਂ ਦੀ ਗੜਗੜਾਹਟ ਥੱਲੇ ਸੁੱਤੇ ਪਏ ਸਨ। ਸਾਰੀ ਰਾਤ ਗੋਲੀਆਂ ਦੀ ਠਾਹ ਠੂਹ ਹੁੰਦੀ ਰਹੀ। ਸਿੱਖਾਂ ਦੇ ਜੈਕਾਰੇ, ਸਾਡੇ ਅੰਗਰੇਜ਼ੀ 'ਹੁਰੇ' ਦੇ ਨਾਅਰੇ, ਸਿਪਾਹੀਆਂ ਦੇ ਦੌੜਨ ਦਾ ਖੜਾਕ ਤੇ ਜ਼ਖ਼ਮੀਆਂ ਦੀ ਚੀਕ ਪੁਕਾਰ ਮਿਲ ਕੇ ਇਕ ਡਰਾਉਣਾ ਸਮਾਂ ਬਣਾ ਰਹੀ ਸੀ। ਇਸ ਹਾਲਤ ਵਿਚ ਮੈਂ ਕੁਝ ਆਦਮੀਆਂ ਨਾਲ, ਜੋ ਪਿਛਲੀ ਰਾਤ ਤੋਪਾਂ ਖਿੱਚ ਕੇ ਲਿਆਏ ਸਨ, ਸਵੇਰ ਤੱਕ ਰਿਹਾ। ਵੱਖ-ਵੱਖ ਰਜਮੈਂਟਾਂ ਵਿਚ ਜਾ ਕੇ ਮੈਂ ਸਿਪਾਹੀਆਂ ਦਾ ਹੌਸਲਾ ਵਧਾਉਂਦਾ ਰਿਹਾ। ਸੋ ਮੈਨੂੰ ਆਰਾਮ ਕਰਨ ਦਾ ਕੋਈ ਸਮਾਂ ਨਾ ਮਿਲਿਆ। ਮੈਂ ਆਪਣੇ ਆਪ ਨੂੰ ਫੇਰ ਉਹਨਾਂ ਮਿੱਤਰਾਂ ਵਿਚ ਵੇਖਿਆ, ਜੋ-ਉਨੱਤੀਵੀਂ, ਇਕੱਤੀਵੀਂ, ਪੰਜਾਹਵੀਂ ਤੇ ਨੌਂਵੀ ਰਜਮੈਂਟ ਵਿੱਚ— ਮੇਰੇ ਨਾਲ ਦੱਖਣ ਵਿਚ ਲੜ ਚੁੱਕੇ ਸਨ। ਉਹ ਸਭ ਹੌਂਸਲੇ ਵਿਚ ਸਨ। ਮੈਂ ਹਰ ਇਕ ਨੂੰ ਏਹਾ ਆਖਦਾ ਸਾਂ, ਕਿ ਸਵੇਰੇ ਵੈਰੀ 'ਤੇ ਦੱਬ ਕੇ ਹੱਲਾ ਕਰੋ। ਜਾਂ ਉਸਨੂੰ ਮਾਰੋ ਜਾਂ ਆਪ ਬਹਾਦਰਾਂ ਵਾਂਗ ਮੈਦਾਨ ਵਿਚ ਕੱਟ ਮਰੋ। ਪਹੁ-ਫੁਟਦਿਆਂ ਹੀ ਅਸੀਂ ਸੱਚੇ ਅੰਗਰੇਜ਼ਾਂ ਵਾਂਗ ਅੱਗੇ ਵਧੇ*।

---

°Sir Henry Hardinge's Letter to Sir Robert Peel, the Prime Minister of the day.

ਸੈਨਾਪਤੀ ਗਫ ਲਿਖਦਾ ਹੈ :—"੨੧ ਦਸੰਬਰ ਦੀ ਰਾਤ ਨੂੰ ਸਿੱਖ ਆਪਣੇ ਪੈਂਤੜਿਆਂ 'ਤੇ ਡਟੇ ਰਹੇ ਤੇ ਵਿਚਲੇ ਚੌਕ ਦੇ ਬਹੁਤੇ ਹਿੱਸੇ 'ਤੇ ਕਬਜ਼ਾ ਕੀਤੀ ਰਹੇ। ਬਾਕੀ ਹਿੱਸਾ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਹੈ, ਪਰ ਉਹ ਬੜੇ ਥੱਕੇ ਹੋਏ ਤੇ ਭੈੜੇ ਪਏ ਹੋਏ ਨੇ ਤੇ ਪਾਣੀ ਖੁਣੋ ਤਿਹਾਏ ਮਰ ਰਹੇ ਨੇ○।"

ਸਰ ਚਾਰਲਸ ਗਫ ਤੇ ਆਰਥਰ ਡੀ. ਇਨਸ ਆਪਣੀ ਕਿਤਾਬ ਦੇ ਪੰਨਾ ੯੮ ਉਤੇ ਲਿਖਦੇ ਹਨ—"੨੧-੨੨ ਦੀ ਵਿਚਲੀ ਰਾਤ ਜਿਸ ਦੇ ਬਾਰੇ ਕਿਹਾ ਜਾਂਦਾ ਏ, ਕਿ 'ਹਿੰਦੁਸਤਾਨ ਦੀ ਕਿਸਮਤ ਦਾ ਛਾਬਾ (ਪੱਲੜਾ) ਡੋਲ ਰਿਹਾ ਸੀ—ਠੀਕ ਹੀ ਇਕ ਬੁਰੀ ਰਾਤ ਸੀ, ਖ਼ਾਸਕਰ ਸੈਨਾਪਤੀ ਗਫ ਤੇ ਗਵਰਨਰ ਜੈਨਰਲ ਹਾਰਡਿੰਗ ਵਾਸਤੇ, ਜਦੋਂ ਕਿ ਸ਼ੇਰ ਦਿਲ ਬਹਾਦਰਾਂ ਦੇ ਦਿਲ ਡਹਿਲ ਰਹੇ ਸਨ।....ਥਕਾਵਟ, ਭੁੱਖ, ਤੇਹ, ਕਹਿਰ ਦੀ ਸਰਦੀ, ਜਾਨ ਮਾਲ ਦਾ ਨੁਕਸਾਨ, ਫੱਟੜ ਦੋਸਤਾਂ ਤੇ ਸਾਥੀਆਂ ਦੀਆਂ ਆਹੀਂ, ਦੁਸ਼ਮਣ ਦੇ ਜੈਕਾਰੇ, ਲਗਾਤਾਰ ਗੋਲਾਬਾਰੀ, ਇਹ ਸਭ ਚੀਜ਼ਾਂ, ਉਹਨਾਂ ਦੇ ਹੌਸਲੇ ਨਾ ਢਾਹ ਸਕੀਆਂ, ਉਹ ਜਾਣਦੇ ਸਨ, ਕਿ ਸਵੇਰੇ ਨਵਾਂ ਹਮਲਾ ਹੋਵੇਗਾ। ਉਹਨਾਂ ਨੂੰ ਦੇਸੀ ਫ਼ੌਜ ਦੀ ਕਾਮਯਾਬੀ ਉੱਤੇ ਸ਼ੱਕ ਸੀ, ਕਿਉਂਕਿ ਪਹਿਲੀਆਂ ਦੋ ਲੜਾਈਆਂ ਦੇ ਨਤੀਜੇ ਤੋਂ ਉਹਨਾਂ ਦੇ ਹੌਸਲੇ ਟੁੱਟੇ ਹੋਏ ਸਨ[]।"

ਏਸ ਰਾਤ ਠੀਕ ਹੀ ਅੰਗਰੇਜ਼ ਹਕੂਮਤ ਸਾਰੇ ਹਿੰਦੁਸਤਾਨ ਵਿਚ ਕੰਬ ਰਹੀ ਸੀ। ਗੋਰਾ ਫ਼ੌਜ ਨੂੰ ਅੱਜ ਹੀ ਪਤਾ ਲੱਗਾ ਸੀ, ਕਿ ਹਿੰਦੁਸਤਾਨ ਦੀ ਵੀ ਕੋਈ ਕੌਮ ਲੜਨਾ ਜਾਣਦੀ ਹੈ। ਅੰਗਰੇਜ਼ਾਂ ਦੇ ਹਿੰਦੁਸਤਾਨੀ ਸਿਪਾਹੀ ਜੋ ਕਿਸੇ ਨੂੰ ਅੱਖ ਥੱਲੇ ਨਹੀਂ ਲਿਆਉਂਦੇ ਸਨ : ਕਹਿੰਦੇ ਫਿਰਦੇ ਸਨ। "ਹਮ ਪਿਆਸ ਔਰ ਭੂਕ ਸੇ ਮਰ ਰਹਾ ਹੈ। ਹਮ ਕਿਆ ਕਰ ਸਕਤਾ ਹੈ।†'

ਸਾਰੀ ਰਾਤ ਅੰਗਰੇਜ਼ੀ ਜਰਨੈਲਾਂ ਵਿਚ ਏਹਾ ਵਿਚਾਰ ਹੁੰਦੀ ਰਹੀ, ਕਿ ਦਿਨ ਚੜ੍ਹਨ ਤੋਂ ਪਹਿਲਾਂ ਹੀ ਫ਼ੀਰੋਜ਼ਪੁਰ ਚਲੇ ਜਾਣਾ ਚੰਗਾ ਹੈ। ਅਫ਼ਸਰਾਂ ਦੀ ਬਹੁਸੰਮਤੀ ਏਸੇ ਗੱਲ ਉਤੇ ਸੀ, ਕਿਉਂਕਿ ਉਹਨਾਂ ਕੋਲ ਮਦਦ ਵਾਸਤੇ

---

○Commander-in-Chief's dispatch, M. Gregor, P. 113 (ਅੰਗਰੇਜ਼ ਸੈਨਾਪਤੀ ਦਾ ਖ਼ਤ) ਮੈਕਗ੍ਰੇਗਰ, ਪੰਨਾ ੧੧੩।

[](The Sikh Wars) ਸਿੱਖ ਯੁੱਧ, ਪੰਨਾ ੯੮।

†(M. Gregor) ਮੈਕਗ੍ਰੇਗਰ, ਪੰਨਾ ੧੦੯।

ਸੱਜਰ-ਸਾਹ (ਰੀਜ਼ਰਵ) ਫ਼ੌਜ ਕੋਈ ਨਹੀਂ ਸੀ, ਤੇ ਬਾਰੂਦ ਸਿੱਕਾ ਵੀ ਬਹੁਤਾ ਨਹੀਂ ਸੀ। ਉਹਨਾਂ ਦੇ ਦਿਲਾਂ ਵਿਚੋਂ ਇਹ ਖ਼ਿਆਲ, ਕਿ ਸਿੱਖ ਗੱਪੀ ਤੇ ਕਮਦਿਲੇ ਹਨ, ਨਿਕਲ ਚੁੱਕਾ ਸੀ। ਉਹਨਾਂ ਦੇ ਪੂਰਬੀ ਸਿਪਾਹੀ ਚੜ੍ਹਦੇ ਵੱਲੋਂ ਭੌਂ-ਭੌਂ ਕੇ ਆਪਣੇ ਘਰਾਂ ਵੱਲ ਤਕਦੇ ਪਏ ਸਨ। ਅੰਗਰੇਜ਼ ਬਹਾਦਰਾਂ ਨੂੰ ਵੀ ਬਰਾਬਰ ਦੇ ਦੁਸ਼ਮਣ ਤੇ ਬਰਾਬਰ ਦੇ ਹਥਿਆਰਾਂ ਨਾਲ ਅੱਜ ਹੀ ਵਾਹ ਪਿਆ ਸੀ। ਨਹੀਂ ਤਾਂ ਬਾਕੀ ਹਿੰਦ ਦੇ ਰਾਜੇ ਤੇ ਨਵਾਬ ਜਿੱਤਣ ਵਿਚ ਕੋਈ ਔਖਿਆਈ ਨਹੀਂ ਹੋਈ ਸੀ।

ਸੈਨਾਪਤੀ ਗਫ ਤੇ ਲਾਰਡ ਹਾਰਡਿੰਗ ਨੇ ਹੌਸਲਾ ਨਾ ਹਾਰਿਆ। ਉਹ ਇਕ ਆਖ਼ਰੀ ਹੱਲਾ ਕਰਕੇ ਆਪਣੀ ਕਿਸਮਤ ਅਜ਼ਮਾਉਣਾ ਚਾਹੁੰਦੇ ਸਨ। ਉਹ ਹਾਰਨ ਨਾਲੋਂ ਮਰਨਾ ਚੰਗਾ ਸਮਝਦੇ ਸਨ। ਉਹਨਾਂ ਦੀ ਦਲੇਰੀ ਸਦਕਾ ਹੀ ਅੰਗਰੇਜ਼ੀ ਫ਼ੌਜ ਮੈਦਾਨ ਵਿਚ ਡਟੀ ਰਹੀ।

**੨੨ ਦਸੰਬਰ ਦੀ ਲੜਾਈ**

ਸੂਰਜ ਨਿਕਲਦੇ ਹੀ ਦੋਹਾਂ ਧਿਰਾਂ ਦੀਆਂ ਤੋਪਾਂ ਨੇ ਅੱਗ ਬਰਸਾਉਣੀ ਆਰੰਭ ਕਰ ਦਿੱਤੀ। ਅੰਗਰੇਜ਼ੀ ਅਫ਼ਸਰ—ਜੋ 'ਤਖ਼ਤ ਜਾਂ ਤਖ਼ਤਾ' ਦੀ ਕਸਮ ਖਾ ਚੁੱਕੇ ਸਨ-ਬਿਜਲੀ ਵਾਂਗ ਸਿੱਖਾਂ 'ਤੇ ਆ ਪਏ। ਉਹ ਛੇਤੀ ਤੋਂ ਛੇਤੀ ਲੜਾਈ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਗਫ ਤੇ ਹਾਰਡਿੰਗ ਨੇ ਆਪ ਅੱਗੇ ਵੱਧ ਕੇ ਹੱਲਾ ਕੀਤਾ। ਏਸ ਹੱਲੇ ਵਿਚ ਸਿੱਖ ਫੌਜ ਦਾ ਬਹੁਤ ਬੁਰਾ ਹਾਲ ਹੋਇਆ, ਕਿਉਂਕਿ ਉਸ ਦਾ ਸੈਨਾਪਤੀ—ਓਹਾ—ਮੁਦਕੀ ਦੇ ਜੰਗ ਵਾਲਾ-ਲਾਲ ਸਿੰਘ ਸੀ, ਜਿਸ ਦੀ ਬੇਈਮਾਨੀ ਉੱਤੇ ਕਿਸੇ ਨੂੰ ਸ਼ੱਕ ਹੀ ਨਹੀਂ। ਉਹ ੨੧ ਨੂੰ ਵੀ ਪਿੱਛੇ ਹਟ ਕੇ ਤਮਾਸ਼ਾ ਵੇਖੂ ਦੀ ਹੈਸੀਅਤ ਵਿਚ ਖਲਾ ਰਿਹਾ ਤੇ ੨੨ ਨੂੰ ਹਮਲਾ ਹੁੰਦਿਆਂ ਸਾਰ ਹੀ ਆਪਣੀ ਨਿੱਜੀ (ਡੋਗਰਾ ਤੇ ਮੁਸਲਮਾਨ) ਫ਼ੌਜ ਸਣੇ ਹੌਲੀ-ਹੌਲੀ ਪਿੱਛੇ ਪਰਤਣ ਲੱਗਾ। ਉਪਰੋਂ ਹਾਰਡਿੰਗ ਨੇ ਇਕ ਜ਼ੋਰ ਦੀ ਹੱਲਾ ਬੋਲਿਆ, ਕਿ ਜੇ ਅੱਗੇ ਸਿੱਖ ਨਾ ਹੁੰਦੇ, ਤਾਂ ਹੋਰ ਕੋਈ ਸ਼ਕਤੀ ਵੀ ਉਸਨੂੰ ਰੋਕ ਨਾ ਸਕਦੀ।

ਲਾਲ ਸਿੰਘ ਵਾਲੀ ਫ਼ੌਜ ਦਾ ਏਨਾ ਬੁਰਾ ਹਾਲ ਹੁੰਦਾ ਵੇਖ ਕੇ ਵੀ ਤੇਜ ਸਿੰਘ ਨੇ ਆਪਣੀ ੧੦ ਹਜ਼ਾਰ ਫ਼ੌਜ ਨੂੰ ਲੜਾਈ ਵਿਚ ਸ਼ਾਮਲ ਨਾ ਹੋਣ ਦਿੱਤਾ। ਛੋਟੇ ਸਰਦਾਰਾਂ ਤੇ ਸਿਪਾਹੀਆਂ ਦੇ ਜ਼ੋਰ ਦੇਣ 'ਤੇ ਵੀ ਉਹ ਜੰਗ ਵਿਚ ਸ਼ਾਮਲ ਨਾ ਹੋਇਆ। ਏਨੇ ਨੂੰ ਲਾਲ ਸਿੰਘ, ਡੋਗਰਾ ਫ਼ੌਜ ਨੂੰ ਨਾਲ ਲੈ

ਕੇ, ਮੈਦਾਨ ਵਿਚੋਂ ਨੱਸ ਪਿਆ। ਹੁਣ ਤੇਜ ਸਿੰਘ ਵਾਲੀ ਖ਼ਾਲਸਾ ਫ਼ੌਜ ਤੋਂ ਨਾ ਰਿਹਾ ਗਿਆ। ਉਹ ਬਿਨਾਂ ਹੁਕਮ ਦੀ ਉਡੀਕ ਕੀਤੇ, ਭੁੱਖੇ ਸ਼ੇਰਾਂ ਵਾਂਗ ਦੁਸ਼ਮਣ 'ਤੇ ਟੁੱਟ ਪਈ। ਏਸ ਫ਼ੌਜ ਦੇ ਸ਼ਾਮਲ ਹੁੰਦਿਆਂ ਹੀ ਜੰਗ ਦਾ ਰੰਗ ਬਦਲ ਗਿਆ। ਜਿਹੜੀ ਅੰਗਰੇਜ਼ੀ ਫ਼ੌਜ ਦਰਿਆ ਦੇ ਹੜ੍ਹ ਵਾਂਗ ਵਧੀ ਆਉਂਦੀ ਸੀ, ਉਸਨੇ ਸਿੱਖਾਂ ਦੀ ਫ਼ੌਲਾਦੀ ਚੱਟਾਨ ਨਾਲ ਟਕਰਾ ਕੇ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਦੁਸ਼ਮਣ ਦੇ ਪੈਰ ਉਖੜੇ ਹੀ ਸਨ, ਕਿ ਸਿੱਖਾਂ ਨੇ ਇਸ ਜ਼ੋਰ ਦਾ ਹੱਲਾ ਕੀਤਾ, ਜਿਵੇਂ ਉਹ ਸਾਰੀ ਦੁਨੀਆਂ ਨੂੰ ਜਿੱਤ ਲੈਣਾ ਚਾਹੁੰਦੇ ਹਨ। ਤੇਜ ਸਿੰਘ ਵੀ ਮੈਦਾਨ ਵਿਚ ਪਹੁੰਚ ਗਿਆ ਤੇ ਫ਼ੌਜ ਦੀ ਮੂੰਹ-ਰੱਖਣੀ ਲਈ ਹੱਲੇ ਕਰਾਉਣ ਲੱਗਾ। ਏਸ ਵੇਲੇ ਅੰਗਰੇਜ਼ੀ ਫ਼ੌਜ ਦੀ ਹਾਲਤ ਓਸ ਤੋਂ ਵੀ ਬੁਰੀ ਹੋਈ, ਜਿੰਨੀ—ਥੋੜ੍ਹਾ ਚਿਰ ਪਹਿਲਾਂ—ਸਿੱਖ ਫ਼ੌਜ ਦੀ ਹੋ ਗਈ ਸੀ।

ਅੰਗਰੇਜ਼ੀ ਫ਼ੌਜ ਦਾ ਦਾਰੂ ਸਿੱਕਾ ਬਿਲਕੁਲ ਮੁੱਕ ਚੁੱਕਾ ਸੀ। ਫ਼ੌਜ ਦਾ ਇਕ ਹਿੱਸਾ (ਲਿਟਲਰ ਵਾਲਾ) ਫ਼ੀਰੋਜ਼ਪੁਰ ਨੂੰ ਨੱਸ ਗਿਆ ਸੀ। ਕਿਸੇ ਮੋਰਚੇ ਵਿੱਚ ਵੀ ਉਹ ਆਪਣੇ ਪੈਰਾਂ ਸਿਰ ਨਹੀਂ ਰਹਿ ਗਏ ਸਨ। ਹਰ ਇਕ ਸਿਪਾਹੀ ਦਾ ਪੈਰ ਪਿਛਾਂਹ ਪਰਤ ਰਿਹਾ ਸੀ। ਅੰਗਰੇਜ਼ ਅਫ਼ਸਰ ਘਬਰਾ ਗਏ ਸਨ। ਉਸ ਵੇਲੇ—ਪੰਜਾਬ ਦੇ ਮੰਦੇ ਭਾਗਾਂ ਨੂੰ ਤੇ ਅੰਗਰੇਜ਼ ਦੀ ਕਿਸਮਤ ਚੰਗੀ ਬਨਾਉਣ ਬਦਲੇ—ਤੇਜ ਸਿੰਘ ਆਪਣੀ ਫ਼ੌਜ ਸਣੇ ਬਿਨਾਂ ਕਾਰਨ ਜਾਣ-ਬੁੱਝ ਕੇ ਨੱਸ ਪਿਆ। ਸਿੱਖ ਜਿੱਤਣ ਵਾਲੇ ਸਨ, ਜਾਂ ਲੂਣ-ਹਰਾਮੀ ਤੇਜ ਸਿੰਘ ਨੇ ਇਹ ਕਰਤੂਤ ਕੀਤੀ। ਕਨਿੰਘਮ ਤੇਜ ਸਿੰਘ ਦੇ ਵਿਸਾਹਘਾਤ ਬਾਬਤ ਇਉਂ ਲਿਖਦਾ ਹੈ :—"ਇਸ ਰੀਜ਼ਰਵ ਫ਼ੌਜ ਦਾ ਸੈਨਾਪਤੀ ਤੇਜ ਸਿੰਘ ਸੀ। ਉਸਦੀ ਜੋਸ਼ੀਲੀ ਤੇ ਸੱਚੀ ਫ਼ੌਜ ਨੇ ਸਵੇਰੇ ਹੀ ਅੰਗਰੇਜ਼ੀ ਫ਼ੌਜ 'ਤੇ ਹਮਲਾ ਕਰਨ ਦੀ ਆਗਿਆ ਮੰਗੀ। ਪਰ ਉਹ (ਤੇਜ ਸਿੰਘ) ਖ਼ਤਰਨਾਕ ਖ਼ਾਲਸਾ ਫ਼ੌਜ ਨੂੰ ਖਿਲਾਰਨਾ ਤੇ ਤਬਾਹ ਕਰਾਉਣਾ ਚਾਹੁੰਦਾ ਸੀ। ਉਸਨੇ ਹਮਲਾ ਕਰਨ ਵਿਚ ਉਸ ਵੇਲੇ ਤਕ ਦੇਰ ਕੀਤੀ, ਜਦ ਤੱਕ ਲਾਲ ਸਿੰਘ ਦੀ ਫ਼ੌਜ ਹਰ ਥਾਂ ਨੱਸ ਨਾ ਉਠੀ ਤੇ ਦੁਸ਼ਮਣ ਨੇ ਆਪਣੀ ਫ਼ੌਜ ਨੂੰ ਫਿਰ ਦੁਬਾਰਾ ਪੈਂਤੜੇ ਸਿਰ ਨਾ ਕਰ ਲਿਆ। ਲੜਾਈ ਅੰਤਲੇ ਦਮਾਂ 'ਤੇ ਪਹੁੰਚ ਚੁੱਕੀ ਸੀ, ਜਾਂ ਉਹ ਝੂਠੀ-ਮੂਠੀ ਲੜਨ ਲੱਗਾ। ਸਖ਼ਤ ਹਮਲਾ ਕਰਨ ਦੀ ਥਾਂ ਉਹਨੇ ਕਈ ਝੂਠੀਆਂ ਚਾਲਾਂ ਚੱਲੀਆਂ। ਥੋੜ੍ਹੇ ਚਿਰ ਪਿਛੋਂ ਬਿਨਾਂ ਕਿਸੇ ਕਾਰਨ ਦੇ

ਉਹ ਫ਼ੌਜ ਨੂੰ ਛੱਡ ਕੇ ਅੰਧਾ ਧੁੰਧ ਭੱਜ ਉਠਿਆ। ਉਸ ਵੇਲੇ ਅੰਗਰੇਜ਼ੀ ਤੋਪਖ਼ਾਨਾ ਨਕਾਰਾ ਹੋ ਚੁੱਕਾ ਸੀ ਤੇ ਕੁਛ ਅੰਗਰੇਜ਼ੀ ਫ਼ੌਜ ਫ਼ੀਰੋਜ਼ਪੁਰ ਨੂੰ ਵਾਪਸ ਹੋ ਗਈ ਸੀ। ਜੇ ਉਸ ਵੇਲੇ ਸਿੱਖ ਦਲੇਰੀ ਨਾਲ ਅੱਗੇ ਵੱਧਦੇ, ਤਾਂ ਕੋਈ ਕੋਸ਼ਿਸ ਵੀ ਬਾਕੀ ਦੀ ਅੰਗਰੇਜ਼ੀ ਫ਼ੌਜ ਨੂੰ ਨਾ ਬਚਾ ਸਕਦੀ।○"

ਜਿੱਤੀ ਹੋਈ ਖ਼ਾਲਸਾ ਫ਼ੌਜ ਸੈਨਾਪਤੀ ਦੀ ਗ਼ੱਦਾਰੀ ਦੇ ਕਾਰਨ ਮੈਦਾਨ ਛੱਡ ਕੇ ਨੱਸ ਗਈ। ਅੰਗਰੇਜ਼ਾਂ ਦੇ ਜਰਨੈਲ ਲਾਲ ਸਿੰਘ ਤੇ ਤੇਜ ਸਿੰਘ ਵਰਗੇ ਨਹੀਂ ਸਨ। ਉਹਨਾਂ ਆਪਣੀ ਨੱਸੀ ਜਾਂਦੀ ਫ਼ੌਜ ਨੂੰ ਰੋਕ ਲਿਆ ਤੇ ਭੱਜੇ ਜਾਂਦੇ ਸਿੱਖਾਂ ਉਤੇ ਹੱਲਾ ਬੋਲ ਦਿੱਤਾ ਤੇ ਖ਼ਾਲੀ ਮੋਰਚਿਆਂ 'ਤੇ ਕਬਜ਼ਾ ਕਰ ਲਿਆ। ਮੈਦਾਨ ਵਿਚ ਪਏ ਹੋਏ ਫਟੜ--ਸਹਿਕਦੇ--ਸਿੱਖ ਦੁਸ਼ਮਣ ਸਿਪਾਹੀਆਂ ਦੀਆਂ ਸੰਗੀਨਾਂ ਦਾ ਸ਼ਿਕਾਰ ਹੋ ਗਏ। ਵੈਰੀ ਤੇ ਰਹਿਮ ਕਰਨਾ ਕੇਵਲ ਹਿੰਦੁਸਤਾਨੀਆਂ ਹੀ ਸਿੱਖਿਆ ਹੈ, ਦੁਨੀਆਂ ਦੀਆਂ ਬਾਕੀ ਕੌਮਾਂ ਨੇ ਨਹੀਂ। ਸਿੱਖਾਂ ਦੀਆਂ ੭੦ ਤੋਪਾਂ ਤੇ ਸਤਲੁਜ ਦੇ ਪਾਰ ਕੁਝ ਪਿੰਡ ਅੰਗਰੇਜ਼ਾਂ ਦੇ ਹੱਥ ਆਏ, ਪਰ ਆਪਣੀ ਫ਼ੌਜ ਦਾ ਸੱਤਵਾਂ ਹਿੱਸਾ ਯੁੱਧ ਦੀ ਭੇਟਾ ਕਰਕੇ। ਮੇਜਰ ਬਰਾਡਫੁਟ ਤੇ ਵਾਲਸ ਮਾਰੇ ਗਏ। ਸਿੱਖਾਂ ਤੇ ਅੰਗਰੇਜ਼ਾਂ ਦਾ ਜਾਨੀ ਨੁਕਸਾਨ ਇਕੋ ਜਿਹਾ ਸੀ। ਅੰਗਰੇਜ਼ਾਂ ਦਾ ਨੁਕਸਾਨ ਇਸ ਪ੍ਰਕਾਰ ਹੈ : ੩੭ ਅੰਗਰੇਜ਼ ਅਫ਼ਸਰ, ੧੭ ਦੇਸੀ ਅਫ਼ਸਰ, ੪੬੨ ਗੋਰੇ ਸਿਪਾਹੀ ਤੇ ੧੭੪ ਦੇਸੀ ਸਿਪਾਹੀ ਮਾਰੇ ਗਏ, ਤੇ ੭੮ ਅੰਗਰੇਜ਼ ਅਫ਼ਸਰ, ੧੮ ਦੇਸੀ ਅਫ਼ਸਰ, ੧੦੫੪ ਗੋਰਾ ਸਿਪਾਹੀ ਤੇ ੫੭੧ ਦੇਸੀ ਸਿਪਾਹੀ ਫਟੜ ਹੋਏ। ਕੁੱਲ ਜੋੜ ੬੯੪ ਮਰੇ, ੧੭੨੧ ਫੱਟੜ ਹੋਏ।

ਸਿੱਖਾਂ ਦੇ ਲੀਡਰਾਂ ਦੀ ਗ਼ੱਦਾਰੀ ਦਾ ਸਦਕਾ ਅੰਗਰੇਜ਼ਾਂ ਨੇ ਫੇਰੂ ਸ਼ਹਿਰ ਦੀ ਲੜਾਈ ਜਿੱਤ ਲਈ। ਏਸ ਯੁੱਧ ਬਾਬਤ ਕੁਝ ਇਤਿਹਾਸਕਾਰਾਂ ਨੇ ਆਪਣੀਆਂ ਰਾਵਾਂ ਏਸ ਤਰ੍ਹਾਂ ਦਿੱਤੀਆਂ ਹਨ: ਜੇਨਰਲ ਗਾਰਡਨ ਲਿਖਦਾ ਹੈ :--

**ਫੇਰੂ ਸ਼ਹਿਰ ਦੀ ਜੰਗ ਬਾਰੇ ਇਤਿਹਾਸਕਾਰਾਂ ਦੀਆਂ ਰਾਵਾਂ**

"ਫੇਰੂ ਸ਼ਹਿਰ ਦੀ ਲੜਾਈ ਬੜੀਆਂ ਬੜੀਆਂ ਲੜਾਈਆਂ ਵਿਚੋਂ ਇਕ ਸੀ। ਅੰਗਰੇਜ਼ਾਂ ਨੇ ਜਿੰਨੀਆਂ ਲੜਾਈਆਂ ਹਿੰਦੁਸਤਾਨ ਵਿਚ

○(Cunningham) ਕਨਿੰਘਮ (੧੮੪੯). ਪੰਨਾ ੩੦੯।

ਲੜੀਆਂ, ਉਨ੍ਹਾਂ ਸਾਰੀਆਂ ਨਾਲੋਂ ਇਹ ਸਖ਼ਤ ਲੜੀ ਗਈ ਸੀ। ਕਿਹਾ ਜਾਂਦਾ ਹੈ, ਸਿੱਖਾਂ ਨੇ ਸਾਡੀ (ਅੰਗਰੇਜ਼ੀ) ਹਕੂਮਤ ਹਿੰਦ ਨੂੰ ਜੜ੍ਹਾਂ ਤੱਕ ਹਿਲਾ ਦਿੱਤਾ ਸੀ।"o

ਚਾਰਲਸ ਗਫ ਤੇ ਆਰਥਰ ਡੀ. ਇਨਸ ਲਿਖਦੇ ਹਨ :—"ਕਦੇ ਕਿਸੇ ਦੇਸੀ ਫ਼ੌਜ ਨੇ, ਜਿਸਦੀ ਗਿਣਤੀ ਏਨੀ ਘੱਟ ਹੋਵੇ, ਅੰਗਰੇਜ਼ੀ ਫ਼ੌਜ ਦਾ ਇਸ ਬਹਾਦਰੀ ਨਾਲ ਟਾਕਰਾ ਨਹੀਂ ਸੀ ਕੀਤਾ, ਜਿਹੋ ਜਿਹਾ ਸਿੱਖਾਂ ਨੇ ਜੰਗ ਫੇਰੂ ਸ਼ਹਿਰ ਵਿੱਚ ਕੀਤਾ। ਭਾਵੇਂ ਅੰਗਰੇਜ਼ਾਂ ਨੂੰ ਫ਼ਤਹਿ ਪਰਾਪਤ ਹੋਈ, ਪਰ ਦਲੀਲ ਇਸ ਦੇ ਉਲਟ ਹੈ। ਜੇ ਸਿੱਖਾਂ ਨੂੰ ਐਹੋ ਜੇਹੇ ਸੈਨਾਪਤੀ ਮਿਲਦੇ, ਜਿਨ੍ਹਾਂ ਦੀ ਅਗਵਾਈ ਵਿਚ ਉਹ ਆਪਣੇ ਗੁਣ ਪਰਗਟ ਕਰ ਸਕਦੇ, ਤਾਂ ਜੰਗ ਦਾ ਨਤੀਜਾ ਕੁਛ ਹੋਰ ਹੁੰਦਾ।...ਦਲੀਲਾਂ ਤੇ ਬਹਾਨੇ ਏਸ ਸੱਚਾਈ ਨੂੰ ਝੂਠਾ ਸਾਬਤ ਨਹੀਂ ਕਰਦੇ। ਸਿੱਖਾਂ ਨੇ ਇਸ ਦ੍ਰਿੜ ਭਰੋਸੇ 'ਤੇ ਫ਼ੌਜੀ ਨੇਮਾਂ ਅਨੁਸਾਰ ਟਾਕਰਾ ਕੀਤਾ, ਕਿ ਸਾਨੂੰ ਹਿੰਦੁਸਤਾਨ ਦੀ ਕਿਸੇ ਲੜਾਈ ਵਿਚ ਇਸਦੀ ਮਿਸਾਲ ਨਹੀਂ ਮਿਲਦੀ। ਸਿੱਖਾਂ ਦੀ ਇਹ ਸਫਲਤਾ ਰਣਜੀਤ ਸਿੰਘ ਦੇ ਅਖ਼ਤਿਆਰ ਕੀਤੇ ਗਏ ਨਵੇਂ ਜੰਗੀ ਢੰਗ ਦਾ ਨਤੀਜਾ ਸੀ।....ਲੜਾਈ ਦਾ ਜੰਗੀ ਢੰਗ ਸਿੱਖਣ ਤੇ ਸਮਝਣ ਵਿਚ ਸਿੱਖ ਬਾਕੀ ਸਾਰੀਆਂ ਦੇਸੀ ਫ਼ੌਜਾਂ ਨਾਲੋਂ ਚੰਗੇ ਸਿਆਣੇ ਸਨ।()"

ਜੇ.ਐਮ.ਲੌਡਲੀ ਲਿਖਦਾ ਹੈ—"ਇਨ੍ਹਾਂ ਦੋਹਾਂ ਹਮਲਿਆਂ (ਮੁਦਕੀ ਤੇ ਫੇਰੂ ਸ਼ਹਿਰ) ਪਿੱਛੋਂ ਸਿੱਖ ਫ਼ੌਜ ਦੇ ਸਰਦਾਰਾਂ ਦੇ ਹਜ਼ਾਰਾਂ ਵਿਸਾਹਘਾਤ ਕਰਨ 'ਤੇ ਵੀ (ਭਾਵ : ਜੇ ਇਹਨਾਂ ਦੋਹਾਂ ਲੜਾਈਆਂ ਵਿਚ ਵਿਸਾਹਘਾਤ ਨਾ ਕਰਦੇ ਤਾਂ) ਅੰਗਰੇਜ਼ ਆਪਣੇ ਸਰਬੰਸ ਨਾਸ ਤੋਂ ਨਹੀਂ ਸੀ ਬਚ ਸਕਦੇ।"*

ਪੰਡਤ ਨੰਦਕੁਮਾਰ ਦੇਵ ਸ਼ਰਮਾ ਲਿਖਦਾ ਹੈ : "ਜੇ ਲਾਲ ਸਿੰਘ ਤੇ ਤੇਜ ਸਿੰਘ ਮਿਲਕੇ—ਪੰਜਾਬ ਦੇ ਪੈਰਾਂ ਵਿੱਚ ਗ਼ੁਲਾਮੀ ਦੀਆਂ ਬੇੜੀਆਂ ਪੁਆਉਣ ਵਾਸਤੇ-ਵਿਸਾਹਘਾਤ ਨਾ ਕਰਦੇ, ਤਾਂ ਏਸ ਯੁੱਧ ਦਾ ਨਤੀਜਾ ਕੁਛ ਹੋਰ ਹੁੰਦਾ।**

---

o(J.H. Gordon) ਗਾਰਡਨ, ਪੰਨਾ ੧੪੩।

()(The Sikh Wars) ਸਿੱਖ ਯੁੱਧ, ਪੰਨੇ ੪੨-੪੩।

*History of the British India, Vol II. P.142

**ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੩੫।

ਕਨਿੰਘਮ ਲਿਖਦਾ ਹੈ : (੧੯੪੯, ਪੰਨਾ ੩੦੯) "ਜੇ ਕੋਈ ਆਦਮੀ ਸਿੱਖ ਫ਼ੌਜ ਨੂੰ ਚੰਗੀ ਤਰ੍ਹਾਂ ਲੜਾਉਣ ਵਾਲਾ ਹੁੰਦਾ, ਤਾਂ ਅੰਗਰੇਜ਼ਾਂ ਦਾ ਫ਼ੀਰੋਜ਼ਪੁਰ ਨੂੰ ਵਾਪਸ ਮੁੜਨਾ ਸਿੱਖਾਂ ਦੇ ਹੱਕ ਵਿੱਚ ਫ਼ੌਜੀ ਵਿਚਾਰ ਤੋਂ ਚੰਗਾ ਸਾਬਤ ਹੁੰਦਾ। ਪਰ ਦੁਸ਼ਮਣ ਦੀ ਫ਼ੌਜ ਦੇ ਲੀਡਰ ਗ਼ੱਦਾਰ ਸਨ। ਇਸ ਵਾਸਤੇ ਨਿਡਰ ਹੋ ਕੇ ਮੈਦਾਨ ਵਿੱਚ ਲੜਨਾ ਚੰਗਾ ਸੀ...(੧੯੪੯, ਪੰਨਾ ੩੧੦) ਅੰਗਰੇਜ਼ੀ ਫ਼ੌਜ ਨੂੰ ਪਹਿਲੀ ਵਾਰ ਬਰਾਬਰ ਦੇ ਹਥਿਆਰਬੰਦ ਦੁਸ਼ਮਣ ਨਾਲ ਲੜਨਾ ਪਿਆ।"[ ]

ਇਹ ਸਭ ਕੁਝ ਲਾਲ ਸਿੰਘ, ਤੇਜ ਸਿੰਘ ਆਦਿ ਦੀ ਗ਼ੱਦਾਰੀ ਦਾ ਸਦਕਾ ਹੋਇਆ। ਇਕ ਥਾਂ ਨਹੀਂ, ਵਾਰ ਵਾਰ ਇਤਿਹਾਸਕਾਰਾਂ ਨੇ ਉਨ੍ਹਾਂ ਦੋਹਾਂ ਦੀ ਕਰਤੂਤ ਨੂੰ ਨਸ਼ਰ ਕੀਤਾ ਹੈ। ਕਨਿੰਘਮ ਕਹਿੰਦਾ ਹੈ, "ਤੇਜ ਸਿੰਘ ਖ਼ਾਲਸਾ ਫ਼ੌਜ ਨੂੰ ਤਬਾਹ ਕਰਾਉਣਾ ਚਾਹੁੰਦਾ ਸੀ।"*

ਮੈਕਗ੍ਰੇਗਰ ਲਿਖਦਾ ਹੈ :—"ਸਿੱਖ ਸਰਦਾਰ ਆਪਣੀ ਫ਼ੌਜ ਨੂੰ ਬਰਬਾਦ ਕਰਾਉਣਾ ਚਾਹੁੰਦੇ ਸਨ।"()

ਕਨਿੰਘਮ ਇਕ ਥਾਂ ਹੋਰ ਲਿਖਦਾ ਹੈ, "ਉਹ (ਲਾਲ ਸਿੰਘ, ਤੇਜ ਸਿੰਘ ਆਦਿ) ਅੰਗਰੇਜ਼ ਜੇਤੂਆਂ ਦੇ ਮਾਤਹਿਤ, ਵਜ਼ੀਰ ਬਣ ਕੇ ਕੰਮ ਕਰਨਾ ਚਾਹੁੰਦੇ ਸਨ। ਏਸ ਵਾਸਤੇ ਉਹਨਾਂ ਫ਼ੀਰੋਜ਼ਪੁਰ 'ਤੇ ਹਮਲਾ ਨਾ ਕੀਤਾ ਤੇ ਅੰਗਰੇਜ਼ ਅਫ਼ਸਰਾਂ ਨੂੰ ਆਪਣੀ ਹਮਦਰਦੀ ਦੀਆਂ ਗੁਪਤ ਚਾਲਾਂ ਤੋਂ ਜਾਣੂ ਕਰਾ ਦਿੱਤਾ।"੦

ਹੁਣ ਆਪੇ ਫ਼ੈਸਲਾ ਕਰ ਲਵੋ, ਕਿ ਏਸ ਲੜਾਈ ਵਿਚ ਸਿੱਖ ਕਿਉਂ ਹਾਰੇ ? ਸਿੱਖ ਤਾਂ ਨੱਸ ਕੇ ਸਤਲੁਜ ਟੱਪ ਗਏ ਤੇ ਅੰਗਰੇਜ਼ੀ ਫ਼ੌਜ ਮੈਦਾਨ ਵਿਚ ਓਸੇ ਹਾਲ ਖਿਲਰੀ ਪਈ ਰਹੀ। ਏਸ ਵੇਲੇ ਅੰਗਰੇਜ਼ਾਂ ਕੋਲੋਂ ਜੰਗੀ ਸਾਮਾਨ ਮੁਕ ਚੁੱਕਾ ਸੀ। ਸੋ ਉਹਨਾਂ ਮਜਬੂਰਨ ਕੁਛ ਦਿਨ ਲੜਾਈ ਬੰਦ ਰੱਖੀ। ਸਿੱਖ ਫੇਰ ਦਰਿਆਓਂ ਪਾਰ ਫ਼ਤਹਿਗੜ੍ਹ ਸਭਰਾਵਾਂ ਦੇ ਮੈਦਾਨ ਵਿੱਚ

---

[ ]Cunningham, A History of the Sikhs.

*Cunningham, ਕਨਿੰਘਮ (੧੯੪੯) ਪੰਨਾ ੩੦੯।

()ਮੈਕਗ੍ਰੇਗਰ, ਪੰਨਾ ੩੦੭।

੦(Cunningham) ਕਨਿੰਘਮ (੧੯੪੯) ਪੰਨਾ ੩੦੪।

ਜਾ ਕੱਠੇ ਹੋਏ। ਇਹ ਵੇਖ ਕੇ ਅੰਗਰੇਜ਼ ਬੜੇ ਘਬਰਾਏ। ਉਹਨਾਂ ਨੂੰ ਡਰ ਸੀ, ਕਿ ਜੇ ਸਿੱਖਾਂ ਨੇ ਦਿੱਲੀ ਤੋਂ ਆਉਂਦਾ ਸਾਮਾਨ ਲੁੱਟ ਲਿਆ, ਤਾਂ ਬੜੀ ਮੁਸ਼ਕਲ ਬਣ ਜਾਵੇਗੀ। ਸੋ ੧੭ ਜਨਵਰੀ ਨੂੰ ਹਰੀ ਸਮਿੱਥ ਫ਼ੌਜ ਲੈ ਕੇ ਲੁਧਿਆਣੇ ਨੂੰ ਤੁਰ ਪਿਆ। ਉਹਨੇ ਜਾਂਦਿਆਂ ਹੀ ਬਿਨਾਂ ਗੋਲੀ ਦਾਗਣ ਦੇ ਧਰਮਕੋਟ 'ਤੇ ਕਬਜ਼ਾ ਕਰ ਲਿਆ ਤੇ ੨੦ ਜਨਵਰੀ ਨੂੰ ਜਗਰਾਓਂ ਦਾ ਕਿਲ੍ਹਾ ਵੀ ਜਾ ਮੱਲਿਆ।

ਫੇਰੂ ਸ਼ਹਿਰ ਦੀ ਲੜਾਈ ਸਮੇਂ ਸ. ਰਣਜੋਰ ਸਿੰਘ ਮਜੀਠਾ ਫਲੌਰ ਦੇ ਕਿਲ੍ਹੇ ਵਿੱਚ ਸੀ। ਉਹ ਸਣੇ ਫ਼ੌਜ (੧੦ ਹਜ਼ਾਰ ?) ਲੁਧਿਆਣੇ ਦੇ ਲਹਿੰਦੇ ਪਾਸੇ ਨੇੜੇ ਜਾ ਧਮਕਿਆ ਤੇ ਕਈ ਫ਼ੌਜੀ ਬਾਰਕਾਂ ਸਾੜ ਦਿੱਤੀਆਂ। ਉਸ ਵੇਲੇ ਸ. ਅਜੀਤ ਸਿੰਘ ਲਾਡਵਾ ਵੀ ਉਸਦੇ ਨਾਲ ਸੀ। ਅੰਗਰੇਜ਼ੀ ਸਿਪਾਹੀਆਂ ਨੇ (ਜੋ ਕੁੱਛ ਲੁਧਿਆਣੇ ਸਨ) ਅੱਗੋਂ ਕੋਈ ਹੱਥ ਨਾ ਹਿਲਾਇਆ, ਕਿਉਂਕਿ ਉਹ ਸਿੱਖਾਂ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਸਨ। ਪਤਾ ਨਹੀਂ ਕਿਉਂ ? ਬਿਨਾਂ ਕਾਰਨ ਹੀ ਰਣਜੋਰ ਸਿੰਘ ਲੁਧਿਆਣਾ ਛੱਡਕੇ ਬੱਦੋਵਾਲ ਆ ਬੈਠਾ।

ਸ: ਰਣਜੋਰ ਸਿੰਘ

੨੦ ਜਨਵਰੀ ਦੀ ਅੱਧੀ ਰਾਤ ਨੂੰ ਹਰੀ ਸਮਿਥ ਨੇ ਜਗਰਾਉਂ ਤੋਂ ਕੂਚ ਕੀਤਾ, ੨੧ ਨੂੰ ਸਵੇਰੇ ਬੱਦੋਵਾਲ ਪੁੱਜਾ, ਤਾਂ ਪਤਾ ਲੱਗਾ, ਕਿ ਰਣਜੋਰ ਸਿੰਘ ਰਾਹ ਰੋਕੀ ਬੈਠਾ ਹੈ। ਹਰੀ ਸਮਿੱਥ ਲੜਨਾ ਨਹੀਂ ਸੀ ਚਾਹੁੰਦਾ। ਸੋ ਉਸਨੇ ਦੱਖਣ ਦੇ ਪਾਸੇ ਚੱਕਰ ਕੱਟ ਕੇ ਲੰਘਣਾ ਚਾਹਿਆ। ਸਿੱਖਾਂ ਨੇ ਅੱਗੇ ਵੱਧ ਕੇ ਓਸ 'ਤੇ ਹਮਲਾ ਕਰ ਦਿੱਤਾ, ਤਾਂ ਉਹਨੇ ਵੀ ਮਾਰੀਦੇ ਅੱਗੋਂ ਟਾਕਰਾ ਕੀਤਾ। ਥੱਕੀ ਹੋਈ ਅੰਗਰੇਜ਼ੀ ਫ਼ੌਜ ਸਿੱਖਾਂ ਦੇ ਟਾਕਰੇ 'ਤੇ ਖਲੋ ਨਾ ਸਕੀ ਤੇ ਛੇਤੀ ਹੀ ਲੁਧਿਆਣੇ ਵੱਲ ਨੱਸ ਪਈ। ਏਸ ਲੜਾਈ ਵਿਚ ਅੰਗਰੇਜ਼ਾਂ ਦੇ ੬੯ ਆਦਮੀ ਮਰੇ, ੬੪ ਫੱਟੜ ਹੋਏ ਤੇ ੭੭ ਗੁੰਮ ਹੋਏ। ਕੁਛ ਸਿਪਾਹੀ ਸਿੱਖਾਂ ਨੇ ਕੈਦੀ ਬਣਾ ਕੇ (ਜਿੰਨ੍ਹਾਂ ਵਿਚ ਐਸਿਸਟੈਂਟ ਸਰਜਨ ਬਾਰਨ (Borron) ਤੇ ਕੁਛ ਯੂਰਪੀਨ ਸਿਪਾਹੀ) ਲਾਹੌਰ ਪੁਚੱਾ ਦਿੱਤੇ।

ਜੋਗਾ ਬੱਦੋਵਾਲ

ਏਸ ਵੇਲੇ ਅੰਗਰੇਜ਼ ਬੜੇ ਘਬਰਾਏ ਹੋਏ ਸਨ। ਬਹੁਤੇ ਅਫ਼ਸਰ ਜਿੱਤ ਦੀ ਆਸ ਲਾਹ ਬੈਠੇ ਸਨ। ਗਵਰਨਰ-ਜੈਨਰਲ ਦੀ ਘਬਰਾਹਟ ਦਾ ਅਨੁਮਾਨ ਉਸਦੇ ਐਲਾਨ ਤੋਂ ਲੱਗ ਸਕਦਾ ਹੈ, ਜਿਸ ਵਿਚ ਉਸਨੇ ਸਿੱਖ ਸਿਪਾਹੀਆਂ

ਨੂੰ ਫ਼ੌਜ ਛੱਡਣ ਉਤੇ ਇਨਾਮ ਤੇ ਪੈਨਸ਼ਨ ਦੇਣ ਦਾ ਇਕਰਾਰ ਕੀਤਾ ਤੇ ਭਗੌੜਿਆਂ ਨੂੰ ਅੰਗਰੇਜ਼ੀ ਰਾਜ ਵਿਚ ਸਹਾਇਤਾ ਮਿਲਣ ਦਾ ਬਚਨ ਦਿੱਤਾ।*

**ਸਿੱਖ ਫ਼ੌਜ ਦੇ ਯੂਰਪੀਨ ਅਫ਼ਸਰ**

ਪੌਟਰ Potter ਨਾਮੇ ਅੰਗਰੇਜ਼ ੧੮੨੬-੨੭ ਈ. ਵਿਚ ਬੰਗਾਲੋਂ ਤੋਪਖ਼ਾਨੇ ਵਿਚੋਂ ਕੱਢ ਦਿੱਤਾ ਗਿਆ। ਉਹ ਆਪਣਾ ਫ਼ਰਜ਼ੀ ਨਾਮ ਬਰਾਊਨ Brown ਰੱਖ ਕੇ ਸਿੱਖ ਫੌਜ ਵਿਚ ਭਰਤੀ ਆ ਹੋਇਆ। ਏਥੇ ਉਹ ਤੋਪਚੀ ਸੀ ਤੇ ਰਣਜੋਰ ਸਿੰਘ ਵਾਲੀ ਫ਼ੌਜ ਵਿੱਚ ਸੀ। ਉਹ ਲੁਧਿਆਣੇ ਅੰਗਰੇਜ਼ੀ ਫ਼ੌਜ ਵਿਚ ਆ ਗਿਆ, ਤਾ ਕਿ ਆਪਣੀ ਕੌਮ ਦੀ ਕੁਛ ਸੇਵਾ ਕਰ ਸਕੇ। ਪਰ ਉਸਨੂੰ ਅੱਗੋਂ ਹੁਕਮ ਹੋਇਆ, ਕਿ ਉਹ ਸਿੱਖ ਫੌਜ ਵਿਚ ਵਾਪਸ ਚਲਾ ਜਾਏ ਤੇ ਓਥੇ ਰਹਿ ਕੇ ਅੰਗਰੇਜ਼ਾਂ ਦੀ ਸਹਾਇਤਾ ਕਰੇ। ਅਲੀਵਾਲ ਦੀ ਲੜਾਈ ਵਿਚ ਉਹਨੇ ਆਪਣੀਆਂ ਚਾਰੇ ਤੋਪਾਂ ਉਪਰ ਨੂੰ ਮੂੰਹ ਕਰਕੇ ਬੀੜੀਆਂ, ਜਿਨ੍ਹਾਂ ਦੇ ਗੋਲੇ ਅੰਗਰੇਜ਼ਾਂ ਦੇ ਉਤੋਂ ਦੀ ਲੰਘ ਕੇ ਦੂਰ ਪੈਂਦੇ ਸਨ। ਅੰਤ ਉਹ ਚੌਹਾਂ ਤੋਪਾਂ ਸਣੇ ਜਾਣ ਬੁਝ ਕੇ ਗ੍ਰਿਫ਼ਤਾਰ ਹੋ ਗਿਆ ਤੇ ਅਕਬਰ ਵਾਲੇ (ਫ਼ਤਹਿਗੜ੍ਹ ਸਭਰਾਵਾਂ ਕੋਲ) ਅੰਗਰੇਜ਼ੀ ਕੈਂਪ ਵਿਚ ਲਿਆਂਦਾ ਗਿਆ०। ਇਕ ਹੋਰ ਅੰਗਰੇਜ਼() ਸੁਲਤਾਨ ਮੁਹੰਮਦ ਨਾਮ ਰੱਖ ਕੇ (ਅਸਲੀ ਨਾਮ ਲੇਰਡੀ Lairdie) ਤੇ ਇਕ ਹੋਰ ਬਾਇਲ (Boyle) ਸਿੱਖ ਫ਼ੌਜ ਵਿਚ ਭਰਤੀ ਹੋਏ। ਇਹਨਾਂ ਸਾਰਿਆਂ ਨੇ ਸਿੱਖਾਂ ਨਾਲ ਵਿਸਾਹਘਾਤ ਕੀਤਾ।

**ਜੰਗ ਅਲੀਵਾਲ ੨੮ ਜਨਵਰੀ**

ਬੱਦੋਵਾਲ ਦੀ ਲੜਾਈ ਵਿਚ ਅੰਗਰੇਜ਼ ਬੁਰੀ ਤਰ੍ਹਾਂ ਹਾਰੇ ਸਨ। ਇਸ ਕਰਕੇ ਹਰੀ ਸਮਿੱਥ ਦੀ ਬਹੁਤ ਬਦਨਾਮੀ ਹੋ ਰਹੀ ਸੀ। ਹਰੀ ਸਮਿੱਥ, ਹਾਰਡਿੰਗ ਦਾ ਪੁਰਾਣਾ ਮਿੱਤਰ ਸੀ। ਉਹ ਕਿਸੇ ਬਹਾਨੇ ਆਪਣੇ ਦੋਸਤ ਦੀ ਬਦਨਾਮੀ ਧੋਣਾ ਚਾਹੁੰਦਾ ਸੀ। ਹਰੀ ਸਮਿੱਥ ੨੮ ਜਨਵਰੀ ਨੂੰ ਸੱਜਰਸ਼ਾਹ ਫ਼ੌਜ ਲੈ ਕੇ ਲੁਧਿਆਣੇ ਵੱਲੋਂ ਵਾਪਸ ਮੁੜ ਰਿਹਾ ਸੀ। ਅਲੀਵਾਲ ਦੇ ਕੋਲ ਉਹਨੂੰ ਸਿੱਖਾਂ ਦਾ ਇਕ ਦਸਤਾ

---

*ਕਨਿੰਘਮ (੧੮੪੯), ਪੰਨਾ ੩੧੧।

०ਮੈਕਗ੍ਰੇਗਰ, ਪੰਨਾ ੧੪੦।

()ਮੈਕਗ੍ਰੇਗਰ, ਪੰਨਾ ੧੪੧।

ਨਜ਼ਰੀਂ ਪਿਆ। ਸ਼ਾਇਦ ਇਹ ਸ: ਰਣਜੋਰ ਸਿੰਘ ਦੀ ਫ਼ੌਜ ਦਾ ਦਸਤਾ ਹੋਵੇ, ਜੋ ਸਭਰਾਵਾਂ ਵੱਲੇ ਹਟ ਰਿਹਾ ਸੀ। ਹਰੀ ਸਮਿੱਥ ਨੇ ਉਹਨਾਂ ਗਿਣਤੀ ਦੇ ਸਿੱਖਾਂ ਉਤੇ ਸਾਰੀ ਫ਼ੌਜ ਨਾਲ ਧਾਵਾ ਬੋਲ ਦਿੱਤਾ। ਸਿੱਖ ਗਿਣਤੀ ਵਿਚ ਬਹੁਤ ਥੋੜ੍ਹੇ ਸਨ। ਸੋ ਮਾਮੂਲੀ ਝੜਪ ਪਿੱਛੋਂ ਉਹ ਦਰਿਆ ਸਤਲੁਜ ਵੱਲ ਹਟ ਗਏ। ਏਨੀ ਕੁ ਘਟਨਾ ਨੂੰ ਸਰਕਾਰੀ ਰੀਪੋਰਟ ਲਿਖਣ ਵਾਲਿਆਂ ਨੇ 'ਅਲੀਵਾਲ ਦੀ ਘਮਸਾਣ ਦੀ ਜੰਗ' ਤੇ 'ਹਰੀ ਸਮਿੱਥ ਦੀ ਸ਼ਾਨਦਾਰ ਫ਼ਤਹਿ' ਲਿਖ ਧਰਿਆ। ਡਾਕਟਰ ਐਂਡਰੀਉ ਐਡਮਜ਼, ਆਪਣੀ ਪੁਸਤਕ੦ ਵਿਚ ਇਸਨੂੰ ਸਿਰਫ਼ 'ਚਿੱਠੀ ਪੱਤਰ ਦੀ ਲੜਾਈ' ਕਹਿੰਦਾ ਹੈ।

**ਰਾਜਾ ਗੁਲਾਬ ਸਿੰਘ ਵਜ਼ੀਰ ਬਣਿਆ**

ਇਹਨਾਂ ਹੀ ਦਿਨਾਂ ਵਿਚ ਸਿੱਖਾਂ ਨੇ ਇਕ ਹੋਰ ਭੁੱਲ ਕੀਤੀ। ਰਾਜਾ ਗੁਲਾਬ ਸਿੰਘ (ਡੋਗਰੇ ਧਿਆਨ ਸਿੰਘ ਦਾ ਵੱਡਾ ਭਰਾ) ਨੂੰ ਜੰਮੂ ਤੋਂ ਬੁਲੱਾ ਲਿਆ। ੨੭ ਜਨਵਰੀ ਨੂੰ ਉਹ ੩ ਹਜ਼ਾਰ ਡੋਗਰਾ ਫ਼ੌਜ ਸਣੇ ਲਾਹੌਰ ਆ ਗਿਆ। ਸਿੱਖ ਰਾਜ ਦੇ ਪੁਰਾਣੇ ਦੁਸ਼ਮਣ ਨੂੰ ਪੰਜਾਬ ਦਾ ਵਜ਼ੀਰ ਚੁੱਕ ਬਣਾਇਆ। ਉਹਦੀਆਂ ਵੀ ਚਿਰ ਦੀਆਂ ਆਸਾਂ ਨੂੰ ਫਲ ਲਗਣ ਦਾ ਸਮਾਂ ਆ ਗਿਆ। ਉਹ ਸ. ਜਵਾਹਰ ਸਿੰਘ ਦੇ ਸਮੇਂ ਤੋਂ ਹੀ ਅੰਗਰੇਜ਼ਾਂ ਨਾਲ ਚਿੱਠੀ ਪੱਤਰ() ਕਰ ਰਿਹਾ ਸੀ, ਕਿ ਜੇ ਅੰਗਰੇਜ਼ ਉਸਨੂੰ ਪਹਾੜੀ ਇਲਾਕੇ ਦਾ ਸੁਤੰਤਰ ਮਹਾਰਾਜਾ ਮੰਨ ਲੈਣ, ਤਾਂ ਉਹ ਪੰਜਾਬ ਲੈਣ ਵਿਚ ਅੰਗਰੇਜ਼ਾਂ ਦੀ ਮਦਦ ਕਰਨ ਨੂੰ ਤਿਆਰ ਹੈ। ਫੇਰ ਸ਼ੁਰੂ ਨਵੰਬਰ, ੧੮੪੫ ਵਿਚ ਉਨ੍ਹੇ ਅੰਗਰੇਜ਼ਾਂ ਵੱਲ ਆਦਮੀ ਭੇਜਿਆ, ਕਿ "ਸਿੱਖ ਲੜਾਈ ਉਤੇ ਤੁੱਲੇ ਹੋਏ ਹਨ। ਮੈਂ ਦਿਲੋਂ ਤੁਹਾਡੇ ਵੱਲ ਹਾਂ, ਤੇ ਲੋੜ ਪਈ 'ਤੇ ਤੁਹਾਡੀ ਮਦਦ ਕਰਾਂਗਾ।[ ]" ਦੱਸੋ, ਏਹੋ ਜਹੇ ਆਦਮੀ ਕੋਲੋਂ ਨੇਕੀ ਦੀ ਕੀ ਆਸ ਹੋ ਸਕਦੀ ਹੈ ? ਚਾਰਲਸ ਗਫ ਨੇ ਇਹਦੀ ਬੜੀ ਢੁੱਕਵੀਂ ਤਸਵੀਰ ਖਿੱਚੀ ਹੈ। ਉਹ ਲਿਖਦਾ ਹੈ :—"ਇਸ ਵਿਚ ਕੋਈ ਸ਼ੱਕ ਨਹੀਂ, ਕਿ ਗੁਲਾਬ ਸਿੰਘ ਬੜਾ

---

੦"Aliwal was the battle of despatch" Wanderings of a Naturalist in India, P. 60-61.

()ਵੇਖੋ ਏਸੇ ਈ ਕਿਤਾਬ ਦਾ ਪੰਨਾ ੯੨।

[ ]The Sikh Wars ਸਿੱਖ ਯੁੱਧ, ਪੰਨਾ ੬੧।

ਗੁਲਾਬ ਸਿੰਘ ਦਾ ਸੁਭਾਂ

ਲਾਇਕ ਆਦਮੀ ਸੀ, ਜਿਹੋ ਜਿਹਾ ਉਸਦਾ ਭਰਾ ਧਿਆਨ ਸਿੰਘ ਸਿਆਣਾ ਸੀ। ਇਹ ਵੀ ਬਿਲਕੁਲ ਪਰਗਟ ਹੈ, ਕਿ ਗੁਲਾਬ ਸਿੰਘ ਪੱਥਰ-ਦਿਲ ਤੇ ਨਿੱਜੀ ਲਾਭ ਦਾ ਖ਼ਿਆਲ ਰੱਖਣ ਵਾਲਾ ਹਾਕਮ ਸੀ। ਉਹ ਏਹੋ ਜਿਹਾ ਬੰਦਾ ਸੀ, ਕਿ ਜ਼ਿਮੀਂਦਾਰ ਦੀ ਆਖ਼ਰੀ ਕੌਡੀ ਵੀ ਆਪਣੀ ਜੇਬ ਵਿਚ ਪਾ ਲੈਂਦਾ ਤੇ ਵੈਰੀ ਨੂੰ ਰਾਹ ਵਿਚੋਂ ਕੰਡੇ ਵਾਂਗ ਕੱਢ ਦੇਂਦਾ, ਪਰ ਉਹਨੂੰ ਰਹਿਮ ਨਾ ਆਉਂਦਾ। ਜਦ ਤਕ ਉਹ ਕਿਸੇ ਨਾਲ ਵਫ਼ਾਦਾਰ ਰਹਿਣ ਵਿਚ ਆਪਣਾ ਲਾਭ ਸਮਝਦਾ, ਤਦ ਤਕ ਉਹਦੀ ਵਫ਼ਾਦਾਰੀ ਭਰੋਸੇ ਯੋਗ ਸੀ। ਇਹ ਬੁਰੀਆਂ ਖ਼ਸਲਤਾਂ ਕੋਈ ਦੇਸੀ ਸਰਦਾਰਾਂ ਵਿਚ ਸਨ, ਪਰ ਉਹਦੀਆਂ ਇਹ ਆਦਤਾਂ ਅਕਲ ਨੇ ਢੱਕੀਆਂ ਹੋਈਆਂ ਸਨ। ਕਿਹਾ ਜਾਂਦਾ ਹੈ, ਉਹ ਰਹਿਮ ਤੇ ਖੁਲ੍ਹ-ਦਿਲੀ ਵਾਸਤੇ ਤਿਆਰ ਹੋ ਜਾਂਦਾ, ਜੇ ਉਹ ਸੋਚਦਾ, ਕਿ ਤਰਸਵਾਨ ਤੇ ਉੱਦਾਰ ਹੋਣ ਵਿਚ ਉਹਦਾ ਜ਼ਾਤੀ ਫ਼ਾਇਦਾ ਹੈ। ਅੰਗਰੇਜ਼ਾਂ ਨਾਲ ਵਫ਼ਾਦਾਰੀ ਉਤੇ ਭਰੋਸਾ ਕੀਤਾ ਜਾ ਸਕਦਾ ਸੀ, ਕਿਉਂਕਿ ਉਹ ਜਾਣਦਾ ਸੀ, ਕਿ ਏਸ ਵਫ਼ਾਦਾਰੀ ਵਿੱਚ ਹੀ ਲਾਭ ਸੀ। ਵਧੇਰੇ ਦਬਾਅ ਪਾਉਣ ਨਾਲ ਉਹ ਬੇਵਫ਼ਾ ਵੀ ਹੋ ਸਕਦਾ ਸੀ। ਪੰਜਾਬ ਵਿਚ ਹੋਰ ਐਹੋ ਜਿਹਾ ਕੋਈ ਆਦਮੀ ਨਹੀਂ ਸੀ, ਜੋ ਐਡੀ ਛੇਤੀ ਬੇਵਫ਼ਾ ਹੋ ਸਕੇ। ਮੁੱਕਦੀ ਗੱਲ, ਕਿਹਾ ਜਾ ਸਕਦਾ ਹੈ, ਕਿ ਉਹਦਾ ਕੰਮ ਕਰਨ ਦਾ ਢੰਗ ਦਾਨਾਵਾਂ ਵਰਗਾ ਸੀ, ਜਦੋਂ ਕਿ ਦੂਜਿਆਂ ਦਾ ਵਿਹਾਰ ਚਲਾਕੀ ਦਾ ਸੀ।०" ਏਸ ਕਰਨੀ ਦੇ ਮਾਲਕ ਗੁਲਾਬ ਸਿੰਘ ਨੂੰ ਪੰਜਾਬ ਦਾ ਵਜ਼ੀਰ ਬਣਾਇਆ ਗਿਆ।

ਸਿੱਖ ਫੇਰ ਦਰਿਆਓਂ ਪਾਰ ਟੱਪ ਗਏ

ਅਲੀਵਾਲ ਦੀ ਲੜਾਈ ਤੋਂ ਕੁਛ ਦਿਨ ਪਿੱਛੋਂ ਲਾਲ ਸਿੰਘ ਤੇ ਤੇਜ ਸਿੰਘ, ਸਿੱਖ ਫ਼ੌਜ ਸਣੇ ਦਰਿਆਓਂ ਚੜ੍ਹਦੇ ਪਾਸੇ ਲੰਘ ਪਏ। ਉਸ ਵੇਲੇ ਅੰਗਰੇਜ਼ਾਂ ਦੀ ਹਾਲਤ ਬੜੀ ਖ਼ਰਾਬ ਸੀ। ਉਹਨਾਂ ਕੋਲ ਜੰਗੀ ਸਾਮਾਨ ਕੋਈ ਨਹੀਂ ਸੀ। ਫ਼ੌਜ ਏਧਰ ਓਧਰ ਖਿੱਲਰੀ ਪਈ ਸੀ। ਜੇ ਸਿੱਖ ਜਰਨੈਲ ਦਿੱਲੀ ਤੋਂ ਆਉਂਦਾ ਸਾਮਾਨ ਲੁੱਟ ਲੈਂਦੇ ਤੇ ਖਿੱਲਰੀ-ਪੁੱਲਰੀ ਅੰਗਰੇਜ਼ਾਂ ਦੀ ਫ਼ੌਜ 'ਤੇ ਹਮਲਾ ਕਰ ਦੇਂਦੇ, ਤਾਂ ਅੰਗਰੇਜ਼ਾਂ ਦੀ ਜ਼ਰੂਰ ਹਾਰ ਹੁੰਦੀ। ਪਰ ਏਹਾ ਗੱਲ ਸੀ, ਜੋ ਸਿੱਖਾਂ ਦੇ ਦੇਸ ਧਰੋਹੀ ਜਰਨੈਲ ਨਹੀਂ ਚਾਹੁੰਦੇ ਸਨ।

---

०(The Sikh Wars) ਸਿੱਖ ਯੁੱਧ, ਪੰਨੇ ੧੪੭-੧੪੯।

ਰਾਜਾ ਗੁਲਾਬ ਸਿੰਘ ਦੀ ਵਜ਼ਾਰਤ ਦੀ ਸਿੱਖਾਂ ਵਾਸਤੇ 'ਡੁਬਦੇ ਨੂੰ ਤਿਨਕੇ ਦਾ ਸਹਾਰਾ' ਵਾਲੀ ਗੱਲ ਸੀ। ਜੇ ਉਹ ਚਾਹੁੰਦਾ, ਤਾਂ ਏਸ ਲੜਾਈ ਨੂੰ ਲੰਮਾ ਕਰ ਸਕਦਾ ਸੀ, ਪਰ ਇਸ ਵਿਚ ਉਹਨੂੰ ਕੋਈ ਲਾਭ ਨਹੀਂ ਸੀ। ਅੰਤ ਉਹ ਸਭਰਾਵੀਂ ਪੁੱਜਾ। ਉਹਨੇ ਪਹਿਲਾਂ ਤਾਂ ਹਾਰੀ ਹੋਈ ਫ਼ੌਜ ਨੂੰ ਬੁਰਾ ਭਲਾ ਕਿਹਾ, ਕਿ ਉਹਨਾਂ ਬਲਵਾਨ ਗਵਾਂਢੀ ਨਾਲ ਕਿਉਂ ਲੜਾਈ ਛੇੜੀ ਹੈ, ਤੇ ਫੇਰ ਅੰਗਰੇਜ਼ਾਂ ਨਾਲ ਸੌਦਾ-ਬਾਜ਼ੀ ਸ਼ੁਰੂ ਕਰ ਦਿੱਤੀ। ਗਵਰਨਰ-ਜੈਨਰਲ ਇਹ ਵੇਖਕੇ ਬੜਾ ਖ਼ੁਸ਼ ਹੋਇਆ, ਕਿ ਸਿੱਖ ਅਫ਼ਸਰ ਸੁਲ੍ਹਾ ਵਾਸਤੇ ਰਾਜ਼ੀ ਹਨ। ਕਿਉਂਕਿ ਉਹ (ਗਵਰਨਰ-ਜੈਨਰਲ) ਸਮਝਦਾ ਸੀ, ਕਿ ਪੰਜਾਬ ਨੂੰ ਛੇਤੀ ਨਾਲ ਫ਼ਤਹਿ ਕਰ ਲੈਣਾ ਸੌਖਾ ਨਹੀਂ। ਤੇ ਜੇ ਸਿੱਖਾਂ ਨੂੰ ਹੁਣ ਵੀ ਕੋਈ ਲੜਾਉਣ ਵਾਲਾ ਹੁੰਦਾ ਤੇ ਦਰਿਆਓਂ ਉਰਾਰ ਅੰਮ੍ਰਿਤਸਰ, ਲਾਹੌਰ, ਮੁਲਤਾਨ ਆਦਿ ਕਿਲ੍ਹਿਆਂ ਵਿਚ ਇਕ ਇਕ ਥਾਂ ਸਿੱਖ ਜੰਮ ਕੇ ਲੜਦੇ, ਤਾਂ ਇਹ ਜੰਗ ਬੜੀ ਲੰਮੀ ਹੋ ਜਾਂਦੀ ਤੇ ਉਹਦੇ ਨਤੀਜੇ ਬਾਬਤ ਵੀ ਕੁਛ ਕਹਿਣਾ ਔਖਾ ਹੁੰਦਾ। ਬੱਦੋਵਾਲ ਦੀ ਅਧੂਰੀ ਜਿਹੀ ਫ਼ਤਹਿ ਨੇ ਹਿੰਦੁਸਤਾਨ ਦਿਆਂ* ਸ਼ਾਹਜ਼ਾਦਿਆਂ ਦੇ ਦਮਾਗ਼ ਵਿਚ ਹੋਰ ਹੀ ਖ਼ਿਆਲ ਪੈਦਾ ਕਰ ਦਿੱਤੇ ਸਨ, ਤਾਂ ਏਸ ਲੰਮੀ ਜੰਗ ਦਾ ਅਸਰ ਹੋਣਾ ਵੀ ਜ਼ਰੂਰੀ ਸੀ।

**ਰਾਜਾ ਗੁਲਾਬ ਸਿੰਘ ਫ਼ੌਜਾਂ ਵਿਚ**

ਸਿੱਖਾਂ ਤੇ ਅੰਗਰੇਜ਼ਾਂ ਦੋਹਾਂ ਦੇ ਲੀਡਰ ਇਸ ਜੰਗ ਨੂੰ ਛੇਤੀ ਖ਼ਤਮ ਕਰਨਾ ਚਾਹੁੰਦੇ ਸਨ। ਸੋ ਰਾਜਾ ਗੁਲਾਬ ਸਿੰਘ ਤੇ ਲਾਰਡ ਹਾਰਡਿੰਗ ਵਿਚ ਇਕ ਗੁਪਤ ਸਮਝੌਤਾ ਹੋ ਗਿਆ। "ਅੰਗਰੇਜ਼ਾਂ ਨੇ ਗੁਲਾਬ ਸਿੰਘ ਨੂੰ ਪਤਾ ਕਰ ਦਿੱਤਾ, ਕਿ ਉਹ ਲਾਹੌਰ ਵਿਚ ਸਿੱਖਾਂ ਦੀ ਬਾਦਸ਼ਾਹੀ ਮੰਨਣ ਨੂੰ ਤਿਆਰ ਹਨ, ਪਰ ਸਿੱਖ ਲੀਡਰ ਪਹਿਲਾਂ ਆਪਣੀ ਫ਼ੌਜ ਨੂੰ ਬੇ-ਹਥਿਆਰ ਕਰ ਦੇਣ। ਮਗਰ ਰਾਜੇ ਨੇ ਫ਼ੌਜ ਨਾਲ ਐਸਾ ਵਰਤਾਉ ਕਰਨ ਤੋਂ ਆਪਣੇ ਆਪ ਨੂੰ ਅਸਮਰੱਥ ਪਰਗਟ ਕੀਤਾ, ਕਿਉਂਕਿ ਖ਼ਾਲਸਾ ਫ਼ੌਜ ਉਸ (ਗੁਲਾਬ ਸਿੰਘ) ਉੱਤੇ ਤੇ ਰਣਜੀਤ ਸਿੰਘ ਦੇ ਹੋਰ ਸ਼ੁਭਚਿੰਤਕਾਂ ਉੱਤੇ ਬੜਾ ਰੁਅਬ ਰੱਖਦੀ ਸੀ। ਏਸ ਮਜਬੂਰੀ ਨੂੰ

**ਗੁਲਾਬ ਸਿੰਘ ਤੇ ਹਾਰਡਿੰਗ ਦਾ ਗੁਪਤ ਸਮਝੌਤਾ**

*ਲਾਡਵਾ ਦਾ ਰਾਜਾ ਅਜੀਤ ਸਿੰਘ ਅੰਗਰੇਜ਼ਾਂ ਵੱਲੋਂ ਬਾਗ਼ੀ ਹੋ ਕੇ ਰਣਜੋਰ ਸਿੰਘ ਨਾਲ ਜਾ ਮਿਲਿਆ ਸੀ।

ਉਹਨੇ—ਜ਼ਾਤੀ ਗ਼ਰਜ਼ ਵਾਸਤੇ—ਖੜ੍ਹਾ ਵਧਾ ਕੇ ਦੱਸਿਆ। ਮਗਰ ਬਦਲੇ ਹੋਏ ਹਾਲਾਤ ਵਿਚ ਬਰਤਾਨਵੀ ਸ਼ੁਹਰਤ ਨੂੰ ਕਾਇਮ ਰੱਖਣ ਵਾਸਤੇ ਲਾਹੌਰ ਨਾਲ ਅਹਿਦਨਾਮਾ ਕਰਨਾ ਜ਼ਰੂਰੀ ਸੀ। ਦੋਹਾਂ ਧਿਰਾਂ ਨੇ ਇਹ ਗੁਪਤ ਫ਼ੈਸਲਾ ਕੀਤਾ, ਕਿ ਅੰਗਰੇਜ਼ ਸਿੱਖ ਫ਼ੌਜ 'ਤੇ ਹਮਲਾ ਕਰਨ, ਤੇ ਜਦ ਉਹ ਹਾਰ ਜਾਏ, ਤਾਂ ਲਾਹੌਰ ਦਰਬਾਰ ਐਲਾਨੀਆਂ ਹਾਰੀ ਹੋਈ ਫ਼ੌਜ ਨੂੰ ਕੱਢ ਦੇਵੇ। ਸਤਲੁਜ ਦੇ ਰਾਹ ਵਿਚ ਕੋਈ ਰੁਕਾਵਟ ਨਾ ਹੋਵੇ ਤੇ ਲਾਹੌਰ ਵਾਲੀ ਸੜਕ ਜੇਤੂ ਅੰਗਰੇਜ਼ਾਂ ਵਾਸਤੇ ਖੁੱਲ੍ਹੀ ਹੋਵੇ। ਏਸ ਤਰ੍ਹਾਂ ਕੂਟਨੀਤੀ ਤੇ ਬੇਸ਼ਰਮੀ ਦੇ ਜਾਲ ਵਿੱਚ ਫਸਕੇ ਸਭਰਾਵਾਂ ਦੀ ਲੜਾਈ ਲੜੀ ਗਈ।"*

ਲੀਡਰਾਂ ਦੀ ਬਦਨੀਤੀ ਕਰਕੇ ਪਹਿਲੀਆਂ ਚਾਰ ਲੜਾਈਆਂ ਵਿਚ ਸਿੱਖ ਫ਼ੌਜ ਕੁਛ ਕੱਟ ਮਰੀ, ਕੁਛ ਸਿਪਾਹੀ ਫੱਟੜ ਹੋਏ ਤੇ ਕੁਛ ਨੱਸ ਕੇ ਅੰਮ੍ਰਿਤਸਰ ਜਾ ਵੜੇ। ਜੋ ਬਾਕੀ ਬਚੇ, ਉਹ ਮਿਲ ਮਿਲਾ ਕੇ ੨੦ ਹਜ਼ਾਰ ਦੇ ਲਗਭਗ ਫ਼ਤਹਿਗੜ੍ਹ ਦੇ ਮੈਦਾਨ ਵਿਚ ਆ ਕੱਠੇ ਹੋਏ। ਏਥੇ ਦਰਿਆ ਦੇ ਖੱਬੇ ਕੰਢੇ ਉਤੇ ਸਿੱਖਾਂ ਨੇ ਕੱਚਾ ਕਿਲ੍ਹਾ ਬਣਾਇਆ। ਇਹ ਮੋਰਚਾ ਅੱਧੇ ਚੰਦ ਵਾਂਗ ਦਰਿਆ ਦੇ ਨਾਲ-ਨਾਲ ਲੰਮਾਣ ਵਿਚ ਸੀ, ਜਿਸਦਾ ਵਿਚਲਾ ਹਿੱਸਾ ਦੱਖਣ ਨੂੰ ਦੁਸ਼ਮਣ ਵੱਲੋ ਉਭਰਵਾਂ ਸੀ। ਪਹਿਲੀਆਂ ਲੜਾਈਆਂ ਵਾਂਗ ਸਿਪਾਹੀਆਂ ਸਭ ਕੁਛ ਕੀਤਾ, ਪਰ ਜਰਨੈਲਾਂ ਕੁਛ ਵੀ ਨਾ ਕੀਤਾ। ਸਿੱਖਾਂ ਕੋਲ ੨੦੦ ਜ਼ੰਬੂਰਕੇ ਤੇ ੬੭ ਤੋਪਾਂ ਬਾਕੀ ਬਚੀਆਂ ਸਨ। ਜ਼ੰਬੂਰਕੇ ਮੋਰਚੇ ਦੇ ਅਗਲੇ ਹਿੱਸੇ ਵਿਚ ਦੁਸ਼ਮਣ ਵੱਲੇ ਬੀੜੇ ਹੋਏ ਸਨ ਤੇ ਦੂਰ ਮਾਰੂ ਤੋਪਾਂ ਦਰਿਆ ਦੇ ਪਿਛਲੇ ਕੰਢੇ ਕੱਚਿਆਂ ਥੜ੍ਹਿਆਂ ਉੱਤੇ ਸਨ। ਵਿਚਕਾਰ ਬੇੜੀਆਂ ਦਾ ਪੁਲ ਬੱਧਾ ਹੋਇਆ ਸੀ, ਜਿਸਦੀ ਰਾਖੀ ਤੇਜ ਸਿੰਘ ਦੀ ਫ਼ੌਜ ਕਰ ਰਹੀ ਸੀ। ਏਸ ਤਰ੍ਹਾਂ ਮੋਰਚਾ ਬੰਦੀ ਕਰਕੇ ਸਿੱਖ ਮਰ ਮਿਟਣ ਦੀ ਠਾਣ ਕੇ ਅੰਗਰੇਜ਼ਾਂ ਦੀ ਉਡੀਕ ਕਰ ਰਹੇ ਸਨ।

**ਸਭਰਾਵਾਂ ਵਿਚ ਸਿੱਖਾਂ ਦਾ ਮੋਰਚਾ**

**ਸ: ਸ਼ਾਮ ਸਿੰਘ ਅਟਾਰੀ ਵਾਲਾ**

ਸ: ਸ਼ਾਮ ਸਿੰਘ ਅਟਾਰੀ ਵਾਲਾ ਜੰਗ ਦੀਆਂ ਖ਼ਬਰਾਂ ਰੋਜ਼ ਸੁਣਦਾ ਰਹਿੰਦਾ ਸੀ। ਮੁਦਕੀ ਤੇ ਫੇਰੂ ਸ਼ਹਿਰ ਦੀ ਹਾਰ ਉਹਦੇ ਸੀਨੇ ਵਿਚ ਕੰਡੇ ਵਾਂਗ ਰੜਕ ਰਹੀ ਸੀ। ਓਧਰੋਂ ਮਹਾਰਾਣੀ ਜਿੰਦ ਕੌਰ ਦੀ ਚਿੱਠੀ ਪਹੁੰਚੀ,

---

*ਕਨਿੰਘਮ (੧੮੪੯), ਪੰਨਾ ੩੨੧।

ਜਿਸਨੇ ਬਿਨਾਂ ਅੱਗੋਂ ਭਾਂਬੜ ਮਚੱਾ ਦਿੱਤੇ। ਚਿੱਠੀ ਵਿਚ ਦੋਹਾਂ ਲੜਾਈਆਂ ਦਾ ਵੇਰਵਾ ਤੇ ਖਾਲਸਾ ਫ਼ੌਜ ਦੀ ਹਾਰ ਦੇ ਕਾਰਨ ਸਾਫ਼ ਸਾਫ਼ ਲਿਖੇ ਹੋਏ ਸਨ।()

ਹੋਰ ਜਾਗੀਰਦਾਰ ਅਫ਼ਸਰਾਂ ਵਾਂਗ ਸ: ਸ਼ਾਮ ਸਿੰਘ ਕੋਲ ਵੀ ਆਪਣੀ

---

()ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,
"ਬੈਠ ਰਿਹੋਂ ਕੀ ਚਿੱਤ ਵਿਚ ਧਾਰ, ਸਿੰਘਾ !
ਦੋਵੇਂ ਜੰਗ 'ਮੁਦਕੀ' 'ਫੇਰੂ-ਸ਼ਹਿਰ' ਵਾਲੇ,
ਸਿੰਘ ਆਏ ਅੰਗਰੇਜ਼ਾਂ ਤੋਂ ਹਾਰ, ਸਿੰਘਾ !
ਕਾਹਨੂੰ ਹਾਰਦੇ, ਕਿਉਂ ਮਿਹਣੇ ਜੱਗ ਦੇਂਦਾ ?
ਜਿਉਂਦੀ ਹੁੰਦੀ ਜੇ ਅੱਜ 'ਸਰਕਾਰ', ਸਿੰਘਾ !
ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋ ਗਈ,
ਐਪਰ ਆਪਣੇ ਹੋ ਗਏ ਗ਼ੱਦਾਰ, ਸਿੰਘਾ !

"ਦੇਸ਼-ਧਰੋਹੀ ਵਜ਼ੀਰ, ਜਰਨੈਲ ਰਲ ਕੇ,
ਵੇਖ, ਕੌਮ ਦਾ ਮੁੱਲ ਕੀ ਪਾ ਰਹੇ ਨੇ।
ਚਾਈਂ ਚਾਈਂ ਗ਼ੁਲਾਮੀ ਦੀਆਂ ਬੇੜੀਆਂ ਪਾ,
ਉਹ ਪੰਜਾਬ ਦੀ ਅਣਖ ਮਿਟਾ ਰਹੇ ਨੇ।

"ਹੁਣ ਵੀ ਚਮਕੀ ਨਾ ਜੇ ਸਿੰਘਾ ! ਤੇਗ਼ ਤੇਰੀ
ਤਾਂ ਫਿਰ ਸਾਰੇ ਨਿਸ਼ਾਨ ਮਿਟਾਏ ਜਾਸਨ।
ਤੇਰੇ ਲਾਡਲੇ ਕੌਰ ਦੀ ਹਿੱਕ ਉੱਤੇ,
ਕੱਲ੍ਹ ਨੂੰ ਗ਼ੈਰਾਂ ਦੇ ਝੰਡੇ ਝੁਲਾਏ ਜਾਸਨ।
ਪੁੱਟ ਸ਼ੇਰੇ-ਪੰਜਾਬ ਦੀ ਮੜ੍ਹੀ ਤਾਈਂ,
ਉਹਦੇ ਪੈਰਾਂ ਵਿਚ ਫੁੱਲ ਰੁਲਾਏ ਜਾਸਨ।
ਬਦਲੀ ਜਿਨ੍ਹੇ ਤਕਦੀਰ ਪੰਜਾਬ ਦੀ ਸੀ,
ਉਹਦੀ ਆਤਮਾ ਨੂੰ ਤੀਰ ਲਾਏ ਜਾਸਨ।

"ਅਜੇ ਸਮਾਂ ਹਈ, ਵਕਤ ਸੰਭਾਲ ਸਿੰਘਾ,
ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ।
ਲਹਿੰਦੀ ਦਿੱਸੇ 'ਰਣਜੀਤ' ਦੀ ਪੱਗ ਮੈਨੂੰ,
ਮੋਏ ਮਿੱਤਰ ਦੀ ਯੋਧਿਆ ! ਆਨ ਰੱਖ ਲੈ।"

ਚਿੱਠੀ ਪੜ੍ਹੀ ਤਾਂ ਦਿਲ 'ਚ ਭੁਚਾਲ ਆਇਆ,
ਕਿਸੇ ਰੋਹ ਵਿਚ ਆਣ ਸਰਦਾਰ ਉਠਿਆ।
ਚੜ੍ਹਿਆ ਖ਼ੂਨ ਨੇਤਰ ਲਾਲੋ ਲਾਲ ਹੋਏ

(ਦੇਖੋ ਬਾਕੀ ਫੁਟਨੋਟ ਪੰਨਾ ੧੪੭ 'ਤੇ)

ਨਿੱਜੀ ਫ਼ੌਜ ਸੀ। ਉਹ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਵਾਸਤੇ ਆਖ਼ਰੀ ਯਤਨ ਕਰਨ ਲਈ, ਆਪਣੇ ਮੁੱਠੀ ਭਰ ਸੂਰਮਿਆਂ ਨੂੰ ਨਾਲ ਲੈਕੇ ਸਭਰਾਵਾਂ ਦੇ ਮੈਦਾਨ ਨੂੰ ਤੁਰ ਪਿਆ।

**ਅੰਗਰੇਜ਼ਾਂ ਦੀ ਤਿਆਰੀ**

ਰਾਜਾ ਗੁਲਾਬ ਸਿੰਘ ਨਾਲ ਹੋਏ ਗੁਪਤ ਸਮਝੌਤੇ ਕਰਕੇ ਦੂਜੇ ਪਾਸੇ ਅੰਗਰੇਜ਼ਾਂ ਦੇ ਹੌਸਲੇ ਬਹੁਤ ਵੱਧ ਗਏ ਸਨ। ੭ ਫ਼ਰਵਰੀ ਨੂੰ ਦਿੱਲੀ ਤੋਂ ਨਵਾਂ ਜੰਗੀ ਸਾਮਾਨ, ਵੱਡੀਆਂ ਤੋਪਾਂ—ਜਿਨ੍ਹਾਂ ਨੂੰ ਹਾਥੀ ਖਿੱਚਦੇ ਸਨ—ਤੇ

---

(ਵੇਖੋ ਪੰਨਾ 146 ਦਾ ਬਾਕੀ ਫੁਟਨੋਟ)

ਲੈ ਕੇ ਹੱਥ ਵਿਚ ਨੰਗੀ ਤਲਵਾਰ ਉਠਿਆ।
ਸੌਂਦੇ ਜਾਂਦੇ ਪੰਜਾਬ ਦੇ ਭਾਗ ਤਾਈਂ,
ਟੁੰਬਣ ਵਾਸਤੇ ਸ਼ੇਰ ਲਲਕਾਰ ਉੱਠਿਆ।
ਕਾਂਟਾ ਬੁਰੀ ਤਕਦੀਰ ਦਾ ਬਦਲਨੇ ਨੂੰ,
ਕੌਮੀ ਅਣਖ ਦੇ ਤਾਈਂ ਵੰਗਾਰ ਉੱਠਿਆ।
ਕੋਲ ਸੱਦ ਕੇ ਕਿਹਾ ਸਰਦਾਰਨੀ ਨੂੰ,
"ਲੈ ਮਿਆਨ ਆਹ ਉੱਚੀ ਲਟਕਾ ਛੱਡੀਂ।
ਕਿਸੇ ਜ਼ਿੰਦਾ ਜਰਨੈਲ ਦੀ ਯਾਦ ਹੈ ਇਹ,
ਇਹਨੂੰ ਦਾਗ਼ ਨਾ ਲੱਗੇ, ਸਮਝਾ ਛੱਡੀਂ।
"ਮਰਦੀ ਕੌਮ ਵਿਚ ਜ਼ਿੰਦਗੀ ਭਰਨ ਖ਼ਾਤਰ,
ਮੈਂ ਹੁਣ ਦੇਸ ਤੋਂ ਹੋਣ ਕੁਰਬਾਨ ਚੱਲਿਆਂ।
ਜਿਹੜੇ ਕੌਮੀ-ਗ਼ੱਦਾਰਾਂ ਨੇ ਦਾਗ਼ ਲਾਏ,
ਧੋ ਕੇ ਖ਼ੂਨ ਦੇ ਨਾਲ, ਮਿਟਾਣ ਚੱਲਿਆਂ।
ਜਿਹੜੇ ਦੇਸ-ਧਰੋਹੀਆਂ ਨੇ ਲਾਏ ਲੈਂਬੂ,
ਛਟੇ ਰੱਤ ਦੇ ਮਾਰ ਬੁਝਾਣ ਚੱਲਿਆਂ।
ਪਿੱਛੋਂ ਹੋਊ, ਸੋ ਵੇਖੇਗਾ ਜੱਗ ਸਾਰਾ,
ਮੈਂ ਤਾਂ ਆਪਣੀ ਤੋੜ ਨਿਭਾਣ ਚੱਲਿਆਂ।
"ਨਾ ਮੈਂ ਹੋਵਾਂਗਾ, ਨਾ ਇਹ ਪੰਜਾਬ ਹੋਸੀ
ਐਪਰ ਦਿਲਾਂ ਵਿਚ ਦੋਹਾਂ ਦੀ ਯਾਦ ਰਹਿਸੀ।
'ਸੀਤਲ' ਸੂਰਜ ਕੁਰਬਾਨੀ ਦਾ ਚਮਕਦਾ ਰਹੂ,
ਜਦੋਂ ਤੀਕ ਇਹ ਦੇਸ ਆਬਾਦ ਰਹਿਸੀ।"

ਕੁਛ ਸੱਜਰਸਾਹ ਫ਼ੌਜ ਆ ਗਈ। ੮ ਫ਼ਰਵਰੀ ਨੂੰ ਹਰੀ ਸਮਿੱਥ ਵੀ ਗਫ ਨੂੰ ਆ ਮਿਲਿਆ। ਸੋ ਉਹਨਾਂ ਨਵੇਂ ਹਮਲੇ ਦੀ ਤਿਆਰੀ ਕਰ ਦਿੱਤੀ । ੯ ਫ਼ਰਵਰੀ ਦਾ ਸਾਰਾ ਦਿਨ ਉਹਨਾਂ ਤਿਆਰੀ ਕਰਦਿਆਂ ਲੰਘਾ ਦਿੱਤਾ। ਸਾਰੀ ਫ਼ੌਜ ਨੂੰ ਏਸ ਤਰ੍ਹਾਂ ਤਿੰਨਾਂ ਹਿੱਸਿਆਂ ਵਿਚ ਵੰਡਿਆ : ਗਿਲਬਰਟ ਦੀ ਫ਼ੌਜ ਵਿਚਕਾਰ, ਸਰ ਰਾਬਰਟ ਡਿਕ (Robart Dick) ਖੱਬੇ ਹੱਥ ਤੇ ਹਰੀ ਸਮਿੱਥ ਸੱਜੇ ਹੱਥ। ਫ਼ੌਜ ਦੀ ਗਿਣਤੀ ਕਈਆਂ ਨੇ ਤਾਂ ਸਿਰਫ਼ ੧੫ ਹਜ਼ਾਰ ਲਿਖੀ ਹੈ, ਤੇ ਕਈਆਂ ਨੇ ੧੫ ਹਜ਼ਾਰ ਪੈਦਲ, ੧੦ ਹਜ਼ਾਰ ਰਸਾਲਾ ਤੇ ੧੨੦ ਤੋਪਾਂ ਲਿਖਿਆ ਹੈ।

**ਲਾਲ ਸਿੰਘ ਤੇ ਤੇਜ ਸਿੰਘ ਦੀ ਗ਼ੱਦਾਰੀ**

੭ ਫ਼ਰਵਰੀ ਨੂੰ ਲਾਲ ਸਿੰਘ ਦਾ—ਨਿਕਲਸਨ ਤਕ ਗੁਪਤ ਚਿੱਠੀਆਂ ਪੁਚਾਉਣ ਵਾਲਾ—ਨੌਕਰ ਨੂਰਦੀਨ ਪਠਾਣ ਕਸੂਰੀ, ਅੰਗਰੇਜ਼ਾਂ ਕੋਲ ਚਿੱਠੀ ਲੈ ਕੇ ਪੁੱਜਾ। ਇਸ ਚਿੱਠੀ ਵਿਚ ਲਾਲ ਸਿੰਘ ਨੇ ਸਿੱਖਾਂ ਦੇ ਕਿਲ੍ਹੇ (ਮੋਰਚੇ) ਦਾ ਨਕਸ਼ਾ ਦਿੱਤਾ ਸੀ, ਤੇ ਲਿਖਿਆ ਸੀ, "ਏਸ ਲੜਾਈ ਦਾ ਸੈਨਾਪਤੀ ਤੇਜ ਸਿੰਘ ਹੈ, ਪਰ ਇਸ ਵਿਚ ਕੋਈ ਹਰਜ ਨਹੀਂ। ਉਹ ਆਪਣੇ ਬਚਨ 'ਤੇ ਪੱਕਾ ਹੈ ਤੇ ਵਿਤ ਅਨੁਸਾਰ ਅੰਗਰੇਜ਼ਾਂ ਦਾ ਭਲਾ ਕਰਨ ਦਾ ਯਤਨ ਕਰੇਗਾ। ਮੇਰੇ ਹੱਥ ਰਸਾਲਾ ਹੈ, ਤੇ ਮੈਂ ਉਹਨੂੰ ਏਧਰ ਓਧਰ ਖਿਲਾਰ ਛੱਡਿਆ ਹੈ। ਨਾਲ ਹੀ ਸਿੱਖਾਂ ਦੇ ਮੋਰਚੇ ਦੀ ਦੱਖਣ ਦੀ ਬਾਹੀ ਬੜੀ ਕਮਜ਼ੋਰ ਹੈ। ਓਧਰ ਦੀ ਕੰਧ ਮਾੜੀ ਜਿਹੀ ਬਣੀ ਹੋਈ ਹੈ*।"

ਹੋਰ ਸੁਣੋ : "ਕਲਕੱਤਾ ਰੀਵੀਊ, (ਜੂਨ, ੧੮੪੯ ਈ., ਪੰਨਾ ੫੪੯) ਭਾਵੇਂ ਲਾਲ ਸਿੰਘ ਤੇ ਤੇਜ ਸਿੰਘ ਦੀ ਗ਼ੱਦਾਰੀ 'ਤੇ ਸ਼ੱਕ ਕਰਦਾ ਹੈ, ਪਰ ਫੇਰ ਵੀ ਮੰਨਦਾ ਹੈ, ਕਿ ਲਾਲ ਸਿੰਘ ਨਾ ਸਿਰਫ਼ ਨਿਕਲਸਨ ਨਾਲ ਚਿੱਠੀ ਪੱਤਰ ਹੀ ਕਰ ਰਿਹਾ ਸੀ, ਸਗੋਂ ੭ ਫ਼ਰਵਰੀ ੧੮੪੬ ਈ. ਨੂੰ—ਖ਼ਿਆਲ ਹੈ ਉਹਨੇ ਸਭਰਾਵਾਂ ਵਿੱਚ ਸਿੱਖਾਂ ਦੇ ਮੋਰਚੇ ਦਾ ਨਕਸ਼ਾ ਲਾਰੰਸ ਨੂੰ ਭੇਜਿਆ। ੧੯ ਦਸੰਬਰ, ੧੮੪੫ ਨੂੰ ਮੁਦਕੀ ਦੀ ਲੜਾਈ ਤੋਂ ਅਗਲੇ ਦਿਨ, ਲਾਲ ਸਿੰਘ ਦਾ ਏਜੰਟ ਬਰਾਡਫੁਟ ਕੋਲ ਆਇਆ, ਜੋ ਝਾੜ ਪਾ ਕੇ ਕੱਢ ਦਿੱਤਾ ਗਿਆ। ਤੇਜ ਸਿੰਘ ਦੀ ਗ਼ੱਦਾਰੀ ਬਾਰੇ ਇਕ ਮੰਨਣ ਵਾਲੀ ਰਵਾਇਤ ਅਨੁਸਾਰ

---

*ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੪੯।

ਕਿਹਾ ਜਾ ਸਕਦਾ ਹੈ, ਕਿ ਉਹਨਾਂ ਦੀਆਂ ਤੋਪਾਂ ਦਾ ਬਾਰੂਦ ਛੇੜਿਆ ਗਿਆ ਤੇ ਬਹੁਤ ਸਾਰਾ ਨਕਾਰਾ ਕਰ ਦਿੱਤਾ ਗਿਆ ਹੈ।'*

ਹੁਣ ਵੀ ਲਾਲ ਸਿੰਘ ਤੇ ਤੇਜ ਸਿੰਘ ਦੇ ਲੂਣ-ਹਰਾਮੀ ਹੋਣ 'ਤੇ ਕੋਈ ਸ਼ੱਕ ਹੈ ? ਜਿੱਥੇ ਐਹੋ ਜਿਹੇ ਕੁਲ-ਘਾਤੀ ਲੀਡਰ ਹੋਣ, ਓਥੇ ਹੋਰ ਦੁਸ਼ਮਣਾਂ ਦੀ ਕੀ ਲੋੜ ?

ਜੰਗ ਸਭਰਾਓਂ ੧੦ ਫ਼ਰਵਰੀ, ੧੮੪੬

੧੦ ਫ਼ਰਵਰੀ, ੧੮੪੬ ਈ. ਦਾ ਸੂਰਜ ਅਜੇ ਨਿਕਲਣ ਵਾਲਾ ਸੀ, ਜਾਂ ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਨੂੰ ਅੱਗ ਵਿਖਾਈ। ਅੱਗੋਂ ਉੱਤਰ ਵਿਚ ਸਿੱਖਾਂ ਨੇ ਵੀ ਤੋੜੇ ਦਾਗੇ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨ ਲੱਗੀ। ਤਿੰਨ ਘੰਟੇ ਲਗਾਤਾਰ ਗੋਲੇ ਵਰ੍ਹਦੇ ਰਹੇ, ਪਰ ਕੋਈ ਪਾਸਾ ਵੀ ਪੈਰਾਂ ਤੋਂ ਨਾ ਹਿੱਲਿਆ। ਪਿਛਲੀਆਂ ਚਾਰ ਲੜਾਈਆਂ ਵਿਚ, ਅੰਗਰੇਜ਼, ਸਿੱਖ ਸਿਪਾਹੀਆਂ ਦੀ ਬਹਾਦਰੀ ਵੇਖ ਚੁੱਕੇ ਸਨ। ਸਿੱਖਾਂ ਦਾ ਰੁਅਬ ਗੋਰਾ ਫ਼ੌਜ ਤੇ ਦੇਸੀ ਫ਼ੌਜ ਦੋਹਾਂ ਦੇ ਦਿਲਾਂ 'ਤੇ ਬੈਠਾ ਹੋਇਆ ਸੀ। ਸੋ ਗਫ਼ ਨੇ ਚਾਰ ਪਲਟਨਾਂ (ਦਸਵੀਂ ਪੈਦਲ, ਮਲਕਾਂ ਦੀ ਤ੍ਰਿਵੰਜਵੀਂ ਪੈਦਲ, ਤਿਰਤਾਲਵੀਂ ਦੇਸੀ ਤੇ ਉਣੰਜਵੀਂ ਦੇਸੀ, ਸਣੇ ਤੋਪਖ਼ਾਨਾ)** ਨਵੀਆਂ ਜੋ ਅੱਗੇ ਕਿਸੇ ਲੜਾਈ ਵਿਚ ਸਿੱਖਾਂ ਨਾਲ ਨਹੀਂ ਲੜੀਆਂ ਸਨ—ਸਿੱਖਾਂ 'ਤੇ ਹਮਲਾ ਕਰਨ ਵਾਸਤੇ ਤਜਵੀਜ਼ ਕੀਤੀਆਂ। ਸਰ ਰਾਬਰਟ ਡਿੱਕ ਨੇ ਇਹ ਚਾਰੇ ਪਲਟਨਾਂ ਲੈਕੇ ਲਾਲ ਸਿੰਘ ਦੇ ਦੱਸੇ ਮੁਤਾਬਕ ਦੱਖਣੀ ਹਿੱਸੇ 'ਤੇ ਹੱਲਾ ਕੀਤਾ। ਤੋਪਾਂ ਦੀ ਮਾਰ ਨੇ ਬਾਹੀ ਵਿਚ ਇਕ ਪਾੜ ਪਾ ਦਿੱਤਾ। ਗੁੱਸੇ ਵਿਚ ਸਿੱਖਾਂ ਨੇ ਉਹ ਅੱਗ ਵਰ੍ਹਾਈ, ਕਿ ਰਾਬਰਟ ਡਿੱਕ ਨੂੰ ਜ਼ਖ਼ਮੀ ਹੋ ਕੇ ਪਿੱਛੇ ਮੁੜਨਾ ਪਿਆ। ਸਿੱਖਾਂ ਨੇ ਉਹ ਮੋਰਚਾ ਫੇਰ ਪੱਕਾ ਕਰ ਲਿਆ। ਅੰਗਰੇਜ਼ ਵਾਰ ਵਾਰ ਹੱਲਾ ਕਰਦੇ ਤੇ ਖ਼ਾਲਸਾ ਫ਼ੌਜ ਦੀ ਫ਼ੌਲਾਦੀ ਕੰਧ ਨਾਲ ਟੱਕਰ ਖਾ ਕੇ ਵਾਪਸ ਮੁੜਦੇ। ਏਸ ਵੇਲੇ ਲਾਲ ਸਿੰਘ, ਸਣੇ ਆਪਣੀ ਫ਼ੌਜ ਦੇ, ਬਿਨਾਂ ਕਾਰਨ ਨੱਸ ਪਿਆ। ਥੋੜ੍ਹੀ ਦੇਰ ਪਿੱਛੋਂ ਤੇਜ ਸਿੰਘ ਵੀ—ਸਣੇ ਆਪਣੀ ਛੇ ਹਜ਼ਾਰ ਫ਼ੌਜ

---

*(Cunningham) ਕਨਿੰਘਮ (੧੯੧੮) ਪੰਨਾ ੨੯੨ ਦਾ ਫੁਟਨੋਟ।

**(M. Gregor, as in Lord Gough's despatch) ਮੈਕਗ੍ਰੇਗਰ, ਪੰਨਾ ੧੬੧।

ਲਾਲ ਸਿੰਘ ਤੇ ਤੇਜ ਸਿੰਘ ਨੱਸ ਪਏ

ਦੇ—ਨੱਸ ਉੱਠਿਆ ਤੇ ਜਾਂਦਾ ਜਾਂਦਾ ਬਾਰੂਦ ਭਰੀਆਂ ਬੇੜੀਆਂ ਦਰਿਆ ਵਿੱਚ ਡੋਬ ਗਿਆ। ਜੋ ਪੁੱਲ ਸਿੱਖਾਂ ਨੇ ਦਰਿਆ ਉਤੇ ਬੱਧਾ ਸੀ ਤੇ ਜੀਹਦੀ ਰਾਖੀ ਤੇਜ ਸਿੰਘ ਕਰ ਰਿਹਾ ਸੀ, ਉਹ ਉਸ ਵਿਚੋਂ ਦੋ ਬੇੜੀਆਂ ਡੋਬ ਕੇ ਪੁਲ ਵੀ ਤੋੜ ਗਿਆ।

ਜਰਨੈਲਾਂ ਤੋਂ ਸੱਖਣੀ ਫ਼ੌਜ ਘਬਰਾ ਉੱਠੀ। ਲੜਨ ਵਾਲੇ ਸਨ, ਪਰ ਲੜਾਉਣ ਵਾਲਾ ਕੋਈ ਨਹੀਂ ਸੀ। ਏਨੇ ਨੂੰ ਤੋਪਚੀਆਂ ਵੱਲੋਂ ਸਾਰੇ ਦੁਹਾਈ ਫਿਰ ਗਈ, ਕਿ ਨਵੀਆਂ ਪੇਟੀਆਂ ਖੋਲ੍ਹਣ 'ਤੇ ਉਹਨਾਂ ਵਿਚੋਂ ਬਾਰੂਦ ਦੀ ਥਾਂ ਰੇਤ ਤੇ ਸਰ੍ਹੋਂ ਨਿਕਲਦੀ ਹੈ।

ਸਿੱਖਾਂ ਦੀਆਂ ਤੋਪਾਂ ਬੰਦ, ਬਾਰੂਦ ਦੀ ਥਾਂ ਸਰ੍ਹੋਂ

ਹੁਣ ਕੀ ਕੀਤਾ ਜਾਵੇ ? ਸਾਮ੍ਹਣੀ ਬਾਹੀ ਦੇ ਜੰਬੂਰਕੇ ਖ਼ਾਲੀ ਪਏ ਸਨ। ਬੰਦੂਕਚੀਆਂ ਨੂੰ ਬਾਰੂਦ ਮਿਲਣਾ ਬੰਦ ਹੋ ਗਿਆ ਸੀ। ਦਰਿਆ ਦੇ ਪਿਛਲੇ ਪਾਸੇ ਬੀੜੀਆਂ ਹੋਈਆਂ ਦੂਰ-ਮਾਰੂ ਤੋਪਾਂ ਦੇ ਗੋਲੇ ਅੰਗਰੇਜ਼ੀ ਫ਼ੌਜ ਦੇ ਉੱਪਰ ਦੀ ਅਗਲੇ ਪਾਸੇ ਜਾ ਕੇ ਪੈਂਦੇ ਸਨ, ਕਿਉਂਕਿ ਉਹਨਾਂ ਤੋਪਾਂ ਦੇ ਚਲਾਉਣ ਵਾਲੇ ਮੁਸਲਮਾਨ ਸਨ ਜੋ ਤੋਪਾਂ ਦੇ ਮੂੰਹ ਉੱਚੇ ਕਰਕੇ ਚਲਾਉਂਦੇ ਸਨ, ਤਾਂ ਕਿ ਦੁਸ਼ਮਣ ਦਾ ਕੋਈ ਨੁਕਸਾਨ ਨਾ ਹੋਵੇ। ਅੰਤ ਇਹ ਤੋਪਾਂ ਵੀ ਹੌਲੀ-ਹੌਲੀ ਚਲਣੋਂ ਬੰਦ ਹੋ ਗਈਆਂ।

ਸ: ਸ਼ਾਮ ਸਿੰਘ ਫ਼ੌਜ ਵਿਚ

ਏਨੇ ਤਕ ਵਿਰੋਧੀ ਫ਼ੌਜਾਂ ਦੋ-ਤਿੰਨ ਥਾਂਵਾਂ ਤੋਂ ਸਿੱਖਾਂ ਦੇ ਮੋਰਚੇ ਵਿਚ ਦਾਖ਼ਲ ਹੋ ਗਈਆਂ। ਸਿੱਖ ਵੀ ਲੱਗੇ ਖਿਲਰਨ। ਐਨ ਏਸ ਵੇਲੇ ਸ: ਸ਼ਾਮ ਸਿੰਘ ਅਟਾਰੀ ਵਾਲਾ ਮੈਦਾਨ ਵਿਚ ਪਹੁੰਚ ਗਿਆ। ਚਿੱਟਾ ਨੂਰਾਨੀ ਦਾੜ੍ਹਾ, ਚਿੱਟੀ ਪੁਸ਼ਾਕ ਵਿਚ ਸਜਿਆ ਹੋਇਆ ਉਹ ਸਫ਼ੈਦ ਘੋੜੇ ਉਤੇ ਸੋਭ ਰਿਹਾ ਸੀ। ਉਹ ਮੋਰਚੇ ਦੀ ਹਾਲਤ ਵੇਖ ਕੇ ਹੈਰਾਨ ਰਹਿ ਗਿਆ। ਸ਼ਹੀਦੀ ਤੋਂ ਬਿਨਾਂ ਹੋਰ ਸਭ ਦਰਵਾਜ਼ੇ ਬੰਦ ਹੋ ਚੁੱਕੇ ਸਨ, ਉਹ ਕੌਮੀ ਪਰਵਾਨਾ; ਅਣਖ ਦਾ ਪੁਤਲਾ, ਖ਼ਾਲਸਾ ਫ਼ੌਜ ਨੂੰ ਮਰ ਮਿਟਣ ਵਾਸਤੇ ਇਉਂ ਲਲਕਾਰਨ ਲੱਗਾ :()

---

()ਸ਼ਾਮ ਸਿੰਘ ਤਲਵਾਰ ਲਿਸ਼ਕਾਵੰਦਾ
ਵਿਚ ਖਲਾ ਏ ਦਲਾਂ ਦੇ ਆ (ਦੇਖੋ ਬਾਕੀ ਫੁਟਨੋਟ ਪੰਨਾ ੧੫੧ 'ਤੇ)

ਸ: ਸ਼ਾਮ ਸਿੰਘ ਨੂੰ ਵੇਖ ਕੇ ਸਿਪਾਹੀਆਂ ਵਿਚ ਨਵੀਂ ਜ਼ਿੰਦਗੀ ਆ ਗਈ। ਘਬਰਾਏ ਹੋਏ ਸਿਪਾਹੀ ਫੇਰ ਮਰ ਮਿਟਣ ਵਾਸਤੇ ਤਿਆਰ ਹੋ ਗਏ। ਅਫ਼ਸੋਸ! ਇਹਨਾਂ ਦਾ ਇਹ ਜੋਸ਼ ਤੇ ਉੱਦਮ ਕਿਸੇ ਲੇਖੇ ਨਹੀਂ ਸੀ, ਕਿਉਂਕਿ ਬਾਰੂਦ ਬਿਲਕੁਲ ਮੁੱਕ ਚੁੱਕਾ ਸੀ ਤੇ ਨਵੀਆਂ ਪੇਟੀਆਂ ਵਿਚੋਂ ਬਾਰੂਦ ਦੀ ਥਾਂ ਤੇਜ ਸਿੰਘ ਦੀ ਗ਼ੱਦਾਰੀ, ਸਰ੍ਹੋਂ ਤੇ ਰੇਤ ਦੇ ਰੂਪ ਵਿਚ ਨਿਕਲ ਰਹੀ ਸੀ। ਹੁਣ ਸਿੱਖ ਫ਼ੌਜ ਵਾਸਤੇ ਦੋਵੇਂ ਰਾਹ ਰਹਿ ਗਏ ਸਨ, ਜਾਂ ਕਾਇਰਾਂ ਵਾਂਗ ਦੁਸ਼ਮਣ ਸਾਮ੍ਹਣੇ ਹਥਿਆਰ ਰੱਖ ਦੇਣ ਤੇ ਜਾਂ ਮੈਦਾਨ ਵਿਚ ਕੱਟ ਮਰਨ, ਜਿੱਤ ਦੀ ਆਸ ਜਾਂਦੀ ਰਹੀ ਸੀ। ਸ਼ਾਬਾਸ਼ ਗੁਰੂ ਗੋਬਿੰਦ ਸਿੰਘ ਦੇ ਨਾਦੀ ਸਪੁੱਤਰਾਂ ਦੇ, ਚੁਫੇਰਿਓਂ ਦੁਸ਼ਮਣ ਦੀਆਂ ਸੰਗੀਨਾਂ ਤੇ ਬੰਦੂਕਾਂ ਨਾਲ ਘਿਰਿਆ ਹੋਇਆਂ ਵੀ

---

(ਦੇਖੋ ਪੰਨਾ ੧੫੦ ਦਾ ਬਾਕੀ ਫੁਟਨੋਟ)

ਕਹਿੰਦਾ, ਹੋਸ਼ ਸੰਭਾਲੋ ਖ਼ਾਲਸਾ
ਕਿਉਂ ਚੱਲੇ ਜੇ ਸਿੱਖੀ ਨੂੰ ਦਾਗ਼ ਲਾ
ਕਿਹੜੇ ਸ਼ੌਕ ਨੂੰ ਸੀ ਤੇਗ਼ਾਂ ਚੁੱਕੀਆਂ
ਅੰਤ ਨੱਸਣਾ ਸੀ ਕੰਡ ਜੇ ਵਿਖਾ
ਤਾਹਨੇ ਦੇਵੰਦੀ ਹੈ ਰੂਹ 'ਰਣਜੀਤ' ਦੀ
ਹਾਰ ਆਏ ਦੁਸ਼ਮਣਾਂ ਤੋਂ ਖਾ
ਹੱਥੀਂ ਪਾਇਕੇ ਗ਼ੁਲਾਮੀ ਦੀਆਂ ਬੇੜੀਆਂ
ਜਿਉਂਦੇ ਰਹੋਗੇ ਕੀ ਅਣਖ ਗੁਆ
ਤੁਸੀਂ ਪੁੱਤਰ ਗੁਰੂ ਗੋਬਿੰਦ ਸਿੰਘ ਦੇ
ਦੀਪ ਸਿੰਘ ਦੇ ਹੋ ਵੀਰ ਭਰਾ
ਜਿੰਨ੍ਹੇ ਕਟਕ ਦੁਰਾਨੀਆਂ ਦੇ ਮਾਰ ਕੇ
ਸ਼ਾਨ ਸਿੱਖੀ ਵਾਲੀ ਲਈ ਸੀ ਬਚਾ
ਉੱਠੋ ਸੂਤ ਲੌ ਭਰੋਤੀਆਂ ਸੂਰਿਓ
ਦਿਓ ਵੈਰੀਆਂ ਦੇ ਸੱਥਰ ਵਿਛਾ
ਸ਼ਾਨ ਖ਼ਾਲਸੇ ਦੀ ਨਾਲ ਪੰਜਾਬ ਦੇ
ਕਿਤੇ ਦੋਵੇਂ ਹੀ ਨਾ ਬਿਹੋ ਜੇ ਲੁਟਾ
ਮਰਨਾ ਦੇਸ ਲਈ ਭਲਾ ਹੈ 'ਸੀਤਲਾ'
ਲਵੋ ਮਰਤਬੇ ਸ਼ਹੀਦੀ ਪਾ

ਕਿਸੇ ਸਿੱਖ ਨੇ ਹਥਿਆਰ ਰੱਖ ਕੇ ਪ੍ਰਾਣਾਂ ਦੀ ਭਿੱਛਿਆ ਨਹੀਂ ਮੰਗੀ, ਸਗੋਂ ਹਰ ਥਾਂ ਵੈਰੀਆਂ ਦਾ ਟਾਕਰਾ ਕਰਦੇ ਰਹੇ।*

ਸ: ਸ਼ਾਮ ਸਿੰਘ ਨੇ ਲਲਕਾਰ ਕੇ ਕਿਹਾ : "ਖ਼ਾਲਸਾ ਜੀ । ਹੁਣ ਵੇਲਾ ਹੈ ਕਿ ਤੁਸੀਂ ਗੁਰੂ ਮਹਾਰਾਜ ਦੇ ਅੰਮ੍ਰਿਤ ਦੀ ਸ਼ਕਤੀ ਵਿਖਾਵੋ। ਮੌਤ ਤੁਹਾਡੇ ਸਾਮ੍ਹਣੇ ਮੂੰਹ ਅੱਡੀ ਖਲੀ ਹੈ। ਪਿਛਲੇ ਪਾਸੇ ਖ਼ੂੰਨੀ ਦਰਿਆ ਤੇ ਅਗਲੇ ਪਾਸੇ—ਕਾਲ ਦਾ ਰੂਪ—ਦੁਸ਼ਮਣ ਦੀਆਂ ਤੋਪਾਂ ਹਨ। ਤੁਹਾਡੇ ਜਰਨੈਲ ਵਿਸਾਹ-ਘਾਤ ਕਰ ਗਏ ਹਨ। ਤੋਪਾਂ ਤੇ ਬੰਦੂਕਾਂ ਬਾਰੂਦ ਖੁਣੋਂ ਬੇਕਾਰ ਪਈਆਂ ਹਨ। ਹੁਣ ਤਾਂ ਨਿੱਤ ਦੀ ਸੰਗਣ, ਕਲਗ਼ੀਧਰ ਦੀ ਬਖ਼ਸ਼ੀ ਹੋਈ ਤਲਵਾਰ ਹੀ ਬਾਕੀ ਹੈ। ਸ਼ੇਰੋ, ਸਾਵਧਾਨ ਹੋਵੋ, ਤੇ ਦੁਸ਼ਮਣ ਦੇ ਗ਼ੁਲਾਮ ਬਣ ਕੇ ਜਿਊਣ ਨਾਲੋਂ ਮਰਦਾਂ ਦੀ ਮੌਤ ਮਰੋ ਤੇ ਦੇਸ ਦੀ ਖ਼ਾਤਰ ਸ਼ਹੀਦ ਹੋ ਕੇ ਸੱਚਖੰਡ ਜਾਓ।"

ਅੱਗੋਂ ਖ਼ਾਲਸਾ ਫ਼ੌਜ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾਂ ਦਿੱਤਾ। ਸਿੱਖ ਸਿਪਾਹੀ ਤਲਵਾਰਾਂ ਧੂਹ ਕੇ ਮਰ ਮਿਟਣ ਵਾਸਤੇ ਤਿਆਰ ਹੋ ਖਲੇ। ਸ: ਸ਼ਾਮ ਸਿੰਘ ਨੇ ੫੦ ਨੰਬਰ ਪਲਟਣ ਉੱਤੇ ਹੱਲਾ ਬੋਲ ਦਿੱਤਾ।()

---

*(Cunningham) ਕਨਿੰਘਮ (੧੮੪੯) ਪੰਨਾ ੩੨੮।

()ਸ਼ਾਮ ਸਿੰਘ ਸਰਦਾਰ ਆ ਰਣ ਅੰਦਰ ਵੜਿਆ
ਚਿਹਰਾ ਸੂਹਾ ਦਮਕਦਾ ਖ਼ੂੰਨ ਅੱਖੀਂ ਚੜ੍ਹਿਆ
ਫਰਕਣ ਡੌਲੇ ਸ਼ੇਰ ਦੇ ਹੱਥ ਖੰਡਾ ਫੜਿਆ
ਗੱਜਦਾ ਦੁਸ਼ਮਣ ਫ਼ੌਜ ਦੇ ਆ ਸਾਹਵੇਂ ਖੜ੍ਹਿਆ
ਹੱਥੋ ਹੱਥੀ ਚਾਹੁੰਦਾ ਵੈਰੀ ਨਾਲ ਲੜਿਆ
(ਉਸ) ਭੇਟ ਚੜ੍ਹਾਇਆ ਤੇਗ਼ ਦੀ ਜੋ ਅੱਗੇ ਅੜਿਆ
ਸ਼ਾਮ ਸਿੰਘ ਸਰਦਾਰ ਨੇ ਹੱਥ ਫੜੀ ਭਵਾਨੀ
ਲਿਸ਼ਕ ਡਰਾਵੇ ਵੈਰੀਆਂ ਬਿਜਲੀ ਅਸਮਾਨੀ
ਵੈਰ ਦੁਰਾਈ ਚਾਹੁੰਦਾ ਜੱਗ ਵਿਚ ਕਹਾਨੀ
ਸੁੱਟੇ ਸੀ ਜਿਉਂ 'ਦੀਪ ਸਿੰਘ' ਕਰ ਘਾਇਲ ਦੁਰਾਨੀ
ਵਧ ਵਧ ਤੇਗ਼ਾਂ ਮਾਰਦਾ 'ਅਰਜਨ' ਦਾ ਸਾਨੀ
ਭਾਲੇ ਖੰਡੇ ਧਾਰ 'ਚੋਂ ਨਿਤ ਦੀ ਜ਼ਿੰਦਗਾਨੀ
ਉਸ ਬੁੱਢੇ ਜਰਨੈਲ 'ਤੇ ਮੁੜ ਚੜ੍ਹੀ ਜੁਆਨੀ
ਢਾਡੀ ਵਾਰਾਂ ਗਾਉਣਗੇ ਜਗ ਰਹੂ ਨਸ਼ਾਨੀ।

ਸਿੱਖ ਫ਼ੌਜ ਦੇ ਏਸ ਹੱਲੇ ਨੇ ਅੰਗਰੇਜ਼ੀ ਪਲਟਣਾਂ ਦੇ ਪੈਂਤੜੇ ਹਿਲਾ ਦਿੱਤੇ। ਉਹਨਾਂ ਦੀਆਂ ਪਾਲਾਂ ਤੋੜ ਦਿੱਤੀਆਂ, ਸਫ਼ਾਂ ਉਲਟ ਦਿੱਤੀਆਂ ਤੇ ਪੈਰ ਉਖੇੜ ਦਿੱਤੇ। ਪਿਛੋਂ ਅੰਗਰੇਜ਼ੀ ਤੋਪਾਂ ਨੇ ਹੋਰ ਜ਼ੋਰ ਨਾਲ ਅੱਗ ਵਰ੍ਹਾਈ। ਅੰਗਰੇਜ਼ੀ ਫ਼ੌਜ ਨੇ ਸੰਗੀਨਾਂ ਨਾਲ ਸਿੱਖਾਂ 'ਤੇ ਹੱਲਾ ਕੀਤਾ।

**ਸ: ਸ਼ਾਮ ਸਿੰਘ ਸ਼ਹੀਦ**

ਏਸ ਸਮੇਂ ਸ: ਸ਼ਾਮ ਸਿੰਘ ੭ ਗੋਲੀਆਂ ਖਾ ਕੇ ਘੋੜੇ ਤੋਂ ਥੱਲੇ ਡਿੱਗਾ। ਉਹ ਆਜ਼ਾਦੀ ਦਾ ਪੁਜਾਰੀ ਤੇ ਕੁਰਬਾਨੀ ਦਾ ਦੇਵਤਾ ਸ਼ਹੀਦ ਹੋਕੇ ਸੱਚਖੰਡ ਜਾ ਵੱਸਿਆ। ਉਸਦੇ ਨਾਲ ਹੀ ਸ: ਮੇਵਾ ਸਿੰਘ ਤੇ ਸ: ਜੈਮਲ ਸਿੰਘ 'ਨਿਹੰਗ' ਸ਼ਹੀਦ ਹੋਏ।

ਸ. ਸ਼ਾਮ ਸਿੰਘ ਦੇ ਸ਼ਹੀਦ ਹੋ ਜਾਣ ਨਾਲ ਖ਼ਾਲਸਾ ਫ਼ੌਜ ਦੇ ਹੌਸਲੇ ਟੁੱਟ ਗਏ। ਤੋਪਾਂ ਤੇ ਬੰਦੂਕਾਂ ਸਾਮ੍ਹਣੇ ਤਲਵਾਰਾਂ ਕਿੰਨਾ ਕੁ ਚਿਰ ਟਿਕ ਸਕਦੀਆਂ ? ਸਿੱਖ ਫ਼ੌਜ ਵਿਚ ਭਾਜੜ ਪੈ ਗਈ। ਜਿਸ ਪਾਸੇ ਕਿਸੇ ਦਾ ਮੂੰਹ ਹੋਇਆ, ਉੱਠ ਨੱਠਾ। ਪਰ ਨੱਸਦੇ ਸਿੱਖ ਦੀ ਤਲਵਾਰ ਵੀ ਵੈਰੀ ਦੇ ਲਹੂ ਵਿਚ ਡੁੱਬੇ ਬਿਨਾਂ ਨਹੀਂ ਰਹਿੰਦੀ ਸੀ।

**ਸਿੱਖ ਨੱਸ ਗਏ**

ਏਸ ਵੇਲੇ ਏਥੋਂ ਦਾ ਨਜ਼ਾਰਾ ਵੇਖ ਕੇ ਦਿਲ ਦਹਿਲ ਜਾਂਦਾ ਸੀ। ਤਿੰਨ ਚਾਰ ਮੀਲ ਲਮਾਣ ਤੇ ਮੀਲ-ਡੇਢ ਮੀਲ ਚੁੜਾਣ ਵਿਚ ਲੋਥ 'ਤੇ ਲੋਥ ਚੜ੍ਹੀ ਪਈ ਸੀ। ਸਾਰੀ ਧਰਤੀ ਲਹੂ ਨਾਲ ਰੰਗੀ ਹੋਈ ਪਈ ਸੀ। ਕਿਤੇ ਕਿਸੇ ਸਿੱਖ ਦੇ ਕੇਸ ਖਿੱਲਰੇ ਪਏ ਤੇ ਕਿਤੇ ਕਿਸੇ ਗੋਰੇ ਦੀ ਝੰਡ ਪਈ ਉਡਦੀ ਸੀ। ਸਤਲੁਜ ਦਾ ਪਾਣੀ ਲਹੂ ਰੰਗਾ ਹੋ ਕੇ ਵਗ ਰਿਹਾ ਸੀ ਤੇ ਵਿਚ ਮੱਛੀਆਂ ਵਾਂਗ ਸਿੱਖਾਂ ਦੀਆਂ ਲੋਥਾਂ ਤਰਦੀਆਂ ਜਾ ਰਹੀਆਂ ਸਨ। ਅੰਗਰੇਜ਼ੀ ਫ਼ੌਜ ਦੇ ਹੰਕਾਰੀ ਸਿਪਾਹੀ, ਰੁੜ੍ਹੇ ਜਾਂਦੇ ਜ਼ਖ਼ਮੀ ਸਿੱਖਾਂ ਨੂੰ ਗੋਲੀਆਂ ਦਾ ਨਸ਼ਾਨਾ ਬਣਾ ਰਹੇ ਸਨ। ਕੁਛ ਸਿੱਖ ਮੈਦਾਨ ਵਿਚ ਵੈਰੀ ਦੀਆਂ ਗੋਲੀਆਂ ਦਾ ਨਸ਼ਾਨਾ ਬਣ ਗਏ, ਕੁਛ ਦਰਿਆ ਵਿਚ ਰੁੜ੍ਹ ਗਏ, ਜਿਹੜੇ ਬਚੇ, ਉਹ ਅੰਮ੍ਰਿਤਸਰ ਜਾ ਕੱਠੇ ਹੋਏ। ਅਫ਼ਸੋਸ, ਜੇ ਕਿਤੇ ਲਾਲ ਸਿੰਘ, ਤੇਜ ਸਿੰਘ (ਦੋਵੇਂ ਬ੍ਰਾਹਮਣ) ਤੇ ਗੁਲਾਬ ਸਿੰਘ ਡੋਗਰਾ ਸਿੱਖਾਂ ਨਾਲ ਗ਼ੱਦਾਰੀ ਨਾ ਕਰਦੇ, ਤਾਂ.....

੧੦ ਫ਼ਰਵਰੀ ਦੁਪਹਿਰ ਤੱਕ ਅੰਗਰੇਜ਼ਾਂ ਨੇ ਪੂਰੀ ਜਿੱਤ ਹਾਸਲ ਕਰ ਲਈ। ਸਿੱਖਾਂ ਦੀਆਂ ੬੦ ਤੋਪਾਂ ਤੇ ੨੦੦ ਜ਼ੰਬੂਰਕੇ ਜੇਤੂਆਂ ਦੇ ਹੱਥ ਆਏ।

ਏਸ ਲੜਾਈ ਵਿਚ ਅੰਗਰੇਜ਼ਾਂ ਦੇ ਵੱਡੇ ਅਫ਼ਸਰ ੧੩ ਮਰੇ ਤੇ ੧੦੧ ਅਫ਼ਸਰ ਜ਼ਖਮੀ() ਹੋਏ। ਕੁੱਲ ਨੁਕਸਾਨ ੩੨੦ ਆਦਮੀ ਮਰੇ ਤੇ ੨੦੬੩ ਜ਼ਖਮੀo ਹੋਏ। ਸਿੱਖਾਂ ਦੇ ਨੁਕਸਾਨ ਦਾ ਠੀਕ ਅੰਦਾਜ਼ਾ ਕੌਣ ਲਾਉਂਦਾ ? ਕੀ ਉਹਨਾਂ ਜਰਨੈਲਾਂ ਨੇ ਪੜਤਾਲ ਕਰਨੀ ਸੀ, ਜਿਹੜੇ ਫ਼ੌਜ ਨੂੰ ਮੌਤ ਦੇ ਮੂੰਹ ਵਿਚ ਧੱਕਾ ਦੇ ਕੇ ਆਪ ਘਰ ਜਾ ਵੜੇ ਸਨ ? ਸੋ ਸਿੱਖਾਂ ਦੇ ਨੁਕਸਾਨ ਦਾ ਅੰਦਾਜ਼ਾ ਅੱਡੋ ਅੱਡ ਲਿਖਾਰੀਆਂ ਨੇ ੫ ਤੋਂ ੮ ਹਜ਼ਾਰ ਦੇ ਵਿਚ ਕੀਤਾ ਹੈ।

ਸਤਲੁਜ ਦੀਆਂ ਲੜਾਈਆਂ ਵਿਚ ਸਿੱਖ ਹਾਰ ਗਏ। ਪਰ ਹਾਰੇ ਕਿਉਂ ?

ਸਿੱਖ ਹਾਰੇ ਕਿਉਂ

ਏਸਦਾ ਉੱਤਰ ਬਹੁਤ ਸਾਰਾ ਆਪ ਪੜ੍ਹ ਚੁੱਕੇ ਹੋ, ਤੇ ਕੁਛ ਦਲੀਲਾਂ ਮੈਂ ਹੇਠ ਲਿਖਦਾ ਹਾਂ। ਸਿੱਖ ਸਿਪਾਹੀਆਂ ਦੇ ਚਲਨ ਤੇ ਸੈਨਾਪਤੀਆਂ ਦੀ ਕਰਤੂਤ ਬਾਰੇ ਵੱਖ-ਵੱਖ ਲਿਖਾਰੀਆਂ ਨੇ ਇਉ ਲਿਖਿਆ ਹੈ :

ਮੈਕਗ੍ਰੇਗਰ ਆਪਣੀ ਕਿਤਾਬ ਵਿਚ ਥਾਂ-ਥਾਂ ਇਉਂ ਲਿਖਦਾ ਹੈ—(ਪੰਨਾ ੫੧) "ਇਹ ਕਦੇ ਨਹੀਂ ਭੁੱਲਣਾ ਚਾਹੀਦਾ, ਕਿ ਸਿੱਖ ਕੁਦਰਤੀ ਤੌਰ 'ਤੇ 'ਸਿਪਾਹੀ' ਹੈ। ਉਹ ਹੋਰ ਕਿਸੇ ਨੌਕਰੀ ਦੀ ਪਰਵਾਹ ਨਹੀਂ ਕਰਦਾ, ਜੋ ਉਸਦੇ ਧਾਰਮਕ ਅਸੂਲ ਦੇ ਉਲਟ ਹੋਵੇ। ਉਸਦੀ ਜ਼ਿੰਦਗੀ ਦਾ ਨਸ਼ਾਨਾ ਲੜਨਾ ਹੈ।....(ਪੰਨਾ ੮੮) ਸਿੱਖ ਕੌਮ ਨੂੰ ਜੰਗੀ ਫ਼ਿਰਕਾ ਬਨਾਉਣ ਦਾ ਸਿਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿਰ ਹੈ। ਅਸੂਲ ਅਨੁਸਾਰ ਹਰ ਇਕ ਸਿੱਖ ਵਾਸਤੇ ਤਲਵਾਰ ਰਖਣੀ ਜ਼ਰੂਰੀ ਹੈ। ਤੇ ਉਸਦੀ ਜ਼ਿੰਦਗੀ ਦਾ ਪਰਮ ਧਰਮ ਯੁੱਧ ਹੈ.....(ਪੰਨਾ ੮੯)। ਧਾਰਮਕ ਵਿਸ਼ਵਾਸ ਅਨੁਸਾਰ ਉਹ ਤਲਵਾਰ ਨੂੰ ਮਿਆਨ ਵਿਚ ਨਹੀਂ ਕਰ ਸਕਦੇ, ਜਦ ਤਕ ਪ੍ਰਾਣ ਨਾ ਨਿਕਲ ਜਾਣ। ਤਲਵਾਰ ਨੀਵੀਂ ਹੋਵੇ, ਤਾਂ ਜ਼ਿੰਦਗੀ ਦੀ ਸਮਾਪਤੀ ਨਾਲ। ਸਭਰਾਵਾਂ ਦੇ ਜੰਗ ਵਿਚ ਬੇਅੰਤ ਸਿੱਖ ਕਤਲ ਹੋਣ ਤੇ ਦਰਿਆ ਵਿੱਚ ਡੁੱਬਣ ਪਿੱਛੋਂ ਜਿਹੜੇ ਬਚੇ, ਉਹ ਲੜਾਈ ਵਾਸਤੇ ਇਸ ਦਲੇਰੀ ਨਾਲ ਤਿਆਰ ਸਨ, ਜਿਵੇਂ ਪਹਿਲੀਆਂ ਲੜਾਈਆਂ ਵਿਚ ਜਿੱਤੇ ਹੁੰਦੇ ਹਨ। (ਪੰਨਾ ੩੦੭)। ਸਿੱਖਾਂ

---

()ਮੈਕਗ੍ਰੇਗਰ ਪੰਨਾ ੧੯੩।

o(The Sikh Wars) ਸਿੱਖ ਯੁੱਧ, ਪੰਨਾ ੧੨੮।

ਦੇ ਲੀਡਰ ਆਪਣੀ ਸਿੱਖ ਫ਼ੌਜ ਨੂੰ ਤਬਾਹ ਕਰਾਉਣਾ ਚਾਹੁੰਦੇ ਸਨ, (ਦੁਸ਼ਮਣ ਦੇ) ਇਲਾਕੇ ਉੱਤੇ ਕਬਜ਼ਾ ਨਹੀਂ ਕਰਨਾ ਚਾਹੁੰਦੇ ਸਨ।"()

ਸਮਿਥ ਲਿਖਦਾ ਹੈ : "ਆਮ ਤੌਰ 'ਤੇ ਸਿੱਖਾਂ ਨੂੰ ਗੱਪੀ ਤੇ ਕਮਦਿਲੇ ਸਮਝਿਆ ਜਾਂਦਾ ਹੈ, ਪਰ ਅੰਤ ਸਾਨੂੰ ਪਤਾ ਲੱਗ ਗਿਆ, ਕਿ ਸਿੱਖ ਬਹਾਦਰ ਤੇ ਚੰਗੇ ਸਿਪਾਹੀ ਹਨ; ਪਰ ਅਫ਼ਸੋਸ, ਉਹਨਾਂ ਦੇ ਸੈਨਾਪਤੀ ਚੰਗੇ ਨਹੀਂ ਸਨ।"*

ਗਫ ਲਿਖਦਾ ਹੈ : "ਇਹ ਸਾਡੀ ਖ਼ੁਸ਼ਕਿਸਮਤੀ ਹੈ, ਕਿ ਸਿੱਖ ਫ਼ੌਜ ਦੇ ਲੀਡਰ ਨਿਕੰਮੇ ਸਨ।"[ ]

ਕਨਿੰਘਮ ਖ਼ਾਲਸਾ ਫ਼ੌਜ ਦੇ ਲੀਡਰਾਂ ਦੇ ਇਰਾਦੇ ਬਾਬਤ ਲਿਖਦਾ ਹੈ : "ਉਹ ਸਾਰੀ ਫ਼ੌਜ, ਜੋ ਉਹਨਾਂ (ਲੀਡਰਾਂ) ਦੀ ਨਿੱਜੀ ਤਾਕਤ ਨੂੰ ਘਿਰਣਾ ਕਰਦੀ ਸੀ, ਸਮੁੱਚੇ ਤੌਰ 'ਤੇ ਮਰਵਾਉਣਾ ਚਾਹੁੰਦੇ ਸਨ।"o

ਲਾਲ ਸਿੰਘ ਦੀ ਕਰਤੂਤ ਬਾਰੇ, ਕਨਿੰਘਮ ਇਉਂ ਕਹਿੰਦਾ ਹੈ, "ਉਹ ਇਸ ਗ਼ੱਦਾਰੀ ਨਾਲ ਸਿੱਖ ਰਾਜ ਨੂੰ ਖ਼ਤਰੇ ਵਿੱਚ ਪਾ ਕੇ ਆਪਣੇ ਰੁਤਬੇ ਵਧਾਉਣਾ ਚਾਹੁੰਦਾ ਸੀ।"†

ਸਰ ਚਾਰਲਸ ਜੇਮਜ਼ ਨੇਪੀਅਰ ਲਿਖਦਾ ਹੈ : "ਜੇ ਗੁਲਾਬ ਸਿੰਘ ਸਿੱਖਾਂ ਨਾਲ ਧਰੋਹ ਨਾ ਕਰਦਾ, ਏਧਰ ਓਧਰ ਪਈ ਹੋਈ ਅੰਗਰੇਜ਼ੀ ਫ਼ੌਜ ਸਿੱਖਾਂ ਦੀ ਤਲਵਾਰ ਦੀ ਭੇਟ ਹੋ ਜਾਂਦੀ।"()

**ਵਿਚਾਰ**

ਏਸ ਲੜਾਈ ਬਾਬਤ ਕੁਝ ਝੂਠੀਆਂ ਰਵਾਇਤਾਂ ਚਲੀਆਂ ਆਉਂਦੀਆਂ ਹਨ, ਜਿੰਨ੍ਹਾਂ 'ਤੇ ਚਾਨਣਾ ਪਾਉਣਾ ਜ਼ਰੂਰੀ ਹੈ। ਇਕ ਗੱਲ ਪਾਠਕਾਂ ਨੂੰ ਇਹ ਸਮਝ ਲੈਣੀ ਚਾਹੀਦੀ ਹੈ, ਕਿ ਦੇਸ ਧਰੋਹੀ ਧੜਾ ਜਿਹੜੀ

---

() (M. Gergor) ਮੈਕਗ੍ਰੇਗਰ।

*(Smyth, Introduction-P-XXIV) ਸਮਿੱਥ, ਮੁੱਖਬੰਦ।

[ ](The Sikh Wars) ਸਿੱਖ ਯੁੱਧ, ਪੰਨਾ ੧੩੯।

o(Cunningham) ਕਨਿੰਘਮ, ਪੰਨਾ ੩੨੯।

†ਕਨਿੰਘਮ, ਪੰਨਾ ੩੩੧।

()Defects of Civil & Military of the Indian Govt. P. 375.

ਕਾਲੀ ਕਰਤੂਤ ਆਪ ਕਰਦਾ ਸੀ, ਉਹ ਦੂੱਜਿਆਂ ਸਿਰ ਮੜ੍ਹ ਛੱਡਦਾ ਸੀ (ਏਸ ਨੀਤੀ ਦਾ ਸ਼ਿਕਾਰ ਮਹਾਰਾਜਾ ਖੜਕ ਸਿੰਘ ਤੇ ਸੰਧਾਵਾਲੀਏ ਆਦਿ, ਕੇਈ ਹੋਏ।) ਓਹਾ ਚਾਲ ਏਤੇ ਚੱਲੀ ਗਈ।

**ਜਿੰਦ ਕੌਰ ਸਿਰ ਝੂਠੇ ਇਲਜ਼ਾਮ**

ਇਹ ਗੱਲ ਉਡਾਂ ਦਿਤੀ (ਜੋ ਅਜੇ ਤਕ ਅਨਪੜ੍ਹ ਤੇ ਇਤਿਹਾਸ ਤੋਂ ਅਣਜਾਣ ਬੰਦਿਆਂ ਵਿਚ ਚਲੀ ਆਉਂਦੀ ਹੈ), ਕਿ ਮਹਾਰਾਣੀ ਜਿੰਦ ਕੌਰ ਨੇ ਸਿੱਖ ਫ਼ੌਜ ਨੂੰ ਭੜਕਾਂ ਕੇ ਅੰਗਰੇਜ਼ਾਂ ਨਾਲ ਲੜਾਈ ਕਰਾਈ। ਉਹਨੇ ਅੰਗਰੇਜ਼ਾਂ ਨੂੰ ਚਿੱਠੀਆਂ ਲਿਖੀਆਂ ਤੇ ਸਭਰਾਵਾਂ ਦੇ ਮੈਦਾਨ ਵਿੱਚ ਬਰੂਦ ਦੀ ਥਾਂ ਸਰ੍ਹੋਂ ਘੱਲ ਦਿੱਤੀ, ਜਿਸ ਵਾਸਤੇ ਸਿੱਖ ਫ਼ੌਜ ਹਾਰ ਗਈ। ਉਹਨੇ ਇਹ ਸਭ ਕੁਝ ਆਪਣੇ ਭਰਾ ਜਵਾਹਰ ਸਿੰਘ ਦਾ ਬਦਲਾ ਲੈਣ ਵਾਸਤੇ ਕੀਤਾ।

ਆਓ ਹੁਣ ਏਸ 'ਤੇ ਵਿਚਾਰ ਕਰੀਏ। ਆਪ ਏਸੇ ਕਿਤਾਬ ਦੇ ਤਿੱਜੇ ਕਾਂਡ ਦੇ ਆਰੰਭ ਦੇ ਕੁਛ ਪੱਤਰੇ ਫੇਰ ਪੜ੍ਹੋ। ਆਪ ਨੂੰ ਪਤਾ ਲੱਗੇਗਾ, ਕਿ

**ਗੁਨਾਹੀਂ ਕੌਣ ?**

ਲੜਾਈ ਦੇ ਕਾਰਨ ਪੈਦਾ ਕਰਨ ਵਾਲੇ ਅੰਗਰੇਜ਼ ਸਨ, ਤੇ ਓਧਰੋਂ ਖ਼ਾਲਸਾ ਫ਼ੌਜ ਨੂੰ ਭੜਕਾਉਣ ਵਾਲੇ ਲਾਲ ਸਿੰਘ, ਤੇਜ ਸਿੰਘ ਆਦਿ, ਜੋ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ ?

ਮ. ਜਿੰਦ ਕੌਰ ਇਹ ਲੜਾਈ ਛੇੜਨ ਦੇ ਵਿਰੁੱਧ ਸੀ।* ਬਾਕੀ ਗੱਲ ਰਹੀ ਚਿੱਠੀਆਂ ਦੀ। ਗੌਰਮਿੰਟ ਦੇ ਸਾਰੇ ਕਾਗ਼ਜ਼ ਤੇ ਸਮਕਾਲੀ ਇਤਿਹਾਸ ਫੋਲ ਵੇਖੋ, ਏਸ ਮਤਲਬ ਦੀ ਰਾਣੀ ਜਿੰਦ ਕੌਰ ਦੀ ਕੋਈ ਚਿੱਠੀ ਨਹੀਂ ਮਿਲੇਗੀ। ਹਾਂ, ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਦੀਆਂ ਚਿੱਠੀਆਂ (ਜਿਵੇਂ ਮੈਂ ਪਿੱਛੇ ਲਿਖ ਆਇਆ ਹਾਂ) ਜ਼ਰੂਰ ਮਿਲਨਗੀਆਂ। ਲਾਲ ਸਿੰਘ ਵਾਰ-ਵਾਰ ਅੰਗਰੇਜ਼ਾਂ ਨੂੰ ਲਿਖਦਾ ਹੈ, ਕਿ ਮੈਂ ਤੁਹਾਡਾ ਮਿੱਤਰ ਹਾਂ। ਗੁਲਾਬ ਸਿੰਘ ਵਜ਼ੀਰ ਬਣ ਕੇ ਹਾਰਡਿੰਗ ਨਾਲ ਫ਼ੈਸਲਾ ਕਰਦਾ ਹੈ, ਕਿ ਖ਼ਾਲਸਾ ਫ਼ੌਜ ਨੂੰ ਤਬਾਹ ਕਰ ਦਿੱਤਾ ਜਾਵੇ, ਤਦ ਹੀ ਲਾਹੌਰ ਦਰਬਾਰ ਸੁਲ੍ਹਾ 'ਤੇ ਪੱਕਾ ਰਹਿ ਸਕੇਗਾ।

---

*ਮੈਕਗ੍ਰੇਗਰ ਪੰਨਾ ੩੯।

ਬਾਰੂਦ ਤੇ ਸਰ੍ਹੋਂ ਦੀ ਬਾਬਤ ਵੀ ਆਪ ਪੜ੍ਹ ਚੁੱਕੇ ਹੋ, ਕਿ ਇਹ ਤੇਜ ਸਿੰਘ ਦੀ ਕਰਤੂਤ ਸੀ, ਜਿੰਨ੍ਹੇ ਬੇੜੀਆਂ ਦਾ ਪੁਲ ਤੋੜ ਦਿੱਤਾ ; ਬਹੁਤ ਸਾਰੀਆਂ ਬਾਰੂਦ ਨਾਲ ਭਰੀਆਂ ਬੇੜੀਆਂ ਦਰਿਆ ਵਿਚ ਡੋਬ ਦਿੱਤੀਆਂ ਤੇ ਬਾਕੀ ਪੇਟੀਆਂ ਵਿਚ ਬਾਰੂਦ ਦੀ ਥਾਂ ਸਰ੍ਹੋਂ ਭਰ ਦਿੱਤੀ।

**ਜਿੰਦ ਕੌਰ ਨਿਰਦੋਸ਼ ਹੈ**

ਪਰ ਇਹ ਦੂਸ਼ਣ ਜਿੰਦ ਕੌਰ ਸਿਰ ਕਿਉਂ ਮੜ੍ਹਿਆ ਗਿਆ ? ਸਿਰਫ਼ ਏਸ ਵਾਸਤੇ, ਕਿ ਆਮ ਜਨਤਾ, ਲਾਲ ਸਿੰਘ, ਤੇਜ ਸਿੰਘ, ਗ਼ੁਲਾਬ ਸਿੰਘ ਆਦਿ ਦੀਆਂ ਖੋਟੀਆਂ ਚਾਲਾਂ ਨੂੰ ਸਮਝ ਨਾ ਸੱਕੇ। ਸੋ ਯਾਦ ਰਹੇ, ਕਿ ਮਹਾਰਾਣੀ ਜਿੰਦ ਕੌਰ ਏਸ ਦੂਸ਼ਣ ਤੋਂ ਬਿਲਕੁਲ ਬਰੀ ਤੇ ਨਿਰਦੋਸ਼ ਹੈ। ਉਹਨੂੰ ਅੰਤ ਤਕ ਏਸ ਧੋਖੇ ਦਾ ਪਤਾ ਨਹੀਂ ਚੱਲਿਆ। ਲੜਾਈ ਉਸ ਤੋਂ ਬਵਾਹਰੀ ਹੋਈ ਫ਼ੌਜ ਨੇ ਛੇੜੀ ਸੀ। ਉਹ ਮੋਏ ਭਰਾ ਦਾ ਬਦਲਾ ਲੈਣ ਬਦਲੇ ਆਪਣੇ ਮਾਸੂਮ ਬੱਚੇ—ਦਲੀਪ ਸਿੰਘ—ਦੀ ਧੌਣ ਉੱਤੇ ਕਦੇ ਛੁਰੀ ਨਹੀਂ ਸੀ ਫੇਰ ਸਕਦੀ। ਉਹ ਜਾਣਦੀ ਸੀ, ਕਿ ਸਿੱਖ ਫ਼ੌਜ ਦੀ 'ਹਾਰ' ਦਾ ਅਰਥ 'ਦਲੀਪ ਸਿੰਘ' ਦੇ ਰਾਜ ਦੀ ਬਰਬਾਦੀ ਹੋਵੇਗੀ।

ਹੁਣ ਆਖ਼ਰੀ ਸੁਆਲ ਉਠਦਾ ਹੈ, ਕਿ ਏਸ ਲੜਾਈ ਵਿਚ ਸਿੱਖ ਹਾਰੇ ਕਿਉਂ ? ਕਿਉਂ ਲਾਲ ਸਿੰਘ, ਤੇਜ ਸਿੰਘ, ਆਦਿ ਦੇਸ ਨਾਲ ਵਿਸਾਹਘਾਤ ਕਰਨ ਵਾਸਤੇ ਤਿਆਰ ਹੋ ਗਏ ? ਕਿਉਂ ਮਰ ਮਿਟਣ ਵਾਲੇ ਸਿਪਾਹੀਆਂ, ਮਜ਼ਬੂਤ ਤੋਪਾਂ ਤੇ ਪੱਕੇ ਨਸ਼ਾਨਾਬਾਜ਼ ਗੋਲੰਦਾਜ਼ਾਂ ਦੇ ਹੁੰਦਿਆਂ ਖ਼ਾਲਸਾ ਫ਼ੌਜ ਹਾਰ ਗਈ ? ਏਸ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਫ਼ੌਜ ਤੇ ਅਫ਼ਸਰਾਂ ਵਿਚ ਅਜੋੜ ਸੀ। ਦੋਵੇਂ ਧਿਰਾਂ ਆਪਸ ਵਿਚ ਬੜੇ ਦੂਰ ਹੋ ਗਏ ਸਨ ਤੇ ਆਪਣੇ ਵੱਖ-ਵੱਖ ਲਾਭ ਸੋਚਦੇ ਸਨ। ਸਿਪਾਹੀਆਂ ਦਾ ਅਭਿਮਾਨੀ ਸੁਭਾਅ ਤੇ ਅਫ਼ਸਰਾਂ ਦੀ ਖ਼ੁਦਗ਼ਰਜ਼ੀ ਲੈ ਲੱਥੇ। ਫ਼ੌਜ ਵੱਡੀਆਂ ਤਨਖ਼ਾਹੀਂ ਤੇ ਰਾਜ ਪ੍ਰਬੰਧ ਵਿਚ ਆਪਣਾ ਅਟੱਲ ਹੁਕਮ ਕਾਇਮ ਰੱਖਣ ਦੇ ਹੱਕ ਵਿੱਚ ਸੀ ਤੇ ਅਫ਼ਸਰ ਆਪ ਹੁਦਰੀ ਫ਼ੌਜ ਨੂੰ ਤਬਾਹ ਕਰਕੇ ਅੰਗਰੇਜ਼ਾਂ ਦੀ ਮਦਦ ਨਾਲ ਆਪਣੀ ਤਾਕਤ ਵਧਾਉਣਾ ਚਾਹੁੰਦੇ ਸਨ। ਦੋਹਾਂ ਧਿਰਾਂ ਦਾ ਨਸ਼ਾਨਾ ਵੱਖੋ-ਵੱਖ ਸੀ। ਲਾਰਡ ਹਾਰਡਿੰਗ ਦੇ ਇਸ ਵਾਕ ਤੋਂ (ਲਾਹੌਰ ਦਰਬਾਰ ਨਾਲ ਸੁਲ੍ਹਾ ਕਰ ਲੈਣੀ ਔਖੀ ਨਹੀਂ, ਪਰ ਖ਼ਾਲਸਾ ਫ਼ੌਜ ਦਾ ਕੌਣ ਜ਼ਿੰਮੇਵਾਰ ਬਣੇ ?) ਸਾਫ਼ ਪਰਗਟ ਹੈ, ਕਿ 'ਫ਼ੌਜ' ਤੇ 'ਅਫ਼ਸਰ' ਦੋ ਵੱਖੋ-ਵੱਖ ਚੀਜ਼ਾਂ ਸਨ।

ਸ: ਜਵਾਹਰ ਸਿੰਘ ਦੇ ਕਤਲ ਹੋਣ 'ਤੇ ਫ਼ੌਜਾਂ ਤੋਂ ਡਰਦਾ ਪੰਜਾਬ ਦਾ ਵਜ਼ੀਰ ਕੋਈ ਨਹੀਂ ਸੀ ਬਣਦਾ, ਕਿਉਂਕਿ ਫ਼ੌਜੀ ਪੰਚਾਂ ਦੇ ਇਸ਼ਾਰੇ ਨਾਲ ਸਿਪਾਹੀਆਂ ਦੇ ਹੱਥੋਂ ਕਈ ਲਾਇਕ ਮਹਾਰਾਜੇ, ਨਾਮਵਰ ਸਰਦਾਰ, ਵਜ਼ੀਰ ਤੇ ਸ਼ਾਹਜ਼ਾਦੇ ਮਾਰੇ ਗਏ ਸਨ। ਅੰਤ, ਜੇ ਲਾਲ ਸਿੰਘ ਤੇ ਤੇਜ ਸਿੰਘ ਕਰਮਵਾਰ, ਵਜ਼ੀਰ ਤੇ ਸੈਨਾਪਤੀ ਬਣੇ ਵੀ, ਤਾਂ ਉਪਰਲੇ ਰੋਗ ਦਾ ਇਲਾਜ ਸੋਚ ਕੇ। ਤੇ ਉਹ ਇਲਾਜ—ਉਹਨਾਂ ਦੇ ਖ਼ਿਆਲ ਵਿੱਚ—ਇੱਕੋ ਹੀ ਸੀ : ਸਿੱਖ ਫ਼ੌਜ ਨੂੰ ਅੰਗਰੇਜ਼ਾਂ ਨਾਲ ਭਿੜਾ ਕੇ ਤਬਾਹ ਕਰਾਉਣਾ। ਉਹ ਏਸ ਕੰਮ ਵਿਚ ਕਿੱਥੋਂ ਤੱਕ ਤੇ ਕਿਵੇਂ ਸਫਲ ਹੋਏ, ਆਪ ਪੜ੍ਹ ਚੁੱਕੇ ਹੋ।

ਏਸ ਤੋਂ ਇਲਾਵਾ ਛੋਟੇ-ਛੋਟੇ ਹੋਰ ਵੀ ਕਾਰਨ ਹਨ : ਜਿਵੇਂ ਯੂਰਪੀਨ ਅਫ਼ਸਰ ਨੌਕਰ ਰੱਖਣੇ। ਕਿਉਂਕਿ ਉਹ ਸਿੱਖ ਹਕੂਮਤ ਦੇ ਭੇਤ ਅੰਗਰੇਜ਼ਾਂ ਪਾਸ ਪਰਗਟ ਕਰਦੇ ਰਹਿੰਦੇ ਸਨ०। ਲੜਾਈ ਵਿਚ ਵੀ ਉਹ ਓਹਾ ਕੁਛ ਕਰਦੇ ਰਹੇ, ਜਿਸ ਤੋਂ ਅੰਗਰੇਜ਼ਾਂ ਨੂੰ ਲਾਭ ਤੇ ਸਿੱਖਾਂ ਨੂੰ ਨੁਕਸਾਨ ਪੁੱਜੇ।

ਕੁਛ ਮੁਸਲਮਾਨ ਅਫ਼ਸਰ ਤੇ ਫ਼ੌਜ ਵੀ ਸੀ, ਜਿੰਨ੍ਹਾਂ ਮੈਦਾਨ ਵਿਚ (ਖ਼ਾਸ ਕਰ ਸਭਰਾਵੀਂ) ਐਸੇ ਢੰਗ ਵਰਤੇ (ਜਿਵੇਂ ਤੋਪਾਂ ਦੇ ਮੂੰਹ ਉਤਾਂਹ ਕਰਕੇ ਚਲਾਈਆਂ, ਕਿ ਗੋਲੇ ਅੰਗਰੇਜ਼ੀ ਫ਼ੌਜ ਤੋਂ ਪਾਰ ਲੰਘ ਜਾਣ ਤੇ ਨੁਕਸਾਨ ਕੋਈ ਨਾ ਕਰਨ) ਜਿਨ੍ਹਾਂ ਤੋਂ ਦੁਸ਼ਮਣ ਨੂੰ ਲਾਭ ਪੁੱਜੇ। ਪਰ ਇਹ ਕੰਮ ਉਹਨਾਂ ਓਦੋਂ ਕੀਤਾ, ਜਦ ਉਹਨਾਂ ਨੂੰ ਸਿੱਖਾਂ ਦੀ ਹਾਰ ਦਾ ਯਕੀਨ ਹੋ ਗਿਆ। ਮੈਕਗ੍ਰੇਗਰ ਇਸਦਾ ਹਵਾਲਾ ਇਉਂ ਦੇਂਦਾ ਹੈ "ਪੰਜਾਬ ਦੇ ਮੁਸਲਮਾਨ ਸਿੱਖਾਂ ਦਾ ਨਵੇਕਲਾ ਰਾਜ ਪਸੰਦ ਨਹੀਂ ਕਰਦੇ ਸਨ। ਉਹ ਭੁੱਲੇ ਨਹੀਂ ਸਨ, ਕਿ ਥੋੜ੍ਹਾ ਚਿਰ ਪਹਿਲਾਂ ਉਹ ਆਪ ਲਾਹੌਰ ਦੇ ਬਾਦਸ਼ਾਹ ਸਨ। ਤੋਪਖ਼ਾਨੇ ਦਾ ਹਾਕਮ ਇਕ ਮੁਸਲਮਾਨ ਸੀ ਤੇ ਉਹਦੇ ਚੰਗੇ ਤੋਪਚੀ ਵੀ ਮੁਸਲਮਾਨ ਸਨ।... ਉਹ ਸਿੱਖਾਂ ਵਾਂਗ, ਮੁਲਕ ਬਦਲੇ ਨਹੀਂ ਲੜ ਰਹੇ ਸਨ। ਉਹ ਸਿਰਫ਼ ਤਨਖ਼ਾਹਦਾਰ ਨੌਕਰ ਸਨ। ਭਾਵੇਂ ਉਹ ਸੱਚੇ ਤੇ ਵਫ਼ਾਦਾਰ ਨੌਕਰ ਸਮਝੇ ਜਾਂਦੇ ਸਨ, ਪਰ ਜਿਸ ਕੌਮ (ਅੰਗਰੇਜ਼) ਦੀ ਫ਼ਤਹਿ ਵਾਸਤੇ ਉਹ ਦੁਆਵਾਂ ਮੰਗਦੇ ਸਨ, ਉਸ ਬਦਲੇ ਉਹ ਥੋੜ੍ਹਾ ਬਹੁਤ ਹੱਥ ਢਿੱਲਾ ਵੀ ਕਰ ਸਕਦੇ

---

०ਵੇਖੋ ਏਸੇ ਕਤਾਬ ਦਾ ਪੰਨਾ ੧੨੨, ਗਾਰਡਨਰ ਅੰਗਰੇਜ਼ਾਂ ਨੂੰ ਖ਼ਬਰਾਂ ਭੇਜਦਾ ਹੈ।

ਸਨ। ਭਾਵੇਂ ਉਹ ਉਹਨਾਂ ਲੋਕਾਂ (ਸਿੱਖਾਂ) ਦੇ ਮਦਦੀ ਬਣੇ ਹੋਏ ਸਨ, ਜਿੰਨ੍ਹਾਂ ਨੂੰ ਉਹ ਧਾਰਮਕ ਵਜਾਹ ਅਨੁਸਾਰ—ਆਪਣੀਆਂ ਅੱਖਾਂ ਨਾਲ—ਗ਼ੁਲਾਮ ਵੇਖਣਾ ਚਾਹੁੰਦੇ ਸਨ੦।" ਹਾਂ, ਕੁਛ ਮੁਸਲਮਾਨ ਬੜੇ ਨੇਕ ਤੇ ਵਫ਼ਾਦਾਰ ਰਹੇ, ਜੋ ਸਭਰਾਵਾਂ ਦੇ ਮੈਦਾਨ ਵਿਚ ਬਹਾਦਰਾਂ ਵਾਂਗ ਲੜ ਕੇ ਮਰਦਾਂ ਦੀ ਮੌਤ ਮਰੇ।

**ਅੰਗਰੇਜ਼ ਕਸੂਰ ਵਿਚ**

ਏਸ ਸਾਰੀ ਲੜਾਈ ਵਿੱਚ ੧੨-੧੫ ਹਜ਼ਾਰ ਸਿੱਖ ਫ਼ੌਜ ਤਬਾਹ ਹੋਈ। ੧੦-੧੧ ਫ਼ਰਵਰੀ ਦੀ ਵਿਚਲੀ ਰਾਤ ਫ਼ੀਰੋਜ਼ਪੁਰ ਕੋਲੋਂ ਅੰਗਰੇਜ਼ ਸਤਲੁਜ ਪਾਰ ਹੋਏ ਤੇ ੧੨ ਫ਼ਰਵਰੀ ਨੂੰ ਬਿਨਾਂ ਰੁਕਾਵਟ ਦੇ ਕਸੂਰ ਆ ਮੱਲਿਆ। ਏਥੇ ਹੀ ਅੰਗਰੇਜ਼ਾਂ ਨੂੰ ਖ਼ਬਰ ਮਿਲੀ, ਕਿ ੨੦ ਹਜ਼ਾਰ ਖ਼ਾਲਸਾ ਫ਼ੌਜ ਅੰਮ੍ਰਿਤਸਰ ਵਿਚ ਕੱਠੀ ਹੋ ਗਈ ਹੈ। ਓਥੇ ਗੋਬਿੰਦਗੜ੍ਹ ਦੇ ਕਿਲ੍ਹੇ ਵਿਚ ਉਹਨਾਂ ਕੋਲ ਤੋਪਾਂ ਤੇ ਬਾਰੂਦ ਸਿੱਕਾ ਵੀ ਹੈ। ਪਰੰਤੂ ਫ਼ੌਜ ਕੋਲ ਲੀਡਰ ਕੋਈ ਨਹੀਂ।

**ਹਾਰਡਿੰਗ ਦਾ ਐਲਾਨ**

੧੪ ਫ਼ਰਵਰੀ, ੧੮੪੬ ਈ: ਨੂੰ ਹਿੰਦੁਸਤਾਨ ਦੇ ਗਵਰਨਰ-ਜੇਨਰਲ, ਲਾਰਡ ਹਾਰਡਿੰਗ ਨੇ ਕਸੂਰ ਤੋਂ ਹੇਠ ਲਿਖਿਆ ਐਲਾਨ ਕੱਢਿਆ :—

"ਸਤਲੁਜ ਤੇ ਖੱਬੇ ਪਾਸਿਓਂ ਸਿੱਖ ਫ਼ੌਜ ਭਜੌਂ ਦਿੱਤੀ ਗਈ ਹੈ। ਉਹ ਹਰ ਗੱਲ ਵਿਚ ਹਾਰ ਗਈ ਹੈ। ਉਸ ਦੀਆਂ ੨੨੦ ਤੋਂ ਵਧੇਰੇ ਜੰਗੀ ਤੋਪਾਂ ਖੋਹ ਲਈਆਂ ਗਈਆਂ ਹਨ।

"ਅੰਗਰੇਜ਼ੀ ਫ਼ੌਜ ਸਤਲੁਜ ਪਾਰ ਕਰਕੇ ਪੰਜਾਬ ਵਿਚ ਦਾਖ਼ਲ ਹੋ ਚੁੱਕੀ ਹੈ।

"ਇਸ ਐਲਾਨ ਰਾਹੀਂ ਗਵਰਨਰ-ਜੈਨਰਲ ਪਰਗਟ ਕਰਦਾ ਹੈ, ਕਿ ਅੰਗਰੇਜ਼ ਸਰਕਾਰ ਨੂੰ ਪਿਛਲੇ ੧੩ ਦਸੰਬਰ ਦੇ ਐਲਾਨ ਅਨੁਸਾਰ, ਇਹ ਕਦਮ ਉਠਾਉਣਾ ਪਿਆ ਹੈ। ਕਿਉਂਕਿ ਗਵਰਨਰ-ਜੈਨਰਲ ਨੂੰ ਅੰਗਰੇਜ਼ੀ ਇਲਾਕੇ ਦੀ ਰਾਖੀ ਕਰਨ ਉਤੇ ਮਜਬੂਰ ਕੀਤਾ ਗਿਆ ਹੈ ਤੇ ਅੰਗਰੇਜ਼ੀ

---

੦ਮੈਕਗ੍ਰੇਗਰ, ਪੰਨੇ ੮੩-੮੪।

ਵਕਾਰ ਨੂੰ ਕਾਇਮ ਰੱਖਣਾ, ਸੁਲ੍ਹਾ ਤੋੜਨ ਵਾਲਿਆਂ ਨੂੰ ਸਜ਼ਾ ਦੇਣੀ ਤੇ ਜਨਤਾ ਵਿਚ ਅਮਨ ਰਖਣਾ ਜ਼ਰੂਰੀ ਹੈ।

"ਅਸੀਂ ਲਗਾਤਾਰ ਬੜੇ ਜ਼ੋਰ ਨਾਲ ਅੱਗੇ ਵੱਧਦੇ ਰਹਾਂਗੇ, ਜਦ ਤੱਕ ਸਾਡਾ ਚਿਤਵਿਆ ਹੋਇਆ ਮਨੋਰਥ ਪੂਰਾ ਨਾ ਹੋ ਜਾਵੇਗਾ। ਅੰਗੇਰਜ਼ੀ ਫ਼ੌਜਾਂ ਹੱਥੋਂ ਪੰਜਾਬ ਦਾ ਕਬਜ਼ਾ ਨਹੀਂ ਛੱਡਿਆ ਜਾਵੇਗਾ, ਜਦ ਤੱਕ ਅੰਗਰੇਜ਼ ਸਰਕਾਰ ਦੀ ਹੱਤਕ ਤੇ ੧੮੦੯ ਈ. ਦੀ ਸੁਲ੍ਹਾ ਤੋੜਨ ਦਾ ਬਦਲਾ ਨਾ ਲਿਆ ਜਾਵੇ, ਕਿਉਂਕਿ ਸਾਡੇ ਵੱਲੋਂ ਕੋਈ ਛੇੜਖ਼ਾਨੀ ਕੀਤੇ ਬਿਨਾਂ ਸਿੱਖਾਂ ਨੇ ਅੰਗਰੇਜ਼ੀ ਇਲਾਕੇ 'ਤੇ ਹਮਲਾ ਕੀਤਾ ਹੈ। ਇਹਨਾਂ ਗੱਲਾਂ ਦੇ ਨਾਲ ਹੀ ਲੜਾਈ ਦਾ ਸਾਰਾ ਖ਼ਰਚ ਲਿਆ ਜਾਵੇਗਾ ਤੇ ਆਉਣ ਵਾਲੀ ਲਾਹੌਰ ਦੀ ਹਕੂਮਤ ਨਾਲ ਉਹ ਸ਼ਰਤਾਂ ਪੱਕੀਆਂ ਕੀਤੀਆਂ ਜਾਣਗੀਆਂ, ਜਿੰਨ੍ਹਾਂ ਦੁਆਰਾ ਅੰਗਰੇਜ਼ੀ ਸਰਕਾਰ ਨੂੰ ਇਹ ਤਸੱਲੀ ਰਹੇ, ਕਿ ਫੇਰ ਕਦੇ ਐਹੋ ਜਿਹੀ ਗੜਬੜ ਨਹੀਂ ਹੋਵੇਗੀ। ਲਾਹੌਰ ਦਰਬਾਰ ਜਾਂ ਲਾਹੌਰ ਦੀ ਫ਼ੌਜ ਦੇ ਵਿਰੁੱਧ, ਅੰਗਰੇਜ਼ੀ ਸਰਕਾਰ ਨੇ ਮੁਲਕ ਮੱਲਣ ਵਾਸਤੇ ਜੰਗ ਨਹੀਂ ਕੀਤੀ, ਜਿਵੇਂ ਪਹਿਲਾਂ ੧੩ ਦਸੰਬਰ ਦੇ ਐਲਾਨ ਵਿਚ ਦੱਸਿਆ ਗਿਆ ਹੈ। ਗਵਰਨਰ-ਜੇਨਰਲ ਦੀ ਬੜੀ ਇਛਿਆ ਹੈ, ਕਿ ਪੰਜਾਬ ਵਿਚ ਇਕ ਬਲਵਾਨ ਸਿੱਖ-ਹਕੂਮਤ ਕਾਇਮ ਹੋਈ ਵੇਖੇ, ਜਿਹੜੀ ਆਪਣੀ ਫ਼ੌਜ ਨੂੰ ਕਾਬੂ ਰੱਖ ਸਕੇ ਤੇ ਰੱਯਤ ਦੀ ਰਾਖੀ ਕਰ ਸਕੇ। ਇਸ ਇਰਾਦੇ ਦਾ ਇਹ ਸਬੂਤ ਹੈ, ਕਿ ਅੰਗਰੇਜ਼ਾਂ ਵੱਲੋਂ ਜੰਗ ਦੀ ਕੋਈ ਤਿਆਰੀ ਨਹੀਂ ਸੀ, ਜਦੋਂ ਲਾਹੌਰ ਦਰਬਾਰ ਨੇ ਬਿਨਾਂ ਕਿਸੇ ਕਾਰਨ ਜਾਂ ਢੁੱਕਵੇਂ ਬਹਾਨੇ ਦੇ, ਅੰਗਰੇਜ਼ਾਂ ਉਤੇ ਅਚਾਨਕ ਹਮਲਾ ਕਰ ਦਿੱਤਾ। ਇਸ ਅਚਾਨਕ ਹਮਲੇ ਨੇ ਅੰਗਰੇਜ਼ਾਂ ਨੂੰ ਹਥਿਆਰ ਚੁੱਕਣ ਉਤੇ ਤੇ ਉਲਟਾ ਹਮਲਾ ਕਰਨ ਉੱਤੇ ਮਜਬੂਰ ਕਰ ਦਿੱਤਾ। ਹੁਣ ਲਾਹੌਰ ਦਰਬਾਰ ਉਤੇ ਜੋ ਵੀ ਮੁਸੀਬਤ ਆਵੇ, ਉਹਦੀ ਜ਼ਿੰਮੇਵਾਰੀ ਕੇਵਲ ਉਸਦੀ ਆਪ-ਹੁਦਰੀ ਕਰਨੀ ਤੇ ਉਹਦੀ ਫ਼ੌਜ ਦੇ ਸਿਰ ਹੈ।

"ਅੰਗਰੇਜ਼ ਸਰਕਾਰ ਹੋਰ ਮੁਲਕ ਮੱਲਣ ਦੀ ਚਾਹਵਾਨ ਨਹੀਂ ਸੀ, ਪਰ ਜੰਗ ਦਾ ਖ਼ਰਚ ਪੂਰਾ ਕਰਨ ਵਾਸਤੇ ਤੇ ਅਗਾਂਹ ਅਮਨ ਦੀ ਰਾਖੀ ਦੀ ਜ਼ਮਾਨਤ ਵਜੋਂ ਜੋ ਇਲਾਕਾ ਲਾਹੌਰ ਦਰਬਾਰ ਦੇ ਅਧੀਨ ਸੀ, ਉਸਦਾ ਕਬਜ਼ਾ ਅੰਗਰੇਜ਼ਾਂ ਨੂੰ ਰੱਖਣਾ ਪਵੇਗਾ।

"ਸਰਕਾਰ-ਹਿੰਦ ਨੇ ਕਈ ਵਾਰ ਕਿਹਾ, ਕਿ ਉਹ ਪੰਜਾਬ ਦੀ ਸਿੱਖ-ਸ਼ਾਹੀ ਨੂੰ ਤੋੜਨਾ ਨਹੀਂ ਚਾਹੁੰਦੀ। ਉਂਵ ਸਿੱਖ ਦਰਬਾਰ ਦਾ ਵਰਤਾਉ ਐਹੋ ਜਿਹਾ ਰਿਹਾ ਹੈ, ਕਿ ਉਹਨਾਂ ਨੂੰ ਬੜੀ ਕਰੜੀ ਸਜ਼ਾ ਦੇਣੀ ਅਤੀ ਜ਼ਰੂਰੀ ਹੋ ਗਈ ਹੈ, (ਜੋ ਲਾਹੌਰ ਦਰਬਾਰ ਨੇ ਆਪਣੇ ਕੀਤੇ ਹੋਏ ਵਾਧੇ ਬਦਲੇ ਖੁੱਲ੍ਹਮ ਖੁੱਲ੍ਹਾ ਮਾਫ਼ੀ ਨਾ ਮੰਗ ਲਈ)। ਫਿਰ ਵੀ ਗਵਰਨਰ-ਜੈਨਰਲ ਇਸ ਗੱਲ ਦਾ ਮੌਕਿਆ ਦੇਣ ਦਾ ਚਾਹਵਾਨ ਹੈ, ਕਿ ਲਾਹੌਰ ਦਰਬਾਰ ਤੇ ਸਿੱਖ ਦਰਬਾਰ ਛੇਤੀ ਤੋਂ ਛੇਤੀ ਅਧੀਨਗੀ ਤੇ ਸਫ਼ਾਈ ਪੇਸ਼ ਕਰਨ, ਜਿਸ ਦੇ ਬਦਲੇ ਗਵਰਨਰ—ਜੇਨਰਲ, ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਦੇ ਨਾਮ ਥੱਲੇ ਅੰਗਰੇਜ਼ਾਂ ਦੀ ਮਿੱਤਰ ਹਕੂਮਤ ਕਾਇਮ ਕਰਨ ਦੇ ਹੱਕ ਵਿੱਚ ਹੈ।

"ਗਵਰਨਰ-ਜੇਨਰਲ ਇਸ ਪੂਰੀ ਫ਼ਤਹਿ ਸਮੇਂ ਅੰਗਰੇਜ਼ੀ ਸਰਕਾਰ ਦੀ ਮਾਫ਼ ਕਰਨ ਵਾਲੀ ਸ਼ਕਤੀ ਤੇ ਖੁੱਲ੍ਹ-ਦਿਲੀ ਦਾ ਇਸ ਤੋਂ ਵੱਧ ਕੀ ਸਬੂਤ ਦੇ ਸਕਦਾ ਹੈ, ਕਿ ਇਸ ਐਲਾਨ ਵਿਚ ਆਪਣੀ ਇੱਛਿਆ ਪਰਗਟ ਕਰ ਕੇ ਸੁਲ੍ਹਾ ਦੀਆਂ ਸ਼ਰਤਾਂ ਦਾ ਪੱਕਾ ਕਰਨਾ, ਆਉਣ ਵਾਲੀਆਂ ਘਟਨਾਵਾਂ 'ਤੇ ਨਿਰਭਰ ਰੱਖਿਆ ਹੈ।

"ਸੋ ਗਵਰਨਰ-ਜੇਨਰਲ ਉਹਨਾਂ ਸਰਦਾਰਾਂ ਨੂੰ, ਜੋ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਦੇ ਸ਼ੁਭਚਿੰਤਕ ਹਨ, ਤੇ ਖ਼ਾਸ ਕਰ ਉਹਨਾਂ ਸਰਦਾਰਾਂ ਨੂੰ, ਜਿਨ੍ਹਾਂ ਸਰਕਾਰ ਅੰਗਰੇਜ਼ੀ ਦੇ ਵਿਰੁੱਧ ਜੰਗ ਵਿੱਚ ਹਿੱਸਾ ਨਹੀਂ ਲਿਆ, ਬੁਲਾਉਣਾ ਚਾਹੁੰਦਾ ਹੈ, ਤਾਂ ਜੋ ਮਿਲ ਕੇ ਸਲਾਹ ਕੀਤੀ ਜਾਵੇ, ਕਿ ਕਿਸ ਤਰ੍ਹਾਂ ਦੀ ਸਿੱਖ ਸਰਕਾਰ ਲਾਹੌਰ ਵਿਚ ਕਾਇਮ ਕੀਤੀ ਜਾਵੇ, ਜੋ ਖ਼ਾਲਸਾ ਫ਼ੌਜ ਨੂੰ ਕਾਬੂ ਰੱਖ ਸਕੇ ਤੇ ਆਪਣੀ ਰੱਯਤ ਦੀ ਰਾਖੀ ਕਰ ਸਕੇ, ਤਾਂਕਿ ਅਗ੍ਹਾਂ ਵਾਸਤੇ ਸਿੱਖ ਰਿਆਸਤਾਂ ਵਿੱਚ ਅਮਨ ਕਾਇਮ ਹੋ ਕੇ ਇਸ ਗੱਲ ਦੀ ਤਸੱਲੀ ਹੋਵੇ, ਕਿ ਫੇਰ ਕਦੇ ਹੱਦ ਉਤੇ ਕਿਸੇ ਤਰ੍ਹਾਂ ਦਾ ਝਗੜਾ ਨਹੀਂ ਹੋਵੇਗਾ, ਤੇ ਇਸ ਤੋਂ ਦੁਨੀਆਂ ਨੂੰ ਸਾਬਤ ਹੋ ਜਾਵੇ, ਕਿ ਪਰਧਾਨ ਸਰਕਾਰ ਹਿੰਦ (ਸਰਕਾਰ ਅੰਗਰੇਜ਼ੀ) ਦਾ ਵਰਤਾਉ ਬੜਾ ਚੰਗਾ ਤੇ ਨਿਆਂ ਵਾਲਾ ਹੈ।

"ਜੇ ਸਿੱਖ ਕੌਮ ਨੇ ਫ਼ੌਜੀ ਗੜਬੜ ਜਾਂ ਜ਼ੁੱਗਗਰਦੀ ਤੋਂ ਬਚਾਉ ਦਾ ਇਹ ਚੰਗਾ ਸਮਾਂ ਹੱਥੋਂ ਗੁਆ ਲਿਆ ਤੇ ਅੰਗਰੇਜ਼ੀ ਫ਼ੌਜ ਦੇ ਵਿਰੁੱਧ ਹਮਲੇ ਕਰਨੇ ਆਰੰਭ ਦਿੱਤੇ, ਤਾਂ ਸਰਕਾਰ ਅੰਗਰੇਜ਼ੀ ਆਉਣ ਵਾਲੀ ਪੰਜਾਬ ਸਰਕਾਰ ਬਾਰੇ ਉਹ ਢੰਗ ਵਰਤੇਗੀ, ਜਿਸ ਤੋਂ ਅੰਗਰੇਜ਼ਾਂ ਨੂੰ ਲਾਭ ਪੁੱਜੇ ਤੇ ਸਰਕਾਰ ਬਰਤਾਨੀਆਂ ਨੂੰ ਹਰ ਤਰ੍ਹਾਂ ਤਸੱਲੀ ਹੋਵੇ।"

ਏਸ ਐਲਾਨ ਨੇ ਸਾਰੇ ਪੰਜਾਬ ਵਿਚ ਅੱਗ ਲਾ ਦਿੱਤੀ। ਦੂੱਜੀ, ਅੰਗਰੇਜ਼ੀ ਫ਼ੌਜਾਂ ਨੇ ਇਸ ਇਲਾਕੇ ਵਿਚ ਉਹ ਹਨੇਰ ਗਰਦੀ ਮਚਾਈ, ਕਿ ਸ਼ਾਇਦ ਹੀ ਉਹਨਾਂ ਦੇ ਜ਼ੁਲਮ ਤੋਂ ਕੋਈ ਬਚਿਆ ਹੋਵੇ। ਸਿੱਖਾਂ ਦੇ ਦਿਲ ਵਿਚ ਭਾਂਬੜ ਬਲ ਉਠੇ। ਵਿਸਾਹਘਾਤੀ ਜਰਨੈਲ ਵੀ ਹੈਰਾਨ ਰਹਿ ਗਏ, ਕਿ ਇਹ ਕੀ ਬਣਿਆਂ ? ਤੇ ਐਡੀ ਛੇਤੀ ? ਸਭਰਾਵਾਂ ਦੇ ਜੰਗ ਦਾ ਇਹ ਨਤੀਜਾ ? ਉਹ ਜਾਣਦੇ ਸਨ ਕਿ ਅੰਗਰੇਜ਼ ਬਲ ਨਾਲ ਨਹੀਂ ਜਿੱਤੇ, ਸਗੋਂ ਸਿੱਖਾਂ ਦੇ ਸੈਨਾਪਤੀ ਜਾਣ ਬੁਝ ਕੇ ਹਾਰੇ ਹਨ੦। ਪਰ ਹੁਣ ਇਸ ਪਛਤਾਵੇ ਦਾ ਕੀ ਲਾਭ ?

੧੫ ਫ਼ਰਵਰੀ ਨੂੰ ਰਾਜਾ ਗੁਲਾਬ ਸਿੰਘ—ਕੁਝ ਹੋਰ ਸਰਦਾਰਾਂ ਸਣੇ, ਮਹਾਰਾਜਾ ਦਲੀਪ ਸਿੰਘ ਵੱਲੋਂ—ਕਸੂਰ ਪੁੱਜਾ। ਓਧਰ, ਲਾਰਡ ਹਾਰਡਿੰਗ ਵੀ, ਅੰਮ੍ਰਿਤਸਰ ਵਿਚ ਫ਼ੌਜੀ ਇਕੱਠ ਵੇਖ ਕੇ ਘਬਰੱ ਰਿਹਾ ਸੀ। ਉਹਨੇ ਗੁਲਾਬ ਸਿੰਘ ਨੂੰ ਕਿਹਾ, "ਸਾਡੀ ਮਰਜ਼ੀ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲੱ ਲੈਣ ਦੀ ਨਹੀਂ। ਮਹਾਰਾਜਾ ਦਲੀਪ ਸਿੰਘ ਆਪਣੇ ਰਾਜ ਉਤੇ ਕਾਇਮ ਰਹਿਣਗੇ, ਪਰ ਬਿਆਸ ਤੇ ਸਤਲੁਜ ਦੇ ਵਿਚਕਾਰ ਦਾ ਇਲਾਕਾ (ਦੁਆਬਾ ਬਿਸਤ ਜਲੰਧਰ) ਤੇ ਡੇਢ ਕਰੋੜ ਰੁਪਇਆ ਜੰਗ ਦੇ ਖ਼ਰਚ ਵਜੋਂ ਦੇਣਾ ਪਵੇਗਾ। ਇਹ ਸ਼ਰਤਾਂ ਲਾਹੌਰ ਚੱਲ ਕੇ ਹੀ ਪੱਕੀਆਂ ਹੋਣਗੀਆਂ।" ਗੁਲਾਬ ਸਿੰਘ ਨੇ ਬੜਾ ਜ਼ੋਰ ਲਾਇਆ, ਕਿ ਅੰਗਰੇਜ਼ ਲਾਹੌਰ ਨਾ ਜਾਣ, ਪਰ ਹਾਰਡਿੰਗ ਨੇ ਉਹਦੀ ਇੱਕ ਨਾ ਮੰਨੀ। ਅੰਤ ਗੁਲਾਬ ਸਿੰਘ ਵਾਪਸ ਮੁੜ ਗਿਆ।

੧੮ ਫ਼ਰਵਰੀ ਨੂੰ ਗੁਲਾਬ ਸਿੰਘ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈ ਕੇ ਹਾਰਡਿੰਗ ਨੂੰ 'ਲਲਿਆਣੀ' ਆ ਮਿਲਿਆ, ਪਰ ਹਾਰਡਿੰਗ ਵੱਲੋਂ ਏਥੇ ਵੀ ਪਹਿਲਾ ਹੀ ਜਵਾਬ ਮਿਲਿਆ।

ਅੰਗਰੇਜ਼ ਲਾਹੌਰ ਪੁੱਜੇ

੨੦ ਫ਼ਰਵਰੀ ਨੂੰ ਅੰਗਰੇਜ਼ ਲਾਹੌਰ ਜਾ ਪੁੱਜੇ। ਅਗਲੇ ਦਿਨ ਲਾਰਡ ਹਾਰਡਿੰਗ ਨੇ ਦਲੀਪ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ 'ਤੇ ਬਿਠਾਇਆ ਤੇ ਐਲਾਨ ਕੀਤਾ, ਕਿ ਦਲੀਪ ਸਿੰਘ ਪੰਜਾਬ ਦਾ

---

੦(M. Gregor) ਮੈਕਗ੍ਰੇਗਰ, ਪੰਨਾ ੩੧੬, "ਕਿਹਾ ਜਾ ਸਕਦਾ ਹੈ, ਕਿ ਅੰਗਰੇਜ਼ਾਂ ਨੇ ਪੰਜਾਬ ਨੂੰ ਫ਼ਤਹਿ ਨਹੀਂ ਕੀਤਾ, ਭਾਵੇਂ ਸਿੱਖਾਂ ਨੂੰ ਚਾਰ ਲੜਾਈਆਂ ਹਾਰਨੀਆਂ ਪਈਆਂ ਹਨ।"

'ਮਹਾਰਾਜਾ' ਰਹੇਗਾ। ਏਸ ਸਾਰੇ ਰੰਗ ਢੰਗ ਤੋਂ ਪੰਜਾਬ ਵਾਸੀ ਸਮਝ ਰਹੇ ਸਨ, ਕਿ ਹੁਣ ਪਹਿਲਾਂ ਵਰਗਾ ਪੰਜਾਬ ਨਹੀਂ ਰਿਹਾ। ੨੬ ਫਰਵਰੀ ਨੂੰ ਹਾਰਡਿੰਗ ਨੇ ਇਕ ਆਮ ਦਰਬਾਰ ਕੀਤਾ, ਜਿਸ ਵਿਚ ਲਾਲ ਸਿੰਘ 'ਮਿਸਰ' ਪੰਜਾਬ ਦਾ 'ਵਜ਼ੀਰ' ਤੇ ਤੇਜ ਸਿੰਘ 'ਸੈਨਾਪਤੀ' ਬਣਾਏ ਗਏ ਤੇ ਹੋਣ ਵਾਲੀ ਸੁਲ੍ਹਾ ਦੀਆਂ ਮੋਟੀਆਂ ਮੋਟੀਆਂ ਸ਼ਰਤਾਂ ਦਾ ਵੀ ਐਲਾਨ ਕੀਤਾ।

ਰਾਜਾ ਗੁਲਾਬ ਸਿੰਘ ਲਾਹੌਰ ਦਾ ਵਜ਼ੀਰ ਬਣਨ ਲਈ ਚਰੋਕਣੀ ਆਸ ਲਾਈ ਬੈਠਾ ਸੀ। ਉਹ ਕਿਵੇਂ ਸਹਾਰ ਸਕਦਾ ਸੀ, ਕਿ ਲਾਲ ਸਿੰਘ ਵਜ਼ਾਰਤ ਸੰਭਾਲ ਬਹੇ। ਉਹਨੇ (ਗੁਲਾਬ ਸਿੰਘ ਨੇ) ਹਾਰਡਿੰਗ ਨੂੰ ਸਾਫ਼ ਕਹਿ ਦਿੱਤਾ, ਕਿ ਸਭਰਾਵਾਂ ਦੇ ਜੰਗ ਵਿਚ ਖ਼ਾਲਸਾ ਫ਼ੌਜ ਨੂੰ ਮਰਵਾਉਣ ਬਦਲੇ, ਉਸਨੂੰ ਕੁਛ ਮਿਲਣਾ ਚਾਹੀਦਾ ਹੈ। ਨਾਲ ਹੀ ਉਹਨੇ ਇਹ ਵੀ ਕਿਹਾ, 'ਜੇ ਮੈਂ ਲੜਾਈ ਲੰਮੀ ਕਰ ਦੇਂਦਾ, ਤਾਂ ਏਸਦਾ ਨਤੀਜਾ ਕੁਝ ਹੋਰ ਹੀ ਹੁੰਦਾ। ਜੇ ਮੈਂ ਆਪ ਹੀ, ਮਰਜ਼ੀ ਨਾਲ, ਜਾਲ ਵਿਛਾ ਕੇ ਉਸ ਵਿਚ ਕੈਦ ਨਾ ਹੋ ਜਾਂਦਾ ਤੇ ਖ਼ਾਲਸਾ ਫ਼ੌਜ ਨੂੰ ਖਿਲਾਰ ਦੇਂਦਾ ਤਾਂ ਉਹ ਫ਼ੀਰੋਜ਼ਪੁਰ ਤੇ ਦਿੱਲੀ ਵਿਚ ਪਰਲੋ ਲਿਆ ਦੇਂਦੀ[ ]।" ਉਸਨੂੰ ਨਾਰਾਜ਼ ਵੇਖਕੇ ਹਾਰਡਿੰਗ ਵੀ ਘਬਰਾ ਗਿਆ। ਉਹ ਗੁਲਾਬ ਸਿੰਘ ਦੀ ਕਾਬਲੀਅਤ ਨੂੰ ਜਾਣਦਾ ਸੀ ਤੇ ਇਹ ਵੀ ਜਾਣਦਾ ਸੀ, ਕਿ ਜੇ ਕੋਈ ਏਹੋ ਜਿਹਾ ਆਦਮੀ ਅੰਮ੍ਰਿਤਸਰ ਵਾਲੀ ਫ਼ੌਜ ਨਾਲ ਜਾ ਮਿਲੇ, ਤਾਂ ਅੰਗਰੇਜ਼ਾਂ ਵਾਸਤੇ ਚੰਗਾ ਨਹੀਂ ਹੋਵੇਗਾ। ਸੋ ਹਾਰਡਿੰਗ ਨੇ ਗੁਲਾਬ ਸਿੰਘ ਨਾਲ ਇਕਰਾਰ ਕੀਤਾ, ਕਿ ਉਸਨੂੰ ਕਸ਼ਮੀਰ ਦਾ ਖ਼ੁਦਮੁਖ਼ਤਿਆਰ 'ਮਹਾਰਾਜਾ' ਬਣਾ ਦਿੱਤਾ ਜਾਵੇਗਾ।

## ਪਹਿਲੀ ਸੁਲ੍ਹਾ

ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਵਿਚ ਸੁਲ੍ਹਾ,

ਲਾਹੌਰ,

੯ ਮਾਰਚ, ੧੮੪੬ ਈ.

"ਸੁਲ੍ਹਾ, ਜੋ ਮਹਾਰਾਜਾ ਰਣਜੀਤ ਸਿੰਘ ਵਾਲੀਏ ਲਾਹੌਰ ਤੇ ਸਰਕਾਰ ਅੰਗਰੇਜ਼ੀ ਵਿਚ ੧੮੦੯ ਈ.ਨੂੰ ਹੋਈ ਸੀ, ਸਿੱਖ ਫ਼ੌਜ ਦੇ ਹਮਲੇ

[ ]ਸੇਵਾ ਸਿੰਘ; ਪੰਨਾ ੭੫।

ਕਾਰਨ, ਜੋ ਉਸਨੇ ਬਿਨਾਂ ਕਿਸੇ ਵਜ੍ਹਾ ਦੇ ਪਿਛਲੇ ਦਸੰਬਰ ਵਿਚ ਅੰਗਰੇਜ਼ੀ ਇਲਾਕੇ ਉੱਤੇ ਕੀਤਾ, ਟੁੱਟ ਗਈ ਹੈ। ਮਹਾਰਾਜਾ ਲਾਹੌਰ ਦੇ ਉਹ ਸਭ ਇਲਾਕੇ, ਜੋ ਸਤਲੁਜ ਦੇ ਖੱਬੇ ਪਾਸੇ ਹਨ, ੧੩ ਦਸੰਬਰ ਦੇ ਐਲਾਨ ਰਾਹੀਂ ਜ਼ਬਤ ਕਰ ਕੇ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਗਏ। ਉਸ ਸਮੇਂ ਤੋਂ ਲੈ ਕੇ ਦੋਹਾਂ ਸਰਕਾਰਾਂ ਨੇ ਇਕ ਦੂਜੇ ਵਿਰੁੱਧ ਹਮਲੇ ਜਾਰੀ ਰੱਖੇ, ਜਿਸ ਦਾ ਸਿੱਟਾ ਸਰਕਾਰ ਅੰਗਰੇਜ਼ੀ ਦਾ ਲਾਹੌਰ ਉਤੇ ਕਬਜ਼ਾ ਹੈ। ਤੇ ਇਸ ਗੱਲ ਦਾ ਫ਼ੈਸਲਾ ਹੋਇਆ ਹੈ, ਕਿ ਦੋਹਾਂ ਸਰਕਾਰਾਂ ਵਿਚ ਅਮਨ ਕਾਇਮ ਰੱਖਣ ਬਦਲੇ ਕੁਛ ਸ਼ਰਤਾਂ ਉੱਤੇ ਸੁਲ੍ਹਾ ਕੀਤੀ ਜਾਵੇ। ਇਹ ਸੁਲ੍ਹਾ ਨਾਮਾ ਮਹਾਰਾਜਾ ਦਲੀਪ ਸਿੰਘ ਤੇ ਉਹਦੇ ਵਾਰਸਾਂ, ਤੇ ਆਨਰੇਬਲ ਈਸਟ ਇੰਡੀਆ ਕੰਪਨੀ ਵਿੱਚ ਲਿਖਿਆ ਗਿਆ ਹੈ। ਕੰਪਨੀ ਵੱਲੋਂ ਫਰੈਡਰਿਕ ਕਰੀ, ਹੈਨਰੀ ਮਿੰਟਗੁਮਰੀ ਲਾਰੰਸ, ਜਿਨ੍ਹਾਂ ਨੂੰ ਗਵਰਨਰ-ਜੇਨਰਲ ਹੈਨਰੀ ਹਾਰਡਿੰਗ ਨੇ ਪੂਰੇ ਅਖ਼ਤਿਆਰ ਦਿੱਤੇ ਹਨ, ਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸ: ਤੇਜ ਸਿੰਘ, ਸ: ਚਤਰ ਸਿੰਘ ਅਟਾਰੀਵਾਲਾ, ਸ: ਰਣਜੋਰ ਸਿੰਘ ਮਜੀਠਾ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ, ਜਿਨ੍ਹਾਂ ਨੂੰ 'ਮਹਾਰਾਜੇ' ਵੱਲੋਂ ਪੂਰੇ ਅਖ਼ਤਿਆਰ ਹਨ।

"੧. ਇਕ ਪਾਸੇ ਸਰਕਾਰ ਅੰਗਰੇਜ਼ੀ ਤੇ ਦੂਜੇ ਪਾਸੇ ਮਹਾਰਾਜਾ ਦਲੀਪ ਸਿੰਘ, ਉਸਦੇ ਵਾਰਸ ਤੇ ਹੱਕਦਾਰਾਂ ਵਿਚ ਸਦਾ ਅਮਨ ਤੇ ਦੋਸਤੀ ਰਹੇਗੀ।

"੨. ਲਾਹੌਰ ਦਾ ਮਹਾਰਾਜਾ ਉਸ ਸਾਰੇ ਇਲਾਕੇ ਤੋਂ, ਜੋ ਸਤਲੁਜ ਦੇ ਦੱਖਣ ਵੱਲ ਹੈ, ਆਪਣੇ, ਆਪਣੇ ਵਾਰਸਾਂ ਤੇ ਹੱਕਦਾਰਾਂ ਦੇ ਸਾਰੇ ਹੱਕ ਤਿਆਗਦਾ ਹੈ।

"੩. ਮਹਾਰਾਜਾ ਦਲੀਪ ਸਿੰਘ ਆਪਣੇ ਸਾਰੇ ਕਿਲ੍ਹੇ, ਇਲਾਕੇ, ਮੈਦਾਨ ਤੇ ਪਹਾੜ ਜੋ ਦੁਆਬੇ, ਭਾਵ ਦਰਿਆ ਬਿਆਸ ਤੇ ਸਤਲੁਜ ਦੇ ਵਿਚ ਹਨ, ਦੇ ਸਭ ਰਾਜਸੀ ਹੱਕ ਕੰਪਨੀ ਦੇ ਹਵਾਲੇ ਕਰਦਾ ਹੈ।

"੪. ਸਰਕਾਰ ਅੰਗਰੇਜ਼ੀ ਡੂਢ ਕਰੋੜ ਰੁਪਿਆ—ਸ਼ਰਤ ਨੰਬਰ ੩ ਦੇ ਇਲਾਕੇ, ਜੋ ਲਾਹੌਰ ਨੇ ਅੰਗਰੇਜ਼ਾਂ ਨੂੰ ਦਿੱਤੇ ਹਨ—ਤੋਂ ਵੱਖਰਾ ਹਰਜਾਨਾ ਤੇ ਲੜਾਈ ਦਾ ਖ਼ਰਚ ਲਾਹੌਰ ਸਰਕਾਰ ਦੇ ਸਿਰ ਪਾਉਂਦੀ ਹੈ। ਕਿਉਂਕਿ ਲਾਹੌਰ ਦਰਬਾਰ ਏਨਾ ਰੁਪਇਆ ਦੇ ਨਹੀਂ ਸਕਦਾ ਤੇ ਨਾ ਹੀ ਇਸ ਰੁਪਏ ਬਦਲੇ ਕੋਈ ਜ਼ਾਮਨ ਦੇਂਦਾ ਹੈ, ਇਸ ਵਾਸਤੇ ਮਹਾਰਾਜਾ ਇਕ ਕਰੋੜ ਰੁਪਏ

ਬਦਲੇ ਕੰਪਨੀ ਨੂੰ ਉਹ ਸਾਰੇ ਇਲਾਕੇ, ਕਿਲ੍ਹੇ ਤੇ ਉਹਨਾਂ ਦੇ ਹੱਕ, ਜੋ ਦਰਿਆ ਬਿਆਸ ਤੇ ਸਿੰਧ ਵਿਚ ਪਹਾੜੀ ਇਲਾਕਾ ਹੈ, ਜਿਸ ਵਿਚ ਕਸ਼ਮੀਰ ਤੇ ਹਜ਼ਾਰੇ ਦੇ ਸੂਬੇ ਸ਼ਾਮਲ ਹਨ, ਦੇਂਦਾ ਹੈ।

"੫. ਮਹਾਰਾਜਾ ਕੰਪਨੀ ਨੂੰ ੫੦ ਲੱਖ ਰੁਪਏ ਇਸ ਸੁਲ੍ਹਾ ਦੇ ਪੱਕੇ ਹੋਣ ਤੋਂ ਪਹਿਲਾਂ ਜਾਂ ਉਸ ਸਮੇਂ ਦੇਵੇਗਾ।

"੬. ਮਹਾਰਾਜਾ ਆਪਣੀ ਸਾਰੀ ਬਾਗ਼ੀ ਫ਼ੌਜ ਨੂੰ ਕੱਢ ਦੇਵੇਗਾ ਤੇ ਉਸ ਤੋਂ ਹਥਿਆਰ ਖੋਹ ਲਵੇਗਾ ਤੇ ਮਹਾਰਾਜਾ ਨਵੇਂ ਸਿਰਿਓਂ ਉਹਨਾਂ ਅਸੂਲਾਂ ਅਨੁਸਾਰ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਚਾਲੂ ਸਨ, ਨਵੀਂ ਤਨਖ਼ਾਹਦਾਰ ਫ਼ੌਜ ਭਰਤੀ ਕਰੇਗਾ। ਜਿਹੜੀ ਫ਼ੌਜ ਇਸ ਸ਼ਰਤ ਅਨੁਸਾਰ ਕੱਢੀ ਜਾਵੇਗੀ, ਮਹਾਰਾਜਾ ਉਸਦਾ ਸਾਰਾ ਹਿਸਾਬ ਮੁਕੱਾ ਦੇਵੇਗਾ।

"੭. ਲਾਹੌਰ ਦਰਬਾਰ ਦੀ ਫ਼ੌਜ ੨੦ ਹਜ਼ਾਰ ਪੈਦਲ ਤੇ ੧੨ ਹਜ਼ਾਰ ਅਸਵਾਰ ਤੋਂ ਵੱਧ ਨਹੀਂ ਹੋਵੇਗੀ। ਇਹ ਗਿਣਤੀ, ਕਿਸੇ ਸਮੇਂ ਵੀ ਸਰਕਾਰ ਅੰਗਰੇਜ਼ੀ ਦੀ ਆਗਿਆ ਬਿਨਾਂ ਨਹੀਂ ਵਧੇਗੀ। ਜੇ ਕਿਸੇ ਵੇਲੇ ਕਿਸੇ ਖ਼ਾਸ ਕਾਰਨ ਕਰਕੇ ਫ਼ੌਜ ਵਧਾਉਣ ਦੀ ਲੋੜ ਪਵੇ, ਤਾਂ ਉਹ ਕਾਰਨ ਸਰਕਾਰ ਅੰਗਰੇਜ਼ੀ ਨੂੰ ਦਸਣਾ ਪਵੇਗਾ ਤੇ ਲੋੜ ਦਾ ਸਮਾਂ ਲੰਘ ਜਾਣ 'ਤੇ ਫ਼ੌਜ ਦੀ ਗਿਣਤੀ ਫੇਰ ਓਹਾ ਰੱਖੀ ਜਾਵੇਗੀ, ਜੋ ਇਸ ਸ਼ਰਤ ਵਿਚ ਪੱਕੀ ਕੀਤੀ ਗਈ ਹੈ।

"੮. ਮਹਾਰਾਜਾ, ਉਹ ੩੬ ਤੋਪਾਂ, ਜੋ ਦਰਿਆ ਸਤਲੁਜ ਦੇ ਸੱਜੇ ਹੱਥ ਬੀੜੀਆਂ ਗਈਆਂ ਸਨ ਤੇ ਅੰਗਰੇਜ਼ੀ ਫ਼ੌਜ ਦੇ ਵਿਰੁੱਧ ਵਰਤੀਆਂ ਗਈਆਂ ਸਨ, ਜੋ ਸਭਰਾਵਾਂ ਦੀ ਲੜਾਈ ਵਿਚ ਅੰਗਰੇਜ਼ਾਂ ਦੇ ਕਾਬੂ ਨਹੀਂ ਆਈਆਂ, ਅੰਗਰੇਜ਼ਾਂ ਦੇ ਹਵਾਲੇ ਕਰੇਗਾ।

"੯. ਦਰਿਆ ਸਤਲੁਜ ਤੇ ਬਿਆਸ, ਮਿਠਨ ਕੋਟ ਤਕ ਤੇ ਦਰਿਆ ਸਿੰਧ ਮਿਠਨ ਕੋਟ ਤੋਂ ਬਲੋਚਸਤਾਨ ਦੀ ਹੱਦ ਤਕ, ਅੰਗਰੇਜ਼ੀ ਸਰਕਾਰ ਦੇ ਕਬਜ਼ੇ ਵਿਚ ਰਹਿਣਗੇ। ਜਹਾਜ਼ਰਾਨੀ ਤੇ ਮਸੂਲ ਆਦਿ ਉੱਤੇ ਅੰਗਰੇਜ਼ੀ ਸਰਕਾਰ ਦਾ ਹੀ ਅਧਿਕਾਰ ਹੋਵੇਗਾ। ਲਾਹੌਰ ਦਰਬਾਰ ਦੀਆਂ ਬੇੜੀਆਂ, ਜੋ ਇਹਨਾਂ ਦਰਿਆਵਾਂ ਵਿਚ ਪਰਜਾ ਤੇ ਸਰਕਾਰ ਦੇ ਲਾਭ ਵਾਸਤੇ ਵਰਤੀਆਂ ਜਾਂਦੀਆਂ ਹਨ, ਏਸ ਸ਼ਰਤ ਤੋਂ ਬਰੀ ਹੋਣਗੀਆਂ। ਦੋਹਾਂ ਮੁਲਕਾਂ ਵਿਚ ਜਹਾਜ਼ਰਾਨੀ ਤੇ ਲਾਭ ਵਾਸਤੇ ਪੱਕਾ ਹੁੰਦਾ ਹੈ, ਕਿ ਅੰਗਰੇਜ਼ੀ ਸਰਕਾਰ,

ਬੇੜੀਆਂ ਨੂੰ ਠੀਕ ਰਖਣ ਦੇ ਖ਼ਰਚ ਕਢ ਕੇ, ਬਾਕੀ ਬੱਚਤ ਵਿਚੋਂ ਅੱਧ ਲਾਹੌਰ ਦਰਬਾਰ ਨੂੰ ਦੇਵੇਗੀ, ਪਰ ਇਹ ਸ਼ਰਤ ਉਹਨਾਂ ਬੇੜੀਆਂ ਉੱਤੇ, ਜੋ ਲਾਹੌਰ ਤੇ ਬਹਾਵਲਪੁਰ ਦੀ ਹੱਦ 'ਤੇ ਸਤਲੁਜ ਵਿਚ ਚਲਦੀਆਂ ਹਨ, ਲਾਗੂ ਨਹੀਂ ਹੋਵੇਗੀ।

"੧੦. ਅੰਗਰੇਜ਼ੀ ਸਰਕਾਰ ਨੂੰ ਲਾਹੌਰ ਰਾਜ ਵਿਚ ਦੀ ਫ਼ੌਜ ਲੰਘਾਉਣ ਦੀ ਲੋੜ ਪਏਗੀ, ਤਾਂ ਅੰਗਰੇਜ਼ੀ ਸਰਕਾਰ ਦੇ ਕਹਿਣ ਉੱਤੇ ਫ਼ੌਜ ਲੰਘਾਉਣ ਦੀ ਆਗਿਆ ਦੇ ਦਿੱਤੀ ਜਾਵੇਗੀ। ਇਸ ਹਾਲਤ ਵਿਚ ਲਾਹੌਰ ਰਾਜ ਦੇ ਹਾਕਮ ਹਰ ਤਰ੍ਹਾਂ ਦੀ ਸਹਾਇਤਾ ਕਰਨਗੇ ਤੇ ਅੰਗਰੇਜ਼ੀ ਸਰਕਾਰ ਇਹਨਾਂ ਸਹੂਲਤਾਂ ਦੇ ਸਭ ਖ਼ਰਚ ਅਦੱਾ ਕਰੇਗੀ। ਉਹਨਾਂ ਸਭ ਨਿੱਜੀ ਜਾਇਦਾਦਾਂ ਦਾ ਨੁਕਸਾਨ–ਜੋ ਵਿਚੋਂ ਫ਼ੌਜ ਲੰਘਣ ਕਰਕੇ ਹੋਵੇਗਾ, ਸਰਕਾਰ ਪੂਰਾ ਕਰੇਗੀ। ਅੰਗਰੇਜ਼ੀ ਸਰਕਾਰ ਉਹਨਾਂ ਲੋਕਾਂ ਦੇ ਧਰਮ ਦਾ ਪੂਰਾ ਖ਼ਿਆਲ ਰਖੇਗੀ, ਜਿਨ੍ਹਾਂ ਦੇ ਇਲਾਕੇ ਵਿਚ ਦੀ ਫ਼ੌਜ ਲੰਘੇਗੀ।

"੧੧. ਅੰਗਰੇਜ਼ੀ ਸਰਕਾਰ ਦੀ ਆਗਿਆ ਬਿਨਾਂ, ਅੰਗਰੇਜ਼ੀ ਪਰਜਾ ਵਿਚੋਂ ਜਾਂ, ਕਿਸੇ ਯੂਰਪੀਨ ਜਾਂ ਅਮਰੀਕਨ ਨੂੰ ਮਹਾਰਾਜਾ ਨੌਕਰ ਨਹੀਂ ਰਖੇਗਾ।

"੧੨. ਜੰਮੂ ਦੇ ਰਾਜਾ ਗੁਲਾਬ ਸਿੰਘ ਨੂੰ ਲਾਹੌਰ ਤੇ ਅੰਗਰੇਜ਼ੀ ਸਰਕਾਰ ਵਿਚ ਸੁਲ੍ਹਾ ਕਰਾਉਣ ਬਦਲੇ (ਇਹ ਸੇਵਾ ਉਸਨੇ ਲਾਹੌਰ ਦਰਬਾਰ ਵੱਲੋਂ ਕੀਤੀ ਹੈ) ਮਹਾਰਾਜਾ ਦਲੀਪ ਸਿੰਘ ਉਹਨਾਂ ਇਲਾਕਿਆਂ ਤੇ ਪਹਾੜੀ ਜ਼ਿਲ੍ਹਿਆਂ ਦਾ 'ਮਹਾਰਾਜਾ' ਮੰਨ ਲਵੇਗਾ, ਜਿਹੜੇ ਇਲਾਕੇ ਅੰਗਰੇਜ਼ੀ ਸਰਕਾਰ ਰਾਜਾ ਗੁਲਾਬ ਸਿੰਘ ਨੂੰ ਇਕ ਵੱਖਰੇ ਅਹਿਦਨਾਮੇ ਰਾਹੀਂ ਦੇਵੇਗੀ। ਇਸ ਵਿਚ ਉਹ ਇਲਾਕਾ ਸ਼ਾਮਲ ਹੋਵੇਗਾ, ਜੋ ਮ. ਖੜਕ ਸਿੰਘ ਦੇ ਸਮੇਂ ਤੋਂ ਗੁਲਾਬ ਸਿੰਘ ਦੇ ਕਬਜ਼ੇ ਵਿਚ ਚਲਿਆ ਆਉਂਦਾ ਹੈ। ਅਤੇ ਅੰਗਰੇਜ਼ੀ ਸਰਕਾਰ ਵੀ ਰਾਜਾ ਗੁਲਾਬ ਸਿੰਘ ਦੀ ਨੇਕ ਚਲਨੀ ਦੇ ਕਾਰਨ ਇਹਨਾਂ ਇਲਾਕਿਆਂ 'ਤੇ ਉਹਦੀ ਆਜ਼ਾਦੀ ਪਰਵਾਨ ਕਰਦੀ ਹੈ ਤੇ ਉਹਨੂੰ ਵੱਖਰਾ ਅਹਿਦਨਾਮਾ ਕਰਨ ਦੀ ਆਗਿਆ ਦੇਂਦੀ ਹੈ।

"੧੩. ਇਸ ਹਾਲ ਵਿਚ ਰਾਜਾ ਗੁਲਾਬ ਸਿੰਘ ਤੇ ਲਾਹੌਰ ਦਰਬਾਰ ਵਿਚ ਜੇ ਕੋਈ ਝਗੜਾ ਹੋਵੇਗਾ ਤਾਂ ਅੰਗਰੇਜ਼ੀ ਸਰਕਾਰ ਸਾਲਸ ਬਣ ਕੇ ਉਸਦਾ ਫ਼ੈਸਲਾ ਕਰੇਗੀ ਤੇ ਉਹ ਫ਼ੈਸਲਾ 'ਮਹਾਰਾਜੇ' ਨੂੰ ਮੰਨਣਾ ਪਵੇਗਾ।

"੧੪. ਅੰਗਰੇਜ਼ੀ ਸਰਕਾਰ ਦੀ ਆਗਿਆ ਬਿਨਾਂ, ਲਾਹੌਰ ਦਰਬਾਰ ਆਪਣੇ ਰਾਜ ਦੀਆਂ ਹੱਦਾਂ ਨੂੰ ਵੱਧਾ ਘਟਾ ਨਹੀਂ ਸਕੇਗਾ।"

" ੧੫. ਅੰਗਰੇਜ਼ੀ ਸਰਕਾਰ, ਲਾਹੌਰ ਦਰਬਾਰ ਦੇ ਅੰਦਰਲੇ ਪਰਬੰਧ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਪਰ ਜਿਨ੍ਹਾਂ ਸਵਾਲਾਂ ਤੇ ਝਗੜਿਆਂ ਬਾਰੇ ਅੰਗਰੇਜ਼ੀ ਸਰਕਾਰ ਤੋਂ ਪੁੱਛਿਆ ਜਾਵੇਗਾ, ਗਵਰਨਰ-ਜੈਨਰਲ ਆਪਣੀ ਚੰਗੀ ਤੇ ਨੇਕ ਸਲਾਹ, ਲਾਹੌਰ ਰਾਜ ਦੇ ਭਲੇ ਵਾਸਤੇ ਦੇਵੇਗਾ।

"੧੬. ਦੋਹਾਂ ਸਰਕਾਰਾਂ ਦੀ ਪਰਜਾ ਜਦੋਂ ਇਕ ਦੂਜੇ ਮੁਲਕ ਵਿਚ ਸੈਰ ਵਾਸਤੇ ਜਾਵੇ, ਤਾਂ ਉਸ ਨਾਲ ਚੰਗਾ ਸਲੂਕ ਕੀਤਾ ਜਾਵੇਗਾ।"

ਇਹ ਸੋਲ੍ਹਾਂ ਸ਼ਰਤਾ ਦਾ ਅਹਿਦਨਾਮਾ, ਫ਼ਰੈਡਰਿਕ ਕਰੀ (Frederick Currie) ਤੇ ਹੈਨਰੀ ਮਿੰਟਗੁਮਰੀ ਲਾਰੈਂਸ (Henry Montgomery Lawrence) ਜੋ ਅੰਗਰੇਜ਼ੀ ਸਰਕਾਰ ਵਲੋਂ, ਗਵਰਨਰ-ਜੈਨਰਲ ਹੈਨਰੀ ਹਾਰਡਿੰਗ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ) ਅਤੇ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸ: ਤੇਜ ਸਿੰਘ, ਸ: ਚਤਰ ਸਿੰਘ ਅਟਾਰੀ ਵਾਲਾ, ਸ: ਰਣਜੋਰ ਸਿੰਘ ਮਜੀਠਾ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ (ਜੋ ਮਹਾਰਾਜਾ ਦਲੀਪ ਸਿੰਘ ਵੱਲੋਂ ਹਨ) ਵਿਚ ਪੱਕਾ ਹੋਇਆ। ਤੇ ਇਹ ਅਹਿਦਨਾਮਾ ਗਵਰਨਰ-ਜੈਨਰਲ ਤੇ ਮ. ਦਲੀਪ ਸਿੰਘ ਦੀਆਂ ਮੁਹਰਾਂ ਲਾ ਕੇ ਪੱਕਾ ਕੀਤਾ ਗਿਆ।

ਇਹ ਅਹਿਦਨਾਮਾ ੯ ਮਾਰਚ, ੧੮੪੬ ਈ: ਮੁਤਾਬਕ ੧੦ ਰਬੀਉਲ ਅੱਵਲ, ੧੨੬੨ ਹਿਜਰੀ ਨੂੰ ਲਿਖਿਆ ਗਿਆ ਤੇ ਪੱਕਾ ਹੋਇਆ।

## ਪਹਿਲੀ ਸੁਲ੍ਹਾ ਨਾਲ ਸੰਬੰਧਤ ਸ਼ਰਤਾਂ

ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ਅਹਿਦਨਾਮਾ

੧੧ ਮਾਰਚ, ੧੮੪੬ ਈ.

"ਕਿਉਂਕਿ ਲਾਹੌਰ ਦਰਬਾਰ ਨੇ, ਗਵਰਨਰ-ਜੈਨਰਲ ਕੋਲ ਲਾਹੌਰ ਵਿਚ ਅੰਗਰੇਜ਼ੀ ਫ਼ੌਜ ਰੱਖਣ ਲਈ ਬੇਨਤੀ ਕੀਤੀ ਹੈ, ਜੋ 'ਮਹਾਰਾਜੇ' ਤੇ ਸ਼ਹਿਰ ਦੀ ਉਦੋਂ ਤਕ ਰੱਖਿਆ ਕਰੇ, ਜਦੋਂ ਤਕ ਉਹ ਆਪਣੀ ਫ਼ੌਜ ਨੂੰ ਸੁਲ੍ਹਾ ਦੀ ਛੇਵੀਂ ਸ਼ਰਤ ਮੁਤਾਬਕ ਠੀਕ ਨਹੀਂ ਕਰ ਲੈਂਦੇ। ਸੋ ਗਵਰਨਰ ਜੈਨਰਲ ਚੰਦ ਸ਼ਰਤਾਂ ਉੱਤੇ ਰਾਜ਼ੀ ਹੋ ਗਿਆ ਹੈ, ਜੋ ਤਿੱਜੀ ਤੇ ਚੌਥੀ ਸ਼ਰਤ ਨੂੰ ਪੂਰਾ ਕਰਨ ਬਦਲੇ

ਜ਼ਰੂਰੀ ਹੈ। ਇਸ ਵਾਸਤੇ, ਇਕ ਅੱਠ ਸ਼ਰਤਾਂ ਵਾਲਾ ਅਹਿਦਨਾਮਾ ਪਾਸ ਕੀਤਾ ਜਾਂਦਾ ਹੈ :—

"੧. ਅੰਗਰੇਜ਼ੀ ਸਰਕਾਰ ੧੮੪੬ ਈ. ਦੇ ਅਖ਼ੀਰ ਤਕ, ਜਦ ਤਕ ਨਵੀਂ ਸਿੱਖ ਫ਼ੌਜ ਛੇਵੀਂ ਸ਼ਰਤ ਦੇ ਮੁਤਾਬਕ ਠੀਕ ਨਹੀਂ ਹੋ ਜਾਂਦੀ, ਓਨੀ ਅੰਗਰੇਜ਼ੀ ਫ਼ੌਜ ਲਾਹੌਰ ਰੱਖੇਗੀ, ਜਿੰਨੀ ਗਵਰਨਰ-ਜੈਨਰਲ ਮਹਾਰਾਜੇ ਤੇ ਲਾਹੌਰ ਵਾਸੀਆਂ ਦੀ ਰੱਖਿਆ ਵਾਸਤੇ ਠੀਕ ਸਮਝੇਗਾ। ਇਹ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਜਿਸ ਵੇਲੇ ਲਾਹੌਰ ਦਰਬਾਰ ਚਾਹਵੇ, ਹਟਾ ਲਈ ਜਾਵੇਗੀ। ਅੰਗਰੇਜ਼ੀ ਫ਼ੌਜ ਸਾਲ ਮੁਕਣ ਤੋਂ ਪਿਛੋਂ ਲਾਹੌਰ ਨਹੀਂ ਰਹੇਗੀ।

"੨.ਲਾਹੌਰ ਸਰਕਾਰ ਏਸ ਗੱਲ ਨਾਲ ਸਹਿਮਤ ਹੈ, ਕਿ ਅੰਗਰੇਜ਼ੀ ਫ਼ੌਜ, ਜੋ ਉੱਪਰ ਦੱਸੇ ਕੰਮ ਵਾਸਤੇ ਲਾਹੌਰ ਰਹੇਗੀ, ਉਸਨੂੰ ਲਾਹੌਰ ਸ਼ਹਿਰ ਤੇ ਕਿਲ੍ਹੇ ਦਾ ਕਬਜ਼ਾ ਦਿੱਤਾ ਜਾਵੇਗਾ ਤੇ ਲਾਹੌਰ ਦੀ ਫ਼ੌਜ ਸ਼ਹਿਰੋਂ ਬਾਹਰ ਕੱਢ ਦਿੱਤੀ ਜਾਵੇਗੀ। ਲਾਹੌਰ ਸਰਕਾਰ ਅੰਗਰੇਜ਼ੀ ਫ਼ੌਜ ਦੇ ਸਿਪਾਹੀਆਂ ਤੇ ਅਫ਼ਸਰਾਂ ਦੇ ਰਹਿਣ ਵਾਸਤੇ ਮਕਾਨ ਦੇਵੇਗੀ ਤੇ ਸਾਰੇ ਵਾਧੂ ਖ਼ਰਚ—ਜੋ ਅੰਗਰੇਜ਼ੀ ਫ਼ੌਜ ਨੂੰ ਆਪਣੀਆਂ ਛਾਉਣੀਆਂ ਤੋਂ ਬਾਹਰ ਬਿਗਾਨੇ ਇਲਾਕੇ ਵਿਚ ਰਹਿਣ ਕਰਕੇ ਝੱਲਣੇ ਪੈਣਗੇ-ਅੰਗਰੇਜ਼ਾਂ ਨੂੰ ਦੇਵੇਗੀ।

" ੩. ਲਾਹੌਰ ਸਰਕਾਰ ਛੇਤੀ ਤੇ ਉੱਦਮ ਨਾਲ ਆਪਣੀ ਨਵੀਂ ਫ਼ੌਜ ਨੂੰ —ਪੱਕੀਆਂ ਹੋਈਆਂ ਸ਼ਰਤਾਂ ਅਨੁਸਾਰ—ਜਥੇਬੰਦ ਕਰਨਾ ਆਰੰਭ ਦੇਵੇਗੀ ਤੇ ਲਾਹੌਰ ਰਹਿਣ ਵਾਲੇ ਅੰਗਰੇਜ਼ੀ ਅਫ਼ਸਰਾਂ ਦੀ ਸਲਾਹ ਨਾਲ ਨਵੀਂ ਫ਼ੌਜ ਰੱਖੀ ਜਾਵੇਗੀ।

"੪. ਜੇ ਲਾਹੌਰ ਸਰਕਾਰ ਪਹਿਲਾਂ ਲਿਖੀ ਸ਼ਰਤ ਨੂੰ ਪੂਰਾ ਕਰਨ ਵਿਚ ਅਸਫਲ ਰਹੀ, ਤਾਂ ਸਰਕਾਰ ਅੰਗਰੇਜ਼ੀ ਨੂੰ ਹੱਕ ਹੋਵੇਗਾ, ਕਿ ਉਹ ਆਪਣੀ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਹੀ ਲਾਹੌਰੋਂ ਵਾਪਸ ਬੁਲਾ ਲਵੇ।

"੫. ਸਰਕਾਰ ਅੰਗਰੇਜ਼ੀ ਉਹਨਾਂ ਸਾਰੇ ਜਾਗੀਰਦਾਰਾਂ ਦੇ ਹੱਕ ਦਾ ਸਤਿਕਾਰ ਕਰੇਗੀ, ਜੋ ਲਾਹੌਰ ਦੀ ਪਹਿਲੀ ਸੁਲ੍ਹਾ ਦੀ ਸ਼ਰਤ ਨੰ: ੩-੪ ਅਨੁਸਾਰ ਇਲਾਕਿਆਂ ਦੇ ਮਾਲਕ ਹਨ ਤੇ ਜਿੰਨ੍ਹਾਂ ਦਾ ਸੰਬੰਧ ਮ. ਰਣਜੀਤ ਸਿੰਘ, ਮ. ਖੜਕ ਸਿੰਘ ਤੇ ਮ. ਸ਼ੇਰ ਸਿੰਘ ਦੇ ਖ਼ਾਨਦਾਨ ਨਾਲ ਹੈ। ਸਰਕਾਰ ਅੰਗਰੇਜ਼ੀ, ਉਹਨਾਂ ਜਾਗੀਰਦਾਰਾਂ ਦੀ ਉਮਰ ਤਕ, ਉਹਨਾਂ ਦਾ ਕਬਜ਼ਾ ਉਹਨਾਂ ਦੀਆਂ ਜਾਗੀਰਾਂ ਉੱਤੇ ਬਹਾਲ ਰਖੇਗੀ।

"੬. ਉਹਨਾਂ ਕਾਰਦਾਰਾਂ ਤੇ ਮੈਨੇਜਰਾਂ ਪਾਸੋਂ—ਜੋ ਲਾਹੌਰ ਸੁਲ੍ਹਾ ਦੀ ਸ਼ਰਤ ਨੰ: ੩-੪ ਅਨੁਸਾਰ ਹਨ- ਮਾਮਲਾ ਉਗਰਾਹੁਣ ਵਿਚ ਸਰਕਾਰ ਅੰਗਰੇਜ਼ੀ ਲਾਹੌਰ ਦਰਬਾਰ ਦੀ ਮਦਦ ਕਰੇਗੀ।

"੭. ਲਾਹੌਰ ਸਰਕਾਰ ਨੂੰ, ਉਹਨਾਂ ਸਾਰੇ ਕਿਲ੍ਹਿਆਂ ਤੇ ਇਲਾਕਿਆਂ ਵਿਚੋਂ ਜਿਨ੍ਹਾਂ ਦਾ ਜ਼ਿਕਰ ਪਹਿਲੀਆਂ ਸ਼ਰਤਾਂ ਵਿਚ ਹੈ- ਖ਼ਜ਼ਾਨਾ ਤੇ ਹੋਰ ਸਰਕਾਰੀ ਜਾਇਦਾਦ ਲੈ ਜਾਣ ਦੀ-ਬਿਨਾਂ ਤੋਪਾਂ ਦੇ-ਖੁੱਲ੍ਹ ਹੋਵੇਗੀ। ਸਰਕਾਰ ਅੰਗਰੇਜ਼ੀ ਉਹਨਾਂ ਵਿਚੋਂ ਕੋਈ ਚੀਜ਼ ਰੱਖਣੀ ਚਾਹੇ, ਤਾਂ ਪੂਰੀ ਕੀਮਤ ਦੇ ਕੇ ਰੱਖ ਸਕੇਗੀ। ਸਰਕਾਰ ਅੰਗਰੇਜ਼ੀ ਅਜੇਹੀਆਂ ਚੀਜ਼ਾਂ ਲੈ ਜਾਣ ਵਿਚ ਮਦਦ ਕਰੇਗੀ।

"੮. ਦੋਵੇਂ ਸਰਕਾਰਾਂ ਆਪਣੇ ਕਮਿਸ਼ਨਰ ਪੱਕੇ ਕਰਨਗੀਆਂ, ਜੋ ਦੋਹਾਂ ਸਰਕਾਰਾਂ ਦੀ ਵਿਚਲੀ ਹੱਦ ਪੱਕੀ ਕਰਨਗੇ, ਜੋ ਲਾਹੌਰ ਦੀ ਸੁਲ੍ਹਾ ੯ ਮਾਰਚ, ੧੮੪੬ ਈ. ਅਨੁਸਾਰ ਹੋਵੇਗੀ।"

ਖ਼ਜ਼ਾਨੇ ਵਿਚ ੧੨ ਕਰੋੜ* ਰੁਪਿਆ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਸੁਰਗਵਾਸ ਹੋਇਆ ਸੀ, ਪਰ ਹੁਣ ਡੂਢ ਕਰੋੜ ਵੀ ਨਾ ਨਿਕਲੇ। ਇਕ ਕਰੋੜ ਬਦਲੇ ਤਾਂ ਜੰਮੂ ਤੇ ਕਸ਼ਮੀਰ ਦਾ ਪਹਾੜੀ ਇਲਾਕਾ ਸਿੱਖਾਂ ਨੇ ਅੰਗੇਰਜ਼ਾਂ ਕੋਲ ਵੇਚਿਆ ਤੇ ਬਾਕੀ ੫੦ ਲੱਖ, ਕੁਛ ਖ਼ਜ਼ਾਨੇ ਵਿਚੋਂ ਤੇ ਕੁਛ ਕਈਆਂ ਸਿੱਖ ਸਰਦਾਰਾਂ (ਖਾਸ ਕਰ ਚਤਰ ਸਿੰਘ ਅਟਾਰੀ) ਕੋਲੋਂ ਲੈ ਕੇ ਪੂਰਾ ਕੀਤਾ ਗਿਆ।

੧੬ ਮਾਰਚ, ੧੮੪੬ ਈ. ਨੂੰ ਅੰਮ੍ਰਿਤਸਰ ਵਿਚ ਗੁਲਾਬ ਸਿੰਘ ਨਾਲ ਹਾਰਡਿੰਗ ਨੇ ਸੁਲ੍ਹਾ ਪੱਕੀ ਕੀਤੀ। ੭੫ ਲੱਖ ਰੁਪਿਆ (ਇਸ ਵਿਚੋਂ ਸੁਚੇਤ ਸਿੰਘ ਦਾ ੧੮ ਲੱਖ ਕੱਟਕੇ) ਲੈਕੇ ਗੁਲਾਬ ਸਿੰਘ ਨੂੰ ਜੰਮੂ ਤੇ ਕਸ਼ਮੀਰ (ਦਰਿਆ ਰਾਵੀ ਤੇ ਅਟਕ ਵਿਚਲਾ ਪਹਾੜੀ ਇਲਾਕਾ) ਦਾ ਸੁਤੰਤਰ 'ਮਹਾਰਾਜਾ' ਬਣਾ ਦਿੱਤਾ।

ਏਸ ਤਰ੍ਹਾਂ ਸਾਰਾ ਪਰਬੰਧ ਕਰਕੇ ਲੋੜੀਂਦੀ ਫ਼ੌਜ ਲਾਹੌਰ ਛੱਡ ਕੇ ਬਾਕੀ ਅੰਗਰੇਜ਼ੀ ਫ਼ੌਜ ੨੩ ਮਾਰਚ ਨੂੰ ਲਾਹੌਰੋਂ ਤੁਰੀ ਤੇ ੨੬ ਮਾਰਚ ਨੂੰ ਸਤਲੁਜੋਂ ਪਾਰ ਹੋ ਗਈ।

---

*(Life of Lawrence, Vol. II) ਲਾਰੰਸ ਦਾ ਜੀਵਨ, ਪੰਨਾ ੩੮੨।

**ਪੰਜਾਬ ਕਿਉਂ ਨਾ ਜ਼ਬਤ ਕੀਤਾ**

ਲਾਰਡ ਹਾਰਡਿੰਗ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਨਹੀਂ ਮਿਲਾਇਆ। ਏਸ ਗੱਲ ਤੋਂ ਕਈ ਅੰਗਰੇਜ਼ ਅਫ਼ਸਰ ਉਸਦੇ ਵਿਰੁਧ ਸਨ†। ਪਰ ਉਸਨੇ ਪੰਜਾਬ ਕਿਉਂ ਆਪਣੇ ਰਾਜ ਵਿਚ ਨਹੀਂ ਮਿਲਾਇਆ। ਕੇਵਲ ਇਸ ਬਦਲੇ, ਕਿ ਉਹ ਨਹੀਂ ਸੀ ਮਿਲਾ ਸਕਦਾ ‡। ਨਿਰਾ ਜ਼ਬਾਨੀ ਕਹਿ ਦੇਣ ਨਾਲ, ਜਾਂ ਐਲਾਨ ਕਰ ਦੇਣ ਨਾਲ ਹੀ ਇਹ ਕੰਮ ਨਹੀਂ ਸੀ ਮੁੱਕ ਚੱਲਿਆ, ਸਗੋਂ ਸਾਰੇ ਪੰਜਾਬ 'ਤੇ ਕਬਜ਼ਾ ਕਰਨ* ਤੇ ਖ਼ਾਲਸਾ ਫ਼ੌਜਾਂ ਨੂੰ ਦਬੱਾ ਕੇ, ਉਸ ਵਿਚ ਅਮਨ ਰਖਣਾ ਪੈਣਾ ਸੀ। ਇਸ ਸਵਾਲ ਦਾ ਜਵਾਬ ਅੰਗਰੇਜ਼ ਇਤਿਹਾਸਕਾਰਾਂ ਦੀ ਜ਼ਬਾਨੀ ਸੁਣੋ: "ਪਹਿਲਾ ਸਿੱਧਾ ਰਸਤਾ ਇਹ ਸੀ, ਕਿ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲੱਾ ਲਿਆ ਜਾਂਦਾ, ਪਰ ਕੰਪਨੀ ਤੇ ਗਵਰਨਰ-ਜੇਨਰਲ ਆਪ ਇਸ ਕੰਮ ਦੇ ਵਿਰੁੱਧ ਸਨ। ਕਿਉਂਕਿ ਇਸ ਹਾਲਤ ਵਿਚ ਜੇ ਪੰਜਾਬ ਨੂੰ ਜ਼ਬਤ ਕਰਨਾ ਅਸੰਭਵ ਨਹੀਂ ਸੀ, ਤਾਂ ਔਖਾ ਬਹੁਤ ਸੀ। ਸਿੱਖ ਫ਼ੌਜ ਭਾਵੇਂ ਮੈਦਾਨ ਵਿਚ ਹਾਰ ਚੁਕੀ ਸੀ, ਪਰ ੨੫ ਹਜ਼ਾਰ ਖ਼ਾਲਸਾ ਫ਼ੌਜ ਲਾਹੌਰ ਤੇ ਅੰਮ੍ਰਿਤਸਰ ਵਿਚ ਸੀ, ਤੇ ੮ ਹਜ਼ਾਰ ਪਿਸ਼ਾਵਰ ਵਿਚ। ਸੋ ਇਕ ਲੰਮੀ ਲੜਾਈ ਬਿਨਾਂ ਪੰਜਾਬ ਨੂੰ ਪੂਰੀ ਤਰ੍ਹਾਂ ਅਧੀਨ ਕਰਨਾ ਅਸੰਭਵ ਸੀ। ਐਹੋ ਜੇਹੀ ਲੰਮੀ ਲੜਾਈ ਵਾਸਤੇ ਕਮਾਂਡਰ ਇਨਚੀਫ਼ (ਪਰਧਾਨ ਸੈਨਾਪਤੀ) ਕੋਲ ਕਾਫ਼ੀ ਫ਼ੌਜ ਨਹੀਂ ਸੀ।

---

† M. Gregor ਮੈਕਗ੍ਰੇਗਰ ਪੰਨਾ, ੨੨੧।

‡ Sir Henry Lawrence writes in 1847 "Lord Hardinge had not the means for annexation had he desired it." Life of Lawrence, P. 385, ਜੇ ਲਾਰਡ ਹਾਰਡਿੰਗ ਦੀ ਪੰਜਾਬ ਨੂੰ ਜ਼ਬਤ ਕਰਨ ਦੀ ਇੱਛਿਆ ਵੀ ਹੁੰਦੀ, ਤਾਂ ਉਸ ਕੋਲ ਕਾਫ਼ੀ ਵਸੀਲੇ ਨਹੀਂ ਸਨ।

*Lord Hardinge himself in 1848 gives his reason; "Annexation is occupation and involves the dispersion of the forces in the Punjab" Life of Lawrence P. 421. ੧੮੪੮ ਵਿਚ ਲਾਰਡ ਹਾਰਡਿੰਗ ਆਪ ਦਲੀਲ ਦੇਂਦਾ ਹੈ, ਕਿ 'ਪੰਜਾਬ ਨੂੰ ਜ਼ਬਤ ਕਰਨ ਦਾ ਅਰਥ ਕਬਜ਼ਾ ਕਰਨਾ ਤੇ ਪੰਜਾਬ ਦੀ ਫ਼ੌਜੀ ਤਾਕਤ ਨੂੰ ਖਿਲਾਰਨਾ ਹੈ।'

ਜਿਵੇਂ ਅਸੀਂ ਵੇਖ ਚੁਕੇ ਹਾਂ, ਕਿ ਘਮਸਾਣ ਤੋਂ ਬਚਣ ਦੀ ਆਸ ਨੇ ਹੀ, ਲਾਰਡ ਹਾਰਡਿੰਗ ਨੂੰ ਸਮੇਂ ਸਿਰ ਕਾਫ਼ੀ ਫ਼ੌਜ ਲੈ ਕੇ ਹੱਦ ਉਤੇ ਚੜ੍ਹਾਈ ਕਰਨ ਤੋਂ ਰੋਕੀ ਰਖਿਆ। ਲਾਹੌਰ ਵਿਚ ਸਰ ਹਯੂਗ ਗਫ ਦੀ ਸਾਰੀ ਫ਼ੌਜ ੨੦ ਹਜ਼ਾਰ ਤੋਂ ਘੱਟ ਸੀ, ਜਿਸ ਵਿਚੋਂ ਕੁੱਲ ਸਾਢੇ ਤਿੰਨ ਹਜ਼ਾਰ ਗੋਰੇ ਸਨ। ਘੇਰਾ ਘੱਤਣ ਵਾਸਤੇ ਉਸਨੂੰ ੭੦-੮੦ ਜੰਗੀ ਤੋਪਾਂ ਚਾਹੀਦੀਆਂ ਸਨ ਤੇ ਹਰ ਇਕ ਤੋਪ ਪਿਛੇ ਹਜ਼ਾਰ-ਹਜ਼ਾਰ ਗੋਲੇ ਦੀ ਲੋੜ ਸੀ, ਪਰ ਉਸਦੇ ਕੋਲ ਸਿਰਫ਼ ੩੦ ਤੋਪਾਂ ਸਨ ਤੇ ਹਰ ਇਕ ਤੋਪ ਪਿੱਛੇ ਤਿੰਨ-ਤਿੰਨ ਸੌ ਗੋਲਾ ਸੀ ਅਤੇ ਸਿੰਧ ਵਿਚੋਂ ਜਿਹੜੀ ਫ਼ੌਜ ਮਦਦ ਵਾਸਤੇ ਆ ਸਕਦੀ ਸੀ, ਉਹ ਸਰ ਚਾਰਲਸ ਨੇਪੀਅਰ ਕੋਲ ੧੬ ਹਜ਼ਾਰ ਫ਼ੌਜ ਤੇ ੬੦ ਤੋਪਾਂ ਸਨ। ਇਹ ਫ਼ੌਜ, ਜੋ ਵੇਲੇ ਸਿਰ ਮੈਦਾਨ ਵਿਚ ਆ ਸਕਦੀ ਸੀ, ਪੰਜਾਬ ਨੂੰ ਅਧੀਨ ਰੱਖਣ ਵਾਸਤੇ ਥੋੜ੍ਹੀ ਸੀ।

"ਦੂਜਾ ਢੰਗ, ਜੋ ਪਿੱਛੇ ਕਈ ਵਾਰ ਵਰਤਿਆ ਗਿਆ, ਇਹ ਸੀ, ਕਿ ਪੰਜਾਬ ਨੂੰ 'ਟਕੇ ਭਰਨ ਵਾਲਾ' ਰਜਵਾੜਾ ਬਣੌਂ ਦਿੱਤਾ ਜਾਂਦਾ।

"ਬਾਕੀ ਤਿੱਜਾ ਤਰੀਕਾ ਇਹ ਰਹਿ ਗਿਆ ਸੀ, ਕਿ ਮਿੱਤਰ ਬਣ ਕੇ ਰਹਿਣ ਵਾਲੀ, ਇਕ ਬਲਵਾਨ ਸੁਤੰਤਰ ਸਰਕਾਰ ਕਾਇਮ ਕੀਤੀ ਜਾਵੇ, ਜੋ ਅੰਗਰੇਜ਼ਾਂ ਦੀ ਸਹਾਇਤਾ ਦੀ ਸਦਾ ਲੋੜਵੰਦ ਰਹੇ ਤੇ ਜਿਸ ਤੋਂ ਅੰਗਰੇਜ਼ੀ ਸਰਕਾਰ ਨੂੰ ਹਿੰਦੁਸਤਾਨ ਵਿਚ ਕੋਈ ਡਰ ਫ਼ਿਕਰ ਨਾ ਹੋਵੇ।"*

ਸੋ ਇਸ ਨੀਤੀ ਨਾਲ ਪੰਜਾਬ ਜ਼ਬਤ ਨਹੀਂ ਕੀਤਾ ਗਿਆ। ਉਸ ਵੇਲੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣਾ ਰਾਜਨੀਤੀ ਦੇ ਅਨੁਕੂਲ ਨਹੀਂ ਸੀ। ਲਾਰਡ ਹਾਰਡਿੰਗ ਨੇ ਬੜੀ ਲੰਮੀ ਸੋਚ ਤੋਂ ਕੰਮ ਲਿਆ, ਨਹੀਂ ਤਾਂ ਜੇ ਪੰਜਾਬ ਦੀ ਗੁਲਾਮੀ ਦਾ ਐਲਾਨ ਕਰ ਦਿੱਤਾ ਜਾਂਦਾ, ਤਾਂ ਸਾਰੇ ਪੰਜਾਬ ਵਿਚ ਬਲਵਾ ਹੋ ਜਾਂਦਾ। ਪੰਜਾਬ ਦੀ ਸਾਰੀ ਸਿੱਖ ਵਸੋਂ ਫ਼ੌਜੀ ਸੁਭਾਅ ਦੀ ਸੀ ਤੇ ਸਾਰੀ ਸ਼ਸਤਰਧਾਰੀ। ਲਾਹੌਰ ਤੇ ਅੰਮ੍ਰਿਤਸਰ ਦੇ ਉਦਾਲੇ-ਪੁਦਾਲੇ ਉਹ ਸਿੱਖ ਸਿਪਾਹੀ ਫਿਰ ਰਹੇ ਸਨ, ਜਿੰਨ੍ਹਾਂ ਦੀਆਂ ਛਾਤੀਆਂ ਵਿਚ ਬਦੋ-ਬਦੀ ਡੁੱਲ੍ਹਣ ਵਾਸਤੇ ਖ਼ੂਨ ਉਬਲ ਰਿਹਾ ਸੀ। ਦੇਸ ਦੇ ਸਾਰੇ ਹਿੱਸਿਆਂ ਵਿਚ ਕਿਲ੍ਹੇ ਸਿੱਖਾਂ ਦੇ ਹੱਥ ਵਿਚ ਸਨ ਤੇ ਹਰ ਇਕ ਵਿਚ ਥੋੜ੍ਹਾ ਬਹੁਤ ਸਾਮਾਨ ਵੀ ਸੀ।

---

*(The Sikh Wars) ਸਿੱਖ ਯੁੱਧ, ਪੰਨੇ ੧੪੨-੪੩।

ਅੰਗਰੇਜ਼ਾਂ ਵਾਸਤੇ ਇਕ ਇਕ ਕਿਲ੍ਹੇ ਨੂੰ ਫ਼ਤਹਿ ਕਰਨਾ ਅਤਿ ਕਠਨ ਸੀ, ਤੇ ਏਸ ਤੋਂ ਔਖਾ ਸੀ ਸਾਰੇ ਦੇਸ ਵਿਚ ਭੜਕੀ ਹੋਈ ਬਲਵੇ ਦੀ ਅੱਗ ਨੂੰ ਦਬਾਉਣਾ। ਜੇ ਇਸ ਸਮੇਂ ਤੋਂ ਤਿੰਨ ਸਾਲ ਮਗਰੋਂ ਇਕ ਸ਼ੇਰ ਸਿੰਘ ਦੀ ਬਗ਼ਾਵਤ ਚੇਲੀਆਂ ਵਾਲੀ ਦਾ ਘਮਸਾਣ ਮਚੌਾ ਸਕਦੀ ਹੈ, ਤਾਂ ਅੰਦਾਜ਼ਾ ਲਾਉਣਾ ਔਖਾ ਨਹੀਂ, ਕਿ ਸਾਰੇ ਮੁਲਕ ਦੀ ਬਗ਼ਾਵਤ ਕਿੰਨੀ ਕੁ ਭਿਆਨਕ ਹੁੰਦੀ। ਅਤੇ ਲਾਰਡ ਹਾਰਡਿੰਗ ਇਹ ਵੀ ਜਾਣਦਾ ਸੀ, ਕਿ ਅੱਗੇ ਸਤਲੁਜ ਦੇ ਕੰਢੇ ਅੰਗਰੇਜ਼ ਬਲ ਨਾਲ ਨਹੀਂ ਜਿੱਤੇ, ਸਗੋਂ ਸਿੱਖਾਂ ਦੇ ਸੈਨਾਪਤੀਆਂ ਦੀ ਗ਼ੱਦਾਰੀ ਦਾ ਸਦਕਾ ਜਿੱਤੇ ਹਨ। ਪੰਜਾਬ ਦੀ ਗ਼ੁਲਾਮੀ ਦਾ ਐਲਾਨ ਸੁਣ ਕੇ, ਹੋ ਸਕਦਾ ਹੈ, ਕੋਈ ਉਹ ਸਰਦਾਰ ਵੀ ਅੰਗਰੇਜ਼ਾਂ ਦੇ ਵਿਰੁੱਧ ਹੋ ਜਾਂਦੇ, ਜਿਨ੍ਹਾਂ ਪਹਿਲਾਂ ਸਤਲੁਜ ਦੇ ਕੰਢੇ ਹਾਰਨ ਵਾਸਤੇ ਸਾਰਾ ਤਾਣ ਲਾਇਆ ਸੀ। ਏਸ ਵੇਲੇ ਵੀ ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਤੋਂ ਬਿਨਾਂ ਹੋਰ ਕੋਈ ਏਸ ਦਸ਼ਾ ਵਿਚ ਖ਼ੁਸ਼ ਨਹੀਂ ਸੀ। ਜੇ ਐਹੋ ਜਹੇ ਸਮੇਂ ਪੰਜਾਬ ਦੇ ਇਕ ਇਕ ਕਿਲ੍ਹੇ 'ਤੇ ਕਬਜ਼ਾ ਕਰਨਾ ਪੈਂਦਾ, ਤਾਂ ਓਹਾ—ਜਾਂ ਉਸ ਤੋਂ ਵੱਧ—ਹਾਲ ਹੁੰਦਾ, ਜੋ *ਕਾਂਗੜੇ ਦੇ ਕਬਜ਼ੇ ਵੇਲੇ ਹੋਇਆ। ਸੋ ਐਹੋ ਜੇਹੀ ਗੜ-ਬੜ ਤੋਂ ਡਰਦਿਆਂ ਹੀ ਪੰਜਾਬ ਅੰਗਰੇਜ਼ੀ ਰਾਜ ਵਿਚ ਨਹੀਂ ਸੀ ਮਿਲਾਇਆ ਗਿਆ।

### ਨਵਾਂ ਪਰਬੰਧ

੯ ਤੇ ੧੧ ਮਾਰਚ, ੧੮੪੬ ਈ. ਦੀਆਂ ਸੁਲ੍ਹਾਂ ਪੱਕੀਆਂ ਹੋ ਗਈਆਂ। ਲਾਹੌਰ ਦਰਬਾਰ ਦੇ ਪੁਰਾਣੇ ਸਿਪਾਹੀ ਲਾਹੌਰ ਬੁਲੌਾ ਕੇ ਤਨਖ਼ਾਹ ਦੇ ਕੇ ਅੱਗੇ ਵਾਸਤੇ ਨੌਕਰੀ ਤੋਂ ਹਟੌਾ ਦਿੱਤੇ ਗਏ। ਸੁਲ੍ਹਾ ਅਨੁਸਾਰ ਅੰਗਰੇਜ਼ੀ

---

*ਕਾਂਗੜੇ ਦਾ ਕਿਲ੍ਹੇਦਾਰ ਸ: ਸੁੰਦਰ ਸਿੰਘ ਸੀ। ਅਪ੍ਰੈਲ, ੧੮੪੬ ਈ. ਵਿਚ ਦੀਵਾਨ ਦੀਨਾ ਨਾਥ ਤੇ ਮੇਜਰ ਲਾਰੰਸ ਫ਼ੌਜ ਲੈ ਕੇ ਗਏ। ਸੁੰਦਰ ਸਿੰਘ ਨੂੰ ਲਾਹੌਰ ਦਰਬਾਰ ਦਾ ਹੁਕਮ ਵਿਖਾਇਆ, ਕਿ ਸੁਲ੍ਹਾ ਦੀ ਸ਼ਰਤ ਅਨੁਸਾਰ ਕਿਲ੍ਹਾ ਅੰਗਰੇਜ਼ਾਂ ਦੇ ਹਵਾਲੇ ਕਰ ਦੇਵੇ, ਪਰ ਉਸਨੇ ਕਿਲ੍ਹਾ ਹਵਾਲੇ ਕਰਨ ਤੋਂ ਨਾਂਹ ਕਰ ਦਿਤੀ ਤੇ ਟਾਕਰੇ ਵਾਸਤੇ ਤਿਆਰ ਹੋ ਗਿਆ। ਉਹਨੇ ਤਿੰਨ ਦਿਨ ਲਾਹੌਰ ਦਰਬਾਰ ਤੇ ਅੰਗਰੇਜ਼ਾਂ ਦੀਆਂ ਫ਼ੌਜਾਂ ਦਾ ਟਾਕਰਾ ਕੀਤਾ। ਬੜੀ ਘਮਸਾਣ ਦੀ ਲੜਾਈ ਪਿੱਛੋਂ ਉਸਨੇ ਕਿਲ੍ਹਾ ਖ਼ਾਲੀ ਕੀਤਾ। ਕਾਂਗੜੇ ਦਾ ਇਹ ਹਾਲ ਵੇਖ ਕੇ ਅੰਗਰੇਜ਼ ਅਫ਼ਸਰ ਤੇ ਦੇਸੀ ਅਫ਼ਸਰ ਘਬਰੌਾ ਉਠੇ ਸਨ।

ਫ਼ੌਜ ਸਰ ਜੌਹਨ ਲਿਟਲਰ (Sir John Littler) ਦੀ ਕਮਾਨ ਹੇਠਾਂ ਲਾਹੌਰ ਰੱਖੀ ਗਈ। ਰਾਜ ਪਰਬੰਧ ਇਕ ਕੌਂਸਲ (ਸਭਾ) ਦੇ ਹੱਥ ਦਿੱਤਾ ਗਿਆ। ਇਹ ਕੌਂਸਲ ਇਕ ਅੰਗਰੇਜ਼ ਏਜੰਟ—ਹੈਨਰੀ ਲਾਰੰਸ—ਦੇ ਅਧੀਨ ਰੱਖੀ ਗਈ। ਲਾਲ ਸਿੰਘ ਵਜ਼ੀਰ ਤੇ ਤੇਜ ਸਿੰਘ ਸੈਨਾਪਤੀ ਬਣੇ। ਗੁਲਾਬ ਸਿੰਘ, ਜੰਮੂ ਤੇ ਕਸ਼ਮੀਰ ਦਾ ਵੱਖਰਾ 'ਮਹਾਰਾਜਾ' ਬਣਾ ਦਿੱਤਾ ਗਿਆ। ਮਹਾਰਾਣੀ ਜਿੰਦ ਕੌਰ, ਦਲੀਪ ਸਿੰਘ ਦੀ ਮੁਖ਼ਤਿਆਰ ਬਣੀ ਤੇ ਦੋਹਾਂ ਮਾਂ ਪੁੱਤਾਂ ਦੇ ਨਿੱਜੀ ਖ਼ਰਚਾਂ ਵਾਸਤੇ ੧ ਲੱਖ ਮਹਾਵਾਰ ਪੱਕਾ ਹੋਇਆ। ਇਹ ਸਾਰਾ ਪ੍ਰਬੰਧ ਕਰਕੇ ਤੁਰਨ ਲੱਗੇ ਹਾਰਡਿੰਗ ਨੇ ਕੌਂਸਲ ਨੂੰ ਇਉਂ ਕਿਹਾ : "ਸਫ਼ਲਤਾ ਤੇ ਅਸਫਲਤਾ ਤੁਹਾਡੇ ਆਪਣੇ ਹੱਥ ਵਿਚ ਹੈ। ਮੈਂ ਤੁਹਾਡੀ ਸਹਾਇਤਾ ਕਰਨ ਤੋਂ ਕਦੇ ਮੂੰਹ ਨਹੀਂ ਮੋੜਾਂਗਾ। ਪਰ ਜੇ ਤੁਸਾਂ ਇਹ ਵੇਲਾ ਹੱਥੋਂ ਗੁਆ ਲਿਆ, ਤਾਂ ਅੰਗਰੇਜ਼ਾਂ ਵੱਲੋਂ ਕੋਈ ਮਦਦ ਵੀ ਤੁਹਾਡੀ ਰਿਆਸਤ ਨੂੰ ਬਚਾ ਨਹੀਂ ਸਕੇਗੀ।"*

ਹਾਰਡਿੰਗ ਤੇ 'ਗਫ' ਪੰਜਾਬ ਨੂੰ ਛੱਡ ਕੇ ਚਲੇ ਗਏ। ਪਿੱਛੋਂ ਸਿੱਖ ਹਕੂਮਤ ਕਿਸ ਢੰਗ ਦੀ ਰਹਿ ਗਈ ਸੀ? ਮੈਕਗ੍ਰੇਗਰ ਲਿਖਦਾ ਹੈ : "ਲਾਹੌਰ ਦੀ ਸਿੱਖ ਹਕੂਮਤ ਅਸਲ ਅਰਥਾਂ ਵਿਚ ਮੁੱਕ ਚੁੱਕੀ ਹੈ। ਵਿਖਾਵੇ ਮਾਤਰ ਉਸ ਵਿਚ ਇਕ ਬਾਦਸ਼ਾਹ, ਇਕ ਵਜ਼ੀਰ (ਪ੍ਰਧਾਨ ਮੰਤਰੀ) ਤੇ ਇਕ ਫ਼ੌਜ ਹੈ, ਮਗਰ ਸਾਰੇ ਦੇ ਸਾਰੇ ਅੰਗਰੇਜ਼ੀ ਤਾਕਤ ਦੇ ਆਸਰੇ ਖੱਲੇ ਹਨ। ਬਾਦਸ਼ਾਹ ਜਾਂ ਮਹਾਰਾਜਾ ਦਲੀਪ ਸਿੰਘ ਇਕ ਕਠਪੁਤਲੀ ਹੈ, ਜਿਸ ਦੀ ਅਸਲ ਅਰਥਾਂ ਵਿਚ ਕੋਈ ਤਾਕਤ ਨਹੀਂ ਹੈ, ਤੇ ਜੋ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਅਧੀਨ ਹੈ। ਸਹੀ ਅਰਥਾਂ ਵਿਚ ਅੰਗਰੇਜ਼ ਇਸ ਵੇਲੇ ਪੰਜਾਬ ਦੇ ਹਾਕਮ ਹਨ।"o

**ਲਾਲ ਸਿੰਘ ਨੂੰ ਦੇਸ ਨਿਕਾਲਾ**

ਸਿੱਖਾਂ ਨਾਲ ਐਨੀ ਗ਼ੱਦਾਰੀ ਕਰਕੇ ਲਾਲ ਸਿੰਘ ਐਹੋ ਜੇਹੀ—ਨਾਮ ਧਰੀਕ—ਹਕੂਮਤ ਦਾ ਵਜ਼ੀਰ ਬਣਿਆਂ, ਪਰ ਇਹ ਖ਼ੁਸ਼ੀ ਵੀ ਉਹਨੂੰ ਬਹੁਤਾ ਚਿਰ ਭੋਗਣੀ ਨਸੀਬ ਨਾ ਹੋਈ। ਲਾਹੌਰ ਦਰਬਾਰ ਵੱਲੋਂ ਸ਼ੇਖ਼ ਇਮਾਮੁੱਦੀਨ ਕਸ਼ਮੀਰ ਦਾ ਗਵਰਨਰ ਸੀ। ਉਸਨੇ ਗੁਲਾਬ ਸਿੰਘ ਨੂੰ ਓਥੋਂ ਦਾ ਕਬਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਤੇ

* (The Sikh Wars) ਸਿੱਖ ਯੁੱਧ, ਪੰਨਾ ੧੪੫।

o (M. Gregor) ਮੈਕਗ੍ਰੇਗਰ, ਪੰਨੇ ੨੫੬-੭।

ਟਾਕਰਾ ਕੀਤਾ। ਅਕਤੂਬਰ ਵਿਚ ਹੈਨਰੀ ਲਾਰੰਸ ਤੇ ਸਰਦਾਰ ਸ਼ੇਰ ਸਿੰਘ ੧੦ ਹਜ਼ਾਰ ਸਿੰਘ ਫ਼ੌਜ (ਜਿਸਦੀ ਮਦਦ ਵਾਸਤੇ ਕੁਛ ਅੰਗਰੇਜ਼ੀ ਫ਼ੌਜ ਜਲੰਧਰ ਦੁਆਬੇ ਦੀ ਸੀ) ਲੈ ਕੇ ਕਸ਼ਮੀਰ ਗਏ ਤੇ ਗੁਲਾਬ ਸਿੰਘ ਨੂੰ ਓਥੋਂ ਦਾ ਕਬਜ਼ਾ ਦੁਆਇਆ। ਸ਼ੇਖ ਇਮਾਮੁੱਦੀਨ ਨੂੰ ਫੜ ਕੇ ਲਾਹੌਰ ਆਂਦਾ ਗਿਆ। ਸ਼ੇਖ ਨੇ ਲਾਰੰਸ ਨੂੰ ਲਾਲ ਸਿੰਘ ਵਜ਼ੀਰ ਦੀਆਂ ਤਿੰਨ ਚਿੱਠੀਆਂ* ਦਿੱਤੀਆਂ, ਜਿੰਨ੍ਹਾਂ ਉੱਤੇ ਵਜ਼ੀਰ ਦੀ ਸਹੀ (ਦਸਖਤ) ਸੀ, ਤੇ ਜਿੰਨ੍ਹਾਂ ਵਿਚ ਗੁਲਾਬ ਸਿੰਘ ਦਾ ਟਾਕਰਾ ਕਰਨ ਬਾਰੇ ਲਿਖਿਆ ਹੋਇਆ ਸੀ। ਇਸ ਬਲਵੇ ਦਾ ਦੋਸ਼ੀ ਲਾਲ ਸਿੰਘ ਮੰਨਿਆਂ ਗਿਆ। ੩ ਦਸੰਬਰ, ੧੮੪੬ ਈ. ਨੂੰ ੬੫ ਸਰਦਾਰਾਂ ਦੀ ਇਕ ਸਭਾ ਬੈਠੀ, ਜਿਸ ਵਿਚ ਸਰ ਹੈਨਰੀ ਲਾਰੰਸ, ਜੌਹਨ ਲਾਰੰਸ, ਜੈਨਰਲ ਲਿਟਲਰ, ਕਰਨਲ ਗਾਲਡੀ ਤੇ ਮਿਸਟਰ ਕਰੀ ਵੀ ਸ਼ਾਮਲ ਸਨ, ਤੇ ਕਰੀ ਹੀ ਇਸ ਇਕੱਤਰਤਾ ਦਾ ਸਭਾਪਤੀ ਸੀ। ਸ਼ੇਖ਼ ਨੇ ਚਿੱਠੀਆਂ ਦੇ ਨਾਲ ਜ਼ਬਾਨੀ ਵੀ ਲਾਲ ਸਿੰਘ ਦੇ ਵਿਰੁੱਧ ਬਿਆਨ ਦਿੱਤਾ। ਪੜਤਾਲ ਵਿਚ ਲਾਲ ਸਿੰਘ ਦੋਸ਼ੀ ਸਾਬਤ ਹੋਇਆ ਤੇ ਪੰਜਾਬ ਦੀ ਵਜ਼ਾਰਤ ਤੋਂ ਹਟਾ ਕੇ ੨ ਹਜ਼ਾਰ ਮਾਹਵਾਰ ਪੈਨਸ਼ਨ ਦੇ ਕੇ ਬਨਾਰਸ ਵਿਚ ਜਲਾਵਤਨ ਕੀਤਾ ਗਿਆ। ੧੩ ਦਸੰਬਰ ਨੂੰ ਲਾਲ ਸਿੰਘ ਲੈਫ਼ਟੀਨੈਂਟ ਰਾਟਨ (Wroughton) ਦੀ ਨਿਗਰੇਨੀ ਹੇਠਾਂ ਫ਼ੀਰੋਜ਼ਪੁਰ ਆਂਦਾ ਗਿਆ ਤੇ ਏਥੋਂ ਅੱਗੇ ਬਨਾਰਸ ਪੁਚਾਇਆ ਗਿਆ।

ਏਸ ਤੋਂ ਪਿਛੋਂ ਛੇਤੀ ਹੀ ਭਰੋਵਾਲ ਦੀ ਸੁਲ੍ਹਾ ਹੋਈ, ਜੋ ਮੁਲਤਾਨ ਤੇ ਸ਼ੇਰ ਸਿੰਘ ਦੀ ਬਗ਼ਾਵਤ ਦੀ ਕਾਰਨ ਬਣੀ।

* (Life of Lawrence) ਲਾਰੰਸ ਦਾ ਜੀਵਨ, ਪੰਨਾ ੪੦੪।
(The Sikh Wars) ਸਿੱਖ ਯੁੱਧ, ਪੰਨਾ ੧੪੯।

# ਚੌਥਾ ਕਾਂਡ

ਪਿੱਛੇ ਲਿਖਿਆ ਜਾ ਚੁਕਾ ਹੈ, ਕਿ ਪੰਜਾਬ ਨੂੰ ਕੰਪਨੀ ਦੇ ਰਾਜ ਵਿਚ ਮਿਲਾ ਲੈਣਾ ਅੰਗਰੇਜ਼ਾਂ ਦੀ ਸ਼ਕਤੀ ਤੋਂ ਬਾਹਰ ਸੀ। ਹਾਂ, ਉਹਨਾਂ ਨੇ ਆਪਣੀ ਮੁਰਾਦ ਪੂਰੀ ਕਰਨ ਬਦਲੇ ਪੈਰ ਧਰਨ ਜੋਗਾ ਥਾਂ ਬਣਾ ਲਿਆ ਸੀ। ਪੰਜਾਬ 'ਤੇ ਕਬਜ਼ਾ ਕਰਨ ਦਾ ਫੁਰਨਾ ਅੰਗਰੇਜ਼ ਦੇ ਦਿਲ ਚੋਂ ਕਿਸੇ ਵੇਲੇ ਵੀ ਨਹੀਂ ਨਿਕਲਦਾ ਸੀ। ਮੈਕਗ੍ਰੇਗਰ ਲਿਖਦਾ ਹੈ : "ਅੰਤ ਇਕ ਦਿਨ- ਛੇਤੀ ਜਾਂ ਚਿਰ ਪਾ ਕੇ - ਸਾਨੂੰ ਅਵੱਸ਼ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣਾ ਪਵੇਗਾ। ਭਾਵੇਂ ਕਿੰਨਾ ਖ਼ਰਚ ਤੇ ਮਿਹਨਤ ਕਰਨੀ ਪਵੇ, ਆਖ਼ਰ ਇਹ ਇਲਾਕੇ ਸਰਕਾਰ ਅੰਗਰੇਜ਼ੀ ਦੇ ਅਧੀਨ ਚੰਗੇ ਉਪਜਾਊ ਹੋਣਗੇ।"*

**ਹਾਰਡਿੰਗ ਦੀ ਦਿਲੀ ਖ਼ਾਹਸ਼**

ਲਾਰਡ ਹਾਰਡਿੰਗ ਦੀ ਇਹ ਪਰਬਲ ਇੱਛਿਆ ਸੀ, ਕਿ ਉਹ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਿਆ ਵੇਖੇ, ਪਰ ਗਵਰਨਰ ਜੈਨਰਲ ਹੁੰਦਿਆਂ ਹੋਇਆਂ ਉਹਦੀ ਇਹ ਆਸ ਪੂਰੀ ਨਾ ਹੋਈ। ਇਸ ਗੱਲ ਦਾ ਸਬੂਤ ਉਹਦੇ ਆਪਣੇ ਸ਼ਬਦਾਂ ਤੋਂ ਮਿਲਦਾ ਹੈ, ਜੋ ਉਹਨੇ ੧੬ ਦਸੰਬਰ, ੧੮੪੬ ਈ. ਨੂੰ ਫ਼ਰੈਡਰਿਕ ਕਰੀ ਨੂੰ ਲਿਖੇ ਸਨ, "ਜ਼ਾਤੀ ਤੌਰ 'ਤੇ ਮੈਨੂੰ ਇਹ ਅਫ਼ਸੋਸ ਹੀ ਰਹੇਗਾ, ਕਿ ਅੰਗਰੇਜ਼ੀ ਝੰਡਾ ਸਿੰਧ ਦੇ ਕੰਢਿਆਂ 'ਤੇ ਗੱਡਣਾ ਮੇਰੀ ਕਿਸਮਤ ਵਿਚ ਨਹੀਂ ਸੀ।" ਮਾਰਚ, ੧੮੪੬ ਈ. ਦੀ ਸੁਲ੍ਹਾ ਵਿਚ ਜੋ ਕੁਛ ਉਹ ਕਰ ਸਕਦਾ ਸੀ, ਕੀਤਾ ਤੇ ਅੱਗੇ ਵਾਸਤੇ ਉਹ ਪੰਜਾਬ ਨੂੰ ਵਧੇਰੇ ਪੱਕੇ ਹੱਥਾਂ ਨਾਲ ਕਾਬੂ ਕਰਨਾ ਚਾਹੁੰਦਾ ਸੀ। ਦੂਜੇ ਪਾਸੇ ਸਿੱਖਾਂ ਦੇ ਕੁਛ ਸਰਦਾਰ ਤਾਂ ਅੰਗਰੇਜ਼ਾਂ ਦੇ ਬਿਲਕੁਲ ਪਿੱਠੂ ਸਨ। (ਜਿਵੇਂ ਤੇਜ ਸਿੰਘ) ਤੇ ਕੁਛ ਉਹਨਾਂ ਦੀਆਂ ਡੂੰਘੀਆਂ ਚਾਲਾਂ ਨੂੰ ਸਮਝਣ ਦੀ ਲੋੜ ਨਹੀਂ ਸਨ ਸਮਝਦੇ। ਜਿਹੜੇ ਕੁਛ ਦੇਸ਼ ਨਾਲ ਪਿਆਰ ਰਖਦੇ ਸਨ ਤੇ ਅੰਗਰੇਜ਼ਾਂ ਦੀ

---

*(M. Gregor) ਮੈਕਗ੍ਰੇਗਰ, ਪੰਨਾ ੨੭੩।

ਨੀਤੀ ਨੂੰ ਵੀ ਸਮਝਦੇ ਸਨ, ਉਹਨਾਂ ਵਿਚ ਦੀਵਾਨ ਦੀਨਾ ਨਾਥ ਤੇ ਮਹਾਰਾਣੀ ਜਿੰਦ ਕੌਰਾਂ ਮੂਹਰੀ ਸਨ ਤੇ ਇਹ ਦੋਵੇਂ ਅੰਗੇਰਜ਼ਾਂ ਦੇ ਦਿਲਾਂ ਵਿਚ ਕੰਡੇ ਵਾਂਗ ਰੜਕਦੇ ਸਨ। ੧੮੪੬ ਈ. ਦਾ ਸਾਲ ਮੁਕਣ 'ਤੇ ਆ ਗਿਆ ਸੀ ਤੇ ਪਹਿਲੀ ਸੁਲ੍ਹਾ ਅਨੁਸਾਰ ਲਾਹੌਰ ਵਿਚਲੀ ਅੰਗਰੇਜ਼ੀ ਫ਼ੌਜ ਨੇ ਚਲੀ ਜਾਣਾ ਸੀ। ਲਾਰਡ ਹਾਰਡਿੰਗ ਕਿਸੇ ਨਵੀਂ ਸੁਲ੍ਹਾ ਰਾਹੀਂ ਪੰਜਾਬ ਉੱਤੇ ਅੱਗੇ ਨਾਲੋਂ ਵੀ ਕਰੜਾ ਫ਼ੌਜੀ ਕਬਜ਼ਾ ਰੱਖਣਾ ਚਾਹੰਦਾ ਸੀ, ਪਰ ਇਹ ਵੀ ਚਾਹੁੰਦਾ ਸੀ ਕਿ ਨਵੀਂ ਸੁਲ੍ਹਾ ਵਾਸਤੇ ਅਪੀਲ ਵੀ ਸਿੱਖ ਸਰਦਾਰਾਂ ਕੋਲੋਂ ਹੀ ਕਰਾਈ ਜਾਵੇ। ਉਸਦਾ ਆਪਣਾ ਸਕੱਤਰ ਫ਼ਰੈਡਰਿਕ ਕਰੀ ਲਾਹੌਰ ਰਹਿੰਦਾ ਸੀ। ਉਸਨੂੰ ਗੁਪਤ ਚਿੱਠੀਆਂ ਵਿਚ ਹਾਰਡਿੰਗ ਆਪਣੇ ਦਿਲੀ ਭਾਵ ਲਿਖਦਾ ਰਹਿੰਦਾ ਸੀ। ਏਧਰ 'ਕਰੀ' ਤੇ ਹੈਨਰੀ ਲਾਰੰਸ, ਸਿੱਖ ਸਰਦਾਰਾਂ ਨੂੰ ਏਸ ਨਵੇਂ ਜਾਲ ਵਿਚ ਫਸਾਉਣ ਦਾ ਜਤਨ ਕਰ ਰਹੇ ਸਨ। ਮਹਾਰਾਣੀ ਜਿੰਦ ਕੌਰ ਤੇ ਦੀਨਾ ਨਾਥ ਵੀ ਚੁੱਪ ਕਰਕੇ ਨਹੀਂ ਬੈਠੇ ਹੋਏ ਸਨ। ਉਹ ਪੰਜਾਬ ਦੇ ਨਵੇਂ ਪਰਬੰਧ ਵਾਸਤੇ ਛੋਟੇ ਵੱਡੇ ਸਰਦਾਰਾਂ ਨੂੰ ਕੱਠਾ ਕਰ ਰਹੇ ਸਨ* ਤਾਂਕਿ ਨਵੇਂ ਪਰਬੰਧ ਵਿਚੋਂ ਅੰਗਰੇਜ਼ਾਂ ਦਾ ਹੱਥ ਬਿਲਕੁਲ ਕੱਢ ਦਿੱਤਾ ਜਾਵੇ। ਏਸ ਧੜੇ ਨੇ ਨਵੀਂ ਸੁਲ੍ਹਾ ਦੀਆਂ ਸ਼ਰਤਾਂ ਮੰਨਣ ਤੋਂ ਨਾਂਹ ਕਰ ਦਿੱਤੀ। 'ਕਰੀ' ਇਹ ਸਾਰੇ ਸਮਾਚਾਰ ਹਾਰਡਿੰਗ ਨੂੰ ਲਿਖਦਾ ਰਹਿੰਦਾ। ਡਾ. ਗੰਡਾ ਸਿੰਘ ਆਪਣੀ ਪੁਸਤਕ 'ਸਿੱਖ ਇਤਿਹਾਸ ਬਾਰੇ' ਵਿਚ ਹਾਰਡਿੰਗ ਦੀਆਂ ਕੁਛ ਚਿੱਠੀਆਂ ਦਾ ਵੇਰਵਾ ਦੇਂਦਾ ਹੈ : ਹਾਰਡਿੰਗ ਭਰੋਵਾਲ ਤੋਂ ਕਰੀ ਨੂੰ ੧੦ ਦਸੰਬਰ, ੧੮੪੬ ਈ. "ਮੈਨੂੰ ਇਸ ਗੱਲ ਬਾਬਤ ਕੋਈ ਵੀ ਸ਼ੱਕ ਨਹੀਂ, ਤੂੰ ਹੀ ਇਕ ਸਭ ਤੋਂ ਜ਼ਿਆਦਾ ਲਾਇਕ ਹੈਂ, ਕਿ ਪੰਜਾਬ ਦੀਆਂ ਮੌਜੂਦਾ ਮੁਸ਼ਕਲਾਂ ਵਿਚ

ਭਰੋਵਾਲ ਦੀ ਸੁਲ੍ਹਾ ਕਿੰਨ੍ਹਾ ਹਾਲਾਤ ਥੱਲੇ ਹੋਈ

---

*Henry Lawrence to the Govt.17 Dec. 1846.
ਹੈਨਰੀ ਲਾਰੰਸ ਸਰਕਾਰ ਹਿੰਦ ਨੂੰ ੧੭ ਦਸੰਬਰ ੧੮੪੬ ਈ. "ਪਿਛਲੇ ਇਕ ਦੋ ਦਿਨਾਂ ਤੋਂ ਰਾਣੀ ਆਪਣਾ ਸਾਰੇ ਦਾ ਸਾਰਾ ਤਾਣ, ਛੋਟੇ ਵੱਡੇ ਸਰਦਾਰਾਂ ਨੂੰ ਆਪਣੇ ਨਾਲ ਮਿਲੌਂ ਕੇ ਰਾਜ ਦੀ ਸੁਤੰਤਰਤਾ ਦੀ ਇਕ ਨਵੀਂ ਸਕੀਮ ਵਿਚ ਇਕੱਤਰ ਕਰਨ ਵਿਚ ਲਾ ਰਹੀ ਹੈ, ਜਿਸ ਨਾਲ ਉਹ ਆਪ ਰਾਜ ਦੀ ਮੁਹਰੀ ਹੋਵੇਗੀ। ਇਸ ਵਿਚ ਉਸਦਾ ਵੱਡਾ ਸਲਾਹਕਾਰ, ਅੰਗਰੇਜ਼ਾਂ ਦਾ ਸਦਾ ਦਾ ਵਿਰੋਧੀ ਰਾਜਾ ਦੀਨਾ ਨਾਥ ਹੈ।"

ਓਥੋਂ ਦੇ ਅੰਗਰੇਜ਼ੀ ਪਰਬੰਧ ਨੂੰ ਕਾਮਯਾਬ ਬਣਾ ਸਕੇਂ। ਤੇ ਇਸ ਹਾਲਤ ਵਿਚ ਮੈਂ ਤੈਨੂੰ ਲੈਫ਼ਟੀਨੈਂਟ ਗਵਰਨਰ ਦੇ ਬਰਾਬਰ ਦੇ ਦਰਜੇ 'ਤੇ ਰਖਣਾ ਚਾਹੁੰਦਾ ਹਾਂ। ......... ਦਰਬਾਰ ਦੇ ਸਰਦਾਰਾਂ ਦੀ ਨਾਂਹ ਬਿਲਕੁਲ ਕੁਦਰਤੀ ਹੈ। ਪਰ ਇਹ ਬੜਾ ਜ਼ਰੂਰੀ ਹੈ, ਕਿ ਇਹ ਤਜਵੀਜ਼ ਪਹਿਲਾਂ ਉਹਨਾਂ ਵਲੋਂ ਹੋਵੇ, ਅਤੇ ਉਹਨਾਂ ਵਲੋਂ ਕਿਸੇ ਵੀ ਲਿਖਤ ਵਿਚ ਗੱਲ ਸਾਫ਼ ਅੱਖਰਾਂ ਵਿਚ ਲਿਖੀ ਹੋਈ ਆਉਣੀ ਚਾਹੀਦੀ ਹੈ, ਤੇ ਇਸ ਬੜੀ ਭਾਰੀ ਜ਼ਿੰਮੇਵਾਰੀ ਨੂੰ ਚੁੱਕਣ ਲਈ ਸਾਡੇ ਵੱਲੋਂ ਝਿਜਕ ਸਾਫ਼ ਦੱਸੀ ਜਾਣੀ ਚਾਹੀਦੀ ਹੈ। ਕੁਛ ਦਿਨਾਂ ਦੀ ਦੇਰ ਹੋ ਜਾਣੀ ਮਾਮੂਲੀ ਗੱਲ ਹੈ, ਕਿਉਂਕਿ ਮੈਂ ਸਰ ਜਾਨ ਹਾਬ ਹਾਊਸ ਦੀ ਚਿੱਠੀ ਦੀ ਪਲ ਪਲ ਉਡੀਕ ਕਰ ਰਿਹਾ ਹਾਂ। ਮੈਨੂੰ ਨਹੀਂ ਪਤਾ, ਕਿ ਕਿਸ ਬਾਕਾਇਦਾ ਰਸਮ ਅਨੁਸਾਰ ਰਾਣੀ ਕਾਰ-ਮੁਖ਼ਤਿਆਰ ਬਣੀ ਹੈ। ਮੇਰਾ ਅਨੁਭਵ ਹੈ, ਕਿ ਉਹ ਮਹਾਰਾਜੇ ਦੀ ਮਾਤਾ ਤੇ ਰਖਵਾਲੀ (Gaurdian) ਹੋਣ ਦੀ ਕੁਦਰਤੀ ਤੇ ਅਣ-ਪੁੱਛੀ ਹੈਸੀਅਤ ਵਿਚ ਕਾਰ-ਮੁਖ਼ਤਿਆਰ ਬਣੀ ਹੋਈ ਹੈ। ......... ਜੇ ਸਰਦਾਰ ਤੇ ਰਸੂਖ਼ ਵਾਲੇ ਹਾਕਮ, ਖ਼ਾਸ ਤੌਰ 'ਤੇ ਅਟਾਰੀ ਵਾਲੇ ਸਰਦਾਰ, ਮਹਾਰਾਜੇ ਦੀ ਛੋਟੀ ਉਮਰ ਦੇ ਦਿਨਾਂ ਵਿਚ ਸਰਕਾਰ ਅੰਗਰੇਜ਼ੀ ਨੂੰ ਉਸਦੇ ਰਖਵਾਲੇ (Gaurdian) ਬਨਣ ਲਈ ਪ੍ਰੇਰਨਾ ਭਰੀ ਬੇਨਤੀ ਕਰਨ, ਤਾਂ ਚੁਪੀਤੇ ਹੀ* ਰਾਣੀ ਦੀ ਤਾਕਤ ਖ਼ਤਮ ਹੋ ਜਾਵੇਗੀ, ਕਿਉਂਕਿ ਇਹ ਗੱਲ ਸਾਫ਼ ਤੌਰ 'ਤੇ ਲਿਖਤ ਵਿਚ ਲਿਆਂਦੀ ਜਾਵੇਗੀ, ਕਿ ਨੌਜਵਾਨ ਮਹਾਰਾਜੇ ਦੇ ਰਖਵਾਲੇ (Gaurdian) ਦੀ ਹੈਸੀਅਤ ਵਿਚ ਤੇ ਰਾਜ ਪਰਬੰਧ ਕਰਨ ਲਈ ਮਹਾਰਾਜੇ ਦੀ ਤਰਫ਼ੋਂ ਕਾਰ-ਮੁਖ਼ਤਿਆਰੀ ਦੇ ਸਾਰੇ ਅਖ਼ਤਿਆਰ ਦੇ ਕੰਮ ਸਰਕਾਰ ਅੰਗਰੇਜ਼ੀ ਦੇ ਹੱਥਾਂ ਵਿਚ ਰਹਿਣ।"

ਫਿਰ ੧੨ ਦਸੰਬਰ ਦੀ ਚਿੱਠੀ ਵਿਚ ਹਾਰਡਿੰਗ, 'ਕਰੀ' ਨੂੰ ਲਿਖਦਾ ਹੈ, "ਸਿੱਖ ਦਰਬਾਰ ਵੱਲੋਂ ਇਹ ਸ਼ਰਤ ਪੇਸ਼ ਕਰਨ ਲਈ, ਅਰਥਾਤ ਸਾਡੀ ਮਦਦ ਦੇ ਜਾਰੀ ਰਹਿਣ ਦੇ ਮੁੱਲ ਵਜੋਂ ਕਿਸੇ ਵੀ ਸਾਡੀ ਸ਼ਰਤ ਨੂੰ ਪਰਵਾਨ ਕਰ ਲੈਣ ਲਈ ਰਜ਼ਾਮੰਦੀ ਹਾਸਲ ਕਰਨ ਵਾਸਤੇ, ਹਿੰਮਤ ਨਾਲ ਉਹਨਾਂ ਦੇ

---

*੭ ਦਸੰਬਰ, ੧੯੪੬ ਈ. ਨੂੰ ਹਾਰਡਿੰਗ 'ਕਰੀ' ਨੂੰ ਲਿਖਦਾ ਹੈ-"ਸਾਡੇ ਲਾਹੌਰ ਵਿਚ ਕਬਜ਼ਾ ਰਾਜੀ ਰੱਖਣ ਦੇ ਕਿਸੇ ਵੀ ਅਹਿਦਨਾਮੇ ਵਿਚ ਇਹ ਸ਼ਰਤ ਹੋਣੀ ਅਤੀ ਜ਼ਰੂਰੀ ਹੈ, ਕਿ ਮਹਾਰਾਣੀ ਦੇ ਹੱਥ ਵਿਚ ਕੋਈ ਤਾਕਤ ਨਾ ਰਹੇ।"

ਪਿੱਛੇ ਲੱਗੇ ਰਹੇ। ਵਾਧੂ ਸ਼ਰਤਾਂ ਦੇ ਮੁਖਬੰਧ ਵਿਚ ਇਹ ਬੇਨਤੀ ਐਨ ਸਾਫ਼ ਤੌਰ 'ਤੇ ਉਹਨਾਂ (ਸਿੱਖਾਂ) ਵੱਲੋਂ ਹੋਣੀ ਜ਼ਰੂਰੀ ਹੈ।"

ਹੈਨਰੀ ਲਾਰੰਸ ਤੇ 'ਕਰੀ' ਨੇ ਆਪਣੇ ਸਹਿਮਤ ਸਰਦਾਰਾਂ ਨੂੰ ਹੋਣ ਵਾਲੀ ਸੁਲ੍ਹਾ ਵਾਸਤੇ ਰਾਜ਼ੀ ਕਰ ਲਿਆ। ਨਵੇਂ ਪਰਬੰਧ ਵਿਚ ਉਹਨਾਂ ਦੀਆਂ ਜਾਗੀਰਾਂ ਕਾਇਮ ਰਹਿਣ ਦਾ ਭਰੋਸਾ ਦਿਵਾਇਆ ਗਿਆ। ਅੰਗਰੇਜ਼ਾਂ ਦੀ ਚਾਲ ਨੇ ਲਾਹੌਰ ਦਰਬਾਰ ਦੇ ਸਰਦਾਰਾਂ ਦੇ ਦੋ ਧੜੇ ਕਰ ਦਿੱਤੇ। ਤੇਜ ਸਿੰਘ ਦਾ ਧੜਾ ਚਾਹੁੰਦਾ ਸੀ, ਕਿ ਹਰ ਤਰ੍ਹਾਂ ਦੀਆਂ ਸ਼ਰਤਾਂ ਮੰਨ ਕੇ ਅੰਗਰੇਜ਼ਾਂ ਨੂੰ ਲਾਹੌਰ ਟਿਕਾਈ ਰੱਖਿਆ ਜਾਵੇ। ਦੀਨਾਨਾਥ ਤੇ ਮਹਾਰਾਣੀ ਦਾ ਧੜਾ ਅੰਗਰੇਜ਼ਾਂ ਤੋਂ ਹਰ ਤਰ੍ਹਾਂ ਸੁਤੰਤਰ ਹੋਣਾ ਚਾਹੁੰਦਾ ਸੀ। ਇਹਨਾਂ ਦੋਹਾਂ ਧੜਿਆਂ ਵਿਚ ਖਿੱਚੋਤਾਣ ਵਧਦੀ ਵੇਖ ਕੇ ਕੁਛ ਪਤਵੰਤਿਆਂ ਨੇ ਵਿਚ ਪੈ ਕੇ ਸਮਝੌਤਾ ਕਰਾਇਆ, ਕਿ ਦੋ ਪਲਟਣਾਂ ਤੇ ਏਜੰਟ ਨੂੰ ਕੁਛ ਮਹੀਨੇ ਹੋਰ ਲਾਹੌਰ ਰਖ ਲਿਆ ਜਾਵੇ। ਸੋ ਮਹਾਰਾਜਾ ਦਲੀਪ ਸਿੰਘ ਵੱਲੋਂ ਸਰਕਾਰ ਹਿੰਦ ਦੇ ਸਕੱਤਰ ਫ਼ਰੈਡਰਿਕ ਕਰੀ ਦੇ ਨਾਮ ੩੦ ਮਘਰ, ੧੯੦੩ ਬਿ. (੧੪ ਦਸੰਬਰ, ੧੯੪੬ ਈ.) ਨੂੰ ਇਹ ਚਿੱਠੀ ਲਿਖੀ ਗਈ :

**ਲਾਹੌਰ ਦਰਬਾਰ ਵੱਲੋਂ ਦਰਖ਼ਾਸਤ**

"ਕਿਉਂਕਿ ਗਵਰਨਰ-ਜੈਨਰਲ ਇਸ ਰਾਜ ਨੂੰ ਕਾਇਮ ਰੱਖਣ ਦਾ ਚਾਹਵਾਨ ਹੈ, ਇਸ ਲਈ ਇਹ ਗੱਲ ਚੰਗੀ ਨਹੀਂ, ਕਿ ਏਥੇ ਠਹਿਰੀ ਹੋਈ ਸਾਰੀ ਦੀ ਸਾਰੀ ਫ਼ੌਜ ਨੂੰ ਹੋਰ ਜ਼ਿਆਦਾ ਖੇਚਲ ਦਿੱਤੀ ਜਾਏ, ਪਰ ਮੁਲਕ ਦੇ ਪਰਬੰਧ ਦੀ ਜ਼ਰੂਰਤ ਦਾ ਖ਼ਿਆਲ ਕਰ ਕੇ ਤੇ ਇਹ ਵੇਖਕੇ, ਕਿ ਫ਼ੌਜ ਹਟਾ ਲੈਣ ਦਾ ਵੇਲਾ ਨੇੜੇ ਆ ਗਿਆ ਹੈ, ਇਹ ਆਸ ਕੀਤੀ ਜਾਂਦੀ ਹੈ, ਕਿ ਏਜੰਟ ਤੇ ਦੋ ਪਲਟਣਾਂ ਇਕ ਰਸਾਲਾ ਤੇ ਇਕ ਬਾਤਰੀ ਕੁਝ ਮਹੀਨਿਆਂ ਲਈ ਏਥੇ ਠਹਿਰੇ ਰਹਿਣ ਦਿੱਤੇ ਜਾਣ, ਜਿਸ ਸਮੇਂ ਵਿਚ ਬਾਕੀ ਰਹਿੰਦੇ ਰਾਜ-ਪਰਬੰਧ ਨੂੰ ਲੋੜੀਂਦੇ ਹੱਦ ਤਕ ਮੁਕੰਮਲ ਕਰ ਲਿਆ ਜਾਏਗਾ। ਇਸ ਗੱਲ ਵਿਚ ਕੋਈ ਸ਼ੱਕ ਨਹੀਂ, ਕਿ ਪਹਿਲੇ ਅਹਿਦਨਾਮੇ ਅਨੁਸਾਰ ਹੈਨਰੀ ਲਾਰੰਸ ਰਾਜ-ਪਰਬੰਧ ਕਾਇਮ ਕਰਨ ਲਈ ਹਰ ਪ੍ਰਕਾਰ ਦੀ ਸਹਾਇਤਾ ਕਰਦਾ ਰਹੇਗਾ।"

ਹਾਰਡਿੰਗ ਦੀ ਘਬਰਾਹਟ

'ਕਰੀ' ਕੋਲੋਂ ਇਹ ਸੁਣ ਕੇ ਹਾਰਡਿੰਗ ਬੜਾ ਘਬਰਾਇਆ। ਏਸ ਤਰ੍ਹਾਂ ਦੀ ਸਹਾਇਤਾ ਦੇਣੀ ਉਸਦੇ ਇਰਾਦੇ ਦੇ ਉਲਟ ਸੀ। ਉਹ ਪੰਜਾਬ ਨੂੰ ਬੜੀਆਂ ਕਰੜੀਆਂ ਸ਼ਰਤਾਂ ਵਿਚ ਜਕੜਨਾ ਚਾਹੁੰਦਾ ਸੀ। ਉਸਨੇ ਮੋੜਵੀਂ ਡਾਕੇ 'ਕਰੀ' ਨੂੰ ਲਿਖਿਆ : "ਪੰਜਾਬ ਵਿਚ ਐਸੇ ਦੇਸੀ ਪਰਬੰਧ ਚਲਾਉਣ ਲਈ, ਜਿਸਦੇ ਨਕਾਰਾ, ਬੇ-ਇਨਸਾਫ਼ ਤੇ ਸਾਜ਼ਸ਼ਾਂ ਭਰਿਆ ਹੋਣ ਦੇ ਸਾਨੂੰ ਤਾਜ਼ਾ ਤਜਰਬੇ ਹੋ ਚੁੱਕੇ ਹਨ, ਅੰਗਰੇਜ਼ੀ ਫ਼ੌਜ ਨਾਲ ਸਹਾਇਤਾ ਨਾ ਕਰਨ ਲਈ ਮੈਂ ਪੱਕਾ ਇਰਾਦਾ ਕੀਤਾ ਹੋਇਆ ਹੈ। ਇਸ ਲਈ ਐਸੇ ਪਰਬੰਧ ਦੀ ਸਹਾਇਤਾ ਲਈ ਅੰਗਰੇਜ਼ੀ ਫ਼ੌਜ ਦੇਣ ਦੀ ਮੈਂ ਰਜ਼ਾਮੰਦੀ ਨਹੀਂ ਦਿਆਂਗਾ, ਜਿਸ 'ਤੇ ਕੋਈ ਭਰੋਸਾ ਨਾ ਕੀਤਾ ਜਾ ਸਕੇ। ਦੋ ਪਿਆਦਾ ਪਲਟਨਾਂ, ਇਕ ਰਸਾਲਾ ਤੇ ਇਕ ਤੋਪਖ਼ਾਨਾ ਬਾਤਰੀ ਦੀ ਤਜਵੀਜ਼ ਇਤਨੀ ਫ਼ਜ਼ੂਲ ਹੈ, ਕਿ ਮੈਂ ਇਸਨੂੰ ਇਸ ਗੱਲ ਦੇ ਤੁੱਲ ਸਮਝਦਾ ਹਾਂ, ਕਿ ਉਹ ਸਾਡੇ ਦਖ਼ਲ ਦੇ ਬਗ਼ੈਰ ਆਪਣਾ ਰਾਜ-ਪਰਬੰਧ ਆਪ ਕਰਨ ਦੀ ਇੱਛਿਆ ਰਖਦੇ ਹਨ। ........ ਮੈਂ ਹੀ ਸਭ ਤੋਂ ਚੰਗੀ ਤਰ੍ਹਾਂ ਉਹ ਫ਼ੈਸਲਾ ਦੇ ਸਕਦਾ ਹਾਂ, ਕਿ ਲਾਹੌਰ ਵਿਚ ਕਿੰਨੀ ਫ਼ੌਜ ਰਖਣੀ ਯੋਗ ਹੈ..........।"

ਹਾਰਡਿੰਗ ਦੀ ਦਿਲੀ ਇੱਛਿਆ ਨੂੰ ਜਾਣਦੇ ਹੋਏ 'ਕਰੀ' ਨੇ ਮਹਾਰਾਜੇ ਦੀ ੧੪ ਦਸੰਬਰ ਦੀ ਚਿੱਠੀ 'ਮਹਾਰਾਜੇ ਦੀ ਬੇਨਤੀ' ਦੱਸ ਕੇ ਇਉਂ ਜਵਾਬ ਦਿੱਤਾ : "ਤੁਹਾਡੀ ਇਹ ਬੇਨਤੀ, ਕਿ ਲਾਹੌਰ ਵਿਚ ਇਸ ਵੇਲੇ ਮੌਜੂਦਾ ਅੰਗਰੇਜ਼ੀ ਫ਼ੌਜ ਦਾ ਕੁਛ ਹਿੱਸਾ ਤੇ ਗਵਰਨਰ-ਜੇਨਰਲ ਦਾ ਏਜੰਟ ਮੁਕੱਰਰ ਕੀਤੇ ਹੋਏ ਸਮੇਂ ਦੇ ਮੁੱਕਣ ਤੋਂ ਪਿਛੋਂ ਕੁਛ ਚਿਰ ਹੋਰ ਠਹਿਰੇ ਤੇ ਜਿਸਦਾ ਠਹਿਰਨਾ ਮੁਲਕ ਦਾ ਰਾਜ ਪਰਬੰਧ ਕਰਨ ਲਈ ਤੁਸੀਂ ਬੜਾ ਜ਼ਰੂਰੀ ਸਮਝਦੇ ਹੋ, ਪਿਛਲੇ ੧੧ ਮਾਰਚ ਦੇ ਅਹਿਦਨਾਮੇ ਦੀਆਂ ਸ਼ਰਤਾਂ ਦੇ ਵਿਰੁੱਧ ਜਾਂਦਾ ਹੈ ਤੇ ਬੜਾ ਜ਼ਰੂਰੀ ਮਾਮਲਾ ਹੈ। ਮੈਨੂੰ ਇਹ ਜ਼ਰੂਰੀ ਮਾਲੂਮ ਹੁੰਦਾ ਹੈ, ਕਿ ਲਾਹੌਰ ਦਰਬਾਰ ਦੇ ਦਰਬਾਰੀ ਤੇ ਲਾਹੌਰ ਰਾਜ ਦੇ ਸ਼ੁਭ ਚਿੰਤਕ ਹੋਰ ਸਰਦਾਰ ਭਲਕੇ ਮੇਰੇ ਦਰਬਾਰ ਦੇ ਤੰਬੂ ਵਿਚ ਇਕੱਠੇ ਹੋਣ, ਜਦ ਕਿ ਮੈਂ ਉਹਨਾਂ ਦੇ ਸਾਹਮਣੇ ਉਹ ਸ਼ਰਤਾਂ ਰੱਖ ਦਿਆਂਗਾ, ਕੇਵਲ ਜਿੰਨ੍ਹਾਂ ਉੱਤੇ ਗਵਰਨਰ-ਜੇਨਰਲ ਉਪਰੋਕਤ ਅਹਿਦਨਾਮੇ ਵਿਚ ਕੋਈ ਅਦਲਾ ਬਦਲੀ ਕਰਨ ਨੂੰ ਤਿਆਰ ਹੋ

ਸਕਦਾ ਹੈ, ਤੇ ਇਹ ਗੱਲ ਚੰਗੀ ਹੋਵੇਗੀ, ਕਿ ਉਹ ਦਰਬਾਰੀ ਉਹਨਾਂ ਸ਼ਰਤਾਂ ਨੂੰ ਮੰਨਣ, ਜਾਂ ਨਾ ਮੰਨਣ ਸੰਬੰਧੀ ਆਖ਼ਰੀ ਫ਼ੈਸਲਾ ਦੇ ਸਕਣ ਲਈ ਤਿਆਰ ਹੋ ਕੇ ਆਉਣ, ਤਾਂਕਿ ਇਹ ਮਾਮਲਾ ਨਜਿਠਿਆ ਜਾ ਸੱਕੇ ਤੇ ਅੰਗਰੇਜ਼ੀ ਫ਼ੌਜ ਦੇ ਚਾਲੇ ਪਾਉਣ ਸੰਬੰਧੀ ਜ਼ਰੂਰੀ ਹੁਕਮ ਦਿੱਤੇ ਜਾ ਸੱਕਣ।"

ਅਗਲੇ ਦਿਨ 'ਕਰੀ' ਦੇ ਤੰਬੂ ਵਿਚ ਸਾਰੇ ਸਰਦਾਰ ਕੱਠੇ ਹੋਏ, ਜਿੰਨ੍ਹਾਂ ਵਿਚੋਂ ਬਹੁਤਿਆਂ ਨਾਲ ਅੰਦਰੋਂ ਅੰਦਰ ਪਹਿਲਾਂ ਹੀ ਫ਼ੈਸਲਾ ਕਰ ਲਿਆ ਗਿਆ ਸੀ ਤੇ ਜਿੰਨ੍ਹਾਂ ਨੂੰ ਜਾਗੀਰ ਦੇ ਕਾਇਮ ਰੱਖਣ ਦਾ ਭਰੋਸਾ ਚੰਗੀ ਤਰ੍ਹਾਂ ਦਿੱਤਾ ਜਾ ਚੁੱਕਾ ਸੀ। ਮਹਾਰਾਣੀ ਜਿੰਦ ਕੌਰ ਨੂੰ ਜਾਣ ਬੁਝ ਕੇ ਏਸ ਦਰਬਾਰ ਵਿਚ ਸ਼ਾਮਲ ਨਹੀਂ ਕੀਤਾ ਗਿਆ, ਕਿਉਂਕਿ ਡਰ ਸੀ, ਕਿ ਉਹ ਇਹ ਸ਼ਰਤਾਂ ਨਹੀਂ ਮੰਨੇਗੀ। 'ਕਰੀ' ਨੇ ਅਹਿਦਨਾਮੇਂ ਦੀਆਂ ਸ਼ਰਤਾਂ ਪੜ੍ਹ ਕੇ ਸੁਣਾਈਆਂ। ਤੇਜ ਸਿੰਘ ਦੇ ਧੜੇ ਨੇ 'ਸਭ ਅੱਛਾ' ਦਾ ਰੌਲਾ ਪਾ ਦਿੱਤਾ। ਹਾਂ, ਦੀਵਾਨ ਦੀਨਾ ਨਾਥ ਨੇ ਇਹ ਇੱਛਿਆ ਪਰਗਟ ਕੀਤੀ, ਕਿ ਥੋੜ੍ਹੀ ਦੇਰ ਲਈ ਦਰਬਾਰ ਮੁਲਤਵੀ ਕਰ ਦਿੱਤਾ ਜਾਵੇ, ਤਾਂਕਿ ਦਰਬਾਰੀ ਮਹਾਰਾਣੀ ਦੀ ਸਲਾਹ ਲੈ ਸਕਣ। ਅੱਗੋਂ 'ਕਰੀ' ਨੇ ਕਿਹਾ, ਕਿ ਗਵਰਨਰ-ਜੈਨਰਲ ਮਹਾਰਾਣੀ ਦੀ ਸਲਾਹ ਨਹੀਂ ਪੁੱਛ ਰਿਹਾ, ਰਾਜ ਦੇ ਸਰਦਾਰਾਂ ਤੇ ਥੰਮ੍ਹਾਂ ਦੀ ਸਲਾਹ ਪੁੱਛ ਰਿਹਾ ਹੈ। ਸਰਕਾਰ ਦੇ ਸਕੱਤਰ ਵੱਲੋਂ ਇਸ ਸਖ਼ਤ ਤੇ ਰੁੱਖੇ ਇਸ਼ਾਰੇ ਤੋਂ ਦਰਬਾਰੀ ਤੇ ਸਰਦਾਰ, ਸਰਕਾਰ ਦੇ ਮਨ ਤੇ ਅੰਦਰਲੀ ਨੀਅਤ ਨੂੰ ਸਮਝ ਗਏ। ਵਿਰੋਧੀ ਅਵਾਜ਼ ਜੇ ਕੋਈ ਉਠਣੀ ਵੀ ਸੀ, ਤਾਂ ਉਹ ਦਬ ਗਈ।*

ਏਸ ਘਟਨਾ ਤੋਂ ਥੋੜ੍ਹੇ ਹੀ ਦਿਨ ਪਹਿਲਾਂ, ਲਾਲ ਸਿੰਘ ਨੂੰ ਵਜ਼ਾਰਤ ਤੋਂ ਹਟਾ ਕੇ ਦੇਸ-ਨਿਕਾਲਾ ਦਿੱਤਾ ਗਿਆ ਸੀ। ਏਸ ਗੱਲ ਤੋਂ ਵੀ ਕੁਛ ਸਰਦਾਰ ਡਰ ਗਏ ਜਾਪਦੇ ਸਨ। ਸੋ, ਦੀਨਾ ਨਾਥ ਨਾਲ ਹੋਏ ਇਸ ਵਰਤਾਉ ਤੋਂ ਪਿੱਛੋਂ ਕੋਈ ਨਾ ਬੋਲਿਆ। ਇਸ ਹਾਲਾਤ ਥੱਲੇ 'ਭਰੋਵਾਲ' ਦੀ ਸੁਲ੍ਹਾ ਪੱਕੀ ਹੋਈ, ਜੋ ਮਹਾਰਾਣੀ ਦੀ ਮਰਜ਼ੀ ਦੇ ਵਿਰੁਧ ਤੇ ਹਾਰਡਿੰਗ ਦੀ ਜ਼ੋਰਦਾਰ ਇੱਛਿਆ ਅਨੁਸਾਰ ਹੋਈ। ਏਸ ਤੋਂ ਪਿਛੋਂ ਪੰਜਾਬ ਵਿਚ ਜਿੰਨੇ ਬਥੇੜੇ ਖੜੇ

* Henry Lawrence to Govt. 17 Dec. 1846. ਹੈਨਰੀ ਲਾਰੰਸ, ਸਰਕਾਰ ਹਿੰਦ ਨੂੰ।

ਹੋਏ, ਸਭ ਦਾ ਮੁਢਲਾ ਕਾਰਨ ਇਹ 'ਸੁਲ੍ਹਾ' ਹੈ। ਜੇ ਇਹ ਅਹਿਦਨਾਮਾ ਬਦੋਬਦੀ ਪੰਜਾਬ ਦੇ ਸਿਰ ਨਾ ਮੜ੍ਹਿਆ ਜਾਂਦਾ, ਤਾਂ ਪਿੱਛੋਂ ਹੋਣ ਵਾਲੀ ਗੜਬੜ ਬਿਲਕੁਲ ਨਾ ਹੁੰਦੀ।

ਲਾਹੌਰ ਨਾਲ ਦੂਜਾ ਅਹਿਦਨਾਮਾ ੧੬ ਦਸੰਬਰ ੧੮੪੬ ਈ. ਨੂੰ ਲਾਹੌਰ ਵਿਚ ਪੱਕਾ ਹੋਇਆ ਤੇ ਭਰੋਵਾਲ ੨੨ ਦਸੰਬਰ, ੧੮੪੬ ਈ. ਨੂੰ ਗਵਰਨਰ-ਜੇਨਰਲ ਨੇ ਤਸਦੀਕ ਕੀਤਾ, ਜੋ 'ਭਰੋਵਾਲ ਦੀ ਸੁਲ੍ਹਾ' ਦੇ ਨਾਮ ਨਾਲ ਮਸ਼ਹੂਰ ਹੈ।

# ਭਰੋਵਾਲ ਦੀ ਸੁਲ੍ਹਾ

ਕੈਂਪ ਭਰੋਵਾਲ ਘਾਟ, ੨੨ ਦਸੰਬਰ, ੧੮੪੬ ਈ.

"ਕਸ਼ਮੀਰ ਦੇ ਪੁਰਾਣੇ ਗਵਰਨਰ ਸ਼ੇਖ਼ ਇਮਾਮੁੱਦੀਨ-ਜੋ ਲਾਹੌਰ ਦਰਬਾਰ ਵੱਲੋਂ ਸੀ-ਨੇ ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦਾ ਕਬਜ਼ਾ ਕਰਨ ਤੋਂ ਹਥਿਆਰਾਂ ਨਾਲ ਰੋਕਿਆ। ਲਾਹੌਰ ਦਰਬਾਰ ਨੂੰ ਕਿਹਾ ਗਿਆ, ਕਿ ਉਹ ਆਪਣੀ ਪਰਜਾ ਨੂੰ ਕਾਬੂ ਕਰੇ ਤੇ ੯ ਮਾਰਚ, ੧੮੪੬ ਈ. ਦੀ ਸੁਲ੍ਹਾ ਦੀਆਂ ਸ਼ਰਤਾਂ ਨੂੰ ਪੂਰੀਆਂ ਕਰਦਿਆਂ ਹੋਇਆਂ ਕਸ਼ਮੀਰ ਦਾ ਸੂਬਾ ਅੰਗਰੇਜ਼ੀ ਸਰਕਾਰ ਦੇ ਥਾਪੇ ਹੋਏ-ਰਾਜਾ ਗੁਲਾਬ ਸਿੰਘ-ਦੇ ਹਵਾਲੇ ਕਰ ਦੇਵੇ।

"ਉਪਰਲਾ ਕੰਮ ਪੂਰਾ ਕਰਨ ਲਈ ਲਾਹੌਰ ਦਰਬਾਰ ਤੇ ਰਾਜਾ ਗੁਲਾਬ ਸਿੰਘ ਦੀਆਂ ਫ਼ੌਜਾਂ ਦੀ ਮਦਦ ਵਾਸਤੇ, ਲੋੜ ਪਈ 'ਤੇ ਇਕ ਅੰਗਰੇਜ਼ੀ ਫ਼ੌਜ ਲਾਈ ਗਈ।

"ਸ਼ੇਖ਼ ਇਮਾਮੁੱਦੀਨ ਨੇ ਸਰਕਾਰ ਅੰਗਰੇਜ਼ੀ ਨੂੰ ਦੱਸਿਆ, ਕਿ ਉਹਨੇ ਇਹ ਕੁਝ ਲਾਹੌਰ ਦਰਬਾਰ ਦੇ ਹੁਕਮ ਨਾਲ ਕੀਤਾ ਸੀ, ਤੇ ਇਹ ਹੁਕਮ ਉਹਨੂੰ ਰਾਜਾ ਲਾਲ ਸਿੰਘ 'ਵਜ਼ੀਰ' ਵੱਲੋਂ ਲਿਖਤੀ ਪੁੱਜਾ ਸੀ।

ਸ਼ੇਖ਼ ਇਮਾਮੁੱਦੀਨ ਨੇ ਏਸ ਸ਼ਰਤ ਉੱਤੇ ਅੰਗਰੇਜ਼ੀ ਏਜੰਟ ਦੇ ਸਾਹਮਣੇ ਹਥਿਆਰ ਰੱਖੇ, ਕਿ ਜੇ ਉਹ ਸਾਬਤ ਕਰ ਦੇਵੇ, ਕਿ ਉਹਨੇ ਇਹ ਟਾਕਰਾ ਲਾਹੌਰ ਵਜ਼ੀਰ ਦੇ ਹੁਕਮ ਨਾਲ ਕੀਤਾ ਹੈ, ਤਾਂ ਉਹਨੂੰ ਅੰਗਰੇਜ਼ੀ ਏਜੰਟ ਭਰੋਸਾ ਦੁਆਵੇ, ਕਿ ਲਾਹੌਰ ਦਰਬਾਰ ਵੱਲੋਂ ਉਹਨੂੰ (ਸ਼ੇਖ਼ ਨੂੰ) ਜਾਨੀ ਜਾਂ ਮਾਲੀ ਕੋਈ ਨੁਕਸਾਨ ਨਹੀਂ ਹੋਵੇਗਾ। ਅੰਗਰੇਜ਼ੀ ਏਜੰਟ ਨੇ ਸਹੁੰ ਖਾ ਕੇ ਕਿਹਾ, ਕਿ ਸਰਕਾਰ ਵੱਲੋਂ ਏਸ ਗੱਲ ਦੀ ਪੂਰੀ ਤੇ ਸੱਚੀ ਪੜਤਾਲ ਹੋਵੇਗੀ।

"ਸ਼ੇਖ਼ ਇਮਾਮੁੱਦੀਨ ਦੇ ਕਹਿਣ ਉੱਤੇ ਖੁੱਲ੍ਹੀ ਲੋਕ-ਸਭਾ ਵਿਚ ਪੜਤਾਲ ਹੋਈ ਤੇ ਇਹ ਪੂਰੀ ਤਰ੍ਹਾਂ ਸਿੱਧ ਹੋਇਆ, ਕਿ ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦੇ ਕਬਜ਼ੇ ਤੋਂ ਰੋਕਣ ਵਾਸਤੇ ਰਾਜਾ ਲਾਲ ਸਿੰਘ ਗੁਪਤ ਤੌਰ 'ਤੇ ਸ਼ੇਖ਼ ਨੂੰ ਲਿਖਦਾ ਰਿਹਾ ਹੈ।

"ਗਵਰਨਰ-ਜੈਨਰਲ ਨੇ, ਲਾਹੌਰ ਦਰਬਾਰ ਦੇ ਸਰਦਾਰਾਂ ਤੇ ਵਜ਼ੀਰਾਂ ਪਾਸੋਂ ਮੰਗ ਕੀਤੀ, ਕਿ ਉਹ ਰਾਜਾ ਲਾਲ ਸਿੰਘ 'ਵਜ਼ੀਰ' ਨੂੰ ਅੰਗਰੇਜ਼ੀ ਸੂਬਿਆਂ ਵਿਚ ਦੇਸ ਨਿਕਾਲਾ ਦੇ ਦੇਣ।

"ਗਵਰਨਰ-ਜੈਨਰਲ ਨੇ, ਇਸ ਕੰਮ (ਸੁਲ੍ਹਾ ਦੀ ਵਿਰੋਧਤਾ) ਬਦਲੇ ਵਜ਼ੀਰ ਲਾਲ ਸਿੰਘ ਨੂੰ ਦੇਸ ਨਿਕਾਲਾ ਦੇ ਦੇਣਾ ਕਾਫ਼ੀ ਸਜ਼ਾ ਸਮਝੀ। ਫਿਰ ਸਾਬਤ ਹੋ ਗਿਆ, ਕਿ ਸਿੱਖ ਕੌਮ ਨੇ ਤੇ ਹੋਰ ਸਿੱਖ ਸਰਦਾਰਾਂ ਨੇ ਵਜ਼ੀਰ ਦੇ ਏਸ ਜੁਰਮ ਵਿਚ ਕੋਈ ਹਿੱਸਾ ਨਹੀਂ ਲਿਆ।

"ਵਜ਼ੀਰਾਂ ਤੇ ਸਰਦਾਰਾਂ ਨੇ ਸਰਬ ਸੰਮਤੀ ਨਾਲ ਲਾਲ ਸਿੰਘ ਨੂੰ ਦੇਸ-ਨਿਕਾਲੇ ਦਾ ਹੁਕਮ ਦਿੱਤਾ।

"ਕੁਛ ਦਿਨਾਂ ਦੀ ਸੋਚ ਵਿਚਾਰ ਪਿਛੋਂ ਲਾਹੌਰ ਦਰਬਾਰ ਦੇ ਮੈਂਬਰਾਂ ਨੇ ਰਾਜ ਦੇ ਸਾਰੇ ਸਰਦਾਰਾਂ ਤੇ ਅਮੀਰਾਂ ਦੀ ਸਲਾਹ ਨਾਲ ਅੰਗਰੇਜ਼ੀ ਸਰਕਾਰ ਪਾਸ ਬੇਨਤੀ ਕੀਤੀ, ਕਿ ਉਹ ਆਪਣੀ ਛਤਰ ਛਾਇਆ ਹੇਠ ਲਾਹੌਰ ਵਿਚ ਇਕ ਗੌਰਮਿੰਟ ਬਣਾਵੇ, ਜਿਸ ਦੁਆਰਾ ਬਾਲ ਅਵਸਥਾ ਵਿਚ ਮਹਾਰਾਜਾ ਦਲੀਪ ਸਿੰਘ ਦੀ ਰੱਖਿਆ ਕੀਤੀ ਜਾਵੇ।

"ਦਰਬਾਰ ਤੇ ਸਰਦਾਰਾਂ ਦੀ ਇਹ ਬੇਨਤੀ ਕਰਨ 'ਤੇ ਉਸ ਸੁਲ੍ਹਾ ਵਿਚ ਕੁਛ ਵਾਧਾ ਘਾਟਾ ਕੀਤਾ ਗਿਆ, ਜੋ ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ੯ ਮਾਰਚ ੧੮੪੬ ਈ. ਨੂੰ ਹੋਈ ਸੀ।

**੧੬ ਦਸੰਬਰ, ੧੮੪੬ ਈ. ਦੀਆਂ ਸ਼ਰਤਾਂ**

"ਏਸ ਅਹਿਦਨਾਮੇ ਦੀਆਂ ਹੇਠ ਲਿਖੀਆਂ ਸ਼ਰਤਾਂ ਪੱਕੀਆਂ ਹੋਈਆਂ। ਇਹ ਸੁਲ੍ਹਾ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿੱਚ ੧੬ ਦਸੰਬਰ, ੧੮੪੬ ਈ: ਨੂੰ ਹੋਈ।

"ਕਿਉਂਕਿ ਲਾਹੌਰ ਦਰਬਾਰ ਤੇ ਰਾਜ ਦੇ ਖ਼ਾਸ ਸਰਦਾਰਾਂ ਤੇ ਅਮੀਰਾਂ ਨੇ ਅੰਗਰੇਜ਼ੀ ਸਰਕਾਰ ਪਾਸ ਖੁੱਲ੍ਹੇ ਸ਼ਬਦਾਂ ਵਿਚ ਇੱਛਿਆ ਪਰਗਟ ਕੀਤੀ ਹੈ, ਕਿ ਗਵਰਨਰ-ਜੈਨਰਲ ਲਾਹੌਰ ਦੀ ਸਰਕਾਰ ਨੂੰ ਚਲਾਉਣ ਵਿਚ ਪੂਰੀ

ਮਦਦ ਦੇਵੇ, ਜਦੋਂ ਤਕ ਮਹਾਰਾਜਾ ਦਲੀਪ ਸਿੰਘ ਜੁਆਨ ਨਹੀਂ ਹੁੰਦਾ ਤੇ ਇਹ ਕਾਰਜ ਬੜਾ ਜ਼ਰੂਰੀ ਦੱਸਿਆ ਗਿਆ। ਕਿਉਂਕਿ ਗਵਰਨਰ ਜੇਨਰਲ ਨੇ ਕੁਛ ਲੋੜੀਂਦੀਆਂ ਸ਼ਰਤਾਂ ਥੱਲੇ ਇਹ ਮਦਦ ਦੇਣੀ ਪਰਵਾਨ ਕਰ ਲਈ ਹੈ, ਸੋ ਹੇਠ ਲਿਖੇ ਅਹਿਦਨਾਮੇ ਦੀਆਂ ਸ਼ਰਤਾਂ ੧੧ ਮਾਰਚ, ੧੮੪੬ ਈ. ਦੀ ਸੁਲ੍ਹਾ ਵਿਚ ਵਾਧਾ ਕਰਨਗੀਆਂ। ਇਹ ਅਹਿਦਨਾਮਾ ਅੰਗਰੇਜ਼ੀ ਸਰਕਾਰ ਵੱਲੋਂ ਫ਼ਰੈਡਰਿਕ ਕਰੀ (ਸਰਕਾਰ ਹਿੰਦ ਦਾ ਸਕੱਤਰ) ਤੇ ਲੈਫ਼ਟੀਨੈਂਟ ਕਰਨਲ ਹੈਨਰੀ ਮਿੰਟਗੁਮਰੀ ਲਾਰੰਸ (ਜੋ ਉੱਤਰ ਪੱਛਮੀ ਹੱਦ ਉੱਤੇ ਗਵਰਨਰ-ਜੇਨਰਲ ਦਾ ਏਜੰਟ ਸੀ) ਜਿਨ੍ਹਾਂ ਨੂੰ ਗਵਰਨਰ-ਜੇਨਰਲ ਹਾਰਡਿੰਗ ਵੱਲੋਂ ਪੂਰੇ ਅਖ਼ਤਿਆਰ ਸਨ, ਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਸ. ਤੇਜ ਸਿੰਘ, ਰਾ. ਸ਼ੇਰ ਸਿੰਘ, ਦੀਵਾਨ ਦੀਨਾ ਨਾਥ, ਫ਼ਕੀਰ ਨੂਰੁੱਦੀਨ, ਰਾਏ ਕਿਸ਼ਨ ਚੰਦ, ਸ. ਰਣਜੋਰ ਸਿੰਘ ਮਜੀਠਾ, ਸ. ਅਤਰ ਸਿੰਘ ਕਾਲਿਆਂ ਵਾਲਾ, ਭਾਈ ਨਿਧਾਨ ਸਿੰਘ, ਸ. ਕਾਹਨ ਸਿੰਘ ਮਜੀਠਾ, ਸ. ਸ਼ਮਸ਼ੇਰ ਸਿੰਘ, ਸ. ਲਾਲ ਸਿੰਘ ਮੁਰਾਰੀਆ, ਸ. ਕਿਹਰ ਸਿੰਘ ਸੰਧਾਵਾਲੀਆ, ਸ. ਅਰਜਨ ਸਿੰਘ ਤੇ ਲਾਹੌਰ ਵਿਚ ਕੱਠੇ ਹੋਏ ਹੋਰ ਸਰਦਾਰਾਂ ਵਿਚ ਹੋਇਆ।

੧. ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ੯ ਮਾਰਚ, ੧੮੪੬ ਈ. ਨੂੰ ਹੋਏ ਅਹਿਦਨਾਮੇ ਦੀ ਸ਼ਰਤ ਨੰਬਰ ੧੫ ਤੋਂ ਬਿਨਾਂ ਸਾਰੀਆਂ ਸ਼ਰਤਾਂ ਦੋਹਾਂ ਸਰਕਾਰਾਂ ਨੂੰ ਪੂਰੀਆਂ ਕਰਨੀਆਂ ਪੈਣਗੀਆਂ।

੨. ਗਵਰਵਰ-ਜੇਨਰਲ ਵੱਲੋਂ ਥਾਪਿਆ ਹੋਇਆ ਇਕ ਅੰਗਰੇਜ਼ੀ ਅਫ਼ਸਰ-ਸਣੇ ਆਪਣੇ ਮਾਤਹਿਤਾਂ ਦੇ-ਲਾਹੌਰ ਰਹੇਗਾ, ਤੇ ਉਸ ਅਫ਼ਸਰ ਨੂੰ ਰਾਜ ਦੇ ਹਰ ਇਕ ਮਹਿਕਮੇ ਤੇ ਹਰ ਤਰ੍ਹਾਂ ਦੇ ਕੰਮਾਂ ਵਿਚ ਪੂਰੇ ਤੇ ਸਿੱਧੇ ਅਖ਼ਤਿਆਰ ਹੋਣਗੇ।

੩. ਰਾਜ ਪਰਬੰਧ ਚਲਾਉਣ ਵੇਲੇ ਲੋਕਾਂ ਦੇ ਧਰਮ, ਕੌਮੀ ਰਸਮੋ-ਰਿਵਾਜ ਤੇ ਹਰ ਇਕ ਕੌਮ ਦੇ ਹਰ ਤਰ੍ਹਾਂ ਦੇ ਹੱਕਾਂ ਦਾ ਖ਼ਾਸ ਖ਼ਿਆਲ ਰਖਿਆ ਜਾਵੇਗਾ।

੪. ਰਾਜ ਪਰਬੰਧ ਵਿਚ ਕੋਈ ਖ਼ਾਸ ਤਬਦੀਲੀ ਨਹੀਂ ਕੀਤੀ ਜਾਵੇਗੀ, ਬਿਨਾਂ ਉਸਦੇ, ਜੋ ਲੋੜ ਪਈ 'ਤੇ ਉੱਪਰ ਲਿਖੇ ਕਾਰਜ ਨੂੰ ਚਲਾਉਣ ਬਦਲੇ ਕੀਤਾ ਜਾਵੇ, ਜੋ ਪਰਬੰਧ ਲਾਹੌਰ ਦਰਬਾਰ ਦਾ ਮਾਮਲਾ ਕੱਠਾ ਕਰਨ ਬਦਲੇ ਕੀਤਾ ਜਾਊ। ਇਹਨਾਂ ਸਾਰੇ ਕੰਮਾਂ ਉੱਤੇ ਓਹੋ ਦੇਸੀ ਅਫ਼ਸਰ ਰਹਿਣਗੇ, ਜੋ

ਹੁਣ ਕੰਮ ਕਰਦੇ ਹਨ, ਜਾਂ ਜਿਹੜੇ ਰਾਜ ਸਭਾ (ਰੀਜੈਂਸੀ ਕੌਂਸਲ) ਥਾਪੇਗੀ। ਇਸ ਕੌਂਸਲ ਦੇ ਮੈਂਬਰ ਵੱਡੇ ਵੱਡੇ ਸਰਦਾਰ ਹੋਣਗੇ, ਜੋ ਹਰ ਤਰ੍ਹਾਂ ਅੰਗਰੇਜ਼ੀ ਰੈਜ਼ੀਡੈਂਟ ਦੇ ਮਾਤਹਿਤ ਹੋਣਗੇ।

੫. ਹੇਠ ਲਿਖੇ ਸਰਦਾਰ ਕੌਂਸਲ ਦੇ ਮੈਂਬਰ ਹੋਣਗੇ :-ਸ: ਤੇਜ ਸਿੰਘ, ਰਾ. ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ ਦੀਨ, ਸ: ਰਣਜੋਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ: ਅਤਰ ਸਿੰਘ ਕਾਲਿਆਂ ਵਾਲਾ ਤੇ ਸ: ਸ਼ਮਸ਼ੇਰ ਸਿੰਘ ਸੰਧਾਂਵਾਲੀਆ। ਗਵਰਨਰ-ਜੈਨਰਲ ਦੇ ਬਣਾਏ ਹੋਏ ਰੈਜ਼ੀਡੈਂਟ ਦੀ ਮਰਜ਼ੀ ਤੋਂ ਬਿਨਾਂ ਉਹਨਾਂ ਥਾਪੇ ਹੋਏ (ਨਾਮਜ਼ਦ) ਮੈਂਬਰਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ।

੬. ਅੰਗਰੇਜ਼ੀ ਰੈਜ਼ੀਡੈਂਟ ਦੀ ਸਲਾਹ ਤੇ ਮਰਜ਼ੀ ਅਨੁਸਾਰ ਇਹ ਕੌਂਸਲ ਮੁਲਕ ਦਾ ਰਾਜ-ਪਰਬੰਧ ਕਰੇਗੀ ਤੇ ਅੰਗਰੇਜ਼ੀ ਰੈਜ਼ੀਡੈਂਟ ਨੂੰ ਹਰ ਮਹਿਕਮੇ ਵਿਚ ਹਰ ਤਰ੍ਹਾਂ ਦੇ ਪੂਰੇ ਅਖ਼ਤਿਆਰ ਹੋਣਗੇ।

੭. ਇਕ ਅੰਗਰੇਜ਼ੀ ਫ਼ੌਜ—ਜਿੰਨੀ ਗਿਣਤੀ ਵਿਚ ਤੇ ਜਿਸ ਹਾਲ ਵਿਚ ਗਵਰਨਰ-ਜੈਨਰਲ ਠੀਕ ਸਮਝੇ—ਲਾਹੌਰ ਰਹੇਗੀ, ਜੋ ਮਹਾਰਾਜੇ ਤੇ ਉਸਦੇ ਮੁਲਕ ਦੀ ਰੱਖਿਆ ਕਰੇਗੀ।

੮. ਗਵਰਨਰ-ਜੈਨਰਲ ਨੂੰ ਪੂਰਾ ਅਖ਼ਤਿਆਰ ਹੋਵੇਗਾ, ਕਿ ਲਾਹੌਰ ਰਾਜ ਦੇ ਜਿਸ ਕਿਲ੍ਹੇ 'ਚ ਚਾਹਵੇ, ਕਬਜ਼ਾ ਕਰ ਲਵੇ, ਜਿਸ ਉੱਤੇ ਕਬਜ਼ਾ ਕਰਨਾ ਅੰਗਰੇਜ਼ੀ ਸਰਕਾਰ ਲਾਹੌਰ ਸ਼ਹਿਰ ਤੇ ਏਸ ਮੁਲਕ ਵਿਚ ਅਮਨ ਕਾਇਮ ਰਖਣ ਬਦਲੇ ਜ਼ਰੂਰੀ ਸਮਝੇ।

੯. ਲਾਹੌਰ ਦਰਬਾਰ ਅੰਗਰੇਜ਼ੀ ਸਰਕਾਰ ਨੂੰ ੨੨ ਲੱਖ ਰੁਪੈ—ਨਾਨਕ ਸ਼ਾਹੀ—ਸਾਲਾਨਾ ਦੇਵੇਗਾ, ਤਾਂ ਜੋ ਅੰਗਰੇਜ਼ੀ ਫ਼ੌਜ ਆਦਿ ਦਾ ਖ਼ਰਚ ਪੂਰਾ ਹੋ ਸਕੇ। ਇਹ ਰਕਮ ਸਾਲ ਵਿਚ ਦੋ ਵਾਰ ਕਰਕੇ—੧੩ ਲੱਖ ੨੦ ਹਜ਼ਾਰ ਮਈ ਜਾਂ ਜੂਨ ਵਿਚ ਤੇ ੮ ਲੱਖ ੮੦ ਹਜ਼ਾਰ ਨਵੰਬਰ ਜਾਂ ਦਸੰਬਰ ਵਿਚ—ਦੇਣੀ ਪਵੇਗੀ।

੧੦. ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਨੂੰ ਉਸਦੇ ਤੇ ਉਹਦੇ ਨੌਕਰਾਂ ਦੇ ਗੁਜ਼ਾਰੇ ਵਾਸਤੇ ਡੇਢ ਲੱਖ ਰੁਪਇਆ ਸਾਲਾਨਾ ਦਿੱਤਾ ਜਾਇਆ ਕਰੇਗਾ। ਇਸ ਰੁਪੈ ਨੂੰ ਖ਼ਰਚਣ ਦਾ ਮਹਾਰਾਣੀ ਨੂੰ ਪੂਰਾ ਅਖ਼ਤਿਆਰ ਹੋਵੇਗਾ।

੧੧. ਇਸ ਅਹਿਦਨਾਮੇ ਦੀਆਂ ਸ਼ਰਤਾਂ ਮਹਾਰਾਜੇ ਦੀ ਬਾਲ ਅਵਸਥਾ (ਨਾਬਾਲਗੀ) ਵਿਚ ਹੀ ਲਾਗੂ ਹੋਣਗੀਆਂ। ੪ ਸਤੰਬਰ, ੧੮੫੪ ਈ. ਨੂੰ ਜਦ ਮਹਾਰਾਜਾ ੧੬ ਸਾਲ ਦਾ ਹੋ ਜਾਵੇਗਾ, ਇਹ ਅਹਿਦਨਾਮਾ ਮੁਕ ਜਾਵੇਗਾ। ਮਗਰ ਗਵਰਨਰ-ਜੈਨਰਲ ਨੂੰ ਮਹਾਰਾਜੇ ਦੇ ਜੁਆਨ (੧੬ ਸਾਲ ਦਾ) ਹੋਣ ਤੋਂ ਪਹਿਲਾਂ ਵੀ ਅਹਿਦਨਾਮਾ ਖ਼ਤਮ ਕਰ ਦੇਣ ਦੀ ਆਗਿਆ ਹੋਵੇਗੀ, ਪਰ ਅਜੇਹਾ ਓਦੋਂ ਹੀ ਕੀਤਾ ਜਾਵੇਗਾ, ਜਦੋਂ ਲਾਹੌਰ ਦਰਬਾਰ ਤੇ ਗਵਰਨਰ-ਜੈਨਰਲ ਨੂੰ ਪੂਰੀ ਤਸੱਲੀ ਹੋ ਜਾਵੇਗੀ, ਕਿ ਹੁਣ ਅੰਗਰੇਜ਼ੀ ਸਰਕਾਰ ਦੇ ਦਖ਼ਲ ਤੋਂ ਬਿਨਾਂ ਮਹਾਰਾਜਾ ਦਲੀਪ ਸਿੰਘ ਦਾ ਰਾਜ ਪਰਬੰਧ ਚਲ ਸਕਦਾ ਹੈ।

ਇਹ ਅਹਿਦਨਾਮਾ—ਜਿਸ ਵਿਚ ੧੧ ਸ਼ਰਤਾਂ ਹਨ—੧੬ ਦਸੰਬਰ, ੧੮੪੬ ਈ. ਨੂੰ ਲਾਹੌਰ ਵਿਚ, ਸਰਦਾਰਾਂ, ਅਮੀਰਾਂ ਤੇ ਅਫ਼ਸਰਾਂ—ਜਿਨ੍ਹਾਂ ਦੇ ਨਾਮ ਉਪਰ ਲਿਖੇ ਹਨ-ਨੇ ਲਿਖਿਆ ਤੇ ਪਰਵਾਨ ਕੀਤਾ।"

**ਭਰੋਵਾਲ ਦੀ ਸੁਲ੍ਹਾ ਪਿੱਛੋਂ**

ਏਸ ਸੁਲ੍ਹਾ ਦੀਆਂ ਸ਼ਰਤਾਂ ਅਨੁਸਾਰ ਮਹਾਰਾਣੀ ਜਿੰਦ ਕੌਰ ਨੂੰ ਡੇਢ ਲੱਖ ਸਾਲਾਨਾ ਪੈਨਸ਼ਨ ਦੇ ਕੇ ਰਾਜ ਦੇ ਕੰਮਾਂ ਤੋਂ ਵੱਖ ਕਰ ਦਿੱਤਾ ਗਿਆ ਤੇ ਰਾਜ-ਪਰਬੰਧ ਨਵੀਂ ਕੌਂਸਲ (ਜੋ ਅੰਗਰੇਜ਼ੀ ਰੇਜ਼ੀਡੈਂਟ ਦੇ ਪੂਰੀ ਤਰ੍ਹਾਂ ਅਧੀਨ ਸੀ) ਦੇ ਹੱਥ ਵਿਚ ਦਿੱਤਾ ਗਿਆ। ਪੰਜਾਬ ਦਾ ਪਹਿਲਾ ਰੇਜ਼ੀਡੈਂਟ (Resident) ਹੈਨਰੀ ਲਾਰੰਸ (Henry Lawrence) ਬਣਿਆਂ ਤੇ ਕੌਂਸਲ ਦੇ ਮੈਂਬਰ ਸਰਦਾਰ ਤੇਜ ਸਿੰਘ, ਰਾ : ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰੁੱਦੀਨ, ਸ. ਰਣਜੋਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ. ਅਤਰ ਸਿੰਘ ਕਾਲਿਆਂ ਵਾਲਾ ਤੇ ਸ. ਸ਼ਮਸ਼ੇਰ ਸਿੰਘ ਸੰਧਾਵਾਲੀਆ ਥਾਪੇ ਗਏ।

**ਹੈਨਰੀ ਲਾਰੰਸ**

ਜਿਸ ਆਸ਼ੇ ਨੂੰ ਮੁੱਖ ਰੱਖ ਕੇ ਇਹ ਸੁਲ੍ਹਾ ਹੋਈ ਸੀ, ਉਸ ਨੂੰ ਪੂਰਾ ਕਰਨ ਬਦਲੇ ਅੰਗਰੇਜ਼ ਕਰਮਚਾਰੀਆਂ ਨੇ ਉੱਦਮ ਸ਼ੁਰੂ ਕਰ ਦਿੱਤਾ। ਹੈਨਰੀ ਲਾਰੰਸ ਨੂੰ ਮਹਾਰਾਣੀ ਦੇ ਹਰ ਕੰਮ ਉੱਤੇ ਸ਼ੱਕ ਹੋਣ ਲੱਗਾ। ਇਹ ਉਸਦਾ ਦਿਲੀ ਵਹਿਮ ਸੀ, ਜਾਂ ਗਿਣੀ ਮਿਥੀ ਗੋਂਦ (?) ਇਹ ਇਤਿਹਾਸ

ਪੜ੍ਹਨ ਵਾਲੇ ਜਾਣਦੇ ਹਨ। ਉਹਨੇ ਮਹਾਰਾਣੀ ਨੂੰ ਬੜੀ ਹਾਕਮਾਨਾ ਬੋਲੀ ਵਿਚ ਚਿੱਠੀ ਲਿਖੀ ਤੇ ਉਹਦੇ ਨਿੱਤ ਵਿਹਾਰ 'ਤੇ ਕਰੜੀ ਨੁਕਤਾਚੀਨੀ ਕੀਤੀ, ਜਿਸਦਾ ਉਤਰ* ਮਹਾਰਾਣੀ ਨੇ ਬੜੀ ਯੋਗਤਾ ਨਾਲ ਦਿੱਤਾ, ਜਿਸਨੂੰ ਪੜ੍ਹ ਕੇ ਅੰਗਰੇਜ਼ ਕਰਮਚਾਰੀ ਬੜੇ ਨਾਰਾਜ਼ ਹੋਏ ਤੇ ਦੂਰੇਡੀਆਂ ਮਿਥੀਆਂ ਹੋਈਆਂ ਗੱਲਾਂ ਨੂੰ ਛੇਤੀ ਨੇਪਰੇ ਚਾੜ੍ਹਨ ਬਦਲੇ ਸੋਚਣ ਲੱਗੇ।

ਹੈਨਰੀ ਲਾਰੰਸ ਜਾਣਦਾ ਸੀ, ਕਿ ਉਹਨੂੰ ਕਿਸ ਮਤਲਬ ਵਾਸਤੇ ਰੇਜ਼ੀਡੈਂਟ ਬਣਾਇਆ ਗਿਆ ਸੀ। ਉਹਨੇ ਰਾਜ ਦਾ ਹਰ ਇਕ ਮਹਿਕਮਾ ਆਪਣੇ ਹੱਥ ਵਿਚ ਲੈ ਲਿਆ। ਓਧਰ ਹਾਰਡਿੰਗ ਦੀ ੩ ਜੁਲਾਈ,੧੮੪੭ ਈ. ਦੀ ਚਿੱਠੀ ਨੇ ਹੈਨਰੀ ਲਾਰੰਸ ਦਾ ਹੌਸਲਾ ਹੋਰ ਵੀ ਵਧਾ ਦਿੱਤਾ। ਚਿੱਠੀ ਵਿਚ ਲਿਖਿਆ ਸੀ, "ਭਰੋਵਾਲ ਦੀ ਸੁਲ੍ਹਾ ਅਨੁਸਾਰ ਲਾਹੌਰ ਵਿਚ ਰਹਿਣ ਵਾਲੇ ਅੰਗਰੇਜ਼ੀ ਰੈਜ਼ੀਡੈਂਟ ਨੂੰ ਰਾਜ ਪਰਬੰਧ ਦੇ ਹਰ ਇਕ ਮਹਿਕਮੇ ਦੇ ਸਾਰਿਆਂ ਕੰਮਾਂ ਵਿਚ ਪੂਰੇ ਪੂਰੇ ਅਖ਼ਤਿਆਰ ਹਨ। ਇਹ ਚੰਗੀ ਗੱਲ ਹੈ, ਕਿ ਰੇਜ਼ੀਡੈਂਟ ਕੌਂਸਲ ਦੇ ਦੇਸੀ ਮੈਂਬਰਾਂ ਨੂੰ ਆਪਣੇ ਨਾਲ ਸਹਿਮਤ ਰੱਖੇ, ਪਰ ਅਸਲ ਵਿਚ ਦੇਸੀ ਮੈਂਬਰ ਪੂਰੀ ਤਰ੍ਹਾਂ ਉਹਦੇ ਅਧੀਨ ਤੇ ਆਸਰੇ ਥੱਲੇ ਹਨ। ਉਹ ਪਹਿਲੇ ਮੈਂਬਰਾਂ ਨੂੰ ਹਟਾ ਸਕਦਾ ਤੇ ਉਹਨਾਂ ਦੀ ਥਾਂ ਨਵੇਂ ਹੋਰ ਰੱਖ ਸਕਦਾ ਹੈ। ਸ਼ਹਿਰੀ ਕੰਮਾਂ ਵਾਂਗ ਫ਼ੌਜੀ ਮਾਮਲਿਆਂ ਵਿਚ ਵੀ ਉਹਨੂੰ ਪੂਰੇ ਅਖ਼ਤਿਆਰ ਹਨ। ਸਾਰੇ ਪੰਜਾਬ ਵਿਚ ਕਿਸੇ ਵੀ ਥਾਂ ਤੋਂ ਸਿੱਖ ਫ਼ੌਜ ਹਟਾ ਕੇ ਓਥੇ ਅੰਗਰੇਜ਼ੀ ਫ਼ੌਜ ਰਖ ਸਕਦਾ ਹੈ। ()

ਹਾਰਡਿੰਗ ਦੀ ਚਿੱਠੀ
੩ ਜੁਲਾਈ

ਇਸ ਪਿਛੋਂ ਇਕ ਹੋਰ ਚਿੱਠੀ ਵਿਚ ਲਾਰਡ ਹਾਰਡਿੰਗ ਨੇ ਹੈਨਰੀ ਲਾਰੰਸ ਨੂੰ ਸਲਾਹ ਦਿੱਤੀ, ਕਿ ਉਹ ਸਾਰੇ ਦੇਸੀ ਅਫ਼ਸਰਾਂ 'ਤੇ ਪੱਕਾ ਹੱਥ ਰੱਖੇ ਤੇ ਹਰ ਮਹਿਕਮੇ ਵਿਚ ਆਪਣਾ ਚੰਗਾ ਪਰਭਾਵ ਕਾਇਮ ਰੱਖੇ।**

---

*ਲਾਰੰਸ ਦੀ ਚਿੱਠੀ ਤੇ ਮਹਾਰਾਣੀ ਦਾ ਉੱਤਰ 'ਦੁੱਖੀਏ ਮਾਂ-ਪੁੱਤ' ਨਾਮੇ ਪੁਸਤਕ ਵਿਚ ਦਿੱਤਾ ਹੈ, ਜਿਸ ਵਿਚ ਸ. ਦਲੀਪ ਸਿੰਘ ਤੇ ਮ. ਜਿੰਦ ਕੌਰ ਦੇ - ਜਨਮ ਤੋਂ ਲੈ ਕੇ ਸੁਰਗਵਾਸ ਹੋਣ ਤਕ- ਸਾਰੇ ਹਾਲ ਲਿਖੇ ਹਨ।

( )Punjab Papers, 1849. P. 18.

**(Lady Login) ਲੇਡੀ ਲਾਗਨ, ਪੰਨਾ ੧੧੨।

ਪਰਮਾ

ਇਹਨੀਂ ਹੀ ਦਿਨੀਂ ਤੇਜ ਸਿੰਘ ਦੇ ਕਤਲ ਕਰਨ ਦਾ ਇਕ ਸ਼ੜਯੰਤਰ ਰਚਿਆ ਗਿਆ, ਜਿਸ ਵਿਚ 'ਪਰਮਾ' ਤੇ 'ਮਹਾਰਾਣੀ' ਦਾ ਸਕੱਤਰ ਫੜੇ ਗਏ। ਲਾਰੰਸ ਨੇ ਗੋਂਦ ਦਾ ਮੋਢੀ 'ਮਹਾਰਾਣੀ' ਨੂੰ ਸਮਝਿਆ, ਪਰ ਹਾਰਡਿੰਗ ਨੇ ਮੁਕੱਦਮੇ ਦੀ ਪੜਤਾਲ ਕਰਕੇ ਮਹਾਰਾਣੀ ਨੂੰ ਤਾਂ ਨਿਰਦੋਸ਼ ਮੰਨਿਆਂ ਤੇ 'ਪਰਮੇ' ਨੂੰ ਫਾਂਸੀ ਦੀ ਸਜ਼ਾ ਦਿੱਤੀ।

ਤੇਜ ਸਿੰਘ ਰਾਜਾ ਬਣਿਆ

੭ ਅਗਸਤ, ੧੮੪੭ ਈ: ਨੂੰ ਲਾਰੰਸ ਨੇ ਇਕ ਵੱਡਾ ਦਰਬਾਰ ਕੀਤਾ, ਜਿਸ ਵਿਚ ਰਾਜ-ਸੇਵਾ ਬਦਲੇ ਕੁਝ ਸਰਦਾਰਾਂ ਨੂੰ ਖ਼ਿਤਾਬ ਦਿੱਤੇ ਗਏ। ਇਹਨਾਂ ਸਰਦਾਰਾਂ ਵਿਚ—ਕੌਮੀ ਗ਼ੱਦਾਰ—ਤੇਜ ਸਿੰਘ ਵੀ ਸੀ, ਜਿਸਨੂੰ 'ਰਾਜੇ' ਦਾ ਖ਼ਿਤਾਬ ਮਿਲਨਾ ਸੀ। ਏਸ ਦਿਨ ਮਹਾਰਾਜਾ ਦਲੀਪ ਸਿੰਘ ਦਰਬਾਰ ਵਿਚ ਦੇਰ ਨਾਲ ਪਹੁੰਚਿਆ। ਸਿੱਖ ਦਰਬਾਰ ਵਿਚ ਇਹ ਮਰਯਾਦਾ ਚਲੀ ਆਉਂਦੀ ਸੀ, ਕਿ ਜਿਸ ਸਰਦਾਰ ਨੂੰ 'ਰਾਜੇ' ਦਾ ਖ਼ਿਤਾਬ ਦਿੱਤਾ ਜਾਂਦਾ, ਉਸਨੂੰ ਮਹਾਰਾਜਾ ਆਪਣੇ ਹੱਥੀਂ ਤਿਲਕ ਲਾਉਂਦਾ। ਲਾਰੰਸ ਨੇ ਮਹਾਰਾਜੇ ਨੂੰ, ਤੇਜ ਸਿੰਘ ਦੇ ਮੱਥੇ ਵਿਚ ਤਿਲਕ ਲਾਉਣ ਵਾਸਤੇ ਕਿਹਾ, ਤਾਂ ਉਹਨੇ ਆਪਣੇ ਛੋਟੇ-ਛੋਟੇ ਹੱਥ ਪਿੱਛੇ ਕਰ ਲਏ ਤੇ ਤਿਲਕ ਲਾਉਣ ਤੋਂ ਨਾਂਹ ਕਰ ਦਿੱਤੀ। ਫਿਰ ਇਕ ਗਰੰਥੀ ਕੋਲੋਂ ਤੇਜ ਸਿੰਘ ਨੂੰ ਤਿਲਕ ਦੁਆ ਕੇ ਰਸਮ ਪੂਰੀ ਕੀਤੀ ਗਈ। ਓਸੇ ਸ਼ਾਮ ਨੂੰ—ਏਸ ਖ਼ੁਸ਼ੀ ਵਿਚ—ਆਤਸ਼ਬਾਜ਼ੀ ਚਲਾਈ ਗਈ, ਪਰ ਮਹਾਰਾਜਾ ਵੇਖਣ ਵਾਸਤੇ ਨਾ ਆਇਆ। ਇਹ ਸਾਰੀ ਸਿਖਾਵਟ ਮਹਾਰਾਣੀ ਦੀ ਸਮਝੀ ਗਈ।

ਹਾਰਡਿੰਗ ਮਹਾਰਾਣੀ ਦੇ ਵਿਰੁਧ

ਹਾਰਡਿੰਗ ਤੇ ਲਾਰੰਸ ਮੁਢ ਤੋਂ ਹੀ ਮਹਾਰਾਣੀ ਦੇ ਵਿਰੋਧੀ ਸਨ। ਉਹ ਕਿਸੇ ਐਸੇ ਸਮੇਂ ਦੀ ਭਾਲ ਵਿਚ ਸਨ, ਜਦੋਂ ਮਹਾਰਾਣੀ ਨੂੰ ਸਜ਼ਾ ਦੇ ਸਕਣ। ੧੬ ਦਸੰਬਰ, ੧੮੪੬ ਈ. ਨੂੰ ਹਾਰਡਿੰਗ ਦੀ 'ਕਰੀ' ਵੱਲ ਲਿਖੀ ਹੋਈ ਗੁਪਤ ਚਿੱਠੀ ਵਿਚ ਲਿਖਿਆ ਹੈ, "ਜੇ ਕੋਈ ਗੱਲ ਬਹਿਸ ਵਾਲੀ ਹੈ, ਤਾਂ ਉਹ ਹੈ ਰਾਣੀ ਨੂੰ ਬਿਲੇ ਲਾਉਣਾ। ਅਸੀਂ ਏਸ ਗੱਲ 'ਤੇ ਸਹਿਮਤ ਹਾਂ, ਤੇ ਇਹ ਗੱਲ ਬਿਲਕੁਲ ਯੋਗ ਹੈ, ਕਿ ਰਾਣੀ ਦੇ ਹੱਥ ਵਿੱਚ ਕਾਰ-ਮੁਖ਼ਤਿਆਰ ਦੀ ਹੈਸੀਅਤ ਵਿਚ ਕੋਈ

ਤਾਕਤ ਨਾ ਰਹੇ...ਉਸਦੀ ਰਿਹਾਇਸ਼ ਦੇ ਥਾਂ ਦਾ ਫ਼ੈਸਲਾ ਕਰਨ ਵੇਲੇ ਨਵੇਂ ਰਾਜ ਪਰਬੰਧ ਦੇ ਵਿਰੁੱਧ, ਰਾਣੀ ਵੱਲੋਂ ਹੋਣ ਵਾਲੀਆਂ ਰਾਜਸੀ ਸਾਜ਼ਸ਼ਾਂ ਦੇ ਆਧਾਰ 'ਤੇ ਉਸਨੂੰ ਉਸਦੇ ਪੁੱਤਰ ਤੋਂ ਵੱਖਰਾ ਕਰ ਦੇਣ ਦੇ ਵਿਰੁੱਧ ਇਤਰਾਜ਼ ਹੋ ਸਕਦਾ ਹੈ, ਕਿਉਂਕਿ ਆਖਿਆ ਜਾ ਸਕਦਾ ਹੈ, ਤੇ ਲੋਕਾਂ ਦੀ ਇਸ ਨਾਲ ਹਮਦਰਦੀ ਵੀ ਹੋ ਜਾਏਗੀ, ਕਿ ਰਾਣੀ ਨੂੰ ਉਸ ਵੱਲੋਂ ਹੋਏ ਕਿਸੇ ਰਾਜਸੀ ਗੁਨਾਹ ਤੋਂ ਪਹਿਲਾਂ ਹੀ ਸਜ਼ਾ ਦੇ ਦਿੱਤੀ ਗਈ ਹੈ। ਮੇਰਾ ਖ਼ਿਆਲ ਹੈ, ਕਿ ਉਹ ਪੰਜਾਬ ਵਿਚ ਕਿਸੇ ਹੋਰ ਥਾਂ ਨਾਲੋਂ ਲਾਹੌਰ ਵਿਚ ਘੱਟ ਖ਼ਤਰਨਾਕ ਹੋਵੇਗੀ। ਜੇ ਉਹ ਕੁਝ ਔਖਿਆਂ ਕਰਨ ਲੱਗ ਪਏ, ਤੇ ਉਸਨੂੰ ਦੇਸ ਨਿਕਾਲਾ ਦੇਣਾ ਯੋਗ ਹੋ ਜਾਏ, ਤਾਂ ਜ਼ਰੂਰ ਉਸਨੂੰ ਸਤਲੁਜੋਂ ਪਾਰ ਭੇਜ ਦਿੱਤਾ ਜਾਏ।"*

ਜਿੱਥੇ ਪਹਿਲਾਂ ਹੀ ਇਹ ਸਲਾਹੀਂ ਹੋ ਰਹੀਆਂ ਹੋਣ, ਓਥੇ ਲਿਹਾਜ਼ ਤੇ ਨਿਆਂ ਦੀ ਆਸ ਰਖਣਾ ਬੇਸਮਝੀ ਹੈ। ਤੇਜ ਸਿੰਘ ਦੇ ਤਿਲਕ ਵੇਲੇ ਮਹਾਰਾਜੇ ਦੀ 'ਨਾਂਹ', ਮਹਾਰਾਣੀ ਦੇ ਵਿਰੁੱਧ ਮਾਰੂ ਹਥਿਆਰ ਬਣਾ ਕੇ ਵਰਤੀ ਗਈ। ਲਾਰੰਸ ਨੇ ਮਹਾਰਾਣੀ ਨੂੰ ੪ ਹਜ਼ਾਰ ਮਹਾਵਾਰ (ਡੂਢ ਲੱਖ ਦੀ ਥਾਂ ੪੮ ਹਜ਼ਾਰ ਸਾਲਾਨਾ) ਦੇ ਕੇ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਭੇਜਣ ਦਾ ਹੁਕਮ ਦੇ ਦਿੱਤਾ। ਇਹ ਦੁਖਦਾਈ ਹੁਕਮ ਸੁਨਾਉਣ ਬਦਲੇ ਮਹਾਰਾਣੀ ਦਾ ਭਰਾ ਹੀਰਾ ਸਿੰਘ ਉਸ ਕੋਲ ਗਿਆ। ਸੁਣ ਕੇ ਮਹਾਰਾਣੀ ਨੇ ਬੜੇ ਧੀਰਜ ਤੇ ਗੰਭੀਰਤਾ ਨਾਲ ਅੱਗੋਂ ਉੱਤਰ ਦਿੱਤਾ, 'ਜਿਸ ਵਿਚ ਅੰਗਰੇਜ਼ਾਂ ਨੂੰ ਭਲਿਆਈ ਸੁਝੇ, ਮੈਂ ਓਹੋ ਕੁਛ ਕਰਨ ਨੂੰ ਤਿਆਰ ਹਾਂ।'

੧੮ ਅਗਸਤ, ੧੮੪੭ ਈ: ਦੀ ਸ਼ਾਮ ਨੂੰ ਦਰਬਾਰ ਹੋਇਆ, ਜਿਸ ਵਿਚ ਲਾਰੰਸ ਨੇ ਮਹਾਰਾਜੇ ਨੂੰ ਘੋੜੇ ਉੱਤੇ ਸੈਰ ਵਾਸਤੇ ਜਾਣ ਲਈ ਕਿਹਾ। ਮਹਾਰਾਜਾ ਹੈਰਾਨ ਤਾਂ ਹੋਇਆ, ਪਰ ਬਿਨਾਂ ਕੁਛ ਕਹੇ ਗੁਲਾਬ ਸਿੰਘ (ਅਟਾਰੀ ਵਾਲਾ) ਤੇ ਕੁਛ ਹੋਰ ਸਰਦਾਰਾਂ ਨਾਲ ਤੁਰ ਪਿਆ। ਸ਼ਾਲਾਮਾਰ ਬਾਗ਼ ਕੋਲ ਪੁੱਜੇ, ਤਾਂ ਹਨੇਰਾ ਹੋ ਜਾਣ ਕਰਕੇ ਮਹਾਰਾਜੇ ਨੇ ਘੋੜਾ ਸ਼ਹਿਰ ਨੂੰ ਮੋੜਿਆ। ਗੁਲਾਬ ਸਿੰਘ ਨੇ ਕਿਹਾ, "ਕੀ ਆਪ ਸ਼ਹਿਰ ਨੂੰ ਮੁੜ ਕੇ ਸਾਡਾ ਨੱਕ ਵੱਢਾਉਗੇ ? ਲਾਰੰਸ ਸਾਹਿਬ ਦਾ ਹੁਕਮ ਹੈ, ਕਿ ਮੈਂ ਆਪ ਨਾਲ ਸ਼ਾਲ੍ਹਾਮਾਰ ਜਾਵਾਂ।" ਇਹ ਸੁਣਕੇ ਮਹਾਰਾਜੇ ਨੇ ਦਿਲ ਵਿਚ ਬੜਾ ਦੁਖ

*ਸਿੱਖ ਇਤਿਹਾਸ ਬਾਰੇ, ਡਾ. ਗੰਡਾ ਸਿੰਘ, ਪੰਨਾ ੧੪੮।

ਅਨੁਭਵ ਕੀਤਾ ਤੇ ਗੁਲਾਬ ਸਿੰਘ ਦੇ ਨਾਲ ਤੁਰ ਪਿਆ। ਬਾਗ਼ ਵਿਚ ਪੁੱਜੇ, ਤਾਂ ਓਥੇ ਆਪਣੇ ਨੌਕਰ ਚਾਕਰ ਤੇ ਰਾਤ ਕੱਟਣ ਦਾ ਸਾਰਾ ਸਾਮਾਨ ਵੇਖ ਕੇ ਮਹਾਰਾਜਾ ਅਸਚਰਜ ਰਹਿ ਗਿਆ। ਉਸਨੇ ਮੂੰਹੋਂ ਤਾਂ ਕੁਛ ਨਾ ਕਿਹਾ, ਪਰ ਰਾਤ ਨੂੰ ਖਾਧਾ ਪੀਤਾ ਕੁਛ ਨਾ। ਦਿਨ ਚੜ੍ਹੇ ਵਾਪਸ ਕਿਲ੍ਹੇ ਵਿਚ ਮੁੜੇ, ਤਾਂ ਮਹਾਰਾਜੇ ਨੂੰ ਪਤਾ ਲੱਗਾ, ਕਿ ਉਸਦੀ ਮਾਤਾ ਸ਼ੇਖ਼ੂਪੁਰੇ ਵਿਚ ਨਜ਼ਰਬੰਦ ਕਰਕੇ ਭੇਜ ਦਿੱਤੀ ਗਈ ਹੈ। ਏਸ ਗ਼ਮ ਨਾਲ ਮਹਾਰਾਜੇ ਦਾ ਦਿਲ ਟੁੱਟ ਗਿਆ। ਉਹਨੇ ਪਹਿਲੇ ਨਿਵਾਸ ਅਸਥਾਨ (ਸੰਮਣ ਬੁਰਜ) ਵਿਚ ਰਹਿਣ ਤੋਂ ਨਾਂਹ ਕਰ ਦਿੱਤੀ ਤੇ ਤਖ਼ਤਗਾਹ ਦੇ ਉਪਰਲੇ ਕਮਰਿਆਂ ਵਿਚ ਰਹਿਣ ਲੱਗਾ। ਗੁਲਾਬ ਸਿੰਘ ਅਟਾਰੀ ਵਾਲਾ ਹਰ ਵੇਲੇ (ਖ਼ਾਸ ਕਰ ਕੇ ਸੌਣ ਵੇਲੇ ਰਾਤ ਨੂੰ) ਮਹਾਰਾਜੇ ਦੇ ਕੋਲ ਰਹਿੰਦਾ ਸੀ।

ਮਹਾਰਾਣੀ ਸ਼ੇਖ਼ੂਪੁਰੇ ਨਜ਼ਰਬੰਦ

੧੯ ਅਗਸਤ, ੧੮੪੭ ਈ: ਨੂੰ ਮਹਾਰਾਣੀ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਪੁਚਾਈ ਗਈ। ਲਾਹੌਰੋਂ ਤੁਰਨ ਲੱਗਿਆਂ ਉਸਨੇ ਰੈਜ਼ੀਡੈਂਟ ਨੂੰ ਮਿਲਣ ਦੀ ਬੇਨਤੀ ਕੀਤੀ, ਪਰ ਲਾਰੰਸ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, ਕਿ ਜੇ ਉਹ ਚਾਹੇ, ਤਾਂ ਆਪਣੇ ਗਹਿਣੇ ਨਾਲ ਲੈ ਜਾ ਸਕਦੀ ਹੈ। ਸੋ, ਮਹਾਰਾਣੀ ਗਹਿਣੇ ਨਾਲ ਲੈ ਗਈ। ਸ਼ੇਖ਼ੂਪੁਰੇ ਵਿਚ ਉਸਦੀ ਰਾਖੀ ਦਾ ਭਾਰ ਸ: ਬੂੜ ਸਿੰਘ ਨੂੰ ਸੌਂਪਿਆ ਗਿਆ।

ਅਗਲੇ ਦਿਨ ਗਵਰਨਰ-ਜੈਨਰਲ ਦਾ ਇਕ ਐਲਾਨ ਨਿਕਲਿਆ, "ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਵਿਚ ਮਿੱਤਰਤਾ ਹੈ। ਬਾਲਕ ਮਹਾਰਾਜੇ ਦੀ* ਸਿੱਖਿਆ ਵਾਸਤੇ ਸਦਾ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਗਵਰਨਰ-ਜੈਨਰਲ ਨੂੰ ਇਹ ਲੋੜ ਭਾਸੀ ਹੈ, ਕਿ ਮਹਾਰਾਜੇ ਨੂੰ ਉਹਦੀ ਮਾਤਾ ਤੋਂ ਵੱਖ ਰੱਖਿਆ ਜਾਵੇ। ਇਸ ਕਾਰਨ ਮਹਾਰਾਣੀ ਲਾਹੌਰੋਂ ਸ਼ੇਖ਼ੂਪੁਰਾ ਭੇਜੀ ਗਈ ਹੈ।"()

---

*ਗਵਰਨਰ-ਜੈਨਰਲ ਨੇ—੨੦ ਅਗਸਤ, ੧੮੪੭ ਈ.—ਐਲਾਨ ਕੀਤਾ, ਕਿ "ਉਹ ਬਾਲਕ ਮਹਾਰਾਜੇ ਨੂੰ ਵਿੱਦਿਆ ਤੇ ਪਾਲਣ ਪੋਸਣ ਵਿਚ ਪਿਤਾ ਵਰਗਾ ਸ਼ੌਕ ਰਖਦਾ ਹੈ।" Punjab Papers. 1849. P. 53.

()ਪੰਜਾਬ ਹਰਨ ਔਰ ਮ. ਦਲੀਪ ਸਿੰਹ. ਪੰਨਾ ੭੨।

ਡਾਢਾ ਜੋ ਕਹੇ, ਸੋ ਸੱਤ ਹੈ, ਨਹੀਂ ਤਾਂ ਭਲਾ ਕੋਈ ਪੁੱਛੇ, ਪਈ, ਮਹਾਰਾਣੀ ਸ਼ੇਖੂਪੁਰੇ ਤਾਂ ਘੱਲੀ ਗਈ, ਕਿ ਉਹ ਲਾਹੌਰ ਰਹਿਕੇ ਮਹਾਰਾਜੇ ਦੀ ਵਿੱਦਿਆ ਵਿਚ ਵਿਘਨ ਪਾਉਂਦੀ ਹੈ, ਪਰ ਉਹਦੀ ਪੈਨਸ਼ਨ ਡੇਢ ਲੱਖ ਸਾਲਾਨਾ ਦੀ ਥਾਂ, ਘਟਾਕੇ ੪੮ ਹਜ਼ਾਰ ਸਾਲਾਨਾ ਕਿਸ ਅਹਿਦਨਾਮੇ ਦੇ ਅਸੂਲ ਨਾਲ ਕੀਤੀ ਗਈ ਹੈ ? ਭਰੋਵਾਲ ਦੀ ਸੁਲ੍ਹਾ ਵਿੱਚ ਤਾਂ ਅਜੇਹੀ ਕੋਈ ਸ਼ਰਤ ਨਹੀਂ ਸੀ, ਤੇ ਨਾ ਹੀ ਹਾਰਡਿੰਗ ਜਾਂ ਲਾਰੰਸ ਨੂੰ ਕੋਈ ਹੱਕ ਸੀ, ਕਿ ਕਿਸੇ ਹਾਲ ਵਿੱਚ ਵੀ ਉਸਦੀ ਪੈਨਸ਼ਨ ਘਟਾ ਸਕਦੇ।

ਏਸ ਘਟਨਾ ਤੋਂ ਕੌਂਸਲ ਦੇ ਮੈਂਬਰ ਅੱਗੇ ਨਾਲੋਂ ਵਧੇਰੇ ਦਬ ਗਏ ਤੇ ਹਰ ਇਕ ਕੰਮ ਰੇਜ਼ੀਡੈਂਟ ਤੋਂ ਪੁੱਛਕੇ ਕਰਨ ਲੱਗੇ। ਰੇਜ਼ੀਡੈਂਟ ਆਪ ਲਿਖਦਾ ਹੈ, "ਸਮੁੱਚੇ ਤੌਰ 'ਤੇ ਦਰਬਾਰ (ਕੌਂਸਲ ਆਫ਼ ਰੀਜੈਨਸੀ) ਮੇਰੀ ਏਨੀ ਮਦਦ ਕਰਦਾ ਏ, ਜਿੰਨੀ ਦੀ ਮੈਂ ਆਸ ਰੱਖ ਸਕਦਾ ਹਾਂ। ਉਹ ਆਪ ਮਾਲਕ ਬਣਨ ਵਾਸਤੇ (ਕਾਬੂ ਪਾਉਣ ਵਾਸਤੇ) ਹੱਥ ਪੈਰ ਮਾਰਦੇ ਰਹੇ, ਪਰ ਮੈਂ ਸਾਰਿਆਂ ਨਾਲ ਮਿਲਣਸਾਰ ਸਾਂ ਤੇ ਕੋਈ ਘਟਨਾ—ਜੋ ਮੇਰੀਆਂ ਨਜ਼ਰਾਂ ਵਿੱਚ ਠੀਕ ਨਾ ਹੋਵੇ—ਪੜਤਾਲ ਬਿਨਾਂ ਨਹੀਂ ਹੋਣ ਦੇਂਦਾ। ਕੌਂਸਲ ਦੇ ਮੈਂਬਰ ਸਹਿਜ ਸਹਿਜ ਸਿੱਧੇ ਰਾਹ 'ਤੇ ਆ ਰਹੇ ਹਨ ਤੇ ਬਹੁਤ ਸਾਰੀਆਂ ਗੱਲਾਂ ਵਿੱਚ ਮੇਰੀ ਸਲਾਹ ਲੈਂਦੇ ਹਨ। ਸਹੀ ਅਰਥਾਂ ਵਿਚ ਉਹ ਉਹਨਾਂ ਕੰਮਾਂ ਦੇ ਹਾਕਮ ਹਨ, ਜਿਹੜੇ ਉਹਨਾਂ ਨੂੰ ਕਰਨ ਵਾਸਤੇ ਕਹੇ ਜਾਣ।"[]

**ਹਾਰਡਿੰਗ ਦੀ ੨੩ ਅਕਤੂਬਰ ਦੀ ਚਿੱਠੀ**

੨੩ ਅਕਤੂਬਰ, ੧੮੪੭ ਈ. ਨੂੰ ਗਵਰਨਰ ਜੇਨਰਲ ਹਾਰਡਿੰਗ ਲਾਹੌਰ ਦੇ ਰੈਜ਼ੀਡੈਂਟ ਨੂੰ ਇਕ ਹੋਰ ਚਿੱਠੀ ਵਿਚ ਲਿਖਦਾ ਹੈ, "ਸਾਨੂੰ ਯਾਦ ਰੱਖਣਾ ਚਾਹੀਦਾ ਹੈ, ਕਿ ਦਲੀਪ ਸਿੰਘ ਦੀ ਨਾਬਾਲਗੀ ਤਕ ੧੮੪੬ ਈ. ਦੀ ਸੁਲ੍ਹਾ ਅਨੁਸਾਰ ਸਿੱਖ ਰਾਜ ਬਿਲਕੁਲ ਸੁਤੰਤਰ ਰਾਜ ਨਹੀਂ ਹੈ। ਪਹਿਲੀ ਸ਼ਰਤ—ਜੋ ਮੈਂ ਵਧਾਈ ਸੀ—ਅਨੁਸਾਰ ਰਾਜ ਦਾ ਸਿਰਤਾਜ ਨਾ ਲੜਾਈ ਕਰ ਸਕਦਾ ਹੈ, ਨਾ ਸੁਲ੍ਹਾ, ਨਾ ਰਾਜ ਦੀ ਚੱਪਾ ਭਰ ਭੋਇੰ ਵੇਚ ਸਕਦਾ ਹੈ, ਨਾ ਵਟਾ ਸਕਦਾ ਹੈ, ਨਾ ਕਿਸੇ ਯੂਰਪੀਨ ਅਫ਼ਸਰ ਨੂੰ ਰੱਖ ਸਕਦਾ ਹੈ, ਤੇ ਨਾ ਹੀ ਸਾਨੂੰ ਆਪਣੇ ਮੁਲਕ ਵਿਚ ਦੀ

[]Punjab Papers, 1849, P. 32

ਲੈਖਣ ਤੋਂ ਰੋਕ ਸਕਦਾ ਹੈ। ਇਹ ਸੱਚ ਹੈ, ਕਿ (ਸਿਵਾਏ ਅੰਦਰਲੇ ਪਰਬੰਧ ਦੇ) ਸਾਡੀ ਆਗਿਆ ਬਿਨਾਂ ਕੁਛ ਵੀ ਨਹੀਂ ਕਰ ਸਕਦਾ। ਅਸਲ ਵਿਚ ਦੇਸੀ ਸ਼ਾਹਜ਼ਾਦੇ ਨੂੰ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਉਹ ਸਾਡੀ ਰਾਖੀ ਵਿਚ ਹੈ ਤੇ ਉਸਨੂੰ ਸਾਡਾ ਕਿਹਾ ਕਰਨਾ ਪੈਂਦਾ ਹੈ। ਮੈਂ ਐਡੀ ਛੇਤੀ ਇਸ ਗੱਲ ਵੱਲ ਤਾਂ ਇਸ਼ਾਰਾ ਕੀਤਾ ਹੈ, ਕਿ ਮੇਰਾ ਤੁਹਾਡੇ ਨਾਲ ਇਸ ਗੱਲੇ ਮਤਭੇਦ ਹੈ, ਜੋ ਆਪ ਅਗੇਤਰਾ ਹੀ ਆਪਣੇ ਖੁੱਲ੍ਹੇ ਦਿਲ ਨਾਲ ਸਿੱਖ ਕਰਮਚਾਰੀਆਂ ਨੂੰ ਆਪਣੇ ਪੈਰਾਂ 'ਤੇ ਖਲੋਣਾ ਸਿਖੱਾ ਰਹੇ ਹੋ। ਮੈਂ ਚਾਹੁੰਦਾ ਹਾਂ, ਕਿ ਉਹ ਸਾਡੇ ਸਿੱਧੇ ਦਖ਼ਲ ਨੂੰ ਸਾਡੀਆਂ ਮਿਹਰਬਾਨੀਆਂ ਸਮਝ ਕੇ ਪਸੰਦ ਕਰਨ।"*

**ਲਾਰੰਸ ਤੇ ਹਾਰਡਿੰਗ ਵਾਪਸ**

ਇਹਨੀਂ ਹੀ ਦਿਨੀਂ ਹੈਨਰੀ ਲਾਰੰਸ ਦੀ ਅਰੋਗਤਾ ਕੁਛ ਵਿਗੜ ਗਈ ਤੇ ਉਹਨੇ ਆਪਣੇ ਅਹੁਦੇ ਤੋਂ ਛੁੱਟੀ ਲੈ ਲਈ। ਨਵਾਂ ਰੈਜ਼ੀਡੈਂਟ ਫ਼ਰੈਡਰਿਕ ਕਰੀ ਅਜੇ ਲਾਹੌਰ ਪੁੱਜਾ ਨਹੀਂ ਸੀ। ਇਸ ਵਾਸਤੇ ਹੈਨਰੀ ਲਾਰੰਸ ਦੀ ਥਾਂ ਉਸਦਾ ਭਰੱਾ ਜੌਹਨ ਲਾਰੰਸ ਕੰਮ ਕਰਨ ਲੱਗਾ।ਏਸੇ ਸਮੇਂ ਹਾਰਡਿੰਗ ਦੀ ਵੀ ਮਿਆਦ ਪੂਰੀ ਹੋ ਗਈ ਤੇ ਉਹਦੇ ਥਾਂ ਮਾਰਕੁਈਸ ਆਫ਼ ਡਲਹੌਜ਼ੀ (Marquess of Dalhousie) ਗਵਰਨਰ—ਜੈਨਰਲ ਬਣ ਕੇ ਆਇਆ।ਜਾਂਦੇ ਹੋਏ ਹਾਰਡਿੰਗ ਨੇ ਡਲੌਹਜ਼ੀ ਨੂੰ ਕਿਹਾ, "ਆਉਂਦੇ ਸੱਤ ਵਰ੍ਹਿਆਂ ਤੱਕ, ਹਿਦੁਸਤਾਨ ਵਿਚ ਇਕ ਗੋਲੀ ਚਲਾਉਣ ਦੀ ਵੀ ਲੋੜ ਨਹੀਂ ਪਵੇਗੀ।"

੧੮੪੮ ਈ. ਦੇ ਚੜ੍ਹਦਿਆਂ ਹੀ ਦੋਵੇਂ ਮਿੱਤਰ—ਹੈਨਰੀ ਹਾਰਡਿੰਗ ਤੇ ਹੈਨਰੀ ਲਾਰੰਸ—ਕਲਕੱਤੇ ਤੋਂ ਵਲਾਇਤ ਨੂੰ ਰਵਾਨਾ ਹੋ ਗਏ।

**ਨਵੇਂ ਅਫ਼ਸਰ ਡਲਹੌਜ਼ੀ ਤੇ ਕਰੀ**

ਨਵਾਂ ਗਵਰਨਰ-ਜੈਨਰਲ ਮਾਰਕੁਈਸ ਆਫ਼ ਡਲਹੌਜ਼ੀ (Marquess of Dalhosie) ੧੨ ਜਨਵਰੀ, ੧੮੪੮ ਈ. ਨੂੰ ਕਲਕੱਤੇ ਆਇਆ ਤੇ ੨੧ ਜਨਵਰੀ ਨੂੰ ਦਫ਼ਤਰ ਦਾ ਕੰਮ ਸੰਭਾਲਿਆ। ਪੰਜਾਬ ਦਾ ਨਵਾਂ ਰੇਜ਼ੀਡੈਂਟ ਫਰੈਡਰਿਕ ਕਰੀ (Fredrick Currie) ੬ ਮਾਰਚ, ੧੮੪੮ ਈ. ਨੂੰ ਲਾਹੌਰ ਪੁੱਜਾ ਤੇ ੯ ਮਾਰਚ ਨੂੰ ਦਫਤਰ ਦਾ ਕੰਮ ਸੰਭਾਲਿਆ।

---

*Lady Login, P. 112-13, as in (Life of Sir Henry Lawrence) Vol. II, P. 100. ਲੇਡੀ ਲਾਗਨ, ਪੰਨੇ ੧੧੨-੧੩।

# ਮੁਲਤਾਨ ਤੇ ਮੂਲ ਰਾਜ

ਮਹਾਰਾਜਾ ਰਣਜੀਤ ਸਿੰਘ ਨੇ ੧੮੧੮ ਈ: ਵਿਚ ਮੁਜ਼ੱਫ਼ਰ ਖ਼ਾਨ ਪਾਸੋਂ ਮੁਲਤਾਨ ਫ਼ਤਹਿ ਕੀਤਾ। ੧੮੨੪ ਈ: ਵਿਚ ਓਥੋਂ ਦਾ ਗਵਰਨਰ (ਸੂਬੇਦਾਰ) ਦੀਵਾਨ ਸਾਵਣ ਮੱਲ ਬਣਿਆਂ। ੧੮੪੪ ਵਿਚ ਸਾਵਣ ਮੱਲ ਇਕ ਸਿਪਾਹੀ ਹੱਥੋਂ ਕਤਲ ਹੋਇਆ ਤੇ ਉਸਦੀ ਥਾਂ ਉਸਦਾ ਪੁੱਤਰ ਮੂਲਰਾਜ ਗਵਰਨਰ ਬਣਿਆਂ। ਮੂਲਰਾਜ ਅੰਗਰੇਜ਼ਾਂ ਦੇ ਇਸ਼ਾਰੇ ਉੱਤੇ (ਕਿ ਅੰਗਰੇਜ਼ ਉਸ ਦੀ ਲਾਹੌਰ ਦਰਬਾਰ ਦੇ ਵਿਰੁੱਧ ਮਦਦ ਕਰਨਗੇ) ਮੁਲਤਾਨ ਨੂੰ ਸੁਤੰਤਰ ਰਿਆਸਤ ਦੱਸਣ ਲੱਗ ਪਿਆ ਤੇ ਤਖ਼ਤ 'ਤੇ ਬੈਠਣ ਵੇਲੇ ਲਾਹੌਰ ਦਰਬਾਰ ਨੂੰ ਕੋਈ ਨਜ਼ਰ ਨਾ ਘੱਲੀ। ਖ਼ਾਲਸਾ ਫ਼ੌਜ ਨੇ ੧੮੪੫ ਈ: ਵਿਚ ਮੁਲਤਾਨ 'ਤੇ ਚੜ੍ਹਾਈ ਕਰ ਦਿੱਤੀ, ਤਾਂ ਮੂਲਰਾਜ ਨੇ ੧੮ ਲੱਖ ਰੁਪਇਆ ਤੇ ਆਪਣੇ ਇਲਾਕੇ ਦਾ ਕੁਝ ਹਿੱਸਾ ਦੇ ਕੇ ਲਾਹੌਰ ਦਰਬਾਰ ਨਾਲ ਸੁਲ੍ਹਾ ਕਰ ਲਈ। ਏਸੇ ਸਮੇਂ ਸਤਲੁਜ ਯੁੱਧ ਸ਼ੁਰੂ ਹੋ ਗਿਆ। ਲੜਾਈ ਪਿਛੋਂ—ਮਾਮਲਾ ਤੇ ਨਜ਼ਰਾਨਾ ਨਾ ਭੇਜਣ ਕਰਕੇ—ਲਾਲ ਸਿੰਘ ਵਜ਼ੀਰ ਨੇ ਮੁਲਤਾਨ 'ਤੇ ਫ਼ੌਜ ਭੇਜੀ। ਝੰਗ ਕੋਲ ਲੜਾਈ ਹੋਈ, ਪਰ ਵਜ਼ੀਰ ਦੀ ਫ਼ੌਜ ਨੂੰ ਕੋਈ ਸਫਲਤਾ ਨਾ ਹੋਈ। ਹੈਨਰੀ ਲਾਰੰਸ ਨੇ ਵਿੱਚ ਪੈ ਕੇ ਸੁਲ੍ਹਾ ਕਰਾ ਦਿੱਤੀ। ਫ਼ੈਸਲਾ ਹੋਇਆ, ਕਿ ਮੂਲਰਾਜ ਆਪਣੀ ਜਾਇਦਾਦ ਦਾ ਤਿੱਜਾ ਹਿੱਸਾ (ਸਣੇ ਝੰਗ ਦੇ ਇਲਾਕੇ ਦੇ) ਤੇ ਨਜ਼ਰਾਨੇ ਵਜੋਂ ੨੦ ਲੱਖ ਰੁਪਿਆ ਦੇਵੇ। ਮਾਲ ਗੁਜ਼ਾਰੀ ਅੱਗੇ ਨਾਲੋਂ ਵਧਾਈ ਜਾਵੇ ਤੇ ਉਸਦੇ ਫ਼ੈਸਲਿਆਂ ਦੀ ਅਪੀਲ ਲਾਹੌਰ ਸੁਣੀ ਜਾਵੇ। ਏਸ ਪਰਬੰਧ ਅਨੁਸਾਰ, ਮੂਲਰਾਜ ਨੂੰ ਸਾਲਾਨਾ (੧੫੪੭੧੯੩ ਰੁਪਏ ਦੀ ਥਾਂ, ਜੋ ਪਹਿਲਾਂ ਸੀ) ੧੯੬੮੦੦੦ ਰੁਪਇਆ ਦੇਣਾ ਪਿਆ ਕਰਨਾ ਸੀ।* ਪਹਿਲਾਂ ਤਾਂ ਉਹ ਬੜਾ ਖ਼ੁਸ਼ ਸੀ, ਪਰ ਪਿੱਛੋਂ ਜਦੋਂ ਉਹ ਰੁਪਇਆ ਨਾ ਦੇ ਸਕਿਆ, ਤਾਂ ਉਹਨੇ ਨਵੰਬਰ, ੧੮੪੭ ਈ: ਵਿਚ ਲਾਹੌਰ ਪਹੁੰਚ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਤੇ ਨਾਲ ਹੀ ਜੀਵਨ-ਨਿਰਬਾਹ

ਮੂਲ ਰਾਜ

ਮੂਲ ਰਾਜ ਦਾ ਅਸਤੀਫ਼ਾ

---

*ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੭੫।

ਵਾਸਤੇ ਜਾਗੀਰ ਮਿਲਨ ਲਈ ਬੇਨਤੀ ਕੀਤੀ। ਇਸ ਵੇਲੇ ਹੈਨਰੀ ਲਾਰੰਸ ਚਲਾ ਗਿਆ ਸੀ, ਤੇ ਨਵੇਂ ਰੈਜ਼ੀਡੈਂਟ 'ਕਰੀ' ਦੇ ਆਉਣ ਤੱਕ ਜੌਹਨ ਲਾਰੰਸ ਕੰਮ ਕਰਦਾ ਸੀ। ਉਸ ਨੇ 'ਕੰਮ-ਚਲਾਊ' ਹੋਣ ਦੀ ਹੈਸੀਅਤ ਵਿਚ ਮੂਲਰਾਜ ਨਾਲ ਕੋਈ ਫ਼ੈਸਲਾ ਨਾ ਕੀਤਾ। ਮੁਲਤਾਨ ਪਹੁੰਚ ਕੇ ਮੂਲਰਾਜ ਨੇ ਆਪਣਾ ਅਹੁਦਾ ਛੱਡ ਦਿੱਤਾ।

ਜਦ 'ਕਰੀ' ਆਪਣੇ ਅਹੁਦੇ 'ਤੇ ਲਾਹੌਰ ਪੁੱਜਾ, ਉਸਨੇ ਮੂਲਰਾਜ ਨੂੰ ਲਿਖਿਆ, ਕਿ 'ਜੇ ਤੂੰ ਆਪਣਾ ਅਹੁਦਾ ਫੇਰ ਸੰਭਾਲਣਾ ਚਾਹੇਂ, ਤਾਂ ਵਿਚਾਰ ਹੋ ਸਕਦੀ ਹੈ।' ਮੂਲਰਾਜ ਨੇ ਅੱਗੋਂ ਉੱਤਰ ਦਿੱਤਾ, ਕਿ ਮੈਂ ਆਪਣੇ ਪਹਿਲੇ ਵਿਚਾਰਾਂ 'ਤੇ ਪੱਕਾ ਹਾਂ ਤੇ ਅਹੁਦਾ ਸੰਭਾਲਨ ਨੂੰ ਤਿਆਰ ਨਹੀਂ। ਕਰੀ ਨੇ ਅੱਗੋਂ ਲਿਖਿਆ, ਕਿ ਇਸ ਹਾਲਤ ਵਿੱਚ ਜਾਗੀਰ ਜਾਂ ਇਨਾਮ ਕੋਈ ਨਹੀਂ ਦਿੱਤਾ ਜਾਵੇਗਾ। ਨਾਲ ਹੀ ਪਿਛਲੇ ਦਸ ਸਾਲਾਂ ਦਾ ਹਿਸਾਬ ਮੰਗਿਆ। ਮੂਲਰਾਜ ਨੇ ਅੱਗੋਂ ਬੜੀ ਨਮਰਤਾ ਨਾਲ ਲਿਖਿਆ, ਕਿ "ਮੈਂ ਹਰ ਤਰ੍ਹਾਂ ਆਪ ਦੇ ਅਧੀਨ ਹਾਂ। ਪਰ ਮੇਰੇ ਪਿਤਾ ਦੇ ਸਮੇਂ ਦੇ ਕਾਗ਼ਜ਼ ਪੱਤਰ ਸਭ ਕੀੜੇ ਖਾ ਗਏ ਹਨ, ਸੋ ਹਿਸਾਬ ਦਾ ਠੀਕ ਹੋਣਾ ਅਸੰਭਵ ਹੈ।"

**ਨਵਾਂ ਦੀਵਾਨ ਕਾਹਨ ਸਿੰਘ, ਐਗਨੀਊ ਤੇ ਐਂਡਰਸਨ ਮੁਲਤਾਨ ਨੂੰ**

ਰੈਜ਼ੀਡੈਂਟ ਨੇ ਮੁਲਤਾਨ ਦਾ ਨਵਾਂ ਗਵਰਨਰ ਸ. ਕਾਹਨ ਸਿੰਘ 'ਮਾਨ' ਨੂੰ ਬਣਾ ਕੇ ਮੁਲਤਾਨ ਨੂੰ ਰਵਾਨਾ ਕੀਤਾ। ਉਸ ਨਾਲ ਦੋ ਅੰਗਰੇਜ਼ ਅਫ਼ਸਰ—ਵਾਨਸ ਐਗਨੀਊ (Vans Agnew) ਤੇ ਲੈਫਟੀਨੈਂਟ ਐਂਡਰਸਨ (Anderson)—੧੪੦੦ ਸਿੱਖ ਫ਼ੌਜ, ੭੦੦ ਗੋਰਖਾ ਤੇ ੬ ਤੋਪਾਂ ਸਨ*। ਉਹ ੧੯ ਅਪ੍ਰੈਲ, ੧੮੪੮ ਈ. ਨੂੰ ਮੁਲਤਾਨ ਪੁੱਜੇ।

ਇਸ ਤੋਂ ਪਹਿਲਾਂ ਹੀ ਮੂਲਰਾਜ ਆਪਣੀਆਂ ਫ਼ੌਜਾਂ ਨੌਕਰੀਓਂ ਹਟਾ ਚੁੱਕਾ ਸੀ। ਉਸ ਕੋਲ ਕੁਛ ਸਿਪਾਹੀ ਤੇ ਪੰਜ-ਛੇ ਤੋਪਾਂ ਸਨ, ਜਿਸ ਤੋਂ ਸਿੱਧ ਹੁੰਦਾ ਹੈ, ਕਿ ਉਹ ਇਸ ਅਹੁਦੇ ਨੂੰ ਦਿਲੋਂ ਛੱਡ ਚੁੱਕਾ ਸੀ। ਉਸਨੇ ਨਵੇਂ ਦੀਵਾਨ ਤੇ ਅੰਗਰੇਜ਼ ਅਫ਼ਸਰਾਂ ਦਾ ਬੜਾ ਚੰਗਾ ਸੁਆਗਤ ਕੀਤਾ। ਅਗਲੇ ਦਿਨ ਮੂਲਰਾਜ ਨੇ ਸਭ ਕੰਮ ਦੀ ਸੌਂਪਣਾ ਨਵੇਂ ਗਵਰਨਰ ਸ. ਕਾਹਨ ਸਿੰਘ

---

*(The Sikh Wars) ਸਿੱਖ ਯੁੱਧ, ਪੰਨਾ ੧੬੦।

ਨੂੰ ਕਰ ਦਿੱਤੀ ਤੇ ਆਪ ਨਾਲ ਫਿਰ ਕੇ ਕਿਲ੍ਹੇ ਦੀਆਂ ਸਾਰੀਆਂ ਥਾਵਾਂ ਵਿਖਾ ਦਿੱਤੀਆਂ ਤੇ ਕੁੰਜੀਆਂ ਸ. ਕਾਹਨ ਸਿੰਘ ਦੇ ਹਵਾਲੇ ਕਰ ਦਿੱਤੀਆਂ। ਕਿਲ੍ਹੇ ਵਿਚ ਗੋਰਖਾ ਫ਼ੌਜਾਂ ਕਾਇਮ ਕਰ ਦਿੱਤੀਆਂ ਗਈਆਂ। ਬੂਹੇ ਅੱਗੇ ਨਵੇਂ ਗਵਰਨਰ ਤੇ ਅੰਗਰੇਜ਼ ਅਫ਼ਸਰਾਂ ਦੇ ਨੌਕਰ ਬੈਠ ਗਏ। ਏਸ ਤਰ੍ਹਾਂ ਬਿਨਾਂ ਕਿਸੇ ਵਿਘਨ ਦੇ ਇਹ ਸਾਰਾ ਕੰਮ ਨੇਪਰੇ ਚੜ੍ਹ ਗਿਆ।

ਐਗਨੀਊ ਤੇ ਐਂਡਰਸਨ ਜ਼ਖ਼ਮੀ

ਸ: ਕਾਹਨ ਸਿੰਘ ਤੇ ਦੋਵੇਂ ਅੰਗਰੇਜ਼ ਅਫ਼ਸਰ ਕਿਲ੍ਹਿਓਂ ਬਾਹਰ ਆਪਣੇ ਡੇਰੇ ਨੂੰ ਜਾਣ ਲੱਗੇ, (ਨਾਲ ਮੂਲ ਰਾਜ ਤੇ ਉਹਦਾ ਸਾਲਾ ਰੰਗੀ ਰਾਮ ਵੀ ਸੀ) ਤਾਂ ਕਿਲ੍ਹੇ ਦੇ ਬੂਹੇ ਤੋਂ ਥੋੜ੍ਹੀ ਦੂਰ ਹੀ, ਕੁਝ ਨਾਮਕਟੇ ਸਿਪਾਹੀਆਂ ਨੇ ਦੋਹਾਂ ਅੰਗਰੇਜ਼ਾਂ ਨੂੰ ਤਲਵਾਰ ਤੇ ਬਰਛੇ ਨਾਲ ਜ਼ਖ਼ਮੀ ਕਰ ਦਿੱਤਾ। ਮੂਲਰਾਜ ਤਾਂ ਭੱਜ ਗਿਆ*, ਪਰ ਰੰਗੀ ਰਾਮ ਤੇ ਸ: ਕਾਹਨ ਸਿੰਘ ਨੇ, ਫੱਟੜ ਅੰਗਰੇਜ਼ਾਂ ਨੂੰ ਉਹਨਾਂ ਦੇ ਡੇਰੇ ਪੁਚਾਇਆ। ਇਹ ਘਟਨਾ ੧੯ ਅਪ੍ਰੈਲ ਨੂੰ ਹੋਈ।

ਦੋਵੇਂ ਕਤਲ

ਐਗਨੀਊ ਨੇ ਇਕ ਚਿੱਠੀ ਬੰਨੂੰ ਵਿਚ ਐਡਵਾਰਡਸ (Edwardes) ਨੂੰ ਤੇ ਇਕ ਲਾਹੌਰ ਵਿਚ ਰੈਜ਼ੀਡੈਂਟ ਨੂੰ ਲਿਖੀ। ਅਜੇ ਚਿੱਠੀਆਂ ਦਾ ਉੱਤਰ ਵੀ ਨਹੀਂ ਆਇਆ ਸੀ, ਜਾਂ ਬਲਵਈਆਂ ਨੇ ਹਮਲਾ ਕਰ ਕੇ ਦੋਵੇਂ ਅੰਗਰੇਜ਼—ਐਗਨੀਊ ਤੇ ਐਂਡਰਸਨ—ਸਣੇ ਨਿੱਜੀ ਨੌਕਰਾਂ ਦੇ ਕਤਲ ਕਰ ਦਿੱਤੇ।

ਓਸ ਵੇਲੇ ਮਾਝਾ (ਲਾਹੌਰ, ਅੰਮ੍ਰਿਤਸਰ ਆਦਿ) ਸ. ਲਹਿਣਾ ਸਿੰਘ ਮਜੀਠੀਏ ਦੇ, ਹਜ਼ਾਰਾ ਸ. ਚਤਰ ਸਿੰਘ ਅਟਾਰੀ ਦੇ, ਤੇ ਪਿਸ਼ਾਵਰ ਸੁਲਤਾਨ ਮੁਹੰਮਦ ਦੇ ਮਾਤਹਿਤ ਸੀ। ਅੰਗਰੇਜ਼ ਅਫ਼ਸਰ ਮੇਜਰ ਜਾਰਜ ਲਾਰੈਂਸ (George Lawrence) ਪਿਸ਼ਾਵਰ ਵਿਚ, ਮੇਜਰ ਜੇਮਜ਼ ਐਬਟ (James Abbott) ਹਜ਼ਾਰੇ ਵਿਚ ਤੇ ਐਡਵਾਰਡਸ ਬੰਨੂੰ ਵਿਚ ਸੀ। ਜੈਨਰਲ ਕੋਰਟ ਲੈਂਡ (Van Cortlandt) ਡਿਹਰਾ ਇਸਮਾਈਲ ਖ਼ਾਂ ਵਿੱਚ ਸੀ।

---

*A Year on the Punjab Frontier, by Edwardes,

ਰੰਗੀ ਰਾਮ ਨੇ ਮੂਲਰਾਜ ਨੂੰ ਅੰਗਰੇਜ਼ਾਂ ਦਾ ਸਾਥ ਦੇਣ ਵਾਸਤੇ ਕਿਹਾ। ਇਸ ਗੱਲ ਤੋਂ ਚਿੜ ਕੇ ਬਲਵਈਆਂ ਨੇ ਰੰਗੀ ਰਾਮ ਨੂੰ ਜ਼ਖ਼ਮੀ ਕਰ ਦਿੱਤਾ।

**ਮੂਲਰਾਜ ਕਿਉਂ ਬਾਗ਼ੀ ਹੋਇਆ**

ਏਸ ਘਟਨਾ ਤੋਂ ਮੂਲਰਾਜ ਬਹੁਤ ਡਰ ਗਿਆ। ਅਸਲ ਵਿਚ ਉਹ ਅੰਗਰੇਜ਼ਾਂ ਦੇ ਵਿਰੁੱਧ ਨਹੀਂ ਸੀ ਹੋਣਾ ਚਾਹੁੰਦਾ, ਪਰ ਉਹਨੂੰ ਅੰਗਰੇਜ਼ਾਂ ਕੋਲੋਂ ਕਿਸੇ ਰਹਿਮ ਦੀ ਆਸ ਨਹੀਂ ਸੀ। ਸੋ, ਏਸ ਗੱਲੋਂ ਡਰਦਿਆਂ—ਕਿ ਜੇ ਬਾਗ਼ੀਆਂ ਦਾ ਸਾਥ ਨਾ ਦਿੱਤਾ, ਤਾਂ ਉਹ ਆਪਣੇ ਸਿਪਾਹੀਆਂ ਹੱਥੋਂ ਹੀ ਕਤਲ ਹੋ ਜਾਵੇਂਗਾ—ਉਹ ਮਜਬੂਰਨ ਬਾਗ਼ੀ ਹੋਇਆ।

**ਮੁਲਤਾਨ ਬਗ਼ਾਵਤ ਕਿਉਂ ਹੋਈ**

ਇਹ ਬਗ਼ਾਵਤ ਗਿਣ ਮਿਥ ਕੇ ਨਹੀਂ, ਸਗੋਂ ਅਚਾਨਕ ਹੋਈ ਸੀ। ਲਾਰਡ ਡਲਹੌਜ਼ੀ ਦੀ ਵੀ ਏਹਾ ਰਾਏ ਹੈ, "ਪਹਿਲੀ ਬਗ਼ਾਵਤ ਬਿਨਾਂ ਸੋਚੇ ਸਮਝੇ ਤੇ ਇਤਫ਼ਾਕੀਆ ਹੋਈ*।"

ਸਤਲੁਜ ਯੁੱਧ ਪਿਛੋਂ ਬਹੁਤ ਸਾਰੇ ਸਿੱਖ ਸਿਪਾਹੀ ਫ਼ੌਜ ਵਿਚੋਂ ਕੱਢ ਦਿੱਤੇ ਗਏ ਸਨ। ਮੁਲਤਾਨ ਦੀ ਬਗ਼ਾਵਤ ਤੋਂ ਪਹਿਲਾਂ ਰੈਜ਼ੀਡੈਂਟ ਦੇ ਖ਼ਿਆਲ ਵਿਚ, ਪੈਦਲ ੧੫ ਤੋਂ ੨੦ ਹਜ਼ਾਰ ਤੇ ਅਸਵਾਰ ੧੦ ਤੋਂ ੧੨ ਹਜ਼ਾਰ ਸਿਪਾਹੀ ਕੱਟੇ ਗਏ ਸਨ।() ਇਹ ਨਾਮਕਟੇ ਸਿਪਾਹੀ ਲੜਨ ਤੋਂ ਬਿਨਾਂ ਹੋਰ ਕੁਛ ਕਰਨਾ ਨਹੀਂ ਸਨ ਜਾਣਦੇ। ਨੌਕਰ ਉਹਨਾਂ ਨੂੰ ਕੋਈ ਰਖਦਾ ਨਹੀਂ ਸੀ ਤੇ ਵਾਹੀ, ਜਾਂ ਹੋਰ ਕੋਈ ਕਿਰਤ ਉਹ ਕਰ ਨਹੀਂ ਸਨ ਸਕਦੇ। ਹੈਨਰੀ ਲਾਰੰਸ ਅਪ੍ਰੈਲ, ੧੮੪੭ ਈ: ਵਿਚ ਲਿਖਦਾ ਹੈ, "ਮੈਂ ਡਿੱਠਾ, ਕਿ ਮੇਰੇ ਉਦਾਲੇ ਉਹ ਆਦਮੀ ਫਿਰਦੇ ਸਨ, ਜੋ ਸਿੱਖ ਫ਼ੌਜ ਵਿਚ ਜਰਨੈਲ ਤੇ ਕਰਨੈਲ ਸਨ। ਹੁਣ ਉਹ ਉਪਜੀਵਕਾ ਵਾਸਤੇ ਭਟਕ ਰਹੇ ਸਨ। ਉਹ ਬੇ-ਇਨਸਾਫ਼ੀ ਨਾਲ ਫ਼ੌਜ ਵਿਚੋਂ ਕੱਢੇ ਗਏ ਸਨ**।" ਸੋ ਇਹ ਬਲਵਾ ਏਹੋ ਜੇਹੇ ਸਿਪਾਹੀਆਂ ਨੇ ਕੀਤਾ।

---

*The First outbreak was unpremeditated, and, in a manner, accidental" Evans Bell, footnote P. 40, as in Punjab Papers 1849 p. 585.

()Punjab Papers, 1849. P. 6.

**(Evans Bell) ਈਵਾਨਸ ਬੈੱਲ, ਪੰਨਾ ੪੫।

ਐਗਨੀਉ ਸਿਪਾਹੀਆਂ ਨੂੰ ਫ਼ੌਜ ਵਿਚੋਂ ਕੱਢਣ 'ਤੇ ਲੱਗਾ ਰਿਹਾ ਸੀ। ਮੁਲਤਾਨ ਦੀਆਂ ਰਜਮੰਟਾਂ ਵਿਚੋਂ ਕੁਝ ਆਦਮੀ ਲਾਹੌਰ ਘੱਲ ਦਿੱਤੇ ਤੇ ਕਈਆਂ ਦਾ ਹਿਸਾਬ ਚੁਕਾਕੇ ਕੱਢ ਦਿੱਤਾ। []ਮੁਲਤਾਨ ਦੇ ਕਈ ਗਰੁੱਪ ਉਸਨੇ ਕੱਢੇ ਸਨ। ਜਿਸ ਆਦਮੀ ਨੇ ਉਸ 'ਤੇ ਹਮਲਾ ਕੀਤਾ, ਉਹ ਲੰਮੀ ਨੌਕਰੀ ਵਾਲਾ ਨਾਮਕਟਾ ਸਿਪਾਹੀ* ਸੀ।

ਹੁਣ ਨਾਮਕਟੇ ਸਿਪਾਹੀ ਲੱਗੇ ਮੁਲਤਾਨ ਕੱਠੇ ਹੋਣ। ਉਹ ਲੜਾਈ ਭਾਲਦੇ ਫਿਰਦੇ ਸਨ। ਉਹਨਾਂ ਕੋਲ ਜੋ ਕੁਛ ਸੀ, ਉਹ ਨਸ਼ਟ ਹੋ ਚੁੱਕਾ ਸੀ ਤੇ ਹੋਰ ਕੁਛ ਸੀ ਹੀ ਨਹੀਂ, ਜਿਸਦੇ ਖੋਹੇ ਜਾਣ ਦਾ ਉਹਨਾਂ ਨੂੰ ਡਰ ਹੋਵੇ। ਸੋ, ਇਹ ਬਲਵੇ ਦੀ ਅੱਗ ਮੁਲਤਾਨ ਦੇ ਚੁਫੇਰੇ ਖਿੱਲਰ ਗਈ। ਅੰਗਰੇਜ਼ ਅਫ਼ਸਰਾਂ ਦੀ ਤੇ ਸ. ਕਾਹਨ ਸਿੰਘ ਦੀ ਫ਼ੌਜ ਵੀ ਬਾਗ਼ੀਆਂ ਨਾਲ ਮਿਲ ਗਈ। ਅੰਗਰੇਜ਼ਾਂ ਦੀ ਮਦਦ ਕਰਨ ਦੇ ਗੁਨਾਹ ਵਿੱਚ ਸ: ਕਾਹਨ ਸਿੰਘ ਤੇ ਉਸਦਾ ਪੁੱਤਰ ਬਾਗ਼ੀਆਂ ਨੇ ਕਿਲ੍ਹੇ ਵਿਚ ਕੈਦ ਕਰ ਲਏ, ਜੋ ਦੋਵੇਂ, ਪਿੱਛੋਂ ਮੁਲਤਾਨ ਦੇ ਘੇਰੇ ਸਮੇਂ ਬਾਰੂਦ ਨੂੰ ਅੱਗ ਲੱਗਣ ਦੇ ਕਾਰਨ ਮਰ ਗਏ।

ਕਾਹਨ ਸਿੰਘ ਕੈਦ

ਐਗਨੀਊ ਦੀ ਚਿੱਠੀ ਪੁੱਜਣ ਉੱਤੇ, ਐਡਵਾਰਡਸ ੨ ਤੋਪਾਂ, ੨੦ ਗੋਲੰਦਾਜ਼, ੧੨੦੦ ਪੈਦਲ, ੩੫੦ ਘੋੜ-ਅਸਵਾਰ ਲੈ ਕੇ ਮੁਲਤਾਨ ਵੱਲ ਤੁਰ ਪਿਆ। ਉਹਨੇ ਰੇਜ਼ੀਡੈਂਟ ਨੂੰ ਚਿੱਠੀ ਲਿਖੀ, ਜਿਸ ਵਿਚ ਆਪਣੇ ਕੂਚ ਦੀ ਖ਼ਬਰ ਦਿੱਤੀ ਤੇ ਮੁਲਤਾਨ ਦੀ ਬਗ਼ਾਵਤ ਦਬਾਉਣ ਵਾਸਤੇ ਮਦਦ ਮੰਗੀ।

ਐਗਨੀਊ ਦੀ ਚਿੱਠੀ ਰੇਜ਼ੀਡੈਂਟ 'ਕਰੀ' ਨੂੰ ਪੁੱਜੀ, ਤਾਂ ਉਹਦਾ ਫ਼ੌਜ ਭੇਜਣ ਦਾ ਵਿਚਾਰ ਸੀ। ਪਰ ਜਦੋਂ ਐਗਨੀਊ ਦੇ ਮਰਨ ਦੀ ਖ਼ਬਰ ਪੁੱਜੀ, 'ਕਰੀ' ਦੇ ਵਿਚਾਰ ਬਿਲਕੁਲ ਬਦਲ ਗਏ। ਸਿੱਖ ਸਰਦਾਰ ਇਸ ਬਲਵੇ ਦਾ ਹਾਲ ਸੁਣ ਕੇ ਏਸ ਆਸ 'ਤੇ, ਕਿ ਰੇਜ਼ੀਡੈਂਟ ਅੰਗਰੇਜ਼ੀ ਫੌਜਾਂ ਵੀ ਭੇਜੇਗਾ, ਆਪਣੀਆਂ ਸਿੱਖ ਫ਼ੌਜਾਂ ਲੈ ਕੇ ਮੁਲਤਾਨ ਨੂੰ ਤੁਰ ਪਏ। ਪਰ ਓਵੇਂ ਹੀ 'ਕਰੀ' ਨੇ ਸਰਦਾਰਾਂ ਨੂੰ ਬੁਲਾ ਕੇ ਕਿਹਾ, "ਬਗ਼ਾਵਤ ਲਾਹੌਰ

'ਕਰੀ' ਮੁਲਤਾਨ ਦੀ ਬਗ਼ਾਵਤ ਦਬਾਉਣ ਦੇ ਵਿਰੁਧ

---

[]Punjab Papers, P. 126.

*A Year on the Punjab Frontier, 11, P. 51 ਐਡਵਾਰਡਸ।

ਦਰਬਾਰ ਦੇ ਵਿਰੁੱਧ ਹੈ, ਸੋ ਸਿੱਖ ਸਰਦਾਰ ਇਸ ਨੂੰ ਦਬਾਉਣ ਤੇ ਗੁਨਾਹੀਆਂ ਨੂੰ ਸਜ਼ਾ ਦੇਣ। ਅੰਗਰੇਜ਼ੀ ਫ਼ੌਜ ਭੇਜਣੀ ਦਰਬਾਰ ਲਈ ਚੰਗੀ ਨਹੀਂ ਹੋਵੇਗੀ ਤੇ ਏਸ ਹਾਲ ਵਿਚ ਹੀ ਸਿੱਖ ਹਕੂਮਤ ਬਚ ਸਕਦੀ ਹੈ।"

ਸਰਦਾਰਾਂ ਨੇ ਸਲਾਹ ਦਿੱਤੀ, 'ਖ਼ਾਲਸਾ ਫ਼ੌਜ ਨੂੰ ਮੁਲਤਾਨ ਭੇਜਣਾ ਠੀਕ ਨਹੀਂ, ਕਿਉਂਕਿ ਇਹਦਾ ਮੂਲਰਾਜ ਨਾਲ ਮਿਲ ਜਾਣ ਦਾ ਡਰ ਹੈ। ਸੋ ਅੰਗਰੇਜ਼ੀ ਫ਼ੌਜ ਭੇਜ ਕੇ ਇਸ ਬਗ਼ਾਵਤ ਨੂੰ ਦਬਾਇਆ ਜਾਵੇ।' ਪਰ 'ਕਰੀ' ਬਿਲਕੁਲ ਨਾ ਮੰਨਿਆਂ।

ਏਸ ਘਟਨਾ ਦਾ ਵੇਰਵਾ ਰੈਜ਼ੀਡੈਂਟ ਫ਼ਰੈਡਰਿਕ ਕਰੀ, ਲਾਰਡ ਡਲਹੌਜ਼ੀ ਨੂੰ ਇਉਂ ਲਿਖਦਾ ਹੈ, "ਦੀਵਾਨ ਮੂਲਰਾਜ ਲਾਹੌਰ ਰਿਆਸਤ ਦਾ ਅਫ਼ਸਰ ਹੈ। ਉਹਨੇ ਬਗ਼ਾਵਤ ਕਰ ਦਿੱਤੀ ਹੈ। ਉਹਦੀ ਬਗ਼ਾਵਤ ਸਿੱਖ ਦਰਬਾਰ ਤੇ ਸਿੱਖ ਹਕੂਮਤ ਦੇ ਹੁਕਮਾਂ ਦੇ ਵਿਰੁੱਧ ਹੈ। ਹੋ ਸਕੇ, ਤਾਂ ਅੰਗਰੇਜ਼ੀ ਫ਼ੌਜ ਦੀ ਸਹਾਇਤਾ ਤੋਂ ਬਿਨਾਂ ਸਿੱਖ ਦਰਬਾਰ ਨੂੰ ਬਗ਼ਾਵਤ ਦਬਾਉਣੀ ਚਾਹੀਦੀ ਹੈ। ਜੇ ਇਕ ਵੀ ਅੰਗਰੇਜ਼ੀ ਸਿਪਾਹੀ ਭੇਜਣਾ ਪਿਆ, ਤਾਂ ਲਾਹੌਰ ਦਰਬਾਰ ਵਾਸਤੇ ਬੜਾ ਖ਼ਤਰਨਾਕ ਮਾਮਲਾ ਬਣ ਜਾਵੇਗਾ।"*

"ਕਿਸੇ ਹਾਲਤ ਵਿਚ ਵੀ ਐਹੋ ਜਿਹੇ ਮੋਰਚੇ ਉਤੇ ਮੈਂ ਅੰਗਰੇਜ਼ੀ ਫ਼ੌਜ ਘੱਲਣ ਨੂੰ ਤਿਆਰ ਨਹੀਂ ਹੋ ਸਕਦਾ, ਭਾਵੇਂ ਇਹਦਾ ਅਸਰ ਸਿੱਖ ਹਕੂਮਤ ਦੇ ਵਿਰੁੱਧ ਕੁਛ ਵੀ ਹੋਵੇ।"†

੨੭ ਅਪ੍ਰੈਲ ਨੂੰ ਰੈਜ਼ੀਡੈਂਟ ਫਿਰ ਲਿਖਦਾ ਹੈ, "ਬੜੀ ਲੰਮੀ ਵਿਚਾਰ ਪਿਛੋਂ ਸਰਦਾਰਾਂ ਨੇ ਕਿਹਾ, ਕਿ ਅੰਗਰੇਜ਼ੀ ਫੌਜ ਦੀ ਮਦਦ ਬਿਨਾਂ ਉਹ ਮੁਲਤਾਨ ਵਿਚ ਮੂਲ ਰਾਜ ਨੂੰ ਨਹੀਂ ਦਬੱਾ ਸਕਦੇ ਤੇ ਬਲਵਾ ਕਰਨ ਵਾਲੇ ਗੁਨਾਹੀਆਂ ਨੂੰ ਸਜ਼ਾ ਨਹੀਂ ਦੇ ਸਕਦੇ‡। ਉਹਨਾਂ ਦੀਆਂ ਫ਼ੌਜਾਂ ਮੂਲ ਰਾਜ ਦੇ ਵਿਰੁੱਧ ਨਹੀਂ ਲੜਨਗੀਆਂ।"

"ਬਗ਼ਾਵਤ ਲਾਹੌਰ ਦਰਬਾਰ ਦੇ ਵਿਰੁੱਧ ਹੈ, ਉਹ ਦਬਾਏ। ਮੈਂ ਫ਼ੌਜ ਭੇਜਣ ਨੂੰ ਤਿਆਰ ਨਹੀਂ।" ਦਾ ਅਸਲੀ ਅਰਥ ਅਗਲੇ ਪੱਤਰੇ ਪੜ੍ਹਨ ਤੋਂ

---

*Punjab Papers. 1849, P. 133

†Punjab Papers. 1849, P. 139

‡Punjab Papers. 1849, P. 140

ਰੈਜ਼ੀਡੈਂਟ ਦੇ ਅਖ਼ਤਿਆਰ

ਪਤਾ ਲੱਗ ਜਾਵੇਗਾ। ਇਹ ਠੀਕ ਹੈ, ਕਿ ਬਗ਼ਾਵਤ ਲਾਹੌਰ ਦਰਬਾਰ ਦੇ ਵਿਰੁੱਧ ਸੀ, ਪਰ ਲਾਹੌਰ ਦਰਬਾਰ ਦਾ ਹਾਕਮ ਕੌਣ ਸੀ ? ਰੇਜ਼ੀਡੈਂਟ । ਉਸਦੀ ਤਾਕਤ ਤੇ ਅਖ਼ਤਿਆਰ ਬਾਬਤ ਥਾਂ-ਥਾਂ ਇਉਂ ਲਿਖਿਆ ਹੈ, "ਰੈਜ਼ੀਡੈਂਟ ਨੂੰ ਸਾਰੇ ਮਹਿਕਮਿਆਂ ਵਿਚ ਪੂਰੇ ਅਖ਼ਤਿਆਰ ਦਿੱਤੇ ਗਏ ਸਨ। ਉਸ ਉੱਤੇ ਏਨੀ ਹੀ ਪਾਬੰਦੀ ਸੀ, ਕਿ ਉਹ ਗਵਰਨਰ ਜੈਨਰਲ ਦੀ ਮਰਜ਼ੀ ਅਨੁਸਾਰ ਕੰਮ ਕਰੇ। ਨਹੀਂ ਤਾਂ ਉਸਨੂੰ ਸਭ ਖੁੱਲ੍ਹੇ ਅਖ਼ਤਿਆਰ ਸਨ।()"

੨੧ ਦਸੰਬਰ, ੧੮੪੬ ਈ. ਨੂੰ ਹਾਰਡਿੰਗ ਗੁਪਤ ਸਭਾ (Secret Committee) ਨੂੰ ਲਿਖਦਾ ਹੈ : "ਵੱਡੇ ਵੱਡੇ ਸਰਦਾਰਾਂ ਦੀ ਕੌਂਸਲ ਬਣਾਈ ਗਈ ਹੈ। ਕੌਂਸਲ ਦੇ ਮੈਂਬਰ ਰੈਜ਼ੀਡੈਂਟ ਦੇ ਮਾਤਹਿਤ ਤੇ ਅਗਵਾਈ ਵਿੱਚ ਕੰਮ ਕਰਨਗੇ। ਰੈਜ਼ੀਡੈਂਟ ਨੂੰ ਹਰ ਮਹਿਕਮੇਂ ਵਿਚ ਹਰ ਕਿਸਮ ਦੇ ਪੂਰੇ ਅਖ਼ਤਿਆਰ ਹੋਣਗੇ।"

ਡਲਹੌਜ਼ੀ ਕੌਂਸਲ ਬਾਬਤ ਕਹਿੰਦਾ ਹੈ, "ਕੌਂਸਲ—ਬਿਨਾਂ ਰੈਜ਼ੀਡੈਂਟ ਦੇ—ਦੇਸ ਦੀ ਹਾਕਮ ਨਹੀਂ ਸੀ, ਕਿਉਂਕਿ ਉਸਦੇ ਮੈਂਬਰ ਰੈਜ਼ੀਡੈਂਟ ਦੇ ਅਧੀਨ ਸਨ।"[]

ਈਵਾਨਸ ਬੈੱਲ ਲਿਖਦਾ ਹੈ, "ਰੈਜ਼ੀਡੈਂਟ ਹੀ ਲਾਹੌਰ ਦੀ ਹਕੂਮਤ (ਬਾਦਸ਼ਾਹ) ਸੀ, ਜਦ ਮੁਲਤਾਨ ਬਗ਼ਾਵਤ ਦੀ ਖ਼ਬਰ ਲਾਹੌਰ ਪੁੱਜੀ। ਉਹਨੇ ਮੈਂਬਰਾਂ ਵਿਚੋਂ ਕਿਸੇ ਨੂੰ ਵੀ ਆਪਣੇ ਅਖ਼ਤਿਆਰ ਨਹੀਂ ਦਿੱਤੇ, ਸਗੋਂ ਉਹ ਆਪ 'ਹੁਕਮ' ਦੇਂਦਾ ਰਿਹਾ ਹੈ।"੦

ਸਾਰੇ ਅਖ਼ਤਿਆਰ ਹੁੰਦਿਆਂ ਹੋਇਆਂ ਵੀ, ਰੈਜ਼ੀਡੈਂਟ ਇਸ ਬਗਾਵਤ ਨੂੰ ਦਬਾਉਣ ਵਾਸਤੇ ਤਿਆਰ ਨਹੀਂ। ਉਹ ਮੁਲਤਾਨ ਦਾ ਗਵਰਨਰ ਸ. ਕਾਹਨ ਸਿੰਘ ਨੂੰ ਬਣਾ ਸਕਦਾ ਹੈ, ਮਹਾਰਾਣੀ ਦੀ ਪੈਨਸ਼ਨ (ਅਹਿਦਨਾਮੇ ਦੇ ਉਲਟ) ਘਟਾ ਸਕਦਾ ਹੈ, ਤੇ ਉਸਨੂੰ ਦੇਸ਼-ਨਿਕਾਲਾ ਦੇ ਸਕਦਾ ਹੈ, ੩

()(Evans Bell) ਈਵਾਨਸ ਬੈੱਲ, ਪੰਨਾ ੯।

[](Evans Bell) ਈਵਾਨਸ ਬੈੱਲ, ਪੰਨਾ ੧੦।

੦(Evans Bell) ਈਵਾਨਸ ਬੈੱਲ, ਪੰਨਾ ੧੧।

ਅਕਤੂਬਰ, ੧੮੪੮ ਈ. ਨੂੰ ਅੰਮ੍ਰਿਤਸਰ ਗੋਬਿੰਦਗੜ੍ਹ ਦੇ ਕਿਲ੍ਹੇ ਵਿਚੋਂ ਖ਼ਾਲਸਾ ਫ਼ੌਜ ਨੂੰ ਹਟਾ ਕੇ ਉਸਦੀ ਥਾਂ ਅੰਗਰੇਜ਼ੀ ਫ਼ੌਜ* ਰੱਖ ਸਕਦਾ ਹੈ, ਪਰ ਮੂਲਰਾਜ ਦੀ ਬਗ਼ਾਵਤ ਨਹੀਂ ਦਬਾ ਸਕਦਾ। ਕਿਉਂ ? ਇਸਦਾ ਉਤਰ ਸੁਣੋ।

ਲਾਰਡ ਡਲਹੌਜ਼ੀ ਦੇ ਆਉਣ ਨਾਲ ਹਕੂਮਤ ਦੀ ਨੀਤੀ (ਪਾਲਿਸੀ Policy) ਹੀ ਬਦਲ ਗਈ ਸੀ()। ਉਹ ਵੱਧ ਤੋਂ ਵੱਧ ਇਲਾਕੇ ਫ਼ਤਹਿ ਕਰ ਕੇ ਅੰਗਰੇਜ਼ੀ ਰਾਜ ਵਿਚ ਮਿਲਾਉਣਾ ਚਾਹੁੰਦਾ ਸੀ। ਜਦ ਮੁਲਤਾਨ ਦੀ ਬਗ਼ਾਵਤ ਦੀ ਖ਼ਬਰ ਪਹੁੰਚੀ, ਉਸਦੀ ਨਜ਼ਰ ਪੰਜਾਬ 'ਤੇ ਪਈ। ਮਗਰ ਪੰਜਾਬ ਨੂੰ ਜ਼ਬਤ ਕਰਨ ਵਾਸਤੇ ਕੋਈ ਬਹਾਨਾ ਵੀ ਹੋਣਾ ਚਾਹੀਦਾ ਸੀ। ਸੋ ਫ਼ੌਜ ਨਾ ਭੇਜੀ, ਤਾਂ ਜੋ ਇਹ ਬਗ਼ਾਵਤ ਇਕ ਵੱਡੀ ਲੜਾਈ ਵਿਚ ਬਦਲ ਜਾਏ।

ਡਲਹੌਜ਼ੀ ਦੀ ਨੀਤੀ

"ਲਾਰਡ ਗਫ਼ ਦੀ ਰਾਏ ਸੀ, ਕਿ ਜਦ ਤਕ ਬਗ਼ਾਵਤ ਲਾਹੌਰ ਦਰਬਾਰ ਦੇ ਵਿਰੁੱਧ ਹੈ, ਉਸਨੂੰ ਲਾਹੌਰ ਦਰਬਾਰ ਹੀ ਦਬਾਵੇ ਤੇ ਬਿਨਾਂ ਅੰਗਰੇਜ਼ਾਂ ਦੀ ਸਹਾਇਤਾ ਦੇ। ਤੇ ਜੇ ਜ਼ਰੂਰੀ ਹੈ, ਕਿ ਵੱਡੀ ਲੜਾਈ ਰੁਕ ਨਹੀਂ ਸਕਦੀ, ਤਾਂ ਉਸਨੇ ਦਿਲ ਵਿਚ ਧਾਰੀ ਹੋਈ ਸੀ, ਕਿ ਜਦ ਲੜਾਈ ਲੜਨੀ ਹੀ ਪੈਣੀ ਹੈ, ਤਾਂ ਤਕੜੀ ਫ਼ੌਜ ਲੈ ਕੇ ਲੜੀ ਜਾਵੇ, ਜਿਸ ਨਾਲ ਸਿਰਫ਼ ਸਿੱਖ ਦਬਾਏ ਹੀ ਨਾ ਜਾਣ, ਸਗੋਂ ਪੂਰੀ ਤਰ੍ਹਾਂ ਫ਼ਤਹਿ ਹਾਸਲ ਕੀਤੀ ਜਾਵੇ।[]

ਗਫ਼ ਦਾ ਇਰਾਦਾ

ਇਹ ਕਾਰਨ ਸਨ, ਜਿਸ ਵਾਸਤੇ ਅੰਗਰੇਜ਼ੀ ਫ਼ੌਜ ਉਸ ਵੇਲੇ ਮੁਲਤਾਨ ਨਾ ਭੇਜੀ ਗਈ। ਜੇ 'ਕਰੀ' ਅੰਗਰੇਜ਼ੀ ਫ਼ੌਜ ਐਡਵਾਰਡਸ ਦੀ ਮਦਦ 'ਤੇ ਝੱਟ ਪੱਟ ਭੇਜ ਦੇਂਦਾ, ਤਾਂ ਮੁਲਤਾਨ ਬਗ਼ਾਵਤ ਉਥੇ ਹੀ ਦਬਾ ਦਿੱਤੀ ਜਾਂਦੀ ਤੇ ਪਿੱਛੋਂ ਹੋਣ ਵਾਲਾ ਘਮਸਾਣ ਬਿਲਕੁਲ ਨਾ ਹੁੰਦਾ।

ਐਗਨੀਊ ਦੀ ਚਿੱਠੀ ਪੜ੍ਹਕੇ ਐਡਵਾਰਡਸ ਮੁਲਤਾਨ ਵੱਲੇ ਵਧਿਆ।

---

*Punjab Papers, 1849, P. 374

()(The Sikh Wars) ਸਿੱਖ ਯੁੱਧ, ਪੰਨਾ ੨੬੨।

[](The Sikh Wars) ਸਿੱਖ ਯੁੱਧ, ਪੰਨਾ ੧੯੯।

**ਐਡਵਾਰਡਸ ਮੁਲਤਾਨ ਉੱਤੇ**

ਉਸਨੇ ਇਕ ਚਿੱਠੀ ਲਾਹੌਰ ਰੈਜ਼ੀਡੈਂਟ ਨੂੰ ਤੇ ਇਕ ਨਵਾਬ ਬਹਾਵਲਪੁਰ ਨੂੰ—ਮਦਦ ਵਾਸਤੇ—ਲਿਖੀਆਂ। ਜੈਨਰਲ ਕੋਰਟ ਲੈਂਡ (Van Cortland) ਫ਼ਤਹਿ ਖ਼ਾਂ ਤੇ ਸੁਬਹਾਨ ਖ਼ਾਂ ਦੀ ਮਦਦ ਨਾਲ ਐਡਵਾਰਡਸ ਨੇ ੧੧ ਮਈ ਨੂੰ ਬਿਨਾਂ ਲੜਾਈ ਕੀਤੇ, ਮੰਗਰੋਟੇ ਦਾ ਕਿਲ੍ਹਾ ਮੱਲ ਲਿਆ। ਏਸੇ ਸਮੇਂ ਮੂਲਰਾਜ ਨੇ ਆਪਣਾ ਆਦਮੀ ਐਡਵਾਰਡਸ ਪਾਸ ਸੁਲ੍ਹਾ ਦੀਆਂ ਸ਼ਰਤਾਂ ਪੱਕੀਆਂ ਕਰਨ ਵਾਸਤੇ ਘੱਲਿਆ, ਪਰ ਐਡਵਾਰਡਸ ਨੇ ਸਭ ਸ਼ਰਤਾਂ ਤੋਂ ਨਾਂਹ ਕਰ ਦਿੱਤੀ। ਮੁਲਤਾਨ ਤੋਂ ਦੂਰ ਦੂਰ ਕੁਛ ਛੋਟੀਆਂ ਲੜਾਈਆਂ ਹੋਈਆਂ ਤੇ ਸਾਰੀਆਂ ਵਿਚ ਮੂਲਰਾਜ ਦੀਆਂ ਫ਼ੌਜਾਂ ਹਾਰ ਗਈਆਂ।

**ਕਨੇਰੀ ਦੀ ਲੜਾਈ ੧੯ ਜੂਨ**

੧੯ ਜੂਨ, ੧੮੪੮ ਈ. ਨੂੰ ਕਨੇਰੀ ਦੀ ਲੜਾਈ ਹੋਈ। ਇਸ ਵੇਲੇ ਤਕ ਐਡਵਾਰਡਸ ਦੀ ਮਦਦ ਵਾਸਤੇ ਬਹਾਵਲਪੁਰ ਦੀ ਤੇ ਲਾਹੌਰੋਂ ਦੇਸੀ ਸਰਦਾਰਾਂ ਦੀ ਕੁਛ ਫ਼ੌਜ ਵੀ ਪੁੱਜ ਗਈ ਸੀ। ਇਸ ਵੇਲੇ ਐਡਵਾਰਡਸ ਦੀ ਮਦਦੀ ਫ਼ੌਜ ਦਾ ਵੇਰਵਾ ਇਉਂ ਹੈ : ਉਸਦੀ ਆਪਣੀ ਫ਼ੌਜ ੨੫੦੦ ਤੇ ੧੦ ਤੋਪਾਂ, ਬਹਾਵਲਪੁਰ ਦੀ ਫ਼ੌਜ, ਜੋ ਉਸ ਨਾਲ ਮਿਲ ਚੁਕੀ ਸੀ, ੩੦੦੦ ਤੇ ੨੦ ਛੋਟੀਆਂ ਤੋਪਾਂ, ਫ਼ਤਹਿ ਮੁਹੰਮਦ ਦੀ ਫ਼ੌਜ ੯ ਹਜ਼ਾਰ ਤੇ ੧੧ ਤੋਪਾਂ। ਜਿਸ ਫ਼ੌਜ ਉਤੇ ਰੰਗੀ ਰਾਮ ਨੇ ਕਨੇਰੀ ਘਾਟ ਉੱਤੇ ੮-੧੦ ਹਜ਼ਾਰ ਫ਼ੌਜ ਨਾਲ ਹਮਲਾ ਕੀਤਾ, ਉਹ ਬਹਾਵਲਪੁਰੋਂ ਆ ਰਹੀ ਸੀ। ਉਸਦੀ ਗਿਣਤੀ ੮੫੦੦ ਸੀ ਅਤੇ ੧੧ ਤੋਪਾਂ ਤੇ ੩੦ ਜੰਬੂਰਕੇ ਸਨ। ਐਡਵਾਰਡਸ ਏਸ ਲੜਾਈ ਵਿਚ ਆ ਸ਼ਾਮਲ ਹੋਇਆ। ੧੫੦੦ ਸਿੱਖ ਫ਼ੌਜ, ਸਣੇ ੧੫ ਤੋਪਾਂ ਦੇ, ਫ਼ੌਜਦਾਰ ਖ਼ਾਂ ੫ ਹਜ਼ਾਰ ਫ਼ੌਜ ਸਣੇ, ਸ਼ੇਖ਼ ਇਮਾਮੁੱਦੀਨ ੪ ਹਜ਼ਾਰ ਫ਼ੌਜ ਸਣੇ ਆ ਮਿਲੇ। ਰੰਗੀ ਰਾਮ ਹਾਰਕੇ ਮੁਲਤਾਨ ਨੂੰ ਉਠ ਨੱਠਾ।

**ਸੂਰਜਕੁੰਡ ਦੀ ਲੜਾਈ ੧ ਜੁਲਾਈ**

ਮੁਲਤਾਨ ਤੋਂ ਬਾਹਰ ਸੂਰਜਕੁੰਡ ਕੋਲ ੧ ਜੁਲਾਈ ੧੮੪੮ ਈ. ਨੂੰ ਇਕ ਹੋਰ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਦੋਵੇਂ ਧੜੇ ਮੂਲਰਾਜ ਤੇ ਐਡਵਾਰਡਸ—ਬੜੇ ਡੂੱਲੇ ਖਲੇ ਸਨ, ਜਾਂ ਇਕ ਗੋਲਾ ਮੂਲਰਾਜ ਦੇ ਹਾਥੀ 'ਤੇ ਆ ਪਿਆ, ਜਿਸ ਕਾਰਨ ਉਹ ਹਾਥੀ ਛੱਡ ਕੇ ਇਕ ਘੋੜੇ 'ਤੇ

ਅਸਵਾਰ ਹੋਇਆ, ਪਰ ਫ਼ੌਜ ਵਿਚ ਰੌਲਾ ਪੈ ਗਿਆ, ਕਿ ਮੂਲਰਾਜ ਮਰ ਗਿਆ ਹੈ। ਸੋ ਫ਼ੌਜਾਂ ਨੱਸ ਉਠੀਆਂ। ਮੂਲਰਾਜ ਹਾਰ ਖਾ ਕੇ ਕਿਲ੍ਹੇ ਵਿਚ ਜਾ ਵੜਿਆ। ਐਡਵਾਰਡਸ ਨੇ ਇਹ ਲੜਾਈ ਤਾਂ ਜਿੱਤ ਲਈ, ਪਰ ਉਹਦਾ ਇਹ ਹੌਸਲਾ ਨਾ ਪਿਆ, ਕਿ ਅਗਾਂਹ ਵਧਕੇ ਕਿਲ੍ਹੇ ਨੂੰ ਘੇਰਾ ਪਾ ਲਏ। ਉਸਨੇ ਰੇਜ਼ੀਡੈਂਟ ਨੂੰ ਕਈ ਵਾਰ ਮਦਦ ਵਾਸਤੇ ਲਿਖਿਆ, ਪਰ ਅੱਗੋਂ ਜਵਾਬ ਹੀ ਮਿਲਦਾ ਰਿਹਾ। ਅੰਗਰੇਜ਼ੀ ਫ਼ੌਜ ਭੇਜਣ ਤੋਂ ਏਨੀ ਢਿੱਲ ਵੇਖ ਕੇ ਖ਼ਾਲਸਾ ਫ਼ੌਜਾਂ ਤੇ ਕਈ ਸਰਦਾਰ ਹੋਰ ਹੋਰ ਕਿਆਸ ਕਰਨ ਲੱਗੇ।

ਮੂਲਰਾਜ ਨੂੰ ਵੀ ਕਿਲ੍ਹਾ ਪੱਕਾ ਕਰਨ ਦਾ ਸਮਾਂ ਮਿਲ ਗਿਆ। ਉਸ ਨੇ ਬਹੁਤ ਸਾਰਾ ਅਨਾਜ ਤੇ ਜੰਗ ਦਾ ਸਾਮਾਨ ਕੱਠਾ ਕਰ ਲਿਆ। ਪੰਜਾਬ ਦੇ ਨਾਮ-ਕਟੇ ਫ਼ੌਜੀ ਸਿੱਖ ਮੂਲਰਾਜ ਦੇ ਝੰਡੇ ਹੇਠ ਕੱਠੇ ਹੋਣ ਲੱਗ ਪਏ।

**ਮਹਾਰਾਣੀ 'ਤੇ ਬਿਪਤਾ**

ਇਸ ਤੋਂ ਕੁਝ-ਕੁ ਮਹੀਨਾ ਪਹਿਲਾਂ ਇਕ ਹੋਰ ਬੁਰੀ ਘਟਨਾ ਹੋ ਚੁੱਕੀ ਸੀ, ਜਿਸ ਨੇ ਸਾਰੇ ਪੰਜਾਬ ਵਿਚ ਅੱਗ ਲਾ ਛੱਡੀ ਸੀ। ੧੯ ਅਗਸਤ, ੧੮੪੭ ਈ. ਨੂੰ ਮਹਾਰਾਣੀ ਜਿੰਦ ਕੌਰ ਸ਼ੇਖੂਪੁਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤੀ ਸੀ। 'ਕਰੀ' ਦੇ ਰੈਜ਼ੀਡੈਂਟ ਬਣਨ ਨਾਲ ਮਹਾਰਾਣੀ ਦੀ ਕੈਦ ਬੜੀ ਸਖ਼ਤ ਹੋ ਗਈ ਸੀ। 'ਕਰੀ' ਨੂੰ ਸ਼ੱਕ ਪਿਆ, ਕਿ ਲਾਲ ਸਿੰਘ ਦਾ ਵਕੀਲ ਸਾਹਿਬ ਸਿੰਘ ਲੁਕ ਛਿਪ ਕੇ ਮਹਾਰਾਣੀ ਨੂੰ ਮਿਲਦਾ ਹੈ। ਸੋ ਸਾਹਿਬ ਸਿੰਘ ਨੂੰ ਤਾੜਨਾ ਕੀਤੀ ਗਈ, ਕਿ ਉਹ ਫੇਰ ਸ਼ੇਖੂਪੁਰ ਦੇ ਨੇੜੇ ਨਾ ਢੁੱਕੇ। ਇਹਨਾਂ ਹੀ ਦਿਨਾਂ ਵਿਚ ਮਹਾਰਾਣੀ ਨੇ ਆਪਣੇ ਨੌਕਰਾਂ ਨੂੰ ਸੱਠ-ਸੱਠ ਰੁਪੈ ਦੀਆਂ ਬੁਤਕੀਆਂ ਇਨਾਮ ਦਿੱਤੀਆਂ, ਜਿਸ ਤੋਂ ਨਾਰਾਜ਼ ਹੋ ਕੇ ਰੈਜ਼ੀਡੈਂਟ ਨੇ ਸਾਰੇ ਨੌਕਰ ਹਟਾ ਦਿੱਤੇ ਤੇ ਉਹ ਬੁਤਕੀਆਂ ਵੀ ਵਾਪਸ ਕਰਾ ਦਿੱਤੀਆਂ। ਨਵੇਂ ਨੌਕਰ ਉਹ ਰੱਖੇ, ਜੋ ਮਹਾਰਾਣੀ ਦੇ ਦਿਲੋਂ ਵਿਰੋਧੀ ਸਨ। ਤੇ ਨਾਲ ਹੀ ਹੁਕਮ ਕੀਤਾ, ਕਿ ਮਹਾਰਾਣੀ ਕਿਸੇ ਨਾਲ ਗੱਲਬਾਤ ਜਾਂ ਚਿੱਠੀ-ਪੱਤਰ ਨਹੀਂ ਕਰ ਸਕਦੀ ਤੇ ਨਾ ਹੀ ਕਿਸੇ ਨੌਕਰ ਨੂੰ ਕੋਈ ਇਨਾਮ ਦੇ ਸਕਦੀ ਹੈ। ਕੁਝ ਚਿਰ ਪਿਛੋਂ ਰੈਜ਼ੀਡੈਂਟ ਨੇ ਇਹ ਅਫ਼ਵਾਹ ਸੁਣੀ, ਕਿ ਮਹਾਰਾਣੀ ਨੇ ਇਕ ਫ਼ਕੀਰ ਕਸ਼ਮੀਰ ਗੁਲਾਬ ਸਿੰਘ ਕੋਲ ਤੇ ਇਕ ਦਲੀਪ ਸਿੰਘ ਕੋਲ ਭੇਜਿਆ ਹੈ, ਪਰ ਪੜਤਾਲ ਕਰਨ 'ਤੇ ਕਿਤੋਂ ਵੀ ਕੋਈ ਪਤਾ ਨਾ ਲੱਗਾ। ਇਹ ਅਣਕੀਤੇ ਗੁਨਾਹ ਦਾ

ਵਲ, ਮਹਾਰਾਣੀ ਦੀ ਕੈਦ ਬੜੀ ਕਰੜੀ ਹੋ ਗਈ। ਉਸਨੇ ਆਪਣੇ ਵਕੀਲ ਜੀਵਨ ਸਿੰਘ ਨੂੰ ਕਲਕੱਤੇ ਲਾਰਡ ਡਲਹੌਜ਼ੀ ਕੋਲ ਭੇਜਿਆ, ਪਰ ਉਹਨੇ ਅੱਗੋਂ ਕੱਖ ਨਾ ਸੁਣੀ'।*

**ਮਹਾਰਾਣੀ ਨੂੰ ਦੇਸ਼ ਨਿਕਾਲਾ**

ਸ਼ੁਰੂ ਮਈ, ੧੮੪੮ ਈ. ਨੂੰ ਰੇਜ਼ੀਡੈਂਟ ਦੇ ਹੁਕਮ ਨਾਲ ਅੰਗਰੇਜ਼ਾਂ ਵਿਰੁੱਧ ਇਕ ਸਾਜ਼ਸ਼ ਵਿਚ ਚਾਰ ਆਦਮੀਆਂ ਨੂੰ ਸਜ਼ਾਵਾਂ ਹੋਈਆਂ, ਜਿਨ੍ਹਾਂ ਵਿਚ ਮਹਾਰਾਣੀ ਦਾ ਵਕੀਲ ਗੰਗਾ ਰਾਮ ਵੀ ਸੀ। ਗੰਗਾ ਰਾਮ ਤੇ ਇਕ ਨਾਮ ਕੱਟੇ ਕਾਹਨ ਸਿੰਘ ਨੂੰ ਫਾਂਸੀ ਦਿੱਤੀ ਗਈ। ਬਾਕੀ ਦੋਹਾਂ ਨੂੰ ਦੇਸ-ਨਿਕਾਲਾ। ਏਸੇ ਸਾਜ਼ਸ਼ ਦਾ ਸ਼ੱਕ ਮਹਾਰਾਣੀ 'ਤੇ ਵੀ ਕੀਤਾ ਗਿਆ। ਭਾਵੇਂ ਉਸਦੇ ਵਿਰੁੱਧ ਪੱਕਾ ਸਬੂਤ ਕੋਈ ਨਾ ਮਿਲਿਆ, ਪਰ ਫਿਰ ਵੀ ਉਸਨੂੰ ਦੇਸ-ਨਿਕਾਲੇ ਦੀ ਸਜ਼ਾ ਦੇ ਦਿੱਤੀ ਗਈ। ਤਿੰਨਾਂ ਮੈਂਬਰਾਂ (ਜਿਨ੍ਹਾਂ ਵਿਚੋਂ ਮੋਢੀ ਤੇਜ ਸਿੰਘ—ਮਹਾਰਾਣੀ ਦਾ ਜ਼ਾਤੀ ਵੈਰੀ—ਸੀ) ਤੋਂ ਦਸਖ਼ਤ ਕਰਾ ਕੇ ਰੇਜ਼ੀਡੈਂਟ ਨੇ ਇਹ ਹੁਕਮ ਜਿੰਦ ਕੌਰ ਨੂੰ ਸੁਣਾ ਦਿੱਤਾ। ੧੫ ਮਈ, ੧੮੪੮ ਈ. ਨੂੰ ਸ਼ੇਰੇ ਪੰਜਾਬ ਦੀ 'ਮਹਿਬੂਬਾ' ਸਿੱਖਾਂ ਦੇ ਬਾਦਸ਼ਾਹ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਸ਼ੇਖ਼ੂਪੁਰ ਤੋਂ ਕੱਢਕੇ ਬਨਾਰਸ ਪੁਚਾ ਦਿੱਤੀ ਗਈ†। ਏਸ ਦੇਸ-ਨਿਕਾਲੇ ਦੀ ਦੁਰਘਟਨਾ ਨੇ ਸਿੱਖ ਸਿਪਾਹੀਆਂ ਦੇ ਦਿਲਾਂ ਵਿਚ ਭਾਂਬੜ ਮਚਾ ਦਿੱਤੇ। ਉਹ ਕਹਿੰਦੇ ਸਨ : "ਜਦ ਖ਼ਾਲਸੇ ਦੀ ਮਾਤਾ ਹੀ ਪੰਜਾਬ ਵਿਚੋਂ ਕੱਢ ਦਿੱਤੀ ਗਈ ਹੈ, ਤਾਂ ਲੜੀਏ ਕਿਸ ਵਾਸਤੇ ? ਅਸੀਂ ਤਾਂ ਹੁਣ ਅੰਗਰੇਜ਼ਾਂ ਦੇ ਵਿਰੁੱਧ ਮੂਲਰਾਜ ਦੀ ਮਦਦ ਕਰਾਂਗੇ।"

## ਸ: ਚਤਰ ਸਿੰਘ

ਸਰਦਾਰ ਚਤਰ ਸਿੰਘ 'ਅਟਾਰੀ ਵਾਲਾ' ਸਿੱਖਾਂ ਵਿਚੋਂ ਇਕ ਨਾਮਵਰ

---

*ਇਸ ਮੁਲਾਕਾਤ ਦਾ ਵੇਰਵਾ ਵੇਖੋ, 'ਦੁਖੀਏ ਮਾਂ ਪੁੱਤ'।

†ਇਸ ਤੋਂ ਪਿਛੋਂ ਮਹਾਰਾਣੀ ਨਾਲ ਕੀ ਬੀਤੀ ? ਕਿਵੇਂ ਉਸਨੂੰ ਨੰਗਾ ਕਰ ਤਲਾਸ਼ੀ ਕੀਤੀ ਗਈ ? ਫਿਰ ਚੁਨਾਰ ਦੀ ਕੈਦ, ਤੇ ਓਥੋਂ ਸੰਤਣੀ ਬਣਕੇ ਨੱਸਣਾ ਤੇ ਨੇਪਾਲ ਪੁੱਜਣਾ, ਦਲੀਪ ਸਿੰਘ ਨਾਲ ਮੇਲ, ਅੰਤ ਵਿਲਾਇਤ ਵਿਚ ਚਲਾਣਾ ਕਰ ਜਾਣਾ। ਇਹ ਪੂਰੇ ਹਾਲ ਪੜ੍ਹਨੇ ਚਾਹੋ, ਤਾਂ ਪੜ੍ਹੋ 'ਦੁਖੀਏ ਮਾਂ-ਪੁੱਤ'।

ਸਰਦਾਰ ਸੀ। ਉਸਦਾ ਇਕ ਪੁੱਤਰ ਰਾਜਾ ਸ਼ੇਰ ਸਿੰਘ ਰੇਜ਼ੀਡੈਂਟ ਦੀ ਕੌਂਸਲ ਦਾ ਮੈਂਬਰ ਤੇ ਖ਼ਾਲਸਾ ਫ਼ੌਜ ਦਾ ਜਰਨੈਲ ਸੀ, ਜੋ ਆਪਣੀ ਫ਼ੌਜ ਲੈ ਕੇ ਮੁਲਤਾਨ ਦੇ ਪਹਿਲੇ ਘੇਰੇ ਸਮੇਂ ਐਡਵਾਰਡਸ ਦੀ ਮਦਦ ਕਰ ਰਿਹਾ ਸੀ। ਸ. ਚਤਰ ਸਿੰਘ ਦਾ ਦੂੱਜਾ ਪੁੱਤਰ—ਗੁਲਾਬ ਸਿੰਘ—ਲਾਹੌਰ ਰੈਜ਼ੀਡੈਂਟ ਕੋਲ ਰਹਿੰਦਾ ਸੀ। ਚਤਰ ਸਿੰਘ ਆਪ ਹਜ਼ਾਰੇ ਦੇ ਸੂਬੇ ਦਾ ਗਵਰਨਰ ਸੀ ਤੇ 'ਹਰੀ ਪੁਰ' ਰਹਿੰਦਾ ਸੀ। ਉਸਦੀ ਲੜਕੀ ਮ: ਦਲੀਪ ਸਿੰਘ ਨਾਲ ਮੰਗੀ ਹੋਈ ਸੀ।

ਹਜ਼ਾਰੇ ਦੀ ਲਗਭਗ ਸਾਰੀ ਵਸੋਂ ਮੁਸਲਮਾਨ ਹੈ। ਓਦੋਂ ਸਾਰੀ ਵਸੋਂ ਹਥਿਆਰਬੰਦ ਤੇ ਮਾਰਖ਼ੋਰੇ ਸੁਭਾਂ ਦੀ ਸੀ। ਉਹ ਮੁਸਲਮਾਨ ਸਦੀਆਂ ਤਕ ਖ਼ੁਦ-ਮੁਖ਼ਤਿਆਰ ਰਹੇ। ਸ਼ੇਰੇ-ਪੰਜਾਬ ਦੇ ਸਮੇਂ ਵੀ ਉਹਨਾਂ ਤੋਂ ਮਾਮਲਾ ਫ਼ੌਜੀ ਮਦਦ ਨਾਲ ਹੀ ਉਘਰਦਾ ਰਿਹਾ। ਉਹ ਸਿੱਖ ਰਾਜ ਦੇ ਦਿਲੋਂ ਵਿਰੋਧੀ ਸਨ, ਤੇ ਸਮਾਂ ਮਿਲਨ 'ਤੇ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਇਹੋ ਜਿਹੀ ਵਸੋਂ ਵਿਚ ਸ਼ਾਂਤੀ ਕਾਇਮ ਰੱਖਣ ਬਦਲੇ ਸ: ਚਤਰ ਸਿੰਘ ਖ਼ਾਲਸਾ ਫ਼ੌਜ ਸਣੇ ਓਥੇ ਗਵਰਨਰ ਬਣ ਕੇ ਰਹਿੰਦਾ ਸੀ।

ਮਹਾਰਾਣੀ ਦੇ ਦੇਸ-ਨਿਕਾਲੇ ਦਾ ਅਸਰ ਹਰ ਸਿਪਾਹੀ ਦੇ ਦਿਲ 'ਤੇ ਹੋ ਰਿਹਾ ਸੀ। ਹਜ਼ਾਰੇ ਦੀਆਂ ਫ਼ੌਜਾਂ ਵਿਚ ਗੜਬੜ ਹੋਣ ਦਾ ਡਰ ਸੀ, ਪਰ ਸ. ਚਤਰ ਸਿੰਘ ਨੇ ਬੜੇ ਧਮੇ੍ ਨਾਲ ਉਹਨਾਂ ਨੂੰ ਕਾਬੂ ਰਖਿਆ। 'ਮੁਲਤਾਨ ਦੀ ਬਗ਼ਾਵਤ ਨੂੰ ਨਾ ਦਬਾਉਣਾ ਤੇ ਮਹਾਰਾਣੀ ਦਾ ਦੇਸ-ਨਿਕਾਲਾ' ਹਰ ਇਕ ਸਿੱਖ ਦੇ ਦਿਲ ਵਿਚ, ਅੰਗਰੇਜ਼ਾਂ ਦੀ ਨੀਅਤ ਉੱਤੇ ਸ਼ੱਕ ਪੈਦਾ ਕਰਦਾ ਸੀ। ਸ਼ੱਕ ਨੂੰ ਦੂਰ ਕਰਨ ਬਦਲੇ ਸ: ਚਤਰ ਸਿੰਘ ਨੇ ਰਾਜਾ ਸ਼ੇਰ ਸਿੰਘ ਨੂੰ ਲਿਖਿਆ, ਕਿ ਮਹਾਰਾਜਾ ਦਲੀਪ ਸਿੰਘ ਦੇ ਵਿਆਹ ਬਾਬਤ ਪੁੱਛੇ। ਸੋ ਰਾਜਾ ਸ਼ੇਰ ਸਿੰਘ ਨੇ ਐਡਵਾਰਡਸ ਨੂੰ ਮਿਲ ਕੇ ਰੈਜ਼ੀਡੈਂਟ ਨੂੰ ਚਿੱਠੀ ਲਿਖਵਾਈ।

**ਦਲੀਪ ਸਿੰਘ ਦੇ ਵਿਆਹ ਬਾਰੇ ਚਤਰ ਸਿੰਘ ਦੀ ਪ੍ਰਾਰਥਨਾ**

੨੮ ਜੁਲਾਈ, ੧੮੪੮ ਈ. ਨੂੰ ਐਡਵਾਰਡਸ ਨੇ ਰੈਜ਼ੀਡੈਂਟ ਨੂੰ ਚਿੱਠੀ ਲਿਖੀ, ਜਿਸਦਾ ਭਾਵ ਸੀ : "ਕੱਲ੍ਹ ਸ਼ਾਮ ਨੂੰ ਰਾਜਾ ਸ਼ੇਰ ਸਿੰਘ ਜੀ ਅਟਾਰੀ ਵਾਲੇ ਮੇਰੇ ਤੰਬੂ ਵਿਚ ਮੈਨੂੰ ਮਿਲੇ ਤੇ ਆਪਣੇ ਪਿਤਾ—ਸ: ਚਤਰ ਸਿੰਘ—ਦੀ ਇੱਛਿਆ ਇਉਂ ਪਰਗਟ ਕੀਤੀ :

"ਜੇ ਆਪ ਦੀ ਸਲਾਹ, ਮਹਾਰਾਜੇ ਦਾ ਵਿਆਹ ਵਰ੍ਹੇ ਦੇ ਅੰਦਰ ਅੰਦਰ ਕਰਨ ਦੀ ਨਾ ਹੋਵੇ, ਤਾਂ ਸਰਦਾਰ ਚਤਰ ਸਿੰਘ ਦੀ ਇੱਛਿਆ ਹੈ, ਕਿ ਉਹਨੂੰ

ਹਜ਼ਾਰੇ ਦੀ ਨਜ਼ਾਮਤ ਤੋਂ ਛੁੱਟੀ ਦਿੱਤੀ ਜਾਵੇ, ਕਿਉਂਕਿ ਉਹ ਦੋ ਵਰ੍ਹਿਆਂ ਵਾਸਤੇ ਤੀਰਥ ਯਾਤਰਾ ਕਰਨੀ ਚਾਹੁੰਦਾ ਹੈ, ਤੇ ਜੇ ਵਿਆਹ ਏਸੇ ਸਾਲ ਹੋਣਾ ਹੋਵੇ, ਤਾਂ ਆਪ ਦੀ ਪਰਵਾਨਗੀ ਨਾਲ ਦਰਬਾਰ ਵੱਲੋਂ ਮਹਾਰਾਜਾ ਦੀ ਧਿਰ ਦੇ ਜੋਤਸ਼ੀ ਨੀਯਤ ਕੀਤੇ ਜਾਣ, ਜੋ ਕੰਨਿਆਂ ਦੀ ਧਿਰ ਦੇ ਜੋਤਸ਼ੀਆਂ ਨਾਲ ਸਲਾਹ ਕਰਕੇ, ਵਿਆਹ ਦਾ ਸ਼ੁਭ ਦਿਨ ਪੱਕਾ ਕਰਨ।

"ਰਾਜਾ ਸ਼ੇਰ ਸਿੰਘ ਦੀ ਮੁਲਾਕਾਤ ਦਾ ਭਾਵ ਮੈਂ ਉਪਰ ਲਿਖ ਦਿੱਤਾ ਹੈ। ਉਸਨੇ ਬੜਾ ਜ਼ੋਰ ਦਿੱਤਾ ਹੈ, ਕਿ ਮੈਂ ਆਪ ਪਾਸੋਂ ਦਸਾਂ ਦਿਨਾਂ ਵਿੱਚ ਉੱਤਰ ਮੰਗਾਵਾਂ ਦਿਆਂ। ਇਸ ਸਮੇਂ ਅਜੇਹੀ ਪ੍ਰਾਰਥਨਾ ਅਨੋਖੀ ਪਰਤੀਤ ਹੁੰਦੀ ਹੈ, ਪਰ ਆਦਮੀਆਂ ਦੇ ਗੁਪਤ ਭਾਵਾਂ ਨੂੰ ਸਮਝਣਾ ਬੜਾ ਔਖਾ ਹੈ। ਕੁਝ ਖੋਟੇ ਆਦਮੀਆਂ ਨੇ ਇਹ ਗੱਲ ਉਡਾਂ ਛੱਡੀ ਹੈ, ਕਿ ਅੰਗਰੇਜ਼ਾਂ ਦੀ ਨੀਅਤ ਫ਼ੌਜ ਦੇ ਬਲਵੇ ਦੇ ਬਦਲੇ ਪੰਜਾਬ 'ਤੇ ਕਬਜ਼ਾ ਕਰ ਲੈਣ ਦੀ ਹੈ। ਮੇਰੀ ਰਾਏ ਹੈ, ਕਿ ਮਹਾਰਾਜ ਦੇ ਵਿਆਹ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਜਾਣ। ਇਹ ਉਪਾਅ ਸਮੇਂ ਦੀ ਲੋੜ ਅਨੁਸਾਰ ਹੈ ਤੇ ਇਸ ਤੋਂ ਲੋਕਾਂ ਨੂੰ ਤਸੱਲੀ ਹੋ ਜਾਵੇਗੀ, ਕਿ ਅੰਗਰੇਜ਼ਾਂ ਦੀ ਨੀਅਤ ਸਾਫ਼ ਹੈ। ਉਹਨਾਂ ਦੀ ਸਲਾਹ ਸੁਲ੍ਹਾ ਤੋੜਨ ਦੀ ਨਹੀਂ। ਏਸ ਤਰ੍ਹਾਂ ਲੋਕਾਂ ਦੇ ਦਿਲ ਵਿਚ ਸ਼ਾਂਤੀ ਵਰਤ ਜਾਇਗੀ।"

ਇਸ ਸਾਫ਼ ਸਿੱਧੀ ਬੇਨਤੀ ਦਾ ਉੱਤਰ ਰੈਜ਼ੀਡੈਂਟ ਨੇ ਇਉਂ ਦਿੱਤਾ : "ਮੰਗਣੀ ਦੀਆਂ ਸਾਰੀਆਂ ਰਸਮਾਂ ਪੂਰੀਆਂ ਹੋ ਚੁੱਕੀਆਂ ਹਨ। ਰਵਾਜ

**ਰੈਜ਼ੀਡੈਂਟ ਦਾ ਜਵਾਬ**

ਅਨੁਸਾਰ ਵਿਆਹ ਦਾ ਦਿਨ ਪੱਕਾ ਕਰਨਾ ਲੜਕੀ ਵਾਲਿਆਂ 'ਤੇ ਨਿਰਭਰ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ, ਕਿ ਮਹਾਰਾਜੇ ਦੀ ਹਾਲਤ ਵਿਚ, ਰੈਜ਼ੀਡੈਂਟ ਦੀ ਇੱਛਿਆ ਤੇ ਆਗਿਆ ਬਿਨਾਂ ਕੁਛ ਨਹੀਂ ਹੋ ਸਕਦਾ। ਉਹ ਵਿਆਹ ਦਾ ਦਿਨ ਪੱਕਾ ਕਰਨ ਬਦਲੇ, ਦਰਬਾਰ ਦੇ ਮੈਂਬਰਾਂ—ਜੋ ਇਸ ਵੇਲੇ ਲਾਹੌਰ ਹਨ—ਨਾਲ ਗੁਪਤ ਤੌਰ 'ਤੇ ਸਲਾਹ ਕਰੇਗਾ। ਰਾਜਾ ਸ਼ੇਰ ਸਿੰਘ ਨੂੰ ਭਰੋਸਾ ਦੁਆਇਆ ਜਾਵੇ, ਸਰਕਾਰ ਅੰਗਰੇਜ਼ੀ, ਸਿਰਫ਼ ਓਸ ਕੰਮ ਵਿਚ ਦਖ਼ਲ ਦੇਵੇਗੀ, ਜਿਸ ਨਾਲ ਉਹ ਮਹਾਰਾਜੇ ਤੇ ਲੜਕੀ ਦੇ ਘਰਾਣੇ ਦੀ ਇੱਜ਼ਤ ਤੇ ਖ਼ੁਸ਼ੀ ਵਧਾ ਸਕੇ। (ਫਿਰ ਇਹ ਕੋੜੇ ਸ਼ਬਦ ਲਿਖੇ) ਮੈਨੂੰ ਪਤਾ ਨਹੀਂ ਲਗਦਾ, ਕਿ ਮਹਾਰਾਜੇ ਦੇ ਵਿਆਹ ਦੀਆਂ ਰਸਮਾਂ-ਰੀਤਾਂ ਆਰੰਭ ਦੇਣ ਤੋਂ, ਕਿਵੇਂ ਪਤਾ ਲੱਗ

ਸਕਦਾ ਹੈ ਕਿ ਪੰਜਾਬ ਦੇ ਪਰਬੰਧ ਬਾਬਤ ਹੁਣ ਜਾਂ ਆਉਣ ਵਾਲੇ ਸਮੇਂ ਵਿਚ ਅੰਗਰੇਜ਼ਾਂ ਦੀ ਨੀਤੀ ਕੀ ਹੋਵੇਗੀ ? ਜਿਸ ਸਮੇਂ ਤੇ ਜਿਸ ਤਰ੍ਹਾਂ ਵਿਆਹ ਹੋਣ ਤੇ ਦੋਵੇਂ ਧਿਰਾਂ ਤੇ ਦਰਬਾਰ, ਰਾਜ਼ੀ ਹੋਣ, ਮੈਨੂੰ ਕੋਈ ਇਨਕਾਰ ਨਹੀਂ।*"

ਇਹ ਵਿੰਗਾ ਟੇਢਾ ਉੱਤਰ ਸੁਣ ਕੇ ਰਾਜਾ ਸ਼ੇਰ ਸਿੰਘ ਤੇ ਸ. ਚਤਰ ਸਿੰਘ ਦੋਹਾਂ ਦੇ ਦਿਲ ਢਹਿ ਗਏ। ਐਡਵਾਰਡਸ ਆਪ ਮੰਨਦਾ ਹੈ, 'ਬਦਕਿਸਮਤੀ ਨਾਲ, ਬੇਨਤੀ ਦਾ ਪੂਰਾ ਮਤਲਬ ਪਰਗਟ ਨਹੀਂ ਹੋਇਆ()। (ਭਾਵ: ਰੇਜ਼ੀਡੈਂਟ ਦੇ ਉੱਤਰ ਨਾਲ ਸ਼ੇਰ ਸਿੰਘ ਜਾਂ ਚਤਰ ਸਿੰਘ ਦੀ ਤਸੱਲੀ ਨਹੀਂ ਹੋਈ।)

ਏਨੇ 'ਤੇ ਹੀ ਬੱਸ ਨਹੀਂ, ਸਰਕਾਰ ਅੰਗਰੇਜ਼ੀ ਦੇ ਕਰਮਚਾਰੀਆਂ ਵੱਲੋਂ ਬੁੱਢੇ ਸ. ਚਤਰ ਸਿੰਘ ਨੂੰ ਬਾਗ਼ੀ ਹੋਣ ਵਾਸਤੇ ਮਜਬੂਰ ਕਰ ਦਿੱਤਾ ਗਿਆ। ਉਹ ਕਿਵੇਂ ? ਸੁਣੋ :

**ਐਬਟ**

ਰੇਜ਼ੀਡੈਂਟ 'ਕਰੀ' ਨੇ ਆਪਣੇ ਇਕ ਮਾਤਹਿਤ ਅਫ਼ਸਰ ਕਪਤਾਨ ਐਬਟ (James Abbott) ਨੂੰ ਸ. ਚਤਰ ਸਿੰਘ ਦੀ ਸਹਾਇਤਾ ਵਾਸਤੇ ਹਜ਼ਾਰੇ ਭੇਜਿਆ ਸੀ। ਐਬਟ ਬੜਾ ਸ਼ੱਕੀ ਤੇ ਜ਼ਿੱਦੀ ਸੁਭਾਅ ਦਾ ਸੀ। ਉਸਨੂੰ ਹਰ ਕੰਮ ਵਿਚ ਕੋਈ ਉਲਟੀ ਗੋਂਦ ਹੀ ਨਜ਼ਰ ਆਉਂਦੀ ਸੀ। 'ਚਰਨਜੀਤ' ਰਸਾਲੇ ਦੇ ਕੁਛ ਸਿਪਾਹੀ ਬਾਗ਼ੀ ਹੋ ਗਏ।

**ਸ. ਝੰਡਾ ਸਿੰਘ**

ਐਬਟ ਨੇ ਰਸਾਲੇ ਦੇ ਵੱਡੇ ਅਫ਼ਸਰ ਸ. ਝੰਡਾ ਸਿੰਘ 'ਤੇ ਸ਼ੱਕ ਕੀਤਾ, ਕਿ ਉਹ ਵੀ ਵਿਚੋਂ ਬਾਗ਼ੀਆਂ ਨਾਲ ਮਿਲਿਆ ਹੋਇਆ ਹੈ, ਪਰ ਰੇਜ਼ੀਡੈਂਟ ਨੇ ਸ. ਝੰਡਾ ਸਿੰਘ ਨੂੰ ਨਿਰਦੋਸ਼ ਦੱਸਿਆ, ਤੇ ਕਿਹਾ, ਕਿ ਉਹ ਮੇਰੀ ਆਗਿਆ ਦਾ ਪੂਰਾ ਪਾਲਨ ਕਰਦਾ ਹੈ।

ਰੇਜ਼ੀਡੈਂਟ, ਐਬਟ ਦੇ ਸੁਭਾਅ ਬਾਰੇ ਗਵਰਨਰ-ਜੈਨਰਲ ਨੂੰ ਲਿਖਦਾ ਹੈ, "ਸ੍ਰੀ ਹਜ਼ੂਰ ਨੇ ਵੇਖ ਲਿਆ ਹੋਵੇਗਾ, ਕਿ ਕਪਤਾਨ ਐਬਟ ਦਾ ਸੁਭਾਅ ਅਜੇਹਾ

---

*A Year on the Punjab Frontier, Vol. II. p. 448

()Punjab Papers, 1849. p.p. 272-273

ਹੈ, ਕਿ ਉਹਨੂੰ ਸ਼ੜਯੰਤਰ, ਮਨਸੂਬੇ ਵਿਦਰੋਹ ਦੀ ਕੋਈ ਖ਼ਬਰ ਕਿਉਂ ਨਾ ਦਿੱਤੀ ਜਾਵੇ, ਉਹ ਝੱਟ ਸੱਚੀ ਮੰਨ ਲੈਂਦਾ ਹੈ। ਹਰ ਕਿਸੇ ਉੱਤੇ—ਭਾਵੇਂ ਕੋਈ ਨੇੜੇ ਹੋਵੇ ਭਾਵੇਂ ਦੂਰ, ਭਾਵੇਂ ਉਹਦਾ ਨੌਕਰ ਹੀ ਹੋਵੇ—ਉਹਨੂੰ ਸ਼ੱਕ ਹੋ ਜਾਂਦਾ ਹੈ। ਜਿਸ ਨਤੀਜੇ 'ਤੇ ਉਹ ਆਪ ਪਹੁੰਚੇ, ਉਸ 'ਤੇ ਨਿਸਚਾ ਰੱਖਦਾ ਹੈ। ਇਹ ਵੇਖਕੇ ਵੀ, ਕਿ ਉਸਦਾ ਕੀਤਾ ਫ਼ੈਸਲਾ ਠੀਕ ਨਹੀਂ, ਉਹ ਆਪਣੀ ਜ਼ਿੱਦ 'ਤੇ ਪੱਕਾ ਰਹਿੰਦਾ ਹੈ।"*

ਏਸ ਸੁਭਾਅ ਦੇ ਬੰਦੇ ਨੂੰ ਸ. ਚਤਰ ਸਿੰਘ ਦੀ ਸਹਾਇਤਾ ਵਾਸਤੇ ਭੇਜਿਆ ਗਿਆ। ਜੋ ਉਸਨੇ ਸਹਾਇਤਾ ਕੀਤੀ, ਆਪ ਅੱਗੇ ਪੜ੍ਹ ਲਵੋਗੇ। 'ਪੁਕਲੀ' ਵਿਚ ਕੁਝ ਫ਼ੌਜ ਰਹਿੰਦੀ ਸੀ। ਉਸਦੇ ਕੁਛ ਸਿਪਾਹੀਆਂ ਨੇ ਬਗ਼ਾਵਤ ਕਰ ਦਿੱਤੀ। ਸ. ਚਤਰ ਸਿੰਘ ਦੇ ਹੁਕਮ ਨਾਲ ਫ਼ੌਜ ਦੇ ਅਫ਼ਸਰ ਉਸ ਬਗ਼ਾਵਤ ਨੂੰ ਦਬਾਅ ਰਹੇ ਸਨ। ਪਰ ਐਬਟ ਨੂੰ ਇਸ ਵਿਚ ਵੀ ਸ. ਚਤਰ ਸਿੰਘ ਦੀ ਸਾਜ਼ਸ਼ ਸੁਝੀ। ਉਹ ਕਹਿਣ ਲੱਗ ਪਿਆ, ਕਿ ਸ. ਚਤਰ ਸਿੰਘ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢ ਦੇਣ ਦੇ ਮਨਸੂਬੇ ਬਣਾ ਰਿਹਾ ਹੈ। ਐਬਟ ਹਰੀਪੁਰ (ਹਜ਼ਾਰੇ ਦੀ ਰਾਜਧਾਨੀ) ਤੋਂ ੩੬ ਮੀਲ ਦੂਰ 'ਸੇਰਵਾਂ' ਵਿਚ ਜਾ ਰਿਹਾ। ਸ: ਚਤਰ ਸਿੰਘ ਨੇ ਉਸ ਪਾਸ ਆਪਣਾ ਵਕੀਲ ਭੇਜਿਆ, ਪਰ ਉਹਨੇ ਅੱਗੋਂ ਉੱਤਰ ਦਿੱਤਾ ਕਿ 'ਮੈਂ ਤੇਰੇ ਮਾਲਕ ਦਾ ਇਤਬਾਰ ਨਹੀਂ ਕਰਦਾ।' ਚਤਰ ਸਿੰਘ ਨੇ ਇਹ ਵੀ ਕਿਹਾ, ਕਿ ਜੇ ਕਹੋ ਤਾਂ ਮੈਂ ਆਪ, ਜਾਂ ਮੇਰਾ ਪੁੱਤਰ ਅਤਰ ਸਿੰਘ ਤੁਹਾਡੇ ਪਾਸ ਆ ਰਹੀਏ।'

**ਮੁਸਲਮਾਨਾਂ ਦਾ ਇਕੱਠ ਹਰੀਪੁਰ ਸਿੱਖਾਂ ਵਿਰੁੱਧ**

ਪਰ ਐਬਟ ਨੇ ਅੱਗੋਂ ਇਕ ਨਾ ਮੰਨੀ, ਸਗੋਂ ਇਲਾਕੇ ਦੇ ਮੁਸਲਮਾਨਾਂ ਨੂੰ ਭੜਕਾਅ ਕੇ ਹਰੀਪੁਰ ਵਿਚ ਸ. ਚਤਰ ਸਿੰਘ ਦੇ ਘਰ ਉੱਤੇ ਹਮਲਾ ਕਰਾਅ ਦਿੱਤਾ। ੬ ਅਗਸਤ, ੧੮੪੮ ਈ. ਨੂੰ ਐਬਟ ਦੇ ਇਸ਼ਾਰੇ ਉੱਤੇ ਮੁਸਲਮਾਨਾਂ ਦੇ ਦਲਾਂ ਦੇ ਦਲ ਹਰੀਪੁਰ ਆ ਪੁੱਜੇ ਤੇ ਸ. ਚਤਰ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ। ਖ਼ਾਲਸਾ ਫ਼ੌਜ 'ਪੁਕਲੀ' ਵਿਚ ਸੀ ਤੇ ਓਥੋਂ ਹਰੀਪੁਰ ਪੁੱਜਣ ਵਿਚ ਭਾਰੀ ਔਕੜ ਇਹ ਸੀ, ਕਿ ਐਬਟ—ਮੁਸਲਮਾਨੀ ਫ਼ੌਜ ਲੈ ਕੇ—ਰਾਹ ਰੋਕੀ ਬੈਠਾ ਸੀ। ਸੋ, ਜਿਹੜੀ ਥੋੜ੍ਹੀ

---

*Punjab Papers, 1849. p. 285

**ਕਨੌਰਾ ਕਤਲ**

ਜੇਹੀ ਫ਼ੌਜ ਸ਼ਹਿਰ ਦੀ ਰਾਖੀ ਵਾਸਤੇ ਹਰੀਪੁਰ ਵਿੱਚ ਸੀ, ਚਤਰ ਸਿੰਘ ਨੇ ਉਸ ਨੂੰ ਚੜ੍ਹੇ ਆ ਰਹੇ ਮੁਸਲਮਾਨਾਂ ਨੂੰ ਰੋਕਣ ਵਾਸਤੇ ਹੁਕਮ ਦਿੱਤਾ। ਇਕ ਅਮਰੀਕਨ ਕਨੌਰਾ (Canora) ਤੋਪਖ਼ਾਨੇ ਦਾ ਅਫ਼ਸਰ ਸੀ। ਸ. ਚਤਰ ਸਿੰਘ ਨੇ ਉਸਨੂੰ ਫ਼ੌਜ ਦਾ ਸਾਥ ਦੇਣ ਵਾਸਤੇ ਕਿਹਾ, ਤਾਂ ਉਸ ਨੇ ਅੱਗੋਂ ਜਵਾਬ ਦਿੱਤਾ, ਕਿ ਕਪਤਾਨ ਐਬਟ ਦੇ ਹੁਕਮ ਬਿਨਾਂ ਮੈਂ ਤੋਪਖ਼ਾਨਾ ਲੈ ਜਾਣ ਨੂੰ ਤਿਆਰ ਨਹੀਂ। ਸਰਦਾਰ ਨੇ ਬਥੇਰਾ ਸਮਝਾਇਆ, ਕਿ ਏਸ ਤਰ੍ਹਾਂ ਸਾਡਾ ਸਰਬੰਸ ਨਾਸ ਹੋ ਜਾਵੇਗਾ। ਪਰ ਕਨੌਰਾ ਨੇ ਇਕ ਨਾ ਮੰਨੀ, ਸਗੋਂ ਤੋਪਾਂ ਦੇ ਵਿਚ ਖਲੋ ਗਿਆ ਤੇ ਕਹਿਣ ਲੱਗਾ, ਕਿ ਜਿਹੜਾ ਅੱਗੇ ਵਧੇਗਾ, ਪਹਿਲਾਂ ਓਸੇ ਨੂੰ ਉਡਾਂ ਦਿਆਂਗਾ। ਸ. ਚਤਰ ਸਿੰਘ ਨੇ ਤੋਪਾਂ ਲਿਆਉਣ ਬਦਲੇ ਆਪਣੀ ਫ਼ੌਜ ਭੇਜੀ। ਇਹ ਵੇਖ ਕੇ ਕਨੌਰਾ ਗੁੱਸੇ ਨਾਲ ਭੜਕ ਉਠਿਆ। ਉਸ ਨੇ ਇਕ ਸਿੱਖ ਹੌਲਦਾਰ ਨੂੰ ਚਤਰ ਸਿੰਘ ਦੀ ਫ਼ੌਜ ਉੱਤੇ ਤੋਪਾਂ ਚਲਾਉਣ ਵਾਸਤੇ ਕਿਹਾ। ਹੌਲਦਾਰ ਨਾ ਮੰਨਿਆ, ਤਾਂ ਕਨੌਰਾ ਨੇ ਉਸਨੂੰ ਤਲਵਾਰ ਨਾਲ ਕਤਲ ਕਰ ਦਿੱਤਾ ਤੇ ਆਪ ਤੋਪਾਂ ਚਲਾਉਣ ਲੱਗਾ। ਤੋਪਾਂ ਦਾ ਨਿਸ਼ਾਨਾ ਖ਼ਾਲੀ ਗਿਆ ਤੇ ਏਨੇ ਨੂੰ ਫ਼ੌਜੀ ਵੀ ਕੋਲ ਅਪੜ ਪਏ। ਕਨੌਰਾ ਨੇ ਪਸਤੌਲ ਨਾਲ ਉਹਨਾਂ 'ਤੇ ਹਮਲਾ ਕੀਤਾ ਤੇ ਦੋ ਸਿਪਾਹੀ ਮਾਰ ਦਿੱਤੇ। ਏਸੇ ਸਮੇਂ ਫ਼ੌਜ ਵਿਚੋਂ ਇਕ ਸਿਪਾਹੀ ਨੇ ਅੱਗੋਂ ਵਧ ਕੇ ਕਨੌਰਾ ਨੂੰ ਤਲਵਾਰ ਨਾਲ ਕਤਲ ਕੀਤਾ। ਸ. ਚਤਰ ਸਿੰਘ ਨੇ ਉਸ ਸਿਪਾਹੀ ਨੂੰ ਇਨਾਮ ਦਿੱਤਾ ਤੇ ਫ਼ੌਜ ਨੂੰ ਸ਼ਹਿਰ ਦੀ ਰਾਖੀ ਵਾਸਤੇ ਭੇਜਿਆ।

ਕਨੌਰਾ ਦੇ ਕਤਲ ਦੀ ਖ਼ਬਰ ਸੁਣ ਕੇ ਐਬਟ ਨੂੰ ਅੱਗ ਲੱਗ ਉਠੀ। ਉਸ ਨੇ ਰੈਜ਼ੀਡੈਂਟ ਨੂੰ ਲਿਖਿਆ, "ਚਤਰ ਸਿੰਘ ਨੇ, ਪਸ਼ੌਰਾ ਸਿੰਘ ਵਾਂਗ ਕਨੌਰਾ ਨੂੰ ਬੜੀ ਬੇ-ਰਹਿਮੀ ਨਾਲ ਕਤਲ ਕੀਤਾ ਹੈ। ਉਸ ਨੇ ਕਨੌਰਾ ਨੂੰ ਕਤਲ ਕਰਨ ਬਾਰੇ ਪਹਿਲਾਂ ਹੀ ਪੱਕਾ ਇਰਾਦਾ ਕੀਤਾ ਹੋਇਆ ਸੀ।"*

ਸ. ਚਤਰ ਸਿੰਘ ਨੇ ਵੀ ਇਹ ਸਾਰੀ ਘਟਨਾ ਰੈਜ਼ੀਡੈਂਟ ਨੂੰ ਲਿਖ ਘਲੀ। ਦੋਹਾਂ—ਚਤਰ ਸਿੰਘ ਤੇ ਐਬਟ—ਦੀਆਂ ਚਿੱਠੀਆਂ ਪੜ੍ਹ ਕੇ ਰੈਜ਼ੀਡੈਂਟ ਨੇ

---

*ਈਵਾਨਸ ਬੈੱਲ, ਪੰਨਾ ੨੭।

ਐਬਟ ਨੂੰ ਲਿਖਿਆ : 'ਕਨੋਰਾ ਦੀ ਮੌਤ ਬਾਬਤ ਮੈਂ ਤੇਰੀ ਤੇ ਚਤਰ ਸਿੰਘ ਦੀ ਚਿੱਠੀ ਪੜ੍ਹੀ ਹੈ। ਕਨੋਰਾ ਹੁਕਮ ਨਾ ਮੰਨਣ ਦੇ ਕਾਰਨ ਮਾਰਿਆ ਗਿਆ ਹੈ। ਮੈਂ ਇਸ ਘਟਨਾ ਬਾਰੇ ਤੇਰੇ ਖ਼ਿਆਲ ਨਾਲ ਸਹਿਮਤ ਨਹੀਂ। ਸ. ਚਤਰ ਸਿੰਘ ਸੂਬੇ ਦਾ ਦੀਵਾਨ ਤੇ ਗਵਰਨਰ ਹੈ। ਸਿੱਖ ਫ਼ੌਜ ਦੇ ਅਫ਼ਸਰਾਂ ਨੂੰ ਉਸਦਾ ਹੁਕਮ ਮੰਨਣਾ ਜ਼ਰੂਰੀ ਹੈ। ਉਹ ਹਰ ਹੁਕਮ ਦਾ ਜ਼ਿੰਮੇਵਾਰ ਹੈ। ਮੈਂ ਇਹ ਨਹੀਂ ਸਮਝਦਾ, ਕਿ ਇਸ ਘਟਨਾ ਦਾ ਹਨੇਰਾ ਪਾਸਾ ਸਾਮ੍ਹਣੇ ਰੱਖ ਕੇ ਤੂੰ ਇਸ ਨੂੰ—ਪਸ਼ੌਰਾ ਸਿੰਘ ਵਾਂਗ—ਬੇ-ਤਰਸੀ ਦਾ ਕਮੀਨਾ ਤੇ ਕਾਇਰਤਾ ਭਰਿਆ ਕਤਲ, ਕਿਵੇਂ ਆਖਦਾ ਏਂ ?"०

ਅਸਲ ਵਿਚ ਕਨੌਰਾ ਨੂੰ ਕੀਤੇ ਦੀ ਠੀਕ ਸਜ਼ਾ ਮਿਲੀ ਸੀ ਤੇ ਸ. ਚਤਰ ਸਿੰਘ ਨੇ ਬਿਲਕੁਲ ਠੀਕ ਕੀਤਾ ਸੀ। ਕਨੌਰਾ ਨੇ ਆਪਣੇ ਮਾਲਕ ਦਾ ਹੁਕਮ ਨਹੀਂ ਮੰਨਿਆਂ ਸੀ, ਸਗੋਂ ਇਕ ਹਵਾਲਦਾਰ ਨੂੰ ਤੇ ਦੋ ਹੋਰ ਸਿਪਾਹੀਆਂ ਨੂੰ ਕਤਲ ਕੀਤਾ ਸੀ, ਜਿਸ ਗੁਨਾਹ ਵਿਚ ਉਹ ਕਤਲ ਕੀਤਾ ਗਿਆ ਸੀ। ਪਰ ਐਬਟ ਨੂੰ ਇਹ ਕੌਣ ਸਮਝਾਏ। ਉਹ ਕਨੌਰਾ ਦੇ ਕਤਲ ਨੂੰ ਤਾਂ ਬਦਲਾ ਲਏ ਬਿਨਾਂ ਨਹੀਂ ਸੀ ਛੱਡਣਾ ਚਾਹੁੰਦਾ, ਪਰ ਜਿਹੜੇ ਤਿੰਨ ਕਨੋਰਾ ਨੇ ਕਤਲ ਕੀਤੇ ਸਨ, ਉਹ ਕਿਸੇ ਲੇਖੇ ਵਿਚ ਨਹੀਂ ਸਨ, ਕਿਉਂਕਿ ਉਹ ਪੰਜਾਬੀ ਸਨ।

### ਐਬਟ ਦੀਆਂ ਚਿੱਠੀਆਂ

ਇਨਸਾਫ਼ ਨਾਲ ਸੋਚਿਆ ਜਾਵੇ, ਤਾਂ ਇਸ ਸਾਰੇ ਪੁਆੜੇ ਦਾ ਕਾਰਨ ਐਬਟ ਆਪ ਸੀ। ਉਹ ਮੁਸਲਮਾਨਾਂ ਨੂੰ ਭੜਕਾ ਕੇ ਹਰੀਪੁਰ 'ਤੇ ਹਮਲਾ ਨਾ ਕਰਾਉਂਦਾ, ਤਾਂ ਇਹ ਘਟਨਾ ਹੁੰਦੀ ਹੀ ਨਾ। ਉਸਨੇ ਕੀ ਕੀਤਾ? ਇਹ ਉਸਦੇ ਹੱਥਾਂ ਦੀਆਂ ਲਿਖੀਆਂ ਹੋਈਆਂ ਚਿੱਠੀਆਂ ਤੋਂ ਪਤਾ ਚੱਲਦਾ ਹੈ। ਉਹ ਲਿਖਦਾ ਹੈ : "ਮੈਂ ਹਜ਼ਾਰੇ ਦੇ ਨਵਾਬਾਂ ਨੂੰ ਕੱਠਿਆਂ ਕੀਤਾ ਤੇ ਉਹਨਾਂ ਨੂੰ ਸਮਝਾਇਆ, ਕਿ ਕੀ ਕੁਛ ਹੋ ਗਿਆ ਹੈ। ਉਹਨਾਂ ਦੇ ਦਿਲਾਂ ਵਿਚ ਉਹਨਾਂ ਦੇ ਵੱਡੇ-ਵਡੇਰਿਆਂ, ਪਿਉ-ਦਾਦਿਆਂ, ਮਿੱਤਰਾਂ ਤੇ ਸੰਬੰਧੀਆਂ ਦੇ ਕਤਲਾਂ ਦੀ ਯਾਦ ਤਾਜ਼ਾ ਕਰਕੇ, ਸਿੱਖਾਂ ਨੂੰ ਤਬਾਹ ਕਰਨ ਤੇ ਮੇਰੀ ਮਦਦ ਕਰਨ ਵਾਸਤੇ ਭੜਕਾ ਕੇ ਤਿਆਰ ਕੀਤਾ। ਇਸ ਬਾਰੇ ਮੈਂ ਸਾਰੇ ਇਲਾਕੇ ਵਿਚ ਪਰਵਾਨੇ ਜਾਰੀ ਕੀਤੇ ਤੇ ਤਕੜੀਆਂ ਬਾਵਾਂ ਵੱਲੋ ਕੂਚ ਕੀਤਾ।()

---

०Punjab Papers, (1849) p.313.

()Punjab Papers, (1849) p.311.

"ਮੈਂ ਹਥਿਆਰ-ਬੰਦ ਕਿਸਾਨਾਂ ਨੂੰ ਅੱਗੇ ਆਉਣ ਦਾ ਹੁਕਮ ਦਿੱਤਾ ਹੈ, ਤੇ ਸਿੱਖ ਫ਼ੌਜ ਨੂੰ ਤਬਾਹ ਕਰਨ ਦਾ ਸਿਰ ਤੋਂ ਪੈਰਾਂ ਤਕ ਪੂਰਾ ਜ਼ੋਰ ਲਾਵਾਂਗਾ।[ ]

"ਜੇ ਪਰਤਾਪ ਸਿੰਘ ਮੇਰੇ ਦੁਹਰਾਏ ਹੋਏ ਹੁਕਮ 'ਤੇ ਵੀ ਵਾਪਸ ਨਾ ਮੁੜਿਆ, ਤਾਂ ਮੈਂ ਉਹਦੀ ਫ਼ੌਜ ਤਬਾਹ ਕਰਨ ਵਾਸਤੇ ਮਰਗੁਲਾ ਦੱਰਰੇ ਵਿਚ ਆਪਣੀ ਫ਼ੌਜ ਬਿਠਾਈ ਹੋਈ ਹੈ।*

"ਮੈਂ ਏਸ ਗੱਲ ਉੱਤੇ ਜ਼ੋਰ ਦੇਂਦਿਆਂ ਹੋਇਆਂ ਸਰਦਾਰ ਨੂੰ ਲਿਖਿਆ, ਕਿ ਜੇ ਉਹ ਉਸ ਬਹਾਦਰ ਤੇ ਵਫ਼ਾਦਾਰ ਅਫ਼ਸਰ (ਕਨੋਰਾ) ਦੇ ਕਾਤਲਾਂ ਨੂੰ ਝੱਟ ਪੱਟ ਮੇਰੇ ਹਵਾਲੇ ਕਰ ਦੇਵੇ ਤੇ ਫ਼ੌਜ ਨੂੰ ਵਾਪਸ ਛਾਉਣੀਆਂ ਵਿਚ ਬੁਲਾ ਲਵੇ, ਤਾਂ ਮੈਂ ਇਹਨਾਂ ਸ਼ਰਤਾਂ ਉੱਤੇ ਮੁਲਕ ਵਿਚੋਂ ਸਾਰੀ ਗੜਬੜ ਨੂੰ ਮਿਟਾਉਣ ਦਾ ਇਕਰਾਰ ਕਰਦਾ ਹਾਂ।()

"ਜੇ ਕਨੋਰਾ ਦੇ ਕਾਤਲ, ਫ਼ੈਸਲੇ ਵਾਸਤੇ ਮੇਰੇ ਹਵਾਲੇ ਕਰ ਦਿੱਤੇ ਗਏ ਤੇ ਫ਼ੌਜਾਂ ਨੂੰ ਛਾਉਣੀਆਂ ਵਿਚ ਵਾਪਸ ਭੇਜ ਦਿੱਤਾ ਗਿਆ, ਤਾਂ ਮੈਂ ਝੱਟ ਮੁਲਕ ਵਿਚ ਪਹਿਲਾਂ ਵਾਂਗ ਹੀ ਅਮਨ ਕਾਇਮ ਕਰ ਦਿਆਂਗਾ।†

"ਜੇ ਉਸਨੇ ਮੇਰਾ ਹੁਕਮ ਮੰਨ ਲਿਆ, ਤਾਂ ਫੇਰ ਮੁਲਕ ਨੂੰ ਉਜਾੜਨ ਤੇ ਫ਼ੌਜ ਨੂੰ ਤਬਾਹ ਕਰਨ ਦੀ ਲੋੜ ਨਹੀਂ। ਏਸ ਮੁਕੱਦਮੇ ਦਾ ਕਾਨੂੰਨੀ ਤੌਰ 'ਤੇ ਫ਼ੈਸਲਾ ਕੀਤਾ ਜਾਵੇਗਾ।"**

ਹੁਣ ਕੋਈ ਸ਼ੱਕ ਹੈ ? ਕਿ ਹਜ਼ਾਰੇ ਵਿਚ ਰੌਲਾ ਕਿਸ ਨੇ ਪੁਆਇਆ ? ਰੇਜ਼ੀਡੈਂਟ ਵੀ ਏਸ ਘਟਨਾ ਵਿਚ ਸਰਦਾਰ ਚਤਰ ਸਿੰਘ ਦਾ ਹੀ ਪੱਖ ਕਰਦਾ ਹੈ। ਉਹ ਐਬਟ ਨੂੰ ਲਿਖਦਾ ਹੈ, "ਹਥਿਆਰਬੰਦ ਆਬਾਦੀ ਦੇ ਭੜਕਣ ਤੋਂ ਪਹਿਲਾਂ, ਸ: ਚਤਰ ਸਿੰਘ ਦੇ ਵਿਰੁੱਧ ਬਦਨੀਤੀ ਦਾ ਕੋਈ ਸਬੂਤ ਨਹੀਂ ਹੈ, ਤੇ ਉਸਦਾ ਉਜ਼ਰ ਹੈ, ਕਿ ਉਸਨੇ ਜੋ ਕੁਛ ਕੀਤਾ, ਆਪਣੇ ਬਚਾਉ ਵਾਸਤੇ ਕੀਤਾ ਹੈ।"○

---

[ ]Punjab Papers, (1849) p.301.

*Punjab Papers, (1849) p.306.

()Punjab Papers, (1849) p.302.

†Punjab Papers, (1849) p.304.

**Punjab Papers, (1849) p.303.

○Punjab Papers, (1849) p.313.

ਇਹ ਸਭ ਕੁਝ ਹੁੰਦਿਆਂ ਵੀ ਐਬਟ ਆਪਣੀ ਜ਼ਿਦ ਤੋਂ ਬਾਜ਼ ਨਾ ਆਇਆ, ਤੇ ਸ. ਚਤਰ ਸਿੰਘ ਉਤੇ ਏਹਾ ਜ਼ੋਰ ਪਾਈ ਗਿਆ, ਕਿ ਉਹ ਕਨੌਰਾ ਦੇ ਕਾਤਲ ਨੂੰ ਮੇਰੇ ਹਵਾਲੇ ਕਰ ਦੇਵੇ। ਭਲਾ ਇਹ ਕਿਵੇਂ ਹੋ ਸਕਦਾ ਸੀ ? ਕਨੌਰਾ ਗੁਨਾਹੀਂ ਸੀ, ਸੋ ਕਤਲ ਕਰ ਦਿੱਤਾ ਗਿਆ। ਸ: ਚਤਰ ਸਿੰਘ ਉਸਦੇ ਕਾਤਲ ਨੂੰ ਸਜ਼ਾ ਭੁਗਤਣ ਵਾਸਤੇ ਫੜਾ ਦੇਂਦਾ, ਤਾਂ ਇਹ ਬੜੀ ਬੇਇਨਸਾਫ਼ੀ ਸੀ, ਤੇ ਹੋ ਸਕਦਾ ਹੈ, ਏਨੀ ਗੱਲ ਤੋਂ ਖਾਲਸਾ ਫ਼ੌਜਾਂ ਉਹਦੇ ਉਲਟ ਹੀ ਭੜਕ ਉਠਦੀਆਂ। ਇਹ ਸਭ ਕੁਝ ਹੋਣ 'ਤੇ ਏਨੀ ਨਿਰਾਦਰੀ ਝੱਲ ਕੇ ਵੀ ਉਹ ਬੁੱਢਾ ਸਰਦਾਰ ਐਬਟ ਕੋਲ ਆਪ ਹਾਜ਼ਰ ਹੋ ਕੇ ਖਿਮਾਂ ਮੰਗਣ ਵਾਸਤੇ ਤਿਆਰ ਹੋ ਗਿਆ, ਪਰ ਐਬਟ ਨੇ ਏਸ ਗੱਲ ਦੀ ਆਗਿਆ ਨਾ ਦਿੱਤੀ।

ਹਰੀਪੁਰ ਦੇ ਉਦਾਲੇ ਹਥਿਆਰਬੰਦ ਮੁਸਲਮਾਨ ਫਿਰ ਰਹੇ ਸਨ। ਭਾਵੇਂ ਉਹ ਵਧੇਰੇ ਵਿਗਾੜ ਤਾਂ ਨਹੀਂ ਸੀ ਕਰ ਸਕੇ, ਪਰ ਉਹਨਾਂ ਦਾ ਡਰ ਜ਼ਰੂਰ ਸੀ। ਸ. ਚਤਰ ਸਿੰਘ ਦੀਆਂ ਆਪਣੀਆਂ ਬਹੁਤੀਆਂ ਫ਼ੌਜਾਂ ਪੁਕਲੀ ਵਿਚ ਸਨ ਤੇ ਹਰੀਪੁਰ ਵਾਲੀ ਫ਼ੌਜ ਸਾਰੀ ਗੜਬੜ ਨੂੰ ਦਬਾਉਣ ਵਾਸਤੇ ਕਾਫ਼ੀ ਨਹੀਂ ਸੀ। ਸੋ ਸਰਦਾਰ ਨੇ ਚਿੱਠੀਆਂ ਰਾਹੀਂ ਰਾਜਾ ਗੁਲਾਬ ਸਿੰਘ ਕਸ਼ਮੀਰ ਤੋਂ ਮਦਦ ਵਾਸਤੇ ਚਾਰ ਰਜਮੰਟਾਂ ਮੰਗੀਆਂ, ਤਾਂ ਜੋ ਉਹ ਆਪਣੀ ਰੱਖਿਆ ਕਰ ਸਕੇ। ਇਹ ਚਿੱਠੀਆਂ ਐਬਟ ਦੇ ਹੱਥ ਆ ਗਈਆਂ। ਉਸ ਨੇ ੧੩ ਅਗਸਤ ਨੂੰ ਰੇਜ਼ੀਡੈਂਟ ਨੂੰ ਲਿਖਿਆ, "ਸ. ਚਤਰ ਸਿੰਘ ਬਹੁਤ ਸਾਰੀ ਸਿੱਖ ਫ਼ੌਜ ਨੂੰ ਬਗ਼ਾਵਤ ਕਰਨ ਵਾਸਤੇ ਭੜਕਾ ਰਿਹਾ ਹੈ ਤੇ ਕਸ਼ਮੀਰ ਦੇ ਰਾਜੇ ਨੂੰ ਮੁਲਕ ਉੱਤੇ ਹਮਲਾ ਕਰਨ ਵਾਸਤੇ ਬੁਲਾ ਰਿਹਾ ਹੈ। ਕੱਲ੍ਹ ਰਾਤ ਕੁਛ ਚਿੱਠੀਆਂ—ਜੋ ਸ. ਚਤਰ ਸਿੰਘ ਨੇ ਰਾਜਾ ਗੁਲਾਬ ਸਿੰਘ ਕਸ਼ਮੀਰ, ਉਸ ਦੇ ਪੁੱਤਰ ਰਣਬੀਰ ਸਿੰਘ ਤੇ ਉਸ ਦੇ ਭਤੀਜੇ ਜਵਾਹਰ ਸਿੰਘ ਨੂੰ ਲਿਖੀਆਂ ਸਨ—ਮੈਂ ਰਾਹ ਵਿਚ ਫੜ ਲਈਆਂ ਤੇ ਪੜ੍ਹੀਆਂ ਜਿਨ੍ਹਾਂ ਵਿਚ ਚਾਰ ਰਜਮੰਟਾਂ ਦੀ ਮਦਦ ਵਾਸਤੇ ਲਿਖਿਆ ਸੀ।"*

ਇਹਨਾਂ ਚਿੱਠੀਆਂ ਦੀ ਪੜਤਾਲ ਕਰਨ ਵਾਸਤੇ ਕਪਤਾਨ ਨਿਕਲਸਨ (John Nicholson) ਨੂੰ ਲਾਇਆ ਗਿਆ, ਜਿਸ ਨੇ ਪੂਰੀ ਪੜਤਾਲ ਪਿਛੋਂ

---

*Punjab Papers, (1849) p.304.

ਸ: ਚਤਰ ਸਿੰਘ ਨੂੰ ਨਿਰਦੋਸ਼ ਮੰਨਿਆਂ ਤੇ ਲਿਖਿਆ, "ਉਹਨਾਂ ਸਾਰੀਆਂ ਘਟਨਾਵਾਂ ਬਾਰੇ, ਜੋ ਹੁਣ ਤੱਕ ਹੋਈਆਂ ਹਨ, ਸ: ਚਤਰ ਸਿੰਘ ਨੂੰ ਮਾਫ਼ ਕੀਤਾ ਜਾਂਦਾ ਹੈ।"()

ਹੁਣ ਇਨਸਾਫ਼ ਦਾ ਸਵਾਲ ਪੈਦਾ ਹੁੰਦਾ ਹੈ। ਨਿਕਲਸਨ ਕਹਿੰਦਾ ਹੈ, ਸ. ਚਤਰ ਸਿੰਘ ਨਿਰਦੋਸ਼ ਹੈ, ਰੈਜ਼ੀਡੈਂਟ ਕਹਿੰਦਾ ਹੈ 'ਸਰਦਾਰ ਦਾ ਕੋਈ ਗੁਨਾਹ ਨਹੀਂ, ਉਸ ਨੇ ਸਭ ਕੁਝ ਆਪਣੇ ਬਚਾਉ ਵਾਸਤੇ ਕੀਤਾ ਹੈ, ਐਬਟ ਜੋ ਕਹਿੰਦਾ ਹੈ, ਠੀਕ ਨਹੀਂ।' ਪਰ ਫ਼ੈਸਲਾ ਕਰਨ ਵੇਲੇ ਉਸ ਨਿਰਦੋਸ਼ ਸਰਦਾਰ ਨੂੰ ਸਜ਼ਾ ਦਿੱਤੀ ਜਾਂਦੀ ਹੈ; ਭਾਵ, ਉਸ ਦੀ ਜਾਗੀਰ ਜ਼ਬਤ ਕਰ ਲਈ ਜਾਂਦੀ ਹੈ ਤੇ ਉਹਨੂੰ ਨਜ਼ਾਮਤ ਤੋਂ ਹਟਾ ਦਿੱਤਾ ਜਾਂਦਾ ਹੈ। ਹੈ ਕਿਤੇ ਦੁਨੀਆਂ 'ਤੇ ਐਹੋ ਜਿਹਾ ਇਨਸਾਫ਼ ?

**ਨਿਰਦੋਸ਼ ਚਤਰ ਸਿੰਘ ਨੂੰ ਸਜ਼ਾ ਜਾਗੀਰ ਜ਼ਬਤ ਤੇ ਨਜ਼ਾਮਤ ਤੋਂ ਬੇਦਖ਼ਲੀ**

ਨਿਕਲਸਨ ਨੇ ਸ. ਚਤਰ ਸਿੰਘ ਨੂੰ ਲਿਖਿਆ, "ਆਪ ਆਪਣਾ ਆਪ ਸਾਡੇ ਹਵਾਲੇ ਕਰ ਦਿਓ, ਤਾਂ ਤੁਹਾਡੀ ਜਾਨ 'ਤੇ ਇੱਜ਼ਤ ਬਖ਼ਸ਼ੀ ਜਾਵੇਗੀ, ਪਰ ਜਾਗੀਰ ਤੇ ਨਜ਼ਾਮਤ ਨਹੀਂ ਬਚੇਗੀ।"

ਜਿਹੜਾ ਰੈਜ਼ੀਡੈਂਟ ਹੁਣ ਤਕ ਸਰਦਾਰ ਚਤਰ ਸਿੰਘ ਨੂੰ ਨਿਰਦੋਸ਼ ਮੰਨਦਾ ਆਇਆ ਸੀ, ਉਹ ਵੀ ਇਸ ਸਜ਼ਾ ਨਾਲ ਸਹਿਮਤ ਹੋ ਗਿਆ। ਹੁਣ ਕੋਈ ਬਾਕੀ ਕਸਰ ਰਹਿ ਗਈ ਸੀ, ਜੋ ਸ. ਚਤਰ ਸਿੰਘ ਦੇ ਬਾਗ਼ੀ ਹੋਣ ਦੇ ਰਾਹ ਵਿਚ ਰੁਕਾਵਟ ਬਣਦੀ ?

ਮੇਜਰ ਜਾਰਜ ਲਾਰੰਸ (George Lawrence) ਲਿਖਦਾ ਹੈ, "ਸ. ਚਤਰ ਸਿੰਘ ਸਾਡੇ ਨਾਲ ਸੁਲ੍ਹਾ ਕਰਨ ਦਾ ਚਾਹਵਾਨ ਹੈ, ਪਰ ਉਹ ਡਰਦਾ ਹੈ, ਕਿ ਉਹ ਸਾਨੂੰ ਰਾਜ਼ੀ ਨਹੀਂ ਕਰ ਸਕੇਗਾ।"*

**ਚਤਰ ਸਿੰਘ ਕਿਉਂ ਬਾਗ਼ੀ ਹੋਇਆ? ਈਵਾਨਸ ਬੈੱਲ ਦੀ ਰਾਏ**

ਇਸ ਘਟਨਾ ਬਾਰੇ ਈਵਾਨਸ ਬੈੱਲ ਇਉਂ ਲਿਖਦਾ ਹੈ, "ਸ. ਚਤਰ ਸਿੰਘ ਸਾਮ੍ਹਣੇ ਕੋਈ ਮਿਤਰਾਚਾਰੀ ਦੀ ਸ਼ਰਤ ਨਹੀਂ ਰੱਖੀ ਗਈ ਸੀ। ਰੈਜ਼ੀਡੈਂਟ ਨੇ ਕੋਈ ਐਹੋ ਜਿਹੀ ਸੁਲ੍ਹਾ ਦੀ

()Punjab Papers, (1849) p.308—309.

*Punjab Papers, (1849) p.291.

ਤਜਵੀਜ਼ ਨਹੀਂ ਕੀਤੀ ਤੇ ਨਾ ਕਿਸੇ ਗੱਲ ਦੀ ਮਨਜ਼ੂਰੀ ਹੀ ਦਿੱਤੀ। ਕਿਸੇ ਨੇ ਸਿੱਖ ਗਵਰਨਰ ਨੂੰ ਇਹ ਨਹੀਂ ਜਤਾਇਆ, ਕਿ ਰੈਜ਼ੀਡੈਂਟ ਨੇ—ਐਬਟ ਵਾਂਗ ਬਿਨਾਂ ਸੋਚੇ—ਉਸ ਨੂੰ ਕਨੋਰਾ ਦਾ ਕਾਤਲ ਨਹੀਂ ਠਹਿਰਾਇਆ। ਕਿਸੇ ਇਸ਼ਾਰਾ ਵੀ ਨਹੀਂ ਕੀਤਾ, ਕਿ ਕਪਤਾਨ ਐਬਟ ਤੇ ਉਸ ਵਿਚ ਕੋਈ ਝਗੜਾ ਵਿਚਾਰਨ ਯੋਗ ਨਹੀਂ। ਚਤਰ ਸਿੰਘ ਨਾਲ ਉਸ ਦੀ ਜੀਵਨ-ਰੱਖਿਆ ਤੋਂ ਬਿਨਾਂ, ਕੋਈ ਇਕਰਾਰ ਨਹੀਂ ਕੀਤਾ ਗਿਆ! ਉਸ ਦੇ ਸਾਮ੍ਹਣੇ ਸੁਲ੍ਹਾ ਦੀ ਕੋਈ ਸ਼ਰਤ ਨਹੀਂ ਰੱਖੀ ਗਈ। ਉਸ ਨੂੰ ਕਪਤਾਨ ਐਬਟ—ਜੀਹਦੇ ਵਿਰੁੱਧ ਉਹ ਸ਼ਿਕਾਇਤ ਕਰਦਾ ਸੀ—ਦੇ ਸਾਮ੍ਹਣੇ ਪੂਰੀ ਤਰ੍ਹਾਂ ਝੁਕਣ ਵਾਸਤੇ ਕਿਹਾ ਗਿਆ ਸੀ। ਇਸ ਦੇ ਨਾਲ ਹੀ ਉਹਨੂੰ ਹੁਕਮ ਸੁਣਾਇਆ ਗਿਆ, ਕਿ ਉਹਨੂੰ ਉਹਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਤੇ ਉਹਦੀ ਸਾਰੀ ਜਾਗੀਰ ਵੀ ਜ਼ਬਤ ਕਰ ਲਈ ਗਈ ਹੈ।*

ਅੱਗੇ ਚੱਲ ਕੇ ਫੇਰ ਏਹਾ ਸੱਜਣ ਲਿਖਦਾ ਹੈ, "ਜਦ ਚਤਰ ਸਿੰਘ ਨੂੰ ਤਸੱਲੀ ਹੋ ਗਈ, ਕਿ ਦਰਬਾਰ ਤੇ ਰੈਜ਼ੀਡੈਂਟ ਕੋਲ ਅਪੀਲ ਕਰਨ ਦਾ ਕੋਈ ਲਾਭ ਨਹੀਂ, ਕਪਤਾਨ ਐਬਟ ਦੀ ਕਾਰਵਾਈ ਤੋਂ ਇਨਕਾਰ ਨਹੀਂ ਕੀਤਾ ਗਿਆ, ਨਾ ਉਸ ਨੂੰ ਰੱਦ ਹੀ ਕੀਤਾ ਗਿਆ ਹੈ, ਸਿਰਫ਼ ਉਸਦੀ ਜਾਨ ਬਖ਼ਸ਼ੀ ਗਈ ਹੈ। ਉਹ ਇਸ ਤੋਂ ਬਿਨਾਂ ਹੋਰ ਕੀ ਸਮਝ ਸਕਦਾ ਸੀ ਕਿ ਪੰਜਾਬ ਦੀ ਸਮੁੱਚੀ ਤਬਾਹੀ ਵਿਚ ਉਹਨੂੰ ਸ਼ਕਾਰ ਦਾ ਪਹਿਲਾ ਨਸ਼ਾਨਾ ਬਣਾਇਆ ਗਿਆ ਸੀ। ਮਹਾਰਾਣੀ ਦੇ ਦੇਸ-ਨਿਕਾਲੇ ਤੇ ਉਸ ਨਾਲ ਕੀਤੇ ਹੋਏ ਬੁਰੇ ਵਰਤਾਓ ਤੋਂ ਉਹ ਪਹਿਲਾਂ ਹੀ ਬੜਾ ਨਿਰਾਸ ਹੋਇਆ ਹੋਇਆ ਤੇ ਭਰਿਆ ਹੋਇਆ ਸੀ, ਤੇ ਮਹਾਰਾਜੇ ਦੇ ਵਿਆਹ ਬਾਰੇ ਗੋਲ ਮੋਲ ਜਵਾਬ ਨੇ ਉਹਦੇ ਦਿਮਾਗ਼ ਵਿਚ ਤਰ੍ਹਾਂ-ਤਰ੍ਹਾਂ ਦੀਆਂ ਗੋਂਦਾਂ ਤੇ ਮਨਸੂਬੇ ਪੈਦਾ ਕਰ ਦਿੱਤੇ ਸਨ। ਉਹ ਜ਼ਮਾਨੇ ਦੀ ਚਾਲ ਨੂੰ ਤਾੜ ਰਿਹਾ ਸੀ। ਕਪਤਾਨ ਐਬਟ ਦੀਆਂ ਕਰਨੀਆਂ ਨੇ ਉਹਨੂੰ ਡੂੰਘੇ ਸ਼ੱਕ ਵਿਚ ਪਾ ਦਿੱਤਾ ਸੀ। ਚਤਰ ਸਿੰਘ ਜਾਣਦਾ ਸੀ, ਕਿ ਉਸ ਅਫ਼ਸਰ (ਐਬਟ) ਨੂੰ ਤਬਾਹੀ ਦਾ ਕੰਮ ਨੇਪਰੇ ਚਾੜ੍ਹਨ ਦੀ ਆਗਿਆ ਦਿੱਤੀ ਗਈ ਸੀ। ਜਦ ਮੁਸਲਮਾਨਾਂ ਨੂੰ ਸਿੱਖਾਂ ਦੇ ਵਿਰੁੱਧ ਭੜਕਾਉਣ ਤੇ ਉਹਨਾਂ ਦੇ ਦਿਲਾਂ ਵਿਚ ਵੱਡ-ਵਡੇਰਿਆਂ ਦੇ ਕਤਲਾਂ ਦੀ

---

*ਈਵਾਨਸ ਬੈੱਲ, ਪੰਨਾ ੩੫।

ਯਾਦ ਤਾਜ਼ਾ ਕਰਨ ਦੀ ਚਾਲ ਵੱਡੇ ਵੱਡੇ ਅੰਗਰੇਜ਼ ਅਫ਼ਸਰਾਂ ਨੇ ਅਖ਼ਤਿਆਰ ਤੇ ਪਰਵਾਨ ਕੀਤੀ, ਤਾਂ ਬੁੱਢੇ ਸਰਦਾਰ ਦੇ ਦਿਲ ਵਿਚ ਵੀ ਦੁਸ਼ਮਣੀ ਦੀ ਅੱਗ ਭੜਕ ਉਠੀ। ਉਹਨੂੰ ਨਿਰਾਸਤਾ ਦੇ ਖੂਹ ਵਿਚ ਧੱਕਾ ਦਿੱਤਾ ਗਿਆ। ਹੁਣ ਉਹ ਬਹੁਤਾ ਚਿਰ ਜੋਸ਼ੀਲੇ ਸਿੱਖਾਂ, ਫੌਜ ਤੇ ਆਪਣੇ ਮਗਰ ਲੱਗਣ ਵਾਲਿਆਂ ਨੂੰ ਬਗ਼ਾਵਤ ਤੋਂ ਨਹੀਂ ਰੋਕ ਸਕਦਾ ਸੀ। ਅੰਤ ਉਹਨੇ ਖੁੱਲ੍ਹ-ਮ-ਖੁੱਲ੍ਹਾ ਬਗ਼ਾਵਤ ਕਰ ਦਿੱਤੀ ਤੇ ਆਪਣੇ ਧਰਮ ਤੇ ਸਿੱਖ ਰਾਜ ਵਾਸਤੇ ਆਖ਼ਰੀ ਜੰਗ ਵਿਚ ਆਪਣਾ ਜੀਵਨ ਅਰਪਣ ਕਰ ਦਿੱਤਾ।o

**ਚਤਰ ਸਿੰਘ ਦੀ ਬਗ਼ਾਵਤ**

ਅੰਤ ਸ. ਚਤਰ ਸਿੰਘ ਨੇ ਬਗ਼ਾਵਤ ਕਰ ਦਿੱਤੀ। ਸੱਚੀ ਗੱਲ ਤਾਂ ਇਹ ਹੈ, ਕਿ ਉਹਨੂੰ ਬਗ਼ਾਵਤ ਕਰਨ ਵਾਸਤੇ ਮਜਬੂਰ ਕਰ ਦਿੱਤਾ ਗਿਆ। ਉਹ ਚਾਅ ਨਾਲ ਬਾਗ਼ੀ ਨਹੀਂ ਹੋਇਆ, ਸਗੋਂ ਉਸਨੂੰ ਬਦੋਬਦੀ ਬਾਗ਼ੀ ਬਣਾਇਆ ਗਿਆ। ਹੁਣ ਚੁਫੇਰੇ ਅੱਗ ਮੱਚ ਉੱਠੀ। ਚਤਰ ਸਿੰਘ ਦੇ ਬਾਗ਼ੀ ਹੋਣ ਦਾ ਐਲਾਨ ਸੁਣ ਕੇ ਦਲਾਂ ਦੇ ਦਲ ਉਸਦੇ ਝੰਡੇ ਹੇਠ ਕੱਠੇ ਹੋਣ ਲੱਗੇ, ਤੇ ਕੇਈ ਛਾਉਣੀਆਂ ਵਿਚ ਵੀ ਸਿਪਾਹੀ ਬਾਗ਼ੀ ਹੋ ਗਏ। ਜਿਹੜਾ ਬੁੱਢਾ ਸ. ਚਤਰ ਸਿੰਘ, ਕੁਛ ਸਮਾਂ ਪਹਿਲਾਂ ਤੀਰਥ-ਯਾਤਰਾ ਕਰਨ ਦੀ ਚਾਹ ਰੱਖਦਾ ਸੀ, ਹੁਣ ਰਣ-ਤੀਰਥ ਵਿਚ ਸ਼ਹੀਦ ਹੋਣ ਵਾਸਤੇ ਤਿਆਰ ਹੋ ਗਿਆ। ਆਪਣੇ ਬਾਗ਼ੀ ਹੋਣ ਦੀ ਖ਼ਬਰ ਉਸ ਨੇ ਆਪਣੇ ਪੁੱਤਰ ਰਾਜਾ ਸ਼ੇਰ ਸਿੰਘ ਨੂੰ ਵੀ ਘੱਲ ਦਿੱਤੀ। ਸਾਰੀਆਂ ਗੱਲਾਂ ਨੂੰ ਵਿਚਾਰ ਕੇ ਰਾਜਾ ਸ਼ੇਰ ਸਿੰਘ ਨੇ ਵੀ ਬਾਗ਼ੀ ਹੋਣ ਦਾ ਐਲਾਨ ਕਰ ਦਿੱਤਾ।

**ਸ਼ੇਰ ਸਿੰਘ ਦੀ ਚਿੱਠੀ ਗੁਲਾਬ ਸਿੰਘ ਨੂੰ**

੧੩ ਸਤੰਬਰ ਨੂੰ ਸ਼ੇਰ ਸਿੰਘ ਨੇ ਇਕ ਗੁਪਤ ਚਿੱਠੀ ਆਪਣੇ ਛੋਟੇ ਭਰਾ ਗੁਲਾਬ ਸਿੰਘ ਨੂੰ ਲਾਹੌਰ ਲਿਖੀ, ਜਿਸਦਾ ਭਾਵ ਸੀ, "ਸਿੰਘ ਸਾਹਿਬ (ਪਿਤਾ) ਮੈਨੂੰ ਵਾਰ ਵਾਰ ਇਹ ਲਿਖਦੇ ਹਨ, ਕਿ ਉਹ ਕਪਤਾਨ ਐਬਟ ਦਾ ਹਮੇਸ਼ਾਂ ਹੁਕਮ ਮੰਨਦੇ ਹਨ, ਮਗਰ ਉਸ ਅੰਗਰੇਜ਼ ਅਫ਼ਸਰ—ਐਬਟ—ਨੇ ਹਜ਼ਾਰੇ ਦੇ ਮੁਸਲਮਾਨਾਂ ਨਾਲ ਮਿਲਕੇ ਬੜਾ

---

oਈਵਾਨਸ ਬੈੱਲ, ਪੰਨਾ ੩੬-੩੭।

ਅਨਰਥ ਕੀਤਾ ਹੈ ਤੇ ਪਿਤਾ ਜੀ ਨੂੰ ਬੜਾ ਦੁੱਖ ਦਿੱਤਾ ਹੈ। ਵਧੇਰੇ ਕੀ ਆਖਾਂ। ਉਸ ਅੰਗਰੇਜ਼ ਅਫ਼ਸਰ ਨੇ ਖ਼ਾਲਸੇ ਦਾ ਨਾਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਹੁਣ ਤੱਕ ਕਪਤਾਨ ਐਡਵਾਰਡਸ ਮੇਰੇ ਨਾਲ ਚੰਗਾ ਵਰਤਾਓ ਕਰਦਾ ਰਿਹਾ ਹੈ। ਪਰ ਪਿਛਲੇ ਸਤਵਾਰੇ ਤੋਂ ਉਹਦੇ ਦਿਲੀ ਭਾਵ ਕੁਛ ਬਦਲ ਗਏ ਨੇ। ਏਸ ਵਾਸਤੇ ਮੈਂ ਪਿਤਾ ਜੀ (ਸ. ਚਤਰ ਸਿੰਘ) ਨੂੰ ਮਿਲਣ ਦਾ ਪੱਕਾ ਪ੍ਰਣ ਕਰ ਲਿਆ ਹੈ। ਜੇ ਪਿਤਾ ਜੀ ਦੀ ਆਗਿਆ ਤੇ ਮੇਰੀ ਸਲਾਹ ਉੱਤੇ ਤੈਨੂੰ ਕੁਛ ਵੀ ਸ਼ਰਧਾ ਹੋਵੇ, ਤਾਂ ਚਿੱਠੀ ਮਿਲਦਿਆਂ ਹੀ ਪਿਤਾ ਜੀ ਕੋਲ ਚਲੇ ਜਾਣਾ। ਤੇ ਨਹੀਂ ਤਾਂ ਜੰਮੂੰ ਜਾਂ ਹੋਰ ਕਿਸੇ ਥਾਂ ਚਲੇ ਜਾਣਾ। ਇਸ ਕੰਮ ਵਿਚ ਢਿੱਲ ਨਾ ਕਰਨੀ। ਤੇ ਜੇ ਮੇਰੀ ਸਲਾਹ ਪਰਵਾਨ ਨਾ ਹੋਵੇ, ਤਾਂ ਜੋ ਤੈਨੂੰ ਚੰਗਾ ਲੱਗੇ, ਕਰਨਾ। ਪਰ ਨਾਲ ਇਕ ਗੱਲ ਚੇਤੇ ਰੱਖਣੀ, ਕਿ ਪਿਤਾ ਦੀ ਆਗਿਆ ਮੰਨਣੀ, ਔਲਾਦ ਦਾ ਧਰਮ ਹੈ। ਇਹ ਜੀਵਨ ਚਾਰ ਦਿਹਾੜੇ ਹੈ। ਹੁਣ ਮੇਰੀ ਚਿੱਠੀ ਦੀ ਉਡੀਕ ਨਾ ਰੱਖਣੀ। ਜਿਉਂਦੇ ਰਹੇ, ਤਾਂ ਫਿਰ ਮਿਲਾਂਗੇ, ਨਹੀਂ ਤਾਂ ਜੋ ਵਾਹਿਗੁਰੂ ਨੂੰ ਭਾਵੇ।"o

### ਰਾਜਾ ਸ਼ੇਰ ਸਿੰਘ ਦਾ ਐਲਾਨ

੧੪ ਸਤੰਬਰ, ੧੮੪੮ ਈ. ਨੂੰ ਰਾਜਾ ਸ਼ੇਰ ਸਿੰਘ ਨੇ ਬਾਗ਼ੀ ਹੋਣ ਦਾ ਐਲਾਨ ਕਰ ਦਿੱਤਾ: "ਸਾਰੇ ਪੰਜਾਬੀਆਂ ਤੇ ਹੋਰਨਾਂ ਲੋਕਾਂ ਤੋਂ ਇਹ ਗੱਲ ਲੁਕੀ ਹੋਈ ਨਹੀਂ, ਕਿ ਸਚਖੰਡ ਵਾਸੀ ਮ. ਰਣਜੀਤ ਸਿੰਘ ਦੀ ਵਿਧਵਾ (ਮਹਾਰਾਣੀ ਜਿੰਦ ਕੌਰਾਂ) ਉੱਤੇ ਫ਼ਰੰਗੀਆਂ ਨੇ ਕਿਸ ਤਰ੍ਹਾਂ ਦਾ ਅਤਿਆਚਾਰ ਕੀਤਾ ਹੈ। ਉਸ ਦੀ ਜੋ ਬੇ-ਪਤੀ ਕੀਤੀ ਹੈ ਤੇ ਪਰਜਾ ਉਤੇ ਫ਼ਰੰਗੀਆਂ ਨੇ ਜੋ ਸਖ਼ਤੀਆਂ ਕੀਤੀਆਂ ਹਨ, ਉਹ ਵੀ ਕਿਸੇ ਕੋਲੋਂ ਗੁੱਝੀਆਂ ਨਹੀਂ ਹਨ। ਪਹਿਲਾਂ ਤਾਂ ਪੰਜਾਬੀਆਂ ਦੀ ਮਾਤਾ ਜੇਹੀ ਰਾਣੀ ਜਿੰਦ ਕੌਰ ਨੂੰ ਦੇਸ-ਨਿਕਾਲਾ ਦੇ ਕੇ ਸੁਲ੍ਹਾ ਤੋੜੀ ਹੈ, ਤੇ ਦੂੱਜੀ ਗੱਲ ਸਾਡੇ—ਮ. ਰਣਜੀਤ ਸਿੰਘ ਦੀ ਸੰਤਾਨ ਵਰਗੇ ਸਿੱਖਾਂ—ਉੱਤੇ ਅਜਿਹਾ ਅਨਿਆਂ ਤੇ ਜ਼ੁਲਮ ਕੀਤਾ ਹੈ, ਕਿ ਅਸੀਂ ਧਰਮੋਂ ਵੀ ਹੀਣ ਹੋ ਗਏ ਹਾਂ। ਤਿੱਜੀ ਗੱਲ ਸਿੱਖ ਰਾਜ ਦੀ ਪਹਿਲੀ ਵਡਿਆਈ ਨਹੀਂ ਰਹੀ। ਸੋ, ਹੁਣ

---

oਪੰਜਾਬ ਹਰਣ ਔਰ ਦਲੀਪ ਸਿੰਹ, ਪੰਨੇ ੧੧੯-੨੦।

ਕੀ ਵੇਖਦੇ ਹੋ ? ਆਓ, ਆਪਣੇ ਸਰਬੰਸ ਦੀ ਰੱਖਿਆ ਵਾਸਤੇ ਇਕ ਹੋ ਜਾਉ।"()

ਰਾਜਾ ਸ਼ੇਰ ਸਿੰਘ ਕਿਉਂ ਬਾਗ਼ੀ ਹੋਇਆ

ਇਹ ਐਲਾਨ ਕੱਢ ਕੇ, ਰਾਜਾ ਸ਼ੇਰ ਸਿੰਘ ਅੰਗਰੇਜ਼ਾਂ ਦਾ ਸਾਥ ਛੱਡ ਕੇ, ਮੂਲ ਰਾਜ ਵੱਲੇ ਤੁਰ ਪਿਆ। ਉਹ ਅੰਗਰੇਜ਼ਾਂ ਨਾਲ ਵਿਗਾੜਨਾ ਨਹੀਂ ਸੀ ਚਾਹੁੰਦਾ, ਇਹ ਉਹਦੇ ਪਹਿਲੇ ਕੰਮਾਂ ਤੋਂ ਸਾਫ਼ ਸਿੱਧ ਹੈ। ਉਹਦੀ ਫ਼ੌਜ ਵਿਚੋਂ ਸਿਪਾਹੀਆਂ ਨੇ ਕਈ ਵਾਰ ਬਗ਼ਾਵਤ ਕਰਨ ਦੀ ਕੀਤੀ, ਪਰ ਉਹ ਬੜੇ ਜ਼ੋਰ ਨਾਲ ਉਸ ਨੂੰ ਦਬਾਉਂਦਾ ਰਿਹਾ। ਕਈ ਜੋਸ਼ੀਲੇ ਸਿਪਾਹੀ, ਉਸ ਨੂੰ ਗਾਲ੍ਹਾਂ ਤੱਕ ਕੱਢਣ ਲੱਗ ਪਏ ਸਨ ਤੇ ਉਹਦਾ ਨਾਮ 'ਸ਼ੇਰ ਸਿੰਘ' ਦੀ ਥਾਂ 'ਸ਼ੇਖ਼ ਸਿੰਘ' ਸੱਦਦੇ ਸਨ। ਇਕ ਸਿਪਾਹੀ—ਸੁਜਾਨ ਸਿੰਘ—ਨੇ ਉਹਨੂੰ ਜ਼ਹਿਰ ਦੇਣ ਦਾ ਉਪਰਾਲਾ ਵੀ ਕੀਤਾ, ਪਰ ਇਹ ਗੋਂਦ ਪਰਗਟ ਹੋ ਗਈ ਤੇ ੨੬ ਅਗਸਤ, ੧੮੪੮ ਨੂੰ ਸੁਜਾਨ ਸਿੰਘ ਤੋਪ ਅੱਗੇ ਉਡਾਇਆ ਗਿਆ। ਐਨੀ ਔਖਿਆਈ ਨਾਲ ਅੰਗਰੇਜ਼-ਭਗਤੀ ਨਿਭਾਉਣ ਵਾਲਾ ਸ਼ੇਰ ਸਿੰਘ ਅੰਤ ਬਾਗ਼ੀ ਹੋ ਗਿਆ। ਉਸਦੇ ਬਾਗ਼ੀ ਹੋਣ ਦੇ ਇਹ ਕਾਰਨ ਸਨ : ਦਲੀਪ ਸਿੰਘ ਦੀ ਸ਼ਾਦੀ ਤੋਂ ਨਾਂਹ ਕਰਨੀ, ਸ. ਚਤਰ ਸਿੰਘ ਨਾਲ ਬੇਇਨਸਾਫ਼ੀ, ਮ. ਜਿੰਦ ਕੌਰ ਦੇ ਦੇਸ-ਨਿਕਾਲੇ ਤੋਂ ਵਿਗੜ ਕੇ ਸਿਪਾਹੀਆਂ ਦਾ ਬਗ਼ਾਵਤ ਵਾਸਤੇ ਮਜਬੂਰ ਕਰਨਾ।

ਹੁਣ ਸਾਰੇ ਪੱਛਮੀ ਪੰਜਾਬ ਵਿਚ ਬਗ਼ਾਵਤ ਹੋ ਗਈ ਸੀ। ਰਾਜਾ ਸ਼ੇਰ ਸਿੰਘ ਤੇ ਸ. ਚਤਰ ਸਿੰਘ ਦੇ ਬਾਗ਼ੀ ਹੋਣ ਨਾਲ ਸਮੇਂ ਦਾ ਰੰਗ ਬਦਲ ਗਿਆ ਸੀ। ਬਹੁਤ ਸਾਰੀਆਂ ਛਾਉਣੀਆਂ ਦੇ ਸਿਪਾਹੀ ਖੁੱਲ੍ਹੇ-ਮ-ਖੁੱਲ੍ਹਾ ਬਾਗ਼ੀ ਹੋ ਗਏ, ਜਿਨ੍ਹਾਂ ਤੋਂ ਡਰਦਿਆਂ ਉਹਨਾਂ ਦੇ ਅਫ਼ਸਰਾਂ ਨੂੰ ਵੀ ਬਾਗ਼ੀ ਹੋਣਾ ਪਿਆ। ਅਸਲ ਵਿਚ ਇਹ ਖੁੱਲ੍ਹੀ ਬਗ਼ਾਵਤ ਅੰਗਰੇਜ਼ ਹਾਕਮਾਂ ਦੇ ਮਨ ਦੀ ਮੁਰਾਦ ਸੀ, ਜਿਸ ਦੇ ਬਹਾਨੇ ਪੰਜਾਬ ਨੂੰ ਜ਼ਬਤ ਕੀਤਾ ਗਿਆ।

ਬਗ਼ਾਵਤ ਦੇ ਕਾਰਨ

ਇਸ ਬਗ਼ਾਵਤ ਦੇ ਇਹ ਖ਼ਾਸ ਕਾਰਨ ਸਨ : ੧. ਮੁਲਤਾਨ ਦੀ ਬਗ਼ਾਵਤ ਨੂੰ ਦਬਾਉਣ ਵਿਚ ਢਿੱਲ ਕਰਨੀ, ੨. ਮ. ਦਲੀਪ ਸਿੰਘ ਦੇ ਵਿਆਹ ਦਾ ਦਿਨ ਪੱਕਾ ਕਰਨ ਤੋਂ ਨਾਂਹ, ੩. ਮਹਾਰਾਣੀ ਜਿੰਦ ਕੌਰ ਦਾ

()ਪੰਜਾਬ ਹਰਣ ਔਰ ਦਲੀਪ ਸਿੰਹ, ਪੰਨੇ ੨੦।

ਦੇਸ-ਨਿਕਾਲਾ, ੪. ਕਪਤਾਨ ਐਬਟ ਨੇ ਮੁਸਲਮਾਨਾਂ ਨੂੰ ਸਿੱਖਾਂ ਦੇ ਵਿਰੁੱਧ ਭੜਕਾਉਣਾ, ੫. ਸ. ਚਤਰ ਸਿੰਘ ਨਾਲ ਬੇਇਨਸਾਫ਼ੀ, ੬. ਨਾਮਕਟੇ ਬੇਕਾਰ ਸਿਪਾਹੀ।

ਵੱਖ-ਵੱਖ ਲਿਖਾਰੀਆਂ ਦੀਆਂ ਰਾਵਾਂ

ਹੁਣ ਇਸ ਬਾਰੇ ਮੈਂ ਕੁਛ ਸਮਕਾਲੀ ਲਿਖਾਰੀਆਂ ਦੀਆਂ ਗਵਾਹੀਆਂ ਦੇਂਦਾ ਹਾਂ। ੨੫ ਮਈ ੧੮੪੮ ਈ: ਨੂੰ ਰੇਜ਼ੀਡੈਂਟ ਗਵਰਨਰ-ਜੈਨਰਲ ਨੂੰ ਲਿਖਦਾ ਹੈ : "ਰਾਜਾ ਸ਼ੇਰ ਸਿੰਘ ਦੇ ਕੈਂਪ (ਡੇਰੇ) ਤੋਂ ਖ਼ਬਰਾਂ ਆ ਰਹੀਆਂ ਨੇ, ਕਿ ਮਹਾਰਾਣੀ ਦੇ ਦੇਸ-ਨਿਕਾਲੇ ਦੀ ਖ਼ਬਰ ਸੁਣ ਕੇ ਖ਼ਾਲਸਾ ਫ਼ੌਜ ਬੜੀ ਬੇਚੈਨ ਹੋ ਰਹੀ ਹੈ। ਸਿਪਾਹੀ ਆਖਦੇ ਨੇ ਮਹਾਰਾਣੀ ਖ਼ਾਲਸਾ ਕੌਮ ਦੀ ਮਾਤਾ ਹੈ। ਜਦ ਉਹ ਤੇ ਬਾਲਕ ਦਲੀਪ ਸਿੰਘ ਉਨ੍ਹਾਂ ਤੋਂ ਦੂਰ ਕਰ ਦਿੱਤੇ ਗਏ ਨੇ, ਤਾਂ ਹੁਣ ਉਹ ਕੀਹਦੇ ਬਦਲੇ ਲੜਨ ? ਹੁਣ ਉਨ੍ਹਾਂ ਨੂੰ ਮੂਲ ਰਾਜ ਦੀ ਵਿਰੋਧਤਾ ਕਰਨ ਦੀ ਲੋੜ ਨਹੀਂ। ਤੇ ਜੇ ਮੂਲ ਰਾਜ ਨੇ ਉਹਨਾਂ 'ਤੇ ਹਮਲਾ ਕੀਤਾ, ਤਾਂ ਉਹ (ਸਿਪਾਹੀ) ਸਰਦਾਰ ਤੇ ਅਫ਼ਸਰਾਂ ਨੂੰ ਪਕੜ ਲੈਣਗੇ ਤੇ ਮੂਲ ਰਾਜ ਨਾਲ ਮਿਲ ਜਾਣਗੇ।"*

ਈਵਾਨਸ ਬੈੱਲ ਲਿਖਦਾ ਹੈ "ਰਾਜਾ ਸ਼ੇਰ ਸਿੰਘ ਦੇ ਕੈਂਪ ਵਿਚ ਜੋ ਘਿਰਣਾ ਤੇ ਬੇਚੈਨੀ ਵੱਧ ਗਈ ਹੈ, ਉਸਨੂੰ ਖ਼ਾਸ ਥਾਂ ਦਿੱਤੀ ਜਾਂਦੀ ਹੈ।

"ਪੰਜਾਬ ਦੇ ਵਸਨੀਕਾਂ ਨੂੰ, ਸਭ ਸਿੱਖਾਂ ਨੂੰ, ਅਸਲ ਵਿੱਚ ਸਾਰੀ ਦੁਨੀਆਂ ਨੂੰ ਚੰਗੀ ਤਰ੍ਹਾਂ ਮਾਲੂਮ ਹੋ ਗਿਆ ਹੈ, ਕਿ ਕਿੰਨੀਆਂ ਨਾ-ਵਾਜਬ ਸਖ਼ਤੀਆਂ, ਧੱਕੇ, ਜ਼ੁਲਮ ਨਾਲ ਫ਼ਰੰਗੀਆਂ ਨੇ ਵੱਡੇ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਨਾਲ ਵਰਤਾਉ ਕੀਤਾ ਹੈ।o

"ਮਹਾਰਾਣੀ—ਆਪਣੀ ਪਰਜਾ ਦੀ ਮਾਤਾ—ਨੂੰ ਕੈਦ ਕਰਕੇ ਹਿੰਦੁਸਤਾਨ ਵਿਚ ਭੇਜਣ ਨਾਲ ਅੰਗਰੇਜ਼ਾਂ ਨੇ ਸੁਲ੍ਹਾ ਤੋੜ ਦਿੱਤੀ ਹੈ।"()

ਕਾਬਲ ਦਾ ਹਾਕਮ ਦੋਸਤ ਮੁਹੰਮਦ ਆਪਣੇ ਖ਼ਤ ਵਿਚ-ਜੋ ਉਸਨੇ ਕਪਤਾਨ ਐਬਟ ਨੂੰ ਲਿਖਿਆ—ਇਸ ਬਗ਼ਾਵਤ ਦਾ ਸਭ ਤੋਂ ਵੱਡਾ ਕਾਰਨ

---

*Punjab Papers, (1849), p.179.

oਈਵਾਨਸ ਬੈੱਲ, ਪੰਨਾ ੧੯।

()Punjab Papers, (1849) : p. 362.

ਪੰਜਾਬ ਵਿਚ ਫੈਲੀ ਹੋਈ ਇਹ ਨਾਰਾਜ਼ਗੀ ਦੱਸਦਾ ਹੈ। ਲਿਖਦਾ ਹੈ, "ਏਸ ਵਿਚ ਕੋਈ ਸ਼ੱਕ ਨਹੀਂ, ਕਿ ਸਿੱਖ ਦਿਨੋ ਦਿਨ ਬੜੇ ਬੇਚੈਨ ਹੋ ਰਹੇ ਹਨ। ਕਈਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ ਹੈ, ਤੇ ਖ਼ਾਸ ਕਰ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਨੂੰ ਕੈਦ ਵਿਚ ਸੁਟਿਆ ਗਿਆ ਤੇ ਉਸ ਨਾਲ ਬੁਰਾ ਸਲੂਕ ਕੀਤਾ ਗਿਆ ਹੈ। ਐਹੋ ਜੇਹੇ ਵਰਤਾਉ ਨੂੰ ਸਾਰੇ ਮਜ਼੍ਹਬਾਂ ਦੇ ਲੋਕ ਬੁਰਾ ਸਮਝਦੇ ਹਨ ਤੇ ਸਾਰੇ ਅਮੀਰ-ਗ਼ਰੀਬ ਇਸ ਨਾਲੋਂ ਮੌਤ ਨੂੰ ਚੰਗਾ ਸਮਝਦੇ ਹਨ।"*

ਈਵਾਨਸ ਬੈੱਲ ਇਕ ਥਾਂ ਹੋਰ ਲਿਖਦਾ ਹੈ, "ਮਹਾਰਾਣੀ ਨੂੰ ਕੈਦ ਕਰਨ ਤੇ ਦੇਸ-ਨਿਕਾਲਾ ਦੇਣ ਬਾਰੇ ਲਾਰਡ ਡਲਹੌਜ਼ੀ ਦਾ ਐਲਾਨ ਅਮਨ ਬਹਾਲ ਰੱਖਣ ਦੇ ਤੌਰ 'ਤੇ ਨਹੀਂ, ਸਗੋਂ ਉਸਨੂੰ ਸਜ਼ਾ ਦੇ ਤੌਰ 'ਤੇ ਸੀ। ਮੇਰੇ ਖ਼ਿਆਲ ਵਿਚ ਇਹ ਐਲਾਨ ਨਾਵਾਜਬ, ਨਾਮੁਨਾਸਬ ਤੇ ਬੇ-ਇਨਸਾਫ਼ੀ ਵਾਲਾ ਸੀ। ਰਾਣੀ ਦਾ ਦੇਸ-ਨਿਕਾਲਾ ਉਹਨਾਂ ਸਭ ਲੋਕਾਂ ਦੀਆਂ ਨਜ਼ਰਾਂ ਵਿਚ—ਜਿਨ੍ਹਾਂ ਦਾ ਮ. ਰਣਜੀਤ ਸਿੰਘ ਦੀ ਬਾਦਸ਼ਾਹੀ ਨਾਲ ਸੰਬੰਧ ਸੀ—ਇਕ ਕੌਮੀ ਹੱਤਕ ਸੀ, ਤੇ ਇਹ ਰਾਣੀ ਦੇ ਪੁੱਤਰ ਨੂੰ ਤਖ਼ਤ ਤੋਂ ਉਤਾਰਨ ਤੇ ਰਾਜ ਨੂੰ ਤਬਾਹ ਕਰਨ ਬਦਲੇ ਪਹਿਲਾ ਕਦਮ ਸੀ।"○

ਕਪਤਾਨ ਨਿਕਲਸਨ, ਰੈਜ਼ੀਡੈਂਟ ਨੂੰ ਲਿਖਦਾ ਹੈ, "ਜੇ ਹਜ਼ਾਰੇ ਦੀ ਸਿੱਖ ਫ਼ੌਜ ਆਪਣੇ ਅਫ਼ਸਰਾਂ ਦੇ ਕਾਬੂ ਵਿਚ ਰਹੇ, ਤਾਂ ਫੇਰ ਕੋਈ ਔਖਿਆਈ ਨਹੀਂ, ਮਗਰ ਆਮ ਤੌਰ ਤੇ ਸਿੱਖ ਫ਼ੌਜਾਂ ਵਿਚ ਅਫ਼ਸਰ ਆਪਣਾ ਰਸੂਖ਼ ਗੁਆ ਬੈਠੇ ਹਨ।"[ ]

ਮੇਜਰ ਜਾਰਜ ਲਾਰੰਸ ਪਿਸ਼ਾਵਰ ਤੋਂ ਲਿਖਦਾ ਹੈ, "ਮੈਨੂੰ ਪੂਰਾ ਯਕੀਨ ਹੈ, ਕਿ ਬਹੁਤ ਸਾਰੇ ਅਫ਼ਸਰ ਆਪਣੀ ਫ਼ੌਜ ਨੂੰ ਕਾਬੂ ਰੱਖਣ ਦੇ ਚਾਹਵਾਨ ਹਨ।"()

---

*Punjab Papers, (1849) : p. 512.

○ਈਵਾਨਸ ਬੈੱਲ, ਪੰਨਾ ੧੯-੨੦।

[]Punjab Papers, (1849) : p. 307.

()Punjab Papers, (1849) : p. 340.

ਰੈਜ਼ੀਡੈਂਟ ਆਪ ਮੰਨਦਾ ਹੈ, ਕਿ ਸਰਦਾਰ ਭਰੋਸੇ-ਯੋਗ ਹਨ, ਪਰ ਫ਼ੌਜ ਸਾਨੂੰ ਚੰਗਾ ਨਹੀਂ ਜਾਣਦੀ।*

੧੩ ਜੁਲਾਈ ਨੂੰ ਮੇਜਰ ਐਡਵਾਰਡਸ, ਰੈਜ਼ੀਡੈਂਟ ਨੂੰ ਲਿਖਦਾ ਹੈ, "ਮੈਨੂੰ ਪੂਰਾ ਯਕੀਨ ਹੈ, ਕਿ ਸਰਦਾਰ ਦਿਲੋਂ ਸਾਡੇ ਵੱਲ ਹਨ, ਕਿਉਂਕਿ ਸਾਡੇ ਪਾਸ ਖ਼ਿਤਾਬ, ਜਾਗੀਰਾਂ ਤੇ ਨੌਕਰੀਆਂ ਹਨ, ਪਰ ਫ਼ੌਜਾਂ ਸਾਡੇ ਵਿਰੁੱਧ ਹਨ।"०

ਉਪਰਲੇ ਹਵਾਲਿਆਂ ਤੋਂ ਸਾਫ਼ ਸਿੱਧ ਹੈ, ਕਿ ਮਹਾਰਾਣੀ ਦੇ ਦੇਸ ਨਿਕਾਲੇ ਤੋਂ ਭੜਕੇ ਹੋਏ ਸਿਪਾਹੀਆਂ ਨੇ ਬਗ਼ਾਵਤ ਦੀ ਅੱਗ ਮਚਾ ਦਿੱਤੀ, ਜਿਸ ਵਿਚ ਕੁਛ ਸਰਦਾਰਾਂ ਨੂੰ ਵੀ ਬਦੋ-ਬਦੀ ਧੱਕਾ ਦੇ ਦਿੱਤਾ ਗਿਆ। ਵਧੇਰੇ ਵੇਰਵੇ ਨਾਲ ਈਵਾਨਸ ਬੈੱਲ ਦੀ ਜ਼ਬਾਨੀ ਸੁਣੋ। ਉਹ ਲਿਖਦਾ ਹੈ, "ਖ਼ਾਸ ਕਰ ਮਹਾਰਾਣੀ ਦੇ ਦੇਸ-ਨਿਕਾਲੇ ਤੇ ਸ. ਚਤਰ ਸਿੰਘ ਤੇ ਉਸ ਦੇ ਪੁੱਤਰਾਂ ਦੀ ਬਗ਼ਾਵਤ ਪਿੱਛੋਂ ਬਹੁਤ ਸਾਰੇ ਸਰਦਾਰ ਏਸ ਲਹਿਰ ਵਿਚ ਮਿਲ ਗਏ, ਪਰ ਉਹ ਐਸਾ ਕਰਨ ਵਾਸਤੇ ਦਿਲੋਂ ਰਾਜ਼ੀ ਨਹੀਂ ਸਨ। ਕਈ ਗੱਲਾਂ ਵਿਚ, ਪਰਗਟ ਤੌਰ 'ਤੇ ਉਹ ਬਗ਼ਾਵਤ ਕਰਨ ਵਾਸਤੇ ਆਪਣੀ ਫ਼ੌਜ ਵੱਲੋਂ ਮਜਬੂਰ ਕੀਤੇ ਗਏ ਸਨ। ਅਸਲ ਵਿਚ ਸਰਦਾਰਾਂ ਦਾ ਹੀ ਕੁਛ ਵਿਗੜਨਾ ਸੀ। ਸਿੱਖ ਸਿਪਾਹੀ ਲਗ-ਭਗ ਸਭ ਕੁਛ ਗੁਆ ਬੈਠੇ ਸਨ। ਉਹ ਜਾਣਦੇ ਸਨ, ਕਿ ਜੇ ਪੰਜਾਬ ਰਾਜ ਦਾ ਨਵਾਂ ਢੰਗ ਕਾਇਮ ਹੋ ਗਿਆ, ਤਾਂ ਉਹਨਾਂ ਦਾ ਸਿਪਾਹੀ-ਪੁਣਾ ਜਾਂਦਾ ਰਹੇਗਾ। ਕਿਉਂਕਿ ਰਾਜ ਦਾ ਅੰਗੇਰਜ਼ੀ ਢੰਗ ਪੂਰੀ ਤਰ੍ਹਾਂ ਚਾਲੂ ਕਰ ਦਿੱਤਾ ਗਿਆ ਸੀ। ਸਿਪਾਹੀਆਂ ਨੇ ਆਪਣੀ ਜਥੇਬੰਦੀ ਟੁੱਟਦੀ, ਖ਼ਾਸ ਕਰ ਅਧਿਕਾਰ ਖੁੱਸਦੇ, ਤਨਖ਼ਾਹ ਤੇ ਗਿਣਤੀ ਘਟਦੀ ਵੇਖੀ। ਇਸ ਵਾਸਤੇ ਉਹ ਬਗ਼ਾਵਤ ਕਰਨ ਵਾਸਤੇ ਤਿਆਰ ਹੋ ਗਏ।"()

ਕੀ ਨਿਰੀ ਖ਼ਾਲਸਾ ਫ਼ੌਜ ਹੀ ਇਸ ਬਗ਼ਾਵਤ ਦਾ ਕਾਰਨ ਸੀ ? ਇਸ ਦਾ ਉੱਤਰ 'ਸਿੱਖ ਯੁੱਧ' ਦੇ ਕਰਤਾ ਇਉਂ ਲਿਖਦੇ ਹਨ, "ਆਖ਼ਰ ਸਿੱਖ ਯੁੱਧ ਦਾ ਕਾਰਨ ਸਿੱਖ ਫ਼ੌਜ ਤੇ ਸਿੱਖ ਕੌਮ ਦੀ ਥਾਂ ਸਰਹੱਦ ਦੇ ਮੁਸਲਮਾਨਾਂ ਦੀ ਗੜਬੜ ਬਣੀ।"**

---

*Punjab Papers, (1849) : p. 340.

०Punjab Papers, (1849) : p. 254.

()ਈਵਾਨਸ ਬੈੱਲ, ਪੰਨੇ ੪੩-੪੪।

**ਸਿੱਖ ਯੁੱਧ, ਪੰਨਾ ੧੫੮।

ਮੇਜਰ ਐਡਵਾਰਡਸ ਲਿਖਦਾ ਹੈ, "ਉਸ ਵੇਲੇ ਮੇਰਾ ਆਪਣਾ ਇਹ ਯਕੀਨ ਸੀ, ਕਿ ਜੇ ਮੁਲਤਾਨ ਦੀ ਬਗ਼ਾਵਤ ਛੇਤੀ ਦਬੱਾ ਦਿੱਤੀ ਜਾਂਦੀ, ਤਾਂ ਫੇਰ ਸਿੱਖਾਂ ਦੀ ਖੁੱਲ੍ਹੀ ਬਗ਼ਾਵਤ ਕਦੇ ਨਾ ਹੁੰਦੀ। ਜਿਥੋਂ ਤਕ ਮੈਨੂੰ ਯਾਦ ਹੈ, ਹਰ ਇਕ ਸਿਪਾਹੀ ਤੇ ਅਫ਼ਸਰ ਦੀ ਏਹਾ ਰਾਏ ਸੀ। ਮੇਰੀ ਜ਼ਾਤੀ ਰਾਏ ਅਜੇ ਵੀ ਓਹਾ ਹੈ।"*

ਲਾਰਡ ਡਲਹੌਜ਼ੀ ਨੇ—ਮੂਲਰਾਜ ਦੀ ਬਗ਼ਾਵਤ ਨੂੰ ਦਬਾਉਣ ਬਦਲੇ ਫ਼ੌਜ ਨਾ ਭੇਜਣ ਦਾ—ਇਹ ਬਹਾਨਾ ਲਾਇਆ ਸੀ, ਕਿ ਏਸ ਰੁੱਤ ਵਿਚ ਮੁਲਤਾਨ ਫ਼ੌਜ ਭੇਜਣ ਨਾਲ ਫ਼ੌਜ ਦੀ ਅਰੋਗਤਾ ਵਿਗੜਦੀ ਹੈ।

ਵੇਖੋ, ਏਸ ਬਹਾਨੇ ਉੱਤੇ ਦੂੱਜੇ ਲਿਖਾਰੀ ਕੀ ਲਿਖਦੇ ਹਨ। ਈਵਾਨਸ ਬੈੱਲ ਲਿਖਦਾ ਹੈ, "ਗਵਰਨਰ-ਜੈਨਰਲ ਤੇ ਪਰਧਾਨ ਸੈਨਾਪਤੀ ਨੂੰ ਜਾਨਣਾ ਚਾਹੀਦਾ ਸੀ, ਕਿ ਗਰਮੀ ਤੇ ਬਰਸਾਤ ਵਿਚ ਇਕ ਬ੍ਰਿਗੇਡ ਫ਼ੌਜ ਭੇਜਣ ਨਾਲ ਜੋ ਨੁਕਸਾਨ ਹੋਣਾ ਸੀ, ਉਸ ਤੋਂ ਕਿਤੇ ਵਧੇਰੇ ਨੁਕਸਾਨ ਸਾਰੇ ਪੰਜਾਬ ਵਿਚ ਬਗ਼ਾਵਤ ਹੋ ਜਾਣ ਨਾਲ ਅੰਗਰੇਜ਼ੀ ਤੇ ਦੇਸੀ ਫ਼ੌਜ ਤੇ ਪੰਜਾਬੀ ਪਰਜਾ ਦਾ ਹੋਣਾ ਸੀ।"**

ਮਾਰਸ਼ਮੈਨ ਲਿਖਦਾ ਹੈ, "ਹੈਰਾਨ ਕਰ ਦੇਣ ਵਾਲੀ ਗੱਲ ਹੈ, ਕਿ ਜੈਨਰਲ ਵ੍ਹਿਸ਼ (Whish) ਦੀ ਫ਼ੌਜ ਮੁਲਤਾਨ 'ਤੇ ਚੜ੍ਹਾਈ ਕਰਨ ਸਮੇਂ ਵਧੇਰੇ ਤੰਦਰੁਸਤ ਸੀ, ਛਾਉਣੀ ਵਿਚ ਰਹਿਣ ਨਾਲੋਂ। ਏਸ ਤੋਂ ਸਾਫ਼ ਸਿੱਧ ਹੈ, ਕਿ ਛੇਤੀ ਹਮਲਾ ਕਰਨ ਬਾਰੇ ਰੁੱਤ ਦੀ ਖ਼ਰਾਬੀ ਬਾਬਤ ਕਹਿਣਾ ਨਿਰਾ ਬਹਾਨਾ ਸੀ"।[ ]

ਸਰ ਹੈਨਰੀ ਲਾਰੰਸ ਦੀ ਰਾਏ ਹੈ, "ਜੇ ਅਸੀਂ ਹਿੰਦੁਸਤਾਨ ਦੇ ਹਰ ਮੌਸਮ ਨੂੰ ਨਹੀਂ ਸਹਾਰ ਸਕਦੇ, ਜੇ ਅਸੀਂ ਹਰ ਮੌਸਮ ਵਿਚ ਮੈਦਾਨ ਵਿਚ ਨਹੀਂ ਲੜ ਸਕਦੇ, ਤਾਂ ਸਾਡਾ ਏਥੇ ਕੋਈ ਕੰਮ ਨਹੀਂ।"()

---

*A Year on the Punjab Frontier Vol. II. P. 145.

**Restrospects & prospects of India policy, PP. 146-47.

[]History of India, by Marshman. Vol. III.P. 319

()Lives of Indian Officers, Vol. II, PP. 397-398.

ਟਰਾਟਰ ਲਿਖਦਾ ਹੈ, "ਜੇ ਬਗ਼ਾਵਤ ਨੂੰ ਦੇਰ ਨਾਲ ਦਬਾਉਣ ਦਾ ਏਹਾ ਸਬੱਬ ਸੀ, ਕਿ ਅੰਗਰੇਜ਼ੀ ਅਫ਼ਸਰ ਚਾਹੁੰਦੇ ਸਨ, ਕਿ ਚੰਗੀ ਤਰ੍ਹਾਂ ਸਾਰੇ ਬਗ਼ਾਵਤ ਖਿੱਲਰ ਜਾਏ, ਤਾਂ ਜੋ ਉਹਨਾਂ ਨੂੰ ਰਣਜੀਤ ਸਿੰਘ ਦਾ ਸਾਰਾ ਰਾਜ ਜ਼ਬਤ ਕਰ ਲੈਣ ਦਾ ਬਹਾਨਾ ਮਿਲ ਜਾਏ ਤਾਂ ਅੰਗਰੇਜ਼ੀ ਅਫ਼ਸਰਾਂ ਦੀ ਇਹ ਨੀਤੀ ਬੜੀ ਕੋਝੀ ਤੇ ਮਾੜੀ ਸੀ।"*

ਇਹ ਸਬੱਬ ਸਨ, ਜਿਨ੍ਹਾਂ ਦਾ ਸਦਕਾ ਇਕ ਵੱਡੀ ਖੁੱਲ੍ਹੀ ਬਗ਼ਾਵਤ ਭੜਕੀ, ਜਾਂ ਭੜਕਾਈ ਗਈ। ਪਹਿਲਾਂ ਇਕ ਮੂਲ ਰਾਜ ਬਾਗ਼ੀ ਸੀ ਤੇ ਫੇਰ ਸ. ਚਤਰ ਸਿੰਘ ਤੇ ਰਾਜਾ ਸ਼ੇਰ ਸਿੰਘ ਨਾਲ ਕਈ ਸਰਦਾਰ ਬਾਗ਼ੀ ਹੋ ਗਏ, ਜਿਸ ਕਾਰਨ 'ਚੇਲੀਆਂ ਵਾਲੀ' ਦਾ ਘਮਸਾਣ ਹੋਇਆ। ਹੁਣ ਮੈਂ ਮੁਲਤਾਨ ਤੇ ਚੇਲੀਆਂ ਵਾਲੀ ਦਾ ਹਾਲ ਵੱਖ ਵੱਖ ਲਿਖਦਾ ਹਾਂ।

## ਮੁਲਤਾਨ ਦੀ ਲੜਾਈ

ਮੁਲਤਾਨ ਦੀ ਲੜਾਈ

੧ ਜੁਲਾਈ ਨੂੰ ਸੂਰਜਕੁੰਡ ਦੀ ਲੜਾਈ ਵਿਚ ਹਾਰ ਖਾ ਕੇ ਮੂਲ ਰਾਜ ਕਿਲ੍ਹੇ ਵਿਚ ਜਾ ਵੜਿਆ। ਰਾਜਾ ਸ਼ੇਰ ਸਿੰਘ, ਜਵਾਹਰ ਮੱਲ ਤੇ ਸ਼ੇਖ਼ ਇਮਾਮੁੱਦੀਨ ਮੁਲਤਾਨ ਦੇ ਨੇੜੇ ਜਾ ਅਪੜੇ। ਮੂਲ ਰਾਜ ਦੀ ਵਿਰੋਧੀ ਫ਼ੌਜ ਵਿਚ ਏਨੀ ਤਾਕਤ ਨਹੀਂ ਸੀ, ਕਿ ਅੱਗੇ ਵੱਧ ਕੇ ਕਿਲ੍ਹੇ ਉਤੇ ਹੱਲਾ ਕਰ ਸਕਦੀ। ਮੂਲ ਰਾਜ ਨੇ ਕਿਲ੍ਹਾ ਪੱਕਾ ਕਰ ਲਿਆ ਤੇ ਬਹੁਤ ਸਾਰੇ ਨਾਮਕਟੇ ਸਿੱਖ ਸਿਪਾਹੀ ਓਸ ਨਾਲ ਆ ਮਿਲੇ। ਉਪਰ ਐਡਵਾਰਡਸ ਤੇ ਰਾਜਾ ਸ਼ੇਰ ਸਿੰਘ ਦੇ ਰੌਲਾ ਪਾਉਣ 'ਤੇ ਮਸਾਂ ਕਿਤੇ ਅਖ਼ੀਰ ਜੁਲਾਈ ਵਿਚ ਰੈਜ਼ੀਡੈਂਟ ਕੁਛ ਅੰਗਰੇਜ਼ੀ ਫ਼ੌਜ ਭੇਜਣ ਵਾਸਤੇ ਤਿਆਰ ਹੋ ਗਿਆ। ਸੋ ਲਾਹੌਰ ਦੀ ਫ਼ੌਜ ਰਾਵੀ ਰਾਹੀਂ ਤੇ ਫ਼ੀਰੋਜ਼ਪੁਰ ਦੀ ਸਤਲੁਜ ਰਾਹੀਂ ਮੁਲਤਾਨ ਨੂੰ ਤੁਰੀਆਂ। ਦੋਵੇਂ ਦਸਤੇ ੨੪ ਤੇ ੨੬ ਜੁਲਾਈ ਨੂੰ ਚੱਲੇ ਤੇ ੧੭ ਤੇ ੧੯ ਅਗਸਤ ਨੂੰ ਜੇਨਰਲ ਵਿਸ਼ (Whish) ਦੇ ਮਾਤਹਿਤ ਮੁਲਤਾਨ ਪੁੱਜੇ। ੪ ਸਤੰਬਰ ਨੂੰ ਘੇਰਾ ਪਾਉਣ ਵਾਲੀਆਂ ਤੋਪਾਂ ਵੀ ਮੁਲਤਾਨ ਪੁੱਜ ਗਈਆਂ। ਏਸ ਵੇਲੇ ਜੇਨਰਲ ਵ੍ਹਿਸ਼ ਦੇ ਮਾਤਹਿਤ ਫ਼ੌਜ

---

*Trottar's History of India, 1844 to 1862, Vol I, P. 134

੮੦੪੧ ਪੈਦਲ, ੧੫੧੬ ਅਸਵਾਰ ਤੇ ੪੪ ਤੋਪਾਂ ਸਨ। ਉਹਦੀ ਮਦਦ ਵਾਸਤੇ ਐਡਵਾਰਡਸ ਕੋਲ ੯੭੧੮ ਪੈਦਲ, ੩੧੩੩ ਅਸਵਾਰ, ੨੩ ਵੱਡੀਆਂ ਤੋਪਾਂ ਤੇ ੨੫ ਛੋਟੀਆਂ ਤੋਪਾਂ। ਬਹਾਵਲਪੁਰੀ ਫ਼ੌਜ ੫੧੦੦ ਪੈਦਲ, ੧੬੦੦ ਅਸਵਾਰ ਤੇ ੧੪ ਤੋਪਾਂ। ਰਾਜਾ ਸ਼ੇਰ ਸਿੰਘ ੯੦੯ ਪੈਦਲ, ੩੩੮੨ ਅਸਵਾਰ ਤੇ ੧੨ ਤੋਪਾਂ। ਕੁੱਲ ੩੦੧੫੩ ਸਿਪਾਹੀ ਸਨ[] ਤੇ ਬਾਕੀ ਅਫ਼ਸਰ।

੯ ਸਤੰਬਰ ਨੂੰ ਅੰਗਰੇਜ਼ੀ ਫ਼ੌਜ ਨੇ ਹੱਲਾ ਕੀਤਾ, ਪਰ ਕੁਛ ਸਫਲਤਾ ਨਾ ਹੋਈ। ੧੨ ਸਤੰਬਰ ਨੂੰ ਖ਼ੂਨੀ ਬੁਰਜ ਵੱਲੋਂ ਮੂਲ ਰਾਜ ਨੇ ਹੱਲਾ ਕੀਤਾ, ਬੜੀ ਲਹੂ ਡੋਲ੍ਹਵੀਂ ਲੜਾਈ ਹੋਈ ਤੇ ਭਾਰਾ ਨੁਕਸਾਨ ਉਠਾ ਕੇ ਮੂਲ ਰਾਜ ਪਿੱਛੇ ਕਿਲ੍ਹੇ ਵਿਚ ਜਾ ਵੜਿਆ। ਅੰਗਰੇਜ਼ੀ ਫ਼ੌਜ ਨੇ ਸ਼ਹਿਰ ਦੇ ਉਦਾਲੇ ਘੇਰਾ ਪੂਰਾ ਕਰ ਲਿਆ।

੧੨-੧੩ ਸਤੰਬਰ ਦੀ ਰਾਤ ਨੂੰ ਰਾਜਾ ਸ਼ੇਰ ਸਿੰਘ ਐਡਵਾਰਡਸ ਨੂੰ ਮਿਲਨ ਗਿਆ, ਤਾਂ ਕੋਰਟਲੈਂਡ ਨੇ ਉਸ ਉੱਤੇ ਸ਼ੱਕ ਕਰਕੇ ਉਹਦਾ ਤੰਬੂ ਪਠਾਣੀ ਫ਼ੌਜ ਨਾਲ ਘੇਰ ਲਿਆ, ਪਰ ਹੱਲਾ ਨਹੀਂ ਕੀਤਾ। ਏਸ ਘਟਨਾ ਨੇ ਸ਼ੇਰ ਸਿੰਘ ਦੇ ਦਿਲ 'ਤੇ ਬੜਾ ਬੁਰਾ ਅਸਰ ਕੀਤਾ। ਹੁਣ ਤਕ ਉਹ ਸੱਚੇ ਦਿਲੋਂ ਵਫ਼ਾਦਾਰ ਰਿਹਾ ਸੀ। ਉਸ ਦੀਆਂ ਸਿੱਖ ਫ਼ੌਜਾਂ ਤਾਂ ਪਹਿਲਾਂ ਹੀ ਬੜੀਆਂ ਕਾਹਲੀਆਂ ਪਈਆਂ ਹੋਈਆਂ ਸਨ। ਅੰਤ ਉਹਨੇ ਵੀ ੧੪ ਸਤੰਬਰ ਨੂੰ ਬਗ਼ਾਵਤ ਕਰ ਦਿੱਤੀ। ਅੰਗਰੇਜ਼ਾਂ ਦਾ ਸਾਥ ਛੱਡ ਕੇ ਉਹ ਮੂਲ ਰਾਜ ਨੂੰ ਮਿਲਨ ਵਾਸਤੇ ਵਧਿਆ। ਮੂਲ ਰਾਜ ਨੇ ਉਸ ਉਤੇ ਇਤਬਾਰ ਨਾ ਕੀਤਾ ਤੇ ਕਿਲ੍ਹੇ ਦਾ ਬੂਹਾ ਨਾ ਖੋਲ੍ਹਿਆ, ਸਗੋਂ ਕਿਲ੍ਹਿਉਂ ਬਹਾਰ ਅੰਗਰੇਜ਼ਾਂ ਦੀਆਂ ਤੋਪਾਂ ਦੇ ਸਾਮ੍ਹਣੇ ਡੇਰਾ ਲਾਉਣ ਵਾਸਤੇ ਕਿਹਾ। ੮ ਅਕਤੂਬਰ ਤੱਕ ਰਾਜਾ ਸ਼ੇਰ ਸਿੰਘ, ਮੂਲ ਰਾਜ ਦੀ ਉਡੀਕ ਵਿਚ ਬੈਠਾ ਰਿਹਾ, ਤੇ ੯ ਅਕਤੂਬਰ ਨੂੰ ਆਪਣੇ ਪਿਤਾ ਨੂੰ ਮਿਲਣ ਵਾਸਤੇ ਮੁਲਤਾਨੋਂ ਤੁਰ ਪਿਆ।

ਰਾਜਾ ਸ਼ੇਰ ਸਿੰਘ ਦੇ ਬਾਗ਼ੀ ਹੋਣ 'ਤੇ ਜੈਨਰਲ ਵ੍ਹਿਸ਼ ਨੇ ਮੁਲਤਾਨ ਦਾ ਘੇਰਾ ਉਠਾ ਲਿਆ ਤੇ ਫ਼ੌਜਾਂ ਨੂੰ ਪਿਛਲੇ ਮੋਰਚਿਆਂ ਵਿਚ ਲਿਆ ਬਿਠਾਦਿਆ। ਏਸ ਸਮੇਂ ਮੂਲ ਰਾਜ ਨੇ ਆਪਣੀ ਫ਼ੌਜ ਹੋਰ ਵਧਾ ਲਈ। ੪ ਤੇ ੬ ਨਵੰਬਰ ਨੂੰ ਸੂਰਜਕੁੰਡ ਕੋਲ ਫੇਰ ਮਾਮੂਲੀ ਝੜਪਾਂ ਹੋਈਆਂ।

---

[]ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੧੧੮।

੧੨ ਤੋਂ ੨੧ ਦਸੰਬਰ ਤਕ ਵ੍ਹਿਸ਼ ਦੀ ਸਹਾਇਤਾ ਵਾਸਤੇ ਹੋਰ ਅੰਗਰੇਜ਼ੀ ਫ਼ੌਜ ਆ ਗਈ। ਹੁਣ ਉਸ ਕੋਲ ੧੫੬੭੮ ਸਿਪਾਹੀ, ੬੭ ਘੋੜੇ ਵਾਲੀਆਂ ਤੋਪਾਂ ਤੇ ੩੦ ਜੰਗੀ ਤੋਪਾਂ ਸਨ। ਮੂਲ ਰਾਜ ਕੋਲ ਵੀ ੧੪-੧੫ ਹਜ਼ਾਰ ਫ਼ੌਜ ਹੋ ਗਈ ਸੀ। ੨੭ ਦਸੰਬਰ ਨੂੰ ਵ੍ਹਿਸ਼ ਨੇ ਤਿੰਨ ਪਾਸਿਆਂ ਤੋਂ ਮੁਲਤਾਨ 'ਤੇ ਹੱਲਾ ਕੀਤਾ। ੨੮, ੨੯, ੩੦, ੩੧ ਦਸੰਬਰ ਨੂੰ ਤੋਪਾਂ ਨੇ ਬੜੀ ਕਹਿਰ ਦੀ ਅੱਗ ਵਸਾਈ। ੩੦ ਦਸੰਬਰ ਨੂੰ ਇਕ ਗੋਲਾ ਮੂਲ ਰਾਜ ਦੇ ਗੁਦਾਮ ਵਿਚ ਪਿਆ, ਤੇ ਬਾਰੂਦ ਨੂੰ ਅੱਗ ਲੱਗ ਗਈ, ਜਿਸ ਨਾਲ ਸੈਂਕੜੇ ਮਣ ਬਾਰੂਦ ਤੇ ੫੦੦ ਸਿਪਾਹੀ ਉੱਡ ਗਏ। ਸ. ਕਾਹਨ ਸਿੰਘ—ਜੋ ਨਵਾਂ ਦੀਵਾਨ ਬਣਾਇਆ ਗਿਆ ਸੀ ਤੇ ਏਥੇ ਮੂਲ ਰਾਜ ਦੀ ਕੈਦ ਵਿਚ ਸੀ—ਤੇ ਉਸ ਦਾ ਪੁੱਤਰ ਵੀ ਏਸੇ ਧਮਾਕੇ ਵਿਚ ਮਾਰੇ ਗਏ। ੨ ਜਨਵਰੀ ਨੂੰ ਸ਼ਹਿਰ ਦੇ ਕੋਟ ਵਿਚ ਕਈ ਪਾੜੇ ਪੈ ਗਏ। ਖ਼ਾਸ ਕਰ ਖ਼ੂੰਨੀ ਬੁਰਜ ਤੇ ਦਿੱਲੀ ਦਰਵਾਜ਼ਾ ਢਹਿ ਗਏ। ਖ਼ੂੰਨੀ ਬੁਰਜ ਰਾਹੀਂ ਬੰਬਈ ਵਾਲੀ ਫ਼ੌਜ ਮਗਰੋਂ ਬੰਗਾਲ ਵਾਲੀ, ਸ਼ਹਿਰ ਵਿਚ ਵੜ ਗਈਆਂ। ਮੂਲਰਾਜ ੪ ਹਜ਼ਾਰ ਚੋਣਵੇਂ ਸਿਪਾਹੀ ਲੈ ਕੇ ਕਿਲ੍ਹਾ ਬੰਦ ਹੋ ਬੈਠਾ। ਹੁਣ ਕਿਲ੍ਹਾ ਮੂਲ ਰਾਜ ਤੇ ਸ਼ਹਿਰ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਸੀ। ਮੂਲ ਰਾਜ ਦੀਆਂ ਬਾਕੀ ਫ਼ੌਜਾਂ ਆਪੋ ਆਪਣੇ ਰਾਹ ਪੈ ਗਈਆਂ।

ਸ਼ਹਿਰ 'ਤੇ ਪੱਕਾ ਕਬਜ਼ਾ ਕਰ ਕੇ ਜੈਨਰਲ ਵ੍ਹਿਸ਼ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ੧੨ ਜਨਵਰੀ ਤੋਂ ਸਖ਼ਤ ਗੋਲਾਬਾਰੀ ਸ਼ੁਰੂ ਹੋ ਗਈ। ਮੂਲ ਰਾਜ ਨੇ ਦੋ ਵਾਰ ਸੁਲ੍ਹਾ ਦੀਆਂ ਸ਼ਰਤਾਂ ਵਾਸਤੇ ਬੇਨਤੀ ਕੀਤੀ, ਪਰ ਮਨਜ਼ੂਰ ਨਾ ਹੋਈ। ੧੮,੧੯,੨੦ ਜਨਵਰੀ ਨੂੰ ਬਾਹਰਲੀਆਂ ਤੋਪਾਂ ਦੇ ਗੋਲਿਆਂ ਨੇ ਕਿਲ੍ਹੇ ਦੀਆਂ ਕੰਧਾਂ ਵਿਚ ਪਾੜ ਪਾ ਦਿੱਤੇ। ੨੧ ਜਨਵਰੀ ਨੂੰ ਅੰਗਰੇਜ਼ੀ ਫ਼ੌਜ ਕਿਲ੍ਹੇ ਵਿਚ ਦਾਖ਼ਲ ਹੋ ਗਈ। ਹੁਣ ਮੂਲ ਰਾਜ ਵਾਸਤੇ ਕੋਈ ਰਾਹ ਨਾ ਰਿਹਾ। ਅੰਤ ਉਸ ਨੇ ੨੨ ਜਨਵਰੀ, ੧੮੪੯ ਈ: ਨੂੰ ਸਵੇਰੇ ੯ ਵਜੇ ਜੈਨਰਲ ਵ੍ਹਿਸ਼ ਦੇ ਸਾਮ੍ਹਣੇ ਹਥਿਆਰ ਰੱਖ ਦਿਤੇ। ਮੁਲਤਾਨ ਦਾ ਕਿਲ੍ਹਾ ਪੂਰੀ ਤਰ੍ਹਾਂ ਫ਼ਤਹਿ ਹੋ ਗਿਆ। ਏਥੋਂ ਵਿਹਲੀਆਂ ਹੋ ਕੇ ਅੰਗਰੇਜ਼ੀ ਫ਼ੌਜਾਂ ਸੈਨਾਪਤੀ ਗਫ਼ ਦੀ ਮਦਦ ਵਾਸਤੇ ਤੁਰ ਪਈਆਂ।

**ਮੁਲਤਾਨ ਫ਼ਤਹਿ**

ਮੂਲ ਰਾਜ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਆਂਦਾ ਗਿਆ। ਏਥੇ ਤਿੰਨਾਂ ਅੰਗਰੇਜ਼ਾਂ ਸਾਮ੍ਹਣੇ ਉਸ ਦਾ ਵਿਚਾਰ ਹੋਇਆ। ਪਹਿਲਾਂ ਉਸਨੂੰ ਫਾਂਸੀ ਦਾ

ਮੂਲਰਾਜ ਦਾ ਅੰਤ

ਹੁਕਮ ਦਿੱਤਾ ਗਿਆ, ਪਰ ਪਿੱਛੋਂ ਇਹ ਸਜ਼ਾ ਹਟਾ ਕੇ ਕਾਲੇ ਪਾਣੀ ਦਾ ਹੁਕਮ ਹੋਇਆ। ਲਾਹੌਰ ਤੋਂ ਕਾਲੇ ਪਾਣੀ ਨੂੰ ਜਾਂਦਾ ਹੋਇਆ, ਰਾਹ ਵਿਚ ਹੀ ਮੂਲਰਾਜ ਚਲਾਣਾ ਕਰ ਗਿਆ।

# ਰਾਜਾ ਸ਼ੇਰ ਸਿੰਘ ਦੀਆਂ ਲੜਾਈਆਂ

ਰਾਜਾ ਸ਼ੇਰ ਸਿੰਘ ਨੇ ੧੪ ਸਤੰਬਰ, ੧੮੪੮ ਈ. ਨੂੰ ਬਾਗ਼ੀ ਹੋਣ ਦਾ ਐਲਾਨ ਕਢਿਆ ਤੇ ੯ ਅਕਤੂਬਰ ਨੂੰ ਮੁਲਤਾਨੋਂ ਆਪਣੇ ਪਿਤਾ ਨੂੰ ਮਿਲਨ ਵਾਸਤੇ ਤੁਰ ਪਿਆ। ਉਹਦਾ ਇਰਾਦਾ ਆਪਣੇ ਪਿਤਾ (ਸ. ਚਤਰ ਸਿੰਘ) ਤੇ ਪਹਾੜੀ ਖ਼ਾਲਸਾ ਫ਼ੌਜਾਂ ਨੂੰ ਨਾਲ ਲੈ ਕੇ ਮਾਝੇ ਵਿਚ ਖਿੱਲਰ ਜਾਣ ਦਾ ਸੀ। ਉਸ ਦਾ ਐਲਾਨ ਸੁਣ ਕੇ ਬਹੁਤ ਸਾਰੀਆਂ ਪਹਾੜੀ ਛਾਉਣੀਆਂ ਵਿਚ ਸਿੱਖ ਸਿਪਾਹੀਆਂ ਨੇ ਬਗ਼ਾਵਤ ਕਰ ਦਿੱਤੀ। ਪਿਸ਼ਾਵਰ ਦੀ ਫ਼ੌਜ ਭੜਕ ਉੱਠੀ, ਤਾਂ ਉਸਦੇ ਅਫ਼ਸਰ ਸ: ਗੁਲਾਬ ਸਿੰਘ ਪਊਵਿੰਡੀਏ ਨੂੰ ਮਜਬੂਰਨ ਬਾਗ਼ੀ ਹੋਣਾ ਪਿਆ। ਬਨੂੰ ਵਿਚ ਵੀ ਫ਼ੌਜਾਂ ਬਾਗ਼ੀ ਹੋ ਗਈਆਂ ਤੇ ਓਥੋਂ ਦੇ ਅਫ਼ਸਰ ਫ਼ਤਹਿ ਖ਼ਾਂ ਨੂੰ ਕਤਲ ਕਰ ਕੇ ਬਾਗ਼ੀਆਂ ਨਾਲ ਮਿਲਨ ਵਾਸਤੇ ਤੁਰ ਪਈਆਂ। ਬਾਗ਼ੀ ਫ਼ੌਜਾਂ ਦਾ ਦੋ ਥਾਵਾਂ 'ਤੇ ਇਕੱਠ ਹੋਣ ਲੱਗਾ। ਕੁਛ ਸ: ਚਤਰ ਸਿੰਘ ਕੋਲ ਤੇ ਬਹੁਤਾ ਰਾਜਾ ਸ਼ੇਰ ਸਿੰਘ ਕੋਲ। ਨਾਮਕਟੇ ਸਿੱਖ ਸਿਪਾਹੀ ਰਾਜਾ ਸ਼ੇਰ ਸਿੰਘ ਦੇ ਝੰਡੇ ਹੇਠ ਕੱਠੇ ਹੋ ਗਏ। ਝਨਾਂ ਦੇ ਕੰਢੇ ਰਾਮ ਨਗਰ ਡੇਰਾ ਲਾ ਕੇ 'ਰਾਜਾ' ਆਪਣੇ ਪਿਤਾ ਦੀ ਉਡੀਕ ਕਰਨ ਲੱਗਾ।

ਗਫ ਲਾਹੌਰ ਵਿਚ

ਅੰਗਰੇਜ਼ ਸੈਨਾਪਤੀ ਲਾਰਡ ਗਫ, ਜੋ ਕੁਛ ਚਾਹੁੰਦਾ ਸੀ, ਉਹ ਹੋ ਗਿਆ ਸੀ। ਪੱਛਮੀ ਪੰਜਾਬ ਵਿਚ ਇਕ ਖੁੱਲ੍ਹੀ ਬਗ਼ਾਵਤ ਹੋ ਚੁੱਕੀ ਸੀ। ਹੁਣ ਉਹ ਰਾਜਾ ਸ਼ੇਰ ਸਿੰਘ ਨੂੰ ਦਬਾਉਣ ਵਾਸਤੇ ਪੰਜਾਬ ਵਿਚ ਵਧਿਆ। ਉਹ ੯ ਨਵੰਬਰ ਨੂੰ ਸਤਲੁਜੋਂ ਟਪਿਆ ਤੇ ੧੩ ਨਵੰਬਰ ਨੂੰ ਲਾਹੌਰ ਪੁਜਿਆ। ਏਥੇ ਉਹ ੩ ਦਿਨ ਰਿਹਾ, ਪਰ ਮਹਾਰਾਜਾ ਦਲੀਪ ਸਿੰਘ ਨੂੰ ਮਿਲਿਆ ਤੱਕ ਨਹੀਂ। ਮਹਾਰਾਜੇ ਤੇ ਰੇਜ਼ੀਡੈਂਟ ਨੇ ਆਪ ਗਫ ਦੀ ਛਾਉਣੀ ਵਿੱਚ ਜਾ ਕੇ ਉਸ ਨਾਲ ਮੁਲਾਕਾਤ ਕੀਤੀ। ੧੬ ਨਵੰਬਰ ਨੂੰ ਉਹ, ਸਣੇ ਫ਼ੌਜ ਰਾਵੀ ਟੱਪਿਆ ਤੇ ਰਾਜਾ ਸ਼ੇਰ ਸਿੰਘ ਵੱਲੇ ਵਧਿਆ।

**੧੯ ਨੰਵਬਰ ਦਾ ਐਲਾਨ**

੧੯ ਨਵੰਬਰ, ੧੮੪੮ ਈ. ਨੂੰ ਲਾਹੌਰੋਂ ਰੇਜ਼ੀਡੈਂਟ ਨੇ ਹੇਠ ਲਿਖਿਆ ਐਲਾਨ ਕਢਿਆ—

"ਮਹਾਰਾਜਾ ਦਲੀਪ ਸਿੰਘ ਦੇ ਮੁਲਕ—ਬਿਆਸ ਤੋਂ ਲੈ ਕੇ ਪਿਸ਼ਾਵਰ ਦੇ ਪਹਾੜਾਂ ਤੋਂ ਪਰੇ ਤੱਕ—ਵਿਚ ਵੱਸਣ ਵਾਲੇ ਲੋਕਾਂ, ਨੌਕਰਾਂ, ਰਿਆਸਤ ਅਧੀਨ ਬੰਦਿਆਂ ਤੇ ਹਰ ਇਕ ਮਜ਼ਬ ਤੇ ਕੌਮ ਦੇ ਬੰਦਿਆਂ—ਸਿੱਖ ਜਾਂ ਮੁਸਲਮਾਨ, ਜਾਂ ਹੋਰ ਕੋਈ ਹੋਣ—ਨੂੰ ਸੁਣਾਈ ਕੀਤੀ ਜਾਂਦੀ ਹੈ, ਕਿ ਕੁਝ ਬਦਕਾਰਾਂ ਤੇ ਬਲਵਈਆਂ ਨੇ ਬਗ਼ਾਵਤ ਕਰਕੇ ਗੜਬੜ ਮਚਾਂ ਦਿਤੀ ਹੈ। ਤੇ ਪੰਜਾਬ ਦੀ ਵਸੋਂ ਦੇ ਕੁਛ ਹਿੱਸੇ ਨੂੰ ਸ਼ਾਹੀ ਹੁਕਮ ਦੇ ਵਿਰੁੱਧ ਖਲੇ ਹੋਣ ਵਾਸਤੇ ਉਭਾਰਿਆ ਹੈ ਤੇ ਸਰਕਾਰ ਅੰਗਰੇਜ਼ੀ ਦੀ ਹਥਿਆਰਾਂ ਨਾਲ ਵਿਰੋਧਤਾ ਕੀਤੀ ਹੈ। ਕਿਉਂਕਿ ਇਹਨਾਂ ਬਾਗ਼ੀਆਂ ਨੂੰ ਵਾਜਬ ਸਜ਼ਾਂ ਦੇਣੀ ਜ਼ਰੂਰੀ ਹੈ, ਇਸ ਵਾਸਤੇ ਅੰਗਰੇਜ਼ੀ ਫ਼ੌਜ ਆਨਰੇਬਲ ਪਰਧਾਨ ਸੈਨਾਪਤੀ ਦੇ ਅਧੀਨ ਪੰਜਾਬ ਦੇ ਜ਼ਿਲ੍ਹਿਆਂ ਵਿਚ ਦਾਖ਼ਲ ਹੋਈ ਹੈ। ਫ਼ੌਜ ਆਪਣੀਆਂ ਛਾਉਣੀਆਂ ਵਿਚ ਵਾਪਸ ਨਹੀਂ ਜਾਇਗੀ, ਜਦੋਂ ਤਕ ਬਾਗ਼ੀਆਂ ਨੂੰ ਪੂਰੀ ਸਜ਼ਾਂ ਨਹੀਂ ਮਿਲਦੀ ਤੇ ਸਰਕਾਰ ਦੇ ਵਿਰੁੱਧ ਹਥਿਆਰਬੰਦ ਬਗ਼ਾਵਤ ਦਬਾਈ ਨਹੀਂ ਜਾਂਦੀ ਤੇ ਅਮਨ ਚੈਨ ਬਹਾਲ ਨਹੀਂ ਹੋ ਜਾਂਦਾ।

"ਕਿਉਂਕਿ ਸਰਕਾਰ ਅੰਗਰੇਜ਼ੀ ਦੀ ਇਹ ਇੱਛਿਆ ਨਹੀਂ ਹੈ, ਕਿ ਉਹ, ਉਹਨਾਂ ਲੋਕਾਂ ਨੂੰ, ਜੋ ਉਪਰ ਦੱਸੇ ਦੋਸ਼ ਤੋਂ ਬਰੀ ਹਨ, ਜਾਂ ਜਿਨ੍ਹਾਂ ਨੇ ਗੁਪਤ ਜਾਂ ਪਰਗਟ ਤੌਰ 'ਤੇ ਇਸ ਬਗ਼ਾਵਤ ਵਿਚ ਹਿੱਸਾ ਨਹੀਂ ਲਿਆ, ਜਾਂ ਜਿਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਸਰਕਾਰ ਦੀ ਆਗਿਆ ਪਾਲਣ ਤੋਂ ਮੂੰਹ ਨਹੀਂ ਫੇਰਿਆ—ਉਹ ਸਿੱਖ ਹੋਣ ਜਾਂ ਕਿਸੇ ਹੋਰ ਮਜ਼ਬ ਦੇ—ਦੋਸ਼ੀਆਂ ਨਾਲ ਸਜ਼ਾਂ ਦੇਵੇ। ਇਸ ਲਈ ਉਹਨਾਂ ਸਭ ਲੋਕਾਂ ਨੂੰ, ਜਿਨ੍ਹਾਂ ਨੇ ਵਰਤਮਾਨ ਝਗੜੇ ਵਿਚ ਕਿਸੇ ਤਰ੍ਹਾਂ ਦਾ ਵੀ ਹਿੱਸਾ ਨਹੀਂ ਲਿਆ, ਭਰੋਸਾ ਦੁਆਇਆ ਜਾਂਦਾ ਹੈ, ਕਿ ਉਹਨਾਂ ਨੂੰ ਅੰਗਰੇਜ਼ੀ ਫ਼ੌਜ ਦੇ ਆਉਣ ਤੋਂ ਡਰਨਾ ਨਹੀਂ ਚਾਹੀਦਾ। ਐਸੇ ਲੋਕਾਂ ਨੂੰ ਮਹਾਰਾਜਾ ਦਲੀਪ ਸਿੰਘ ਦੀ ਆਗਿਆਕਾਰ ਪਰਜਾ ਦੇ ਤੌਰ 'ਤੇ ਬੇਨਤੀ ਕੀਤੀ ਜਾਂਦੀ ਹੈ, ਕਿ ਉਹ ਆਪਣੇ ਪਿੰਡਾਂ ਦੇ ਘਰਾਂ ਵਿਚ ਬੇਖਟਕੇ ਰਹਿਣ ਤੇ ਅੰਗਰੇਜ਼ੀ ਫ਼ੌਜ—ਜੋ ਦੁਸ਼ਮਣ ਦੀ ਹੈਸੀਅਤ ਵਿਚ ਨਹੀਂ, ਸਗੋਂ ਮ: ਦਲੀਪ ਸਿੰਘ ਦੀ ਹਕੂਮਤ ਦੀ ਮਿੱਤਰ ਬਣ ਕੇ ਪੰਜਾਬ ਵਿਚ

ਅਮਨ ਕਾਇਮ ਕਰਨ ਬਦਲੇ ਵਧੀ ਹੈ—ਦੀ ਹਰ ਕਿਸਮ ਦੀ, ਭਾਵ ਗੱਡੀਆਂ ਤੇ ਖ਼ੁਰਾਕ ਆਦਿ ਦੀ ਸਹਾਇਤਾ ਕਰਨ। ਨਾਲ ਹੀ ਸਭ ਪੰਜਾਬੀਆਂ ਨੂੰ—ਭਾਵੇਂ ਉਹ ਸਿੱਖ ਹੋਣ, ਭਾਵੇਂ ਕਿਸੇ ਹੋਰ ਮਜ਼੍ਹਬ ਜਾਂ ਫਿਰਕੇ ਦੇ—ਜੋ ਆਪਣੀ ਬੇਸਮਝੀ ਦੇ ਕਾਰਨ, ਬਦਕਾਰ ਤੇ ਬਾਗ਼ੀ ਸਰਦਾਰਾਂ ਦੀਆਂ ਝੂਠੀਆਂ ਅਫ਼ਵਾਹਾਂ ਵਿਚ ਆ ਕੇ ਬਗ਼ਾਵਤ ਦੇ ਝੰਡੇ ਹੇਠਾਂ ਕੱਠੇ ਹੋਏ ਹਨ, ਤਾੜਨਾ ਕੀਤੀ ਜਾਂਦੀ ਹੈ, ਕਿ ਉਹ ਝੱਟ ਪੱਟ ਬਾਗ਼ੀਆਂ ਦਾ ਸਾਥ ਛੱਡ ਕੇ ਆਪਣੇ ਪਿੰਡਾਂ ਨੂੰ ਵਾਪਸ ਚਲੇ ਜਾਣ। ਜੇ ਹੁਣ ਉਹ ਬਿਨਾਂ ਕਿਸੇ ਝਿਜਕ ਤੇ ਦੇਰ ਦੇ ਐਸਾ ਕਰਨਗੇ, ਤਾਂ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ। ਜੇ ਉਹਨਾਂ, ਇਹ ਤਾੜਨਾ ਤੇ ਨੇਕ ਸਲਾਹ ਮੰਨਣ ਵੱਲੋਂ ਢਿੱਲ ਕੀਤੀ, ਤਾਂ ਫਿਰ ਉਹਨਾਂ ਨੂੰ ਵੀ ਬਾਕੀ ਦੋਸ਼ੀਆਂ ਤੇ ਬਾਗ਼ੀਆਂ ਨਾਲ, ਸਜ਼ਾ ਭੁਗਤਣੀ ਪਵੇਗੀ।"*

ਏਸੇ ਐਲਾਨ ਦੀ ਪ੍ਰੋੜ੍ਹਤਾ ਵਿਚ ਗਵਰਨਰ—ਜੇਨਰਲ ਦਾ ਸਕੱਤਰ, ਰੇਜ਼ੀਡੈਂਟ ਨੂੰ ੧੪ ਦਸੰਬਰ, ੧੮੪੮ ਈ: ਨੂੰ ਫਿਰ ਲਿਖਦਾ ਹੈ, "ਗਵਰਨਰ-ਜੇਨਰਲ ਤੇਰੇ ਇਸ ਐਲਾਨ ਦੇ ਪਰਕਾਸ਼ਤ ਕਰਨ ਨੂੰ ਬੜਾ ਪਸੰਦ ਕਰਦਾ ਹੈ।"০

੫ ਫ਼ਰਵਰੀ, ੧੮੪੯ ਈ: ਨੂੰ ਗਵਰਨਰ-ਜੇਨਰਲ ਦੇ ਹੁਕਮ ਅਨੁਸਾਰ ਏਸੇ ਐਲਾਨ ਨੂੰ ਫਿਰ ਪੱਕਾ ਕੀਤਾ ਗਿਆ ਤੇ ਥੋੜ੍ਹੇ ਅੱਖਰਾਂ ਵਿਚ ਦੁਹਰਾਇਆ ਗਿਆ।

"ਲਾਹੌਰ ਰੇਜ਼ੀਡੈਂਨਸੀ, ੫ ਫ਼ਰਵਰੀ, ੧੮੪੯ ਈ:

੫ ਫ਼ਰਵਰੀ ਦਾ ਐਲਾਨ

"ਪਿਛਲੇ ਸਾਲ ਦੀ ੧੮ ਨਵੰਬਰ ਨੂੰ ਸਰ ਫ਼ਰੇਡ੍ਰਿਕ ਕਰੀ ਨੇ ਇਕ ਐਲਾਨ ਪ੍ਰਕਾਸ਼ਤ ਕੀਤਾ ਸੀ, ਮੈਂ ਹੁਣ ਫੇਰ, ਗਵਰਨਰ-ਜੇਨਰਲ ਦੇ ਹੁਕਮ ਅਨੁਸਾਰ ਓਹਾ ਸ਼ਰਤਾਂ ਦਸਦਾ ਹਾਂ, ਜਿਨ੍ਹਾਂ ਦੁਆਰਾ ਮਾਫ਼ੀ ਮਿਲ ਸਕਦੀ ਹੈ।"()

---

*Punjab Papers, (1849), p. 448-449.

oPunjab Papers, (1849), p. 448-449.

()Punjab Papers, (1849), p. 591.

੧੯ ਨਵੰਬਰ ਦੇ ਇਸ ਐਲਾਨ ਦਾ ਲੋਕਾਂ ਉੱਤੇ ਕਾਫ਼ੀ ਚੰਗਾ ਅਸਰ ਹੋਇਆ ਤੇ ਖ਼ਾਸ ਕਰ ਮਾਝੇ ਵਿਚ ਕਿਸੇ ਕਿਸਮ ਦਾ ਕੋਈ ਹਿੱਲ-ਹਿਲੱਾ ਨਹੀਂ ਹੋਇਆ। ਲਾਹੌਰ ਦਰਬਾਰ ਦੀਆਂ ਫ਼ੌਜਾਂ ਨੇ ਸੈਨਾਪਤੀ ਗਫ ਦੀ ਵਿਤੋਂ ਵਧ ਕੇ ਮਦਦ ਕੀਤੀ।

ਜੰਗ ਰਾਮ ਨਗਰ
੨੨ ਨਵੰਬਰ

ਰਾਜਾ ਸ਼ੇਰ ਸਿੰਘ ਰਾਮ ਨਗਰ ਮੋਰਚੇ ਮੱਲੀ ਬੈਠਾ ਸੀ। ਸੈਨਾਪਤੀ ਗਫ—੨੫ ਹਜ਼ਾਰ ਫ਼ੌਜ ਤੇ ੧੦੧ ਤੋਪਾਂ ਸਣੇ*—ਰਾਮ ਨਗਰ ਵੱਲ ਵਧਿਆ। ਦੱਸੇ ਟਿਕਾਣੇ 'ਤੇ ਸਿੱਖ ਫ਼ੌਜ ਨਜ਼ਰ ਨਾ ਆਈ, ਤਾਂ ਗਫ ਝੱਲ ਵਿਚ ਅੱਗੇ ਵਧਿਆ। ਥੋੜ੍ਹੀ ਦੂਰ ਅੱਗੇ ਗਿਆ, ਤਾਂ ਸਿੱਖ ਫ਼ੌਜ ਮੋਰਚਿਆਂ ਵਿਚ ਬੈਠੀ ਦਿੱਸੀ। ਗਫ ਨੇ ਉਹਨਾਂ ਉੱਤੇ ਤੋਪਾਂ ਦੀ ਬੁਛਾੜ ਕੀਤੀ, ਪਰ ਬਹੁਤੇ ਵਾਰ ਖ਼ਾਲੀ ਗਏ। ਅੱਗੋਂ ਸਿੱਖਾਂ ਨੇ ਅਜੇਹੇ ਨਿਸ਼ਾਨੇ 'ਤੇ ਗੋਲੇ ਮਾਰੇ, ਕਿ ਉਸ ਮਾਰ ਨੂੰ ਅੰਗਰੇਜ਼ੀ ਫ਼ੌਜ ਸਹਾਰ ਨਾ ਸੱਕੀ, ਤੇ ਮਾਰੀਦੀ ਪਿੱਛੇ ਹਟੀ। ਇਸ ਪਹਿਲੀ ਝੜਪ ਵਿਚ ਹੀ 'ਗਫ' ਨੂੰ ਗਿਆਨ ਹੋ ਗਿਆ, ਕਿ ਉਸ ਦੇ ਟਾਕਰੇ ਦੀ ਫ਼ੌਜ ਕੇਹੀ-ਕੁ ਹੈ। ਸਿੱਖ ਅੱਗੇ ਵਧੇ ਤੇ ਅੰਗਰੇਜ਼ਾਂ ਨੂੰ ਦੋ ਦੋ ਹੱਥ ਕਰਨ ਵਾਸਤੇ ਵੰਗਾਰਿਆ। ਇਹ ਸੁਣ ਕੇ ਵਾਟਰਲੂ ਦੇ ਮੈਦਾਨ ਵਿਚ ਫ਼ਤਹਿ ਪਰਾਪਤ ਕਰਨ ਵਾਲਾ ਲੈਫ਼ਟੀਨੈਂਟ ਕਰਨਲ ਹੈਵਲਾਕ (Havelock) ਆਪਣੇ ਰਸਾਲੇ ਨੂੰ ਲੈ ਕੇ, ਸਿੱਖਾਂ ਉਤੇ ਪਿਆ। ਉਹਦੇ ਮਗਰ ਕਿਊਰਟਨ (Cureton) ਵੀ ਵਧਿਆ। ਇਹਨਾਂ ਦੇ ਹੱਲੇ ਸਾਮ੍ਹਣੇ ਡਟਣ ਦੀ ਥਾਂ ਸਿੱਖ ਰਸਾਲਾ ਛੇਤੀ ਛੇਤੀ ਪਿੱਛੇ ਹਟਿਆ। ਇਹ ਵੇਖ ਕੇ ਅੰਗਰੇਜ਼ੀ ਫ਼ੌਜ ਸਗੋਂ ਜ਼ੋਰ ਦੀ ਅੱਗੇ ਵਧੀ। ਛੇਤੀ ਹੀ ਹੈਵਲਾਕ ਨੂੰ ਆਪਣੀ ਭੁੱਲ ਦਾ ਪਤਾ ਲੱਗਾ, ਜਾਂ ਦੋਹਾਂ ਪਾਸਿਆਂ 'ਤੇ ਲੁਕੀ ਹੋਈ ਸਿੱਖ ਫ਼ੌਜ ਨੇ ਉਹਨਾਂ ਨੂੰ ਘੇਰੇ ਵਿਚ ਲੈ ਲਿਆ। ਸਾਮ੍ਹਣੇ ਪਾਸਿਓਂ ਘੋੜ ਅਸਵਾਰ ਤੇ ਪਿਛਲੇ ਪਾਸਿਓਂ ਪੈਦਲਾਂ ਨੇ ਇਸ ਜੋਸ਼ ਨਾਲ ਹੱਲਾ ਕੀਤਾ, ਕਿ ਉਹ ਦੋਵੇਂ ਅੰਗਰੇਜ਼ ਅਫ਼ਸਰ—ਹੈਵਲਾਕ ਤੇ ਕਿਊਰਟਨ—ਕਈ ਸਾਥੀਆਂ ਸਣੇ ਸਿੱਖਾਂ ਦੀ ਤਲਵਾਰ ਦੀ ਭੇਟਾ ਹੋ ਗਏ। ਸਿੱਖਾਂ ਦੀ ਇਸ ਰਣਚਾਤਰੀ ਨੂੰ ਵੇਖ ਕੇ 'ਗਫ' ਘਬਰੌਂ ਗਿਆ ਤੇ ਸਿੱਖਾਂ ਦੇ ਮੋਰਚੇ ਤੋਂ ਚੋਖੀ ਦੂਰ ਪਿਛੇ ਹਟਕੇ

---

*ਪੰਜਾਬ ਹਰਣ ਅੋਰ ਦਲੀਪ ਸਿੰਹ, ਪੰਨਾ ੧੨੯।

ਛਾਉਣੀ ਪਾਈ। ਏਸ ਲੜਾਈ ਵਿਚ ਅੰਗਰੇਜ਼ਾਂ ਦੇ ੨੩੦ ਆਦਮੀ ਮਰੇ ਤੇ ਦੋ ਤੋਪਾਂ ਤੇ ਕੁਝ ਗੱਡੇ ਖ਼ੁਰਾਕ ਦੇ ਸਿੱਖਾਂ ਦੇ ਹੱਥ ਆਏ। ਕੁਝ ਅੰਗਰੇਜ਼ ਜਿਉਂਦੇ ਸਿੱਖਾਂ ਨੇ ਫੜ ਲਏ, ਜੋ ਰਾਜਾ ਸ਼ੇਰ ਸਿੰਘ ਨੇ ਬੜੇ ਆਦਰ ਨਾਲ ਗਫ ਦੀ ਛਾਉਣੀ ਵਿਚ ਪੁਚੱਾ ਦਿੱਤੇ।

ਲਾਰਡ ਗਫ ਨੇ ੩ ਮੀਲ ਪਿੱਛੇ ਹਟ ਕੇ ਛਾਉਣੀ ਪਾਈ ਤੇ ਪਿੱਛੋਂ ਆਉਣ ਵਾਲੀਆਂ ਵੱਡੀਆਂ ਤੋਪਾਂ ਦੀ ਉਡੀਕ ਕਰਨ ਲੱਗਾ, ਜਿਨ੍ਹਾਂ ਵਿਚੋਂ ਕੁਛ ੨੪ ਨਵੰਬਰ ਨੂੰ ਪਹੁੰਚ ਗਈਆਂ। ਸਿੱਖਾਂ ਉੱਤੇ ਹੱਲਾ ਕਰਨ ਵਾਸਤੇ ਗਫ ਨੇ ਇਕ ਨਵੀਂ ਵਿਉਂਤ ਸੋਚੀ। ਇਕ ਤਾਂ ਰਾਜਾ ਸ਼ੇਰ ਸਿੰਘ ਦੇ ਕੁਛ ਆਦਮੀ ਪੈਸੇ ਦੇ ਕੇ ਆਪਣੇ ਨਾਲ ਮਿਲਾਂ ਲਏ ਤੇ ਦੂੱਜੇ ਕੁਛ ਫ਼ੌਜ* ਵਜ਼ੀਰਾਬਾਦ ਵੱਲੇ ਭੇਜੀ, ਜੋ ਦੂਰ ਤੋਂ ਝਨਾਂ ਪਾਰ ਕਰਕੇ ਪਿਛਲੇ ਪਾਸਿਓਂ ਸਿੱਖਾਂ ਉਤੇ ਹਮਲਾ ਕਰੇ। ਇਸ ਕੰਮ ਵਾਸਤੇ ਮੇਜਰ ਜਨਰਲ ਸਰ ਜੋਸਫ ਥਾਕਵੈੱਲ (Sir Joseph Thackwell) ਨੂੰ ਭੇਜਿਆ। ਉਸ ਨੇ ੭ ਹਜ਼ਾਰ ਫ਼ੌਜ, ੩੦ ਜੰਗੀ ਤੋਪਾਂ ਤੇ ਦੋ ਵੱਡੀਆਂ ਭਾਰੀਆਂ ਤੋਪਾਂ ਸਣੇ, ੨ ਦਸੰਬਰ ਨੂੰ ਸਵੇਰੇ ਵਜ਼ੀਰਾਬਾਦ ਕੋਲੋਂ ਝਨਾਂ ਪਾਰ ਕੀਤਾ। ਏਸ ਚਾਲਾਕੀ ਦਾ ਰਾਜਾ ਸ਼ੇਰ ਸਿੰਘ ਨੂੰ ਵੀ ਪਤਾ ਲੱਗ ਗਿਆ। ਉਹ ਕੁਝ ਫ਼ੌਜ ਗਫ ਦੇ ਟਾਕਰੇ ਲਈ ਛੱਡ ਕੇ, ਬਾਕੀ ਆਪ ਲੈ ਕੇ ਥਾਕਵੈੱਲ ਦੇ ਟਾਕਰੇ ਵਾਸਤੇ ਤੁਰਿਆ। ਸਿੱਖ ਫ਼ੌਜ ਵਿਚੋਂ ਹੀ ਕਿਸੇ ਅਸਵਾਰ ਨੇ ਵਿਸਾਹਘਾਤ ਕੀਤਾ, ਤੇ ਸ਼ੇਰ ਸਿੰਘ ਦੀ ਚੜ੍ਹਾਈ ਦੀ ਖ਼ਬਰ ਗਫ ਤੇ ਥਾਕਵੈੱਲ ਨੂੰ ਜਾ ਦਿੱਤੀ।

**ਸੈਦਲਾਪੁਰ ਦੀ ਲੜਾਈ**
**੪ ਦਸੰਬਰ**

ਗਫ ਨੇ ਹੋਰ ਫ਼ੌਜ ਦੇ ਕੇ ਗੌਡਬੀ (Godby) ਨੂੰ ਥਾਕਵੈੱਲ ਦੀ ਮਦਦ ਵਾਸਤੇ ਤੋਰ ਦਿੱਤਾ। ਓਧਰ ਰਾਜਾ ਸ਼ੇਰ ਸਿੰਘ ਦੇ ਆਉਣ ਦੀ ਖ਼ਬਰ ਸੁਣ ਕੇ ਥਾਕਵੈੱਲ ਡਰ ਗਿਆ ਤੇ ਫ਼ੌਜ ਲੈ ਕੇ ਓਧਰ ਨੂੰ ਮੁੜਿਆ ਜਿਧਰੋਂ ਗੌਡਬੀ ਆ ਰਿਹਾ ਸੀ। ਸੈਦਲਾਪੁਰ ਕੋਲ ਰਾਜਾ ਸ਼ੇਰ ਸਿੰਘ ਨੇ ਥਾਕਵੈੱਲ ਨੂੰ ਜਾ ਘੇਰਿਆ। ਥਾਕਵੈੱਲ ਲੜਨਾ ਨਹੀਂ ਸੀ ਚਾਹੁੰਦਾ, ਸੋ ਫ਼ੌਜ ਨੂੰ ਪਾਸੇ ਪਾਸੇ ਲੈ ਤੁਰਿਆ, ਪਰ ਰਾਜਾ ਸ਼ੇਰ ਸਿੰਘ ਏਸ ਸਮੇਂ ਨੂੰ ਕਦੋਂ ਹੱਥੋਂ ਜਾਣ ਦੇਂਦਾ ਸੀ। ਉਹਨੇ ਝੱਟ ਹੱਲਾ ਬੋਲ

---

*ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੧੩੧।

ਦਿੱਤਾ। ਥਾਕਵੈੱਲ ਨੇ ਬੜੀ ਦਲੇਰੀ ਨਾਲ ਅੱਗੋਂ ਟਾਕਰਾ ਕੀਤਾ, ਪਰ ਸਿੱਖਾਂ ਦੀਆਂ ਤੋਪਾਂ ਸਾਮ੍ਹਣੇ ਕੋਈ ਪੇਸ਼ ਨਾ ਗਈ। ਥਾਕਵੈੱਲ ਦੀ ਫ਼ੌਜ ਇਕ ਕਮਾਦ ਦੇ ਖੇਤ ਵਿਚ ਲੁਕ ਕੇ ਜਾਨ ਬਚਾਉਣ ਲੱਗੀ, ਪਰ ਸਿੱਖਾਂ ਦੇ ਭਾਰੀ ਹੱਲੇ ਨੇ ਏਥੇ ਵੀ ਨਾ ਟਿਕਣ ਦਿੱਤਾ। ਅੰਤ ਸੂਰਜ ਛਿਪ ਗਿਆ ਤੇ ਲੜਾਈ ਬੰਦ ਹੋਈ। ਥਾਕਵੈੱਲ ਕਾਫ਼ੀ ਨੁਕਸਾਨ ਉਠਾ ਕੇ ਰਾਤੋ-ਰਾਤ ਪਿੱਛੇ ਹਟ ਗਿਆ। ਰਾਜਾ ਸ਼ੇਰ ਸਿੰਘ ਨੇ ਵੀ ਵੈਰੀ ਦਾ ਪਿੱਛਾ ਕਰਨਾ ਠੀਕ ਨਾ ਸਮਝ ਕੇ ਆਪਣੀ ਫ਼ੌਜ ਲੈ ਕੇ ਦਰਿਆ ਜਿਹਲਮ ਵੱਲੇ ਕੂਚ ਕੀਤਾ। ਹੁਕਮ ਪਾ ਕੇ ਰਾਮ ਨਗਰ ਵਾਲੀ ਸਿੱਖ ਫ਼ੌਜ ਰਾਤੋ ਰਾਤ ਰਸੂਲ ਨੂੰ ਚਲੀ ਗਈ।

**ਡਲਹੌਜ਼ੀ ਦਾ ਐਲਾਨ**
**੧੪ ਦਸੰਬਰ**

ਰਾਮ ਨਗਰ ਤੇ ਸੈਦਲਾਪੁਰ ਦੀਆਂ ਲੜਾਈਆਂ ਦੇ ਨਤੀਜੇ ਵੇਖ ਕੇ ਅੰਗਰੇਜ਼ ਕਰਮਚਾਰੀ ਘਬਰਾ ਰਹੇ ਸਨ। ਰੈਜ਼ੀਡੈਂਟ ਦੇ ਲਾਹੌਰ ਦੇ ੧੯ ਨਵੰਬਰ ਵਾਲੇ ਐਲਾਨ ਦੀ ਪ੍ਰੋੜ੍ਹਤਾ ਲਾਰਡ ਡਲਹੌਜ਼ੀ ਵੱਲੋਂ ਫੇਰ ਕੀਤੀ ਗਈ। ੧੪ ਦਸੰਬਰ, ੧੮੪੮ ਈ: ਨੂੰ ਕੈਂਪ ਸਰਹਿੰਦ ਤੋਂ ਗਵਰਨਰ-ਜੇਨਰਲ ਦੇ ਸਕੱਤਰ ਨੇ ਰੈਜ਼ੀਡੈਂਟ ਨੂੰ ਲਿਖਿਆ : "ਗਵਰਨਰ ਜੈਨਰਲ ਤੇਰੇ ਇਸ ਐਲਾਨ ਦੇ ਪਰਕਾਸ਼ਤ ਕਰਨ ਨੂੰ ਬੜਾ ਪਸੰਦ ਕਰਦਾ ਹੈ, ਕਿ ਸਰਕਾਰ ਅੰਗਰੇਜ਼ੀ ਦੀ ਇਹ ਇੱਛਿਆ ਨਹੀਂ ਹੈ, ਕਿ ਉਹਨਾਂ ਬੇਗੁਨਾਹ ਲੋਕਾਂ ਨੂੰ, ਜਿਨ੍ਹਾਂ ਗੁਪਤ ਜਾਂ ਪਰਗਟ ਤੌਰ 'ਤੇ ਇਸ ਬਗ਼ਾਵਤ ਵਿਚ ਹਿੱਸਾ ਨਹੀਂ ਲਿਆ, ਜੋ ਮ: ਦਲੀਪ ਸਿੰਘ ਦੀ ਹਕੂਮਤ ਦੇ ਅਧੀਨ ਆਗਿਆਕਾਰ ਰਹੇ ਹਨ, ਭਾਵੇਂ ਉਹ ਸਿੱਖ ਹੋਣ ਜਾਂ ਕਿਸੇ ਹੋਰ ਫਿਰਕੇ ਦੇ, ਕਿਸੇ ਕਿਸਮ ਦੀ ਸਜ਼ਾ ਦਿਤੀ ਜਾਵੇ।"*

ਇਹਨਾਂ ਵਾਰ ਵਾਰ ਦੇ ਐਲਾਨਾਂ ਤੋਂ ਹੀ ਪਤਾ ਲੱਗ ਸਕਦਾ ਹੈ, ਕਿ ਅੰਗਰੇਜ਼ ਰਾਜਾ ਸ਼ੇਰ ਸਿੰਘ ਤੋਂ ਕਿੰਨੇ ਡਰੇ ਹੋਏ ਸਨ।

ਸੈਦਲਾਪੁਰ ਦੀ ਲੜਾਈ ਪਿੱਛੋਂ ਗਫ 'ਲਸੂਰੀ' ਪਿੰਡ ਕੋਲ ਤੇ ਰਾਜਾ ਸ਼ੇਰ ਸਿੰਘ 'ਰਸੂਲ' ਕੋਲ ਬੈਠੇ ਰਹੇ। ਏਸ ਥਾਂ 'ਤੇ ਸਿੱਖਾਂ ਦਾ ਮੋਰਚਾ ਬੜਾ ਟਿਕਾਣੇ 'ਤੇ ਸੀ। ਇਹ ਸ਼ੇਰ ਸਿੰਘ ਦੀ ਚਾਤਰੀ ਦਾ ਸਬੂਤ ਹੈ। ਪਿਛਲੇ ਪਾਸੇ ਦਰਿਆ ਜਿਹਲਮ ਵਗਦਾ ਸੀ ਤੇ ਸਾਮ੍ਹਣੇ ਛੋਟਾ ਜਿਹਾ ਜੰਗਲ

**ਸਿੱਖ ਛਾਉਣੀ**
**ਰਸੂਲ ਵਿਚ**

---

*Punjab Papers, (1849), p. 448-449.

ਸੀ। ਸਿੱਖਾਂ ਦੀ ਪੱਕੀ ਛਾਉਣੀ 'ਰਸੂਲ' ਸੀ। ਫ਼ੌਜਾਂ ਦੇ ਅੱਗੇ-ਵਧੂ ਜੱਥੇ, ਸੱਜੇ ਖੱਬੇ (ਕੋਟ ਬਲੋਚ ਤੋਂ ਲੈ ਕੇ ਪਿੰਡ ਖੜ੍ਹੇ ਤੱਕ) ਦਰਿਆ ਦੇ ਕੰਢੇ ੭ ਮੀਲ ਲੰਮਾਣ ਤੇ (ਚੇਲੀਆਂ ਵਾਲੀ ਤਕ) ੩ ਮੀਲ ਚੁੜਾਣ ਵਿਚ ਖਿਲਰੇ ਹੋਏ ਸਨ। ੧੨ ਜਨਵਰੀ ਤਕ ਸ਼ੇਰ ਸਿੰਘ ਕੋਲ ੨੩ ਹਜ਼ਾਰ ਫ਼ੌਜ ਹੋ ਗਈ ਸੀ। ਸਿੱਖਾਂ ਦਾ ਰਸਾਲਾ ਤਕੜਾ ਸੀ, ਪਰ ਪੈਦਲ ਦਲ ਬੜਾ ਕਮਜ਼ੋਰ ਸੀ।

ਗਫ ਦੀ ਫ਼ੌਜ

ਓਧਰ ਲਸੂੜੀ ਵਿਚ ਬੈਠਾ ਲਾਰਡ ਗਫ ਵੀ ਹਮਲੇ ਦੀ ਤਿਆਰੀ ਕਰ ਰਿਹਾ ਸੀ। ਉਸ ਦੇ ਕੋਲ—ਲਾਹੌਰ ਦੀ ਫ਼ੌਜ ਸਣੇ—੨੫ ਹਜ਼ਾਰ ਤੋਂ ਉਪਰ ਫ਼ੌਜ ਹੋ ਗਈ ਸੀ। ੧੨ ਜਨਵਰੀ ੧੮੪੯ ਈ: ਨੂੰ ਅੰਗਰੇਜ਼ੀ ਫ਼ੌਜ 'ਡਿੰਗੇ' ਪੁੱਜ ਗਈ। ਏਥੋਂ ਸਿੱਖ ਫ਼ੌਜ ੭ ਮੀਲ ਦੂਰ ਸੀ। ਗਫ ਨੇ ਆਪਣੀ ਫੌਜ ਨੂੰ ਤਿਨਾਂ ਹਿੱਸਿਆਂ ਵਿਚ ਇਉਂ ਵੰਡਿਆ : ੧. ਰਸਾਲਾ, ਜੌਸਫ ਥਾਕਵੈੱਲ (Sir Joseph Thackwell) ਜਿਸ ਦੇ ਅਧੀਨ ਬਰਗੇਡੀਅਰ ਵ੍ਹਾਈਟ (Br. White) ਤੇ ਬਰਗੇਡੀਅਰ ਪੋਪ (Br. Pope) ਸਨ। ੨. ਪੈਦਲ, ਮੇਜਰ ਜੈਨਰਲ ਸਰ ਵਾਲਟਰ ਗਿਲਬਰਟ (Walter Gilbert) ਜਿਸਦੇ ਅਧੀਨ ਬ੍ਰ: ਮੌਂਟੇਨ (Br. Mountain) ਤੇ ਬ੍ਰ: ਗੌਡਬੀ (Br. Godby) ਸਨ। ੩. ਬ੍ਰ. ਕੋਲਨ ਕੈਂਬਲ (Br. Colin Cempbell) ਜਿਸਦੇ ਅਧੀਨ ਬ੍ਰ: ਪੈਨੀਕੁਇਕ (Br. Pennycuick) ਬ੍ਰ: ਹੋਗਨ (Br. Hoggan) ਤੇ ਬ੍ਰ: ਪੈਨੀ (Br. Penny) ਸਨ। ਇਸ ਤੋਂ ਵੱਖ ਤੋਪਖ਼ਾਨਾ ਬ੍ਰ: ਟੈਂਨੋਟ (Br. Tennant) ਦੇ ਅਧੀਨ ਸੀ। ਤੇ ਕੁਝ ਲਾਹੌਰ ਦਰਬਾਰ ਦੀ ਫ਼ੌਜ ਸੀ।

ਚੇਲੀਆਂ ਵਾਲੀ ਦਾ ਮਹਾਂ ਯੁੱਧ ੧੩ ਜਨਵਰੀ

ਡਿੰਗੇ ਤੋਂ ੧੩ ਜਨਵਰੀ, ੧੮੪੯ ਈ: ਨੂੰ ਤੜਕੇ ੭ ਵਜੇ ਅੰਗਰੇਜ਼ੀ ਫ਼ੌਜ ਰਾਜਾ ਸ਼ੇਰ ਸਿੰਘ 'ਤੇ ਹਮਲਾ ਕਰਨ ਵਾਸਤੇ ਚੱਲੀ ਤੇ ੧੨ ਵਜੇ ਚੇਲੀਆਂ ਵਾਲੀ ਪੁੱਜ ਗਈ। ਅੰਗਰੇਜ਼ ਮੰਜੀਆਂ ਵਾਲੀ ਵੱਲੋਂ ਚੇਲੀਆਂ ਵਾਲੀ ਪੁੱਜੇ ਸਨ ਤੇ ਇਸ ਪਿੰਡ ਦੇ ਦੋਹੀਂ ਪਾਸੀਂ ਇੱਕੋ ਜਿਹੇ ਖਿਲਰੇ ਹੋਏ ਸਨ, ਵਿਚਕਾਰ ਤੋਪਖ਼ਾਨਾ ਸੀ। ਸੱਜੇ ਹੱਥ ਨੰਬਰਵਾਰ ਮੌਂਟੇਨ, ਗਿਲਬਰਟ, ਗੌਡਬੀ, ਪੋਪ, ਲੇਨ (Lane) ਆਦਿ ਸਨ। ਖੱਬੇ ਹੱਥ ਏਸੇ ਤਰ੍ਹਾਂ ਪੈਨੀਕੁਇਕ, ਕੈਂਬਲ, ਹੌਗਨ, ਵ੍ਹਾਈਟ ਆਦਿ ਸਨ। ਗਫ ਅਜੇ ਸਾਰੀ ਫ਼ੌਜ ਨੂੰ ਠੀਕ ਕਰ

ਰਿਹਾ ਸੀ, ਜਾਂ ਸ਼ੇਰ ਸਿੰਘ ਨੇ ਹੱਲਾ ਬੋਲ ਦਿੱਤਾ। ਦੋਹੀਂ ਪਾਸੀਂ ਤੋਪਾਂ ਦਗਣੀਆਂ ਆਰੰਭ ਹੋ ਗਈਆਂ। ਦੋ ਘੰਟੇ ਬਰਾਬਰ ਅੱਗ ਵਰ੍ਹਦੀ ਰਹੀ, ਪਰ ਕੋਈ ਪਾਸਾ ਵੀ ਨਿਉਂਦਾ ਨਾ ਦਿੱਸੇ। ਅੰਤ ਗਫ ਨੇ ਆਪਣੀ ਫ਼ੌਜ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ। ਸਭ ਤੋਂ ਪਹਿਲਾਂ ਕੈਂਬਲ ਦੀ ਫ਼ੌਜ ਨੇ ਸਿੱਖਾਂ ਦੇ ਤੋਪਖ਼ਾਨੇ 'ਤੇ ਹੱਲਾ ਕੀਤਾ, ਜਿਸ ਦੇ ਨਾਲ ਹੋਗਨ, ਪੈਨੀਕੁਇਕ, ਮੋਵਾਤ (Mowatt) ਤੇ ਰਾਬਰਟਸਨ (Robertson) ਸਨ। ਇਸ ਫ਼ੌਜ ਵਿਚੋਂ ਕੈਂਬਲ ਨੂੰ ਕੁਛ ਸਫਲਤਾ ਹੋਈ। ਉਹ ਸਿੱਖਾਂ ਦੇ ਤੋਪਖ਼ਾਨੇ ਤੱਕ ਪੁੱਜ ਗਿਆ ਤੇ ਸਿੱਖਾਂ ਦੀਆਂ ਚਾਰ ਤੋਪਾਂ ਖੋਹ ਲਈਆਂ। ਪਰ ਸਿੱਖਾਂ ਵੀ ਅੱਗੋਂ ਘੱਟ ਨਹੀਂ ਗੁਜ਼ਾਰੀ, ਬੜੀ ਬੀਰਤਾ ਨਾਲ ਟਾਕਰਾ ਕੀਤਾ। ਕੈਂਬਲ ਸਖ਼ਤ ਜ਼ਖਮੀ ਹੋਇਆ। ਉਸ ਦੇ ਸਾਥੀ ਜਰਨੈਲਾਂ ਦਾ ਬੁਰਾ ਹਾਲ ਹੋਇਆ। ਪੈਨੀਕੁਇਕ ਬਹੁਤ ਸਾਰੇ ਸਿਪਾਹੀਆਂ ਸਣੇ ਮਾਰਿਆ ਗਿਆ ਤੇ ਉਸ ਦੇ ਅੰਗਰੇਜ਼ੀ ਝੰਡੇ ਸਿੱਖਾਂ ਨੇ ਖੋਹ ਲਏ। ਸਮੁੱਚੇ ਤੌਰ 'ਤੇ ਏਸ ਹੱਲੇ ਵਿਚ ਅੰਗਰੇਜ਼ੀ ਫ਼ੌਜ ਦਾ ਬੜਾ ਨੁਕਸਾਨ ਹੋਇਆ।

ਕਪਤਾਨ ਟਰੈਵਰਸ (Travers) ਤੇ ਲੈਫ਼ਟੀਨੈਂਟ ਲੁਟਮਾਨ (Lutman) ਨੇ ਹੱਲਾ ਕੀਤਾ। ਅੱਗੋਂ ਸਿੱਖਾਂ ਦੀਆਂ ਤੋਪਾਂ ਨੇ ਉਹਨਾਂ ਦਾ ਬਹੁਤ ਬੁਰਾ ਹਾਲ ਕੀਤਾ। ਟਰੈਵਰਸ ਮਾਰਿਆ ਗਿਆ। ਸਾਰੀ ਫ਼ੌਜ ਬੜਾ ਨੁਕਸਾਨ ਉਠਾ ਕੇ ਵਾਪਸ ਮੁੜੀ। ਏਸ ਹੱਲੇ ਵਿਚ ਅੰਗਰੇਜ਼ਾਂ ਦੇ ੧੩ ਅਫ਼ਸਰ ਮਰੇ। ੨੪ ਤੇ ੨੫ ਨੰਬਰ ਰਜਮੈਂਟਾਂ ਹੱਲਾ ਕੀਤਾ, ਤਾਂ ਉਹਨਾਂ ਦਾ ਵੀ ਏਹੋ ਹਾਲ ਹੋਇਆ। ੨੫ਵੀਂ ਰਜਮੈਂਟ ਦੇ ਹੀ ੭ ਅਫ਼ਸਰ ਤੇ ੧੦੫ ਸਿਪਾਹੀ ਮਰੇ, ਤੇ ੫ ਅਫ਼ਸਰ ਤੇ ੯੭ ਸਿਪਾਹੀ ਜ਼ਖ਼ਮੀ ਹੋਏ।

ਕਰਨਲ ਬਰੂਕ (Brook) ਦਾ ਵੀ ਬਹੁਤ ਨੁਕਸਾਨ ਹੋਇਆ। ਕਪਤਾਨ ਯੂਨਿਟ (Unett) ਦੇ ਕਪਤਾਲ ਵ੍ਹੀਟਲੇ (Wheatley) ਨੇ ਹੱਲਾ ਕੀਤਾ, ਤੇ ਬੁਰੀ ਤਰ੍ਹਾਂ ਭਾਂਜ ਖਾਧੀ। ਯੂਨਿਟ ਮਰ ਗਿਆ।

ਅੱਗੇ ਗਿਲਬਰਟ ਦੀ ਫ਼ੌਜ ਦਾ ਹਾਲ ਸੁਣੋ। ਉਹਦੀ ਫ਼ੌਜ ਦਾ ਜਿਹੜਾ ਹਿੱਸਾ ਅੱਗੇ ਵੱਧ ਰਿਹਾ ਸੀ, ਸਿੱਖ ਪਾਸੇ ਤੋਂ ਉਸ ਉੱਤੇ ਆ ਪਏ। ਮੇਜਰ ਕ੍ਰਿਸਟੀ (Christie) ਮਾਰਿਆ ਗਿਆ। ਅੰਗਰੇਜ਼ਾਂ ਦੀਆਂ ਚਾਰ ਤੋਪਾਂ, ਦੋ ਛਕੜੇ ਸਾਮਾਨ ਦੇ ਤੇ ੫੩ ਘੋੜੇ ਸਿੱਖਾਂ ਦੇ ਹੱਥ ਆਏ। ਅੰਗਰੇਜ਼ੀ ਫ਼ੌਜ ਬੁਰੀ

ਤਰ੍ਹਾਂ ਮੈਦਾਨ ਵਿਚੋਂ ਨੱਸੀ। ਏਸ ਗਿਲਬਰਟ ਦੀ ਫ਼ੌਜ ਦੇ ੧੧ ਅਫ਼ਸਰ, ੧੫੭ ਸਿਪਾਹੀ ਮਰੇ ਤੇ ੫੭ ਅਫ਼ਸਰ, ੯੬੭ ਸਿਪਹੀ ਜ਼ਖ਼ਮੀ ਹੋਏ।

ਆਖ਼ਰੀ ਹੱਲਾ ਪੋਪ ਨੇ ਕੀਤਾ। ਇਸ ਰਸਾਲੇ ਦੀਆਂ ਚਾਰ ਰਜਮੈਂਟਾਂ ਸਨ, ਜਿਨ੍ਹਾਂ ਵਿਚੋਂ ਕੁਛ ਫ਼ੌਜ ਬਰਛੇ ਵਾਲੀ ਸੀ। ਸਿੱਖਾਂ ਨੇ ਬਰਛੇ ਢਾਲਾਂ ਉੱਤੇ ਰੋਕੇ ਤੇ ਆਪ ਤਲਵਾਰ ਨਾਲ ਵਾਢ ਧਰ ਲਈ। ਪੋਪ ਮਾਰਿਆ ਗਿਆ ਤੇ ਸੁੰਵੀ ਅੰਗਰੇਜ਼ੀ ਫ਼ੌਜ ਭੱਜ ਉੱਠੀ। ਸਿੱਖਾਂ ਨੇ ਅੰਗਰੇਜ਼ੀ ਫ਼ੌਜ ਦਾ ਪਿੱਛਾ ਨਹੀਂ ਛੱਡਿਆ। ਅੰਗਰੇਜ਼ੀ ਫ਼ੌਜ ਦਾ ਜੋ ਕੋਈ ਆਦਮੀ ਮਿਲਿਆ, ਉਸੇ ਨੂੰ ਤਲਵਾਰ ਦੇ ਸਹਾਰੇ ਸਿੱਖਾਂ ਨੇ ਯਮਰਾਜ ਦੇ ਘਰ ਪੁਚੱਾ ਦਿੱਤਾ। ਅੰਗਰੇਜ਼ੀ ਫ਼ੌਜ ਦੇ ਫੱਟੜ ਕਹਾਰ, ਡਾਕਟਰ ਆਦਿ ਸਭ ਸਿੱਖਾਂ ਦੇ ਪੈਰਾਂ ਥੱਲੇ ਦਲੇ ਗਏ। ਅੰਗਰੇਜ਼ੀ ਫ਼ੌਜ ਵਿਚ ਐਸੀ ਘਬਰਾਹਟ ਫੈਲੀ, ਕਿ ਰਸਦ ਏਧਰ ਓਧਰ ਖਿਲਰ ਗਈ, ਤੇ ਉਹਨਾਂ ਨੂੰ ਆਪਣੀਆਂ ਤੋਪਾਂ ਦੀ ਸੁੱਧ ਬੁੱਧ ਨਾ ਰਹੀ। ਘੋੜ ਸਵਾਰਾਂ ਵਿਚੋਂ ਕਿਸੇ ਵੀ ਲਾਰਡ ਗਫ ਕੋਲ ਪੁੱਜਣ ਤੋਂ ਪਹਿਲਾਂ, ਰਾਹ ਵਿਚ ਕਿਤੇ ਵੀ ਘੋੜੇ ਤੋਂ ਉਤਰਨਾ ਤੇ ਖਲੋਣਾ ਠੀਕ ਨਹੀਂ ਸਮਝਿਆ। ਮੇਜਰ ਕ੍ਰਿਸ਼ਟੀ ਤੋਪਾਂ ਲੈ ਕੇ ਭੱਜਿਆ, ਪਰ ਰਾਹ ਵਿਚ ਹੀ ਸਿੱਖਾਂ ਨੇ ਉਹਨੂੰ ਤੇ ਉਹਦੇ ਸਾਥੀਆਂ ਨੂੰ ਤਲਵਾਰ ਦੀ ਧਾਰ ਤੋਂ ਲੰਘਾ ਕੇ ਰਣਭੂਮੀ ਵਿਚ ਸੁਆ ਦਿੱਤਾ। ਤੋਪਾਂ ਖੋਹ ਕੇ ਸਿੱਖ ਅੱਗੇ ਵਧੇ। ਕਿੰਨੇ ਹੀ ਅੰਗਰੇਜ਼ਾਂ ਨੇ ਜੰਗਲ ਵਿਚ ਲੁਕ ਕੇ ਜਾਨ ਬਚਾਈ। ਗੋਲੰਦਾਜ਼ਾਂ ਦੀ ਰੱਖਿਆ ਵਾਸਤੇ ਕੁਝ ਅੰਗਰੇਜ਼ ਸੰਗੀਨਾਂ ਲੈ ਕੇ ਸਿੱਖਾਂ ਨੂੰ ਰੋਕਣ ਵਾਸਤੇ ਆਏ। ਪਰ ਹੱਥ ਦੀ ਸੰਗੀਨ ਹੱਥ ਵਿਚ ਹੀ ਲਈ ਸਦਾ ਵਾਸਤੇ ਰਣਸੇਜਾ 'ਤੇ ਸੌਂ ਗਏ। ਪਰਧਾਨ ਸੈਨਾਪਤੀ ਗਫ ਦਾ ਡੇਰਾ ਵੀ ਹੁਣ ਡਰ ਤੋਂ ਖ਼ਾਲੀ ਨਹੀਂ ਸੀ ਪ੍ਰਤੀਤ ਹੁੰਦਾ। ਸਿੱਖ ਜਿਸ ਤੇਜ਼ ਚਾਲ ਅੱਗੇ ਵਧ ਰਹੇ ਸਨ, ਉਸ ਤੋਂ ਡਰ ਕੇ ਅੰਗਰੇਜ਼ੀ ਫ਼ੌਜ ਦੇ ਕਈ ਯੋਧਿਆਂ ਨੇ ਲਾਰਡ ਗਫ ਨੂੰ ਵੀ ਭੱਜ ਜਾਣ ਦੀ ਸਲਾਹ ਦਿੱਤੀ।"*

ਮੁਕਦੀ ਗੱਲ, ਏਸ ਯੁੱਧ ਵਿਚ ਹਰ ਪਾਸਿਓਂ 'ਗਫ' ਨੂੰ ਨੁਕਸਾਨ ਉਠਾਉਣਾ ਪਿਆ। ਅੰਗਰੇਜ਼ ਸਿੱਖ ਫ਼ੌਜ ਪਾਸੋਂ ਬੁਰੀ ਤਰ੍ਹਾਂ ਹਾਰੇ। ਰਾਤ ਪੈ ਗਈ ਤੇ ਲੜਾਈ ਬੰਦ ਹੋ ਗਈ। ਅੰਗਰੇਜ਼ੀ ਫ਼ੌਜ ਦੇ ਸਾਰੇ ਨੁਕਸਾਨ ਦਾ ਵੇਰਵਾ ਇਉਂ ਹੈ—੨੨ ਗੋਰੇ ਅਫ਼ਸਰ, ੧੬ ਦੇਸੀ ਅਫ਼ਸਰ, ੫੬੧ ਸਿਪਾਹੀ

---

*ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੧੩੯।

ਮਰੇ, ੬੭ ਗੋਰੇ ਅਫ਼ਸਰ, ੨੭ ਦੇਸੀ ਅਫ਼ਸਰ ਤੇ ੧੫੪੭ ਸਿਪਾਹੀ ਜ਼ਖ਼ਮੀ ਹੋਏ, ੯੮ ਆਦਮੀ ਗੁੰਮ ਹੋਏ। ਕੁੱਲ ਜੋੜ ੨੩੩੮ ਆਦਮੀ। ਅੰਗਰੇਜ਼ਾਂ ਦੀਆਂ ਕੁਛ ਤੋਪਾਂ, ਰਸਦ, ਹੋਰ ਸਾਮਾਨ ਤੇ ਝੰਡੇ ਸਿੱਖਾਂ ਹੱਥ ਆਏ। ਕੁੱਲ ਤੋਪਾਂ ਛੇ ਵੱਡੀਆਂ ਤੇ ੧੨ ਛੋਟੀਆਂ ਸਿੱਖਾਂ ਹੱਥ ਆਈਆਂ।

ਲੜਾਈ ਬੰਦ ਹੋਣ 'ਤੇ ਰਾਜਾ ਸ਼ੇਰ ਸਿੰਘ ਦੇ ਹੁਕਮ ਨਾਲ ਸਿੱਖਾਂ ਨੇ 'ਫ਼ਤਹਿ' ਦੀ ਤੋਪ ਚਲਾਈ। ਇਹ ਗੱਲ 'ਗਫ਼' ਤੋਂ ਸਹਾਰੀ ਨਾ ਗਈ ਤੇ ਅੱਗੋਂ ਉਹਨੇ ਵੀ ਆਪਣੀ 'ਫ਼ਤਹਿ' ਪਰਗਟ ਕਰਨ ਲਈ ਤੋਪ ਚਲਾਈ। ਸਭ ਕੁਝ ਜਾਣਦਿਆਂ ਹੋਇਆਂ ਲਾਰਡ ਡਲਹੌਜ਼ੀ ਨੇ ਵੀ ਅੰਗਰੇਜ਼ਾਂ ਦੀ 'ਫ਼ਤਹਿ' ਦੱਸਣ ਬਦਲੇ ਹਿੰਦੁਸਤਾਨ ਦੇ ਕਈ ਤੋਪਖ਼ਾਨਿਆਂ ਵਿਚ ਤੋਪਾਂ ਦਾਗਣ ਦਾ ਹੁਕਮ ਦਿੱਤਾ। ਪਰ ਹੁਣ ਝਗੜਾ ਇਹ ਹੈ, ਕਿ ਦੋਹਾਂ ਧਿਰਾਂ ਵਿਚੋਂ ਜਿੱਤਿਆ ਕੌਣ ? ਜੋ ਕੁਛ ਯੁੱਧ ਵਿਚ ਹੋਇਆ, ਉਹ ਆਪ ਉਪਰ ਪੜ੍ਹ ਚੁੱਕੇ ਹੋ, ਤੇ ਬਾਕੀ ਤਸੱਲੀ ਕਰਨ ਬਦਲੇ ਹੇਠਾਂ ਕੁਝ ਇਤਿਹਾਸਕਾਰਾਂ ਦੀਆਂ ਲਿਖਤਾਂ ਦੇਂਦੇ ਹਾਂ। ਥਾਕਵੈੱਲ ਲਿਖਦਾ ਹੈ, "ਮੈਨੂੰ ਐਸਾ ਪਰਤੀਤ ਹੋਣ ਲੱਗਾ, ਜਿਵੇਂ ਮੇਰੀ ਫ਼ੌਜ ਦਾ ਇਕ ਆਦਮੀ ਵੀ ਜਿਊਂਦਾ ਨਹੀਂ ਰਿਹਾ। (ਅੱਗੇ ਫਿਰ ਲਿਖਦਾ ਹੈ) ਇਕ ਪੈਦਲ ਸਿੱਖ ਸਿਪਾਹੀ, ਅੰਗਰੇਜ਼ੀ ਫ਼ੌਜ ਦੇ ਤਿੰਨ ਘੋੜਸਵਾਰਾਂ ਨੂੰ ਵੱਢਦਾ ਸੀ।"०

ਇਸ ਯੁੱਧ ਬਾਰੇ ਕੁਛ ਰਾਵਾਂ

ਸਰ ਐਡਵਿਨ ਆਰਨੋਲਡ (Adwin Arnold) ਲਿਖਦਾ ਹੈ, "ਜੇ ਸਿੱਖ ਅੰਗਰੇਜ਼ਾਂ ਉਤੇ ਏਸੇ ਤਰ੍ਹਾਂ ਦੀ ਇਕ ਜਿੱਤ ਹੋਰ ਪਰਾਪਤ ਕਰ ਲੈਂਦੇ, ਤਾਂ ਪੰਜਾਬ ਵਿਚੋਂ ਹੀ ਨਹੀਂ, ਸਾਰੇ ਹਿੰਦੁਸਤਾਨ ਵੱਲੋਂ ਹੀ ਅੰਗਰੇਜ਼ਾਂ ਨੂੰ ਹੱਥ ਧੋਣੇ ਪੈਂਦੇ। ਅਨੇਕ ਫ਼ੌਜੀ ਅੰਗਰੇਜ਼ਾਂ ਨੇ ਇਹ ਗੱਲ ਸਾਫ਼ ਤੌਰ 'ਤੇ ਮੰਨੀ ਹੈ, ਕਿ ਚੇਲੀਆਂ ਵਾਲੀ ਦਾ ਯੁੱਧ ਸਿੱਖਾਂ ਦੀ ਸ਼ਾਨ ਨੂੰ ਵਧਾਉਣ ਵਾਲਾ ਸੀ।"()

---

०Narrative of the Second Sikh War ਵਿਚੋਂ ਪੰਜਾਬ ਹਰਣ ਔਰ ਦਲੀਪ ਸਿੰਘ, ਪੰਨੇ ੧੩੮-੩੯।

()The Marquis of Dalhosie's Administration of British India.

੧੮੪੯ ਈ: ਦੇ ਕਲਕਤਾ ਰੀਵੀਊ ਦੇ ਪੰਨਾ ੨੮੬ ਉੱਤੇ ਲਿਖਿਆ ਹੈ, "ਭਾਰਤ ਵਿਚ ਅੰਗਰੇਜ਼ਾਂ ਦੇ ਜਿੰਨੇ ਯੁੱਧ ਹੋਏ, ਉਹਨਾਂ ਵਿਚੋਂ ਚੇਲੀਆਂ ਵਾਲੀ ਦਾ ਯੁੱਧ ਉਹਨਾਂ ਵਾਸਤੇ ਅੱਤ ਭਿਆਨਕ ਹੈ।"

ਸਰ ਲੇਪਲ ਗ੍ਰਿਫਨ (L. Griffin) ਲਿਖਦਾ ਹੈ, "ਚੇਲੀਆਂ ਵਾਲੀ ਦਾ ਯੁੱਧ ਅੰਗਰੇਜ਼ਾਂ ਵਾਸਤੇ ਅਫ਼ਗਾਨਿਸਤਾਨ ਦੀ ਮਹਾ-ਹੱਤਿਆ ਦੇ ਬਰਾਬਰ ਸੀ।"o

ਮਿਸਟਰ 'ਕੇ' (Kaye) ਲਿਖਦਾ ਹੈ, "ਚੇਲੀਆਂ ਵਾਲੀ ਯੁੱਧ ਵਿਚ ਅੰਗਰੇਜ਼ਾਂ ਦੀਆਂ ਤੋਪਾਂ ਸਿੱਖਾਂ ਦੇ ਹੱਥ ਆਈਆਂ। ਅੰਗਰੇਜ਼ੀ ਝੰਡੇ (ਜੋ ਸਿੱਖਾਂ ਨੇ ਖੋਹੇ) ਖ਼ਾਲਸੇ ਦੀ ਸ਼ਾਨ ਵਧਾ ਰਹੇ ਸਨ। ਅੰਗਰੇਜ਼ੀ ਘੋੜ ਸਵਾਰ ਫ਼ੌਜ ਸਿੱਖਾਂ ਤੋਂ ਹਾਰ ਖਾ ਕੇ ਆਪਣੇ ਪ੍ਰਾਣਾਂ ਦੇ ਡਰ ਤੋਂ ਭੇਡਾਂ ਵਾਂਗ ਨੱਸੀ ਸੀ।"[]

'ਸ਼ਰਮਾ' ਜੀ ਲਿਖਦੇ ਹਨ, "ਮਹਾਰਾਜਪੁਰ ਦੇ ਯੁੱਧ ਵਿਚ ਅੰਗਰੇਜ਼ਾਂ ਨੇ ਜਿਹੜੇ ਝੰਡੇ ਮਰਹੱਟਿਆਂ ਕੋਲੋਂ ਖੋਹੇ ਸਨ, ਏਸ ਯੁੱਧ ਵਿਚ ਉਹ ਝੰਡੇ ਸਿੱਖਾਂ ਦੇ ਹੱਥ ਆਏ। ਅਸਲ ਵਿਚ ਇਹ ਦਿਨ ਸਿੱਖਾਂ ਵਾਸਤੇ ਬੜੇ ਗੌਰਵ ਵਾਲਾ ਸੀ। ਪੈਨਿਨਸ਼ੁਲਾ ਯੁੱਧ ਵਿਚ ਜਿਸ ਰਸਾਲੇ ਨੇ ਮਹਾਬੀਰ ਨੈਪੋਲੀਅਨ ਨੂੰ ਹਰਾਇਆ ਸੀ, ਉਹ ਰਸਾਲਾ ਸਿੱਖਾਂ ਦੇ ਸਾਮ੍ਹਣੇ ਨਹੀਂ ਠਹਿਰ ਸਕਿਆ। ਪੈਨਿਨਸ਼ੁਲਾ ਯੁੱਧ ਦੀ ਜਿੱਤ ਦੀਆਂ ਨਸ਼ਾਨੀਆਂ ਝੰਡੇ, ਜੋ ਅੰਗਰੇਜ਼ਾਂ ਕੋਲ ਸਨ, ਉਹ ਅੱਜ ਸਿੱਖਾਂ ਦੇ ਹੱਥ ਆਏ।"*

ਹੁਣ ਤੁਸੀਂ ਆਪ ਹੀ ਫ਼ੈਸਲਾ ਕਰ ਲਵੋ, ਕਿ ਏਸ ਯੁੱਧ ਵਿਚ ਕੌਣ ਜਿੱਤਿਆ ? ਅੰਗਰੇਜ਼ ਜਾਂ ਸਿੱਖ ?

ਏਸ ਰਾਤ ਅੰਗਰੇਜ਼ ਬੜੀ ਡਾਵਾਂ-ਡੋਲ ਹਾਲਤ ਵਿਚ ਸਨ। ਉਹਨਾਂ ਦਾ

**ਅੰਗਰੇਜ਼ਾਂ ਦੀ ਹਾਲਤ**

ਸਾਮਾਨ-ਰਸਦ ਸਭ ਕੁਝ ਮੈਦਾਨ ਵਿਚ ਡੁੱਲ੍ਹਿਆ ਪਿਆ ਸੀ, ਤੇ ਸਿਪਾਹੀ ਪਾਣੀ ਖੁਣੋਂ ਤਿਹਾਏ ਤੜਪ ਰਹੇ ਸਨ। ਕੋਈ ਜਰਨੈਲ ਤੇ ਗਫ਼ ਆਪ ਵੀ ਮੈਦਾਨ ਛੱਡ ਜਾਣ ਦੇ ਹੱਕ ਵਿਚ ਸੀ। ਅੰਤ ਉਹ ਮੋਰਚਾ

---

oThe Rajas of the Punjab.

[]History of the Sepoy War, Vol. II, P. 419

*ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੧੩੭ ਤੇ ੧੪੦।

ਛੱਡ ਕੇ ਦੋ ਮੀਲ ਪਿੱਛੇ ਹਟ ਆਇਆ। ਸਾਰੀ ਰਾਤ ਏਹਾ ਡਰ ਰਿਹਾ, ਕਿ ਸਿੱਖ ਹੁਣ ਵੀ ਨਾ ਆ ਪੈਣ। ਏਸ ਲੜਾਈ ਦੇ ਸਮਾਚਾਰ ਸੁਣ ਕੇ ਵਲਾਇਤ ਵਿਚ ਕੁਰਲਾਹਟ ਮੱਚ ਗਿਆ। ਓਥੋਂ ਦੇ ਲੋਕ ਏਥੋਂ ਤੱਕ ਘਬਰਾਏ, ਕਿ 'ਗਫ' ਨੂੰ ਉਸ ਦੇ ਅਹੁਦੇ ਤੋਂ ਹਟਾ ਕੇ ਉਸ ਦੀ ਥਾਂ ਨੇਪੀਅਰ ਨੂੰ ਪਰਧਾਨ ਸੈਨਾਪਤੀ (ਜੰਗੀ ਲਾਟ) (Commander-in-Chief) ਬਣਾ() ਦਿੱਤਾ। ਪਰ ਨਵੇਂ ਸੈਨਾਪਤੀ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਹੀ ਗੁਜਰਾਤ ਵਿਚ ਸਿੱਖ ਹਾਰ ਗਏ, ਸੋ 'ਗਫ' ਦੀ ਇਜ਼ਤ ਬਣੀ ਰਹਿ ਗਈ।

ਹੁਣ ਸਿੱਖ 'ਰਸੂਲ' ਵਿਚ ਤੇ ਅੰਗਰੇਜ਼ ਚੇਲੀਆਂ ਵਾਲੀ ਵਿਚ ਕਈ ਦਿਨ ਬੈਠੇ ਰਹੇ। ਕਈ ਲਿਖਾਰੀ ਸੁਆਲ ਕਰਦੇ ਹਨ, ਕਿ ਚੇਲੀਆਂ ਵਾਲੀ ਵਿਚ ਜਿੱਤ ਪਰਾਪਤ ਕਰ ਕੇ ਰਾਜਾ ਸ਼ੇਰ ਸਿੰਘ ਐਨੇ ਦਿਨ ਕਿਉਂ ਚੁੱਪ ਕਰਕੇ ਬੈਠਾ ਰਿਹਾ ? ਜਦਕਿ ਅੰਗਰੇਜ਼ਾਂ ਦੀ ਹਾਲਤ ਉਸ ਵੇਲੇ ਬੜੀ ਤਰਸ ਯੋਗ ਸੀ। ਜੇ ਸਿੱਖ ਅਗਲੇ ਦਿਨ ਅੰਗਰੇਜ਼ਾਂ ਉਤੇ ਹਮਲਾ ਕਰ ਦੇਂਦੇ, ਤਾਂ ਉਹ ਜ਼ਰੂਰ ਜਿੱਤ ਪਰਾਪਤ ਕਰਦੇ। ਸੋ, ਸਿੱਖਾਂ ਨੇ ਕਿਉਂ ਹਮਲਾ ਨਾ ਕੀਤਾ ? ਇਸ ਦਾ ਠੀਕ ਉੱਤਰ ਭਾਲਣ ਵਾਸਤੇ ਰਾਜਾ ਸ਼ੇਰ ਸਿੰਘ ਦੀ ਹਾਲਤ ਨੂੰ ਸਮਝਣਾ ਜ਼ਰੂਰੀ ਹੈ। ਰਾਜਾ ਸ਼ੇਰ ਸਿੰਘ ਉਸ ਵੇਲੇ ਕਿਸੇ ਮੁਲਕ ਜਾਂ ਇਲਾਕੇ ਦਾ ਹੁਕਮਰਾਨ ਨਹੀਂ ਸੀ, ਸਗੋਂ ਇਕ 'ਬਾਗੀ' ਸੀ। ਏਨੀ ਵੱਡੀ ਸਰਕਾਰ ਅੰਗਰੇਜ਼ੀ—ਜੋ ਲਗਭਗ ਸਾਰੇ ਹਿੰਦੁਸਤਾਨ ਦੀ ਹੁਕਮਰਾਨ ਸੀ—ਉਸ ਦੇ ਵਿਰੁੱਧ ਸੀ। ਉਸ ਦੇ ਆਪਣੇ ਮੁਲਕ ਦੀ ਸਰਕਾਰ—ਲਾਹੌਰ ਦਰਬਾਰ—ਟਾਕਰੇ ਉੱਤੇ ਸੀ। ਜਿਸ ਇਲਾਕੇ ਵਿਚ ਉਹਨੂੰ ਲੜਨਾ ਪਿਆ, ਉਹ ਲਗਭਗ ਸਾਰਾ ਮੁਸਲਮਾਨਾਂ ਦਾ ਸੀ, ਜਿਸ ਵਸੋਂ ਤੋਂ ਉਹਨੂੰ ਮਦਦ ਦੀ ਕੋਈ ਆਸ ਨਹੀਂ ਸੀ, ਤੇ ਨਾ ਹੀ ਏਸ ਮੁਸਲਮਾਨ ਵਸੋਂ ਨੇ ਉਸਦੀ ਕੋਈ ਸਹਾਇਤਾ ਕੀਤੀ, ਸਗੋਂ ਉਹ ਅੰਗਰੇਜ਼ਾਂ ਦੀ ਸਹਾਇਤਾ ਕਰਦੇ ਰਹੇ। ਉਸ ਦੀ ਫ਼ੌਜ ਦੇ ਕਈ ਸਰਦਾਰ ਉਹ ਸਨ, ਜੋ ਕੇਵਲ ਸਿਪਾਹੀਆਂ ਤੋਂ ਡਰਦੇ ਬਾਗ਼ੀ ਹੋਏ ਸਨ। ਰੇਜ਼ੀਡੈਂਟ ਤੇ ਗਵਰਨਰ-ਜੈਨਰਲ ਦੇ ਐਲਾਨ ਨੇ ਉਹਨਾਂ ਦੇ ਖ਼ਿਆਲਾਂ ਵਿਚ ਹਲਚਲ ਮਚਾਈ ਹੋਈ

ਅਗਲੇ ਦਿਨ ਸ਼ੇਰ ਸਿੰਘ ਨੇ ਕਿਉਂ ਹਮਲਾ ਨਾ ਕੀਤਾ

()ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੧੪੪।

ਸੀ। ਉਹ ਅਜੇ ਵੀ ਦਿਲੋਂ ਅੰਗਰੇਜ਼ਾਂ ਨਾਲ ਸੁਲ੍ਹਾ ਕਰ ਲੈਣੀ ਚਾਹੁੰਦੇ ਸਨ। ਰਾਜਾ ਸ਼ੇਰ ਸਿੰਘ ਦੀ ਵੀ ਇਹ ਇੱਛਿਆ ਸੀ, ਕਿ ਅੰਗਰੇਜ਼ਾਂ ਨਾਲ ਐਸੇ ਢੰਗ ਦੀ ਸੁਲ੍ਹਾ ਹੋ ਜਾਏ, ਜਿਸ ਨਾਲ ਮਹਾਰਾਜਾ ਦਲੀਪ ਸਿੰਘ ਦਾ ਰਾਜ ਬਣਿਆ ਰਹੇ। ਤੇ ਦੂਜੀ ਖ਼ਾਸ ਵਜ੍ਹਾ ਇਹ ਹੈ, ਕਿ ਰਾਜਾ ਸ਼ੇਰ ਸਿੰਘ ਕੋਲ ਏਨੀ ਫ਼ੌਜ ਤੇ ਸਾਮਾਨ ਕਦੇ ਵੀ ਨਹੀਂ ਹੋਇਆ ਸੀ, ਕਿ ਉਹ 'ਗਫ' ਦੀ ਫ਼ੌਜ ਨੂੰ ਘੇਰਾ ਪਾ ਸਕੇ ਤੇ ਵਧ ਕੇ ਆਪ ਉਸ ਉਤੇ ਹਮਲਾ ਕਰ ਸਕੇ। ਨਾ ਉਸ ਕੋਲ ਏਨੇ ਪੈਸੇ ਹੀ ਸਨ, ਕਿ ਉਹ ਸਾਮਾਨ ਖ਼ਰੀਦ ਸਕੇ ਤੇ ਨਵੀਂ ਫ਼ੌਜ ਭਰਤੀ ਕਰ ਸਕੇ। ਰਾਮ ਨਗਰ ਵਿਚ ਉਸ ਕੋਲ ਫ਼ੌਜ ਦੁਸ਼ਮਣ ਨਾਲੋਂ ਬਹੁਤ ਘੱਟ ਸੀ। ਇਹ ਉਸਦੀ ਰਣ-ਚਾਤਰੀ ਸੀ, ਕਿ ਉਹ ਓਥੇ 'ਗਫ' ਤੋਂ ਬਚ ਨਿਕਲਿਆ। ਜਦ ਉਸ ਨੇ ਸੈਦਲਾਪੁਰ ਵਿਚ ਜਿੱਤ ਹਾਸਲ ਕੀਤੀ, ਤਾਂ ਉਸ ਨੂੰ ਆਪਣੀ ਪਿਛਲੀ ਫ਼ੌਜ ਨੂੰ ਨਾਲ ਮਿਲਾਉਣ ਤੇ ਕਾਬੂ ਰੱਖਣ ਦਾ ਬੜਾ ਫ਼ਿਕਰ ਸੀ। ਅੰਤ ਰਾਮ ਨਗਰ ਤੋਂ ਮਾਝੇ ਵੱਲੋ ਵੱਧਣ ਦੀ ਇੱਛਿਆ ਹੁੰਦਿਆਂ ਹੋਇਆਂ ਵੀ, ਏਸ ਪਾਸੇ ਵੱਧਣ ਦਾ ਕੋਈ ਰਾਹ ਨਾ ਵੇਖ ਕੇ, ਉਹ ਲਹਿੰਦੇ ਪਾਸੇ 'ਚੇਲੀਆਂ ਵਾਲੀ' ਵੱਲ ਚਲਿਆ ਗਿਆ। ਅਸਲ ਵਿੱਚ ਸਿੱਖ ਅੱਗੋ ਅੱਗੇ ਤੇ ਅੰਗਰੇਜ਼ ਸ਼ਕਾਰੀਆਂ ਵਾਂਗ ਮਗਰ ਮਗਰ ਪਿੱਛਾ ਦਬਾਈ ਫਿਰਦੇ ਸਨ। ਜਿੱਥੇ ਕਿਤੇ ਟਾਕਰਾ ਹੋ ਪੈਂਦਾ ਸੀ, ਸ਼ਕਾਰੀਆਂ ਦੇ ਹੰਢੇ ਹੋਏ ਭੁੱਖੇ ਸ਼ੇਰ ਵਾਂਗ, ਸਿੱਖ ਛਿੱਥੇ ਪੈ ਕੇ ਵੈਰੀ ਦੇ ਗਲ ਪੈ ਜਾਂਦੇ ਸਨ। 'ਚੇਲੀਆਂ ਵਾਲੀ' ਵਿਚ ਸ਼ੇਰ ਸਿੰਘ ਕੋਲ ਸਿਪਾਹੀ ਤਾਂ ਕਾਫ਼ੀ ਸਨ, ਪਰ ਜੰਗੀ ਸਾਮਾਨ ਐਨਾ ਨਹੀਂ ਸੀ, ਕਿ ਉਹ ਖੁੱਲ੍ਹੇ ਦਿਲ ਨਾਲ ਤੋਪਾਂ ਤੇ ਬੰਦੂਕਾਂ ਤੋਂ ਕੰਮ ਲੈ ਸਕਦੇ। ਉਹਨਾਂ ਨੂੰ ਸਾਮਾਨ ਬੜਾ ਸੰਭਲ ਸੰਭਲ ਕੇ ਵਰਤਣਾ ਪੈਂਦਾ ਸੀ, ਤਾਂਕਿ ਉਹ ਵਧੇਰੇ ਦਿਨ ਲੰਘ ਸੱਕਿ। ਤੇ ਹੋਰ ਕਿਤੋਂ ਸਾਮਾਨ ਦੇ ਆ ਜਾਣ ਦੀ ਆਸ ਨਹੀਂ ਸੀ। ਖ਼ਾਸ ਕਰ ਖ਼ੁਰਾਕ ਦਾ ਸਾਮਾਨ ਸਿੱਖਾਂ ਕੋਲ ਬੜਾ ਥੋੜ੍ਹਾ ਸੀ*। ਉਹ ਖੇਤਾਂ ਵਿਚੋਂ ਗਾਜਰਾਂ, ਗੋਂਗਲੂ ਤੇ ਸਰ੍ਹੋਂ ਦਾ ਸਾਗ ਖੋਹ ਤੋੜ ਕੇ ਗੁਜ਼ਾਰਾ ਕਰਦੇ ਸਨ। ਦੱਸੋ, ਇਸ ਹਾਲਤ ਵਿਚ ਰਾਜਾ ਸ਼ੇਰ ਸਿੰਘ ਦੁਸ਼ਮਣ ਉੱਤੇ ਕਿਵੇਂ ਹੱਲਾ ਕਰ ਸਕਦਾ ਸੀ ?

---

*ਏਸ ਇਲਾਕੇ ਵਿਚ ਫਿਰ ਕੇ ਮੈਂ ਲੜਾਈ ਦੇ ਸਾਰੇ ਪੜਾਅ ਵੇਖੇ। ਬੁੱਢੇ ਬਾਬੇ ਆਪਣੇ ਵੱਡਿਆਂ ਤੋਂ ਸੁਣੀਆਂ ਗੱਲਾਂ ਕਰਦੇ ਸਨ, ਕਿ ਸਿੱਖਾਂ ਕੋਲ ਖਾਣ ਨੂੰ ਕੁਝ ਨਹੀਂ ਸੀ। ਉਹ ਖੇਤਾਂ ਵਿਚੋਂ ਗਾਜਰਾਂ, ਸਰ੍ਹੋਂ ਦੇ ਪੱਤੇ ਤੇ ਛੋਲਿਆਂ ਦੀ ਪੱਲੀ ਖਾ ਕੇ ਗੁਜ਼ਾਰਾ ਕਰਦੇ ਸਨ । ਅੰਗਰੇਜ਼ਾਂ ਤੋਂ ਡਰਦੇ ਲੋਕ, ਸਿੱਖਾਂ ਨੂੰ ਮੁੱਲ ਨੂੰ ਵੀ ਕੋਈ ਚੀਜ਼ ਨਹੀਂ ਸਨ ਦੇਂਦੇ। 'ਕਰਤਾ'

ਅਸਲ ਵਿਚ ਸ਼ੇਰ ਸਿੰਘ ਦੀਆਂ ਸਾਰੀਆਂ ਗੋਂਦਾਂ ਸਮੇਂ ਨੇ ਮਿੱਟੀ ਵਿਚ ਮਿਲਾ ਦਿੱਤੀਆਂ ਸਨ। ਉਹ ਆਪਣੇ ਪਿਤਾ (ਸ. ਚਤਰ ਸਿੰਘ) ਨੂੰ ਨਾਲ ਲੈ ਕੇ ਮਾਝੇ ਵਿਚ ਬਾਗ਼ੀ ਫੌਜ ਖਿਲਾਰ ਦੇਣਾ ਚਾਹੁੰਦਾ ਸੀ। ਮਾਝੇ ਵਿਚ ਸਿੱਖਾਂ ਦੀ ਬਹੁਤੀ ਵਸੋਂ ਸੀ ਤੇ ਏਥੇ ਉਹਨੂੰ ਸਹਾਇਤਾ ਦੀ ਵਧੇਰੇ ਆਸ ਸੀ। ਜੇ ਉਹ ਏਸ ਚਾਲ ਵਿਚ ਸਫਲ ਹੋ ਜਾਂਦਾ, ਤੇ ਰਾਮ ਨਗਰ ਤੇ ਚੇਲੀਆਂ ਵਾਲੀ ਦੀ ਥਾਂ ਇਹ ਲੜਾਈਆਂ ਅਟਾਰੀ ਤੇ ਅੰਮ੍ਰਿਤਸਰ ਹੁੰਦੀਆਂ, ਤਾਂ ਰਾਜਾ ਸ਼ੇਰ ਸਿੰਘ ਨੂੰ ਗੁਜਰਾਤ ਵਾਲਾ ਦਿਨ ਨਾ ਵੇਖਣਾ ਪੈਂਦਾ। ਉਸਦੇ ਮਾਝੇ ਵਿਚ ਆਉਣ ਨਾਲ ਏਸ ਇਲਾਕੇ ਵਿਚ ਵੀ ਬਗ਼ਾਵਤ ਹੋ ਜਾਣੀ ਔਖੀ ਨਹੀਂ ਸੀ। ਪੱਛਮੀ ਪੰਜਾਬ ਵਿਚ ਤਾਂ ਬਗ਼ਾਵਤ ਦੀ ਅੱਗ ਭੜਕੀ ਹੋਈ ਸੀ, ਜੇ ਮਾਝੇ ਵਿਚ ਵੀ ਭੜਕ ਪੈਂਦੀ, ਤਾਂ ਬੁਝਾਉਣੀ ਔਖੀ ਹੋ ਜਾਂਦੀ। ਸ਼ੇਰ ਸਿੰਘ ਦੀ ਇਹ ਇੱਛਿਆ ਸੀ, ਕਿ ਲੜਾਈ ਲੰਮੀ ਹੋ ਜਾਏ, ਤਾਂ ਜੋ ਵੇਖੋ ਵੇਖੀ ਹੋਰ ਕਈ ਥਾਂਵਾਂ ਤੇ ਵੀ ਬਗ਼ਾਵਤ ਹੋ ਜਾਵੇ। ਪਰ ਬਹੁਤ ਸਾਰੇ ਸਿੱਖ ਸਰਦਾਰ ਦਿਲੋਂ ਅੰਗਰੇਜ਼ਾਂ ਦੇ ਵਫ਼ਾਦਾਰ ਰਹੇ ਤੇ ਉਨ੍ਹਾਂ ਆਪੋ ਆਪਣੇ ਇਲਾਕਿਆਂ ਵਿਚ ਬਗ਼ਾਵਤ ਨਾ ਹੋਣ ਦਿੱਤੀ।

ਹੁਣ ਦੋਵੇਂ ਧਿਰਾਂ, ਗਫ ਮੁਲਤਾਨ ਵਾਲੀ ਫ਼ੌਜ ਨੂੰ ਤੇ ਸ਼ੇਰ ਸਿੰਘ ਆਪਣੇ ਪਿਤਾ ਨੂੰ ਉਡੀਕਣ ਲੱਗੇ। ੧੫ ਜਨਵਰੀ ਨੂੰ ਬਾਰਸ਼ ਸ਼ੁਰੂ ਹੋ ਗਈ, ਜੋ ਲਗਾਤਾਰ ਤਿੰਨ ਦਿਨ ਰਹੀ।

ਸ: ਚਤਰ ਸਿੰਘ ਨੇ ਹਰੀਪੁਰ ਤੋਂ ਅੱਗੇ ਵੱਧ ਕੇ ਅਟਕ 'ਤੇ ਕਬਜ਼ਾ ਕਰ ਲਿਆ। ਕੁਛ ਫੌਜ ਏਥੇ ਛੱਡ ਕੇ ੧੯ ਜਨਵਰੀ ਨੂੰ ਉਹ ਰਸੂਲ ਵਿੱਚ ਰਾਜਾ ਸ਼ੇਰ ਸਿੰਘ ਨਾਲ ਆ ਮਿਲਿਆ।

ਕੁਛ ਅੰਗਰੇਜ਼ ਸਿੱਖਾਂ ਦੇ ਕੈਦੀ ਸਨ। ਸਿੱਖਾਂ ਨੇ ਉਹਨਾਂ ਕੈਦੀਆਂ ਨਾਲ ਬੜਾ ਚੰਗਾ ਸਲੂਕ ਕੀਤਾ, ਜਿਸਦੀ ਉਪਮਾ ਸਾਰੇ ਇਤਿਹਾਸਕਾਰ ਕਰਦੇ ਹਨ। ਰਾਜਾ ਸ਼ੇਰ ਸਿੰਘ ਨੇ ਆਪਣੇ ਕੈਦੀ ਅੰਗਰੇਜ਼ਾਂ (ਲੈਫ਼ਟੀਨੈਂਟ ਬੋਵੀ (Bowie ਤੇ ਕੁਛ ਹੋਰ) ਨੂੰ ਮੁੜ ਆਉਣ ਦੇ ਇਕਰਾਰ ਉਤੇ ਗਫ ਦੇ ਡੇਰੇ ਜਾਣ ਦੀ ਆਗਿਆ ਦੇ ਦਿੱਤੀ। ਸ: ਚਤਰ ਸਿੰਘ ਨੇ ਜਾਰਜ ਲਾਰੰਸ (ਜੋ ਉਸਦਾ ਕੈਦੀ ਸੀ) ਨੂੰ ਲਾਹੌਰ ਜਾਣ ਦੀ ਆਗਿਆ ਦੇ ਦਿੱਤੀ। ਅਸਲ ਵਿੱਚ ਸਿੱਖ ਛੇਤੀ ਤੋਂ ਛੇਤੀ ਅੰਗਰੇਜ਼ਾਂ ਨਾਲ ਸੁਲ੍ਹਾ ਕਰ ਲੈਣ ਦੇ ਚਾਹਵਾਨ ਸਨ। ਇਹ ਕੰਮ ਉਹ ਇਹਨਾਂ ਕੈਦੀ ਅੰਗਰੇਜ਼ਾਂ ਰਾਹੀਂ ਕਰਾਨਾ ਚਾਹੁੰਦੇ ਸਨ। ਉਨ੍ਹਾਂ

ਸੁਲ੍ਹਾ ਤਾਂ ਕੀ ਕਰਾਉਣੀ ਸੀ, ਸਿੱਖ ਫ਼ੌਜ ਦੀਆਂ ਕਮਜ਼ੋਰੀਆਂ ਜ਼ਰੂਰ ਆਪਣੇ ਅਫ਼ਸਰਾਂ ਨੂੰ ਦੱਸੀਆਂ। ਹੋ ਸਕਦਾ ਏ, ਉਹਨਾਂ ਸਿੱਖਾਂ ਨੂੰ ਸੁੱਲ੍ਹਾ ਦਾ ਲਾਰਾ ਵੀ ਦਿੱਤਾ ਹੋਵੇ। ਅਸਲ ਵਿੱਚ ਲਾਰਡ 'ਗਫ' ਦੀ ਇਹ ਭਾਰੀ ਇੱਛਿਆ ਸੀ, ਕਿ ਲੜਾਈ ਓਨਾ ਚਿਰ ਬੰਦ ਰਹੇ, ਜਿੰਨਾ ਚਿਰ ਮੁਲਤਾਨ ਵਾਲੀ ਫ਼ੌਜ ਤੇ ਵੱਡੀਆਂ ਤੋਪਾਂ ਪਿਛੋਂ ਨਹੀਂ ਆ ਜਾਂਦੀਆਂ। ਅੰਗਰੇਜ਼ ਕੈਦੀਆਂ ਨੇ ਗਫ਼ ਨੂੰ ਸਮਝਾਂ ਦਿੱਤਾ ਸੀ, ਕਿ ਸਿੱਖਾਂ ਉੱਤੇ ਫ਼ਤਹਿ ਹਾਸਲ ਕਰਨ ਵਾਸਤੇ ਵੱਡੀਆਂ ਤੋਪਾਂ ਦੀ ਬੜੀ ਲੋੜ ਹੈ।

'ਗਫ' ਨੂੰ ੨੫ ਜਨਵਰੀ ਨੂੰ ਖ਼ਬਰ ਮਿਲੀ, ਕਿ ਮੁਲਤਾਨ ਫ਼ਤਹਿ ਹੋ ਗਿਆ ਹੈ। ਓਥੋਂ ਦੀ ਬਹੁਤ ਸਾਰੀ ਫ਼ੌਜ ੧੨ ਫ਼ਰਵਰੀ ਨੂੰ 'ਗਫ' ਨਾਲ ਆ ਮਿਲੀ। ਜੋ ਥੋੜ੍ਹੀ ਬਹੁਤੀ ਪਿੱਛੇ ਰਹੀ, ੨੦ ਫ਼ਰਵਰੀ ਤੱਕ ਪੁੱਜ ਗਈ।

੧੪ ਫ਼ਰਵਰੀ ਨੂੰ ਰਾਤੋ ਰਾਤ ਸਿੱਖ ਰਸੂਲ ਛੱਡ ਕੇ ਗੁਜਰਾਤ ਨੂੰ ਤੁਰ ਪਏ। ਦਿਨੇ ਗਫ ਨੂੰ ਖ਼ਬਰ ਮਿਲ ਗਈ, ਰਾਜਾ ਸ਼ੇਰ ਸਿੰਘ ਫੌਜ ਲੈ ਕੇ ਲਾਹੌਰ ਉੱਤੇ ਕਬਜ਼ਾ ਕਰਨ ਵਾਸਤੇ ਜਾ ਰਿਹਾ ਹੈ। ਇਸ ਵੇਲੇ ਗਫ਼ ਬੜਾ ਘਬਰਾਇਆ। ਜੇ ਰਾਜਾ ਸ਼ੇਰ ਸਿੰਘ ਲਾਹੌਰ ਉੱਤੇ ਕਬਜ਼ਾ ਕਰ ਲੈਂਦਾ, ਤਾਂ ਅੰਗਰੇਜ਼ਾਂ ਵਾਸਤੇ, ਉਸਨੂੰ ਫ਼ਤਹਿ ਕਰਨਾ ਔਖਾ ਹੋ ਜਾਂਦਾ। ਗਫ ਆਪਣੀ ਫ਼ੌਜ ਲੈ ਕੇ ਅੱਗਲਵਾਂਢੀ ਸ਼ੇਰ ਸਿੰਘ ਦਾ ਰਾਹ ਰੋਕਣ ਵਾਸਤੇ ਉਠ ਨੱਠਾ। ਅੰਤ ੨੦ ਫ਼ਰਵਰੀ ਸ਼ਾਮ ਨੂੰ ਦੋਵੇਂ ਦਲ ਗੁਜਰਾਤ ਕੋਲ ਕੱਠੇ ਹੋ ਗਏ।

**ਜੰਗ ਗੁਜਰਾਤ**
**੨੧ ਫ਼ਰਵਰੀ**

ਰਾਜਾ ਸ਼ੇਰ ਸਿੰਘ ਕੋਲ ਇਸ ਵੇਲੇ ੩੦-੩੨ ਹਜ਼ਾਰ ਫ਼ੌਜ (ਜਿਨ੍ਹਾਂ ਵਿਚ ਦੋਸਤ ਮੁਹੰਮਦ ਖ਼ਾਨ ਕਾਬਲੀਏ ਦੇ ਘੱਲੇ ਹੋਏ ੧੫੦੦ ਪਠਾਣ ਵੀ ਸਨ) ਤੇ ੬੦ ਤੋਪਾਂ ਸਨ। ਏਨਾ ਕੁਛ ਹੁੰਦਿਆਂ ਹੋਇਆਂ ਵੀ ਸ਼ੇਰ ਸਿੰਘ 'ਗਫ' ਦਾ ਟਾਕਰਾ ਕਰਨ ਦੇ ਯੋਗ ਨਹੀਂ ਸੀ, ਕਿਉਂਕਿ ਸ਼ੇਰ ਸਿੰਘ ਕੋਲ ਸਾਮਾਨ ਖ਼ੁਰਾਕ ਤੇ ਦਾਰੂ ਸਿੱਕਾ ਅਸਲੋਂ ਥੋੜ੍ਹਾ ਸੀ। ਦੂਜੇ ਪਾਸੇ ਗਫ ਕੋਲ ਡਿਉਢੀ ਨਾਲੋਂ ਵਧੇਰੇ ਫੌਜ ਤੇ ਤਿੰਨ ਗੁਣਾਂ ਨਾਲੋਂ ਬਹੁਤੀਆਂ ਤੋਪਾਂ ਸਨ। ਏਸ ਲੜਾਈ ਵਿਚ ਅੰਗਰੇਜ਼ਾਂ ਨੇ ਜਿੰਨੀਆਂ ਤੋਪਾਂ ਵਰਤੀਆਂ, ਸਾਰੇ ਹਿੰਦੁਸਤਾਨ ਵਿਚ ਹੋਰ ਕਿਸੇ ਲੜਾਈ ਵਿਚ ਨਹੀਂ ਵਰਤੀਆਂ। ਵੱਡੇ ਮੂੰਹ ਵਾਲੀਆਂ ਬੜੀਆਂ ਭਾਰੀਆਂ ਤੋਪਾਂ ਏਥੇ ਕੱਠੀਆਂ ਕੀਤੀਆਂ ਗਈਆਂ। ੨੧ ਫ਼ਰਵਰੀ ੧੮੪੯ ਈ: ਦਾ ਸੂਰਜ ਅਜੇ ਚੜ੍ਹਨ

ਵਾਲਾ ਸੀ, ਜਾਂ ਦੋਹਾਂ ਧਿਰਾਂ ਦੀਆਂ ਤੋਪਾਂ ਨੇ ਅੱਗ ਵਰ੍ਹਾਉਣੀ ਆਰੰਭ ਦਿੱਤੀ। ਤਿੰਨ ਘੰਟੇ ਲਗਾਤਾਰ ਗੋਲੇ ਪੈਂਦੇ ਰਹੇ, ਪਰ ਕੋਈ ਪਾਸਾ ਵੀ ਆਪਣੇ ਪੈਂਤੜਿਆਂ ਤੋਂ ਹਿੱਲਿਆ ਨਾ। ਜਿਉਂ-ਜਿਉਂ ਬਾਰੂਦ ਸਿੱਕਾ ਮੁਕਦਾ ਜਾਂਦਾ, ਤਿਉਂ-ਤਿਉਂ ਰਾਜਾ ਸ਼ੇਰ ਸਿੰਘ ਦਾ ਦਿਲ ਘਬਰੱਾ ਰਿਹਾ ਸੀ। ਅੰਤ ਉਸਨੇ ਇਕ ਆਖ਼ਰੀ ਹੱਲਾ ਕਰ ਕੇ ਆਪਣੀ ਕਿਸਮਤ ਅਜ਼ਮਾਉਣੀ ਚਾਹੀ। ਸਿੱਖ ਆਪਣੀਆਂ ਛੋਟੀਆਂ ਛੋਟੀਆਂ ਤੋਪਾਂ ਲੈ ਕੇ ਅੱਗੇ ਵਧੇ। ਉਧਰ ਲਾਰਡ 'ਗਾਫ' ਆਪ ਤੋਪਖ਼ਾਨੇ ਵਿਚ ਖਲਾ ਤੋਪਾਂ ਚਲਵੱਾ ਰਿਹਾ ਸੀ। ਸਿੱਖਾਂ ਨੇ ਏਸੇ ਮੋਰਚੇ ਉੱਤੇ ਹੱਲਾ ਕੀਤਾ। ਉਹ ਮਰਦੇ ਮਾਰਦੇ ਨੇੜੇ ਪਹੁੰਚੇ। ਇਸ ਵੇਲੇ 'ਗਾਫ' ਦੇ ਬਾਡੀਗਾਰਡ (ਜਾਨ ਦੀ ਰਖਵਾਲੀ ਫ਼ੌਜ) ਵੀ ਘਬਰੱਾ ਉਠੇ। ਉਹਨਾਂ ਬੜੇ ਕਹਿਰ ਦੀ ਅੱਗ ਵਰ੍ਹਾਈ। ਐਨ ਏਸ ਵੇਲੇ ਸਿੱਖਾਂ ਦਾ ਬਾਰੂਦ ਮੁੱਕ ਗਿਆ। ਉਨ੍ਹਾਂ ਦੀਆਂ ਖ਼ਾਲੀ ਤੋਪਾਂ ਚਲਣੋਂ ਬੰਦ ਹੋ ਗਈਆਂ। ਬੰਦੂਕਾਂ ਬੇਕਾਰ ਰਹਿ ਗਈਆਂ। ਅਜੇ ਵੀ ਉਹਨਾਂ ਹੌਸਲਾ ਨਾ ਹਾਰਿਆ, ਤਲਵਾਰਾਂ ਧੂਹ ਲਈਆਂ ਤੇ ਵੈਰੀ ਦੇ ਤੋਪਖ਼ਾਨੇ 'ਤੇ ਹੱਲਾ ਬੋਲ ਦਿੱਤਾ। ਅੰਗਰੇਜ਼ਾਂ ਨੇ ਏਸ ਵਧੀ ਹੋਈ ਫ਼ੌਜ ਉਤੇ ਤਿੰਨਾਂ ਪਾਸਿਆਂ ਤੋਂ ਐਨੇ ਕਹਿਰ ਵਿਚ ਤੋਪਾਂ ਚਲਾਈਆਂ, ਕਿ ਸਭ ਨੂੰ ਸਦਾ ਦੀ ਨੀਂਦ ਸੁਆ ਦਿੱਤਾ। ਹੁਣ ਇਕ ਪਾਸੇ ਤੋਪਾਂ ਤੇ ਇਕ ਪਾਸੇ ਨਿਰੀਆਂ ਤਲਵਾਰਾਂ ਰਹਿ ਗਈਆਂ। ਥਾਕਵੈੱਲ ਨੇ ਸਿੱਖਾਂ ਦੀ ਸੱਜੀ ਬਾਹੀ 'ਤੇ ਹੱਲਾ ਕੀਤਾ। ਏਸ ਹਿੱਸੇ ਵਿਚ ਦੋਸਤ ਮੁਹੰਮਦ ਦੇ ਭੇਜੇ ਹੋਏ ੧੫੦੦ ਕਾਬਲੀਏ ਪਠਾਣ ਸਨ। ਉਹ ਥਾਕਵੈੱਲ ਦੇ ਹਮਲੇ ਨੂੰ ਸਹਾਰ ਨਾ ਸਕੇ ਤੇ ਮੈਦਾਨ ਛੱਡਕੇ ਭੱਜ ਉਠੇ। ਸਿੱਖਾਂ ਦੇ ਮੋਰਚੇ ਦਾ ਇਹ ਹਿੱਸਾ ਟੁੱਟ ਗਿਆ ਤੇ ਥਾਕਵੈੱਲ ਏਸ ਮੋਰਚੇ ਦੇ ਅੰਦਰ ਆ ਵੜਿਆ। ਉਹਨੇ ਅੰਗਰੇਜ਼ੀ ਰਸਾਲੇ ਨੂੰ ਸਿੱਖਾਂ ਦੇ ਪਿਛਲੇ ਪਾਸੇ ਤੋਂ ਹੱਲਾ ਕਰਨ ਵਾਸਤੇ ਕਿਹਾ। ਅੰਤ ਤੋਪ ਦੇ ਟਾਕਰੇ 'ਤੇ ਤਲਵਾਰ ਕਿੰਨਾ ਚਿਰ ਚੱਲਦੀ। ਸਿੱਖ ਨੱਸਣ ਲੱਗ ਪਏ। ਅੰਗਰੇਜ਼ਾਂ ਨੇ ਤੋਪਾਂ ਅੱਗੇ ਵਧਾਈਆਂ ਤੇ ਬੜੇ ਜ਼ੋਰ ਨਾਲ ਹੱਲਾ ਕੀਤਾ। ਹੁਣ ਸਿੱਖਾਂ ਦੇ ਸਾਰੇ ਮੋਰਚੇ ਟੁੱਟ ਗਏ ਤੇ ਉਹ ਹਰ ਥਾਂ ਮੈਦਾਨ ਛੱਡ ਕੇ ਨੱਸ ਪਏ। ਨੱਸੇ ਜਾਂਦੇ ਸਿੱਖਾਂ ਉਤੇ ਅੰਗਰੇਜ਼ਾਂ ਨੇ ਹੱਲਾ ਕੀਤਾ। ਏਸ ਸਮੇਂ ਮਰਦੇ ਸਿੱਖਾਂ ਨੇ ਵੀ ਆਪਣੀ ਅਨੋਖੀ ਬਹਾਦਰੀ ਵਿਖਾਈ। ਉਹ ਖੱਬੇ ਹੱਥ ਨਾਲ ਦੁਸ਼ਮਣ ਦੀ ਸੰਗੀਨ ਫੜ ਲੈਂਦੇ ਤੇ ਸੱਜੇ ਹੱਥ ਵਾਲੀ ਤਲਵਾਰ ਨਾਲ ਸਿਰ ਧੜ ਤੋਂ ਵੱਖ ਕਰ ਦੇਂਦੇ। ਜਿੰਨੇ ਵੀ ਉਹ ਘੇਰੇ ਵਿੱਚ ਆ ਜਾਂਦੇ, ਦੁਸ਼ਮਣ ਅੱਗੇ

ਹਥਿਆਰ ਰੱਖਣ ਦੀ ਥਾਂ ਅੱਗੋ ਟਾਕਰਾ ਕਰਦੇ ਤੇ ਕਈਆਂ ਨੂੰ ਮਾਰ ਕੇ, ਆਪ ਸਦਾ ਦੀ ਨੀਂਦੇ ਸੌਂ ਜਾਂਦੇ। ਨੰਦ ਕੁਮਾਰ ਦੇਵ ਸ਼ਰਮਾ ਲਿਖਦਾ ਹੈ, "ਹਾਰ ਜਾਣ 'ਤੇ ਵੀ ਸਿੱਖਾਂ ਨੇ ਪ੍ਰਾਣਾਂ ਦੀ ਭਿੱਛਿਆ ਨਹੀਂ ਮੰਗੀ। ਉਹ, ਮੌਤ ਨੂੰ ਪ੍ਰਾਣ ਪਿਆਰੀ ਸਮਝ ਕੇ ਗਲ ਲਾਉਣ ਲੱਗੇ। ਸਿੱਖਾਂ ਨੇ ਜਾਨ ਬਖ਼ਸ਼ੀ ਵਾਸਤੇ ਪ੍ਰਾਰਥਨਾ ਨਹੀਂ ਕੀਤੀ। ਅੰਗਰੇਜ਼ਾਂ ਨੇ ਵੀ ਨਿਹੱਥੇ ਵੈਰੀਆਂ ਉੱਤੇ ਕੋਈ ਦਯਾ ਨਾ ਕੀਤੀ। ਅਨੇਕਾਂ ਨਿਹੱਥੇ ਸਿੰਘ ਦਰਖ਼ਤਾਂ ਉੱਤੇ ਚੜ੍ਹ ਗਏ। ਅੰਗਰੇਜ਼ਾਂ ਨੇ ਗੋਲੀਆਂ ਮਾਰ ਕੇ ਉਹਨਾਂ ਨੂੰ ਥੱਲੇ ਡੇਗ ਦਿੱਤਾ।"* ਏਸੇ ਘਟਨਾ ਬਾਰੇ ਥਾਕਵੈੱਲ ਲਿਖਦਾ ਹੈ, "ਏਸ ਲੜਾਈ ਵਿਚ ਅੰਗਰੇਜ਼ੀ ਰਸਾਲੇ ਨੇ ਜੋ ਖ਼ੂਨ ਖ਼ਰਾਬਾ ਕੀਤਾ, ਉਹ ਬੜਾ ਭਿਆਨਕ ਸੀ। ਹਾਰੇ ਹੋਏ ਵੈਰੀ ਉਤੇ ਕਿਸੇ ਤਰ੍ਹਾਂ ਦੀ ਦਯਾ ਨਹੀਂ ਕੀਤੀ ਗਈ। ਹਰ ਇਕ ਸਿੱਖ ਭਾਵੇਂ ਸ਼ਸਤਰਧਾਰੀ ਸੀ, ਜਾਂ ਨਿਹੱਥਾ, ਤਲਵਾਰ ਜਾਂ ਪਸਤੌਲ ਨਾਲ ਮੁਕਾਇਆ ਗਿਆ। ਜਦੋਂ ਕੋਈ ਸਿੱਖ ਦਰਖ਼ਤ 'ਤੇ ਚੜ੍ਹਨਾ ਚਾਹੁੰਦਾ, ਗੋਲੀ ਮਾਰ ਕੇ ਭੋਇੰ 'ਤੇ ਡੇਗ ਦਿੱਤਾ ਜਾਂਦਾ। ਉਸ ਡਿਗਦੇ ਹੋਏ ਸਿੱਖ ਦਾ ਸਿਰ ਤਲਵਾਰ ਨਾਲ ਵੱਢ ਲਿਆ ਜਾਂਦਾ।"**

ਏਸ ਲੜਾਈ ਵਿਚ ਸਿੱਖ ਬੁਰੀ ਤਰ੍ਹਾਂ ਹਾਰੇ। ਉਹਨਾਂ ਦੀਆਂ ੫੬ ਤੋਪਾਂ ਅੰਗਰੇਜ਼ਾਂ ਹੱਥ ਆਈਆਂ। ਏਥੋਂ ਉਹ ਜਿਹਲਮ ਵੱਲ ਵਧੇ। ਮਗਰੇ ਜੈਨਰਲ ਗਿਲਬਰਟ—੧੫ ਹਜ਼ਾਰ ਫ਼ੌਜ ਤੇ ੩੦ ਤੋਪਾਂ ਸਣੇ—ਪਿੱਛਾ ਦਬਾਈ ਗਿਆ। ੬ ਮਾਰਚ ਨੂੰ ਸਿੱਖਾਂ ਨੇ ਅੰਗਰੇਜ਼ ਕੈਦੀ ਛੱਡ ਦਿੱਤੇ।

**ਰਾਜਾ ਸ਼ੇਰ ਸਿੰਘ ਨੇ ਹਥਿਆਰ ਰੱਖਣੇ**

੧੪ ਮਾਰਚ, ੧੮੪੯ ਈ. ਨੂੰ ਜੈਨਰਲ 'ਗਿਲਬਰਟ', ਸ਼ੇਖ਼ ਇਮਾਮੁੱਦੀਨ ਤੇ 'ਐਬਟ' ਨੇ ਰਾਵਲਪਿੰਡੀ ਰਾਜਾ ਸ਼ੇਰ ਸਿੰਘ ਨੂੰ ਜਾ ਘੇਰਿਆ। ਇਸ ਵੇਲੇ ਉਸ ਕੋਲ ਨਾ ਖਾਣ ਵਾਸਤੇ ਕੋਈ ਸਾਮਾਨ ਸੀ, ਨਾ ਲੜਾਈ ਕਰਨ ਵਾਸਤੇ, ਕੇਵਲ ਤਨ ਦੇ ਕੱਪੜੇ ਤੇ ਗਾਤਰੇ ਦੀ ਤਲਵਾਰ ਸੀ। ਏਸ ਤਰ੍ਹਾਂ ਚੁਫੇਰਿਓਂ ਘਿਰ ਜਾਣ 'ਤੇ ਸਿੱਖਾਂ ਨੇ 'ਗਿਲਬਰਟ' ਦੇ ਸਾਮ੍ਹਣੇ ਹਥਿਆਰ ਰੱਖ ਦਿੱਤੇ। ਜੈਨਰਲ 'ਗਿਲਬਰਟ' ਦੇ

*ਪੰਜਾਬ ਹਰਣ ਔਰ ਦਲੀਪ ਸਿੰਹ, ਪੰਨਾ ੧੫੦।

**Narrative of the Second Sikh War, P. 219.

ਸੱਜੇ ਪਾਸੇ ਖਲੋ ਕੇ ਰਾਜਾ ਸ਼ੇਰ ਸਿੰਘ ਨੇ ਇਹ ਕਹਿੰਦਿਆਂ ਹੋਇਆਂ ਤਲਵਾਰ ਰੱਖੀ, "ਅੰਗਰੇਜ਼ਾਂ ਦੇ ਅਨੇਕਾਂ ਜ਼ੁਲਮਾਂ ਦੇ ਕਾਰਨ, ਅਸਾਂ ਇਹ ਯੁੱਧ ਕੀਤਾ ਹੈ। ਆਪਣੇ ਦੇਸ ਦੀ ਰੱਖਿਆ ਵਾਸਤੇ ਅਸੀਂ ਹੁੰਦੇ ਤਾਣ ਲੜੇ ਹਾਂ। ਹੁਣ ਅਸੀਂ ਇਸ ਮੰਦਹਾਲੀ ਵਿਚ ਫਸ ਗਏ ਹਾਂ, ਕਿ ਸਾਡੀ ਸੈਨਾ ਦੇ ਸੂਰਮੇ ਮੈਦਾਨ ਵਿਚ ਸ਼ਹੀਦੀ ਦੀ ਸੇਜ ਉਤੇ ਸਦਾ ਵਾਸਤੇ ਸੌਂ ਗਏ ਹਨ। ਸਾਡੀਆਂ ਤੋਪਾਂ ਤੇ ਹੋਰ ਹਥਿਆਰ ਸਾਡੇ ਹੱਥੋਂ ਨਿਕਲ ਚੁੱਕੇ ਹਨ। ਇਸ ਵੇਲੇ ਅਸੀਂ ਤੰਗ ਆ ਕੇ ਜੀਵਨ ਅਰਪਣ ਕਰਦੇ ਹਾਂ। ਅਸਾਂ ਜੋ ਕੁਛ ਕੀਤਾ ਹੈ, ਓਸ ਬਦਲੇ ਸਾਨੂੰ ਕੋਈ ਪਛਤਾਵਾ ਨਹੀਂ। ਜੋ ਕੁਛ ਅਸਾਂ ਹੁਣ ਕੀਤਾ ਹੈ, ਬਲ ਹੋਣ 'ਤੇ ਭਲਕੇ ਵੀ ਓਹਾ ਕਰਾਂਗੇ।"()

ਇਕ ਇਕ ਸਿਪਾਹੀ ਅੱਗੇ ਆਉਂਦਾ ਤੇ 'ਗਿਲਬਰਟ' ਦੇ ਸਾਮ੍ਹਣੇ ਤਲਵਾਰ ਰੱਖ ਦੇਂਦਾ। ਉਸ ਵੇਲੇ ਉਹਦੀਆਂ ਅੱਖਾਂ ਵਿੱਚੋਂ ਅਰਮਾਨ ਵਹਿੰਦੇ ਦਿਸਦੇ। ਇਉਂ ਜਾਪਦਾ, ਜਿਵੇਂ ਉਹਦੇ ਕੋਲੋਂ ਪ੍ਰਾਣਾਂ ਨਾਲੋਂ ਵੀ ਪਿਆਰੀ ਕੋਈ ਚੀਜ਼ ਖੋਹੀ ਜਾ ਰਹੀ ਹੁੰਦੀ ਹੈ। ਕਈ ਸਿਪਾਹੀ ਉੱਚੀ ਉੱਚੀ ਧਾਹੀਂ ਮਾਰਦੇ ਤੇ ਆਖਦੇ, "ਅੱਜ ਮਹਾਰਾਜਾ ਰਣਜੀਤ ਸਿੰਘ ਮੋਇਆ।" ਇਹ ਦ੍ਰਿਸ਼ ਵੇਖ ਕੇ ਦਿਲ ਪਾਟਦਾ ਸੀ। ਸਭ ਨੇ ਹਥਿਆਰ ਰੱਖ ਦਿੱਤੇ, ਕੇਵਲ ਦੋ ਸਿੱਖਾਂ—ਭਾਈ ਮਹਾਰਾਜ ਸਿੰਘ ਤੇ ਕਰਨਲ ਰਛਪਾਲ ਸਿੰਘ—ਨੇ ਆਪਣੇ ਹਥਿਆਰ ਨਹੀਂ ਰੱਖੇ। ਅੰਗਰੇਜ਼ ਜਰਨੈਲ ਨੇ ਇਹਨਾਂ ਸਿੱਖ ਸਿਪਾਹੀਆਂ ਨੂੰ ਕੁਛ ਰੁਪੈ ਦੇਣੇ ਚਾਹੇ, ਪਰ ਇਹਨਾਂ ਅਣਖੀ ਬੰਦਿਆਂ ਵਿਚੋਂ ਕਿਸੇ ਇਕ ਨੇ ਵੀ ਰੁਪੈ ਲੈਣੇ ਪਰਵਾਨ ਨਾ ਕੀਤੇ। ਰਾਜਾ ਸ਼ੇਰ ਸਿੰਘ, ਸ: ਚਤਰ ਸਿੰਘ ਤੇ ਕੁਛ ਹੋਰ ਸਰਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਬਾਕੀਆਂ ਨੂੰ ਘਰੋ-ਘਰੀ ਜਾਣ ਦੀ ਆਗਿਆ ਦੇ ਦਿੱਤੀ।

ਰਾਜਾ ਸ਼ੇਰ ਸਿੰਘ ਤੇ ਉਸ ਦਾ ਪਿਤਾ—ਸਰਦਾਰ ਚਤਰ ਸਿੰਘ—ਨਜ਼ਰਬੰਦ ਕਰਕੇ ਕਲਕੱਤੇ ਭੇਜ ਦਿੱਤੇ ਗਏ।

ਸਾਰੇ ਪੰਜਾਬ ਵਿਚ ਅਮਨ ਹੋ ਗਿਆ। ਹਰ ਥਾਂ ਬਗ਼ਾਵਤ ਦਬੌਂ ਦਿੱਤੀ ਗਈ। ਹੁਣ ਲਾਰਡ 'ਡਲਹੌਜ਼ੀ' ਦੀ ਚਿਰ ਦੀ ਆਸ ਨੂੰ ਫਲ ਲੱਗਣ

---

()ਪੰਜਾਬ ਹਰਣ ਔਰ ਦਲੀਪ ਸਿੰਹ, ਪੰਨੇ ੧੫੨-੫੩।

ਦਾ ਸਮਾਂ ਆਇਆ। ਉਸ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲੈਣ ਦੀਆਂ ਸ਼ਰਤਾਂ ਲਿਖ ਕੇ ਸਰ 'ਹੈਨਰੀ ਇਲੀਅਟ' (Sir Henry Elliot) ਜੋ ਬਰਤਾਨਵੀ ਕਮਿਸ਼ਨਰ ਸੀ—ਨੂੰ ਰੀਜੈਂਸੀ ਕੌਂਸਲ ਨਾਲ ਫ਼ੈਸਲਾ ਕਰਨ ਬਦਲੇ ਲਾਹੌਰ ਭੇਜਿਆ। 'ਇਲੀਅਟ' ੨੮ ਮਾਰਚ, ੧੮੪੯ ਈ: ਨੂੰ ਲਾਹੌਰ ਪੁੱਜਾ। ਜਦ ਉਹਨੇ ਆਉਣ ਦਾ ਕਾਰਨ ਦੱਸਿਆ, ਤਾਂ ਹੈਨਰੀ ਲਾਰੰਸ ਬੜਾ ਦੁਖੀ ਹੋਇਆ। ਕਿਉਂਕਿ ਉਹ ਪੰਜਾਬ ਨੂੰ ਜ਼ਬਤ ਕਰਨ ਦੇ ਹੱਕ ਵਿਚ ਨਹੀਂ ਸੀ। ਖ਼ੈਰ, ਇਸ ਗੱਲ ਨਾਲ ਕੀ ਫ਼ਰਕ ਪੈ ਚੱਲਿਆ ਸੀ ? 'ਡਲਹੌਜ਼ੀ' ਦੀ ਇੱਛਿਆ ਨੂੰ ਕੌਣ ਟਾਲ ਸਕਦਾ ਸੀ ?

**ਇਲੀਅਟ ਲਾਹੌਰ ਵਿੱਚ**

ਮੁਲਤਾਨ ਦੀ ਬਗ਼ਾਵਤ ਦੀ ਖ਼ਬਰ ਸੁਣ ਕੇ ਹੈਨਰੀ ਲਾਰੰਸ ਵਲਾਇਤ ਤੋਂ ਚੱਲਿਆ ਤੇ ਦਸੰਬਰ ਵਿਚ ਬੰਬਈ ਪਹੁੰਚ ਗਿਆ। ਉਹ ਸਿੱਧਾ ਮੁਲਤਾਨ ਪੁੱਜਾ ਤੇ ਘੇਰਾ ਪਾਉਣ ਵਾਲੀ ਫ਼ੌਜ ਦੀ ਮਦਦ ਕਰਦਾ ਰਿਹਾ। ੯ ਜਨਵਰੀ, ੧੮੪੯ ਈ. ਨੂੰ ਉਹ ਮੁਲਤਾਨੋਂ ਵਾਪਸ ਆ ਕੇ 'ਗਫ' ਦੇ ਡੇਰੇ ਨਾਲ ਮਿਲਿਆ ਤੇ 'ਚੇਲੀਆਂ ਵਾਲੀ' ਦੀ ਲੜਾਈ ਵਿਚ ਸ਼ਾਮਲ ਰਿਹਾ। ੧੮ ਜਨਵਰੀ ਨੂੰ ਵਾਪਸ ਲਾਹੌਰ ਆ ਕੇ ਉਹਨੇ ਰੈਜ਼ੀਡੈਂਟ ਦਾ ਅਹੁਦਾ ਸੰਭਾਲ ਲਿਆ।

**ਹੈਨਰੀ ਲਾਰੰਸ ਫੇਰ ਰੈਜ਼ੀਡੈਂਟ**

੨੮ ਮਾਰਚ ਨੂੰ 'ਹੈਨਰੀ ਇਲੀਅਟ' ਲਾਹੌਰ ਪੁੱਜਾ ਤੇ ਆਉਂਦਿਆਂ ਹੀ ਆਪਣਾ ਕੰਮ ਆਰੰਭ ਦਿੱਤਾ। ਮੈਂ ਆਪਣੇ ਵੱਲੋਂ ਕੁਛ ਨਾ ਲਿਖ ਕੇ 'ਇਲੀਅਟ' ਦੀ ਰੀਪੋਰਟ ਦਾ ਹਵਾਲਾ ਦੇਂਦਾ ਹਾਂ। ਉਹ ਲਿਖਦਾ ਹੈ :*

**ਇਲੀਅਟ ਦੀ ਰਿਪੋਰਟ**

"ਆਉਂਦਿਆਂ ਹੀ ਮੈਂ ਸਰ 'ਹੈਨਰੀ ਲਾਰੰਸ' ਤੇ 'ਜਾਨ ਲਾਰੰਸ' ਨਾਲ ਉਸ ਕੰਮ ਦੀ ਗੱਲ ਬਾਤ ਸ਼ੁਰੂ ਕੀਤੀ, ਜਿਸ ਵਾਸਤੇ ਮੈਂ ਭੇਜਿਆ ਗਿਆ ਸਾਂ। ਪਰ

---

*Report by Mr. Elliot, ਮਿਸਟਰ ਇਲੀਅਟ ਦੀ ਰੀਪੋਰਟ, ੨੯ ਮਾਰਚ, ੧੮੪੯ ਈ.।

ਮੈਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ, ਕਿ ਇਹ ਦੋਵੇਂ ਅਫ਼ਸਰ ਏਸ ਗੱਲ ਉਤੇ ਤੁੱਲੇ ਹੋਏ ਸਨ, ਕਿ ਕੌਂਸਲ ਦੇ ਮੈਂਬਰਾਂ ਤੋਂ ਸੁਲ੍ਹਾ ਦੀਆਂ ਸ਼ਰਤਾਂ ਦੀ ਮਨਜ਼ੂਰੀ ਨਾ ਕਰਾਈ ਜਾਵੇ, ਕਿਉਂਕਿ ਉਹ ਪਹਿਲੀ ਸੁਲ੍ਹਾ ਦੇ ਕਾਰਨ ਹੀ ਆਪਣੇ ਦੇਸ ਵਿਚ ਬਦਨਾਮ ਹੋ ਚੁੱਕੇ ਹਨ। ਇਸ ਪਰ ਮੈਂ ਬੇਨਤੀ ਕੀਤੀ, ਕਿ ਕੌਂਸਲ ਦੇ ਦੋ ਪਰਤਾਪੀ ਮੈਂਬਰਾਂ ਨੂੰ ਗੁਪਤ ਸਭਾ (ਪ੍ਰਾਈਵੇਟ ਕਾਨਫ਼ਰੰਸ) ਵਿਚ ਸੱਦਿਆ ਜਾਵੇ। ਸੋ, ਕਹੇ ਅਨੁਸਾਰ ਰਾਜਾ ਤੇਜ ਸਿੰਘ ਤੇ ਦੀਵਾਨ ਦੀਨਾ ਨਾਥ ਬੁਲਾਏ ਗਏ। ਪਹਿਲਾਂ ਤਾਂ ਰਾਜਾ ਤੇਜ ਸਿੰਘ ਨੇ ਬੀਮਾਰੀ ਦਾ ਬਹਾਨਾ ਲਾ ਕੇ ਆਉਣ ਤੋਂ ਨਾਂਹ ਕਰ ਦਿੱਤੀ। ਮੈਂ ਆਪ ਉਹਦੇ ਘਰ ਚਲਿਆ ਜਾਂਦਾ, ਜੇ ਮੈਨੂੰ ਇਹ ਖਟਕਾ ਨਾ ਹੁੰਦਾ, ਕਿ ਉਹਦੀ ਮਨਜ਼ੂਰੀ ਹਾਸਲ ਕਰਨ ਬਦਲੇ ਵਧੇਰੇ ਇੱਛਿਆ ਪਰਗਟ ਕਰਨ ਦਾ ਕੋਈ ਮਾੜਾ ਸਿੱਟਾ ਨਾ ਨਿਕਲਦਾ ਹੋਵੇ। ਇਸ ਲਈ ਮੈਂ ਫੇਰ ਤੇਜ ਸਿੰਘ ਨੂੰ ਅਖਵਾ ਭੇਜਿਆ, ਕਿ ਕੰਮ ਬੜਾ ਜ਼ਰੂਰੀ ਹੈ ਤੇ ਤੁਹਾਡੇ ਆਏ ਬਿਨਾਂ ਪੂਰਾ ਨਹੀਂ ਹੋ ਸਕਦਾ। ਜੇ ਤੁਸੀਂ ਬਹੁਤੇ ਬੀਮਾਰ ਨਾ ਹੋਵੋ, ਤਾਂ ਰੀਜੈਂਨਸੀ ਆਫ਼ਿਸ ਵਿਚ ਆ ਜਾਓ। ਇਸ ਬੁਲਾਵੇ 'ਤੇ ਉਹ—ਸਣੇ ਦੀਵਾਨ ਦੀਨਾ ਨਾਥ ਦੇ—ਆ ਪਹੁੰਚਾ। ਉਸ ਦੀ ਸੂਰਤ ਵੇਖਣ ਤੋਂ ਬੀਮਾਰੀ ਦਾ ਕੋਈ ਨਸ਼ਾਨ ਮਾਲੂਮ ਨਹੀਂ ਸੀ ਹੁੰਦਾ।

"ਪਹਿਲੀ ਮੁਲਾਕਾਤ ਹੁੰਦਿਆਂ ਹੀ ਮੈਂ ਆਪਣਾ ਮਤਲਬ—ਜਿਸ ਵਾਸਤੇ ਮੈਂ ਆਇਆ ਸਾਂ—ਉਹਨਾਂ ਨੂੰ ਦੱਸ ਦਿਤਾ, ਕਿ ਹੁਣ ਪੰਜਾਬ ਪੂਰੀ ਤਰ੍ਹਾਂ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ ਜਾਵੇਗਾ। ਪਰ ਏਸ ਗੱਲ ਦਾ ਨਿਰਣਾ ਕਰਨਾ ਤੁਹਨਾਂ ਦੀ ਇੱਛਿਆ ਉੱਤੇ ਹੈ, ਕਿ ਜਿਹੜੀਆਂ ਸ਼ਰਤਾਂ ਮੈਂ ਪੇਸ਼ ਕਰਦਾ ਹਾਂ, ਇਹਨਾਂ ਅਨੁਸਾਰ ਪੰਜਾਬ ਜ਼ਬਤ ਕੀਤਾ ਜਾਵੇ, ਜਾਂ ਕਿਸੇ ਹੋਰ ਢੰਗ ਨਾਲ।

"ਇਹ ਸੁਣ ਕੇ ਰਾਜਾ ਤੇਜ ਸਿੰਘ ਬੜਾ ਡਰਿਆ ਤੇ ਘਬਰਾਇਆ। ਉਹਨੇ ਰਾਜਾ ਸ਼ੇਰ ਸਿੰਘ ਤੇ ਉਹਦੇ ਸਾਥੀ ਬਾਗ਼ੀ ਸਰਦਾਰਾਂ ਨੂੰ ਬਹੁਤ ਬੁਰਾ ਭਲਾ ਕਿਹਾ, ਜਿਨ੍ਹਾਂ ਨੇ ਕੌਂਸਲ ਨੂੰ ਏਸ ਹਾਲ ਤੱਕ ਪੁਚਾਇਆ ਸੀ। ਉਸ ਨੇ ਇਸ ਗੱਲ ਨੂੰ ਮੰਨਿਆਂ, ਕਿ ਅੰਗਰੇਜ਼ੀ ਸਰਕਾਰ ਨੂੰ ਪੂਰਾ ਅਖ਼ਤਿਆਰ ਹੈ, ਕਿ ਉਹ ਜੋ ਠੀਕ ਸਮਝੇ, ਕਰੇ ਤੇ ਕਿਸੇ ਤਰ੍ਹਾਂ ਦੀਆਂ ਸ਼ਰਤਾਂ ਉਤੇ ਕੌਂਸਲ ਦੇ ਦਸਤਖ਼ਤਾਂ ਬਿਨਾਂ ਹੀ ਆਪਣੀ ਮਰਜ਼ੀ ਦਾ ਐਲਾਨ ਕਰ ਦੇਵੇ। ਮੈਂ

(ਇਲੀਅਟ) ਅੱਗੋਂ ਉੱਤਰ ਦਿੱਤਾ, ਕਿ ਜੇ ਉਹ (ਮੈਂਬਰ) ਗਵਰਨਰ ਜੇਨਰਲ ਦੀਆਂ ਲਾਈਆਂ ਹੋਈਆਂ ਸ਼ਰਤਾਂ ਤੋਂ ਇਨਕਾਰ ਕਰਨਗੇ, ਤਾਂ 'ਮਹਾਰਾਜਾ' ਤੇ ਕੌਂਸਲ ਦੇ ਮੈਂਬਰ ਪੂਰੀ ਤਰ੍ਹਾਂ ਗਵਰਨਰ-ਜੇਨਰਲ ਦੇ ਰਹਿਮ 'ਤੇ ਛੱਡੇ ਜਾਣਗੇ। ਮੈਨੂੰ ਇਹ ਆਖਣ ਦਾ ਕੋਈ ਅਖ਼ਤਿਆਰ ਨਹੀਂ, ਕਿ ਉਹਨਾਂ ਨੂੰ ਗੁਜ਼ਾਰੇ ਵਾਸਤੇ ਕੁਛ ਦਿੱਤਾ ਜਾਵੇਗਾ ਜਾਂ ਨਹੀਂ।

"ਦੀਵਾਨ ਦੀਨਾ ਨਾਥ—ਜੋ ਆਪਣੇ ਹਮਰਾਹੀ ਤੇਜ ਸਿੰਘ ਨਾਲੋਂ ਵਧੇਰੇ ਫ਼ਿਕਰਮੰਦ ਤੇ ਘੱਟ ਬੋਲਣ ਵਾਲਾ ਸੀ—ਨੇ ਸੁਲ੍ਹਾ ਦੀਆਂ ਕਰੜੀਆਂ ਸ਼ਰਤਾਂ ਦਾ ਵਿਰੋਧ ਕੀਤਾ, ਖ਼ਾਸ ਕਰ ਮਹਾਰਾਜੇ ਦੇ ਦੇਸ ਨਿਕਾਲੇ ਬਾਰੇ। ਤੇ ਜਦ ਮੈਂ ਉਹਨੂੰ ਇਹ ਦੱਸਿਆ, ਕਿ ਮਹਾਰਾਜੇ ਦੇ ਘਰਾਣੇ ਦੀਆਂ ਇਸਤਰੀਆਂ ਵੀ ਮਹਿਲ ਵਿਚੋਂ ਕੱਢੀਆਂ ਜਾਣਗੀਆਂ, ਤਾਂ ਜੋ ਅੰਗਰੇਜ਼ਾਂ ਦਾ ਪੂਰਾ ਕਬਜ਼ਾ ਹੋ ਸੱਕੇ, ਤਾਂ ਉਸ ਨੇ ਏਸ ਗੱਲ ਦੀ ਬੜੀ ਵਿਰੋਧਤਾ ਕੀਤੀ, ਤੇ ਕਿਹਾ, ਏਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਘਰਾਣੇ ਦੀ ਬੜੀ ਬਦਨਾਮੀ ਹੋਵੇਗੀ।

"ਏਸ ਤੋਂ ਪਿੱਛੋਂ ਏਸ ਗੱਲ 'ਤੇ ਬੜੀ ਬਹਿਸ ਹੋਈ, ਕਿ ਮਹਾਰਾਜਾ ਦਲੀਪ ਸਿੰਘ ਨੂੰ—ਲਾਹੌਰੋਂ ਕੱਢ ਕੇ—ਕਿਹੜੀ ਥਾਂ ਰੱਖਿਆ ਜਾਵੇ ? ਮੈਂ ਉਸ ਨੂੰ ਭਰੋਸਾ ਦੁਆਇਆ, ਕਿ ਮਹਾਰਾਜੇ ਨੂੰ ਗੰਗਾ ਤੋਂ ਚੜ੍ਹਦੇ ਪਾਸੇ ਨਹੀਂ ਭੇਜਿਆ ਜਾਵੇਗਾ। ਦੀਵਾਨ ਦੀ ਇੱਛਿਆ ਹਰਦੁਆਰ ਰੱਖੇ ਜਾਣ ਦੀ ਸੀ।

"ਉਹ ਏਸ ਗੱਲ ਉਤੇ ਖ਼ੁਸ਼ ਹੋ ਗਏ, ਕਿ ਮਹਾਰਾਜੇ ਨੂੰ ੧੦ ਹਜ਼ਾਰ ਰੁਪੈ ਮਹਾਵਾਰ ਗੁਜ਼ਾਰਾ ਦਿੱਤਾ ਜਾਵੇਗਾ।

"ਬਾਕੀ ਸਾਰੀਆਂ ਗੱਲਾਂ ਮੁੱਕ ਜਾਣ ਪਿੱਛੋਂ, ਉਹਨਾਂ ਆਪਣੀਆਂ ਜਾਗੀਰਾਂ ਬਾਬਤ ਪੁੱਛਿਆ। ਮੈਂ ਉਹਨਾਂ ਨੂੰ ਦੱਸਿਆ, ਕਿ ਉਹਨਾਂ ਨੂੰ ਜਾਗੀਰਾਂ ਤੇ ਤਨਖ਼ਾਹਾਂ ਤੋਂ ਵਾਂਜਿਆਂ ਰੱਖਣ ਦਾ ਵਿਚਾਰ ਨਹੀਂ, ਪਰ ਇਸ ਬਦਲੇ, ਤੁਹਾਨੂੰ ਬਿਨਾਂ ਕਿਸੇ ਨਾਂਹ ਨੁੱਕਰ ਦੇ, ਸਰਕਾਰ ਅੰਗਰੇਜ਼ੀ ਨੂੰ ਹਰ ਤਰ੍ਹਾਂ ਦੀ ਸਲਾਹ ਦੇਣੀ ਪਵੇਗੀ ਤੇ ਹਰ ਤਰ੍ਹਾਂ ਦੀ ਮਦਦ ਕਰਨੀ ਪਵੇਗੀ। ਜੇ ਤੁਸੀਂ ਸੁਲ੍ਹਾ ਦੀਆਂ ਸ਼ਰਤਾਂ ਨਹੀਂ ਮੰਨੋਗੇ, ਤਾਂ ਮੈਂ ਬਚਨ ਨਹੀਂ ਦੇ ਸਕਦਾ, ਕਿ ਤੁਹਾਡੇ ਨਾਲ ਕੋਈ ਰਿਆਇਤ ਕੀਤੀ ਜਾਵੇਗੀ। ਦੀਵਾਨ ਦੀਨਾ ਨਾਥ ਨੇ ਪੁੱਛਿਆ, ਕਿ ਜਾਗੀਰ ਉੱਤੇ ਸਾਡੀ ਸੰਤਾਨ ਦਾ ਵੀ ਹੱਕ ਰਹੇਗਾ, ਜਾਂ ਨਹੀਂ ? ਮੈਂ ਉੱਤਰ ਦਿੱਤਾ "ਕਿਉਂ ਨਹੀਂ ? ਜਦੋਂ ਜਾਗੀਰ ਸਦਾ ਵਾਸਤੇ ਹੈ,

ਤਾਂ ਰਹੇਗਾ ਹੀ। ਇਸ ਦੀ ਪੜਤਾਲ ਵਾਸਤੇ ਅਫ਼ਸਰ ਲਾਏ ਜਾਣਗੇ ਤੇ ਇਹ ਮਾਮਲਾ ਉਹਨਾਂ ਦੇ ਫ਼ੈਸਲੇ 'ਤੇ ਛੱਡਿਆ ਜਾਵੇਗਾ।"

"ਬਹੁਤ ਸਾਰੀਆਂ ਵਿਚਾਰਾਂ ਕਰਨ ਪਿੱਛੋਂ ਮੈਂ ਉਹਨਾਂ ਨੂੰ ਕਿਹਾ, ਕਿ ਤੁਹਾਨੂੰ ਪੂਰੀ ਖੁੱਲ੍ਹ ਹੈ, ਕਿ ਇਹ ਸ਼ਰਤਾਂ—ਜੋ ਮੈਂ ਤੁਹਾਡੇ ਅੱਗੇ ਰੱਖੀਆਂ ਹਨ—ਮੰਨੋ ਜਾਂ ਨਾ ਮੰਨੋ। ਨਾਲ ਹੀ ਮੈਂ ਉਹਨਾਂ ਨੂੰ ਆਪਣੇ ਪੱਕੇ ਇਰਾਦੇ ਬਾਬਤ ਯਕੀਨ ਕਰਾ ਦਿੱਤਾ, ਕਿ ਮੈਂ ਆਪਣੇ ਕਹੇ ਤੋਂ ਝੁਕਾਂਗਾ ਨਹੀਂ। ਉਹਨਾਂ ਨੇ ਸੁਲ੍ਹਾ ਦੇ ਕਾਗ਼ਜ਼ ਉੱਤੇ ਦਸਤਖ਼ਤ ਕਰਨੇ ਮੰਨ ਲਏ ਤੇ ਅੰਤ ਕਰ ਦਿੱਤੇ ਪਰ ਦੀਵਾਨ ਨੇ ਇਸ ਉਤੇ ਅਫ਼ਸੋਸ ਤੇ ਵਿਰੋਧਤਾ ਪਰਗਟ ਕੀਤੀ।

"ਇਸ ਤੋਂ ਪਿੱਛੋਂ ਲਾਹੌਰ ਵਿਚ ਹਾਜ਼ਰ ਬਾਕੀ ਦੇ ਦੋ ਮੈਂਬਰਾਂ-ਫ਼ਕੀਰ ਨੂਰੁੱਦੀਨ ਤੇ ਭਾਈ ਨਿਧਾਨ ਸਿੰਘ—ਨੂੰ ਬੁਲਾਇਆ। ਜੋ ਗੱਲਾਂ ਬਾਤਾਂ ਪਹਿਲਾਂ ਹੋਈਆਂ ਸਨ, ਉਹਨਾਂ ਨੂੰ ਦੱਸੀਆਂ। ਉਹਨਾਂ ਵੀ ਪਹਿਲੇ ਮੈਂਬਰਾਂ ਦੇ ਪੂਰਨਿਆਂ 'ਤੇ ਚੱਲਣਾ ਮੰਨ ਲਿਆ। ਛੇਕੜ ਉਹਨਾਂ ਵੀ ਦਸਤਖ਼ਤ ਕਰ ਦਿੱਤੇ, ਤੇ ਨਾਲ ਹੀ ਹੈਨਰੀ ਲਾਰੰਸ ਤੇ ਮੈਂ ਵੀ ਆਪਣੇ ਦਸਤਖ਼ਤ ਕਰ ਦਿੱਤੇ। ਇਹ ਵੀ ਫ਼ੈਸਲਾ ਹੋਇਆ, ਕਿ ਅਗਲੇ ਦਿਨ ਸਵੇਰੇ ੭ ਵਜੇ ਇਕ ਦਰਬਾਰ ਹੋਵੇ, ਜਿਸ ਵਿਚ ਮਹਾਰਾਜੇ ਦੇ ਦਸਤਖ਼ਤ ਕਰਾਏ ਜਾਣ।"*

ਅਗਲੇ ਦਿਨ ੨੯ ਮਾਰਚ, ੧੮੪੯ ਈ: ਸਵੇਰੇ ੭ ਵਜੇ ਦਰਬਾਰ ਲੱਗਾ ਤੇ ਮਹਾਰਾਜਾ ਦਲੀਪ ਸਿੰਘ ਅੰਤ ਦੀ ਵਾਰ ਆਪਣੇ ਪਿਤਾ ਦੇ ਸਿੰਘਾਸਣ ਉਤੇ ਬੈਠਾ। ਏਸ ਦਿਨ ਸਿੱਖ ਦਰਬਾਰ ਦੀ ਪਹਿਲਾਂ ਵਰਗੀ ਸ਼ਾਨ ਨਹੀਂ ਸੀ। ਸਭ ਦਰਬਾਰੀਆਂ ਦੇ ਚਿਹਰੇ ਉਤੇ ਉਦਾਸੀ ਛਾਈ ਹੋਈ ਸੀ। ਹਰ ਇਕ ਨੇ ਮਾਤਮੀ ਕੱਪੜੇ ਪਹਿਨੇ ਹੋਏ ਸਨ, ਜਿਵੇਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਭੂਰੇ 'ਤੇ ਕੱਠੇ ਹੋਏ ਹੋਣ। ਨੀਯਤ ਸਮੇਂ ਉੱਤੇ 'ਇਲੀਅਟ', ਰੈਜ਼ੀਡੈਂਟ 'ਹੈਨਰੀ ਲਾਰੰਸ' ਤੇ ਹੋਰ ਅੰਗਰੇਜ਼ ਕਰਮਚਾਰੀ—ਸਣੇ ਬਾਡੀਗਾਰਡ ਫ਼ੌਜ ਦੇ—ਆਏ। ਮਹਾਰਾਜਾ ਦਲੀਪ ਸਿੰਘ ਤੇ ਬਾਕੀ ਸਰਦਾਰਾਂ ਨੇ ਮਹਿਲ ਦੇ ਬਾਹਰਲੇ ਫਾਟਕ 'ਤੇ ਪਹੁੰਚ ਕੇ ਉਹਨਾਂ ਦਾ ਸੁਆਗਤ ਕੀਤਾ। ਸਾਰੇ ਦਰਬਾਰ ਵਿਚ ਪਹੁੰਚੇ, ਤਾਂ ਦਲੀਪ ਸਿੰਘ ਤਖ਼ਤ 'ਤੇ ਬੈਠਾ। ਸੱਜੇ ਹੱਥ

ਸਿੱਖ ਰਾਜ ਦਾ ਅੰਤਮ ਦਰਬਾਰ

---

*ਲੇਡੀ ਲਾਗਨ, ਪੰਨੇ ੧੨੯ ਤੋਂ ੧੩੨।

ਅੰਗਰੇਜ਼ ਅਫ਼ਸਰ ਤੇ ਫ਼ੌਜ, ਤੇ ਖੱਬੇ ਹੱਥ ਦੇਸੀ ਸਰਦਾਰ ਬੈਠ ਗਏ। ਕੋਈ ਸਰਦਾਰ ਹਥਿਆਰ ਪਹਿਨ ਕੇ ਜਾਂ ਕੀਮਤੀ ਕੱਪੜੇ ਤੇ ਜੜਾਊ ਗਹਿਣੇ ਪਾਕੇ ਨਹੀਂ ਸੀ ਆਇਆ ਹੋਇਆ। ਸਭ ਥਾਂਉਂ ਥਾਂਈਂ, ਚੁੱਪ ਚਾਪ ਬੈਠ ਗਏ। ਇਲੀਅਟ ਨੇ ਗਵਰਨਰ-ਜੈਨਰਲ ਦਾ ਐਲਾਨ ਪੜ੍ਹਿਆ।

## ਐਲਾਨ

"ਕਈ ਸਾਲ, ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਚਤਰਾਈ ਦਾ ਪੰਜਾਬ ਦੇ ਲੋਕਾਂ 'ਤੇ ਰਾਜ ਸੀ, ਮਿੱਤਰਤਾ ਤੇ ਅਮਨ ਅੰਗਰੇਜ਼ਾਂ ਤੇ ਸਿੱਖਾਂ ਵਿਚ ਕਾਇਮ ਰਿਹਾ।

"ਸਰਕਾਰ ਅੰਗਰੇਜ਼ੀ ਰਣਜੀਤ ਸਿੰਘ ਦੇ ਵਾਰਸਾਂ ਨਾਲ ਉਹਦੇ ਵਰਗੀ ਹੀ ਮਿੱਤਰਤਾ ਕਾਇਮ ਰੱਖਣਾ ਚਾਹੁੰਦੀ ਸੀ। ਪਰ ਸਿੱਖ ਸਰਦਾਰਾਂ ਤੇ ਫ਼ੌਜ ਨੇ ਮਹਾਰਾਜਾ ਰਣਜੀਤ ਸਿੰਘ ਦੀ ਨੀਤੀ ਨੂੰ ਭੁਲਾ ਕੇ ਉਹਦੀ ਪੱਕੀ ਕੀਤੀ ਹੋਈ ਮਿੱਤਰਤਾ ਨੂੰ ਤੋੜ ਕੇ ਅਚਨਚੇਤ ਹੱਦ ਟੱਪ ਕੇ, ਬਿਨਾਂ ਕਿਸੇ ਸਬੱਬ, ਅੰਗਰੇਜ਼ਾਂ ਨਾਲ ਲੜਾਈ ਛੇੜ ਦਿੱਤੀ।

"ਅੰਗਰੇਜ਼ੀ ਫ਼ੌਜ ਨੇ ਉਹਨਾਂ ਦਾ ਟਾਕਰਾ ਕੀਤਾ, ਉਹ ਚਾਰ ਵਾਰ ਹਾਰੇ, ਬੜੀ ਦੁਰਦਸ਼ਾ ਨਾਲ ਸਤਲੁਜੋਂ ਦੂਜੇ ਪਾਸੇ ਧੱਕ ਦਿੱਤੇ ਗਏ ਤੇ ਲਾਹੌਰ ਦੀਆਂ ਕੰਧਾਂ ਤੱਕ ਉਹਨਾਂ ਦਾ ਪਿੱਛਾ ਕੀਤਾ ਗਿਆ।

"ਮਹਾਰਾਜਾ ਦਲੀਪ ਸਿੰਘ—ਆਪਣੇ ਵੱਲੋਂ ਤੇ ਆਪਣੇ ਸਰਦਾਰਾਂ ਵੱਲੋਂ—ਸਰਕਾਰ ਅੰਗਰੇਜ਼ੀ ਦੇ ਸਾਹਮਣੇ ਝੁਕ ਗਿਆ ਤੇ ਅਧੀਨਗੀ ਮੰਨੀ, ਤੇ ਸਰਕਾਰ ਅੰਗਰੇਜ਼ੀ ਪਾਸ ਰਹਿਮ ਦੀ ਦਰਖ਼ਾਸਤ ਕੀਤੀ।

"ਏਸ ਜਿੱਤ ਨਾਲ ਅੰਗਰੇਜ਼ੀ ਸਰਕਾਰ ਨੂੰ ਪੂਰਾ ਅਧਿਕਾਰ ਸੀ, ਕਿ ਉਹ ਸਿੱਖ ਸਰਕਾਰ ਨੂੰ ਉਲਟ ਦੇਵੇ, ਜਿਸ ਕੋਲੋਂ ਉਹਨੂੰ ਐਨਾ ਨੁਕਸਾਨ ਪੁੱਜਾ। ਪਰ ਇਸ ਜਿੱਤ ਦੇ ਸਮੇਂ ਉਹਨੇ ਆਪਣੇ ਐਲਾਨਾਂ ਦੀ ਸੱਚਾਈ ਤੇ ਖਿਮਾਂ ਕਰਨ ਦੇ ਗੁਣ ਦਾ ਸਬੂਤ ਦਿੱਤਾ।

"ਲਾਹੌਰ ਦੀ ਬਾਦਸ਼ਾਹੀ ਕਾਇਮ ਰਹਿਣ ਦਿੱਤੀ ਗਈ, ਮਹਾਰਾਜਾ ਦਲੀਪ ਸਿੰਘ ਫੇਰ ਤਖ਼ਤ 'ਤੇ ਬਿਠਾ ਦਿੱਤਾ ਗਿਆ ਤੇ ਦੋਹਾਂ ਸਰਕਾਰਾਂ ਵਿਚ ਮਿੱਤਰਤਾ ਦੀ ਸੁਲ੍ਹਾ ਹੋਈ।

"ਏਸ ਸੁਲ੍ਹਾ ਦੀਆਂ ਸ਼ਰਤਾਂ ਕਿੱਥੋਂ ਤੱਕ ਨਿਭਾਈਆਂ ਗਈਆਂ ?

"ਸਰਕਾਰ ਅੰਗਰੇਜ਼ੀ ਨੇ ਕੀਤਾ ਹੋਇਆ ਹਰ ਇਕ ਇਕਰਾਰ ਬੜੀ ਦਿਆਨਤਦਾਰੀ ਨਾਲ ਪੂਰਾ ਕੀਤਾ ਤੇ ਆਪਣੇ ਸਾਰੇ ਫ਼ਰਜ਼ ਤੋੜ ਨਿਭਾਏ ਹਨ।

"ਇਹਨੇ ਮਹਾਰਾਜੇ ਦੀ ਸੇਵਾ ਵਿਚ ਆਪਣੀ ਫ਼ੌਜ ਦਿੱਤੀ ਤੇ ਔਖੇ ਵੇਲੇ ਆਪਣੇ ਖ਼ਜ਼ਾਨੇ ਨਾਲ ਉਸਦੀ ਸਹਾਇਤਾ ਕੀਤੀ। ਪੰਜਾਬ ਦੇ ਰਸਮੋ-ਰਿਵਾਜ ਵਿਚ ਦਖ਼ਲ ਨਹੀਂ ਦਿੱਤਾ। ਕੌਂਸਲ ਨੂੰ ਸਲਾਹ ਦੇ ਕੇ ਫ਼ੌਜ ਦੀ ਹਾਲਤ ਚੰਗੀ ਕੀਤੀ। ਮਹਾਰਾਜੇ ਦੇ ਹਰ ਤਬਕੇ ਦੇ ਲੋਕਾਂ ਦੀ ਹਾਲਤ ਸੁਧਾਰੀ। ਹਰ ਇਕ ਇਕਰਾਰ ਨੂੰ ਚੰਗੀ ਤਰ੍ਹਾਂ ਪੂਰਾ ਕੀਤਾ। ਤੇ ਕਿਸੇ ਐਸੇ ਕੰਮ ਵਿਚ ਹੱਥ ਨਹੀਂ ਪਾਇਆ, ਜਿਸ ਵਿਚ ਦਖ਼ਲ ਨਾ ਦੇਣ ਦਾ ਇਕਰਾਰ ਹੋਵੇ। ਇਸਦੇ ਉਲਟ ਸੁਲ੍ਹਾ ਦਾ ਕੋਈ ਅਜੇਹਾ ਵੱਡਾ ਹਿੱਸਾ ਨਹੀਂ, ਜਿਸਨੂੰ ਸਿੱਖ ਸਰਕਾਰ ਤੇ ਸਿੱਖਾਂ ਨੇ ਨਹੀਂ ਤੋੜਿਆ। ਉਹਨਾਂ ਨੇ ਬਾਈ ਲੱਖ ਰੁਪੈ ਸਾਲਾਨਾ ਖ਼ਰਚ ਵਜੋਂ ਦੇਣੇ ਕੀਤੇ ਸਨ, ਤੇ ਉਹਨਾਂ ਦਾ ਕੋਈ ਹਿੱਸਾ ਅਜੇ ਤੱਕ ਨਹੀਂ ਦਿੱਤਾ ਗਿਆ।

"ਸਰਕਾਰ ਲਾਹੌਰ ਸਿਰ ਕਰਜ਼ਾ ੫੦ ਲੱਖ ਤੋਂ ਵੱਧ ਗਿਆ ਹੈ ਤੇ ਇਸ ਜੰਗ ਦੇ ਖ਼ਰਚ ਨਾਲ ਕਰੋੜਾਂ ਹੋਰ ਵਧ ਗਿਆ ਹੈ। ਜਿਹੜੇ ਅਧਿਕਾਰ ਸਰਦਾਰਾਂ ਨੇ ਆਪ ਬੁਲਾ ਕੇ ਸਰਕਾਰ ਅੰਗਰੇਜ਼ੀ ਨੂੰ ਦਿੱਤੇ ਸਨ, ਤੇ ਜਿਨ੍ਹਾਂ ਅਧਿਕਾਰਾਂ ਨੂੰ ਮੰਨਣ ਦਾ ਇਕਰਾਰ ਕੀਤਾ ਸੀ, ਉਹ ਸਾਰੇ ਬਲ ਨਾਲ ਰੱਦ ਕੀਤੇ ਗਏ।

"ਅਮਨ ਤੇ ਮਿੱਤਰਤਾ, ਜਿਸ ਦਾ ਸੁਲ੍ਹਾ ਵਿਚ ਇਕਰਾਰ ਸੀ, ਇਕ ਪਾਸੇ ਸੁੱਟ ਗਏ ਹਨ। ਅੰਗਰੇਜ਼ ਅਫ਼ਸਰ ਆਪਣਾ ਕੰਮ ਕਰਦੇ ਹੋਏ ਇਸਤਰੀਆਂ ਤੇ ਬੱਚਿਆਂ ਦੇ ਸਣੇ ਧੋਖੇ ਨਾਲ ਕੈਦ ਕੀਤੇ ਗਏ।

"ਹੋਰ ਅੰਗਰੇਜ਼ ਅਫ਼ਸਰ, ਜਦੋਂ ਮਹਾਰਾਜੇ ਦੇ ਲਾਭ ਹਿਤ ਕੰਮ ਕਰ ਰਹੇ ਸਨ, ਮਹਾਰਾਜੇ ਦੇ ਨੌਕਰਾਂ ਹੱਥੋਂ ਮਾਰੇ ਗਏ, ਮਹਾਰਾਜੇ ਦੀ ਫ਼ੌਜ ਦੇ ਛੱਡ ਜਾਣ ਪਿੱਛੋਂ।

"ਇਹਨਾਂ ਕੰਮਾਂ ਤੋਂ ਲਾਹੌਰ ਸਰਕਾਰ ਨੇ ਨਾ ਤਾਂ ਅਪਰਾਧੀਆਂ ਨੂੰ ਕੋਈ ਸਜ਼ਾ ਦਿੱਤੀ ਤੇ ਨਾ ਹੀ ਕੋਈ ਬਦਲਾ ਅਦਾ ਕੀਤਾ। ਉਸਨੇ ਆਪਣੀ ਪਰਜਾ ਨੂੰ ਕਾਬੂ ਰੱਖਣ ਤੋਂ ਅਸਮਰਥਾ ਪਰਗਟ ਕੀਤੀ ਹੈ, ਉਸ ਨੇ ਅੰਗਰੇਜ਼ ਰੈਜ਼ੀਡੈਂਟ ਨੂੰ ਸਾਫ਼ ਦੱਸ ਦਿੱਤਾ, ਕਿ ਉਸ ਦੀ ਫ਼ੌਜ ਹੁਕਮ ਨਹੀਂ ਮੰਨਦੀ ਤੇ

ਉਸ ਸਰਦਾਰ ਦੇ ਵਿਰੁੱਧ, ਜਿਸ ਨੇ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਇਹ ਅਪਰਾਧ ਕੀਤਾ ਹੈ, ਕੋਈ ਕਾਰਵਾਈ ਨਹੀਂ ਕਰੇਗੀ।

"ਫ਼ੌਜ ਨੇ ਹੁਕਮ ਮੰਨਣ ਤੋਂ ਨਿਰਾ ਇਨਕਾਰ ਹੀ ਨਹੀਂ ਕੀਤਾ, ਸਗੋਂ ਸਾਰੇ ਥਾਂਈਂ ਅੰਗਰੇਜ਼ਾਂ ਦੇ ਵਿਰੁੱਧ ਹਥਿਆਰ ਚੁੱਕ ਲਏ। ਸਾਰੀ ਸਿੱਖ ਕੌਮ ਏਸ ਦੁਸ਼ਮਣੀ ਵਿਚ ਜੁੱਟ ਪਈ। ਵੱਡੇ ਵੱਡੇ ਸਰਦਾਰ ਆਗੂ ਬਣੇ। ਜਿਨ੍ਹਾਂ ਨੇ ਸੁਲ੍ਹਾ 'ਤੇ ਦਸਖ਼ਤ ਕੀਤੇ ਸਨ, ਉਹ ਸਭ ਤੋਂ ਅੱਗੇ ਦਿਸਦੇ ਸਨ। ਤੇ ਇਹਨਾਂ ਦਾ ਸੈਨਾਪਤੀ, ਰੀਜੈਨਸੀ ਕੌਂਸਲ ਦਾ ਮੈਂਬਰ ਸੀ। ਉਹਨੇ ਇਹ ਐਲਾਨ ਕੀਤਾ, ਕਿ ਉਹਨਾਂ ਦਾ ਮਤਲਬ ਅੰਗਰੇਜ਼ੀ ਤਾਕਤ ਤੇ ਅੰਗਰੇਜ਼ਾਂ ਨੂੰ ਮੁਕਾਉਣਾ ਹੈ ਤੇ ਏਸ ਕੰਮ ਵਾਸਤੇ ਉਹਨਾਂ ਬੜੇ ਜੋਸ਼ ਨਾਲ ਯਤਨ ਕੀਤਾ।

"ਮਗਰ ਸਰਕਾਰ ਅੰਗਰੇਜ਼ੀ ਨੇ ਆਪਣੀ ਪੂਰੀ ਤਾਕਤ ਖ਼ਰਚ ਕੀਤੀ ਹੈ। ਸਿੱਖ ਫ਼ੌਜ ਨੂੰ ਪੂਰੀ ਤਰ੍ਹਾਂ ਹਰਾ ਦਿੱਤਾ ਗਿਆ ਹੈ। ਤੋਪਖ਼ਾਨਾ ਖੋਹ ਲਿਆ ਹੈ ਤੇ ਉਹਨਾਂ ਦੇ ਬੁਲਾਏ ਹੋਏ ਮੱਦਦਗਾਰ ਬੇਇੱਜ਼ਤ ਕਰਕੇ ਪੰਜਾਬੋਂ ਕੱਢੇ ਗਏ ਹਨ। ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਹਵਾਲੇ ਕਰ ਦਿੱਤਾ ਹੈ। ਉਹਨਾਂ ਤੋਂ ਹਥਿਆਰ ਖੋਹ ਲਏ ਗਏ ਹਨ। ਅੰਗਰੇਜ਼ੀ ਫ਼ੌਜ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ ਹੈ।

"ਸਰਕਾਰ ਅੰਗਰੇਜ਼ੀ ਨੇ ਕਈ ਵਾਰ ਇਹ ਗੱਲ ਦੁਹਰਾਈ, ਕਿ ਉਹ ਹੋਰ ਦੇਸ ਫ਼ਤਹਿ ਕਰਨਾ ਨਹੀਂ ਚਾਹੁੰਦੀ, ਤੇ ਆਪਣੇ ਕੰਮਾਂ ਨਾਲ ਮਹਾਰਾਜੇ ਨੂੰ ਆਪਣੇ ਐਲਾਨਾਂ ਦੀ ਸੱਚਾਈ ਦਾ ਸਬੂਤ ਵੀ ਦਿੱਤਾ।

"ਸਰਕਾਰ ਅੰਗਰੇਜ਼ੀ ਹੁਣ ਕੋਈ ਨਵਾਂ ਇਲਾਕਾ ਜਿੱਤਣਾ ਨਹੀਂ ਚਾਹੁੰਦੀ।

"ਪਰ ਜਦੋਂ ਇਕ ਬੜੇ ਖ਼ਰਚੇ ਵਾਲੀ ਤੇ ਬੇਵੱਜ੍ਹਾ ਲੜਾਈ ਲੜਨੀ ਪੈ ਗਈ ਹੈ, ਤਾਂ ਸਰਕਾਰ ਅੰਗਰੇਜ਼ੀ ਮਜਬੂਰ ਹੈ, ਕਿ ਉਹ ਆਉਣ ਵਾਲੇ ਸਮੇਂ ਤੇ ਆਪਣੀ ਪਰਜਾ ਦੇ ਲਾਭ ਦਾ ਧਿਆਨ ਰੱਖੇ।

"ਸਜ਼ਾ ਤੇ ਲਾਭ ਦੋਵੇਂ ਸਿੱਖਾਂ ਦੇ ਦਿਲਾਂ 'ਚੋਂ ਵਿਰੋਧਤਾ ਕੱਢਣ ਤੋਂ ਅਸਮਰਥ ਰਹੇ ਹਨ। ਏਸ ਲਈ ਗਵਰਨਰ-ਜੈਨਰਲ ਨੇ ਫ਼ੈਸਲਾ ਕੀਤਾ ਹੈ, ਕਿ ਇਸ ਕੌਮਾਂਤਰੀ ਅਤਿਆਚਾਰ ਤੇ ਸਦਾ ਦੀ ਲੜਾਈ ਨੂੰ ਬੰਦ ਕਰਨ ਲਈ, ਪੰਜਾਬ ਵਿਚ ਅੰਗਰੇਜ਼ੀ ਰਾਜ ਕਾਇਮ ਕੀਤਾ ਜਾਵੇ ਤੇ ਉਸ ਸਿੱਖ ਕੌਮ ਨੂੰ, ਜਿਸਨੂੰ ਉਹਦੇ ਆਪਣੇ ਹਾਕਮ ਕਾਬੂ ਰੱਖਣ ਤੋਂ ਅਸਮਰਥ ਰਹੇ ਹਨ, ਅਧੀਨ ਕੀਤਾ ਜਾਏ, ਕਿਉਂਕਿ ਪਿਛਲੀਆਂ ਘਟਨਾਵਾਂ ਦਸਦੀਆਂ

ਹਨ, ਕਿ ਜਿੰਨਾਂ ਚਿਰ ਉਹਨਾਂ ਕੋਲ ਸੁਤੰਤਰ ਰਾਜ ਰਹੇਗਾ, ਉਹ ਲੜਾਈ ਤੋਂ ਨਹੀਂ ਉੱਕਣਗੇ।

"ਗਵਰਨਰ-ਜੈਨਰਲ ਨੂੰ ਇਸ ਗੱਲ ਦਾ ਅਫ਼ਸੋਸ ਹੈ, ਕਿ ਉਹ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਦਲੀਪ ਸਿੰਘ ਨੂੰ—ਜਦੋਂ ਕਿ ਉਹ ਅਜੇ ਬਾਲਕ ਹੈ—ਮਜਬੂਰਨ ਤਖ਼ਤੋਂ ਲਾਹ ਰਿਹਾ ਹੈ।

"ਮਗਰ ਹਰ ਰਿਆਸਤ ਦਾ ਮਾਲਕ ਉਹਨਾਂ ਲੋਕਾਂ ਦੇ ਕੰਮਾਂ ਦਾ ਜ਼ਿੰਮੇਵਾਰ ਹੈ, ਜਿੰਨ੍ਹਾਂ ਉਤੇ ਉਹ ਰਾਜ ਕਰਦਾ ਹੈ, ਤੇ ਉਹਦੇ ਉਤੇ ਉਹਨਾਂ ਕੰਮਾਂ ਦਾ ਅਸਰ ਪੈਂਦਾ ਹੈ।

"ਜਿਵੇਂ ਮਹਾਰਾਜਾ ਪਹਿਲੀ ਜੰਗ ਵਿਚ ਉਸ ਬੇਕਾਨੂੰਨੀ ਸਖ਼ਤੀ ਦਾ ਜ਼ਿੰਮੇਵਾਰ ਬਣਾਇਆ ਗਿਆ, ਜੋ ਉਹਦੀ ਪਰਜਾ ਨੇ—ਜਿਸ ਨੂੰ ਉਹਦੀ ਹਕੂਮਤ ਕਾਬੂ ਨਹੀਂ ਸੀ ਰੱਖ ਸਕੀ—ਕੀਤੀ ਸੀ, ਤੇ ਸਭ ਤੋਂ ਚੰਗੇ ਸੂਬੇ ਉਸ ਤੋਂ ਛੰਨ ਵਿਚ ਲੈ ਲਏ ਗਏ ਸਨ। ਸੋ, ਹੁਣ ਵੀ ਉਹਨੂੰ ਉਨ੍ਹਾਂ ਅਪਰਾਧਾਂ ਦਾ ਫਲ ਭੋਗਣਾ ਪਵੇਗਾ, ਜੋ ਉਹਨਾਂ ਨੇ ਕੌਮੀ ਨੁਕਸਾਨ ਕਰਕੇ ਸਹੇੜਿਆ ਹੈ।

"ਜਦ ਫ਼ੌਜ ਤੇ ਬਹੁਤ ਸਾਰੇ ਸਿੱਖਾਂ ਦੇ ਭਿਆਨਕ ਜੰਗ ਸ਼ੁਰੂ ਕਰਨ ਤੋਂ ਗਵਨਰਨ-ਜੈਨਰਲ ਨੂੰ ਯਕੀਨ ਹੋ ਗਿਆ ਹੈ, ਕਿ ਪੰਜਾਬ ਵਿਚ ਸਿੱਖ ਰਾਜ ਦਾ ਕਾਇਮ ਰਹਿਣਾ, ਅੰਗਰੇਜ਼ੀ ਇਲਾਕੇ ਦੇ ਸੁੱਖ ਲਈ ਹਾਨੀਕਾਰਕ ਹੈ, ਤਾਂ ਹੁਣ (ਗਵਰਨਰ ਜੇਨਰਲ) ਨਿਰਾ ਮਹਾਰਾਜੇ ਉੱਤੇ ਤਰਸ ਕਰ ਕੇ ਉਹਨਾਂ ਤਰੀਕਿਆਂ ਦੀ ਵਰਤੋਂ ਕਰਨ ਤੋਂ ਨਹੀਂ ਰੁਕ ਸਕਦਾ, ਜਿੰਨ੍ਹਾਂ ਨਾਲ ਪੱਕਾ ਅਮਨ ਕਾਇਮ ਹੋ ਸਕੇ ਤੇ ਅੰਗਰੇਜ਼ੀ ਪਰਜਾ ਦਾ ਭਲਾ ਹੋਵੇ।"*

ਇਲੀਅਟ ਬੈਠ ਗਿਆ, ਤਾਂ ਇਕ ਮੌਲਵੀ ਨੇ ਇਹਦਾ ਅਰਥ ਫ਼ਾਰਸੀ ਵਿਚ ਸੁਣਾਇਆ। ਫਿਰ ਉਸ ਦਾ ਭਾਵ ਹਿੰਦੁਸਤਾਨੀ ਵਿਚ ਸੁਣਾਇਆ ਗਿਆ। ਸੁਲ੍ਹਾ ਦੀਆਂ ਸ਼ਰਤਾਂ ਪੜ੍ਹੀਆਂ ਗਈਆਂ। ਸਭ ਦਰਬਾਰੀ ਚੁੱਪਚਾਪ ਹੋ ਗਏ। ਇਕ ਦੀਵਾਨ ਦੀਨਾਨਾਥ ਉਠਿਆ। ਓਸ ਦੀਆਂ ਅੱਖਾਂ ਵਿਚੋਂ ਹੰਝੂ ਕਿਰ ਰਹੇ ਸਨ। ਉਹਨੇ ਸੁਲ੍ਹਾ ਦੀਆਂ ਸ਼ਰਤਾਂ ਦਾ ਵਿਰੋਧ ਕੀਤਾ ਤੇ ਕਿਹਾ "ਇਸ ਸਮੇਂ ਅੰਗਰੇਜ਼ੀ ਸਰਕਾਰ ਨੂੰ ਬਾਲਕ ਮਹਾਰਾਜੇ 'ਤੇ ਰਹਿਮ ਕਰਨਾ ਚਾਹੀਦਾ ਹੈ ਤੇ ਕੁਛ ਉਦਾਰਤਾ ਦਾ ਸਬੂਤ ਦੇਣਾ ਚਾਹੀਦਾ ਹੈ।"

---

*ਲੇਡੀ ਲਾਗਨ, ਪੰਨੇ ੧੩੩ ਤੋਂ ੧੩੬।

ਇਲੀਅਟ ਨੇ ਖਰ੍ਹਵੀ ਬੋਲੀ ਵਿਚ ਉੱਤਰ ਦਿੱਤਾ, "ਹੁਣ ਰਹਿਮ ਤੇ ਉਦਾਰਤਾ ਦਾ ਸਮਾਂ ਬੀਤ ਗਿਆ ਹੈ।"

ਦੀਨਾਨਾਥ ਨੇ ਫਿਰ ਕਿਹਾ, "ਜਦ ਬੋਨਾਪਾਰਟ ਦੇ ਹਾਰ ਜਾਣ ਉਤੇ ਫ਼ਰਾਂਸ ਜਿਸ ਦੀ ਆਮਦਨ ੩੦ ਕਰੋੜ ਰੁਪੈ ਸਲਾਨਾ ਸੀ, ਉਸ ਦੇ ਅਸਲੀ ਮਾਲਕਾਂ ਨੂੰ ਸੌਂਪ ਦਿੱਤਾ ਗਿਆ ਸੀ, ਤਾਂ ਅੰਗਰੇਜ਼ੀ ਸਰਕਾਰ ਦੇ ਤਰਸ ਅੱਗੇ ਕੋਈ ਵੱਡੀ ਗੱਲ ਨਹੀਂ, ਜੇ ਪੰਜਾਬ, ਜਿਸ ਦੀ ਆਮਦਨ ੩ ਕਰੋੜ ਸਲਾਨਾ ਹੈ, ਮਹਾਰਾਜਾ ਦਲੀਪ ਸਿੰਘ ਨੂੰ ਦੇ ਦਿੱਤਾ ਜਾਵੇ।"

ਇਹ ਸੁਣ ਕੇ ਇਲੀਅਟ ਨੇ ਕੜਕ ਕੇ ਕਿਹਾ, "ਚੁੱਪ ਰਹੋ, ਨਹੀਂ ਤਾਂ ਕਾਲੇ ਪਾਣੀ ਭੇਜੇ ਜਾਉਗੇ।" ਇਹ ਝਾੜ ਸੁਣ ਕੇ ਦੀਨਾ ਨਾਥ ਬੈਠ ਗਿਆ ਤੇ ਮੁੜ ਕੇ ਕੋਈ ਨਾ ਕੁਸਕਿਆ।

ਰਾਜਾ ਤੇਜ ਸਿੰਘ ਨੇ ਸੁਲ੍ਹਾਨਾਮੇ ਦਾ ਕਾਗਜ਼ ਮਹਾਰਾਜਾ ਦਲੀਪ ਸਿੰਘ ਅੱਗੇ ਕੀਤਾ, ਤਾਂ ਉਸ ਨੇ ਛੇਤੀ ਨਾਲ ਫੜ ਕੇ ਉੱਪਰ ਦਸਤਖ਼ਤ ਕਰ ਦਿੱਤੇ। ਜਿਸ ਫੁਰਤੀ ਨਾਲ ਉਸ ਨੇ ਦਸਤਖ਼ਤ ਕੀਤੇ, ਮਾਲੂਮ ਹੁੰਦਾ ਹੈ, ਕਿ ਉਸ ਨੂੰ ਸਿਖਾਇਆ ਗਿਆ ਸੀ, ਕਿ ਉਸਨੇ ਢਿੱਲ ਕੀਤੀ, ਤਾਂ ਚੰਗਾ ਨਹੀਂ ਹੋਵੇਗਾ। ਤੇ ਇਹ ਵੀ ਪਰਗਟ ਹੁੰਦਾ ਹੈ, ਕਿ ਬਾਲ ਹੋਣ ਦੇ ਕਾਰਨ ਉਹਨੂੰ ਇਹ ਗਿਆਨ ਨਹੀਂ ਸੀ, ਕਿ ਉਹ ਬਾਦਸ਼ਾਹੀ ਤੋਂ ਹਟਾ ਕੇ ਧੂੰਏਂ ਦਾ ਫ਼ਕੀਰ ਬਣਾਇਆ ਜਾ ਰਿਹਾ ਹੈ। ਇਸ ਤੋਂ ਪਿੱਛੋਂ ਹੋਰ ਸਰਦਾਰਾਂ ਦੇ ਵੀ ਦਸਤਖ਼ਤ ਕਰਾਏ ਗਏ। ਸੁਲ੍ਹਾਨਾਮਾ ਇਹ ਹੈ :—

## ਲਾਹੌਰ ਨਾਲ ਆਖ਼ਰੀ ਸੁਲ੍ਹਾ

(ਲਾਹੌਰ, ੨੯ ਮਾਰਚ, ੧੮੪੯ ਈ.)

"ਸ਼ਰਤਾਂ ਜਿਹੜੀਆਂ ਮਹਾਰਾਜਾ ਦਲੀਪ ਸਿੰਘ ਬਹਾਦਰ ਨੂੰ ਈਸਟ ਇੰਡੀਆ ਕੰਪਨੀ ਨੇ, ਹੱਥੀਂ ਹੈਨਰੀ ਮੀਅਰਸ ਇਲੀਅਟ Henry Miers Elliot (ਸਰਕਾਰ ਹਿੰਦ ਦਾ ਪਰਦੇਸੀ ਸਕੱਤਰ) ਤੇ Sir Henry Montgomery Lawrence K.C.B. ਰੈਜ਼ੀਡੈਂਟ ਨੇ, ਉਹਨਾਂ ਅਖ਼ਤਿਆਰਾਂ ਅਨੁਸਾਰ, ਜੋ ਉਹਨਾਂ ਨੂੰ ਲਾਰਡ ਡਲਹੌਜ਼ੀ Right Honourable James Earl of Dalhousie, kinght of the most Ancient Order of the Thistle, one of her mejesty's Most Honourable Privy Council,

Governor General (ਗਵਰਨ-ਜੈਨਰਲ-ਜਿਸਨੂੰ ਈਸਟ ਇੰਡੀਆ ਕੰਪਨੀ ਨੇ ਆਪਣੇ ਕੰਮ ਕਾਜ ਚਲਾਉਣ ਤੇ ਸੁਲਝਾਉਣ ਵਾਸਤੇ ਨੀਯਤ ਕੀਤਾ ਹੈ—ਨੇ ਦਿੱਤੇ ਹਨ।) ਦਿੱਤੀਆਂ ਤੇ 'ਮਹਾਰਾਜਾ' ਵੱਲੋਂ ਤੇਜ ਸਿੰਘ, ਰਾਜਾ ਦੀਨਾ ਨਾਥ, ਭਾਈ ਨਿਧਾਨ ਸਿੰਘ, ਨੂਰੁੱਦੀਨ, ਗੁਦੜ ਸਿੰਘ (ਏਜੰਟ ਸ. ਸ਼ਮਸ਼ੇਰ ਸਿੰਘ ਸੰਧਾਵਾਲੀਏ ਦਾ), ਸ. ਲਾਲ ਸਿੰਘ (ਏਜੰਟ) ਤੇ ਪੁੱਤਰ (ਸ. ਅਤਰ ਸਿੰਘ ਕਾਲਿਆਂ ਵਾਲੇ ਦਾ) ਕੌਂਸਲ ਦੇ ਮੈਂਬਰਾਂ—ਜਿਨਾਂ ਨੂੰ ਮਹਾਰਾਜੇ ਵੱਲੋਂ ਪੂਰੇ ਅਖ਼ਤਿਆਰ ਦਿੱਤੇ ਗਏ ਸਨ—ਨੇ ਮਨਜ਼ੂਰ ਕੀਤੀਆਂ।

"੧. ਮਹਾਰਾਜਾ ਦਲੀਪ ਸਿੰਘ ਆਪਣੇ ਵੱਲੋਂ, ਆਪਣੇ ਵਾਰਸਾਂ ਵੱਲੋਂ ਤੇ ਆਪਣੇ ਉੱਤਰ-ਅਧਿਕਾਰੀਆਂ (ਜਾਨਸ਼ੀਨਾਂ) ਵੱਲੋਂ ਪੰਜਾਬ ਰਾਜ ਦੇ ਹੱਕਾਂ ਤੇ ਦਾਅਵਿਆਂ ਨੂੰ ਤਿਆਗਦਾ ਹੈ।

੨. "ਲਾਹੌਰ ਦਰਬਾਰ ਸਿਰ ਜੋ ਸਰਕਾਰ ਅੰਗਰੇਜ਼ੀ ਦਾ ਕਰਜ਼ਾ ਹੈ, ਉਸ ਬਦਲੇ ਤੇ ਇਸ ਲੜਾਈ ਦੇ ਖ਼ਰਚਾਂ ਬਦਲੇ ਲਾਹੌਰ ਰਿਆਸਤ ਦੀ ਹਰ ਤਰ੍ਹਾਂ ਦੀ ਜਾਇਦਾਦ, ਜਿੱਥੇ ਵੀ ਹੋਵੇ, ਸਰਕਾਰ ਅੰਗਰੇਜ਼ੀ ਜ਼ਬਤ ਕਰ ਲਵੇਗੀ।

੩. 'ਕੋਹਿਨੂਰ' ਹੀਰਾ, ਜੋ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸੁਜ਼ਾਹ ਕੋਲੋਂ ਲਿਆ ਸੀ, ਲਾਹੌਰ ਦਾ ਮਹਾਰਾਜਾ, ਇੰਗਲੈਂਡ ਦੀ ਮਲਕਾ ਦੀ ਭੇਟਾ ਕਰੇਗਾ।

੪. "ਮਹਾਰਾਜਾ ਦਲੀਪ ਸਿੰਘ, ਆਪਣੀ, ਆਪਣੇ ਸੰਬੰਧੀਆਂ ਦੀ ਤੇ ਰਿਆਸਤ ਦੇ ਨੌਕਰਾਂ ਦੀ ਸਹਾਇਤਾ ਲਈ, ਈਸਟ ਇੰਡੀਆ ਕੰਪਨੀ ਪਾਸੋਂ ਇਕ ਰਕਮ (ਪੈਨਸ਼ਨ) ਲਵੇਗਾ, ਜੋ ਕੰਪਨੀ ਦੇ ਰੁਪਏ ਚਾਰ ਲੱਖ ਤੋਂ ਘੱਟ ਤੇ ਪੰਜ ਲੱਖ ਤੋਂ ਵੱਧ ਨਹੀਂ ਹੋਵੇਗੀ।

"੫. ਮਹਾਰਾਜੇ ਦੀ ਇੱਜ਼ਤ ਤੇ ਸਨਮਾਨ ਕਾਇਮ ਰੱਖਿਆ ਜਾਵੇਗਾ। ਉਹ 'ਮਹਾਰਾਜਾ ਦਲੀਪ ਸਿੰਘ ਬਹਾਦੁਰ' ਦਾ ਖ਼ਿਤਾਬ ਰੱਖੇਗਾ ਤੇ ਉਹ ਆਪਣੀ ਉਮਰ ਭਰ ਉਪਰ ਦੱਸੀ ਪੈਨਸ਼ਨ ਦਾ ਓਨਾ ਹਿੱਸਾ ਲਿਆ ਕਰੇਗਾ, ਜੋ ਉਸਨੂੰ ਜ਼ਾਤੀ ਤੌਰ 'ਤੇ ਦਿੱਤਾ ਜਾਵੇਗਾ, ਪਰ ਜੇ ਉਹ ਅੰਗਰੇਜ਼ਾਂ ਦਾ ਤਾਬਿਆਦਾਰ ਰਹੇਗਾ, ਤੇ ਓਥੇ ਰਿਹਾਇਸ਼ ਰੱਖੇਗਾ, ਜਿੱਥੇ ਗਵਰਨਰ-ਜੇਨਰਲ ਉਸ ਲਈ ਥਾਂ ਤਜਵੀਜ਼ ਕਰੇਗਾ।

"ਇਹ ਸ਼ਰਤਾਂ ਲਾਹੌਰ ਵਿੱਚ ੨੯ ਮਾਰਚ, ੧੮੪੯ ਈ. ਨੂੰ ਪੇਸ਼ ਹੋ ਕੇ

ਮਨਜ਼ੂਰ ਹੋਈਆਂ ਤੇ ੫ ਅਪ੍ਰੈਲ, ੧੮੪੯ ਈ. ਨੂੰ ਗਵਰਨਰ-ਜੈਨਰਲ ਨੇ ਪਰਵਾਨ ਕੀਤੀਆਂ।

"(ਇਹਨਾਂ ਨੇ ਇਸ ਉਤੇ ਦਸਤਖ਼ਤ ਕੀਤੇ) ਡਲਹੌਜ਼ੀ, ਇਲੀਅਟ, ਲਾਰੰਸ, ਮਹਾਰਾਜਾ ਦਲੀਪ ਸਿੰਘ, ਰਾਜਾ ਤੇਜ ਸਿੰਘ, ਰਾਜਾ ਦੀਨਾ ਨਾਥ, ਭਾਈ ਨਿਧਾਨ ਸਿੰਘ, ਫ਼ਕੀਰ ਨੂਰੂੱਦੀਨ, ਗੁੱਦੜ ਸਿੰਘ ਤੇ ਸ. ਲਾਲ ਸਿੰਘ।"

ਸੁਲ੍ਹਾ ਹੋ ਗਈ। ਪੰਜਾਬ, ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ ਗਿਆ। ਕਿਲ੍ਹੇ ਉੱਤੇ ਅੰਗਰੇਜ਼ੀ ਝੰਡਾ ਝਲੱਾ ਦਿੱਤਾ ਤੇ ਸਿੱਖਾਂ ਦਾ ਝੰਡਾ ਸਦਾ ਵਾਸਤੇ ਉਸ ਦੇ ਅੱਗੇ ਨਿਉਂ ਗਿਆ। ਡਲਹੌਜ਼ੀ ਦੀ ਮਨ ਦੀ ਮੁਰਾਦ ਪੂਰੀ ਹੋ ਗਈ।

## ਵਿਚਾਰ

ਆਓ ਹੁਣ ਏਸ ਗੱਲ 'ਤੇ ਵਿਚਾਰ ਕਰੀਏ, ਕਿ ਲਾਰਡ ਡਲਹੌਜ਼ੀ ਨੇ ਜੋ ਦੋਸ਼ ਲਾਏ ਹਨ, ਉਹਨਾਂ ਵਿੱਚੋਂ ਕਿੱਥੋਂ ਤੱਕ ਸਚਾਈ ਹੈ। ਲਾਰਡ ਡਲਹੌਜ਼ੀ ਦਾ ਆਖ਼ਰੀ ਐਲਾਨ, (ਜੋ ਏਸੇ ਕਿਤਾਬ ਪੰਨਾ ੨੪੫ ਉੱਤੇ ਹੈ), ਇਕ ਵਾਰ ਫਿਰ ਪੜ੍ਹੋ। ਮੈਂ ਉਸ ਦੀ ਇਕ ਇਕ ਗੱਲ ਦਾ ਉੱਤਰ ਦੇਂਦਾ ਹਾਂ, ਜੋ ਪੁਰਾਣੇ ਇਤਿਹਾਸਾਂ ਜਾਂ ਸਰਕਾਰੀ ਕਾਗਜ਼ਾਂ ਅਨੁਸਾਰ ਹੈ।

ਸਤਲੁਜ ਯੁੱਧ ਬਾਰੇ ਲਾਰਡ ਡਲਹੌਜ਼ੀ ਲਿਖਦਾ ਹੈ : "ਸਿੱਖਾਂ ਨੇ ਪੁਰਾਣੀ ਸੁਲ੍ਹਾ ਤੋੜ ਕੇ ਹੱਦ ਟੱਪ ਕੇ ਬਿਨਾਂ ਕਿਸੇ ਸਬੱਬ, ਅੰਗਰੇਜ਼ਾਂ ਨਾਲ ਲੜਾਈ ਛੇੜ ਦਿੱਤੀ, ਜਿਸ ਵਿੱਚ ਸਿੱਖ ਬੁਰੀ ਤਰ੍ਹਾਂ ਹਾਰੇ।"

ਏਸ ਗੱਲ ਦੇ ਉੱਤਰ ਵਾਸਤੇ ਏਸੇ ਕਿਤਾਬ ਦਾ ਤਿੱਜਾ ਕਾਂਡ ਫੇਰ ਪੜ੍ਹੋ ਤੇ ਆਪ ਹੀ ਫ਼ੈਸਲਾ ਕਰ ਦਿਓ, ਕਿ ਕੀ ਪਹਿਲੀ ਸੁਲ੍ਹਾ ਸਿੱਖਾਂ ਨੇ ਤੋੜੀ ਸੀ? ਸਿੱਖ ਬਿਨਾਂ ਸਬੱਬ ਲੜੇ ਸਨ? ਅੰਗਰੇਜ਼ਾਂ ਨੇ ਬਲ ਨਾਲ ਸਿੱਖਾਂ ਨੂੰ ਜਿੱਤਿਆ ਸੀ? ਤਾਂ ਅੰਗਰੇਜ਼ ਵਿਦਵਾਨਾਂ ਕੋਲੋਂ ਹੀ ਤੁਹਾਨੂੰ ਉੱਤਰ ਮਿਲੇਗਾ, 'ਨਹੀਂ'।

ਡਲਹੌਜ਼ੀ ਲਿਖਦਾ ਹੈ, "ਅੰਗਰੇਜ਼ੀ ਸਰਕਾਰ ਨੂੰ ਹੱਕ ਸੀ, ਕਿ ਉਹ ਪੰਜਾਬ ਨੂੰ ਜ਼ਬਤ ਕਰ ਲੈਂਦੀ, ਪਰ ਉਸਨੇ ਖਿਮਾ ਕਰ ਦਿੱਤਾ ਤੇ ਪੰਜਾਬ ਜ਼ਬਤ ਨਾ ਕੀਤਾ।"

ਏਸ ਗੱਲ ਦਾ ਉੱਤਰ ਵੀ ਤਿੱਜੇ ਕਾਂਡ ਵਿੱਚ ਆ ਚੁੱਕਾ ਹੈ, ਕਿ ਅੰਗਰੇਜ਼ਾਂ ਨੇ ਓਦੋਂ ਪੰਜਾਬ ਜ਼ਬਤ ਕਿਉਂ ਨਾ ਕੀਤਾ? ਭਾਵ, ਓਦੋਂ ਲਾਰਡ

ਹਾਰਡਿੰਗ ਕੋਲ ਏਨਾ ਬਲ ਤੇ ਵਸੀਲੇ ਨਹੀਂ ਸਨ, ਕਿ ਉਹ ਪੰਜਾਬ ਨੂੰ ਜ਼ਬਤ ਕਰ ਸਕਦਾ।

ਅੱਗੇ ਭਰੋਵਾਲ ਦੀ ਸੁਲ੍ਹਾ ਤੋਂ ਪਿੱਛੋਂ ਦਾ ਜ਼ਿਕਰ ਆਉਂਦਾ ਹੈ। ਡਲਹੌਜ਼ੀ ਲਿਖਦਾ ਹੈ, "ਸਰਕਾਰ ਅੰਗਰੇਜ਼ੀ ਨੇ ਸਾਰੇ ਇਕਰਾਰ ਪੂਰੇ ਕੀਤੇ ਤੇ ਫ਼ਰਜ਼ ਨਿਭਾਏ।"

ਕਿਹੜੇ ਇਕਰਾਰ ਪੂਰੇ ਕੀਤੇ? ਸਭ ਤੋਂ ਵੱਡਾ ਇਕਰਾਰ ਪੰਜਾਬ ਵਿੱਚ ਅਮਨ ਕਾਇਮ ਰੱਖਣ ਦਾ ਸੀ। ਸੋ ਮੁਲਤਾਨ ਦੀ ਬਗ਼ਾਵਤ ਨੂੰ ਛੇਤੀ ਨਾ ਦਬੱਕੇ, ਡਲਹੌਜ਼ੀ ਇਸ ਇਕਰਾਰ ਵੱਲੋਂ ਝੂਠਾ ਪਿਆ। ਇਸ ਬਾਰੇ, ਅਸੀਂ ਪਿੱਛੇ ਬਹੁਤ ਕੁਛ ਲਿਖ ਆਏ ਹਾਂ।

ਡਲਹੌਜ਼ੀ : "ਸੁਲ੍ਹਾ ਦਾ ਕੋਈ ਅਜੇਹਾ ਵੱਡਾ ਹਿੱਸਾ ਨਹੀਂ, ਜੋ ਸਿੱਖ ਸਰਕਾਰ ਤੇ ਸਿੱਖਾਂ ਨੇ ਨਾ ਤੋੜਿਆ ਹੋਵੇ।"

ਸਿੱਖ ਸਰਕਾਰ ਦੇ ਜ਼ਿੰਮੇ ਦੋ ਹੀ ਵੱਡੀਆਂ ਸ਼ਰਤਾਂ ਸਨ : ਖ਼ਰਚ ਵਜੋਂ ਬਾਈ ਲੱਖ ਰੁਪੈ ਸਾਲਾਨਾ ਦੇਣੇ ਤੇ ਅੰਗਰੇਜ਼ੀ ਰੈਜ਼ੀਡੈਂਟ ਦਾ ਹੁਕਮ ਮੰਨਣਾ। ਇਹਨਾਂ ਦੋਹਾਂ ਸ਼ਰਤਾਂ ਬਾਰੇ ਅੱਗੇ ਵੱਖ-ਵੱਖ ਲਿਖਿਆ ਹੈ।

ਡਲਹੌਜ਼ੀ : "ਬਾਈ ਲੱਖ ਰੁਪੈ ਸਾਲਾਨਾ, ਜੋ ਦੇਣੇ ਕੀਤੇ ਸਨ, ਉਹਨਾਂ ਵਿੱਚੋਂ ਅਜੇ ਤੱਕ ਕੁਛ ਨਹੀਂ ਦਿੱਤਾ ਗਿਆ। ਸੋ ਲਾਹੌਰ ਸਰਕਾਰ ਸਿਰ ਕਰਜ਼ ਪੰਜਾਹ ਲੱਖ ਤੋਂ ਵੱਧ ਗਿਆ ਹੈ।"

ਇਹ ਦੋਸ਼ ਵੀ ਸਾਬਤ ਨਹੀਂ ਹੋ ਸਕਦਾ, ਕਿਉਂਕਿ ਰੈਜ਼ੀਡੈਂਟ ੨੩ ਫ਼ਰਵਰੀ, ੧੮੪੮ ਈ. ਨੂੰ ਗਵਰਨਰ-ਜੇਨਰਲ ਨੂੰ ਲਿਖਦਾ ਹੈ, "ਦਰਬਾਰ ਦੇ ਖ਼ਜ਼ਾਨੇ ਵਿੱਚੋਂ ੧੩੫੬੯੩੭ ਰੁਪੈ ਦਾ ਸੋਨਾ ਦਿੱਤਾ ਹੈ। ਇਹ ਰਕਮ ਅਦਾ ਕਰਨ ਨਾਲ, ਦਰਬਾਰ ਦੇ ਸਿਰ ਕਰਜ਼ਾ, ਜੋ ਅੰਗਰੇਜ਼ੀ ਸਰਕਾਰ ਨੇ ੪੦ ਲੱਖ ਤੋਂ ਵਧੇਰੇ ਲੈਣਾ ਸੀ, ਹੁਣ ੨੭ ਲੱਖ ਤੋਂ ਵੀ ਘੱਟ ਰਹਿ ਗਿਆ ਹੈ।"* ਮਗਰ ਏਸੇ ਖ਼ਤ ਵਿੱਚ, ਮੁਲਤਾਨ ਬਗ਼ਾਵਤ ਤੋਂ ਪਹਿਲਾਂ ੮ ਲੱਖ ਰੁਪੈ ਲਿਖੇ ਹਨ।o ਅਸਲ ਵਿੱਚ ਏਨਾ ਕਰਜ਼ ਵੀ ਤਦ ਹੀ ਰਿਹਾ ਸੀ, ਕਿ ਰੈਜ਼ੀਡੈਂਟ ਨੇ

---

*Punjab Papers, (1849), p. 110-111

o ,, ,, ,, p. 111.

ਗਵਰਨਰ-ਜੈਨਰਲ ਦੇ ਹੁਕਮ ਨਾਲ ਪੰਜਾਬ ਦੇ ਮਾਲੀ ਪਰਬੰਧ ਵਿਚ ਕੁਛ ਖ਼ਾਸ ਤਬਦੀਲੀਆਂ ਕੀਤੀਆਂ ਸਨ, ਜਿਸ ਕਰਕੇ ਲਾਹੌਰ ਸਰਕਾਰ ਦੀ ਆਮਦਨ ਘਟ ਗਈ ਸੀ। ਏਸ ਗੱਲ ਬਾਰੇ 'ਈਵਾਨਸ ਬੈੱਲ' ਲਿਖਦਾ ਹੈ : "ਲਾਰਡ ਡਲਹੌਜ਼ੀ ਇਹ ਸਾਬਤ ਕਰਨ ਵਿੱਚ, ਕਿ ਲਾਹੌਰ ਸਰਕਾਰ ਨੇ ਅਹਿਦਨਾਮਾ ਤੋੜਿਆ ਹੈ, ਅਸਲੋਂ ਸਫਲ ਨਹੀਂ ਹੋਇਆ। ਖ਼ਾਸ ਮਿਸਾਲ ਜਿਹੜੀ ਉਹ ਦੇਂਦਾ ਹੈ, ਉਹ ਰੁਪੈ ਅਦੱਾ ਕਰਨ ਬਾਰੇ ਹੈ, ਤੇ ਇਹ ਸਿਰਫ਼ ਹਿਸਾਬ ਕਿਤਾਬ ਦੀ ਗੱਲ ਹੈ। ਇਹ ਘਟਨਾ ਲਾਹੌਰ ਸਰਕਾਰ ਦੇ ਸਿਰ ਦੋਸ਼ ਵਜੋਂ ਨਹੀਂ ਮੜ੍ਹੀ ਜਾ ਸਕਦੀ।"*

ਡਲਹੌਜ਼ੀ : "ਅੰਗਰੇਜ਼ੀ ਸਰਕਾਰ ਨੂੰ ਆਪ ਬੁਲੱਾ ਕੇ ਜਿਹੜੇ ਅਧਿਕਾਰ ਸਿੱਖਾਂ ਨੇ ਦਿੱਤੇ ਸਨ, ਉਹ ਪੂਰੀ ਤਰ੍ਹਾਂ ਨਹੀਂ ਮੰਨੇ।"

ਉਹ ਕਿਹੜਾ ਅਧਿਕਾਰ ਸੀ, ਜਿਹੜਾ ਸਿੱਖਾਂ ਨਹੀਂ ਮੰਨਿਆ? ਸਭ ਤੋਂ ਵੱਡਾ ਫ਼ਰਜ਼ ਸੀ ਰੈਜ਼ੀਡੈਂਟ ਦੇ ਹੁਕਮ ਦੀ ਪਾਲਣਾ ਕਰਨੀ। ਰੈਜ਼ੀਡੈਂਟ ਆਪ ਮੰਨਦਾ ਹੈ, "ਸਮੁੱਚੇ ਤੌਰ 'ਤੇ ਦਰਬਾਰ ਮੇਰੀ ਏਨੀ ਮਦਦ ਕਰਦਾ ਹੈ, ਜਿੰਨੀ ਦੀ ਮੈਂ ਆਸ ਰੱਖਦਾ ਹਾਂ। ...ਸਹੀ ਅਰਥਾਂ ਵਿੱਚ ਦਰਬਾਰ ਦੇ ਮੈਂਬਰ ਉਹਨਾਂ ਕੰਮਾਂ ਦੇ ਹਾਕਮ ਹਨ, ਜਿਹੜੇ ਉਹਨਾਂ ਨੂੰ ਕਰਨ ਵਾਸਤੇ ਕਹੇ ਜਾਣ।"[ ]...ਇਹ ਗੱਲ ਜ਼ਬਾਨੀ ਹੈ, ਤੇ ਹੋਰ ਹੋਈਆਂ ਘਟਨਾਵਾਂ ਤੋਂ ਅੰਦਾਜ਼ਾ ਲਾ ਲਓ। ਲੋਹਗੜ੍ਹ ਦੇ ਕਿਲ੍ਹੇ ਵਿੱਚੋਂ—ਰੈਜ਼ੀਡੈਂਟ ਦੇ ਹੁਕਮ ਨਾਲ —ਖ਼ਾਲਸਾ ਫ਼ੌਜ ਕੱਢ ਕੇ ਅੰਗਰੇਜ਼ੀ ਫ਼ੌਜ ਰੱਖੀ ਗਈ। ਮਹਾਰਾਣੀ ਜਿੰਦ ਕੌਰ ਦੀ ਪੈਨਸ਼ਨ ਘਟਾਈ ਗਈ, ਉਸਨੂੰ ਸ਼ੇਖ਼ੂਪੁਰੇ ਵਿੱਚ ਨਜ਼ਰਬੰਦ ਕੀਤਾ ਗਿਆ ਤੇ ਅੰਤ ਦੇਸ ਨਿਕਾਲਾ ਦਿੱਤਾ ਗਿਆ। ਕੀ ਦਰਬਾਰ ਨੇ ਇਹਨਾਂ ਕੰਮਾਂ ਵਿੱਚ ਕੋਈ ਰੁਕਾਵਟ ਪਾਈ ? ਜੇ ਨਹੀਂ, ਤਾਂ ਇਹ ਕਿਵੇਂ ਕਿਹਾ ਜਾ ਸਕਦਾ ਹੈ, ਕਿ ਸਿੱਖਾਂ ਨੇ ਅੰਗਰੇਜ਼ੀ ਸਰਕਾਰ ਦੇ ਅਧਿਕਾਰ ਨੂੰ ਨਹੀਂ ਮੰਨਿਆ।

ਡਲਹੌਜ਼ੀ :"ਅੰਗਰੇਜ਼ ਅਫ਼ਸਰ ਮਾਰੇ ਗਏ, ਲਾਹੌਰ ਸਰਕਾਰ ਨੇ ਅਪਰਾਧੀਆਂ ਨੂੰ ਕੋਈ ਸਜ਼ਾ ਨਾ ਦਿਤੀ।"

---

*ਈਵਾਨਸ ਬੈੱਲ, ਪੰਨਾ ੭੫।

[ ] Punjab Papers, (1849), p. 32.

ਪਹਿਲੀ ਗੱਲ ਤਾਂ ਇਹ ਹੈ ਕਿ ਉਦੋਂ ਲਾਹੌਰ ਦਰਬਾਰ ਦੀ ਵਾਗ ਡੋਰ ਕੀਹਦੇ ਹੱਥ ਸੀ, ਜਿਸਨੇ ਅਪਰਾਧੀਆਂ ਨੂੰ ਸਜ਼ਾ ਨਾ ਦਿੱਤੀ? ਲਾਹੌਰ ਸਰਕਾਰ ਨੂੰ ਚਲਾਉਣ ਵਾਸਤੇ ਵੱਡਾ ਅਫ਼ਸਰ ਸੀ ਅੰਗਰੇਜ਼ ਰੈਜ਼ੀਡੈਂਟ। ਹਾਰਡਿੰਗ ਤਿੰਨ ਜੁਲਾਈ, ੧੮੪੭ ਈ. ਦੀ ਚਿੱਠੀ ਵਿੱਚ ਲਿਖਦਾ ਹੈ, "ਅੰਗਰੇਜ਼ੀ ਰੈਜ਼ੀਡੈਂਟ ਨੂੰ ਰਾਜ ਪਰਬੰਧ ਦੇ ਹਰ ਇਕ ਮਹਿਕਮੇ ਦੇ ਸਾਰਿਆਂ ਕੰਮਾਂ ਵਿੱਚ ਪੂਰੇ ਪੂਰੇ ਅਖ਼ਤਿਆਰ ਹਨ।"() ਫੇਰ ੨੩ ਅਕਤੂਬਰ, ੧੮੪੭ ਈ. ਦੀ ਚਿੱਠੀ ਵਿਚ ਹਾਰਡਿੰਗ ਲਿਖਦਾ ਹੈ, "ਹੁਣ ਸਿੱਖ ਰਾਜ ਬਿਲਕੁਲ ਸੁਤੰਤਰ ਰਾਜ ਨਹੀਂ ਹੈ।"੦ ਤਾਂ ਸਿੱਖ ਰਾਜ ਕਿਸ ਦੇ ਅਧੀਨ ਹੈ? ਗਵਰਨਰ-ਜੇਨਰਲ ਦੇ ਬਣਾਏ ਹੋਏ ਰੈਜ਼ੀਡੈਂਟ ਦੇ*, ਭਾਵ ਰੈਜ਼ੀਡੈਂਟ ਹੀ ਉਦੋਂ ਲਾਹੌਰ ਸਰਕਾਰ ਸੀ। ਸੋ ਅਪਰਾਧੀਆਂ ਨੂੰ ਸਜ਼ਾ ਨਾ ਦੇਣ ਵਿੱਚ ਦੋਸ਼ੀ ਕੌਣ ਹੋਇਆ? ਰੈਜ਼ੀਡੈਂਟ। ਤੇ ਜਾਂ ਰੈਜ਼ੀਡੈਂਟ ਦਾ ਮਾਲਕ ਗਵਰਨਰ-ਜੇਨਰਲ। ਤੇ ਉਹ 'ਡਲਹੌਜ਼ੀ' ਆਪ ਸੀ। ਸੁਆਦੀ ਗੱਲ ਇਹ ਹੈ, ਕਿ ਡਲਹੌਜ਼ੀ ਆਪਣੇ ਦੋਸ਼ ਵੀ ਸਿੱਖਾਂ ਸਿਰ ਮੜ੍ਹਦਾ ਹੈ।

ਡਲਹੌਜ਼ੀ: "ਫੌਜ ਨੇ ਹੁਕਮ ਮੰਨਣ ਤੋਂ ਨਿਰਾ ਇਨਕਾਰ ਹੀ ਨਹੀਂ ਕੀਤਾ, ਸਗੋਂ ਸਾਰੇ ਥਾਈਂ ਅੰਗਰੇਜ਼ਾਂ ਦੇ ਵਿਰੁੱਧ ਹਥਿਆਰ ਚੁੱਕ ਲਏ।"

ਕੀ ਸਾਰੀ ਫ਼ੌਜ ਵਿਰੋਧੀ ਬਣ ਗਈ ਸੀ ? ਮਗਰ ਪੰਜਾਬ ਦੇ ਸਰਕਾਰੀ ਕਾਗਜ਼ਾਂ ਵਿਚ ਤਾਂ ਲਿਖਿਆ ਹੈ, ਕਿ ਲਾਹੌਰ ਦਰਬਾਰ ਦੀ ੨੦ ਹਜ਼ਾਰ ਫ਼ੌਜ ਅੰਗਰੇਜ਼ਾਂ ਦੀ ਮਦਦ ਕਰਦੀ ਰਹੀ ਹੈ ਤੇ ਬਾਗ਼ੀਆਂ ਨਾਲ ਲੜਦੀ ਰਹੀ ਹੈ।[ ] ਅਤੇ ਜੇ ਕੁਛ ਫ਼ੌਜ ਬਾਗ਼ੀ ਹੋ ਵੀ ਗਈ, ਤਾਂ ਬਾਲਕ ਮਹਾਰਾਜੇ ਦਾ ਕੀ ਗੁਨਾਹ ? ਬਾਗ਼ੀਆਂ ਨੂੰ ਸਜ਼ਾ ਦਿੱਤੀ ਜਾਂਦੀ, ਸੋ ਠੀਕ ਸੀ।

ਡਲਹੌਜ਼ੀ: "ਸਾਰੀ ਸਿੱਖ ਵੱਸੋਂ ਏਸ ਦੁਸ਼ਮਣੀ ਵਿੱਚ ਜੁੱਟ ਪਈ, ਵੱਡੇ ਸਰਦਾਰ ਆਗੂ ਬਣੇ। ਜਿਨ੍ਹਾਂ ਨੇ ਸੁਲ੍ਹਾ 'ਤੇ ਦਸਤਖ਼ਤ ਕੀਤੇ ਸਨ; ਉਹ ਸਭ ਤੋਂ ਅੱਗੇ ਦਿਸਦੇ ਸਨ। ਉਹਨਾਂ ਦਾ ਸੈਨਾਪਤੀ ਕੌਂਸਲ ਦਾ ਮੈਂਬਰ ਸੀ।"

---

()ਵੇਖੋ ਏਸੇ ਕਿਤਾਬ ਦਾ ਪੰਨਾ ੧੯੬।

੦ਵੇਖੋ ਏਸੇ ਕਿਤਾਬ ਦਾ ਪੰਨਾ ੧੯੦॥

*ਰੈਜ਼ੀਡੈਂਟ ਦੇ ਅਖ਼ਤਿਆਰ ਬਾਰੇ, ਵੇਖੋ ਏਸੇ ਕਿਤਾਬ ਦਾ ਪੰਨਾ ੧੯੬।

[ ]ਈਵਾਨਸ ਬੈੱਲ, ਪੰਨਾ ੭੬।

ਬਾਗ਼ੀ ਫੌਜ ਦਾ ਸੈਨਾਪਤੀ-ਰਾਜਾ ਸ਼ੇਰ ਸਿੰਘ-ਕੌਂਸਲ ਦਾ ਮੈਂਬਰ ਸੀ। (ਪਰ ਉਹ ਜਿਨ੍ਹਾਂ ਹਾਲਤਾਂ ਵਿੱਚ ਮਜਬੂਰ ਹੋ ਕੇ ਬਾਗ਼ੀ ਹੋਇਆ ਸੀ, ਅਸੀਂ ਪਿੱਛੇ ਲਿਖ ਆਏ ਹਾਂ) ਪਰ ਉਸ ਦੇ ਬਾਗ਼ੀ ਹੋਣ ਦਾ ਅਰਥ ਇਹ ਨਹੀਂ, ਕਿ ਲਾਹੌਰ ਦਰਬਾਰ ਜਾਂ ਮਹਾਰਾਜਾ ਦਲੀਪ ਸਿੰਘ ਬਾਗ਼ੀ ਹੋ ਗਿਆ ਸੀ। ਬਾਕੀ ਰਿਹਾ, 'ਸਾਰੀ ਸਿੱਖ ਵੱਸੋਂ,' 'ਸਾਰੇ ਵੱਡੇ ਸਰਦਾਰ,' 'ਜਿਨ੍ਹਾਂ ਨੇ ਸੁਲ੍ਹਾ 'ਤੇ ਦਸਤਖ਼ਤ ਕੀਤੇ ਸਨ' ਬਾਗ਼ੀ ਹੋ ਗਏ ਦਾ ਉੱਤਰ। ਬਹੁਤੀ ਸਿੱਖ ਵਸੋਂ ਚੜ੍ਹਦੇ ਪੰਜਾਬ ਵਿਚ ਹੈ, (ਤੇ ਸੀ), ਪਰ ਓਥੇ ਕੋਈ ਬਗ਼ਾਵਤ ਨਹੀਂ ਹੋਈ। ਬਗ਼ਾਵਤ ਕੇਵਲ ਕੁਛ ਛਾਉਣੀਆਂ ਵਿੱਚ ਹੋਈ। ਕੁਛ ਨਾਮ ਕਟੇ ਸਿਪਾਹੀਆਂ ਨੇ ਕੀਤੀ। ਪੰਜਾਬ ਦੀ ਸਾਰੀ ਵੱਸੋਂ ਦਾ ਛੇਵਾਂ ਹਿੱਸਾ ਸਿੱਖ ਸਨ ਤੇ ਸਿੱਖਾਂ ਵਿੱਚੋਂ ਵੀ ਥੋੜ੍ਹੇ ਜਹੇ ਸਰਦਾਰ ਤੇ ਫ਼ੌਜੀ ਬਾਗ਼ੀ ਹੋਏ। ਨੀਲੀ ਕਿਤਾਬ (Blue Book) ਵਿੱਚ ੩੪ ਵੱਡੇ ਸਰਦਾਰਾਂ ਦੇ ਨਾਂ ਲਿਖੇ ਹਨ, ਜਿਨ੍ਹਾਂ (ਸਣੇ ਸੰਬੰਧੀਆਂ ਤੇ ਮਾਤਹਿਤਾਂ ਦੇ) ਬਗ਼ਾਵਤ ਵਿੱਚ ਕਿਸੇ ਕਿਸਮ ਦਾ ਕੋਈ ਹਿੱਸਾ ਨਹੀਂ ਲਿਆ। ਇਹਨਾਂ ਵਿੱਚੋਂ ੨੮ ਸਿੱਖ, ਦੋ ਮੁਸਲਮਾਨ ਤੇ ਚਾਰ ਹਿਦੂ ਸਨ*। ੧੮੪੬ ਈ. ਦੀ ਸੁਲ੍ਹਾ ਉਤੇ ੧੬ ਸਰਦਾਰਾਂ ਨੇ ਦਸਤਖ਼ਤ ਕੀਤੇ ਸਨ, ਜਿਨ੍ਹਾਂ ਵਿੱਚੋਂ ਪੰਜ ਬਾਗ਼ੀਆਂ ਨਾਲ ਮਿਲੇ੦ ਕੌਂਸਲ ਦੇ ਅੱਠ ਮੈਂਬਰਾਂ ਵਿੱਚੋਂ ਇਕ—ਰਾਜ ਸ਼ੇਰ ਸਿੰਘ—ਬਾਗ਼ੀ ਹੋਇਆ, ਇਕ—ਰਣਜੋਰ ਸਿੰਘ—'ਮਜੀਠਾ'-ਓਦੋਂ ਕੈਦ ਵਿਚ ਸੀ, ਤੇ ਬਾਕੀ ਛੇ ਅੰਗਰੇਜ਼ੀ ਸਰਕਾਰ ਦੇ ਵਫ਼ਾਦਾਰ ਰਹੇ।

ਡਲਹੌਜ਼ੀ: "ਅੰਗਰੇਜ਼ੀ ਸਰਕਾਰ ਨੇ ਆਪਣੀ ਪੂਰੀ ਤਾਕਤ ਨਾਲ ਸਿੱਖਾਂ ਨੂੰ ਹਰੌਂ ਦਿਤਾ।"

ਇਸ ਦੇ ਉੱਤਰ ਵਿੱਚ ਏਨਾ ਹੀ ਲਿਖਣਾ ਹੈ, ਕਿ ਅੰਗਰੇਜ਼ੀ ਫ਼ੌਜ ਇਕੱਲੀ ਨੇ ਬਾਗ਼ੀ ਫ਼ੌਜਾਂ ਨੂੰ ਨਹੀਂ ਹਰਾਇਆ ਸੀ, ਸਗੋਂ ਲਾਹੌਰ ਦਰਬਾਰ ਦੀ ੨੦ ਹਜ਼ਾਰ ਫ਼ੌਜ() ਤੇ ਮਿਸਰ ਸਾਹਿਬ ਦਿਆਲ, ਮੱਯਾਦਾਸ, ਦੀਵਾਨ ਜਵਾਹਰ ਮੱਲ ਦੱਤ, ਸ: ਫ਼ਤਹਿ ਸਿੰਘ ਤੇ ਸ਼ੇਖ ਇਮਾਮੁੱਦੀਨ ਵਰਗੇ ਕਈ ਜਰਨੈਲ, ਅੰਗਰੇਜ਼ੀ ਫ਼ੌਜ ਦੀ ਮਦਦ 'ਤੇ ਸਨ।

ਡਲਹੌਜ਼ੀ: "ਸਰਕਾਰ ਅੰਗਰੇਜ਼ੀ ਹੋਰ ਇਲਾਕਾ ਫ਼ਤਹਿ ਨਹੀਂ ਕਰਨਾ ਚਾਹੁੰਦੀ।"

---

* ਈਵਾਨਸ ਬੈੱਲ, ਪੰਨਾ ੬੫।

੦ ਈਵਾਨਸ ਬੈੱਲ, ਪੰਨਾ ੬੬।

()ਈਵਾਨਸ ਬੈੱਲ, ਪੰਨਾ ੭੬।

ਇਸ ਦੇ ਉਲਟ, ੧੮੪੬ ਈ. ਵਿੱਚ ਇਕ ਅੰਗਰੇਜ਼ ਕਰਮਚਾਰੀ—"ਮੈਕਗ੍ਰਗਰ'—ਸਮੇਂ ਦੀ ਵਾਜ ਨੂੰ ਪਛਾਣਦਾ ਹੋਇਆ ਲਿਖਦਾ ਹੈ, "ਅੰਤ ਇਕ ਦਿਨ—ਛੇਤੀ ਜਾਂ ਚਿਰ ਪਾਕੇ—ਸਾਨੂੰ ਅਵੱਸ਼ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣਾ ਪਵੇਗਾ [ ]।" ਹਿੰਦ ਵਿੱਚ ਅੰਗਰੇਜ਼ੀ ਸਰਕਾਰ ਦੇ ਕਰਤਾ-ਧਰਤਾ ਹਾਰਡਿੰਗ ਦੇ ਸ਼ਬਦ ਹਨ, "ਜ਼ਾਤੀ ਤੌਰ 'ਤੇ ਮੈਨੂੰ ਇਹ ਅਫ਼ਸੋਸ ਹੀ ਰਹੇਗਾ, ਕਿ ਅੰਗਰੇਜ਼ੀ ਝੰਡਾ ਸਿੰਧ ਦੇ ਕੰਢਿਆਂ 'ਤੇ ਗੱਡਣਾ ਮੇਰੀ ਕਿਸਮਤ ਵਿੱਚ ਨਹੀਂ।"† ਬਾਕੀ ਰਹੀ ਡਲਹੌਜ਼ੀ ਦੀ ਆਪਣੀ ਚਾਹ। ਉਹ ਉਸ ਦੀ ਚੱਲ ਰਹੀ ਨੀਤੀ ਤੋਂ ਪਰਗਟ ਹੈ। ਮੁਲਤਾਨ ਦੀ ਬਗ਼ਾਵਤ ਨੂੰ ਨਾ ਦਬਾਉਣ ਕਰਕੇ ਜ਼ੋਰ ਦੀ ਅੱਗ ਬਲ ਉੱਠੀ। ਓਦੋਂ, ਸਰਕਾਰ ਹਿੰਦ ਦਾ ਸਕੱਤਰ, ਲਾਹੌਰ ਦੇ ਰੇਜ਼ੀਡੈਂਟ ਨੂੰ (ਫ਼ੋਰਟ ਵਿਲੀਅਮ ਤੋਂ ੩ ਅਕਤੂਬਰ, ੧੮੪੮ ਈ. ਨੂੰ) ਲਿਖਦਾ ਹੈ, "ਤੁਹਾਨੂੰ ਇਹ ਖ਼ਬਰ ਦੇਣ ਦੀ ਮੇਰੀ ਇੱਛਿਆ ਹੈ, ਕਿ ਗਵਰਨਰ-ਜੇਨਰਲ (ਇਨ ਕੌਂਸਲ) ਲਾਹੌਰ ਸਰਕਾਰ ਨੂੰ ਅੰਗਰੇਜ਼ੀ ਸਰਕਾਰ ਨਾਲ ਹਰ ਤਰ੍ਹਾਂ ਤੇ ਹਰ ਢੰਗ ਨਾਲ ਸਿੱਧੀ ਲੜ ਰਹੀ ਸਮਝਦਾ ਹੈ।"* ਏਸ ਚਿੱਠੀ ਦਾ ਅਸਲੀ ਭਾਵ ਕੀ ਹੈ, ਇਹ ਸਮਝ ਵਾਲਿਆਂ ਤੋਂ ਲੁਕਿਆ ਹੋਇਆ ਨਹੀਂ। ਅੱਛਾ, ਹੋਰ ਵੇਖੋ, ਉਹ ਕਿਹੜੀ ਲਾਹੌਰ ਸਰਕਾਰ ਸੀ, ਜਿਹੜੀ ਅੰਗਰੇਜ਼ੀ ਸਰਕਾਰ ਨਾਲ ਲੜ ਰਹੀ ਸੀ ? ਏਸ ਦਾ ਉੱਤਰ ਈਵਾਨਸ ਬੈੱਲ ਬੜਾ ਸੋਹਣਾ ਲਿਖਦਾ ਹੈ: "ਲਾਹੌਰ ਸਰਕਾਰ ਅੰਗਰੇਜ਼ੀ ਸਰਕਾਰ ਨਾਲ ਲੜ ਰਹੀ ਸੀ, ਜਦੋਂ ਪੰਜਾਬ ਦਾ ਬਾਦਸ਼ਾਹ, ਲਾਹੌਰ ਵਿਚ ਰੇਜ਼ੀਡੈਂਟ ਦਾ ਰਖਿਆ ਅਧੀਨ (Ward) ਸੀ। ਲਾਹੌਰ ਸਰਕਾਰ ਅੰਗਰੇਜ਼ੀ ਸਰਕਾਰ ਨਾਲ ਲੜ ਰਹੀ ਸੀ, ਜਦੋਂ ਅੰਗਰੇਜ਼ੀ ਰੇਜ਼ੀਡੈਂਟ ਬਾਲਕ ਬਾਦਸ਼ਾਹ ਦੇ ਨਾਮ 'ਤੇ ਸੁਲ੍ਹਾ ਦੀ ਸ਼ਰਤ ਅਨੁਸਾਰ ਪੰਜਾਬ ਦਾ ਰਾਜ ਪਰਬੰਧ ਚਲਾ ਰਿਹਾ ਸੀ। ਅਸਲ ਵਿਚ ਲਾਹੌਰ ਸਰਕਾਰ ਸੀ ਕਿੱਥੇ, ਜਿਸ ਨਾਲ ਅੰਗਰੇਜ਼ੀ ਸਰਕਾਰ ਲੜ ਰਹੀ ਸੀ ? (ਹਰ ਮੈਜੇਸਟੀ) ਮਲਕਾ ਤੇ ਉਹਦੇ ਸਾਥੀ ਮਹਾਰਾਜਾ ਦਲੀਪ ਸਿੰਘ ਦੇ ਸਤਕਾਰ ਵਿੱਚ ਸ਼ਾਹੀ ਸਲਾਮੀ ਦੇਣ ਪਿੱਛੋਂ ਪੰਜ ਸਤੰਬਰ ਨੂੰ ਰਾਜਾ ਸ਼ੇਰ ਸਿੰਘ ਦੇ ਡੇਰੇ ਤੇ ਮੁਲਤਾਨ ਦੇ ਕਿਲ੍ਹੇ ਨੂੰ

[ ]ਮੈਕਗ੍ਰੇਗਰ, ਪੰਨਾ ੨੭੩।

†ਵੇਖੋ ਏਸੇ ਕਿਤਾਬ ਦਾ ਪੰਨਾ ੧੭੫।

*Punjab Papers, 1849, p 375

ਹਵਾਲੇ ਕਰ ਦੇਣ ਵਾਸਤੇ ਕਿਹਾ ਗਿਆ ਸੀ। ਕੀ ਦੀਵਾਨ ਮੂਲਰਾਜ, ਚਤਰ ਸਿੰਘ ਜਾਂ ਰਾਜਾ ਸ਼ੇਰ ਸਿੰਘ ਏਹਾ ਸਮਝਦੇ ਸਨ, ਜਿੰਨ੍ਹਾਂ ਨੂੰ ਮਹਾਰਾਜਾ ਦਲੀਪ ਸਿੰਘ ਦੀ ਹਕੂਮਤ ਦੇ ਵਿਰੁੱਧ ਬਾਗ਼ੀ ਮੰਨਿਆਂ ਗਿਆ ਸੀ੦?" ਹੁਣ ਪਾਠਕ ਆਪ ਹੀ ਫ਼ੈਸਲਾ ਕਰ ਲੈਣ, ਕਿ ਸਰਕਾਰ ਅੰਗਰੇਜ਼ੀ ਦੀ—ਖ਼ਾਸ ਕਰ ਲਾਰਡ ਡਲਹੌਜ਼ੀ ਦੀ—ਹੋਰ ਇਲਾਕਾ ਜਿੱਤਣ ਦੀ ਚਾਹ ਸੀ, ਜਾਂ ਨਹੀਂ।

ਡਲਹੌਜ਼ੀ : "ਸਦਾ ਦੀ ਲੜਾਈ ਨੂੰ ਬੰਦ ਕਰਨ ਲਈ ਪੰਜਾਬ ਵਿੱਚ ਅੰਗਰੇਜ਼ੀ ਰਾਜ ਕਾਇਮ ਕੀਤਾ ਜਾਵੇ। ......... ਜਿੰਨਾ ਚਿਰ ਸਿੱਖਾਂ ਕੋਲ ਸੁਤੰਤਰ ਰਾਜ ਰਹੇਗਾ, ਉਹ ਲੜਾਈ ਤੋਂ ਨਹੀਂ ਟਲਣਗੇ। ਪੰਜਾਬ ਵਿੱਚ ਸਿੱਖ ਰਾਜ ਦਾ ਕਾਇਮ ਰਹਿਣਾ, ਅੰਗਰੇਜ਼ੀ ਇਲਾਕੇ ਲਈ ਹਾਨੀਕਾਰਕ ਹੈ।"

ਇਸ ਦੇ ਉੱਤਰ ਵਿੱਚ ਈਵਾਨਸ ਬੈੱਲ ਲਿਖਦਾ ਹੈ, "੧੮੪੬ ਈ. ਦੀ ਸੁਲ੍ਹਾ ਪਿਛੋਂ ਪੰਜਾਬ ਵਿੱਚ ਅੰਗਰੇਜ਼ਾ ਦਾ ਹੱਥ ਨਾ ਵੀ ਰਹਿੰਦਾ, ਤਾਂ ਵੀ ਪੰਜਾਬ ਨੂੰ ਸੁਤੰਤਰ ਨਹੀਂ ਕਿਹਾ ਜਾ ਸਕਦਾ ਸੀ। ਜਿਸ ਦਾ ਕਾਰਨ ਇਹ ਸੀ, ਕਿ ਇਸ ਸੁਲ੍ਹਾ ਨਾਲ ਪੰਜਾਬ ਦਰਬਾਰ ਦੀ ਸਰਦਾਰੀ ਕਈਆਂ ਨਿਕੀਆਂ ਰਿਆਸਤਾਂ ਤੋਂ ਹਟ ਗਈ ਸੀ ਤੇ ਉਹਨਾਂ ਨਾਲ ਕੋਈ ਰਸੂਖ਼ ਨਹੀਂ ਸੀ ਰਿਹਾ। ਇਹ ਰਿਆਸਤਾਂ ਹੁਣ ਅੰਗਰੇਜ਼ਾ ਦੇ ਹੱਥ ਆ ਚੁੱਕੀਆਂ ਸਨ। ਇਹਨਾਂ ਰਿਆਸਤਾਂ ਨੇ ੧੮੪੯ ਈ. ਦੇ ਯੁੱਧ ਵਿੱਚ ਅੰਗਰੇਜ਼ਾਂ ਦੀ ਬੜੀ ਸਹਾਇਤਾ ਕੀਤੀ ਸੀ। ਦੁਆਬਾ ਜਲੰਧਰ ਤੇ ਕਸ਼ਮੀਰ ਖੋਹੇ ਜਾਣ ਕਰਕੇ ਪੰਜਾਬ ਨਿਰਬਲ ਹੋ ਚੁਕਾ ਸੀ। ਜਲੰਧਰ ਸਾਡੇ ਕਬਜ਼ੇ ਵਿਚ ਸੀ ਤੇ ਕਸ਼ਮੀਰ ਨੂੰ ਸੁਤੰਤਰ ਰਾਜ ਬਣਾਂ ਕੇ ਪੰਜਾਬ ਦੇ ਇਕ ਪਾਸੇ ਰੱਖ ਦਿੱਤਾ ਗਿਆ ਸੀ। ਨਿਸਚੇ ਪੂਰਬਕ ਪੰਜਾਬ ਦੀ ਸੁਤੰਤਰਤਾ ਅਜੇਹੀ ਨਹੀਂ ਸੀ ਰਹੀ, ਜਿਸ ਕਰ ਕੇ ਹਿੰਦ ਦੀ ਸ਼ਾਂਤੀ ਭੰਗ ਹੋਣ, ਜਾਂ ਸਾਡੇ ਰਾਜ ਦੀ ਪੂਰੀ ਰੱਖਿਆ ਨਾ ਹੋ ਸਕਣ ਦਾ ਕੋਈ ਡਰ ਉਤਪੰਨ ਹੋ ਸਕਦਾ। ਲਾਰਡ ਹਾਰਡਿੰਗ ਨੇ ਇਸ ਗੱਲ ਦਾ ਪੂਰਾ ਪੂਰਾ ਧਿਆਨ ਰੱਖਿਆ ਸੀ*।"

---

੦ਈਵਾਨਸ ਬੈੱਲ, ਪੰਨਾ ੬੩।

*ਈਵਾਨਸ ਬੈੱਲ, ਪੰਨਾ ੮੪।

ਹੋਰ ਸੁਣੋ : ੧੮੪੭ ਈ. ਵਿੱਚ ਸਰ 'ਹੈਨਰੀ ਲਾਰੰਸ' ਲਿਖਦਾ ਹੈ, "ਲਾਰਡ 'ਐਲਨਬਰੋ' ਦੇ ਚੰਗੇ ਪਰਬੰਧ ਨਾਲ ਗੁਆਲੀਅਰ ਸਾਡਾ ਹਥਿਆਰ ਬੰਦ ਮਿੱਤਰ ਹੈ੦।" ਤੇ "ਜੇ ਲਾਰਡ ਡਲਹੌਜ਼ੀ ਸਾਡੇ ਰੱਖਿਆ ਅਧੀਨ Ward ਦਲੀਪ ਸਿੰਘ ਨੂੰ ਨਾ ਉਜਾੜਦਾ, ਤਾਂ ਪੰਜਾਬ—ਹੁਣ ਨਾਲੋਂ ਵਧੇਰੇ—ਸਾਡਾ ਸ਼ਸਤਰਧਾਰੀ ਮਿੱਤਰ ਹੁੰਦਾ()।" "ਜੇ ਕਦੇ ਡਲਹੌਜ਼ੀ ਪੰਜਾਬ ਨੂੰ—ਟਕੇ ਭਰਨ ਵਾਲੀ—ਰਿਆਸਤ ਬਣਾ ਕੇ ਦਲੀਪ ਸਿੰਘ ਦੇ ਹਵਾਲੇ ਕਰ ਦੇਂਦਾ, ਤਾਂ ਅੰਗਰੇਜ਼ੀ ਰਾਜ ਵਾਸਤੇ ਬੜਾ ਚੰਗਾ ਹੁੰਦਾ। ਕਿਉਂਕਿ ਕਿਸੇ ਬਾਦਸ਼ਾਹ (ਖ਼ਾਸ ਕਰ ਹਿੰਦੁਸਤਾਨ ਦੇ ਮਾਮਲੇ ਬਾਰੇ) ਥੱਲੇ ਜਿੰਨੀਆਂ ਵਧੇਰੇ ਰਿਆਸਤਾਂ ਹੋਣ, ਓਨੀ ਹੀ ਉਹਦੀ ਬਾਦਸ਼ਾਹੀ ਪੱਕੀ ਹੁੰਦੀ ਹੈ।" ਸੋ ਪੰਜਾਬ 'ਤੇ ਕਬਜ਼ਾ ਕਰਨ ਵਾਸਤੇ ਇਹ ਵੀ ਕੋਈ ਢੁੱਕਦੀ ਦਲੀਲ ਨਹੀਂ ਹੈ।

ਡਲਹੌਜ਼ੀ : "ਗਵਰਨਰ-ਜੈਨਰਲ ਨੂੰ ਏਸ ਗੱਲ ਦਾ ਅਫ਼ਸੋਸ ਹੈ, ਕਿ ਉਹ ਬਾਲਕ ਦਲੀਪ ਸਿੰਘ ਨੂੰ ਤਖ਼ਤੋਂ ਲਾਹ ਰਿਹਾ ਹੈ।"

ਇਹ ਤਾਂ ਗਵਰਨਰ-ਜੈਨਰਲ ਦੇ ਕੰਮਾਂ ਤੋਂ ਹੀ ਪਿਆ ਪਰਗਟ ਹੁੰਦਾ ਹੈ, ਕਿ ਉਸ ਨੂੰ ਕਿੰਨਾ-ਕੁ ਅਫ਼ਸੋਸ ਹੈ।

ਡਲਹੌਜ਼ੀ : "ਰਿਆਸਤ ਦਾ ਮਾਲਕ ਆਪਣੀ ਪਰਜਾ ਦੇ ਕੰਮਾਂ ਦਾ ਜ਼ਿੰਮੇਵਾਰ ਹੁੰਦਾ ਹੈ।"

ਠੀਕ ਹੈ, ਪਰ ਜਿਹੜਾ ਮਹਾਰਾਜਾ ਆਪਣੀ ਪਰਜਾ ਦਾ ਮਾਲਕ ਹੀ ਨਾ ਹੋਵੇ, ਕੀ ਉਹ ਵੀ ਜ਼ਿੰਮੇਵਾਰ ਹੁੰਦਾ ਹੈ? ਜਿਸ ਮਹਾਰਾਜੇ ਬਾਰੇ ਅੰਗਰੇਜ਼ ਕਰਮਚਾਰੀਆਂ ਨੇ ਆਪ—ਕਈ ਵਾਰ—ਮੰਨਿਆਂ ਹੋਵੇ, ਕਿ "ਮਹਾਰਾਜਾ ਹੁਣ ਖ਼ੁਦਮੁਖ਼ਤਿਆਰ—ਸੁਤੰਤਰ—ਨਹੀਂ", "ਮਹਾਰਾਜੇ ਨੂੰ ਬੇੜੀਆਂ ਪਾ ਦਿੱਤੀਆਂ ਗਈਆਂ ਹਨ," "ਮਹਾਰਾਜਾ ਰੈਜ਼ੀਡੈਂਟ ਦੇ ਅਧੀਨ ਹੈ।" ਕੀ ਉਹ ਪਰਜਾ ਦੇ ਕੰਮਾਂ ਦਾ ਜ਼ਿੰਮੇਵਾਰ ਹੋਵੇਗਾ ? ਤੇ ਸਾਰੀ ਪਰਜਾ ਅਪਰਾਧੀ ਵੀ ਨਹੀਂ। ਸਾਰੀ ਪਰਜਾ ਦਾ ਛੇਵਾਂ ਹਿੱਸਾ ਸਿੱਖ ਸਨ ਤੇ ਉਹਨਾਂ ਵਿਚੋਂ ਵੀ ਕੁਛ ਸਿੱਖਾਂ ਨੇ ਬਗ਼ਾਵਤ ਕੀਤੀ ਸੀ। ਏਸੇ ਗੱਲ ਬਾਬਤ ਈਵਾਨਸ ਬੈੱਲ ਲਿਖਦਾ ਹੈ, "ਲਾਹੌਰ ਸ਼ਹਿਰ ਦੇ ਨੇੜੇ ਕੋਈ ਲੜਾਈ ਨਹੀਂ ਹੋਈ। ਮਹਾਰਾਜਾ ਦਲੀਪ

---

੦ ਹੈਨਰੀ ਲਾਰੰਸ ਦੇ ਲੇਖ।

()ਈਵਾਨਸ ਬੈੱਲ, ਪੰਨਾ ੮੪।

ਸਿੱਖ ਦੁਸ਼ਮਣ ਨਹੀਂ ਸੀ। ਉਹ ਅੰਗਰੇਜ਼ ਸਰਕਾਰ ਦਾ ਰੱਖਿਆਧੀਨ (Ward) ਤੇ ਮਿੱਤਰ ਸੀ ਤੇ ਬਗ਼ਾਵਤ ਦੇ ਸਮੇਂ ਉਹਨੂੰ ਮਿੱਤਰ ਅਤੇ ਰੱਖਿਆਧੀਨ (Ward) ਹੀ ਦੱਸਿਆ ਜਾਂਦਾ ਰਿਹਾ ਹੈ। ਉਹਦਾ ਮਹਿਲ, ਉਹਦੀ ਜਾਇਦਾਦ, ਉਹਦਾ ਸਰੀਰ, ਪੂਰੇ ਤਿੰਨ ਸਾਲ ਵਾਸਤੇ, ਲਾਹੌਰ ਦੇ ਅੰਗਰੇਜ਼ੀ ਰੈਜ਼ੀਡੈਂਟ ਦੇ ਹਵਾਲੇ ਤੇ ਕਬਜ਼ੇ ਵਿੱਚ ਸੀ, ਤੇ ੧੮੪੯ ਈ. ਦੀ ਸੁਲ੍ਹਾ ਤਕ, ਕਬਜ਼ੇ ਵਿੱਚ ਰਿਹਾ*।

ਅਸਲ ਵਿਚ, ਦਿਲੋਂ ਤਾਂ ਡਲਹੌਜ਼ੀ ਆਪ ਵੀ ਮਹਾਰਾਜਾ ਦਲੀਪ ਸਿੰਘ ਨੂੰ ਨਿਰਦੋਸ਼ ਜਾਣਦਾ ਸੀ, ਤੇ ਉਸ ਨੂੰ ਪਤਾ ਸੀ, ਕਿ ਜੋ ਕੁਛ ਉਹ ਕਰ ਰਿਹਾ ਹੈ, ਉਹ ਨਿਆਂ ਨਹੀਂ। ਕਿਉਂਕਿ ਉਹ ਆਪਣੇ ਐਲਾਨ ਵਿਚ ਆਪ ਹੀ ਸ਼ੰਕਾ ਕਰਦਾ ਹੈ "ਜਦ ਪਹਿਲੀ ਜੰਗ ਵਿਚ ਆਪਣੀ ਪਰਜਾ ਦੇ ਅਪਰਾਧਾਂ ਬਦਲੇ ਮਹਾਰਾਜੇ ਨੂੰ ਸਜ਼ਾ ਭੁਗਤਣੀ ਪਈ ਸੀ, ਤਾਂ ਹੁਣ ਕਿਉਂ ਨਾ ਸਜ਼ਾ ਭੁਗਤੇ? ਜੇ ਮਹਾਰਾਜਾ—ਬਾਲਕ ਹੋਣ ਦੇ ਬਹਾਨੇ ਉਤੇ—ਅੱਠ ਸਾਲ ਦੀ ਉਮਰ ਵਿੱਚ ਜ਼ਿੰਮੇਵਾਰੀ ਤੋਂ ਬਰੀ ਕੀਤਾ ਗਿਆ, ਤਾਂ ਓਸੇ ਬਹਾਨੇ ਉੱਤੇ, ਜਦ ਹੁਣ ਉਹ ਯਾਰਾਂ ਸਾਲ ਦਾ ਹੈ, ਓਹੋ ਜੇਹੀ—ਜ਼ਿੰਮੇਵਾਰੀ ਤੋਂ ਬਰੀ ਨਹੀਂ ਕੀਤਾ ਜਾ ਸਕਦਾ, ਜਦੋਂ ਕਿ ਉਹ ਹੁਣ ਤਿੰਨ ਸਾਲ ਵੱਡਾ ਹੈ।"()

"ਇਹ ਹੈਰਾਨ ਕਰ ਦੇਣ ਵਾਲੀ ਗੱਲ ਹੈ, ਕਿ ਲਾਰਡ ਡਲਹੌਜ਼ੀ ਨੇ ੧੮੪੬ ਈ. ਤੇ ੧੮੪੯ ਈ. ਵਿਚ ਫ਼ਰਕ ਨੂੰ ਪੂਰੀ ਤਰ੍ਹਾਂ ਅੱਖਾਂ ਤੋਂ ਉਹਲੇ ਕਰ ਦਿਤਾ ਹੈ। ਦੋਹਾ ਸਮਿਆਂ ਵਿਚ ਉਮਰ ਦਾ ਸਵਾਲ ਨਹੀਂ ਹੈ। ੧੮੪੬ ਈ. ਵਿਚ—ਜਦੋਂ ਉਹਨੂੰ ਤਾੜਨਾ ਕੀਤੀ ਗਈ, ਤੇ ਉਹਨੇ ਉਸ ਤਾੜਨਾ ਨੂੰ ਮੰਨਿਆਂ ਸੀ—ਓਦੋਂ ਖਿਮਾਂ ਦਾ ਕੋਈ ਬਹਾਨਾ ਨਹੀਂ ਸੀ, ਕਿਉਂਕਿ ਮਹਾਰਾਜਾ ਉਸ ਸਮੇਂ ਸੁਤੰਤਰ ਰਾਜ ਦਾ ਹਾਕਮ ਸੀ। ਭਾਵੇਂ ਉਹ ਬਾਲਕ ਸੀ, ਪਰ ਉਹਦੀ ਮਾਂ, ਉਹਦੇ ਨੇੜੇ ਦੇ ਸੰਬੰਧੀ ਤੇ ਉਹਦੇ ਆਪਣੇ ਚੁਣੇ ਹੋਏ ਸਲਾਹਕਾਰ, ਰਾਜ ਦੇ ਅਸਲੀ ਹਾਕਮ ਸਨ। ਤੇ ੧੮੪੯ ਈ. ਵਿਚ ਗਵਰਨਰ ਜੈਨਰਲ ਦੀ ਹਦਾਇਤ ਅਧੀਨ, ਰੈਜ਼ੀਡੈਂਟ ਅਸਲੀ ਹਾਕਮ ਸੀ।

"ਬੇਸ਼ੱਕ, ਇਕ ਬਾਲਕ ਸ਼ਾਹਜ਼ਾਦਾ ਰਾਜ ਦਾ ਜ਼ਾਤੀ ਆਗੂ ਹੈ, ਤੇ ਉਹਦੀ ਕਿਸਮਤ ਰਾਜ ਦੇ ਵਾਧੇ ਘਾਟੇ ਨਾਲ ਸੰਬੰਧਤ ਹੈ, ਪਰ ਇਕ ਬਾਲਕ ਸ਼ਾਹਜ਼ਾਦਾ ਆਪਣੇ ਬਲਵਾਨ ਗੁਆਂਢੀ ਦੀ ਰੱਖਿਆ (ਸਰਪ੍ਰਸਤੀ) ਵਿਚ

---

* ਈਵਾਨਸ ਬੈੱਲ, ਪੰਨਾ ੧੦੮।

()Punjab Papers (1849) p. 663.

ਇਨਸਾਫ਼ ਦੀ ਨਜ਼ਰ ਵਿਚ ਆਪਣੀ ਕੌਮ ਦੇ ਕੰਮਾਂ ਦਾ ਜ਼ਿੰਮੇਵਾਰ ਨਹੀਂ ਬਣਾਇਆ ਜਾ ਸਕਦਾ, ਜਦੋਂ ਕਿ ਉਹਦੇ ਰਖਵਾਲੇ (Guardian) ਨੇ (ਉਸਦੀ ਕੌਮ ਦੀ) ਅਗਵਾਈ ਕਰਨ ਤੇ ਉਹਨੂੰ ਕਾਬੂ ਰੱਖਣ ਦੀ ਜ਼ਿੰਮੇਵਾਰੀ ਲਈ ਹੋਈ ਸੀ।"*

ਮੁੱਕਦੀ ਗੱਲ, ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣਾ ਬੇ-ਇਨਸਾਫ਼ੀ ਸੀ।੦

ਲਾਰਡ ਡਲਹੌਜ਼ੀ ਦੇ ਮੱਥੇ ਤੋਂ ਇਹ ਧੱਬਾ ਕਦੇ ਨਹੀਂ ਲਹੇਗਾ, ਕਿ ਉਹਨੇ ਪੰਜਾਬ ਅੰਗਰੇਜ਼ੀ ਰਾਜ ਵਿੱਚ ਮਿਲਾਉਣ ਦੀ ਬੇ-ਇਨਸਾਫ਼ੀ ਕੀਤੀ ਸੀ। ਏਸ ਸਾਰੇ ਦੋਸ਼ ਤੋਂ ਬਚਣ ਦਾ ਬੜਾ ਚੰਗਾ ਤਰੀਕਾ ਸੀ, ਕਿ ਲਾਰਡ ਡਲਹੌਜ਼ੀ ਨੇ, ੧੩ ਅਕਤੂਬਰ, ੧੮੪੮ ਈ. ਨੂੰ ਜਿਹੜੀ ਗੁਪਤ ਚਿੱਠੀ ਰੇਜ਼ੀਡੈਂਟ ਨੂੰ ਲਿਖੀ ਸੀ (ਜਿਸ ਵਿੱਚ ਲਿਖਿਆ ਸੀ, ਕਿ ਲਾਹੌਰ ਦਰਬਾਰ ਸਾਡੇ ਨਾਲ ਲੜ ਰਿਹਾ ਹੈ) ਉਹ ਚਿੱਠੀ ਸਾਰੇ ਪਰਕਾਸ਼ਤ ਕਰ ਦਿੱਤੀ ਜਾਂਦੀ ਤੇ ਖੁੱਲ੍ਹਾ ਐਲਾਨ ਕਰ ਦਿੱਤਾ ਜਾਂਦਾ, ਕਿ "ਅੰਗਰੇਜ਼ੀ ਸਰਕਾਰ ਤੇ ਲਾਹੌਰ ਸਰਕਾਰ ਇਕ ਦੂਸਰੇ ਨਾਲ ਜੰਗ ਕਰ ਰਹੀਆਂ ਹਨ। ਭਰੋਵਾਲ ਦੀ ਸੁਲ੍ਹਾ ਟੁੱਟ ਗਈ ਹੈ। ਹੁਣ ਪੰਜਾਬ ਦਾ ਹਾਕਮ ਰੇਜ਼ੀਡੈਂਟ ਨਹੀਂ, ਸਗੋਂ ਮਹਾਰਾਜਾ ਦਲੀਪ ਸਿੰਘ ਹੈ। ਸੈਨਾਪਤੀ ਗਫ਼ ਦੀ ਫ਼ੌਜ ਦੁਸ਼ਮਣ ਬਣ ਕੇ ਪੰਜਾਬ ਵਿਚ ਦਾਖ਼ਲ ਹੋ ਰਹੀ ਹੈ। ਤੇ ਅਸੀਂ ਮਹਾਰਾਜਾ ਦਲੀਪ ਸਿੰਘ ਨਾਲ ਲੜ ਕੇ ਪੰਜਾਬ ਨੂੰ ਫ਼ਤਹਿ ਕਰ ਲਵਾਂਗੇ।" ਏਸ ਤਰ੍ਹਾਂ ਡਲਹੌਜ਼ੀ ਸਾਰਿਆਂ ਵੱਲੋਂ ਸੱਚਾ ਰਹਿ ਜਾਂਦਾ। ਤੇ ਜੇ ਡਰ ਹੁੰਦਾ, ਕਿ ਏਸ ਤਰ੍ਹਾਂ ਸਾਰੇ ਪੰਜਾਬ ਵਿੱਚ ਬਲਵੇ ਦੀ ਅੱਗ ਭੜਕ ਉਠੇਗੀ ਤੇ ਲਾਹੌਰ ਵਿਚਲੇ ਤੇ ਬਾਕੀ ਪੰਜਾਬ ਦੇ ਵਫ਼ਾਦਾਰ ਸਰਦਾਰ ਵੀ ਬਾਗ਼ੀ ਹੋ ਜਾਣਗੇ, ਤਾਂ ਉਹਨਾਂ ਨੂੰ ਪਹਿਲਾਂ ਹੀ ਫੜਕੇ ਨਜ਼ਰ-ਬੰਦ ਕਰ ਲਿਆ ਜਾਂਦਾ।

ਪਰ ਮਾਲੂਮ ਹੁੰਦਾ ਹੈ, ਕਿ 'ਡਲਹੌਜ਼ੀ' ਤੇ 'ਗਫ਼' ਨੂੰ ਡਰ ਸੀ, ਕਿ ਏਸ ਤਰ੍ਹਾਂ ਕਰਨ ਨਾਲ ਉਹ ਜਿੱਤ ਨਹੀਂ ਸਕਣਗੇ। ਸੋ ਉਹਨਾਂ ਅਜਿਹਾ ਨਹੀਂ ਕੀਤਾ, ਸਗੋਂ ੧੮ ਨਵੰਬਰ, ੧੮੪੮ ਈ. ਨੂੰ ਰੇਜ਼ੀਡੈਂਟ ਨੇ ਐਲਾਨ ਕੀਤਾ,

* ਈਵਾਨਸ ਬੈੱਲ, ਪੰਨਾ ੭੭।

੦ ਈਵਾਨਸ ਬੈੱਲ, ਪੰਨਾ ੮੮।

ਕਿ "ਅੰਗੇਰਜ਼ੀ ਫ਼ੌਜ ਦੁਸ਼ਮਣ ਬਣ ਕੇ ਨਹੀਂ, ਸਗੋਂ ਮਹਾਰਾਜਾ ਦਲੀਪ ਸਿੰਘ ਦੀ ਹਕੂਮਤ ਦੀ ਮਿੱਤਰ ਬਣ ਕੇ ਪੰਜਾਬ ਵਿਚ ਵੜੀ ਹੈ। ਕੇਵਲ ਬਾਗ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ। ਜੋ ਇਸ ਬਗ਼ਾਵਤ ਵਿਚ ਹਿੱਸੇਦਾਰ ਨਹੀਂ ਬਣਨਗੇ, ਉਹ ਭਾਵੇਂ ਕੋਈ ਹੋਣ, ਉਹਨਾਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਵੇਗੀ।" ਏਸ ਐਲਾਨ ਦੀ ਪ੍ਰੋੜ੍ਹਤਾ ਗਵਰਨਰ-ਜੈਨਰਲ ਵੱਲੋਂ ੧੪ ਦਸੰਬਰ, ੧੮੪੮ ਈ. ਤੇ ਫਿਰ ਪੰਜ ਫ਼ਰਵਰੀ; ੧੮੪੯ ਈ. ਨੂੰ ਕੀਤੀ ਜਾਂਦੀ ਹੈ। ਕੀ ਇਹ ਸਾਰਾ ਇਨਸਾਫ਼ ਹੈ ?

ਫੇਰ ਆਖ਼ਰੀ ਸੁਲ੍ਹਾ ਉੱਤੇ ਸਰਦਾਰਾਂ ਕੋਲੋਂ ਦਸਤਖ਼ਤ ਕਿਵੇਂ ਕਰਾਏ ਗਏ ? ਈਵਾਨਸ ਬੈੱਲ ਲਿਖਦਾ ਹੈ, "ਮਹਾਰਾਜੇ ਦੇ ਸਲਾਹਕਾਰਾਂ ਦੇ ਦਸਤਖ਼ਤ ਉਹਨਾਂ ਤੋਂ ਧੱਕੇ ਨਾਲ ਕਰਾਏ ਗਏ। ਬਗ਼ਾਵਤ ਵਿੱਚ ਉਹਨਾਂ ਦਾ ਵਰਤਾਉ ਨਿਰਦੋਸ਼ ਸੀ। ਉਹਨਾਂ ਨੂੰ ਧਮਕੀ ਦਿੱਤੀ ਗਈ, ਕਿ ਜੇ ਉਹਨਾਂ ਦਸਤਖ਼ਤ ਕਰਨ ਤੋਂ ਇਨਕਾਰ ਕੀਤਾ, ਤਾਂ ਉਹਨਾਂ ਨੂੰ ਗਵਰਨਰ—ਜੈਨਰਲ ਦੇ ਰਹਿਮ ਉਤੇ ਛੱਡ ਦਿੱਤਾ ਜਾਵੇਗਾ ਤੇ ਉਹਨਾਂ ਨੂੰ ਕੋਈ ਭੱਤਾ (ਅਲਾਊਂਸ) ਨਹੀਂ ਦਿੱਤਾ ਜਾਵੇਗਾ੦।"


ਇਹ ਹੈ, ਸਾਡੀ ਉਜੜੀ ਦੁਨੀਆਂ ਦੀ ਦਰਦਨਾਕ ਕਹਾਣੀ
"ਸਿੱਖਰਾਜ ਕਿਵੇਂ ਗਿਆ ?"

ਕਾਦੀਵਿੰਡ (ਲਾਹੌਰ) ਸੋਹਣ ਸਿੰਘ "ਸੀਤਲ"
੧੫-੪-੧੯੪੪


---

੦ਈਵਾਨਸ ਬੈੱਲ, ਪੰਨਾ ੧੦੪।

ਅੰਤਕਾ ਨੰ: ੧


ਬੰਸਾਵਲੀ ਮਹਾਰਾਜਾ ਰਣਜੀਤ ਸਿੰਘ
ਸ: ਬੁੱਢਾ ਸਿੰਘ
ਨੌਧ ਸਿੰਘ
ਚੰਦਾ ਸਿੰਘ
ਚੜ੍ਹਤ ਸਿੰਘ
ਦੀਦਾਰ ਸਿੰਘ
ਮਹਾਂ ਸਿੰਘ
ਅਮੀਰ ਸਿੰਘ 'ਸੰਧਾਂਵਾਲੀਆ'
ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ
ਮ. ਖੜਕ ਸਿੰਘ ਮ. ਸ਼ੇਰ ਸਿੰਘ, ਤਾਰਾ ਸਿੰਘ, ਮੁਲਤਾਨਾ ਸਿੰਘ, ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ, ਮ. ਦਲੀਪ ਸਿੰਘ
ਮ. ਨੌਨਿਹਾਲ ਸਿੰਘ
ਪਰਤਾਪ ਸਿੰਘ ਸ਼ਿਵਦੇਵ ਸਿੰਘ ਬਖਸ਼ੀਸ਼ ਸਿੰਘ
ਸੁਖਦੇਵ ਸਿੰਘ
ਵਿਕਟਰ ਦਲੀਪ ਸਿੰਘ, ਫ਼ਰੈਡਰਿਕ ਦਲੀਪ ਸਿੰਘ, ਐਡਵਰਡ ਦਲੀਪ ਸਿੰਘ, ਲੜਕੀ, ਲੜਕੀ, ਲੜਕੀ

ਅੰਤਕਾ ਨੰ. ੨ ਬੰਸਾਵਲੀ ਸੰਧਾਵਾਲੀਏ



# ਸੋਹਣ ਸਿੰਘ 'ਸੀਤਲ' ਰਚਿਤ

**ਇਤਿਹਾਸ :** ੧. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ, ੨. ਗੁਰੂ ਗੋਬਿੰਦ ਸਿੰਘ ਜੀ, ੩. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ, ੪. ਬੰਦਾ ਸਿੰਘ ਸ਼ਹੀਦ, ੫. ਸਿੱਖ ਰਾਜ ਕਿਵੇਂ ਬਣਿਆ, ੬. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ੭. ਸਿੱਖ ਰਾਜ ਤੇ ਸ਼ੇਰੇ ਪੰਜਾਬ, ੮. ਸਿੱਖ ਰਾਜ ਕਿਵੇਂ ਗਿਆ, ੯. ਦੁੱਖੀਏ ਮਾਂ ਪੁੱਤ, ੧੦. ਗੁਰ ਇਤਿਹਾਸ ਦਸ ਪਾਤਸ਼ਾਹੀਆਂ, ੧੧. ਬਾਬਾ ਨਾਨਕ, ੧੨. ਧਰਮ ਦਾ ਰਾਖਾ ਗੁਰੂ ਤੇਗ਼ ਬਹਾਦਰ, ੧੩. ਸਿੱਖ ਸ਼ਹੀਦ ਤੇ ਯੋਧੇ, ੧੪. ਸਿੱਖ ਇਤਿਹਾਸ ਦੇ ਸੋਮੇਂ, ਪੰਜ ਭਾਗ, ੧੫. ਗੁਰਬਾਣੀ ਵਿਚਾਰ, ੧੬. ਮੇਰੇ ਇਤਿਹਾਸਕ ਲੈਕਚਰ। ੧੭. ਗੁਰਬਾਣੀ ਵਿਚ ਪੁਰਾਣਿਕ ਪਾਤਰ।

**ਨਾਵਲ :** ੧੮. ਜੁੱਗ ਬਦਲ ਗਿਆ, ੧੯. ਜਵਾਲਾ ਮੁਖੀ, ੨੦. ਮੁੱਲ ਦਾ ਮਾਸ, ੨੧. ਪਤਵੰਤੇ ਕਾਤਲ, ੨੨. ਵਿਜੋਗਣ, ੨੩. ਅੰਨ੍ਹੀ ਸੁੰਦਰਤਾ, ੨੪. ਦੀਵੇ ਦੀ ਲੋ, ੨੫. ਜੰਗ ਜਾਂ ਅਮਨ, ੨੬. ਬਦਲਾ, ੨੭. ਈਚੋਗਿਲ ਨਹਿਰ ਤਕ, ੨੮. ਕਾਲੇ ਪਰਛਾਵੇਂ, ੨੯. ਪ੍ਰੀਤ ਤੇ ਪੈਸਾ, ੩੦. ਤੂਤਾਂ ਵਾਲਾ ਖੂਹ, ੩੧. ਧਰਤੀ ਦੇ ਦੇਵਤੇ, ੩੨. ਧਰਤੀ ਦੀ ਬੇਟੀ, ੩੩. ਪ੍ਰੀਤ ਕਿ ਰੂਪ, ੩੪. ਸੁੰਞਾ ਆਹਲਣਾ, ੩੫. ਮ: ਜਿੰਦਾਂ, ੩੬. ਮ: ਦਲੀਪ ਸਿੰਘ, ਤੇ ਤਿੰਨ ਛੋਟੇ ਨਾਵਲ।

**ਕਵਿਤਾ :** ੧. ਵਹਿੰਦੇ ਹੰਝੂ, ੨. ਸੱਜਰੇ ਹੰਝੂ, ੩. ਦਿਲ ਦਰਿਆ, ੪. ਮੇਰੇ ਗੀਤ, ੫. ਮੇਰੀਆਂ ਢਾਡੀ ਵਾਰਾਂ ਚਾਰ ਭਾਗ, ੬. ਨਾਵਲਕਾਰ ਸੋਹਣ ਸਿੰਘ ਸੀਤਲ।

**ਵਾਰਾਂ :** ੧. ਸੀਤਲ ਕਿਰਣਾਂ, ੨. ਸੀਤਲ ਸੁਨੇਹੇ, ੩. ਸੀਤਲ ਹੰਝੂ, ੪. ਸੀਤਲ ਹੁਲਾਰੇ, ੫. ਸੀਤਲ ਤਰੰਗਾਂ, ੬. ਸੀਤਲ ਪ੍ਰਸੰਗ, ੭. ਸੀਤਲ ਪ੍ਰਕਾਸ਼, ੮. ਸੀਤਲ ਤਰਾਨੇ, ੯. ਸੀਤਲ ਵਾਰਾਂ, ੧੦. ਸੀਤਲ ਤਾਂਘਾਂ, ੧੧. ਸੀਤਲ ਵਲਵਲੇ, ੧੨. ਸੀਤਲ ਚੰਗਿਆੜੇ, ੧੩. ਸੀਤਲ ਰਮਜ਼ਾਂ, ੧੪. ਸੀਤਲ ਉਮੰਗਾਂ, ੧੫. ਸੀਤਲ ਅੰਗਿਆਰੇ, ੧੬. ਸੀਤਲ ਮੁਨਾਰੇ ਤੇ ਸੀਤਲ ਚਮਕਾਂ, ੧੭. ਸੀਤਲ ਸੁਗਾਤਾਂ।

**ਲਾਹੌਰ ਬੁੱਕ ਸ਼ਾਪ**

*2-ਲਾਜਪਤ ਰਾਏ ਮਾਰਕੀਟ, ਲੁਧਿਆਣਾ*